
ਸਿੱਖ ਫਿਲਾਸਫ਼ੀ ਦੀ ਡਿਕਸ਼ਨਰੀ



ਡਾ. ਹਰਜਿੰਦਰ ਸਿੰਘ ਦਿਲਗੀਰ

Sikh Filosofi Di Dictionary (in Punjabi)
(ਸਿੱਖ ਫ਼ਿਲਾਸਫ਼ੀ ਦੀ ਡਿਕਸ਼ਨਰੀ= Dictionary of Sikh Philosophy)

by
Dr Harjinder Singh Dilgeer

Translated into Punjabi by
Harpreet Kaur
(V.P.O. Ghoman, Distt Gurdaspur)

First Edition: October 2009

ISBN 2-930 247-34-2

Published by:
The Sikh University Press,
Waremme, Belgium.

Distributors
Singh Brothers
City Centre (Opposite Bus Stand),
Amritsar

Printed by
Printwell
146, Focal Point,
Industrial Area, Amritsar

Price: Rs. 200/-

ਸਮਰਪਣ

ਅਜੋਕੀ ਸਿੱਖ ਮਿਸ਼ਨਰੀ ਲਹਿਰ ਦੇ ਬਾਪੂ

ਪ੍ਰਿੰਸੀਪਲ ਸਾਹਿਬ ਸਿੰਘ ਜੀ

ਦੇ ਨਾਂ

ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥
ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ ॥

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥

ਤਆਰੁਫ਼ ਅਤੇ ਕਬੂਲਨਾਮਾ

ਸਿੱਖ ਤਵਾਰੀਖ਼ ਅਤੇ ਫ਼ਲਸਫ਼ੇ ਨਾਲ ਜੋ ਜ਼ਿਆਦਤੀ ਹੋਈ ਹੈ ਉਹ ਸ਼ਾਇਦ ਹੀ ਕਿਸੇ ਕੌਮ ਦੀ ਤਵਾਰੀਖ਼ ਤੇ ਫ਼ਲਸਫ਼ੇ ਨਾਲ ਹੋਈ ਹੋਵੇ। ਸਿੱਖ ਫ਼ਲਸਫ਼ੇ ਦਾ ਤਾਂ ਰੱਜ ਕੇ ਰੇਪ ਕੀਤਾ ਗਿਆ ਹੈ। ਇਸ ਨੂੰ ਮੁਸਲਮਾਨ ਲਿਖਾਰੀਆਂ ਨੇ ਨਫ਼ਰਤ ਤੇ ਗ਼ੁੱਸੇ ਨਾਲ ਪੇਸ਼ ਕੀਤਾ; ਹਿੰਦੂ ਲਿਖਾਰੀਆਂ ਨੇ ਇਸ ਨੂੰ ਈਰਖਾ ਤੇ ਨਫ਼ਰਤ ਨਾਲ ਛੁਟਿਆਇਆ ਅਤੇ ਅਹਿਸਾਨ-ਫ਼ਰਾਮੋਸ਼ੀ ਦਾ ਇਜ਼ਹਾਰ ਕੀਤਾ। ਇਨ੍ਹਾਂ ਵਿਚੋਂ ਤਾਂ ਰਾਸ਼ਟਰ ਸੋਇਮ-ਸੇਵਕ ਸੰਘ (ਆਰ.ਐਸ.ਐਸ.), ਰਾਸ਼ਟਰੀਆ ਸਿੱਖ ਸੰਗਤ ਅਤੇ ਆਰੀਆ ਸਮਾਜ ਨੇ ਤਾਂ ਖ਼ਾਸ ਕਰ ਕੇ ਸਿੱਖ ਫ਼ਲਸਫ਼ੇ ਨੂੰ ਵਿਗਾੜਨ ਵਾਸਤੇ ਦਰਜਨਾਂ ਕਿਤਾਬਾਂ ਲਿਖੀਆਂ ਤੇ ਲਿਖਵਾਈਆਂ। ਅੰਗਰੇਜ਼ ਲਿਖਾਰੀਆਂ ਨੇ ਨਾਵਾਕਫ਼ੀ ਅਤੇ ਈਸਾਈ ਪ੍ਰਚਾਰਕਾਂ ਨੇ ਸਾਜ਼ਿਸ਼ ਹੇਠ ਇਸ ਨੂੰ ਗ਼ਲਤ ਪੇਸ਼ ਕੀਤਾ ਤੇ ਉਲਝਣਾਂ ਪਾਉਣ ਦੇ ਮੁਜਰਿਮ ਬਣੇ। ਇਨ੍ਹਾਂ ਵਿਚੋਂ ਮਕਲਾਊਡ (ਤੇ ਉਸ ਦੇ ਸਾਥੀ ਖ਼ਾਸ ਕਰ ਕੇ ਜੇ.ਐਸ. ਗਰੇਵਾਲ, ਹਰਜੋਤ ਓਬਰਾਏ, ਪਿਸ਼ੌਰਾ ਸਿੰਘ, ਗੁਰਿੰਦਰ ਮਾਨ, ਲਊ ਫ਼ਿਨਿਕ ਵਗ਼ੈਰਾ) ਨੇ ਤਾਂ ਬਹੁਤ ਵੱਡਾ ਐਂਟੀ-ਸਿੱਖ ਰੋਲ ਅਦਾ ਕੀਤਾ। ਹੋਰ ਤਾਂ ਹੋਰ ਈਸਾਈ-ਪ੍ਰਚਾਰਕ ਧੜੇ ਦੀ ਆਕਸਫ਼ੋਰਡ ਯੂਨੀਵਰਸਿਟੀ ਅਤੇ ਪੈਂਗੁਇਨ ਪਬਲਿਸ਼ਰ ਨੇ ਵੀ ਇਨ੍ਹਾਂ ਦਾ ਰੱਜ ਕੇ ਸਾਥ ਦਿੱਤਾ ਤੇ ਬਹੁਤ ਸਾਰਾ ਐਂਟੀ-ਸਿੱਖ ਲਿਟਰੇਚਰ ਛਾਪਿਆ।

ਘਟ ਸਿੱਖ ਲਿਖਾਰੀਆਂ ਨੇ ਵੀ ਨਹੀਂ ਕੀਤੀ। ਉਨ੍ਹਾਂ ਵਿਚੋਂ ਕਈਆਂ ਨੇ ਤਾਂ ਘਟ ਬੁੱਧੀ ਜਾਂ ਘਟ ਇਲਮ ਕਾਰਨ ਇਸ ਨੂੰ ਚੋਖਾ ਗ਼ਲਤ ਪੇਸ਼ ਕੀਤਾ। ਕਈਆਂ ਨੇ ਨਿਰਮਲਾ, ਉਦਾਸੀ, ਬ੍ਰਾਹਮਣੀ ਸੋਚ ਹੇਠ ਇਸ ਨੂੰ ਵਿਗਾੜਿਆ ਤੇ ਕਈਆਂ ਨੇ ਸਾਜ਼ਿਸ਼ਾਂ ਹੇਠ ਤੇ/ਜਾਂ ਲਾਲਚ ਕਾਰਨ ਸਿੱਖ-ਦੁਸ਼ਮਣ ਤਾਕਤਾਂ ਦੇ ਹੱਥ ਠੋਕੇ ਬਣ ਕੇ ਜ਼ਿਆਦਤੀ ਕੀਤੀ।

ਇਸ ਡਿਕਸ਼ਨਰੀ ਦਾ ਪਹਿਲਾ ਐਡੀਸ਼ਨ ਅੰਗਰੇਜ਼ੀ ਵਿਚ 2005 ਵਿਚ ਛਪਿਆ ਸੀ। ਇਸ ਦਾ ਪੰਜਾਬੀ ਤਰਜਮਾ ਮੇਰੀ ਗੁਰਮਤਿ ਦੀ ਸੰਜੀਦਾ ਸਟੂਡੈਂਟ ਬੀਬੀ ਹਰਪ੍ਰੀਤ ਕੌਰ (ਘੁਮਾਣ, ਜ਼ਿਲ੍ਹਾ ਗੁਰਦਾਸਪੁਰ) ਨੇ ਕੀਤਾ ਸੀ। ਉਸ ਨੇ ਬਹੁਤ ਮਿਹਨਤ ਕੀਤੀ ਸੀ। ਉਸ ਦਾ ਬਹੁਤ-ਬਹੁਤ ਸ਼ੁਕਰੀਆ ਅਤੇ ਨਾਲ ਹੀ ਪ੍ਰਿੰਸੀਪਲ ਦਲਬੀਰ ਸਿੰਘ (ਗਿਆਨੀ ਦਿੱਤ ਸਿੰਘ ਇੰਸਟੀਚਿਊਟ ਆਫ਼ ਗੁਰਮਤਿ ਸਟੱਡੀਜ਼) ਦਾ ਜਿਨ੍ਹਾਂ ਰਾਹੀਂ ਉਸ ਬੀਬੀ ਨਾਲ ਮੇਲ ਹੋਇਆ ਸੀ। ਹਰਪ੍ਰੀਤ ਕੌਰ ਦਾ ਤਰਜਮਾ ਅੰਗਰੇਜ਼ੀ ਹਰਫ਼ਾਂ (ਕਰੋਨਾਲੋਜੀ) ਦੀ ਤਰਤੀਬ ਵਿਚ ਸੀ, ਮੈਂ ਉਸ ਨੂੰ ਗੁਰਮੁਖੀ ਤਰਤੀਬ ਦਿੱਤੀ ਹੈ ਤੇ ਨਾਲ ਹੀ ਉਸ ਦੇ ਕੀਤੇ ਤਰਜਮੇ ਨੂੰ ਦੋਬਾਰਾ ਸੋਧ ਕੇ ਵਾਧਾ ਕਰ ਕੇ ਤਿਆਰ ਕੀਤਾ ਹੈ ਤੇ ਅੰਗਰੇਜ਼ੀ ਐਡੀਸ਼ਨ ਦੀਆਂ ਕਮੀਆਂ ਨੂੰ ਵੀ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਦੀ ਪਹਿਲੀ ਐਡੀਸ਼ਨ ਦੀ ਤਿਆਰੀ ਵੇਲੇ ਵੀ ਬਹੁਤ ਸੱਜਣਾਂ ਨੇ ਰੋਲ ਅਦਾ ਕੀਤਾ ਹੈ ਤੇ ਛਪਣ ਮਗਰੋਂ ਸੱਜਣਾਂ ਨੇ ਕੁਝ ਸੁਝਾਅ ਵੀ ਦਿੱਤੇ ਸਨ। ਉਨ੍ਹਾਂ ਵਿਚੋਂ ਕੁਝ ਸੁਝਾਅ ਬਹੁਤ ਕੀਮਤੀ ਸਨ ਤੇ ਉਨ੍ਹਾਂ ਨੂੰ ਸਾਹਵੇਂ ਰਖ ਕੇ ਮੈਂ ਦਰੁਸਤੀਆਂ ਕੀਤੀਆਂ ਹਨ। ਹੁਣ ਵੀ ਸਿੱਖ ਫ਼ਲਸਫ਼ੇ ਦਾ ਇਹ ਤਾਲਿਬ (ਇਹ ਲੇਖਕ) ਹਰ ਸਹੀ ਸੁਝਾਅ ਨੂੰ ਕਬੂਲ ਕਰਨ ਅਤੇ ਆਪਣੀਆਂ ਗ਼ਲਤੀਆਂ ਦੀ ਦਰੁਸਤੀ ਕਰਨ ਵਾਸਤੇ ਹਰਦਮ ਤਿਆਰ ਹੈ।

ਇਨ੍ਹਾਂ ਲਫ਼ਜ਼ਾਂ ਨਾਲ ਇਹ ਕਿਤਾਬ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰ ਹੈ। ਮੇਰਾ ਕੋਈ ਦਾਅਵਾ ਨਹੀਂ ਇਸ ਵਿਚਲੀ ਹਰ ਗੱਲ ਸਿੱਕੇਬੰਦ ਹੈ, ਆਖ਼ਰੀ ਹੈ। ਇਸ ਵਿਚ ਕਿਤੇ ਵੀ ਸੁਧਾਈ ਹੋ ਸਕਦੀ ਹੈ ਤੇ ਹਰ ਵਾਜਬ ਸੁਝਾਅ ਨੂੰ, ਮੈਂ, ਹਮੇਸ਼ਾ ਵਾਂਗ, ਖਿੜੇ ਮੱਥੇ ਕਬੂਲ ਵੀ ਕਰਾਂਗਾ। ਪਰ, ਨਿੰਦਕਾਂ, ਖ਼ਾਸ ਕਰ ਕੇ ਨਿਜੀ ਸਾੜਾ ਰੱਖਣ ਵਾਲਿਆਂ ਤੇ ਕਮੀਨਗੀ ਦੀ ਹੱਦ ਤਕ ਜਾ ਕੇ, ਨੀਚਤਾ ਤੇ ਘਟੀਆ ਪੱਧਰ 'ਤੇ ਵਿਰੋਧਤਾ ਕਰਨ ਵਾਲੇ (ਜਿਵੇਂ ਕਿ ਇੰਗਲੈਂਡ ਦੇ) ਗ਼ਲੀਜ਼ ਬੰਦਿਆਂ, ਖ਼ਾਸ ਕਰ ਕੇ ਰਣਜੀਤ ਰਾਣਾ ਤੇ ਪੰਜਾਬ ਰੇਡੀਓ ਦੇ ਡਾ: ਗੁਰਦੀਪ ਜਗਬੀਰ ਤੇ ਉਨ੍ਹਾਂ ਦੇ ਕਤੂਰਿਆਂ, ਵਾਲਾ ਰੋਲ ਅਦਾ ਕਰਨ ਵਾਲਿਆਂ ਦੇ ਨੀਚ ਤੇ ਕੂੜ ਪਰਚਾਰ ਦੀ ਮੈਂ ਪਰਵਾਹ ਨਹੀਂ ਕਰਦਾ। ਇਨ੍ਹਾਂ ਨੇ ਕਿਤਾਬ 'ਸਿੱਖ ਤਵਾਰੀਖ਼' ਬਾਰੇ ਜੋ ਝੂਠਾ, ਕੁਫ਼ਰ-ਭਰਿਆ, ਘਟੀਆ ਤੇ ਕਮੀਨਗੀ ਭਰਿਆ ਪਰਚਾਰ ਫ਼ਰਵਰੀ ਤੋਂ ਜੂਨ 2009 ਦੌਰਾਨ ਇੰਗਲੈਂਡ ਵਿਚ ਕੀਤਾ ਸੀ, ਉਸ ਤੋਂ ਵਧ ਨੀਚਤਾ ਤਾਂ ਇਹ ਕਦੇ ਨਹੀਂ ਦਿਖਾ ਸਕਣਗੇ। ਉਂਞ ਹੈਰਾਨੀ ਦੀ ਗੱਲ ਹੈ ਕਿ ਕੁਝ ਮੂਰਖ ਚੌਧਰੀ ਇਨ੍ਹਾਂ ਦੀਆਂ ਕਠਪੁਤਲੀਆਂ ਬਣ ਕੇ, ਬਘਿਆੜਾਂ ਤੇ ਬੁੱਚੜਾਂ ਵਾਂਗ, ਹੱਦ ਦਰਜੇ ਦੀ ਨੀਚਤਾ 'ਤੇ ਉਤਰ ਆਏ ਸੀ (ਤੇ ਮੈਨੂੰ ਕਤਲ ਤਕ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ ਸੀ), ਜਿਸ ਨੂੰ ਮੈਂ ਹਮੇਸ਼ਾ ਯਾਦ ਰੱਖਾਂਗਾ। ਚਲੋ! ਕੁੱਤੇ ਭੌਂਕਦੇ ਰਹਿੰਦੇ ਨੇ ਤੇ ਕਾਫ਼ਲੇ ਚਲਦੇ ਰਹਿੰਦੇ ਨੇ। ਕਨਿੰਘਮ ਨੇ 1846 ਵਿਚ, ਸਿੱਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਸਬੰਧੀ, ਸਿੱਖ ਫ਼ੌਜ ਦੇ ਚੌਧਰੀਆਂ ਦਾ ਰੋਲ ਵੇਖ ਕੇ ਕਿਹਾ ਸੀ "ਸ਼ੇਰਾਂ ਦੀ ਫ਼ੌਜ ਦੇ ਗਧੇ ਜਰਨੈਲ ਸਨ ਜਿਨ੍ਹਾਂ ਕੌਮ ਨੂੰ ਡੋਬਿਆ"। ਪਰ ਇੰਗਲੈਂਡ ਦੇ ਕੁਝ ਇਨ੍ਹਾਂ ਚੌਧਰੀਆਂ ਦੀ ਨੀਚਤਾ ਵੇਖ ਕੇ ਤਾਂ ਗਧੇ ਵੀ ਕਹਿਣ ਲਗ ਪਏ ਕਿ ਇਨ੍ਹਾਂ ਨੂੰ ਗਧੇ ਕਹਿ ਕੇ ਸਾਡੀ ਬੇਇਜ਼ਤੀ ਤਾਂ ਨਾ ਕਰੋ। ਮੈਂ ਚਾਹਵਾਂਗਾ ਕਿ ਵਿਦਵਾਨ ਇਨ੍ਹਾਂ ਚੌਧਰੀਆਂ ਵਾਸਤੇ ਕੋਈ ਹੋਰ ਲਫ਼ਜ਼ ਸੁਝਾਉਣ। ਖ਼ੈਰ...

ਇਸ ਕਿਤਾਬ ਦੇ ਲਿਖਣ ਤੇ ਛਪਾਈ ਦੌਰਾਨ ਕੁਝ ਸੱਜਣ ਬੜੇ ਮਿਹਰਬਾਨ ਰਹੇ। ਮੈਂ ਇਨ੍ਹਾਂ ਸਾਰਿਆਂ ਦਾ ਤਹਿ-ਦਿਲੋਂ ਸ਼ੁਕਰਗੁਜ਼ਾਰ ਹਾਂ। ਡਾ: ਦਰਸ਼ਨ ਸਿੰਘ (ਪ੍ਰੋਫ਼ੈਸਰ ਈਮੈਰਿਟੱਸ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਤੇ ਉਨ੍ਹਾਂ ਦੀ ਸੁਪਤਨੀ ਪ੍ਰੋ: ਪ੍ਰਕਾਸ਼ ਕੌਰ, ਡਾ: ਗੁਰਨਾਮ ਸਿੰਘ (ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਸ. ਸੁਰਜੀਤ ਸਿੰਘ ਛਦੌੜੀ (ਬੈਲਜੀਅਮ), ਸ. ਕੁਲਵਿੰਦਰ ਸਿੰਘ ਜਾਡਲਾ (ਸਪੇਨ), ਸ. ਨਛੱਤਰ ਸਿੰਘ ਬੈਂਸ ਤੇ ਉਨ੍ਹਾਂ ਦਾ ਪਰਵਾਰ (ਓਸਲੋ, ਨਾਰਵੇ), ਡਾ: ਅਵਤਾਰ ਸਿੰਘ ਸੇਖੋਂ ਐਡਮੰਟਨ ਤੇ ਸ: ਜੋਗਿੰਦਰ ਸਿੰਘ ਵਿਨੀਪੈੱਗ (ਕਨੇਡਾ), ਸ. ਜਾਗੀਰ ਸਿੰਘ ਹਮਦਰਦ, ਬੀਬੀ ਅਮਰਜੀਤ ਕੌਰ ਤੇ ਸ: ਗਗਨਜੀਤ ਸਿੰਘ (ਬ੍ਰਿਮਿੰਘਮ,

ਇੰਗਲੈਂਡ), ਸ. ਭਾਗ ਸਿੰਘ ਅਣਖੀ (ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ), ਡਾ. ਗੁਰਬਚਨ ਸਿੰਘ ਬਚਨ (ਅੰਮ੍ਰਿਤਸਰ), ਗਿਆਨੀ ਜਗਤਾਰ ਸਿੰਘ ਜਾਚਕ (ਅਮਰੀਕਾ), ਸ: ਰਾਜਿੰਦਰ ਸਿੰਘ ਤੇ ਸ: ਰਵਿੰਦਰ ਸਿੰਘ (ਖਾਲਸਾ ਪੰਚਾਇਤ), ਸ: ਅਮਰਜੀਤ ਸਿੰਘ ਧਵਨ (ਸਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ), ਸ: ਜਸਵੰਤ ਸਿੰਘ ਮਾਨ (ਸਾਬਕਾ ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ), ਸ. ਗੁਰਿੰਦਰਪਾਲ ਸਿੰਘ ਧਨੌਲਾ (ਚੇਅਰਮੈਨ ਮੀਰੀ-ਪੀਰੀ ਦਲ ਤੇ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ-ਮਾਨ), ਡਾ: ਕੁਲਵਿੰਦਰ ਸਿੰਘ ਬਾਜਵਾ (ਪੰਜਾਬੀ ਯੂਨੀਵਰਸਿਟੀ, ਪਟਿਆਲਾ), ਸ. ਦਿਲਬੀਰ ਸਿੰਘ (ਕਲਕੱਤਾ), ਸ. ਅਮਰਜੀਤ ਸਿੰਘ ਚੰਦੀ (ਉਤਰਾਂਚਲ), ਬੀਬੀ ਸਰਬਜੀਤ ਕੌਰ (ਬੱਸੀ ਪਠਾਣਾਂ), ਸ. ਜਸਬਿੰਦਰ ਸਿੰਘ ਡੁਬਈ (ਮੋਹਾਲੀ), ਗਿਆਨੀ ਸੁਰਿੰਦਰ ਸਿੰਘ (ਰਾਏ ਸਿੰਘ ਨਗਰ, ਰਾਜਿਸਥਾਨ ਅਤੇ ਛੇ ਫ਼ੇਜ਼ ਮੋਹਾਲੀ, ਜੋ ਜੁਲਾਈ 2009 ਵਿਚ ਚੜ੍ਹਾਈ ਕਰ ਗਏ), ਡਾ: ਅਮਰਜੀਤ ਕੌਰ (ਇੱਬਨ ਕਲਾਂ), ਖੋਜੀ ਕਾਫ਼ਿਰ (ਕਨੇਡਾ, ਹੁਣ ਰੋਪੜ), ਸ: ਹਰਜੀਤ ਸਿੰਘ ਸੇਵ ਤੇ ਬੀਬੀ ਜਯੋਤੀ ਕੌਰ (ਡੀ.ਟੀ.ਐਫ਼. ਬੁੱਕਸ, ਬ੍ਰਿਮਿੰਘਮ, ਇੰਗਲੈਂਡ), ਸ: ਰਵਿੰਦਰ ਸਿੰਘ ਕੁੰਦਰਾ (ਬੀ.ਬੀ.ਸੀ. ਬ੍ਰਿਮਿੰਘਮ, ਇੰਗਲੈਂਡ), ਸ: ਗੁਰਬਚਨ ਸਿੰਘ ਅਣਖੀ (ਲਿਵਰਪੂਲ, ਇੰਗਲੈਂਡ), ਸ. ਜਮੀਤ ਸਿੰਘ, ਸ: ਜਵਿੰਦਰ ਸਿੰਘ, ਸਤਚਿਤ ਸਿੰਘ, ਜਸਬੀਰ ਸਿੰਘ ਇਕੋਲਾਹਾ ਤੇ ਮਹਿੰਦਰ ਸਿੰਘ (ਬਰਿਸਟਲ, ਇੰਗਲੈਂਡ), ਸ. ਭੁਪਿੰਦਰ ਸਿੰਘ ਹਾਲੈਂਡ, ਪ੍ਰੀਤਮ ਸਿੰਘ ਲਾਲਾ (ਹਫ਼ਤਾਵਾਰ 'ਅਵਾਜ਼ੇ-ਕੌਮ' ਦਾ ਪ੍ਰਿੰਟਰ, ਹੰਸਲੋ, ਇੰਗਲੈਂਡ), ਕਵਿਤਰੀ ਸਿਰਦਾਰਨੀ ਗੁਰਦੀਪ ਕੌਰ ਦੀਪੀ, ਡਾ. ਦਵਿੰਦਰਪਾਲ ਸਿੰਘ (ਸਿੱਖ ਬੁੱਕ ਕੰਪਨੀ, ਅੰਮ੍ਰਿਤਸਰ), ਸ. ਗੁਰਸਾਗਰ ਸਿੰਘ (ਸਿੰਘ ਬਰਦਰਜ਼), ਸ. ਗੁਰਿੰਦਰ ਸਿੰਘ (ਪ੍ਰਿੰਟਵੈੱਲ) ਤੇ ਉਨ੍ਹਾਂ ਸਾਰਿਆਂ ਦਾ ਸ਼ੁਕਰੀਆ ਜਿਨ੍ਹਾਂ ਦੇ ਨਾਂ ਇਥੇ ਲਿਖਣੇ ਭੁੱਲ ਗਿਆ ਹੋਵਾਂਗਾ।

ਡਾ: ਦਰਸ਼ਨ ਸਿੰਘ, ਪ੍ਰੋ: ਪਰਕਾਸ਼ ਕੌਰ, ਸ. ਸੁਰਜੀਤ ਸਿੰਘ ਛਡੌੜੀ, ਸ. ਰਵਿੰਦਰ ਸਿੰਘ ਖਾਲਸਾ (ਮੋਹਾਲੀ), ਸ. ਰਵਿੰਦਰ ਸਿੰਘ ਪਿੰਜੌਰ, ਸ. ਕੰਵਲਜੀਤ ਸਿੰਘ ਕੁੰਡਲ ਤੇ ਸ. ਪ੍ਰੀਤਮ ਸਿੰਘ ਮਟਵਾਣੀ ਨੇ ਇਸ ਬਾਰੇ ਕੀਮਤੀ ਸੁਝਾਅ ਦਿੱਤੇ, ਉਨ੍ਹਾਂ ਦਾ ਉਚੇਚਾ ਸ਼ੁਕਰਗੁਜ਼ਾਰ ਹਾਂ। ਸਿਰਦਾਰਨੀ ਜਗਮੋਹਣ ਕੌਰ (ਬੱਸੀ ਪਠਾਣਾਂ) ਨੇ ਇਸ ਕਿਤਾਬ ਦੇ ਪਰੂਫ਼ ਪੜ੍ਹ ਕੇ ਕਈ ਗਲਤੀਆਂ ਸਹੀ ਕਰਵਾਈਆਂ, ਉਨ੍ਹਾਂ ਦਾ ਵੀ ਸ਼ੁਕਰਗੁਜ਼ਾਰ ਹਾਂ।

ਅੰਬੈਸਡਰ ਆਫ਼ ਸਿੱਖਇਜ਼ਮ ਸ. ਖ਼ਜ਼ਾਨ ਸਿੰਘ (ਕਲਕੱਤਾ), **ਪੰਥ ਰਤਨ** ਸ. ਮਹਿੰਦਰ ਸਿੰਘ ਜੋਸ਼, **ਫ਼ਖ਼ਰ-ਏ-ਕੌਮ** ਸ. ਜਗਮੋਹਣ ਸਿੰਘ ਗਿਆਨੀ (ਲੁਧਿਆਣਾ) ਨੇ ਬੜਾ ਨਿੱਘਾ ਪਿਆਰ ਦਿੱਤਾ। ਪਰ ਉਹ ਇਸ ਦੀ ਛਪਾਈ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਏ, ਉਨ੍ਹਾਂ ਦੀ ਯਾਦ ਇਸ ਦਿਲ ਵਿਚ ਹਮੇਸ਼ਾ ਕਾਇਮ ਰਹੇਗੀ।

(ਡਾ: ਹਰਜਿੰਦਰ ਸਿੰਘ ਦਿਲਗੀਰ)
8 ਅਪਰੈਲ 2009

ਤਤਕਰਾ

੧ਓਅੰਕਾਰ: ਵੇਖੋ: ਇਕ ਓਂਕਾਰ
36 ਅੰਮ੍ਰਿਤ/36 ਪਦਾਰਥ: ਵੇਖੋ: ਛੱਤੀਹ ਅੰਮ੍ਰਿਤ/ਪਦਾਰਥ।
84 ਲੱਖ ਜੂਨ: ਵੇਖੋ: ਚੌਰਾਸੀ ਲੱਖ ਜੂਨ।

ਉਦਾਸ: ਵੇਖੋ: ਦਿਲਗੀਰ

ਉਦਾਸੀ: ਉਦਾਸੀ ਦਾ ਲਫ਼ਜ਼ੀ ਮਾਅਨਾ ਹੈ: ਨਿਰਾਸ਼ਾ, ਮਾਯੂਸੀ, ਦਿਲਗੀਰੀ। ਸਿੱਖ ਇਹ ਲਫ਼ਜ਼ ਗੁਰੂ ਨਾਨਕ ਸਾਹਿਬ ਵੱਲੋਂ 1507 ਤੋਂ 1521 ਦੌਰਾਨ ਕੀਤੀ ਮਿਸ਼ਨਰੀ (ਧਰਮ ਪ੍ਰਚਾਰ) ਯਾਤਰਾ ਵਾਸਤੇ ਵਰਤਦੇ ਹਨ। ਗੁਰੂ ਨਾਨਕ ਸਾਹਿਬ ਨੇ ਵਾਹਿਗੁਰੂ ਦੇ ਸੱਚੇ ਧਰਮ ਦੇ ਪੈਗ਼ਾਮ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਲੰਮਾਂ ਸਮਾਂ ਪ੍ਰਚਾਰ ਕੀਤਾ। ਇਨ੍ਹਾਂ ਉਦਾਸੀਆਂ ਦੌਰਾਨ ਉਹ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਗਏ। ਇਨ੍ਹਾਂ ਵਿਚ ਸਾਊਦੀ ਅਰਬ, ਇਰਾਕ, ਈਰਾਨ, ਅਫ਼ਗ਼ਾਨਿਸਤਾਨ, ਪਾਕਿਸਤਾਨ, ਬੰਗਲਾਦੇਸ਼, ਤਿੱਬਤ, ਅਸਾਮ, ਸ੍ਰੀਲੰਕਾ ਵਗ਼ੈਰਾ ਸ਼ਾਮਿਲ ਹਨ। ਇਨ੍ਹਾਂ ਉਦਾਸੀਆਂ ਦੌਰਾਨ ਉਨ੍ਹਾਂ ਨੇ ਵੱਖ-ਵੱਖ ਧਰਮਾਂ ਦੇ ਵਿਦਵਾਨਾਂ, ਵੱਖ-ਵੱਖ ਫ਼ਲਸਫ਼ਿਆਂ ਦੇ ਅਦਾਰਿਆਂ ਦੇ ਆਗੂਆਂ ਅਤੇ ਆਮ ਲੋਕਾਂ ਨਾਲ ਵੀ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਦੀਆਂ ਮੁੱਖ ਉਦਾਸੀਆਂ ਸਨ: 1507-15, 1517-18, 1518-21 ਅਤੇ 1530 ਵਿਚ ਇਕ ਛੋਟੀ ਯਾਤਰਾ (ਕੁਝ ਲੋਕ ਪਹਿਲੀ ਉਦਾਸੀ ਨੂੰ ਦੋ ਹਿੱਸਿਆਂ ਵਿਚ ਵੰਡਦੇ ਹਨ)। ਤਫ਼ਸੀਲ/ਵੇਰਵੇ ਵਾਸਤੇ ਵੇਖੋ: **ਸਿੱਖ ਤਵਾਰੀਖ਼**, ਜਿਲਦ ਪਹਿਲੀ।

ਉਦਾਸੀ ਇਕ ਫ਼ਿਰਕਾ ਵੀ ਹੈ ਜਿਸ ਨੂੰ ਸ੍ਰੀ ਚੰਦ, ਜੋ ਗੁਰੂ ਨਾਨਕ ਸਾਹਿਬ ਦਾ ਵੱਡਾ ਪੁੱਤਰ ਸੀ, ਨੇ ਚਲਾਇਆ ਸੀ। ਸ੍ਰੀ ਚੰਦ ਨੇ ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ (1624 ਵਿਚ), ਉਦਾਸੀ ਲਹਿਰ ਦਾ ਮੁਖੀ ਬਾਬਾ ਗੁਰਦਿੱਤਾ ਨੂੰ ਬਣਾ ਦਿੱਤਾ ਸੀ । ਗੁਰਦਿੱਤਾ ਨੇ ਬਾਅਦ ਵਿਚ ਆਪਣੇ ਮਿਸ਼ਨ ਨੂੰ ਸਿੱਖ ਧਰਮ ਵਿਚ ਮਿਲਾ ਦਿੱਤਾ ਸੀ ਅਤੇ ਸਾਰੇ ਉਦਾਸੀਆਂ ਨੂੰ ਸਿੱਖ ਧਰਮ ਦੀ ਮਰਯਾਦਾ ਅਤੇ ਅਸੂਲਾਂ ਵਾਸਤੇ ਵਫ਼ਾਦਾਰ ਰਹਿਣ ਲਈ ਕਿਹਾ ਸੀ। ਸਿੱਖਾਂ 'ਤੇ ਮੁਸੀਬਤਾਂ ਦੇ ਔਖੇ ਦਿਨਾਂ ਦੌਰਾਨ, ਕੁਝ ਹਿੰਦੂ ਸਾਧੂ, ਜੋ ਇਨ੍ਹਾਂ ਉਦਾਸੀਆਂ ਦੇ ਇੰਤਜ਼ਾਮ ਹੇਠਲੇ ਅਦਾਰਿਆਂ ਦੀ ਦੇਖਭਾਲ ਕਰਨ ਲੱਗ ਪਏ ਸਨ, ਨੇ ਮੁਗ਼ਲਾਂ ਦੇ ਜ਼ੁਲਮ ਤੋਂ ਬਚਣ ਵਾਸਤੇ, ਆਪਣੇ ਆਪ ਨੂੰ ਹਿੰਦੂ ਕਹਿਣਾ ਸ਼ੁਰੂ ਕਰ ਦਿੱਤਾ। ਹੁਣ ਉਦਾਸੀ ਆਪਣੇ ਆਪ ਨੂੰ ਸਿਰਫ਼ ਹਿੰਦੂ ਹੀ ਮੰਨਦੇ ਹਨ।

ਉਪਕਾਰ: ਉਪਕਾਰ (**ਪਰਉਪਕਾਰ**) ਦਾ ਲਫ਼ਜ਼ੀ ਮਾਅਨਾ ਹੈ ਚੰਗਾ/ਭਲਾ ਕਰਨਾ ਅਤੇ ਪਰਉਪਕਾਰ ਦਾ ਮਾਅਨਾ ਹੈ: ਪਰਾਇਆਂ/ਦੂਜਿਆਂ ਦੀ ਮਦਦ ਕਰਨਾ ਜਾਂ ਦੂਜਿਆਂ ਲਈ ਚੰਗਾ/ਭਲਾ ਕਰਨਾ। ਇਹ ਲਾਲਚ-ਰਹਿਤ ਸੇਵਾ ਹੈ। ਇਸ ਨੂੰ ਲੋਕ-ਭਲਾਈ ਵੀ ਕਿਹਾ ਜਾ ਸਕਦਾ ਹੈ। ਸਿੱਖ ਦਾ ਫ਼ਰਜ਼ ਹੈ ਕਿ ਉਹ ਦੂਜਿਆਂ ਦਾ ਭਲਾ ਕਰਨ

ਦੀ ਵਧ ਤੋਂ ਵਧ ਕੋਸ਼ਿਸ਼ ਕਰੇ। ਪਰ ਇਸ ਵਿਚ ਸ਼ਰਤ ਹੈ ਕਿ ਭਲਾ ਕਰਨ ਦੀ ਸੋਚ ਲਾਲਚ ਤੋਂ ਬਿਨਾਂ ਹੋਣੀ ਚਾਹੀਦੀ ਹੈ ਅਤੇ ਇਸ ਦਾ ਮਾਣ ਵੀ ਨਹੀਂ ਕਰਨਾ ਚਾਹੀਦਾ:

ਆਪਸ ਕਉ ਜੋ ਭਲਾ ਕਹਾਵੈ॥
ਤਿਸਹਿ ਭਲਾਈ ਨਿਕਟਿ ਨ ਆਵੈ॥ (ਸਫ਼ਾ 278)

ਹੋਰ ਦੇਖੋ: **ਸੇਵਾ**

ੳ/ਓਅੰਕਾਰ: ਓਅੰ ਦਾ ਲਫ਼ਜ਼ੀ ਮਾਅਨਾ ਹੈ: ਰੱਖਿਆ ਕਰਨਾ/ਬਚਾਉ ਕਰਨਾ ਅਤੇ ਕਾਰ ਦਾ ਮਤਲਬ ਹੈ: ਇਕਸਾਰ/ਇਕੋ ਜਿਹੀ। ਓਅੰਕਾਰ ਅਜਿਹੀ ਹੋਂਦ/ਹਸਤੀ ਹੈ ਜੋ ਹਰੇਕ ਹੀ ਰੱਖਿਆ ਇਕੋ-ਜਿਹੇ ਰੂਪ ਵਿਚ ਤੇ ਸਦਾ ਹੀ ਕਰਦੀ ਹੈ। ਗੁਰਬਾਣੀ ਵਿਚ ਇਹ ਲਫ਼ਜ਼ ਵਾਹਿਗੁਰੂ, ਰੱਬ, ਪ੍ਰਮਾਤਮਾ ਵਾਸਤੇ ਵਰਤਿਆ ਗਿਆ ਹੈ। ਦੇਖੋ: ਅਕਾਲ ਪੁਰਖ।

ਓਅੰਕਾਰ, ਏਕੰਕਾਰ ਅਤੇ ਨਿਰੰਕਾਰ: ਭਾਈ ਗੁਰਦਾਸ ਨੇ ਇਹ ਤਿੰਨ ਲਫ਼ਜ਼, ਨਿਰੰਕਾਰ, ਏਕੰਕਾਰ ਅਤੇ ਓਅੰਕਾਰ, ਇਕ ਖ਼ਾਸ ਮਕਸਦ ਵਾਸਤੇ ਵਰਤੇ ਹਨ। ਵਾਹਿਗੁਰੂ ਨਿਰੰਕਾਰ (ਆਕਾਰ ਰਹਿਤ) ਹੈ ਅਤੇ ਸੁੰਨ ਵਿਚ, ਸੁੰਨ-ਸਮਾਧੀ ਦੀ ਹਾਲਤ ਵਿਚ, ਪੂਰੀ ਧੁੰਦ/ਗੁਬਾਰ ਵਿਚ 'ਆਰਾਮ' ਕਰਦਾ (ਆਸਣ ਰਖਦਾ) ਹੈ। ਅਜਿਹੀ ਹਾਲਤ ਵਿਚ ਕੋਈ ਸਿਰਜਣਾ ਨਹੀਂ ਅਤੇ ਨਾ ਹੀ ਕੋਈ ਹਿਲਜੁਲ ਹੈ। ਅਜਿਹੀ ਸ਼ਾਂਤੀ ਵਿਚ ਉਸ ਨੇ ਸਿਰਜਣਾ ਦੀ ਇੱਛਾ ਕੀਤੀ। ਉਸ ਨੇ ਆਪਣੇ ਆਪ ਵਿਚੋਂ ਸਾਰੀ ਸਿਰਜਣਾ (ਏਕੰਕਾਰ) ਕੀਤੀ ਅਤੇ ਬਾਅਦ ਵਿਚ, ਓਅੰਕਾਰ ਦੁਆਰਾ ਆਪਣੇ ਵਿਚ ਪਸਾਰਾ ਕੀਤਾ, ਇਸ ਵਿਚ ਜੀਵਨ ਭਰ ਦਿੱਤਾ ਤੇ ਉਹ ਇਸ ਦੀ ਰੱਖਿਆ ਵੀ ਕਰਦਾ ਹੈ। ਉਸ ਨੇ ਇਸ ਨੂੰ ਆਪਣੇ ਦੁਆਰਾ ਅਨੇਕਾਂ ਰੰਗਾਂ ਅਤੇ ਕਿਸਮਾਂ ਵਿਚ ਪਰਗਟ ਕੀਤਾ ਹੈ, ਰਚਿਆ ਹੈ। ਸਿਰਜਣਾ ਦੀ ਇਹ ਕਿਰਿਆ ਲਗਾਤਾਰ ਚੱਕਰ ਵਿਚ ਚਲਦੀ ਰਹੀ।

ਅਹੰ/ਅਹੰਕਾਰ: ਵੇਖੋ: ਹੰਕਾਰ । ਪੰਨਾ -93

ਅਹਿੰਸਾ/ਹਿੰਸਾ: ਬੁੱਧ ਅਤੇ ਜੈਨ ਧਰਮ ਵਿਚ 'ਅਹਿੰਸਾ' ਦੇ ਸਿਧਾਂਤ ਦੀ ਖ਼ਾਸ ਅਹਿਮੀਅਤ ਹੈ। ਹਿੰਦੂਆਂ ਨੇ ਇਸ ਨੂੰ ਜੈਨ ਧਰਮ ਤੋਂ ਨਕਲ ਕੀਤਾ ਹੈ ਜਾਂ ਉਧਾਰ ਲਿਆ ਹੈ। ਜੈਨ ਧਰਮ ਵਿੱਚ 108 ਤਰ੍ਹਾਂ ਦੀ ਹਿੰਸਾ ਹੈ ਜਿਸ ਦੀ ਕਿਸੇ ਨੂੰ ਵੀ ਵਰਤੋਂ ਨਹੀਂ ਕਰਨੀ ਚਾਹੀਦੀ। ਸਿੱਖ ਧਰਮ ਵਿੱਚ ਪਿਆਰ, ਭਾਈਚਾਰਕ ਜਜ਼ਬਾਤ, ਦਇਆ, ਮੁਆਫ਼ ਕਰਨਾ ਉੱਚੇ ਗੁਣ ਹਨ ਅਤੇ ਹਰ ਇੱਕ ਨੂੰ ਇਹ ਗ੍ਰਹਿਣ ਕਰਨੇ ਚਾਹੀਦੇ ਹਨ। ਪਰ ਸਿੱਖ ਖ਼ੁਦਦਾਰੀ, ਇੱਜ਼ਤ, ਨਿਡਰਤਾ, ਬਹਾਦਰੀ ਅਤੇ ਕੁਰਬਾਨ ਹੋਣ ਦਾ ਸਬਕ ਵੀ ਸਿੱਖਦਾ ਹੈ। ਜੇ ਕਰ ਇੱਕ ਸਿੱਖ ਦੀ ਆਨ-ਸ਼ਾਨ 'ਤੇ ਹਮਲਾ ਹੋਵੇ ਜਾਂ ਜੇ ਕੋਈ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰ ਰਿਹਾ ਹੈ, ਜਾਂ ਜੇ ਕੋਈ ਇਕ ਬੇਗੁਨਾਹ ਆਦਮੀ ਉੱਤੇ ਹਮਲਾ ਕਰ ਰਿਹਾ ਹੈ, ਜਾਂ ਸਿੱਖ ਨੂੰ ਕਿਸੇ ਕਿਸਮ ਦੀ ਦਹਿਸ਼ਤਗਰਦੀ ਦਾ ਸਾਹਮਣਾ ਕਰ ਰਿਹਾ ਹੈ; ਤਾਂ ਸਿੱਖ ਦਾ ਇਹ ਫ਼ਰਜ਼ ਹੈ ਕਿ ਉਹ ਇਸ ਨੂੰ ਰੋਕੇ ਅਤੇ ਜੇ ਕਰ ਇਸ ਮਕਸਦ ਵਾਸਤੇ ਕਿਸੇ ਨੂੰ ਤਾਕਤ (ਹਿੰਸਾ) ਦੀ ਵਰਤੋਂ ਵੀ ਕਰਨੀ ਪੈਂਦੀ ਹੈ ਤਾਂ ਇਸ ਦੀ ਸਿੱਖ ਧਰਮ

ਵਿੱਚ ਪੂਰੇ ਤੌਰ ਤੇ ਇਜਾਜ਼ਤ ਦਿੱਤੀ ਗਈ ਹੈ। ਸਿੱਖ ਧਰਮ **ਜਮ੍ਹਾ-ਪੱਖੀ ਹਿੰਸਾ** ਵਿਚ ਯਕੀਨ ਰਖਦਾ ਹੈ ਪਰ ਇਸ ਦੀ ਵਰਤੋਂ ਦੇ ਹਾਲਾਤ ਤੇ ਤਰੀਕਾ ਵੱਖ-ਵੱਖ ਹਨ। ਜਦੋਂ ਸਾਰੇ ਹੀਲੇ-ਵਸੀਲੇ ਖਤਮ ਹੋ ਜਾਣ ਤਾਂ ਇੱਕ ਸਿੱਖ ਵਾਸਤੇ ਤਲਵਾਰ (ਜਾਂ ਬੰਦੂਕ ਜਾਂ ਤੋਪ ਜਾਂ ਕੁਝ ਵੀ) ਹੱਥ ਵਿਚ ਫੜਨਾ (ਯਾਨਿ ਹਿੰਸਾ ਦਾ ਸਹਾਰਾ ਲੈਣਾ) ਪੂਰੀ ਤਰ੍ਹਾਂ ਜਾਇਜ਼ ਹੈ। ਹੋਰ ਦੇਖੋ: **ਹਥਿਆਰਾਂ ਦੀ ਵਰਤੋਂ**।

ਅਕਾਲ:- 1.ਅਕਾਲ ਦਾ ਮਤਲਬ ਹੈ: ਸਮੇਂ ਦੇ ਅਸਰ ਤੋਂ ਆਜ਼ਾਦ, ਯਾਨਿ ਸਮੇਂ ਦੀ ਪਕੜ ਤੋਂ ਪਰ੍ਹੇ। ਦੇਖੋ: **ਅਕਾਲ ਪੁਰਖ.**

2. ਹਿੰਦੂਆਂ ਵਿੱਚ ਜੇ ਕਰ ਕੋਈ ਸ਼ਖ਼ਸ ਜੁਆਨ ਉਮਰ ਵਿਚ ਮਰਦਾ ਹੈ ਤਾਂ ਕਿਹਾ ਜਾਂਦਾ ਹੈ ਕਿ ਉਹ 'ਅਕਾਲ' ਹੀ ਮਰ ਗਿਆ। ਯਾਨਿ ਉਹ ਸਮੇਂ ਤੋਂ ਪਹਿਲਾਂ ਮਰ ਗਿਆ ਹੈ। ਕੁਝ ਸਿੱਖ ਵੀ ਕਿਸੇ ਜਵਾਨ ਦੀ ਮੌਤ ਸਮੇਂ ਇਸ ਦੀ ਵਰਤੋਂ ਕਰਦੇ ਹਨ। ਪਰ ਇਹ ਗ਼ਲਤ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਕੋਈ ਵੀ ਅਣਆਈ (ਵਕਤ ਤੋਂ ਪਹਿਲਾਂ) ਮੌਤੇ ਨਹੀਂ ਮਰਦਾ; ਉਹ ਅਕਾਲ ਪੁਰਖ ਦੇ ਹੁਕਮ ਹੇਠ ਹੀ ਜੰਮਦਾ ਮਰਦਾ ਹੈ:

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥ (ਸਫ਼ਾ 1239)

ਅਕਾਲ ਉਸਤਤਿ: ਇਹ ਇਕ ਲੰਬੀ ਕਵਿਤਾ ਹੈ (ਇਸ ਨੂੰ ਸਵੱਯੇ/ਸਵੈਯੇ ਵੀ ਕਿਹਾ ਜਾਂਦਾ ਹੈ। 'ਅਕਾਲ ਉਸਤਤਿ' ਨਾਂ ਕਿਸੇ ਲਿਖਤ ਵਿਚ ਨਹੀਂ ਹੈ। ਇਹ ਨਾਂ ਮਗਰੋਂ ਰੱਖਿਆ ਗਿਆ ਸੀ)) ਇਸ ਲਿਖਤ ਦਾ ਬਹੁਤਾ ਹਿੱਸਾ ਅਕਾਲ ਪੁਰਖ ਦੇ ਗੁਣਾਂ ਬਾਰੇ ਹੈ। ਕਈ ਵਿਦਵਾਨ ਯਕੀਨ ਕਰਦੇ ਹਨ ਕਿ ਇਹ ਰਚਨਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਕੁਝ ਕਵੀਆਂ ਦੁਆਰਾ ਲਿਖੀ ਗਈ ਹੈ। ਇਸ ਵਿਚ 232 ਛੰਦ ਹਨ, ਜਿਨ੍ਹਾਂ ਵਿਚੋਂ ਪਹਿਲੇ 126 ਪਹਿਰੇ ਪ੍ਰਮਾਤਮਾ ਦੀ ਸਿਫ਼ਤ ਵਿਚ ਲਿਖੇ ਗਏ ਹਨ। ਇਸ ਵਿਚ ਦਸ ਛੰਦ (21 ਤੋਂ 30) ਖੰਡੇ ਦੀ ਪਾਹੁਲ ਬਾਰੇ ਹਨ। ਇਹਨਾਂ ਦੀ ਬੋਲੀ ਬ੍ਰਿਜ ਹੈ। ਇਸ ਵਿਚ ਲਿਖਾਰੀ ਦੀ ਪ੍ਰਮਾਤਮਾ ਨਾਲ ਸੱਚੇ ਪਿਆਰ ਬਾਰੇ ਪੇਸ਼ਕਾਰੀ ਹੈ ਅਤੇ ਇਸ ਦਾ ਪੈਗ਼ਾਮ ਹੈ ਕਿ ਪ੍ਰਮਾਤਮਾ ਦੁਆਰਾ ਦਿੱਤੀ ਜ਼ਿੰਦਗੀ ਨੂੰ ਸੱਚ ਦਾ ਜੀਵਣ ਜਾਚ ਕਰ ਕੇ ਜੀਊਣਾ ਚਾਹੀਦਾ ਹੈ ਅਤੇ ਉਸ ਦੇ ਨਾਮ ਵਿੱਚ ਸੁਰਤ ਜੋੜਨੀ ਚਾਹੀਦੀ ਹੈ। ਇਹ, ਇਹ ਵੀ ਦੱਸਦੀ ਹੈ ਕਿ ਸਾਰੀ ਲੋਕਾਈ ਨੇ ਭਾਵੇਂ ਰੱਬ ਨੂੰ ਵੰਡਿਆ ਹੋਇਆ ਹੈ ਪਰ ਉਹ ਸਿਰਫ਼ ਇਕ ਹੈ। ਹਰੇਕ ਇਨਸਾਨ ਨੂੰ ਆਪਣੇ ਵੱਲੋਂ ਪ੍ਰਮਾਤਮਾ ਨਾਲ ਮਿਲਣ ਲਈ ਜੱਦੋਜਹਿਦ ਕਰਨੀ ਚਾਹੀਦਾ ਹੈ।

ਅਕਾਲ ਸਹਾਇ: ਲਫ਼ਜ਼ੀ ਮਾਅਨਾ: ਅਕਾਲ ਪੁਰਖ ਤੁਹਾਡੇ 'ਤੇ ਸਹਾਈ ਹੋਣ। ਇਹ ਅਕਾਲ ਤਖ਼ਤ ਸਾਹਿਬ ਦੀ ਇਕ ਸਿੱਖ ਵਾਸਤੇ ਬਖ਼ਸ਼ਿਸ਼ ਤੇ ਅਸੀਸ ਹੈ। ਇਹ ਅਕਾਲ ਤਖ਼ਤ ਸਾਹਿਬ ਦੀ ਮੁਹਰ ਹੈ। ਅਕਾਲ ਤਖ਼ਤ ਸਾਹਿਬ ਤੋਂ ਇਲਾਵਾ ਕੋਈ ਵੀ ਇਸ ਮੁਹਰ ਦੀ ਵਰਤੋਂ ਨਹੀਂ ਕਰ ਸਕਦਾ। ਰਣਜੀਤ ਸਿੰਘ ਨੇ ਕੁਝ ਸਮਾਂ ਇਸ ਦੀ ਵਰਤੋਂ ਕੀਤੀ ਸੀ, ਭਾਵੇਂ ਕਿ ਉਸ ਨੂੰ ਇਹ ਹੱਕ ਨਹੀਂ ਸੀ, ਕਿਉਂਕਿ ਉਸ ਦਾ ਰਾਜ ਸਿੱਖ ਕੌਮ ਦਾ ਰਾਜ ਨਹੀਂ, ਬਲਕਿ ਇਕ ਸ਼ਖ਼ਸ ਦਾ ਨਿਜੀ ਰਾਜ ਸੀ। ਕੁਝ ਲੋੜ ਤੋਂ ਵਧ ਜੋਸ਼ੀਲੇ ਸਿੱਖ ਇਸ (ਅਕਾਲ ਸਹਾਇ) ਨੂੰ ਆਪਣੀਆਂ ਚਿੱਠੀਆਂ

ਉੱਤੇ ਲਿਖ ਲੈਂਦੇ ਹਨ ਜੋ ਕਿ ਬਿਲਕੁਲ ਗ਼ਲਤ ਹੈ। ਅਕਾਲ ਤਖ਼ਤ ਸਾਹਿਬ ਦੀ ਮੁਹਰ ਸਿਰਫ਼ ਸਰਬੱਤ ਖਾਲਸਾ ਦੀ ਇਜਾਜ਼ਤ/ਮਨਜ਼ੂਰੀ/ਤਾਈਦ ਤੋਂ ਬਾਅਦ ਹੀ ਵਰਤੀ ਜਾਣੀ ਚਾਹੀਦੀ ਹੈ।

ਅਕਾਲ ਤਖ਼ਤ (ਸਾਹਿਬ): ਅਕਾਲ ਦਾ ਮਾਅਨਾ ਹੈ: "ਕਾਲ/ਸਮੇਂ ਦੀ ਹੱਦ ਤੋਂ ਆਜ਼ਾਦ, ਯਾਨਿ ਵਾਹਿਗੁਰੂ ਦਾ (ਯਾਨਿ ਸਦੀਵੀ); ਤੇ ਤਖ਼ਤ ਦਾ ਮਾਅਨਾ ਹੈ: ਰਾਜ ਸਿੰਘਾਸਣ; ਅਤੇ ਸਾਹਿਬ (ਲਫ਼ਜ਼ੀ ਮਾਅਨਾ: ਮਾਲਿਕ, ਯਾਨਿ ਵਾਹਿਗੁਰੂ) ਲਫ਼ਜ਼ ਸ਼ਾਹੀ ਅਦਬ ਸਤਿਕਾਰ ਵਾਸਤੇ ਵਰਤਿਆ ਜਾਂਦਾ ਹੈ। ਅਕਾਲ ਤਖ਼ਤ ਦਾ ਮਤਲਬ ਹੈ: ਕਾਲ-ਰਹਿਤ ਤਖ਼ਤ ਜਾਂ ਸਦੀਵੀ ਤਖ਼ਤ (ਯਾਨਿ, ਰੱਬ ਦਾ ਤਖ਼ਤ)। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਨੂੰ 1609 ਵਿਚ ਪ੍ਰਗਟ ਕੀਤਾ ਸੀ।

ਅਕਾਲ ਤਖ਼ਤ ਸਾਹਿਬ ਸਿੱਖੀ ਦੇ ਮੀਰੀ (ਦੁਨਿਆਵੀ) ਅਤੇ ਪੀਰੀ (ਰੂਹਾਨੀ) ਦੀ ਇੱਕ-ਮਿੱਕਤਾ ਸਿਧਾਂਤ ਨੂੰ ਪੇਸ਼ ਕਰਦਾ ਹੈ। ਇਸ ਦਾ ਮਾਅਨਾ ਹੈ ਕਿ ਰੱਬ ਦੀ ਅਦਾਲਤ ਵਿਚ ਰੂਹਾਨੀਅਤ ਵਾਲਾ ਇਨਸਾਨ (ਪੀਰ) ਆਪਣੀ ਮੀਰੀ ਦੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦਾ।

ਸਿੱਖ ਸਿਧਾਂਤਾਂ ਵਿਚ ਇਹ ਮੀਰੀ ਅਤੇ ਪੀਰੀ ਦੀ ਏਕਤਾ ਨਹੀਂ ਹੈ, ਪਰ ਇਹ ਦੋਵਾਂ ਦਾ ਇਕ ਥਾਂ ਮੌਜੂਦ ਹੋਣਾ ਹੈ। ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਅਨੁਸਾਰ ਮੀਰ (ਦੁਨਿਆਵੀ ਰਾਜੇ/ਆਗੂ/ਮੁਖੀ) ਦਾ ਫ਼ਰਜ਼ 'ਧਰਮ ਦਾ ਰਾਜ' ਕਰਨਾ ਹੈ; ਅਤੇ ਪੀਰ ਨੂੰ ਬੇਇਨਸਾਫ਼ੀ, ਜ਼ੁਲਮ ਅਤੇ ਦਹਿਸ਼ਤ ਵੇਖ ਕੇ ਚੁੱਪ ਨਹੀਂ ਰਹਿਣਾ ਚਾਹੀਦਾ ਹੈ। ਇਹ ਦੋਵੇ (ਮੀਰੀ ਤੇ ਪੀਰੀ) ਇਕ ਦੂਜੇ ਤੋਂ ਅਲੱਗ ਜਾਂ ਜੁਦਾ ਨਹੀਂ ਖੜੋਂਦੇ, ਪਰ ਦੋਵੇਂ ਸਮੁੱਚੇ ਤੌਰ ਤੇ ਇੱਕ ਹਨ। ਇਹੀ ਸਿਧਾਂਤ ਉਦੋਂ ਦੁਹਰਾਇਆ ਗਿਆ ਸੀ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੇ ਕਿਹਾ ਸੀ: "ਨਾ ਖ਼ੁਦ ਡਰੋ ਅਤੇ ਨਾ ਹੀ ਕਿਸੇ ਨੂੰ ਡਰਾਉ" ਅਤੇ ਜਦੋਂ ਗੁਰੂ ਗੋਬਿੰਦ ਸਿੰਘ ਨੇ ਕਿਹਾ ਕਿ ਸਿੱਖ ਨੂੰ ਹਰ ਵੇਲੇ ਜ਼ਬਾਨ ਨਾਲ ਰੱਬ ਦਾ ਨਾਂ ਜਪਣਾ ਚਾਹੀਦਾ ਹੈ, ਪਰ ਨਾਲ ਹੀ ਮਨ-ਹੀ-ਮਨ ਵਿਚ ਉਸ ਨੂੰ, ਹਰ ਸਮੇਂ, ਸਚਾਈ ਵਾਸਤੇ ਜੂਝਣ ਲਈ ਤਿਆਰ ਰਹਿਣਾ ਚਾਹੀਦਾ ਹੈ। ਰੱਬ ਦੇ ਤਖ਼ਤ ਦੀ ਹਕੂਮਤ ਨੂੰ ਨਾ ਕਿਸੇ ਖ਼ਾਸ ਸਿਆਸੀ ਜਾਂ ਧਾਰਮਿਕ ਜਾਂ ਹੋਰ ਕੋਈ, ਜਾਂ ਇਲਾਕੇ; ਨਾ ਕਿਸੇ ਖ਼ਾਸ ਖੇਤਰ ਵਿਚ, ਨਾ ਹੀ ਕਿਸੇ ਵੀ ਹਾਲਤ ਵਿਚ ਸੀਮਿਤ ਨਹੀਂ ਕੀਤਾ ਜਾ ਸਕਦਾ ਹੈ, ਇਹ ਹਰ ਥਾਂ, ਹਰ ਵੇਲੇ, ਇੱਕੋ ਜਿਹੀ ਤੇ ਮੁਕੰਮਲ ਹੈ। ਅਕਾਲ ਤਖ਼ਤ ਸਾਹਿਬ ਇਕ ਪੂਰਨ ਸਮੁੱਚਤਾ ਹੈ। ਅਕਾਲ ਤਖ਼ਤ ਸਾਹਿਬ ਦਾ ਪੂਰਨ ਖੁਲਾਸਾ ਇਹ ਹੈ ਕਿ ਇਹ ਅਜ਼ਾਦੀ, ਇਨਸਾਫ਼, ਇਨਸਾਨੀਅਤ, ਸੱਚਾਈ ਅਤੇ ਰੂਹਾਨੀਅਤ ਆਦਿ ਦਾ ਚਿਨ੍ਹ (ਸੇਮਬੋਲ) ਹੈ।

ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਸਭ ਤੋਂ ਉੱਚੀ ਹਕੂਮਤ ਹੈ। ਸਿੱਖ ਕੋਲ ਸਿਰਫ਼ ਇਕ ਨਿਸ਼ਚਾ ਹੈ, ਇਕ ਵਫ਼ਾਦਾਰੀ ਹੈ, ਤੇ ਉਹ ਹੈ ਰੱਬ ਦੇ ਲਈ ਅਤੇ ਇਕ ਸਿੱਖ ਸਾਰੀਆਂ ਤਾਕਤਾਂ ਦੇ ਮਾਲਿਕ ਵਾਹਿਗੁਰੂ ਦੀ ਰਿਆਇਆ (ਪਰਜਾ) ਹੈ ਤੇ ਸਿਰਫ਼ ਵਾਹਗੁਰੂ ਉੱਤੇ ਹੀ ਟੇਕ ਰਖਦਾ ਹੈ।

ਗੁਰੂ ਸਾਹਿਬ ਦੇ ਸਮੇਂ ਦੌਰਾਨ, ਅਕਾਲ ਤਖ਼ਤ ਤੋਂ ਹੁਕਮ ਗੁਰੂ ਸਾਹਿਬ ਆਪ ਜਾਰੀ ਕਦੇ ਸਨ। 1708 ਤੋਂ ਬਾਅਦ, ਸਰਬਤ ਖਾਲਸਾ ਦੇ ਗੁਰਮਤਾ ਨੂੰ ਸਿੱਖ ਪੰਥ

ਗੁਰੂ ਦਾ ਅਕਾਲ ਪੁਰਖ ਦਾ ਹੁਕਮ ਸਮਝ ਕੇ ਮੰਨਦਾ ਰਿਹਾ। ਇਹ ਗੁਰਮਤਾ ਅਕਾਲ ਤਖ਼ਤ ਸਾਹਿਬ (ਜਾਂ ਕਿਸੇ ਹੋਰ ਜਗਹ) (ਪਰ ਜੇ ਮਜਬੂਰੀ ਨਾ ਹੋਵੇ ਤਾਂ) ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਕੀਤਾ ਜਾਂਦਾ ਸੀ। ਜਦੋਂ ਸਰਬਤ ਖਾਲਸਾ ਦਾ ਗੁਰਮਤਾ ਸਿੱਖ ਕੌਮ ਲਈ ਅਕਾਲ ਤਖਤ ਤੋਂ ਜਾਰੀ ਕੀਤਾ ਜਾਂਦਾ ਹੈ ਤਾਂ ਇਹ ਹੁਕਮਨਾਮਾ ਵਜੋਂ ਵੀ ਜਾਣਿਆ ਜਾਂਦਾ ਸੀ।

18ਵੀਂ ਸਦੀ ਵਿੱਚ ਜਦੋਂ ਸਿੱਖ ਕੌਮ ਦੀਆਂ ਵੱਖ-ਵੱਖ ਮਿਸਲਾਂ ਸਿੱਖ ਹੋਮਲੈਂਡ ਦੇ ਵੱਖਰੇ-ਵੱਖਰੇ ਖੇਤਰਾਂ ਵਿਚ ਹਾਕਮ/ਕਾਬਜ਼ ਹੋ ਗਈਆਂ ਤਾਂ ਸਾਰੀਆਂ ਮੁਹਿੰਮਾਂ ਅਤੇ ਮੋਰਚੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਨਾਲ ਸ਼ੁਰੂ ਹੁੰਦੇ ਸਨ। ਉਦੋਂ ਸ਼ਹੀਦਾਂ ਮਿਸਲ ਦਾ ਮੁਖੀ ਅਕਾਲ ਤਖ਼ਤ ਸਾਹਿਬ ਦਾ ਸੇਵਾਦਾਰ ਹੁੰਦਾ ਸੀ ਤੇ ਉਸ ਦਾ ਕੰਮ ਸਿੱਖ ਸਰਬਤ ਖਾਲਸਾ ਦਾ ਇਕੱਠ ਬੁਲਾਉਣਾ ਸੀ। ਉਹ ਕੋਈ ਸਰਬਰਾਹ ਜਾਂ ਚੀਫ਼ ਨਹੀਂ ਸੀ, ਬਲਕਿ ਮੁਖ ਸੇਵਾਦਾਰ ਸੀ। 12 ਅਕਤੂਬਰ 1920 ਤੋਂ ਬਾਅਦ (ਦਰਅਸਲ ਇਸ ਤੋਂ ਵੀ ਕਾਫ਼ੀ ਦੇਰ ਮਗਰੋਂ, 1979 ਤੋਂ ਮਗਰੋਂ), ਅਕਾਲ ਤਖਤ ਸਾਹਿਬ ਦੇ ਸੇਵਾਦਾਰ ਨੂੰ ਗਲਤ ਅਹੁਦੇ 'ਜਥੇਦਾਰ' ਦੇ ਨਾਂ ਨਾਲ ਲਿਖਿਆ ਜਾਣ ਲੱਗਾ। ਇਹ ਲੱਫ਼ਾਜ਼ੀ ਨਾ ਤਵਾਰੀਖ਼ ਵਿਚੋਂ ਮਿਲਦੀ ਹੈ ਨਾ ਸਿੱਖ ਫ਼ਲਸਫ਼ੇ ਵਿੱਚੋਂ। ਅਕਾਲ ਤਖਤ ਸਾਹਿਬ ਦੀ ਰਾਖੀ ਕਰਨ ਵਾਲਾ ਸਿੱਖ ਪੰਥ ਦਾ ਮੁਖੀ ਨਹੀਂ ਹੈ। ਉਸ ਦਾ ਰੋਲ ਸਿਰਫ਼ ਇੱਕ ਸੇਵਾਦਾਰ ਵਜੋਂ ਹੈ। ਉਹ ਅਤੇ/ਜਾਂ ਪੰਜ ਗ੍ਰੰਥੀ (ਜਿਨ੍ਹਾਂ ਨੂੰ ਕੁਝ ਲੋਕ ਜਾਂ ਉਹ ਆਪੇ ਆਪਣੇ ਆਪ ਨੂੰ ਪੰਜ ਪਿਆਰੇ ਆਖਣ ਲਗ ਪਏ ਹਨ), ਹੁਕਮਨਾਮਾ ਜਾਰੀ ਨਹੀਂ ਕਰ ਸਕਦੇ। 1980 ਤੋਂ ਮਗਰੋਂ ਕਈ ਅਖੌਤੀ-ਹੁਕਮਨਾਮੇ ਅਕਾਲ ਤਖਤ ਦੇ ਸੇਵਾਦਾਰਾਂ ਤੇ ਚੌਧਰੀਆਂ ਵੱਲੋਂ ਜਾਰੀ ਕੀਤੇ ਗਏ ਜੋ ਸਿੱਖ ਫ਼ਲਸਫ਼ੇ ਦੇ ਨਾਲ ਮੇਲ ਨਹੀਂ ਖਾਂਦੇ।

ਅਕਾਲ ਤਖਤ ਸਾਹਿਬ ਦੀ ਇਮਾਰਤ ਕਈ ਵਾਰ ਤਬਾਹ ਕੀਤੀ ਗਈ: ਮੁਗਲਾਂ ਵੱਲੋਂ (1740 ਵਿੱਚ), ਅਫ਼ਗ਼ਾਨਾਂ ਵੱਲੋਂ (1757, 1762 ਵਿੱਚ) ਅਤੇ ਹਿੰਦੁਸਤਾਨੀ ਫ਼ੌਜ ਵੱਲੋਂ (4 ਤੋਂ 7 ਜੂਨ 1984)। ਅਜੋਕਾ ਢਾਂਚਾ 1986 ਤੇ 1994 ਵਿਚਕਾਰ ਭਿੰਡਰਾਂ-ਮਹਿਤਾ ਜੱਥੇ ਵੱਲੋਂ ਬਣਾਇਆ ਗਿਆ ਹੈ। ਹੋਰ ਵੇਖੋ: ਜਥੇਦਾਰ, *'ਸਿੱਖ ਤਵਾਰੀਖ਼ ਵਿਚ ਅਕਾਲ ਤਖ਼ਤ ਸਾਹਿਬ ਦਾ ਰੋਲ'* ਕਿਤਾਬ।

ਅਕਾਲ ਤਖਤ ਸਾਹਿਬ ਕਿਤਾਬ (ਸਿੱਖ ਤਵਾਰੀਖ਼ 'ਚ ਅਕਾਲ ਤਖ਼ਤ ਦਾ ਰੋਲ):- ਡਾ. ਹਰਜਿੰਦਰ ਸਿੰਘ ਦਿਲਗੀਰ ਵੱਲੋਂ ਅਕਾਲ ਤਖ਼ਤ ਸਾਹਿਬ ਬਾਰੇ ਪਹਿਲੀ ਵਾਰ 1980 ਵਿਚ ਅੰਗਰੇਜ਼ੀ ਵਿਚ (96 ਸਫ਼ੇ), 1986 ਵਿਚ ਪੰਜਾਬੀ ਵਿਚ (128 ਸਫ਼ੇ), 1995 ਵਿੱਚ ਅੰਗਰੇਜ਼ੀ ਵਿਚ (128 ਸਫ਼ੇ) ਦੁਬਾਰਾ ਸੋਧ ਕੇ ਅਤੇ 2000 ਵਿਚ ਪੰਜਾਬੀ ਵਿਚ ਨਵੇਂ ਸਿਰਿਓਂ ਪੂਰੀ ਤਰ੍ਹਾਂ ਸੋਧ ਕੇ ਛਾਪੀ ਗਈ ਸੀ ਅਤੇ ਪੰਜਾਬੀ ਅਡੀਸ਼ਨ ਨੂੰ ਤਿੰਨ-ਗੁਣਾ (320 ਸਫ਼ੇ) ਵਧਾ ਦਿੱਤਾ ਗਿਆ। ਫਿਰ ਜੂਨ 2005 ਵਿਚ ਇਸ ਦੀ ਪੰਜਵੀਂ ਐਡੀਸ਼ਨ (ਸਫ਼ੇ 640) ਛਾਪੀ ਗਈ ਸੀ। ਇਹ ਕਿਤਾਬ ਅਕਾਲ ਤਖਤ ਸਾਹਿਬ ਦੇ ਫ਼ਲਸਫ਼ੇ ਅਤੇ ਇਸ ਦੇ ਅੱਜ ਤਕ ਦੇ ਰੋਲ ਬਾਰੇ ਜਾਣਕਾਰੀ ਦਿੰਦੀ ਹੈ। ਇਸ ਕਿਤਾਬ ਦੀ 1995 ਦੀ ਅੰਗਰੇਜ਼ੀ ਅਡੀਸ਼ਨ ਵਿਚ ਇਸ ਇੰਸਟੀਚਿਊਸ਼ਨ ਬਾਰੇ ਬਹੁਤ ਜ਼ਿਆਦਾ ਕੀਮਤੀ ਜਾਣਕਾਰੀ ਸ਼ਾਮਿਲ ਕੀਤੀ ਗਈ ਸੀ। ਪਰ ਇਸ

ਦੀ ਪੰਜਵੀਂ ਐਡੀਸ਼ਨ (2005) ਹੁਣ ਦੇ ਸਮੇਂ ਤੋਂ ਪਹਿਲਾਂ, ਹੁਣ ਤੱਕ, ਇਸ ਦੇ ਫ਼ਲਸਫ਼ੇ, ਇਤਿਹਾਸ ਅਤੇ ਮੀਰੀ ਅਤੇ ਪੀਰੀ ਦੇ ਨੁਕਤੇ ਬਾਰੇ ਮੁਕੰਮਲ ਜਾਣਕਾਰੀ ਦੇਂਦੀ ਹੈ। ਇਸ ਵਿਚ ਤਕਰੀਬਨ ਸਾਰੇ ਅਖੌਤੀ ਹੁਕਮਨਾਮੇ, ਚਿੱਠੀਆਂ, ਅਖੌਤੀ ਜਥੇਦਾਰਾਂ ਦਾ ਰੋਲ ਤੇ ਸਾਜ਼ਿਸ਼ਾਂ, ਅਕਾਲੀ ਲੀਡਰਾਂ ਦੀਆਂ ਪੰਥ ਨਾਲ ਗ਼ਦਾਰੀਆਂ ਦਾ ਵੇਰਵਾ ਪੇਸ਼ ਹੈ। ਇਹ ਇਕ ਤਰ੍ਹਾਂ ਨਾਲ ਅੰਕਾਲ ਤਖ਼ਤ ਸਾਹਿਬ ਦਾ ਆਰਕਾਈਵਜ਼/ਐਨਸਾਈਕਲੋਪੀਡੀਆ ਹੈ।

ਅਕਾਲ ਪੁਰਖੁ:- ਅਕਾਲ ਦਾ ਲਫ਼ਜ਼ੀ ਮਤਲਬ ਹੈ: ਉਹ ਜੋ ਕਾਲ (ਸਮੇਂ) ਦੀ ਪਕੜ ਤੋਂ ਪਰ੍ਹੇ ਹੈ, ਯਾਨਿ ਵਾਹਿਗੁਰੂ। ਪੁਰਖ ਲਫ਼ਜ਼ ਸਾਂਖ/ਸਾਂਖਯਾ ਫ਼ਲਸਫ਼ੇ ਦੇ 'ਪੁਰਸ਼' ਸਿਧਾਂਤ ਵਿਚ ਵੀ ਮਿਲਦਾ ਹੈ, ਜਿਸ ਤੋਂ ਭਾਵ ਹੈ ਕਿ ਉਹ ਹਸਤੀ, ਜੋ ਪ੍ਰਕਿਰਤੀ (ਕੁਦਰਤ) ਨਾਲ 'ਮੇਲ' ਕਰ ਕੇ, 'ਸਿਰਜਣਾ' ਕਰਦੀ ਹੈ। ਸਿੱਖ ਫ਼ਲਸਫ਼ੇ ਵਿਚ ਰੱਬ ਨੂੰ ਅਕਾਲ ਪੁਰਖ ਅਤੇ ਕਰਤਾ ਪੁਰਖ ਵੀ ਕਿਹਾ ਗਿਆ ਹੈ। ਉਹ ਹਰੇਕ ਦਿਸਦੀ-ਅਣਦਿੱਸਦੀ (ਇਨਸਾਨ ਜਾਂ ਚੀਜ਼) ਦੇ ਪੈਦਾ ਹੋਣ ਦਾ ਕਾਰਨ ਹੈ ਪਰ ਇਸ ਮਕਸਦ ਵਾਸਤੇ ਉਸ ਨੂੰ 'ਪ੍ਰਕ੍ਰਿਤੀ' ਦੀ ਲੋੜ ਨਹੀਂ। ਉਹ ਹਰ ਵਜੂਦ ਤੇ ਹਰ ਰਚਨਾ ਨੂੰ ਆਪਣੇ ਵਿਚੋਂ ਪੈਦਾ ਕਰਦਾ ਹੈ। ਸਿੱਖ ਫ਼ਲਸਫ਼ੇ ਵਿਚ 'ਪ੍ਰਕ੍ਰਿਤੀ' ਰੱਬ ਤੋਂ ਵੱਖ ਮੌਜੂਦ ਨਹੀਂ ਹੈ। ਵਾਹਿਗੁਰੂ, ਰੱਬ, ਅਕਾਲ ਪੁਰਖ, 'ਪੁਰਖ' (ਹਸਤੀ) ਹੈ ਪਰ ਇਹ ਉਸ ਦੇ ਲਿੰਗ (ਮਰਦ/ਔਰਤ) ਹੋਣ ਵੱਲ ਇਸ਼ਾਰਾ ਨਹੀਂ ਹੈ।

ਸਿੱਖ ਲੱਫ਼ਾਜ਼ੀ ਵਿਚ ਅਕਾਲ ਪੁਰਖ ਦੇ ਲਈ ਲਫ਼ਜ਼ **ਅਕਾਲ ਮੂਰਤਿ** (ਸਦੀਵੀ ਹਸਤੀ/ਹੋਂਦ) ਵੀ ਵਰਤਿਆ ਜਾਂਦਾ ਹੈ। ਪਰ ਸਭ ਤੋਂ ਜ਼ਿਆਦਾ ਵਰਤੋਂ ਵਾਹਿਗੁਰੂ ਲਫ਼ਜ਼ ਦੀ ਹੁੰਦੀ ਹੈ। ਸਿੱਖ ਫ਼ਲਸਫ਼ੇ ਵਿਚ ਇਕ (ਵਾਹਿਗੁਰੂ) ਦੀ ਹੀ ਸਦੀਵੀ ਹੋਂਦ ਹੈ ਤੇ ਸਿਰਫ਼ ਇਕ ਉਹ ਹੀ ਸਚਾਈ ਹੈ; ਸਿਰਫ਼ ਇਕ ਉਹ ਹੀ ਸਿਰਜਣਹਾਰ (ਕਰਤਾ) ਹੈ; ਇਕ ਉਹ ਹੀ ਹੈ ਜੋ ਡਰ, ਵੈਰ ਤੇ ਕਾਲ ਰਹਿਤ ਹੈ; ਜਨਮ-ਮਰਨ ਤੋਂ ਪਰੇ ਹੈ; ਅਤੇ ਜਿਸ ਦੀ ਹੋਂਦ ਆਪਣੇ ਆਪ ਤੋਂ ਹੈ।

ਰੱਬ ਨੂੰ ਅਨੇਕਾਂ ਨਾਂਵਾਂ ਨਾਲ ਜਾਣਿਆ ਜਾਂਦਾ ਹੈ ਪਰ ਆਖ਼ਰੀ ਫ਼ੈਸਲਾ ਇਹੀ ਹੈ ਕਿ ਪ੍ਰਮਾਤਮਾ 'ਅਨਾਮ' (ਨਾਂਵਾਂ ਤੋਂ ਪਰ੍ਹੇ) ਹੈ। ਯਾਨਿ ਉਸ ਨੂੰ ਕਿਸੇ ਖ਼ਾਸ ਜਾਂ ਸਿਰਫ਼ ਇਕ ਪੱਕੇ ਨਾਂ ਨਾਲ ਨਹੀਂ ਜਾਣਿਆ ਜਾ ਸਕਦਾ ਹੈ ਕਿਉਂਕਿ ਉਹ ਨਾਂ-ਰਹਿਤ ਹੈ। ਸਿੱਖ ਧਰਮ ਦੇ ਅਨੁਸਾਰ ਉਹ ਸੈਭੰ (ਸਵੈ-ਹੋਂਦ) ਹੈ। ਦੂਜੇ ਲਫ਼ਜ਼ਾਂ ਵਿਚ ਉਹ ਆਪਣੇ ਆਪ ਤੋਂ ਹੈ ਅਤੇ ਆਪਣੇ ਆਪ ਦੁਆਰਾ ਹੀ ਪੈਦਾ ਹੋਇਆ ਹੈ।

ਉਹ ਸਰਵ-ਸ਼ਕਤੀਮਾਨ ਅਤੇ ਸਰਵ-ਵਿਆਪਕ ਹੈ। ਉਹ ਸਿਰਜਣਹਾਰ, ਸੰਭਾਲ ਕਰਨ ਵਾਲਾ ਅਤੇ ਤਬਾਹ ਕਰਨ ਵਾਲਾ ਹੈ।

> *ਤੂੰ ਪੇਡੁ ਸਾਖ ਤੇਰੀ ਫੂਲੀ॥ ਤੂੰ ਸੂਖਮੁ ਹੋਆ ਅਸਥੂਲੀ॥ ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ॥ ਤੂੰ ਸੂਤੁ ਮਣੀਏ ਭੀ ਤੂੰ ਹੈ॥ ਤੂੰ ਗੰਠੀ ਮੇਰੁ ਸਿਰਿ ਤੂੰ ਹੈ॥ ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ ॥ ਤੂੰ ਨਿਰਗੁਣੁ ਸਰਗੁਣੁ ਸੁਖਦਾਤਾ॥ ਤੂੰ ਨਿਰਬਾਣੁ ਰਸੀਆ ਰੰਗਿ ਰਾਤਾ॥ ਆਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ॥ ਤੂੰ ਠਾਕੁਰੁ ਸੇਵਕੁ ਫੁਨਿ ਆਪੇ॥ ਤੂੰ ਗੁਪਤੁ ਪਰਗਟੁ ਪ੍ਰਭ ਆਪੇ॥ ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ॥ (ਸਫ਼ਾ 102)*

ਵਣੁ ਤ੍ਰਿਣੁ ਤ੍ਰਿਭਵਣੁ ਕੀਤੋਨੁ ਹਰਿਆ ॥ ਕਰਣਹਾਰਿ ਖਿਨ ਭੀਤਰਿ ਕਰਿਆ॥ (ਗੁਰੂ ਗ੍ਰੰਥ ਸਾਹਿਬ, ਸਫ਼ਾ 103)

ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥ ਜੀਅ ਜੰਤ ਸਭਿ ਤੁਧੁ ਉਪਾਏ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥ ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥ (ਗੁਰੂ ਗ੍ਰੰਥ ਸਾਹਿਬ, ਸਫ਼ਾ 103)

ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥ (ਸਫ਼ਾ 268)

ਚਾਰੇ ਜਾਗੇ ਚਹੁ ਜੁਗੀ, ਪੰਚਾਇਣੁ ਆਪੇ ਹੋਆ ॥ ਆਪੀਨੈ ਆਪੁ ਸਾਜਿਓਨੁ, ਆਪੇ ਹੀ ਥੰਮ੍ਹਿ ਖਲੋਆ॥ ਆਪੇ ਪਟੀ ਕਲਮ ਆਪਿ, ਆਪਿ ਲਿਖਣਹਾਰਾ ਹੋਆ ॥ ਸਭ ਉਮਤਿ ਆਵਣ ਜਾਵਣੀ, ਆਪੇ ਹੀ ਨਵਾ ਨਿਰੋਆ॥ (ਸਫ਼ਾ 968).

ਆਪੀਨ੍ਹੈ ਆਪੁ ਸਾਜਿ, ਆਪੁ ਪਛਾਣਿਆ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ॥ ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ॥ ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ॥ ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ॥ ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ॥ ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ॥ ਨਾ ਤਿਸੁ ਭੁਖ ਪਿਆਸ ਰਜਾ ਧਾਇਆ ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥ ਸਚੇ ਹੀ ਪਤੀਆਇ ਸਚਿ ਸਮਾਇਆ॥ (ਸਫ਼ਾ 1279)

ਅਕਾਲ ਮੂਰਤਿ: ਉਹ ਜੋ ਸਦੀਵੀ ਹੋਂਦ ਵਾਲਾ ਹੈ। ਇਹ ਵੀ ਵਾਹਿਗੁਰੂ ਦਾ ਇਕ ਗੁਣ ਹੈ। ਹੋਰ ਦੇਖੋ: **ਅਕਾਲ ਪੁਰਖੁ**।

ਅਕਾਲੀ: ਉਹ ਜੋ ਸਿਰਫ਼ ਅਕਾਲ ਨੂੰ ਆਪਣਾ ਇਸ਼ਟ ਮੰਨਦਾ ਹੈ। ਦੂਜੇ ਲਫ਼ਜ਼ਾਂ ਵਿਚ ਅਕਾਲੀ ਉਹ ਹੁੰਦਾ ਹੈ ਜੋ ਸਿਰਫ਼ ਰੱਬ ਨਾਲ ਜੁੜਿਆ ਹੋਇਆ ਹੈ। ਫ਼ਲਸਫ਼ੇ ਪੱਖੋਂ ਅਕਾਲੀ, ਖਾਲਸਾ ਤੇ ਸਿੱਖ ਸ਼ਬਦ ਤਕਰੀਬਨ ਇੱਕੋ ਹਨ। 'ਅਕਾਲ' ਲਫ਼ਜ਼ ਦੀ ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਦੀ ਸਮੇਂ ਵਰਤੋਂ ਕੀਤੀ ਗਈ ਸੀ। ਇਸ ਮਗਰੋਂ ਇਹ ਲੱਫ਼ਾਜ਼ੀ ਅਠਾਰ੍ਹਵੀਂ ਸਦੀ ਦੇ ਅਖ਼ੀਰਲੇ ਦਹਾਕਿਆਂ ਵਿਚ ਜ਼ਿਆਦਾ ਵਰਤੀ ਜਾਣ ਲਗ ਪਈ ਸੀ ਜਦੋਂ ਅਕਾਲੀ ਫੂਲਾ ਸਿੰਘ ਦੇ ਚਾਚੇ ਭਾਈ ਨੈਣਾ ਸਿੰਘ ਨੇ ਆਪਣੇ ਨਾਂ ਦੇ ਅੱਗੇ ਅਗੇਤਰ ਵਜੋਂ ਅਕਾਲੀ ਲਾਉਣਾ ਸ਼ੁਰੂ ਕਰ ਦਿੱਤਾ। ਉਸ ਮਗਰੋਂ ਫੂਲਾ ਸਿੰਘ ਵੀ ਅਕਾਲੀ ਨਾਂ ਨਾਲ ਹੀ ਜਾਣਿਆ ਗਿਆ। ਅਕਾਲੀ ਫੂਲਾ ਸਿੰਘ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦਾ 1823 ਤਕ ਸੇਵਾਦਾਰ ਸੀ। ਉਸ ਨੇ ਦਰਬਾਰ ਸਾਹਿਬ ਵਿੱਚੋਂ ਅ-ਸਿੱਖ ਰਸਮਾਂ ਤੇ ਮਨਮਤਿ ਨੂੰ ਖ਼ਤਮ ਕੀਤਾ। (ਪਰ ਉਸ ਦੀ ਮੌਤ ਤੋਂ ਬਾਅਦ ਡੋਗਰਿਆਂ ਨੇ ਅਤੇ 1849 ਵਿਚ ਪੰਜਾਬ 'ਤੇ ਅੰਗਰੇਜ਼ਾਂ ਦੇ ਕਬਜ਼ੇ ਮਗਰੋਂ ਮਹੰਤਾਂ ਨੇ ਗੁਰਦੁਆਰਿਆਂ 'ਤੇ ਕਬਜ਼ਾ ਕਰ ਲਿਆ)। ਮਗਰੋਂ ਅਕਾਲੀ ਲਫ਼ਜ਼ ਨਿਡਰਤਾ, ਬਹਾਦਰੀ, ਇਨਸਾਫ਼ ਤੇ ਜੂਝਣ ਨਾਲ ਜੁੜ ਗਿਆ। 1920 ਵਿਚ, ਜਦੋਂ ਸਿੱਖਾਂ ਨੇ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਕੀਤੀ। ਤਾਂ ਉਸ ਦੌਰਾਨ 21 ਮਈ 1920 ਦੇ ਦਿਨ ਇਕ ਅਖ਼ਬਾਰ ਸ਼ੁਰੂ ਕੀਤਾ ਗਿਆ ਜਿਸ ਦਾ ਨਾਮ 'ਅਕਾਲੀ' ਸੀ। ਇਸ ਅਖ਼ਬਾਰ ਦੇ ਪਹਿਲੇ ਸਫ਼ੇ 'ਤੇ 'ਆ ਗਿਆ ਫੇਰ ਅਕਾਲੀ ਜੇ' ਕਵਿਤਾ ਛਾਪੀ ਗਈ

ਸੀ ਜੋ ਅਕਾਲੀ ਫੂਲਾ ਸਿੰਘ ਨੂੰ ਸਮਰਪਿਤ ਸੀ। ਪਰ, ਅੱਜ ਅਕਾਲੀ ਇਕ ਸਿਆਸੀ ਪਾਰਟੀ ਦੇ ਵਰਕਰਾਂ ਨੂੰ ਕਿਹਾ ਜਾਂਦਾ ਹੈ। ਫ਼ਲਸਫ਼ੇ ਪੱਖੋਂ ਇਸ ਪਾਰਟੀ ਦੇ ਮੈਂਬਰਾਂ ਵਿਚੋਂ 99% ਅਕਾਲੀ ਸਿਧਾਂਤ ਦੇ ਬਿਲਕੁਲ ਉਲਟ ਹਨ।

ਅਕਾਲੀ ਦਲ: ਦੇਖੋ: ਸ਼ਰੋਮਣੀ ਅਕਾਲੀ ਦਲ ।

ਅਕਾਲੀ ਮੋਰਚਿਆਂ ਦਾ ਇਤਿਹਾਸ: ਇਹ ਕਿਤਾਬ ਸੋਹਣ ਸਿੰਘ ਜੋਸ਼ ਵੱਲੋਂ ਲਿਖੀ ਗਈ ਹੈ। ਲਿਖਾਰੀ ਨੇ ਇਸ ਵਿਚ ਗੁਰਦੁਆਰਾ ਸੁਧਾਰ ਲਹਿਰ (1920-25) ਦੀ ਬੜੀ ਕੀਮਤੀ ਜਾਣਕਾਰੀ ਦਿੱਤੀ ਹੈ। ਪਰ, ਇਸ ਕਿਤਾਬ ਵਿਚ ਲੇਖਕ ਨੇ ਅਕਾਲੀ ਲਹਿਰ ਨੂੰ ਨੀਮ-ਕਿਰਤੀ ਲਹਿਰ ਵਜੋਂ ਪੇਸ਼ ਕੀਤਾ ਹੈ, ਕਿਉਂਕਿ ਇਹ ਲੇਖਕ 1926 ਤੋਂ ਮਗਰੋਂ ਕਮਿਊਨਿਸਟ ਬਣ ਗਿਆ ਸੀ।

ਅਕਾਸ਼: ਗਗਨ ਜਾਂ ਜਿਸ ਵਿਚੋਂ ਪ੍ਰਕਾਸ਼ ਦੀਆਂ ਕਿਰਨਾਂ ਨਿਕਲਣ ਜਾਂ ਜੋ ਰੰਗਹੀਣ ਹੋਵੇ। ਇਹ ਉਨ੍ਹਾਂ ਪੰਜਾਂ ਤੱਤਾਂ (ਬਾਕੀ ਚਾਰ ਹਨ: ਹਵਾ, ਪਾਣੀ, ਅੱਗ ਅਤੇ ਧਰਤੀ) ਵਿਚੋਂ ਇੱਕ ਹੈ ਜਿਨ੍ਹਾਂ ਨਾਲ ਇਨਸਾਨੀ ਜਿਸਮ ਬਣਦਾ ਹੈ। ਸਿੱਖ ਧਰਮ ਦੇ ਅਨੁਸਾਰ ਸਿਰਫ਼ ਸਾਹਮਣੇ ਦਿਸਦਾ ਅਕਾਸ਼ (ਆਸਮਾਨ) ਹੀ ਨਹੀਂ ਬਲਕਿ ਲੱਖਾਂ ਆਸਮਾਨ ਇਸ ਬ੍ਰਹਿਮੰਡ ਵਿਚ ਮੌਜੂਦ ਹਨ ।

ਅਕ੍ਰਿਤਘਣ: ਜੋ ਕਿਸੇ ਵੱਲੋਂ ਕੀਤੀ ਭਲਾਈ ਜਾਂ ਮਦਦ ਨੂੰ ਭੁੱਲ ਜਾਵੇ, ਯਾਨਿ ਅਹਿਸਾਨ-ਫ਼ਰਾਮੋਸ਼। ਸਿੱਖ ਧਰਮਚ ਅਨੁਸਾਰ ਅਕ੍ਰਿਤਘਣ ਉਹ ਇਨਸਾਨ ਹੁੰਦਾ ਹੈ ਜੋ ਵਾਹਗੁਰੂ ਨੂੰ ਭੁੱਲ ਜਾਂਦਾ ਹੈ, ਯਾਨਿ ਜਿਸ ਵਾਹਿਗੁਰੂ ਨੇ ਸਾਨੂੰ ਜ਼ਿੰਦਗੀ ਬਖ਼ਸ਼ੀ ਹੈ ਪਰ ਅਸੀਂ ਉਸ ਦਾ ਨਾਂ ਨਹੀਂ ਲੈਂਦੇ ਤੇ ਉਸ ਨੂੰ ਭੁੱਲ ਜਾਂਦੇ ਹਾਂ। ਭਾਈ ਗੁਰਦਾਸ ਕਹਿੰਦੇ ਹਨ ਕਿ ਅਕ੍ਰਿਤਘਣ ਇਨਸਾਨ ਧਰਤੀ ਉੱਤੇ ਸਭ ਤੋਂ ਵੱਡਾ ਬੋਝ ਹੁੰਦਾ ਹੈ। ਅੰਗਰੇਜ਼ੀ ਕਵੀ ਸ਼ੈਕਸਪੀਅਰ ਨੇ ਵੀ ਇਹੀ ਗੱਲ ਕਹੀ ਹੈ।

ਅਖੰਡ ਪਾਠ: ਅਖੰਡ ਪਾਠ ਦਾ ਮਾਅਨਾ ਹੈ: ਬਿਨਾਂ ਰੁਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ। ਇਹ ਤਕਰੀਬਨ 48 ਘੰਟਿਆਂ ਵਿਚ ਖ਼ਤਮ ਕੀਤਾ ਜਾਂਦਾ ਹੈ। ਲੋਕ ਅਖੰਡ ਪਾਠ ਨੂੰ ਰੌਲ ਲਾ-ਲਾ ਕੇ, ਵਾਰੀ ਨਾਲ, ਕਰਦੇ ਹਨ। ਇਸ ਤਰ੍ਹਾਂ ਇਹ ਲਗਾਤਾਰ ਦੋ ਦਿਨ ਅਤੇ ਦੋ ਰਾਤ ਚਲਦਾ ਰਹਿੰਦਾ ਹੈ। ਆਮ ਤੌਰ 'ਤੇ ਇਕ ਪਾਠੀ ਦੋ ਘੰਟੇ ਦੀ ਵਾਰੀ ਦੇਂਦਾ ਹੈ। ਅਗਲਾ ਪਾਠੀ ਉਸ ਦੀ ਛੱਡੀ ਹੋਈ ਤੁਕ ਤੋਂ ਅੱਗੇ ਪੜ੍ਹਨਾ ਸ਼ੁਰੂ ਕਰ ਦਿੰਦਾ ਹੈ। ਇੱਥੇ ਪਾਠੀਆਂ ਦੀ ਕੋਈ ਵੀ ਨਿਸ਼ਚਿਤ ਗਿਣਤੀ ਨਹੀਂ। ਇਕ ਸੋਚ ਮੁਤਾਬਿਕ, ਜ਼ੁਲਮਾਂ ਦੇ ਦੌਰ ਵਿਚ ਸਿੱਖਾਂ ਨੂੰ ਬਹੁਤ ਘੱਟ ਸਮੇਂ ਦੌਰਾਨ ਇੱਕ ਥਾਂ ਤੋਂ ਦੂਜੀ ਥਾਂ ਤੇ ਜਾਣਾ ਪੈਂਦਾ ਸੀ, ਇਸ ਲਈ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਾਠ ਬਹੁਤ ਘੱਟ ਸਮੇਂ ਵਿੱਚ ਪੂਰਾ ਕਰਨਾ ਪੈਂਦਾ ਸੀ। ਪਰ ਇਹ ਵੀ ਸਹੀ ਨਹੀਂ ਹੈ। ਦਰਅਸਲ ਇਹ ਰਸਮ ਵੀਹਵੀਂ ਸਦੀ ਵਿਚ ਗੁਰਦੁਆਰਿਆਂ 'ਤੇ ਕਾਬਜ਼ ਮਹੰਤਾਂ ਵੱਲੋਂ ਸ਼ੁਰੂ ਕੀਤੀ ਗਈ ਸੀ (ਇਹ ਮਹੰਤ ਸਿੱਖ ਨਹੀਂ ਸਨ ਤੇ ਨਾ ਹੀ ਸਿੱਖ ਫ਼ਲਸਫ਼ਾ ਜਾਣਦੇ ਸਨ; ਇਹ ਤਾਂ ਹਿੰਦੂ ਪੁਜਾਰੀ ਸਨ ਜਿਨ੍ਹਾਂ ਨੇ ਸਿੱਖੀ ਸਰੂਪ ਬਣਾਇਆ ਹੋਇਆ ਸੀ)। ਵੀਹਵੀਂ ਸਦੀ ਦੇ ਦੂਜੇ ਅੱਧ ਤੋਂ ਅਖੰਡ ਪਾਠ ਕਰਾਉਣਾ ਇਕ ਫੈਸ਼ਨ ਬਣ ਗਿਆ ਹੈ। ਅਖੰਡ ਪਾਠ ਕਰਨਾ ਸਿੱਖ ਫ਼ਲਸਫ਼ੇ ਮੁਤਾਬਿਕ ਸਹੀ ਨਹੀਂ ਹੈ ਕਿਉਂਕਿ ਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਸਿਰਫ਼ ਰਸਮੀ ਤੌਰ ਤੇ ਨਹੀਂ ਪੜ੍ਹਨਾ ਚਾਹੀਦਾ। ਸਿੱਖ

ਨੂੰ ਗੁਰੂ ਗ੍ਰੰਥ ਸਾਹਿਬ ਪੜ੍ਹ ਕੇ ਇਸ ਦਾ ਸਾਰ ਸਮਝਣਾ ਚਾਹੀਦਾ ਹੈ ਅਤੇ ਇਸ ਦੀਆਂ ਸਿਖਿਆਵਾਂ ਮੁਤਾਬਿਕ ਆਪਣਾ ਜੀਵਨ ਜਿਊਣਾ ਚਾਹੀਦਾ ਹੈ।

ਅਗਨੀ: ਹਿੰਦੀ ਵਿਚ ਅੱਗ ਨੂੰ ਅਗਨੀ ਕਹਿੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਤਰ੍ਹਾਂ ਦੀ ਅੱਗ ਵੱਲ ਇਸ਼ਾਰੇ ਕੀਤੇ ਗਏ ਹਨ: ਪਹਿਲੀ ਮਾਂ ਦੀ ਬੱਚੇਦਾਨੀ (ਗਰਭ) ਵਿਚ, ਦੂਜੀ ਮਾਇਆ ਹੈ ਅਤੇ ਤੀਸਰੀ ਉਹ ਹੈ ਜਿਹੜੀ ਜੰਗਲ ਵਿਚ ਲਗਦੀ ਹੈ ਜਾਂ ਚੁਲ੍ਹੇ/ਭੱਠੀ ਦੀ ਅੱਗ। ਗੁਰਬਾਣੀ ਮੁਤਾਬਿਕ ਪਹਿਲੀਆਂ ਦੋ ਇੱਕੋ ਜਿਹੀਆਂ ਹਨ। ਜਿਵੇਂ ਜੰਗਲ ਦੀ ਅੱਗ ਸਭ ਕੁਝ ਤਬਾਹ ਕਰ ਦੇਂਦੀ ਹੈ ਉਵੇਂ ਹੀ ਮਾਇਆ ਦੀ ਅੱਗ ਇਨਸਾਨ ਦੀਆਂ ਖ਼ੂਬੀਆਂ ਨੂੰ ਤਬਾਹ ਕਰ ਦੇਂਦੀ ਹੈ:

ਜੈਸੀ ਅਗਨਿ ਉਦਰ ਮਹਿ, ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ, ਕਰਤੈ ਖੇਲੁ ਰਚਾਇਆ॥ (ਸਫ਼ਾ 921)

ਅਗਨੀ (ਦੇਵਤਾ): ਅਗਨੀ ਦੇਵਤਾ ਹਿੰਦੂ ਧਰਮ ਦਾ ਮਿਥਿਹਾਸਕ ਅੱਗ ਦਾ ਦੇਵਤਾ ਹੈ। ਉਹ ਬੈਸੰਤਰ ਦੇਵਤਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਹਿੰਦੂ ਲੇਖਕਾਂ ਮੁਤਾਬਿਕ ਇਹ ਹਵਾ ਵਿਚੋਂ ਪੈਦਾ ਹੁੰਦਾ ਹੈ ਅਤੇ ਅਖ਼ੀਰ ਵਿੱਚ ਪਾਣੀ (ਜਾਂ ਹਵਾ) ਵਿਚ ਸਮਾ ਜਾਂਦਾ ਹੈ। ਸਿੱਖ ਧਰਮ ਅੱਗ ਨੂੰ (ਜਾਂ ਕਿਸੇ ਨੂੰ ਵੀ) ਦੇਵਤਾ ਮੰਨਣ ਨੂੰ ਰੱਦ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬੈਸੰਤਰ ਵਾਸਤੇ ਲਫ਼ਜ਼ ਦੇਵਤਾ ਅਤੇ ਅਗਨੀ ਦੇਵਤਾ ਹਵਾਂ ਦੇ ਇਸ਼ਾਰੇ ਵਾਸਤੇ (ਸੰਕੇਤਕ, ਚੋਨਟਏਣਟੁਓਲ) ਹਨ ਨਾ ਕਿ ਇਸ ਨੁਕਤੇ ਨੂੰ ਮੰਨਣ ਵਾਸਤੇ (ਚੋਨਚਏਪਟੁਓਲ ਨਹੀਂ)। ਹੋਰ ਵੇਖੋ: ਦੇਵੀ/ਦੇਵਤਾ।

ਅਜਪਾ-ਜਪ: ਬੋਲਣ ਤੋਂ ਬਿਨਾਂ ਰੱਬ ਦਾ ਨਾਂ ਜਪਣਾ। ਦੇਖੋ: **ਜਪ ਕਰਨਾ**।

ਅਜੂਨੀ: ਇਹ ਵੀ ਪ੍ਰਮਾਤਮਾ ਦਾ ਇਕ ਗੁਣ ਹੈ । ਅਜੂਨੀ ਦਾ ਮਤਲਬ ਹੈ: ਉਹ ਜੋ ਜੂਨੀ (ਯੋਨੀ) ਵਿੱਚੋਂ ਜਨਮ ਨਹੀਂ ਲੈਂਦਾ ਯਾਨਿ ਜੋ ਜਨਮ ਅਤੇ ਮੌਤ ਤੋਂ ਪਰ੍ਹੇ ਹੈ। ਦੂਜੇ ਲਫ਼ਜ਼ਾਂ ਵਿਚ ਉਸ ਦੇ ਪਿਤਾ ਜਾਂ ਮਾਤਾ ਜਾਂ ਸਿਰਜਣਹਾਰ ਕੋਈ ਨਹੀਂ ਹੈ। ਉਹ ਖ਼ੁਦ ਹੀ ਆਪ ਨੂੰ ਪੈਦਾ ਕਰਨ ਵਾਲਾ ਹੈ ਤੇ ਅਜੂਨੀ ਸਿਰਫ਼ ਰੱਬ, ਵਾਹਿਗੁਰੂ ਹੀ ਹੋ ਸਕਦਾ ਹੈ। ਉਸ ਤੋਂ ਸਿਵਾ ਕੋਈ ਵੀ ਅਜੂਨੀ ਨਹੀਂ ਹੋ ਸਕਦਾ। ਹੋਰ ਦੇਖੋ: **ਸੈਭੰ**

ਅੱਠ ਸੱਠ/ਅਠਸਠਿ: ਅੱਠ+ਸੱਠ (68)। ਹਿੰਦੂਆਂ ਦਾ ਯਕੀਨ ਹੈ ਕਿ ਅਖੌਤੀ ਅਠਾਹਠ ਥਾਂਵਾਂ ਤੇ ਕੀਤਾ ਗਿਆ 'ਇਸ਼ਨਾਨ' ਮੁਕਤੀ ਦਾ ਰਾਹ ਬਣਾਉਂਦਾ ਹੈ। ਇਨ੍ਹਾਂ 68 ਵਿਚ ਅਯੁੱਧਿਆ, ਬਦਰੀਨਾਥ, ਦਵਾਰਕਾ, ਗੰਗਾ, ਗਯਾ, ਗੋਦਾਵਰੀ, ਗੋਮਤੀ, ਹਰਦੁਆਰ, ਕੁਰੂਕਸ਼ੇਤਰ, ਕਪਾਲ ਮੋਚਨ, ਕੇਦਾਰਨਾਥ, ਮਾਨਸਰੋਵਰ, ਮਥੁਰਾ, ਪ੍ਰਯਾਗ ਵਗ਼ੈਰਾ ਸ਼ਾਮਿਲ ਹਨ, ਯਾਨਿ ਇਸ ਵਿਚ ਹਿੰਦੂਆਂ ਦੇ ਸਾਰੇ ਵੱਡੇ-ਵੱਡੇ ਮੰਦਰ ਤੇ ਦਰਿਆਵਾਂ ਦੇ ਸੰਗਮ ਆ ਜਾਂਦੇ ਹਨ। ਸਿੱਖ ਧਰਮ ਕਿਸੇ ਵੀ ਦਰਿਆ ਜਾਂ ਥਾਂ ਦੀ ਪਵਿੱਤਰਤਾ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ। ਸਿੱਖ ਧਰਮ ਮੁਤਾਬਿਕ ਸਿਰਫ਼ ਰੱਬ ਦਾ ਨਾਂ ਹੀ ਅਸਲ ਤੀਰਥ ਹੈ ਤੇ ਇਸ ਵਿਚ ਕੀਤਾ 'ਇਸ਼ਨਾਨ' ਹੀ 'ਮੁਕਤੀ' ਦੇਂਦਾ ਹੈ।:

ਗੰਗਾ ਜਮੁਨਾ ਗੋਦਾਵਰੀ ਸਰਸੁਤੀ, ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥ ਕਿਲਵਿਖ

ਮੈਲੁ ਭਰੇ ਪਰੇ ਹਮਰੇ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ਤੀਰਥਿ ਅਠਸਠਿ ਮਜਨੁ ਨਾਈ॥ ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ॥ ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ॥ ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ॥ ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥ ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ॥ ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥ ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ॥ (ਸਫ਼ਾ 1263)

ਤੀਰਥਿ ਨਾਵਣੁ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ (ਸਫ਼ਾ 687)

ਅਦਵੈਤ: ਅਦਵੈਤ ਦਾ ਮਤਲਬ ਹੈ: ਦਵੈਤ ਤੋਂ ਬਿਨਾਂ, ਯਾਨਿ ਸਿਰਫ਼ ਇਕ ਹੈ, ਦੂਜਾ ਕੋਈ ਨਹੀਂ। ਇਹ ਇੱਕ ਵੈਦਿਕ ਸਿਧਾਂਤ ਵੀ ਹੈ ਜਿਸ ਮੁਤਾਬਿਕ ਸਿਰਫ਼ ਬ੍ਰਹਮ ਹੀ ਸੱਚ ਹੈ ਅਤੇ ਇਹ ਸੰਸਾਰ ਸਿਰਫ਼ ਝੂਠ ਹੈ। ਸ਼ੰਕਰਾਚਾਰੀਆ ਇਸ ਵਿਚਾਰਧਾਰਾ ਦਾ ਮੁੱਖ ਵਿਆਖਿਆਕਾਰ ਸੀ। ਸਿੱਖ ਧਰਮ ਇਸ ਨੂੰ ਮਨਜ਼ੂਰ ਨਹੀਂ ਕਰਦਾ। ਸਿੱਖ ਧਰਮ ਮੁਤਾਬਿਕ ਬੇਸ਼ਕ ਸਿਰਫ਼ ਰੱਬ ਹੀ ਸੱਚ ਹੈ, ਪਰ ਇਹ ਸੰਸਾਰ (ਉਸ ਦੀ ਰਚਨਾ) ਵੀ ਝੂਠ ਨਹੀਂ ਹੈ, ਯਾਨਿ, ਜੇ ਰਚਨ ਵਾਲਾ ਸੱਚ ਹੈ ਤਾਂ ਉਸ ਦੀ ਰਚਨਾ ਵੀ ਸੱਚ ਹੈ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥ ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥ ਬਿਨਵੰਤਿ ਨਾਨਕ ਸੇਈ ਜਾਣਹਿ ਜਿਨੀ ਹਰਿ ਰਸੁ ਪੀਆ॥ (ਸਫ਼ਾ 846)

ਹੋਰ ਦੇਖੋ: **ਚੌਥਾ** 144 **ਪਦ, ਅਮਰ ਪਦ** - 26

ਅਨਹਦ: ਅਨਹਦ ਉਹ ਧੁਨੀ ਹੈ ਜੋ ਕਿਸੇ ਆਵਾਜ਼ ਤੋਂ ਬਿਨਾਂ ਸੁਣਾਈ ਦੇਵੇ। ਸਿੱਖ ਗ੍ਰੰਥਾਂ ਵਿਚ ਅਨਹਦ-ਸ਼ਬਦ ਦਾ ਮਤਲਬ ਹੈ: ਰੂਹਾਨੀ ਸੰਗੀਤ ਦੀ ਲਗਾਤਾਰ ਅਵਾਜ਼ ਮਹਿਸੂਸ ਹੋਣੀ। ਜੋ ਪ੍ਰਮਾਤਮਾ ਦੀ ਭਗਤੀ ਕਰਦੇ ਹਨ ਯਾਨਿ ਜਿਹੜੇ ਉਸ ਦੇ ਨੇੜੇ ਹੁੰਦੇ ਹਨ ਉਹੀ ਇਹ ਅਵਾਜ਼ ਸੁਣ (ਮਹਿਸੂਸ ਕਰ) ਸਕਦੇ ਹਨ। ਕੁਝ ਲਿਖਾਰੀਆਂ ਮੁਤਾਬਿਕ ਅਨਹਦ ਉਸ ਨੂੰ ਕਿਹਾ ਜਾਂਦਾ ਹੈ ਜੋ ਕੰਨਾਂ ਨਾਲ ਨਾ ਸੁਣਿਆ ਜਾ ਸਕੇ ਪਰ ਮਨ ਦੇ ਅਹਿਸਾਸ ਰਾਹੀਂ ਜਾਣਿਆ ਜਾ ਸਕੇ।

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ॥ (ਸਫ਼ਾ 263)

ਸੰਤਹੁ ਮਨ ਪਵਨੈ ਸੁਖੁ ਬਨਿਆ॥ ਕਿਛੁ ਜੋਗੁ ਪਰਾਪਤਿ ਗਨਿਆ॥ ਰਹਾਉ॥ ਗੁਰਿ ਦਿਖਲਾਈ ਮੋਰੀ॥ ਜਿਤੁ ਮਿਰਗ ਪੜਤ ਹੈ ਚੋਰੀ॥ ਮੂੰਦਿ ਲੀਏ ਦਰਵਾਜੇ॥ ਬਾਜੀਅਲੇ ਅਨਹਦ ਬਾਜੇ॥ ਕੁੰਭ ਕਮਲੁ ਜਲਿ ਭਰਿਆ॥ ਜਲੁ ਮੇਟਿਆ ਊਭਾ ਕਰਿਆ॥ ਕਹੁ ਕਬੀਰ ਜਨ ਜਾਨਿਆ॥ ਜਉ ਜਾਨਿਆ ਤਉ ਮਨੁ ਮਾਨਿਆ॥ (ਸਫ਼ਾ 656)

ਅਨਾਹਦ: ਅਨਾਹਦ ਸ਼ਬਦ : ਗੁਰਬਾਣੀ ਵਿਚ 'ਅਨਾਹਦ-ਸ਼ਬਦ' ਅਕਸਰ ਇਕੱਠਾ ਆਉਂਦਾ ਹੈ। ਅਨਾਹਦ-ਸ਼ਬਦ ਦਾ ਮਾਅਨਾ ਹੈ: ਲਗਾਤਾਰ ਸੁਣਾਈ ਦੇਣ ਵਾਲਾ ਅਜਿਹਾ ਰੂਹਾਨੀ ਸੰਗੀਤ ਜੋ ਰੱਬ ਦੀ ਸਿਫਤ ਵਿਚ ਹੋਵੇ। ਅਨਾਹਤ ਲਫ਼ਜ਼

ਵੀ ਗੁਰਬਾਣੀ ਵਿਚ ਆਇਆ ਹੈ, ਜਿਸ ਦਾ ਮਾਅਨਾ ਵੀ ਅਨਾਹਦ ਵਾਲਾ ਹੀ ਹੈ।

ਅਨੰਦ: ਅਨੰਦ ਦਾ ਮਤਲਬ ਹੈ: ਮਨ ਦੀ ਜਾਂ ਰੂਹਾਨੀ ਖ਼ੁਸ਼ੀ। ਇਹ ਕਿਸੇ ਚੀਜ਼ ਦਾ ਮਜ਼ੇਦਾਰ ਜਾਂ ਚੰਗਾ-ਚੰਗਾ ਲਗਣਾ ਨਹੀਂ ਹੈ। ਅਨੰਦ ਅਜਿਹੀ ਹਾਲਤ ਜਾਂ ਅਜਿਹਾ ਮੁਕਾਮ ਹੈ ਜਿਸ ਵਿਚ ਸਕੂਨ ਅਤੇ ਖੁਸ਼ੀ ਮਿਲਦੀ ਹੈ। ਇਹ ਖੁਸ਼ੀ ਜਿਸਮਾਨੀ ਨਹੀਂ ਬਲਕਿ ਇਹ ਰੂਹ ਦੀ ਖ਼ੁਸ਼ੀ ਹੈ। ਅਸਲ ਅਨੰਦ ਸਾਧ ਸੰਗਤ ਵਿਚ ਹੀ ਮਿਲਦਾ ਹੈ। ਅਨੰਦ ਵਿਚ ਮਾਇਆ ਅਤੇ ਆਪਣੇ ਆਪ ਤੋਂ ਮੁਕਤੀ ਮਿਲ ਜਾਂਦੀ ਹੈ। ਇਹ ਇਕ ਅਜਿਹੀ ਸਟੇਜ ਹੈ ਜਿਸ ਵਿਚ ਸੰਸਾਰ ਅਤੇ ਮਨੁੱਖ ਦੀ ਆਪਣੀ ਹੋਂਦ ਕੋਈ ਰੁਕਾਵਟ ਨਹੀਂ ਪਾਉਂਦੀ। ਇਸ ਹਾਲਤ ਵਿਚ ਰੱਬ (ਪਰਮ ਆਤਮਾ) ਅਤੇ ਆਤਮਾ ਵਿਚ ਕੋਈ ਦੂਰੀ ਨਹੀਂ ਰਹਿ ਜਾਂਦੀ। ਇਹ ਪ੍ਰਤੱਖ ਗਿਆਨ ਅਤੇ ਚੇਤੰਨਤਾ ਦੀ ਹਾਲਤ ਹੈ, ਜੋ ਲਫ਼ਜ਼ਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। **ਅਨੰਦ ਸਾਹਿਬ** ਇਕ ਲੰਬੀ ਬਾਣੀ ਦਾ ਨਾਂ ਵੀ ਹੈ ਜੋ ਗੁਰੂ ਅਮਰ ਦਾਸ ਜੀ ਦੀ ਲਿਖੀ ਗਈ ਹੈ। ਇਹ ਵੀ ਅਨੰਦ ਦੀ ਹਾਲਤ/ਮੁਕਾਮ ਬਾਰੇ ਦੱਸਦੀ ਹੈ।

ਅਨੰਦ ਸਾਹਿਬ: ਅਨੰਦ ਸਾਹਿਬ, ਗੁਰੂ ਅਮਰ ਦਾਸ ਸਾਹਿਬ ਦੀ ਲਿਖੀ, 40 ਪਉੜੀਆਂ ਦੀ ਇਕ ਬਾਣੀ ਹੈ, ਜੋ ਰਾਮਕਲੀ ਰਾਗ ਵਿਚ ਗਾਈ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨਜ਼ੂਰ-ਸ਼ੁਦਾ ਸਿੱਖ ਰਹਿਤ ਮਰਯਾਦਾ ਮੁਤਾਬਿਕ ਇਸ ਬਾਣੀ ਦੀਆਂ ਪਹਿਲੀਆਂ 5 ਪਉੜੀਆਂ ਅਤੇ 40 ਵੀਂ ਪਉੜੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਸਮਾਪਤੀ ਸਮੇਂ ਅਤੇ ਅਖੀਰਲੀ ਅਰਦਾਸ ਤੋਂ ਪਹਿਲਾਂ ਪੜ੍ਹੀਆਂ ਜਾਂਦੀਆਂ ਹਨ। ਇਹ ਛੇ ਪਉੜੀਆਂ ਸ਼ਾਮ ਦੇ ਨਿਤਨੇਮ (ਰਹਿਰਾਸ) ਸਮੇਂ ਵੀ ਪੜ੍ਹੀਆਂ ਜਾਂਦੀਆਂ ਹਨ। ਖੰਡੇ ਦੀ ਪਾਹੁਲ ਸਮੇਂ ਬਾਕੀ ਚਾਰ ਬਾਣੀਆਂ ਦੇ ਨਾਲ ਇਸ ਪੂਰੀ ਬਾਣੀ (40 ਪਉੜੀਆਂ) ਦਾ ਪਾਠ ਵੀ ਕੀਤਾ ਜਾਂਦਾ ਹੈ।

ਇਸ ਬਾਣੀ ਦਾ ਮੁੱਖ ਵਿਸ਼ਾ ਹੈ: ਰੱਬ ਨਾਲ ਪਿਆਰ, ਉਸ ਨਾਲ ਮਿਲਾਪ ਅਤੇ ਅਨੰਦ ਹਾਸਿਲ ਕਰਨਾ। ਇਹ ਬਾਣੀ ਦਸਦੀ ਹੈ, ਅਨੰਦ ਰੱਬ ਦੀ ਬਖ਼ਸ਼ਿਸ਼ ਹੈ ਅਤੇ ਇਹ ਗੁਰੂ ਦੀ ਮਿਹਰ ਨਾਲ ਹੀ ਹਾਸਿਲ ਹੁੰਦਾ ਹੈ, ਜੋ ਅਗਿਆਨਤਾ ਅਤੇ ਦੁੱਖਾਂ ਤੋਂ ਛੁਟਕਾਰਾ ਦਿਵਾਉਂਦਾ ਹੈ ਅਤੇ ਪ੍ਰਮਾਤਮਾ ਦੇ ਨਾਂ ਦਾ ਤੋਹਫਾ ਦਿੰਦਾ ਹੈ। ਪ੍ਰਮਾਤਮਾ ਦਾ ਨਾਂ ਸਾਰੀਆਂ ਖ਼ਾਹਿਸ਼ਾਵਾਂ, ਕਾਮ-ਵਾਸ਼ਨਾਵਾਂ, ਮੌਤ ਦਾ ਡਰ ਵਗੈਰਾ ਦੂਰ ਕਰਦਾ ਹੈ ਅਤੇ ਸ਼ਾਂਤੀ ਅਤੇ ਪੂਰਨ ਖੁਸ਼ੀ ਦਿੰਦਾ ਹੈ। ਗੁਰੂ ਰੌਸ਼ਨੀ ਦਾ ਸੋਮਾ ਹੈ ਜੋ ਅਗਿਆਨਤਾ ਦੇ ਹਨੇਰੇ ਵਿਚੋਂ ਕੱਢਦਾ ਹੈ ਤੇ ਮਨੁੱਖ ਨੂੰ ਮਾਇਆ ਮੋਹ ਦੇ ਬੰਧਨਾਂ ਵਿਚੋਂ ਆਜ਼ਾਦ ਕਰਦਾ ਹੈ। ਪ੍ਰਮਾਤਮਾ ਮਨੁੱਖ ਦੀ ਪਹੁੰਚ ਤੋਂ ਪਰ੍ਹੇ ਹੈ। ਪ੍ਰਮਾਤਮਾ ਦਾ ਨਾਂ ਜਪਣਾ ਹਉਮੈ, ਪਾਪ, ਡਰ, ਸ਼ੱਕ ਅਤੇ ਅਗਿਆਨਤਾ ਨੂੰ ਦੂਰ ਕਰਦਾ ਹੈ। ਕਰਮ-ਕਾਂਡ ਨਾਲ ਆਪੇ ਦੀ ਪਛਾਣ ਨਹੀਂ ਹੋ ਸਕਦੀ, ਇਹ ਸਿਰਫ਼ ਰੱਬ ਦਾ ਨਾਂ ਹੀ ਹੈ ਜੋ ਮੁਕਤੀ ਦੇ ਰਸਤੇ ਵੱਲ ਲਿਜਾਂਦਾ ਹੈ। ਗੁਰੂ ਸ਼ਬਦ ਬਹੁਤ ਹੀ ਕੀਮਤੀ ਖ਼ਜ਼ਾਨਾ ਹੈ ਅਤੇ ਇਹ ਰੱਬ ਦੀ ਮਿਹਰ ਨਾਲ ਹੀ ਹਾਸਿਲ ਹੁੰਦਾ ਹੈ। ਗੁਰੂ ਰੱਬ ਦੇ ਨਾਂ ਵਿਚ ਸੁਰਤ ਜੋੜਨ ਬਾਰੇ ਪ੍ਰੇਰਨਾ ਦਿੰਦਾ ਹੈ। ਉਹ ਅੱਖਾਂ ਰੱਬ ਦੀਆਂ ਵਰੋਸਾਈਆਂ ਹਨ, ਜੋ ਰੱਬ ਨੂੰ ਹਰ ਜਗਹ 'ਤੇ ਮੌਜੂਦ ਵੇਖਦੀਆਂ ਹਨ; ਉਹ ਕੰਨ ਵਰੋਸਾਏ ਹਨ ਜੋ ਹਰ ਵੇਲੇ ਰੱਬ ਦੀ ਸਿਫ਼ਤ-ਸਲਾਹ ਸੁਣਦੇ ਹਨ; ਉਹ ਵਿਚਾਰਾਂ ਵਡਭਾਗੀਆਂ ਹਨ,

ਜੋ ਰੱਬ ਨੂੰ ਪਾਉਣ ਦੀ ਮੰਜ਼ਿਲ ਵਲ ਜਾਣ ਬਾਰੇ ਸੋਚਦੀਆਂ ਹਨ। ਇਹ ਸਾਰੀਆਂ ਮੰਜ਼ਿਲਾਂ ਸਰ ਕਰ ਕੇ ਅਨੰਦ ਦਾ ਮੁਕਾਮ ਆਉਂਦਾ ਹੈ, ਜੋ ਸਾਰੇ ਦੁੱਖ, ਉਦਾਸੀਆਂ ਅਤੇ (ਮਨ ਤੇ ਰੂਹ ਦੀਆਂ) ਲਾਇਲਾਜ ਬਿਮਾਰੀਆਂ ਨੂੰ ਦੂਰ ਕਰਦਾ ਹੈ।

ਅਨੰਦ ਕਾਰਜ: ਅਨੰਦ ਕਾਰਜ ਸਿੱਖਾਂ ਦੀ ਵਿਆਹ ਰਸਮ ਹੈ। ਇਸ ਦੀ ਸ਼ੁਰੂਆਤ ਦੀ ਸਹੀ ਤਾਰੀਖ਼ ਬਾਰੇ ਜਾਣਕਾਰੀ ਨਹੀਂ ਮਿਲਦੀ ਪਰ ਹਵਾਲੇ ਮਿਲਦੇ ਹਨ ਕਿ ਗੁਰੂ ਸਾਹਿਬਾਂ ਦੇ ਬੱਚਿਆਂ ਦੇ ਵਿਆਹ ਗੁਰਬਾਣੀ ਕੀਰਤਨ ਅਤੇ ਸਿਰਫ਼ ਅਰਦਾਸ ਨਾਲ ਹੁੰਦੇ ਸਨ। ਅੱਜ ਦੇ ਸਮੇਂ ਵਿਚ ਅਨੰਦ ਕਾਰਜ ਦੀ ਰਸਮ ਵਿਚ ਦੋਵੇਂ ਜੀਅ ਗੁਰੂ ਗ੍ਰੰਥ ਸਾਹਿਬ ਦੁਆਲੇ ਚਾਰ ਪ੍ਰਕਰਮਾ ਲੈਂਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਸ਼ਬਦਾਂ (773-74) ਦਾ ਪਾਠ ਕੀਤਾ ਜਾਂਦਾ ਹੈ ਅਤੇ ਬਾਅਦ ਵਿਚ ਅਰਦਾਸ ਹੁੰਦੀ ਹੈ। ਕੁਝ ਸਿੱਖ ਇਸ 'ਫੇਰੇ ਲੈਣ' ਦੀ ਰਸਮ ਵਿਚ ਯਕੀਨ ਨਹੀਂ ਰਖਦੇ ਕਿਉਂਕਿ ਉਹ ਸਮਝਦੇ ਹਨ ਕਿ ਇਹ ਫੇਰੇ ਲੈਣ ਦੀ ਰਸਮ ਸਪਤਪਦੀ (ਹਿੰਦੂਆਂ ਦੀ ਵਿਆਹ ਰਸਮ ਦੇ ਸੱਤ ਫੇਰਿਆਂ) ਦੀ ਨਕਲ ਹੈ। ਉਹ ਸਮਝਦੇ ਹਨ ਕਿ ਗੁਰਬਾਣੀ ਦੇ ਚਾਰ ਸ਼ਬਦਾਂ ਦਾ ਸਾਦਾ ਕੀਰਤਨ/ਪਾਠ ਅਤੇ ਬਾਅਦ ਵਿਚ ਅਰਦਾਸ ਕਰਨ ਨਾਲ ਅਨੰਦ ਕਾਰਜ ਦੀ ਰਸਮ ਪੂਰੀ ਹੋ ਜਾਂਦੀ ਹੈ। ਅਨੰਦ ਕਾਰਜ ਦੀ ਕਾਰਵਾਈ ਤਾਂ ਹੀ ਮਰਿਆਦਾ ਮੁਤਬਿਕ ਠੀਕ ਹੁੰਦੀ ਹੈ ਜੇ ਦੋਵੇਂ ਸਾਥੀ ਸਿੱਖ ਹਨ। ਅਨੰਦ ਕਾਰਜ ਨੂੰ ਕਾਨੂੰਨੀ ਤੌਰ 'ਤੇ ਅਨੰਦ ਮੈਰਿਜ ਐਕਟ 22 ਅਕਤੂਬਰ 1909 ਰਾਹੀਂ ਮਨਜ਼ੂਰੀ ਦੇ ਦਿੱਤੀ ਗਈ ਸੀ। ਇਸ ਤੋਂ ਇਹ ਭਾਵ ਨਹੀਂ ਕਿ ਸਿੱਖਾਂ ਦੀ ਅਨੰਦ ਕਾਰਜ ਰਸਮ ਸਿਰਫ਼ ਇਸੇ ਤਾਰੀਖ ਤੋਂ ਸ਼ੁਰੂ ਹੋਈ ਸੀ। ਗੁਰੂ ਗ੍ਰੰਥ ਸਾਹਿਬ ਦੁਆਲੇ ਫੇਰੇ ਲੈਣ ਦੀ ਰਸਮ ਨੂੰ ਨਿਰੰਕਾਰੀਆਂ ਦੇ ਮੋਢੀ (ਬਾਬਾ) ਦਿਆਲ ਦੇ ਪੁੱਤਰ ਦਰਬਾਰਾ ਸਿੰਘ ਨੇ 1855 ਵਿਚ ਸ਼ੁਰੂ ਕੀਤਾ ਸੀ।

ਅਨੰਦਪੁਰ ਸਾਹਿਬ ਦਾ ਮਤਾ: ਇਹ ਨਾਂ ਸ਼੍ਰੋਮਣੀ ਅਕਾਲੀ ਦਲ ਦੇ ਉਸ ਮੈਨੀਫੈਸਟੋ ਨੂੰ ਦਿੱਤਾ ਜਾਦਾ ਹੈ ਜਿਹੜਾ ਅਕਤੂਬਰ 16-17 ਅਕਤੂਬਰ 1973 ਨੂੰ ਅਨੰਦਪੁਰ ਸਾਹਿਬ ਵਿਖੇ ਪਾਸ ਕੀਤਾ ਗਿਆ ਸੀ। ਇਸ ਮਤੇ ਵਿਚ ਅਕਾਲੀ ਦਲ ਅਤੇ ਪੰਥ ਦਾ ਨਿਸ਼ਾਨਾ ਐਲਾਨਿਆ ਗਿਆ ਸੀ: ਖਾਲਸਾ ਜੀ ਦੇ ਬੋਲ ਬਾਲੇ (ਖਾਲਸੇ ਨੂੰ ਫੈਸਲੇ ਲੈਣ ਦਾ ਮੁਕੰਮਲ ਹੱਕ)। ਇਸ ਦਾ ਅਸਿੱਧਾ ਮਾਅਨਾ ਸਿੱਖ ਹੋਮਲੈਂਡ ਸੀ। ਬਾਅਦ ਵਿਚ 1978 ਵਿਚ, ਲੁਧਿਆਣਾ ਵਿਚ ਹੋਈ ਅਕਾਲੀ ਕਾਨਫ਼ਰੰਸ ਨੇ ਇਸ ਨੂੰ 12 ਮਤਿਆਂ ਵਿਚ ਖ਼ਤਮ ਕਰ ਦਿੱਤਾ ਸੀ ਅਤੇ ਇਸ ਦੀ ਰੂਹ ਨੂੰ ਬਦਲ ਕੇ ਰੱਖ ਦਿੱਤਾ ਸੀ। ਦੇਖੋ: **ਖਾਲਸਾ ਜੀ ਦੇ ਬੋਲ ਬਾਲੇ।**

ਅਪਵਿੱਤਰ: ਜੂਠਾ, ਗੰਦਲਾ (ਪ੍ਰਦੂਸ਼ਿਤ), ਅਸ਼ੁੱਧ। ਹੋਰ ਦੇਖੋ: **ਪ੍ਰਦੂਸ਼ਣ, ਸੁੱਚ-ਜੂਠ**

ਅਭੈ ਪਦ: ਅਭੈ ਪਦ ਦਾ ਮਤਲਬ ਹੈ: ਅ+ਭੈ (ਭੈ ਤੋਂ ਬਿਨਾਂ), ਨਿਡਰਤਾ ਦੀ ਹਾਲਤ; ਯਾਨਿ ਜਦੋਂ ਇਨਸਾਨ ਸਾਰੇ ਡਰਾਂ ਤੋਂ ਆਜ਼ਾਦ ਹੋ ਜਾਵੇ। ਵੈਦਿਕ ਫ਼ਲਸਫ਼ੇ ਵਿਚ ਇਸ ਨੂੰ 'ਚੌਥੀ ਅਵਸਥਾ', 'ਤੁਰੀਆ ਅਵਸਥਾ' ਜਾਂ 'ਜੀਵਨ ਪਦ' ਵੀ ਲਿਖਿਆ ਜਾਂਦਾ ਹੈ। ਇਸ ਹਾਲਤ ਵਿਚ ਇਨਸਾਨ ਮਾਇਆ ਦੇ ਅਸਰ ਤੋਂ ਪਰ੍ਹੇ/ਆਜ਼ਾਦ ਹੋ ਜਾਂਦਾ ਹੈ। ਇਸ ਮੁਕਾਮ 'ਤੇ ਉਦੋਂ ਹੀ ਪੁੱਜਿਆ ਜਾ ਸਕਦਾ ਹੈ ਜਦੋਂ ਇਨਸਾਨ ਵਾਹਿਗੁਰੂ

ਦੇ ਡਰ (ਨਿਰਮਲ ਭਉ) ਵਿਚ ਰਹਿਣਾ ਸਿੱਖ ਲਵੇ। ਜਦ ਇਨਸਾਨ ਵਾਹਿਗੁਰੂ ਦੇ ਭੈ ਵਿਚ ਆ ਜਾਂਦਾ ਹੈ ਤਾਂ ਉਹ ਸਾਰੇ ਡਰ ਤੋਂ ਆਜ਼ਾਦ ਹੋ ਕੇ ਸਹਿਜ ਦੀ ਹਾਲਤ ਵਿਚ ਪਹੁੰਚ ਜਾਂਦਾ ਹੈ।

> *ਰੀ ਕਲਵਾਰਿ ਗਵਾਰਿ ਮੂਢ ਮਤਿ, ਉਲਟੋ ਪਵਨੁ ਫਿਰਾਵਉ॥ ਮਨੁ ਮਤਵਾਰ, ਮੇਰ ਸਰ ਭਾਠੀ, ਅੰਮ੍ਰਿਤ ਧਾਰ ਚੁਆਵਉ॥ ਬੋਲਹੁ ਭਈਆ, ਰਾਮ ਕੀ ਦੁਹਾਈ॥ ਪੀਵਹੁ ਸੰਤ ਸਦਾ ਮਤਿ ਦੁਰਲਭ, ਸਹਜੇ ਪਿਆਸ ਬੁਝਾਈ॥ ਭੈ ਬਿਚਿ ਭਾਉ, ਭਾਇ ਕੋਊ ਬੂਝਹਿ, ਹਰਿ ਰਸੁ ਪਾਵੈ ਭਾਈ॥ ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ, ਭਾਵੈ ਤਿਸਹਿ ਪੀਆਈ॥ ਨਗਰੀ ਏਕੈ, ਨਉ ਦਰਵਾਜੇ, ਧਾਵਤੁ ਬਰਜਿ ਰਹਾਈ॥ ਤ੍ਰਿਕੁਟੀ ਛੂਟੈ, ਦਸਵਾ ਦਰੁ ਖੂਲੈ, ਤਾ ਮਨੁ ਖੀਵਾ ਭਾਈ॥ ਅਭੈ ਪਦ ਪੂਰਿ, ਤਾਪ ਤਹ ਨਾਸੇ, ਕਹਿ ਕਬੀਰ ਬੀਚਾਰੀ॥ ਉਬਟ ਚਲੰਤੇ ਇਹੁ ਮਦੁ ਪਾਇਆ, ਜੈਸੇ ਖੋਂਦ ਖੁਮਾਰੀ॥ (ਸਫ਼ਾ 1123)*

ਅਮਨਪ੍ਰਸਤੀ: ਅਮਨਪ੍ਰਸਤੀ ਦਾ ਮਤਲਬ ਹੈ: ਜੰਗ ਅਤੇ ਤਾਕਤ ਦੀ ਵਰਤੋਂ ਨੂੰ ਰੱਦ ਕਰਨਾ। ਸਿੱਖ ਧਰਮ ਅਮਨਪ੍ਰਸਤੀ ਦਾ ਧਰਮ ਨਹੀਂ (ਤੇ ਨਾ ਹੀ ਜੰਗ ਦਾ ਧਰਮ ਹੈ)। ਕਿਰਪਾਨ "ਸਿੱਖ ਅਕੀਦੇ ਦੀਆਂ ਪੰਜ ਨਿਸ਼ਾਨੀਆਂ" ਵਿਚੋਂ ਇਕ ਹੈ। ਸਿੱਖ ਦੀ ਕਿਰਪਾਨ ਸਿਰਫ਼ ਦਿਖਾਵੇ ਦਾ ਚਿੰਨ੍ਹ ਨਹੀਂ ਹੈ (ਨਾ ਹੀ ਇਹ ਹਮਲਾ ਜਾਂ ਜ਼ੁਲਮ ਕਰਨ ਦਾ ਹਥਿਆਰ ਹੈ)। ਸਿੱਖ ਦਾ ਫ਼ਰਜ਼ ਹੈ ਕਿ ਉਹ ਧਰਮ ਤੇ ਸੱਚ (ਨੂੰ ਕਾਇਮ ਰੱਖਣ) ਵਾਸਤੇਂ ਜ਼ਰੂਰਤ ਪੈਣ 'ਤੇ ਕਿਰਪਾਨ ਦੀ ਵਰਤੋਂ ਕਰੇ। ਇਕ ਸਿੱਖ ਲਈ ਸਾਰੇ ਕਾਨੂੰਨੀ ਤਰੀਕਿਆਂ ਨਾਲ ਜ਼ੁਲਮ ਦਾ ਮੁਕਾਬਲਾ ਕਰਨਾ ਜ਼ਰੂਰੀ ਹੈ। (ਇਸ ਵਿਚ ਸਿਰਫ਼ ਕ੍ਰਿਪਾਨ ਹੀ ਸ਼ਾਮਿਲ ਨਹੀਂ ਸਗੋਂ ਹੋਰ ਵੀ ਹਥਿਆਰ ਹਨ ਜੋ ਕਿ ਹਾਲਤ ਮੁਤਾਬਿਕ ਵਰਤੇ ਜਾਣੇ ਚਾਹੀਦੇ ਹਨ)। ਗੁਰੂ ਨਾਨਕ ਸਾਹਿਬ, ਸਿੱਖ ਧਰਮ ਦੇ ਮੋਢੀ, ਨੇ ਸਿੱਖ ਨੂੰ ਜ਼ੁਲਮ ਨੂੰ ਚੁਪਚਾਪ ਸਹਿਣ ਕਰਨ ਦਾ ਸਬਕ ਨਹੀਂ ਦਿੱਤਾ। ਉਨ੍ਹਾਂ ਨੇ ਆਪ ਵੀ ਸੈਦਪੁਰ ਦੇ ਬੇਇਨਸਾਫ਼ ਤੇ ਅੱਯਾਸ਼ ਲੋਧੀ ਹਾਕਮਾਂ ਅਤੇ ਬਾਬਰ ਦੀ ਫ਼ੌਜ ਦੇ ਜ਼ੁਲਮ, ਦੋਹਾਂ ਦੇ ਖ਼ਿਲਾਫ਼ ਆਵਾਜ਼ ਉਠਾਈ ਸੀ। ਉਨ੍ਹਾਂ ਨੇ ਬਾਬਰ ਨੂੰ ਜਾਬਰ ਕਿਹਾ, ਇਸੇ ਹੀ ਤਰ੍ਹਾਂ ਲੋਧੀ ਹਾਕਮਾਂ ਦੀਆਂ ਗ਼ਲਤ ਗੱਲਾਂ ਨੂੰ ਵੀ 'ਸਾਕਤ' (ਤਾਕਤ ਦੇ ਪੁਜਾਰੀ ਦੀਆਂ ਹਰਕਤਾਂ) ਆਖਿਆ ਸੀ।

> *ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥ ਕਰਤਾ ਤੂੰ ਸਭਨਾ ਕਾ ਸੋਈ॥* ***ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥*** *ਰਹਾਉ॥* ***ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥*** *ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥ ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥ ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥ ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥ (ਗੁਰੂ ਗ੍ਰੰਥ ਸਾਹਿਬ, ਸਫ਼ਾ 360)*

> *ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥ ਜਾਤਿ ਸਨਾਤੀ*

ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥ ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ॥ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥ (ਸਫ਼ਾ 722-23)

ਗੁਰੂ ਅੰਗਦ ਸਾਹਿਬ ਨੇ ਹਮਾਯੂੰ ਦੀ ਤਲਵਾਰ ਦੀ ਤਾਕਤ ਕਬੂਲ ਕਰਨ ਨੂੰ ਰੱਦ ਕਰ ਦਿੱਤਾ ਸੀ। ਗੁਰੂ ਅਰਜਨ ਸਾਹਿਬ ਨੇ ਅਕਬਰ ਦੇ ਬ੍ਰਾਹਮਣ ਵਜ਼ੀਰ ਮਹੇਸ਼ ਚੰਦਰ ਭੱਟ (ਜੋ ਬੀਰਬਲ ਵਜੋਂ ਮਸ਼ਹੂਰ ਹੈ) ਦੀਆਂ ਧਮਕੀਆਂ ਤੇ ਦਹਿਸ਼ਤ ਨੂੰ ਮੰਨਣ ਅਤੇ ਜਹਾਂਗੀਰ ਦੇ ਜ਼ੁਲਮ ਦੀ ਤਲਵਾਰ ਅੱਗੇ ਸਿਰ ਝੁਕਾਉਣ ਤੋਂ ਇਨਕਾਰ ਕਰ ਦਿਤਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਹਮਲਾਵਰ ਫ਼ੌਜਾਂ ਦੇ ਖ਼ਿਲਾਫ਼ ਡੱਟ ਕੇ ਚਾਰ ਲੜਾਈਆਂ ਲੜੀਆਂ। ਗੁਰੂ ਤੇਗ ਬਹਾਦਰ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਧਰਮ ਦੀ ਆਜ਼ਾਦੀ ਦਾ ਹੱਕ ਦਿਵਾਉਣ ਲਈ ਆਪਣੀ ਜ਼ਿੰਦਗੀ ਕੁਰਬਾਨ ਕਰ ਦਿੱਤੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜ਼ੁਲਮ ਦੇ ਖ਼ਿਲਾਫ਼ ਦਸ ਤੋਂ ਵਧ ਲੜਾਈਆਂ ਲੜੀਆਂ ਅਤੇ ਲੋਕਾਂ ਦੀ ਰੱਖਿਆ ਲਈ ਆਪਣਾ ਸਾਰਾ ਪਰਵਾਰ ਵੀ ਕੁਰਬਾਨ ਕੀਤਾ।

ਸਿੱਖ ਫ਼ਲਸਫ਼ੇ ਦੇ ਮੁਖ਼ਾਲਿਫ਼ਾਂ ਨੇ ਕਈ ਵਾਰ ਨਾਕਾਮ ਕੋਸ਼ਿਸ਼ ਕੀਤੀ ਹੈ ਕਿ ਗੁਰੂ ਨਾਨਕ ਸਾਹਿਬ ਨੂੰ 'ਅਮਨਪ੍ਰਸਤ' ਅਤੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ 'ਜੰਗ ਦੇ ਆਗੂ' ਸਾਬਿਤ ਕੀਤਾ ਜਾਵੇ। ਇਨ੍ਹਾਂ ਐਂਟੀ-ਸਿੱਖ ਲੇਖਕਾਂ ਦਾ ਨਿਸ਼ਾਨਾ ਅਸਲ ਵਿਚ ਇਹ ਸੀ ਕਿ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪੈਰੋਕਾਰ ਇਕ ਦੂਜੇ ਤੋਂ ਵੱਖ-ਵੱਖ ਦਸ ਕੇ ਸਿੱਖ ਧਰਮ ਨੂੰ ਦੋ ਹਿੱਸਿਆਂ ਵਿਚ ਵੰਡ ਦਿਤਾ ਜਾਵੇ, ਪਰ ਸਿੱਖ ਵਿਦਵਾਨਾਂ ਦੀ ਚੌਕਸੀ ਕਾਰਨ ਇਹ ਅੰਸਰ ਅਜਿਹਾ ਕਰ ਸਕਣ ਵਿਚ ਨਾਕਾਮ ਰਿਹਾ।

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਜ਼ੁਲਮ ਵਿਰੁੱਧ ਤਲਵਾਰ ਚੁੱਕਣ ਦਾ ਫ਼ਲਸਫ਼ਾ ਪੇਸ਼ ਕੀਤਾ ਹੈ ਅਤੇ ਇਸ ਨੂੰ ਬਾਕੀ ਸਾਰੇ ਗੁਰੂ ਸਾਹਿਬਾਨਾਂ ਨੇ ਵੀ ਦਰਸਾਇਆ ਹੈ (ਵੇਖੋ: **ਬਾਬਰ ਵਾਣੀ**)। - ੨੭੫

ਸਿੱਖ ਦਾ ਇਹ ਜ਼ਰੂਰੀ ਫ਼ਰਜ਼ ਹੈ ਕਿ ਉਹ ਹਮੇਸ਼ਾ ਧੱਕੇ, ਜ਼ੁਲਮ, ਬੇਇਨਸਾਫ਼ੀ ਅਤੇ ਹੈਵਾਨੀਅਤ ਦੇ ਖ਼ਿਲਾਫ਼ ਡਟੇ। ਪਰ ਸਿੱਖ ਨੂੰ ਆਪਣੀਆਂ 'ਬਾਂਹਵਾਂ' (ਤਾਕਤ/ਹਥਿਆਰ) ਵਰਤਣ ਤੋਂ ਪਹਿਲਾਂ, ਸਾਰੇ ਪੁਰਅਮਨ ਤਰੀਕੇ ਵਰਤ ਲੈਣੇ ਚਾਹੀਦੇ ਹਨ। ਸਿੱਖ ਦਾ ਇਰਾਦਾ ਤਾਕਤ ਹਾਸਿਲ ਕਰਨਾ ਜਾਂ ਹਕੂਮਤ 'ਤੇ ਕਬਜ਼ਾ ਕਰਨਾ ਨਹੀਂ ਸਗੋਂ ਸਿਰਫ਼ ਇਨਸਾਫ਼ ਦੀ ਹਿਫ਼ਾਜ਼ਤ ਕਰਨਾ ਹੈ। ਸਿੱਖ ਦਾ ਫ਼ਰਜ਼ ਫ਼ਾਸ਼ੀਵਾਦੀ (ਫ਼ਾਸ਼ਿਸਟ) ਤਾਕਤਾਂ ਦੇ ਵਿਰੁੱਧ ਲੜਨਾ ਹੈ।

ਅਮਰ ਪਦ: ਅਮਰ ਪਦ ਦਾ ਮਾਅਨਾ ਹੈ: ਅਮਰ ਹੋਣ ਦਾ ਮੁਕਾਮ (ਅਮਰ ਹੋਣ ਦੀ ਹਾਲਤ/ਮੰਜ਼ਿਲ)। ਇਸ ਤੋਂ ਅਸਲ ਮਾਅਨਾ ਹੈ: ਰੂਹਾਨੀ ਤੌਰ ਤੇ ਉੱਚੇ ਹੋਣਾ। ਸਿੱਖ ਧਰਮ ਮੁਤਾਬਿਕ ਜੋ ਵੀ ਰੱਬ ਦੀ ਸਿਫ਼ਤ ਗਾਇਨ ਕਰਦਾ ਹੈ ਅਤੇ ਸੱਚਾ ਜੀਵਨ ਜਿਊਂਦਾ ਹੈ ਉਹ ਇਹ ਮੁਕਾਮ ਹਾਸਿਲ ਕਰ ਸਕਦਾ ਹੈ। ਅਭੈ ਪਦ, ਅਮਰ ਪਦ, ਚੌਥਾ ਪਦ, ਸਹਿਜ ਪਦ, ਤੁਰੀਆ ਇਸ ਦੇ ਹੀ ਰੂਪ ਹਨ।

*ਸਤਿਗੁਰੁ ਭੇਟੈ ਸੋਝੀ ਪਾਇ ॥ **ਸਚੈ ਨਾਮਿ ਰਹੈ ਲਿਵ ਲਾਇ॥** ਸਚੇ ਸਬਦਿ **ਸਚੁ ਕਮਾਵੈ॥** ਸਚੀ ਬਾਣੀ ਹਰਿ ਗੁਣ ਗਾਵੈ॥ **ਨਿਜ ਘਰਿ ਵਾਸੁ ਅਮਰ ਪਦੁ ਪਾਵੈ॥** ਤਾ ਦਰਿ ਸਾਚੈ ਸੋਭਾ ਪਾਵੈ॥ ਗੁਰ ਸੇਵਾ ਬਿਨੁ ਭਗਤਿ ਨ ਹੋਈ॥ ਅਨੇਕ ਜਤਨ ਕਰੈ ਜੇ ਕੋਈ॥ ਹਉਮੈ ਮੇਰਾ ਸਬਦੇ ਖੋਈ॥ ਨਿਰਮਲ ਨਾਮੁ ਵਸੈ ਮਨਿ ਸੋਈ॥ ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ॥ ਬਿਨੁ ਸਬਦੈ ਹੋਰੁ ਮੋਹੁ ਗੁਬਾਰੁ॥ ਸਬਦੇ ਨਾਮੁ ਰਖੈ ਉਰਿ ਧਾਰਿ॥ ਸਬਦੇ ਗਤਿ ਮਤਿ ਮੋਖ ਦੁਆਰੁ॥ ਅਵਰੁ ਨਾਹੀ ਕਰਿ ਦੇਖਣਹਾਰੋ॥ ਸਾਚਾ ਆਪਿ ਅਨੂਪੁ ਅਪਾਰੋ ॥ ਰਾਮ ਨਾਮ ਊਤਮ ਗਤਿ ਹੋਈ॥ ਨਾਨਕ ਖੋਜਿ ਲਹੈ ਜਨੁ ਕੋਈ॥ (ਸਫ਼ਾ 1342)*

ਹੋਰ ਦੇਖੋ: **ਅਭੈ ਪਦ, ਸਹਿਜ।**

ਅਰਦਾਸ/ਅਰਦਾਸਿ: ਅਰਦਾਸ ਫ਼ਾਰਸੀ ਦੇ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ: ਅਰਜ਼ ਅਤੇ ਦਾਸ਼ਤ, ਜਿਸ ਦਾ ਮਾਅਨਾ ਹੈ: ਅਰਜ਼ੀ ਪੇਸ਼ ਕਰਨਾ। ਸਿੱਖ ਅਕਾਲ ਪੁਰਖ ਅੱਗ ਆਪਣੀ ਕੌਮ ਦੀ (ਤੇ ਲੋਕਾਈ ਦੀ) ਭਲਾਈ ਵਾਸਤੇ ਜੋ ਪੇਸ਼ਕਾਰੀ ਕਰਦਾ ਹੈ ਉਸ ਨੂੰ ਅਰਦਾਸਿ (ਅਰਜ਼ੀ ਪੇਸ਼ ਕਰਨਾ) ਕਿਹਾ ਜਾਂਦਾ ਹੈ। ਸਿੱਖਾਂ ਦੀ ਅਰਦਾਸਿ ਹੋਰਨਾਂ ਧਰਮਾਂ ਦੀਆਂ ਅਰਦਾਸਾਂ ਤੋਂ ਵਖਰੀ ਹੈ। ਇਕ ਸਿੱਖ ਆਪਣੇ ਕਿਸੇ ਨਿਜੀ ਫ਼ਾਇਦੇ, ਸੁੱਖ ਜਾਂ ਖੁਸ਼ਹਾਲੀ ਵਾਸਤੇ ਅਰਦਾਸਿ ਨਹੀ ਕਰ ਸਕਦਾ। ਇਕ ਸਿੱਖ ਨੂੰ ਰੱਬ ਕੋਲੋਂ ਸੱਚਾ ਜੀਵਨ ਜਿਊਣ ਦੀ ਤਾਕਤ ਮੰਗਣ ਵਾਸਤੇ ਅਰਦਾਸਿ ਕਰਨੀ ਚਾਹੀਦੀ ਹੈ। ਸੱਚਾ ਸਿੱਖ ਅਰਦਾਸਿ ਨੂੰ ਕਰਮਕਾਂਡ ਵਜੋਂ ਨਹੀਂ ਕਰਦਾ ਬਲਕਿ ਆਪਣੇ ਦਿਲੋਂ ਕਰਦਾ ਹੈ।

(1936 ਦੀ) ਸਿੱਖ ਰਹਿਤ ਮਰਿਆਦਾ ਮੁਤਾਬਿਕ ਸਿੱਖ ਦਿਨ ਵਿਚ ਦੋ ਵਾਰ ਅਰਦਾਸ ਕਰਦਾ ਹੈ: ਸਵੇਰ ਸਮੇਂ ਬਾਣੀ ਪੜ੍ਹਨ ਤੋਂ ਬਾਅਦ ਅਤੇ ਸ਼ਾਮ ਸਮੇਂ ਰਹਰਾਸਿ ਦੇ ਪਾਠ ਤੋਂ ਬਾਅਦ। ਇਸ ਸਾਂਝੀ ਅਰਦਾਸ ਦੇ ਦੋ ਹਿੱਸੇ ਹਨ, ਜੋ ਅੱਗੋਂ ਸੱਤਾਂ ਹਿੱਸਿਆਂ ਵਿੱਚ ਵੰਡੇ ਹੋਏ ਹਨ। ਪਹਿਲੇ ਹਿੱਸੇ ਵਿੱਚ ਸਿੱਖ (ੳ) ਵਾਹਿਗੁਰੂ, ਦਸ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਯਾਦ ਕਰਦਾ ਹੈ (ਅ) ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਸਾਰੇ ਸ਼ਹੀਦਾਂ, ਮੁਰੀਦਾਂ ਅਤੇ ਜਿਨ੍ਹਾਂ ਨੇ ਸਮਾਜਿਕ, ਸਿਆਸੀ ਅਤੇ ਰੂਹਾਨੀ ਪੱਖੋਂ ਆਪਣਾ ਰੋਲ ਅਦਾ ਕੀਤਾ, ਨੂੰ ਚੇਤੇ ਕਰਦਾ ਹੈ (ੲ) ਸਿੱਖ ਸ਼ਹੀਦਾਂ ਅਤੇ ਬੀਤ-ਚੁਕੇ ਤੇ ਅਜੋਕੇ ਵੇਲਿਆਂ ਦੇ ਮਹਾਨ ਯੋਧਿਆਂ ਨੂੰ ਯਾਦ ਕਰਦਾ ਹੈ (ਸ) ਅਕਾਲ ਤਖ਼ਤ ਸਾਹਿਬ ਅਤੇ ਸਰਬੱਤ ਗੁਰਦੁਆਰਿਆਂ ਨੂੰ ਮਨ ਵਿਚ ਵਸਾਉਂਦਾ ਹੈ।

ਦੂਸਰੇ ਹਿੱਸੇ ਵਿਚ (ਹ) ਸਿੱਖ ਆਪਣੀ ਕੌਮ, ਆਪਣੀਆਂ ਸਿਆਸੀ ਤੇ ਧਾਰਮਿਕ ਜਮਾਤਾਂ, ਸਿੱਖ ਕਲਚਰ ਦੀ ਤਰੱਕੀ ਅਤੇ ਖਾਲਸੇ ਦੇ ਫ਼ੈਸਲੇ ਲੈਣ ਦੀ ਤਾਕਤ ਦੀ ਸਦੀਵੀ ਹੋਂਦ ਬਾਰੇ ਅਰਦਾਸਿ ਕਰਦਾ ਹੈ। ਇਸ ਦੇ ਨਾਲ ਹੀ ਅਰਦਾਸਿ ਕਰਦਾ ਹੈ ਕਿ ਸਿੱਖ ਨੂੰ ਹਰ ਵੇਲੇ ਵਾਹਿਗੁਰੂ ਚੇਤੇ ਰਹੇ ਤੇ ਰੱਬ ਨੂੰ ਚੇਤੇ ਕਰਨ ਨਾਲ ਸਦਾ ਰੂਹਾਨੀ ਸਕੂਨ ਮਿਲੇ। ਸਿੱਖ ਦੀ ਅਰਦਾਸਿ ਹੈ ਕਿ ਜਿੱਥੇ-ਜਿੱਥੇ ਵੀ ਖ਼ਾਲਸਾ ਵਸਦਾ ਹੈ ਉੱਥੇ-ਉੱਥੇ ਹੀ ਵਾਹਿਗੁਰੂ ਦੀ ਰੱਖਿਆ ਅਤੇ ਅਮਨ-ਸਕੂਨ ਤੇ ਪਿਆਰ ਵੱਸਣ; ਖਾਲਸੇ ਨੂੰ ਕਦੇ ਵੀ ਮਾਲੀ ਤੇ ਸਿਆਸੀ ਪੱਖੋਂ ਕਮਜ਼ੋਰ ਨਾ ਹੋਣਾ ਪਵੇ; ਖਾਲਸਾ ਆਪਣੇ ਬਚਨ ਪੂਰਾ ਕਰਨ ਦੇ ਕਾਬਿਲ ਹੋਵੇ, ਪੰਥ (ਫ਼ਲਸਫ਼ੇ) ਦੀ ਹਮੇਸ਼ਾ ਜਿੱਤ ਹੋਵੇ ਤੇ ਵਾਹਿਗੁਰੂ ਦੇ ਖ਼ਾਲਸੇ ਦੇ ਹਰ ਵੇਲੇ ਬੋਲ ਬਾਲੇ (ਸ਼ਾਨ ਤੇ ਚੜ੍ਹਦੀ ਕਲਾ) ਹੋਣ। ਇਸ ਮਗਰੋਂ ਸਿੱਖ ਸਾਰਿਆਂ ਵਾਸਤੇ (ਖ) ਸੱਚਾ ਸਿੱਖੀ ਜੀਵਨ ਕੇਸਾਂ ਸੰਗ ਜਿਊਣ ਲਈ

ਤਾਕਤ ਮੰਗਦਾ ਹੈ, ਅਜਿਹੇ ਜੀਵਨ ਵਾਸਤ ਬਿਬੇਕ (ਸੂਝ), ਇਕ ਦੂਜੇ 'ਤੇ ਵਿਸਾਹ ਤੇ ਭਰੋਸਾ ਤੇ ਸਭ ਤੋਂ ਉਚਾ ਦਾਨ ਅੰਮ੍ਰਿਤਸਰ (ਸ਼ਬਦ) ਦੇ ਇਸ਼ਨਾਨ ਲਈ ਤਾਕਤ ਦਾ ਤੋਹਫ਼ਾ ਮੰਗਦਾ ਹੈ ਅਤੇ ਫਿਰ ਧਰਮ ਦੀ ਚੜ੍ਹਦੀ ਕਲਾ ਲਈ ਅਰਜ਼ ਕਰਦਾ ਹੈ। ਇਸ ਮਗਰੋਂ ਸਿੱਖ (ਗ) ਨੀਵਾਂ ਮਨ (ਨਿਮਰਤਾ, ਹਲੀਮੀ, ਚੰਗਾ ਇਖ਼ਲਾਕ) ਤੇ ਉੱਚੀ ਮੱਤ ਦੀਆਂ ਖ਼ੂਬੀਆਂ ਮੰਗਦਾ ਹੈ ਅਤੇ ਅਖ਼ੀਰ ਨਾਮ ਦੀ ਚੜ੍ਹਦੀ ਕਲਾ ਅਤੇ ਸਰਬੱਤ ਦਾ ਭਲਾ ਵਾਹਿਗੁਰੂ ਨੂੰ ਭਾਵੇ ਦੀ ਅਰਜ਼ ਨਾਲ ਖ਼ਤਮ ਕਰਦਾ ਹੈ।

ਹਾਂ ਸਿੱਖ ਅਰਦਾਸਿ ਵਿਚ ਇਕ ਵਕਤੀ ਮੰਗ ਵੀ ਮੰਗੀ ਹੋਈ ਹੈ ਜੋ 1947 ਵਿਚ ਨਾਨਕਾਣਾ ਸਾਹਿਬ ਅਤੇ ਹੋਰ ਗੁਰਦੁਆਰੇ ਪਾਕਿਸਤਾਨ ਵਿਚ ਰਹਿ ਜਾਣ ਕਾਰਨ ਅਰਦਾਸਿ ਵਿਚ ਸ਼ਾਮਿਲ ਕੀਤੀ ਗਈ ਸੀ ਕਿ "ਹੇ ਵਾਹਿਗੁਰੂ, ਨਾਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਜਿਨ੍ਹਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ, ਦੇ ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਖਾਲਸਾ ਜੀ ਨੂੰ ਮਿਲੇ" ਪਰ ਹੁਣ ਇਹ ਹਿੱਸਾ ਕਾਫ਼ੀ ਹੱਦ ਤਕ ਹੱਲ ਹੋ ਗਿਆ ਹੈ, ਤੇ ਜਦੋਂ ਨਾਨਕਾਣਾ ਸਾਹਿਬ ਨੂੰ 'ਵੈਟੀਕਨ' ਜਿਹਾ ਕੋਈ ਦਰਜਾ ਮਿਲ ਗਿਆ ਤਾਂ ਇਹ ਵੀ ਬਿਲਕੁਲ ਹੱਲ ਹੋ ਜਾਵੇਗਾ।

ਸਿੱਖ ਦਾ ਯਕੀਨ ਹੈ ਕਿ ਵਾਹਿਗੁਰੂ ਜਾਣਦਾ ਹੈ ਕਿ ਅਸੀਂ ਉਸ ਤੋਂ ਕੀ ਚਾਹੁੰਦੇ (ਮੰਗਦੇ) ਹਾਂ:

ਸੁਣਿ ਸੁਆਮੀ ਅਰਦਾਸਿ ਜਨ ਤੁਮ੍ ਅੰਤਰਜਾਮੀ॥ (ਸਫ਼ਾ 819)

ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥
ਨਾਨਕ ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ॥ (ਸਫ਼ਾ 1420)

ਸਿੱਖ ਫ਼ਲਸਫ਼ੇ ਮੁਤਾਬਿਕ, ਸੱਚੇ ਦਿਲ ਨਾਲ ਕੀਤੀ ਅਰਦਾਸ ਕਦੇ ਵੀ ਖਾਲੀ ਨਹੀਂ ਜਾਂਦੀ:

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥ *ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥ (ਸਫ਼ਾ 819)*

ਸਿੱਖ ਧਰਮ ਵਿਚ ਅਰਦਾਸ ਇਕ ਪੁਲ ਹੈ ਜੋ ਸਿੱਖ ਨੂੰ ਰੱਬ ਨਾਲ ਜੋੜਦਾ ਹੈ। ਇਹ ਤਾਂ ਵਾਹਿਗੁਰੂ ਨਾਲ ਗੱਲਾਂ ਕਰਨ ਦਾ ਇਕ ਬਹਾਨਾ ਹੈ।

ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥ ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ॥ ਰਹਾਉ॥ ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ॥ ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ॥ ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ॥ ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ॥ (ਸਫ਼ਾ 820)

ਹੋਰ ਦੇਖੋ: **ਭਾਣਾ ਮੰਨਣਾ**।

ਅਲਕੋਹਲ: ਦੇਖੋ: ਡਰਿੰਕਿੰਗ (ਸ਼ਰਾਬ ਪੀਣਾ)।

ਅਲਾਹਣੀਆਂ: ਅਲਾਹਣੀਆਂ ਇਕ ਬਾਣੀ ਹੈ, ਜੋ ਗੁਰੂ ਨਾਨਕ ਸਾਹਿਬ ਦੁਆਰਾ ਵਡਹੰਸ ਰਾਗ ਵਿਚ ਰਚੀ ਗਈ ਹੈ। ਅਲਾਹਣੀਆਂ ਦਾ ਮਤਲਬ ਹੈ: ਕਿਸੇ ਦੀ ਸਿਫ਼ਤ/ ਸੋਹਲੇ ਗਾਉਣਾ। ਪੰਜਾਬ ਵਿਚ ਗੁਰੂ ਸਾਹਿਬ ਦੇ ਜ਼ਮਾਨੇ ਵਿਚ ਇਨਸਾਨ ਦੀ ਮੌਤ

'ਤੇ ਉਸ ਦੇ ਪਰਿਵਾਰ ਵਾਲੇ, ਉਸ ਦੇ ਰਿਸ਼ਤੇਦਾਰ ਅਤੇ ਸਕੇ ਸਬੰਧੀ ਇਕ ਸਮੂਹ ਗੀਤ ਗਾ ਕੇ ਮਰਨ ਵਾਲੇ ਦੀਆਂ ਸਿਫ਼ਤਾਂ ਗਾਉਂਦੇ ਸਨ। ਅਲਾਹਣੀਆਂ ਵਿਰਲਾਪ ਦੇ ਅੰਦਾਜ਼ ਵਿਚ ਗਾਈਆਂ ਜਾਂਦੀਆਂ ਸਨ। ਇਹ ਵਿਰਲਾਪ ਆਮ ਤੌਰ ਤੇ ਇਸ ਹੁਨਰ ਦੀਆਂ ਮਾਹਿਰ (ਪ੍ਰੋਫ਼ੈਸ਼ਨਲ) ਔਰਤਾਂ ਕਰਦੀਆਂ ਸੀ, ਜਿਨ੍ਹਾਂ ਨੂੰ ਮਿਰਾਸਣਾਂ ਕਿਹਾ ਜਾਂਦਾ ਸੀ। ਗੁਰੂ ਸਾਹਿਬ ਨੇ ਇਸ ਰਸਮ ਨੂੰ ਖਤਮ ਕੀਤਾ ਤੇ ਕਿਹਾ ਕਿ ਇਨਸਾਨ ਦੀ ਮੌਤ ਇਕ ਯਕੀਨੀ ਵਾਪਰਣ ਵਾਲੀ ਘਟਨਾ ਹੈ। ਇਹ ਪ੍ਰਮਾਤਮਾ ਦਾ ਭਾਣਾ ਹੈ ਅਤੇ ਉਸ ਦੇ ਹੁਕਮ ਉੱਤੇ ਕਦੇ ਵੀ ਅਫ਼ਸੋਸ ਜ਼ਾਹਰ ਨਹੀਂ ਕਰਨਾ ਚਾਹੀਦਾ। ਇਸ ਲਈ ਸਿੱਖ ਧਰਮ ਅਜਿਹੇ ਵਿਰਲਾਪ ਅਤੇ ਅਲਾਹਣੀਆਂ ਦੀ ਮਨਾਹੀ ਕਰਦਾ ਹੈ। ਸਿੱਖ ਗੁਰੂ ਗ੍ਰੰਥ ਸਾਹਿਬ ਦੇ ਸਫ਼ੇ 578-82 ਤੋਂ ਅਲਾਹਣੀਆਂ ਦਾ ਪਾਠ ਵਿਰਲਾਪ ਵਜੋਂ ਨਹੀਂ ਬਲਕਿ ਦੂਜੇ ਹੋਰਨਾਂ ਸ਼ਬਦਾਂ ਦੀ ਤਰ੍ਹਾਂ ਹੀ ਕਰਦੇ ਹਨ। ਅਲਾਹਣੀਆਂ ਸ਼ਬਦਾਂ ਦਾ ਸਾਰ ਇਹ ਹੈ ਕਿ: ਮੌਤ ਪ੍ਰਮਾਤਮਾ ਦਾ ਭਾਣਾ ਹੈ ਅਤੇ ਪ੍ਰਮਾਤਮਾ ਦੇ ਹੁਕਮ 'ਤੇ ਅਫ਼ਸੋਸ ਕਰਨਾ ਬੇਮਾਅਨਾ ਹੈ ਅਤੇ ਜਦੋਂ ਕੋਈ ਵੀ ਇਸ ਦੁਨੀਆਂ ਤੋਂ ਟੁਰ ਜਾਂਦਾ ਹੈ ਤਾਂ ਸਿੱਖਾਂ ਨੂੰ ਰੱਬ ਦੀ ਸਿਫ਼ਤ ਵਿਚ ਸ਼ਬਦ ਗਾਇਨ ਕਰਨੇ ਚਾਹੀਦੇ ਹਨ ਨਾ ਕਿ ਟੁਰਨ ਵਾਲੇ ਦੇ ਵਿਛੋੜੇ ਦੇ ਝੂਠੇ ਵਿਰਲਾਪ ਦੇ ਕੀਰਨੇ ਪਾਉਣੇ ਚਾਹੀਦੇ ਹਨ।

ਅਲ੍ਹਾ:— ਇਹ ਮੁਸਲਮਾਨਾਂ ਦੀ ਬੋਲੀ ਵਿਚ ਰੱਬ ਦਾ ਇਕ ਨਾਂ ਹੈ। ਦੇਖੋ ਪ੍ਰਮਾਤਮਾ, ਰੱਬ, 'ਇਸਲਾਮ।

ਅਵਤਾਰ:- ਇਸ ਦਾ ਲਫ਼ਜ਼ੀ ਮਾਅਨਾ ਹੈ: ਹੇਠਾਂ ਜਾਣਾ (ਉਤਰਨਾ)। ਹਿੰਦੂ ਧਰਮ ਮੁਤਾਬਿਕ ਦੁਨੀਆਂ ਵਿਚ ਧਰਮ ਨੂੰ ਚਲਾਉਣ ਵਾਸਤੇ ਤੇ ਪਾਪ ਨੂੰ ਖ਼ਤਮ ਕਰਨ ਵਾਸਤੇ ਉਹ ਆਪ ਹੇਠਾਂ ਧਰਤੀ 'ਤੇ 'ਉਤਰਦਾ' ਹੈ (ਅਵਤਾਰ ਧਾਰਨ ਕਰਦਾ ਹੈ)। ਸਿੱਖ ਧਰਮ ਇਸ ਨੁਕਤੇ ਨੂੰ ਮੂਲੋਂ ਹੀ ਰੱਦ ਕਰਦਾ ਹੈ। ਸਿੱਖ ਧਰਮ ਮੁਤਾਬਿਕ ਰੱਬ ਕਦੇ ਵੀ ਉਚੇਚਾ ਧਰਤੀ ਉੱਤੇ ਨਹੀਂ ਉਤਰ ਸਕਦਾ ਕਿਉਂ ਉਹ ਤਾਂ ਪਹਿਲੋਂ ਹੀ ਹਰ ਥਾਂ ਹਾਜ਼ਿਰ ਹੈ। ਸਿੱਖ ਫ਼ਸਲਫ਼ੇ ਮੁਤਾਬਿਕ ਪਾਪ ਅਤੇ ਪੁੰਨ ਰੱਬ ਨੇ ਆਪ ਪੈਦਾ ਕੀਤੇ ਹਨ ਤੇ ਜੇ ਰੱਬ ਚਾਹੇ ਤਾਂ ਉਹ ਇਕ ਪਲ ਵਿਚ ਪਾਪ ਨੂੰ ਮੂਲੋਂ ਹੀ ਖ਼ਤਮ ਕਰ ਸਕਦਾ ਹੈ; ਯਾਨਿ ਇਸ ਕੰਮ ਵਾਸਤੇ ਉਸ ਨੂੰ ਧਰਤੀ 'ਤੇ ਬੰਦੇ ਵਜੋਂ ਜਨਮ (ਅਵਤਾਰ) ਧਾਰਨ ਕਰਨ ਦੀ ਲੋੜ ਨਹੀਂ ਹੈ।

ਸਿੱਖ ਫ਼ਲਸਫ਼ੇ ਮੁਤਾਬਿਕ, ਹਿੰਦੂ ਜਿਨ੍ਹਾਂ ਨੂੰ ਅਵਤਾਰ ਕਹਿੰਦੇ ਹਨ ਉਹ ਆਮ ਇਨਸਾਨ ਸਨ (ਮਿਥਿਹਾਸਕ ਜਾਂ ਮਨ ਘੜਤ ਜਾਂ ਜਿਉਂਦੇ ਆਮ ਰਾਜੇ ਜਾਂ ਬੰਦੇ ਸਨ) ਅਤੇ ਇਨਸਾਨ ਦੇ ਜਾਮੇ ਵਿਚ ਰੱਬ ਨਹੀਂ ਸਨ। ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਜਿਹੜੀ ਜ਼ਬਾਨ ਕਹਿੰਦੀ ਹੈ ਕਿ 'ਰੱਬ ਜੂਨਾਂ ਵਿਚ ਆਉਂਦਾ ਹੈ ਉਹ ਜ਼ੁਬਾਨ ਹੀ ਸੜ ਜਾਵੇ'। ਸਿੱਖ ਧਰਮ ਮੁਤਾਬਿਕ ਦਸ ਗੁਰੂ ਸਾਹਿਬਾਨ ਨੂੰ ਵੀ ਅਵਤਾਰ ਕਰ ਕੇ ਜਾਨਣਾ ਸਿੱਖੀ ਤੋਂ ਬੇਸਮਝੀ ਤੇ ਗੁਰਬਾਣੀ ਦੀ ਬੇਅਦਬੀ ਕਰਨਾ ਹੈ।

ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ॥ ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ॥ ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ॥ ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ॥ ***ਜੁਗਹ ਜੁਗਹ ਕੇ ਰਾਜੇ ਕੀਏ***

ਗਾਵਹਿ ਕਰਿ ਅਵਤਾਰੀ॥ *ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ॥ ਤੂੰ ਸਚਾ ਤੇਰਾ ਕੀਆ ਸਭੁ ਸਾਚਾ ਦੇਹਿ ਤ ਸਾਚੁ ਵਖਾਣੀ॥ ਜਾ ਕਉ ਸਚੁ ਬੁਝਾਵਹਿ ਅਪਣਾ ਸਹਜੇ ਨਾਮਿ ਸਮਾਣੀ॥ (ਸਫ਼ਾ 422-423)*

ਹਰਿ ਕਰਿ ਕਿਰਪਾ ਸਤਗੁਰੂ ਮਿਲਾਇਆ॥ ਪੂਰੇ ਸਤਗੁਰਿ ਹਰਿ ਨਾਮੁ ਧਿਆਇਆ॥ ਰਹਾਉ॥ ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥ ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ॥ ***ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ॥*** *ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ॥ ਸਤਗੁਰ ਸੇਵਾ ਤੇ ਨਿਸਤਾਰਾ ਗੁਰਮੁਖਿ ਤਰੈ ਸੰਸਾਰ॥ ਸਾਚੈ ਨਾਇ ਰਤੇ ਬੈਰਾਗੀ ਪਾਇਨਿ ਮੋਖ ਦੁਆਰਾ॥ ਏਕੋ ਸਚੁ ਵਰਤੈ ਸਭ ਅੰਤਰਿ ਸਭਨਾ ਕਰੇ ਪ੍ਰਤਿਪਾਲਾ॥ ਨਾਨਕ ਇਕਸੁ ਬਿਨੁ ਮੈ ਅਵਰੁ ਨ ਜਾਣਾ ਸਭਨਾ ਦੀਵਾਨੁ ਦਇਆਲਾ॥ (ਸਫ਼ਾ 559)*

ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥ ਜਨਮਿ ਨ ਮਰੈ ਨ ਆਵੈ ਨ ਜਾਇ॥ *ਨਾਨਕ ਕਾ ਪ੍ਰਭੁ ਰਹਿਓ ਸਮਾਇ॥ (ਸਫ਼ਾ 1136)*

ਅਸ਼ਟਪਦੀ:- ਅਸ਼ਟ=ਅੱਠ ਅਤੇ ਪਦ=ਕਾਵਿ ਛੰਦ, ਜੋ ਅੱਠ ਤੁਕਾਂ (ਲਾਈਨਾਂ) ਦੀ ਹੋਵੇ। ਇਹ ਕਵਿਤਾ ਦੀ ਇਕ ਕਿਸਮ ਹੈ ਜੋ ਗੁਰੂ ਸਾਹਿਬ ਵੱਲੋਂ ਵਰਤੀ ਗਈ ਸੀ। ਭਾਵੇਂ ਕਿ ਆਮ ਤੌਰ ਤੇ ਅਸ਼ਟਪਦੀ ਅੱਠ ਤੁਕਾਂ ਦੀ ਹੁੰਦੀ ਹੈ, ਪਰ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਅਸ਼ਟਪਦੀਆਂ 7, 9 ਅਤੇ 10 ਤੁਕਾਂ ਦੀਆਂ ਵੀ ਹਨ। ਗੁਰੂ ਗ੍ਰੰਥ ਸਾਹਿਬ ਵਿਚ 275 ਅਸ਼ਟਪਦੀਆਂ ਹਨ: 107, ਗੁਰੂ ਨਾਨਕ ਸਾਹਿਬ ਦੀਆਂ, 79 ਗੁਰੂ ਅਮਰਦਾਸ ਸਾਹਿਬ ਦੀਆਂ, 43 ਗੁਰੂ ਅਰਜਨ ਸਾਹਿਬ ਦੀਆਂ ਅਤੇ 46 ਗੁਰੂ ਰਾਮਦਾਸ ਸਾਹਿਬ ਦੀਆਂ ਰਚੀਆਂ ਗਈਆਂ ਹਨ।

ਅਸ਼ਵ-ਮੇਧ ਯੱਗ:- ਅਸ਼ਵ+ਮੇਧ (ਅਸ਼ਵ=ਘੋੜਾ ਤੇ ਮੇਧ=ਬਲੀ ਦੇਣਾ, ਮਾਰਨਾ) ਯੱਗ, ਘੋੜਿਆਂ ਦੀ ਬਲੀ ਦੇਣ ਦੀ ਇਕ ਹਿੰਦੂ ਰਸਮ ਹੈ। ਪਹਿਲੇ ਹਿੰਦੂ ਗੋਮੇਧ (ਗੋ+ਮੇਧ=ਗਾਂ ਦੀ ਬਲੀ) ਅਤੇ ਨਰਮੇਧ (ਨਰ= ਮਰਦ, ਦੀ ਬਲੀ) ਦੇ ਯੱਗ ਵੀ ਕਰਿਆ ਕਰਦੇ ਸਨ। ਪਰ ਬਾਅਦ ਵਿੱਚ, ਜੈਨ ਧਰਮ ਦੀ ਨਕਲ ਕਰ ਕੇ, ਹਿੰਦੂਆਂ ਨੇ ਗਾਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਫਿਰ ਇਨਸਾਨ ਦੀ ਬਲੀ ਦੇਣੀ ਵੀ ਬੰਦ ਕਰ ਦਿੱਤੀ। ਸਿੱਖ ਧਰਮ ਹਰ ਤਰ੍ਹਾਂ ਦੀ ਬਲੀ ਨੂੰ ਰੱਦ ਕਰਦਾ ਹੈ ਕਿਉਂ ਕਿ ਇਸ ਕਰਮ-ਕਾਂਡ ਦਾ, ਕਿਸੇ ਵੀ ਮਕਸਦ ਲਈ, ਕੋਈ ਫ਼ਾਇਦਾ ਨਹੀਂ।

ਅਖ਼ੀਰਲੀ/ਆਖ਼ਰੀ/ਅੰਤਿਮ ਅਰਦਾਸਿ:- ਸਿੱਖ ਜੀਵਨ ਜਾਚ ਵਿਚ ਇਸ ਲਫ਼ਜ਼ ਨੂੰ ਆਮ ਤੌਰ 'ਤੇ ਉਸ ਵੇਲੇ ਵਰਤਿਆ ਜਾਂਦਾ ਹੈ ਜਦੋਂ ਸਿੱਖ ਦੇ ਮਰਨ ਤੋਂ ਮਗਰੋਂ ਉਸ ਦੀਆਂ ਅਸਥੀਆਂ ਪਾਣੀ ਵਿਚ ਪ੍ਰਵਾਹ ਕਰਨ ਮਗਰੋਂ ਪਾਠ ਦਾ ਭੋਗ ਪਾਇਆ ਜਾਂਦਾ ਹੈ। ਅੰਤਿਮ ਅਰਦਾਸਿ ਵਿਚ ਅਕਾਲ ਪੁਰਖ ਅੱਗੇ ਇਹ ਅਰਜ਼ ਕੀਤੀ ਜਾਂਦੀ ਹੈ ਕਿ ਮਰਨ ਵਾਲੇ ਦੇ ਸਕੇ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਭਾਵੇਂ ਇਹ ਰਸਮੀ ਅਰਦਾਸਿ ਹੁਣ ਆਮ ਹੋ ਗਈ ਹੈ, ਉਂਞ ਇਸ ਸਿੱਖ ਫ਼ਲਸਫ਼ੇ ਮੁਤਾਬਿਕ ਸਹੀ ਨਹੀਂ ਹੈ। ਦੂਜਾ, ਇਸ ਨੂੰ ਅੰਤਿਮ ਅਰਦਾਸਿ (ਅਖ਼ੀਰਲੀ ਅਰਦਾਸਿ) ਨਹੀਂ ਕਿਹਾ ਜਾ ਸਕਦਾ। ਇਸ ਨੂੰ ਸਿਰਫ਼ ਅਰਦਾਸਿ ਹੀ ਕਹਿਣਾ ਚਾਹੀਦਾ ਹੈ ਕਿਉਂਕਿ ਸਿੱਖ ਧਰਮ ਵਿਚ ਕੋਈ ਅਰਦਾਸਿ ਵੀ 'ਆਖ਼ਰੀ' ਨਹੀਂ ਹੁੰਦੀ। ਉਂਞ

ਇਨਸਾਨ ਵਾਸਤੇ ਆਖ਼ਰੀ ਅਰਦਾਸਿ ਉਸ ਦੇ ਸਸਕਾਰ ਵੇਲੇ ਦੀ ਮੰਨੀ ਜਾ ਸਕਦੀ ਹੈ। ਹੋਰ ਦੇਖੋ: **ਸ੍ਰਾਧ।**-76

ਆਸਾ ਦੀ ਵਾਰ:- ਗੁਰੂ ਨਾਨਕ ਸਾਹਿਬ ਵੱਲੋਂ ਰਚੀ ਗਈ ਆਸਾ ਦੀ ਵਾਰ ਦਾ ਮਤਲਬ ਹੈ: ਰਾਗ ਆਸਾ ਵਿਚ ਗਾਈ ਜਾਣ ਵਾਲੀ ਵਾਰ (ਲੰਮੀ ਬਾਣੀ)। ਇਹ ਵਾਰ, ਲੋਕਾਂ ਵਿਚ ਉਦੋਂ ਆਮ ਗਾਈ-ਸੁਣੀ ਜਾਣ ਵਾਲੀ, ਟੁੰਡੇ ਅਸਰਾਜੇ (ਜਿਸ ਦਾ ਇੱਕ ਹੱਥ ਲੂਲ੍ਹਾ ਸੀ) ਦੀ ਯਾਦ ਵਿਚ ਲਿਖੀ ਗਈ ਵਾਰ, ਦੀ ਤਰਜ਼ 'ਤੇ ਗਾਉਣ ਵਾਸਤੇ ਹਦਾਇਤ ਕੀਤੀ ਗਈ ਹੈ। 'ਆਸਾ ਦੀ ਵਾਰ' ਹਰ ਰੋਜ਼ ਸਵੇਰ ਵੇਲੇ ਗੁਰਦੁਆਰਿਆਂ ਵਿੱਚ ਗਾਈ ਜਾਂਦੀ ਹੈ।

ਆਸਾ ਦੀ ਵਾਰ ਦਾ ਮੁੱਖ ਵਿਸ਼ਾ ਇਹ ਹੈ ਕਿ ਰੱਬ ਨੇ ਹੀ ਸਾਰੀ ਕਾਇਨਾਤ (ਦੁਨੀਆਂ) ਪੈਦਾ ਕੀਤੀ ਹੈ ਅਤੇ ਉਹ ਹਰੇਕ ਦਿਸਦੀ ਜਾਂ ਅਣਦਿਸਦੀ ਚੀਜ਼ ਅਤੇ ਹਰ ਇਕ ਕਾਰਵਾਈ ਨੂੰ ਵੇਖ ਰਿਹਾ ਹੈ। ਮਨੁੱਖੀ ਜ਼ਿੰਦਗੀ ਦਾ ਮਕਸਦ ਰੱਬ ਦੇ ਨਾਂ ਨੂੰ ਚੇਤੇ ਕਰਨਾ ਹੈ। ਰੱਬ ਵਿਚ ਧਿਆਨ ਜੋੜਨ ਵਾਸਤੇ ਆਪੇ ਦੀ ਪਛਾਣ ਜ਼ਰੂਰੀ ਹੈ। ਆਪੇ ਦੀ ਪਛਾਣ ਦਾ ਰਸਤਾ ਗੁਰੂ ਹੀ ਦੱਸ ਸਕਦਾ ਹੈ। ਇਸ ਆਪੇ ਦੀ ਪਛਾਣ ਵਾਸਤੇ ਰੱਬ ਦੇ ਨਾਂ ਵਿਚ ਧਿਆਨ ਜੋੜਨਾ, ਸੰਤੋਖ-ਸਬਰ ਕਰਨਾ ਅਤੇ ਪ੍ਰਮਾਤਮਾ ਦੇ ਪਿਆਰਿਆਂ ਦੀ ਸੰਗਤ ਕਰਨਾ, ਨਿਮਰਤਾ, ਇਮਾਨਦਾਰੀ ਨਾਲ ਕਮਾਈ ਕਰਨਾ, ਸੱਚੀ ਜੀਵਨ ਜਾਚ ਅਪਣਾਉਣਾ ਸ਼ਾਮਿਲ ਹੈ। ਦੁਨਿਆਵੀ ਸੁਖ, ਮਾਣ ਤੇ ਕਾਮਯਾਬੀਆਂ ਦਾ ਹੰਕਾਰ ਸਿਰਫ਼ ਭਰਮ-ਭੁਲੇਖਾ ਹੈ। ਇਸ ਕਰ ਕੇ ਇਹ ਕੂੜ ਹੈ। ਰੂਹਾਨੀ ਖ਼ੁਸ਼ੀ ਹੀ ਸਭ ਤੋਂ ਵੱਡਾ ਖਜ਼ਾਨਾ ਹੈ। ਇਹ ਦੁਨੀਆਂ ਇੱਕ ਪੜਾਅ ਕਰਨ ਵਾਲੀ ਜਗ੍ਹਾ (ਸਰਾਂ) ਦੀ ਤਰ੍ਹਾਂ ਹੈ। ਕੋਈ ਵੀ ਇੱਥੇ ਹਮੇਸ਼ਾ ਤੋਂ ਨਹੀਂ ਰਹਿ ਰਿਹਾ ਹੈ ਅਤੇ ਨਾ ਰਹਿ ਸਕੇਗਾ। ਇਸ ਕਰ ਕੇ ਸਾਨੂੰ ਇਸ ਤਰ੍ਹਾਂ ਦਾ ਜੀਵਨ ਨਹੀਂ ਜਿਊਣਾ ਚਾਹੀਦਾ ਜਿਹੜਾ ਸਾਨੂੰ ਰੱਬ ਨਾਲ ਮਿਲਣ ਦੇ ਅਸਲੀ ਰਾਹ ਤੋਂ ਭਟਕਾਉਂਦਾ ਹੈ। ਹਰੇਕ ਦਿਸਦੀ ਚੀਜ਼ ਅਤੇ ਹਰ ਇਕ ਘਟਨਾ ਉਸ ਰੱਬ ਦੇ ਹੁਕਮ ਦੇ ਅੰਦਰ ਹੈ। ਉਹ ਹੀ ਹਰ ਚੀਜ਼, ਹਰ ਤਾਕਤ ਦਾ ਮਾਲਿਕ ਹੈ। ਇਨਸਾਨ ਨੂੰ ਸਿਰਫ਼ ਉਸ ਨਾਲ ਹੀ ਪਿਆਰ ਕਰਨਾ ਚਾਹੀਦਾ ਹੈ ਅਤੇ ਉਸ ਦੇ ਨਾਂ ਵਿਚ ਧਿਆਨ ਜੋੜਨਾ ਚਾਹੀਦਾ ਹੈ। ਸੱਚਾ ਗੁਰੂ ਇਹ ਸਭ ਕੁਝ ਹਾਸਿਲ ਕਰਨ ਦਾ ਰਸਤਾ ਦੱਸ ਸਕਦਾ ਹੈ।

ਆਸਾ ਮਨਸਾ:- ਦੇਖੋ: ਮਨਸਾ।-249

ਆਤਮਾ:- ਆਤਮਾ, ਇਨਸਾਨ ਦੀ ਹਸਤੀ ਵਿਚ, ਵਾਹਿਗੁਰੂ ਦੀ ਮੌਜੂਦਗੀ ਹੈ। ਇਸ ਲਈ ਆਤਮਾ ਅਤੇ ਪਰਮਾਤਮਾ (ਪਰਮ+ਆਤਮਾ) ਦੋਵੇਂ ਇਕ ਤੱਤ ਹਨ। ਇਹ ਦੋਵੇਂ ਮੂਲ ਵਿਚ ਭਾਵੇਂ ਇੱਕ ਹਨ ਪਰ ਗੁਣਾਤਮਕ ਤੌਰ ਤੇ ਵੱਖ ਹਨ। ਮੌਤ ਮਗਰੋਂ ਆਤਮਾ ਪਰਮਾਤਮਾ ਵਿੱਚ ਮਿਲ ਜਾਂਦੀ ਹੈ। ਆਤਮਾ ਰਾਹੀਂ ਇਨਸਾਨ ਦਾ ਪਰਮਾਤਮਾ ਨਾਲ ਰਾਬਤਾ ਜੁੜਦਾ ਹੈ। ਦੂਜੇ ਲਫ਼ਜ਼ਾਂ ਵਿਚ ਆਤਮਾ ਸਾਡੇ ਅੰਦਰ ਬੈਠਾ ਵਾਹਿਗੁਰੂ ਦਾ ਅੰਸ਼ ਹੈ। ਇਹ ਸਾਡੀਆਂ ਇੰਦਰੀਆਂ ਦੀ ਪਹੁੰਚ (ਅਨੁਭਵ) ਤੋਂ ਪਰ੍ਹੇ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਆਤਮਾ ਰੂਹ ਦੇ ਆਮ ਮਾਅਨਿਆਂ ਤੋਂ ਵੱਖ ਹੈ। ਜਿਵੇਂ ਇਕ ਅਖਾਣ ਹੈ: 'ਉਹ ਮਰੀ ਹੋਈ ਆਤਮਾ ਵਾਲਾ ਆਦਮੀ ਹੈ'। ਇੱਥੇ ਆਤਮਾ ਦਾ ਮਤਲਬ ਹੈ ਅਸੂਲ-ਵਿਹੂਣਾ ਸ਼ਖ਼ਸ। ਪਰ ਸਿੱਖ ਧਰਮ ਵਿਚ 'ਮਰੀ

ਹੋਈ ਆਤਮਾ' ਦਾ ਮਤਲਬ ਹੋਵੇਗਾ 'ਰੱਬੀ ਨੂਰ ਤੋਂ ਖ਼ਾਲੀ ਵਜੂਦ।'

ਆਰ.ਐਸ.ਐਸ (ਰਾਸ਼ਟਰੀਆ ਸੋਇਮ ਸੇਵਕ ਸੰਘ): ਇਹ ਫ਼ਿਰਕਾਪ੍ਰਸਤ ਤੇ ਬੁਨਿਆਦਪ੍ਰਸਤ ਹਿੰਦੂਆਂ ਦੀ ਇਕ ਜਮਾਤ ਹੈ ਜੋ ਗ਼ੈਰ-ਹਿੰਦੂਆਂ ਨੂੰ ਨਫ਼ਰਤ ਕਰਦੀ ਹੈ ਤੇ ਅਜੋਕੇ ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣਾ ਚਾਹੁੰਦੀ ਹੈ। ਇਸੇ ਸਾਜ਼ਿਸ਼ ਹੇਠ ਇਹ ਸਿੱਖਾਂ ਨੂੰ ਹਿੰਦੂਆਂ ਦਾ ਇਕ ਫ਼ਿਰਕਾ ਦਸਦੀ ਹੈ ਜਿਸ ਦਾ ਸਾਰੇ ਸਿੱਖ ਡੱਟ ਕੇ ਵਿਰੋਧ ਕਰਦੇ ਹਨ। ਇਹ ਅਖੌਤੀ ਦਸਮ-ਗ੍ਰੰਥ (ਦਰਅਸਲ ਸਾਕਤ ਮਤ ਦਾ 'ਬਚਿਤਰ ਨਾਟਕ') ਨੂੰ ਗੁਰੂ ਰਚਨਾ ਕਹਿ ਕੇ ਪਰਚਾਰਦੇ ਹਨ ਤਾਂ ਜੋ ਸਿੱਖ ਗੁਰੂ ਗ੍ਰੰਥ ਸਾਹਿਬ ਤੋਂ ਟੁੱਟ ਜਾਣ। ਕੁਝ ਸਾਲ ਪਹਿਲਾਂ ਇਨ੍ਹਾ ਨੇ ਰੁਲਦਾ ਸਿੰਘ ਵਰਗੇ ਕੁਝ ਸਿੱਖ ਸਰੂਪ ਵਾਲੇ (ਜੋ ਦਰਅਸਲ ਕੇਸਾਧਾਰੀ/ਪਗੜੀਧਾਰੀ ਹਿੰਦੂ ਹਨ) ਖੜ੍ਹੇ ਕਰ ਕੇ ਇਕ **ਰਾਸ਼ਟਰੀਆ ਸਿੱਖ ਸੰਗਤ** ਬਣਾ ਲਈ ਜਿਹੜੀ ਸਿੱਖ ਜਮਾਤ ਹੋਣ ਦਾ ਭੁਲੇਖਾ ਦੇਂਦੀ ਹੈ ਪਰ ਹੈ ਖਾਲਿਸ ਇਹ ਸਿੱਖ ਵਿਰੋਧੀ ਫ਼ਿਰਕੂ ਹਿੰਦੂ ਜਮਾਤ। ਕਈ ਸਿੱਖ ਇਨ੍ਹਾਂ ਦੇ ਸਿੱਧੇ ਤੇ ਅਸਿੱਧੇ ਹਿਮਾਇਤੀ ਹਨ, ਜਿਵੇਂ ਗੁਰਚਰਨ ਸਿੰਘ ਲਾਂਬਾ ('ਸੰਤ ਸਿਪਾਹੀ', ਜਲੰਧਰ), (ਪ੍ਰੋ) ਹਰਭਜਨ ਸਿੰਘ ਡੇਹਰਾਦੂਨ, ਹਰਪਾਲ ਸਿੰਘ ਪੰਨੂ (ਪਟਿਆਲਾ), ਰਣਜੀਤ ਰਾਣਾ (ਬ੍ਰਿਮਿੰਘਮ, ਇੰਗਲੈਂਡ), ਪੰਜਾਬ ਰੇਡੀਓ ਦਾ ਗੁਰਦੀਪ ਸਿੰਘ ਜਗਬੀਰ (ਸਾਊਥਾਲ, ਇੰਗਲੈਂਡ) ਵਗ਼ੈਰਾ। ਗਿਆਨੀ ਪੂਰਨ ਸਿੰਘ, ਜੋਗਿੰਦਰ ਸਿੰਘ ਵੇਦਾਂਤੀ, ਭਿੰਡਰਾਂ-ਮਹਿਤਾ ਜਥਾ ਦਾ ਇਕ ਧੜਾ, ਅਖੰਡ ਕੀਰਤਨੀ ਜਥਾ ਦਾ ਇਕ ਧੜਾ, ਵਿਰਸਾ ਸਿੰਘ ਦਿੱਲੀ ਦਾ ਡੇਰਾ, ਨਾਨਕਸਰ ਕਲੇਰਾਂ ਧੜਾ, ਕੁਝ ਨਿਹੰਗ ਤੇ ਅਖੌਤੀ ਦਸਮ ਗ੍ਰੰਥ ਦੇ ਹੋਰ ਹਿਮਾਇਤੀ ਇਨ੍ਹਾਂ ਦੀ ਬੀ-ਟੀਮ ਮੰਨੇ ਜਾਂਦੇ ਹਨ। ਇਨਹਾਂ ਨੇ ਬਹੁਤ ਸਾਰੇ ਵੈੱਬ ਸਾਈਟ ਬਣਾਏ ਹੋਏ ਹਨ ਜਿਨ੍ਹਾਂ ਤੋਂ ਪੰਥਕ ਹੋਣ ਦਾ ਭੁਲੇਖਾ ਪੈਂਦਾ ਹੈ ਪਰ ਇਹ ਸਿੱਖ ਫ਼ਲਸਫ਼ੇ ਅਤੇ ਸਿੱਖ ਸ਼ਖ਼ਸੀਅਤਾਂ ਦੇ ਖ਼ਿਲਾਫ਼ ਪਰਚਾਰ ਕਰਨ ਹਿਤ ਵਰਤੇ ਜਾਂਦੇ ਹਨ। ਕੁਝ ਦੂਜੇ ਵੈੱਬਸਾਈਟ ਇਨ੍ਹਾਂ ਦੇ ਪੰਥ ਵਿਰੋਧੀ ਪਰਚਾਰ ਨੂੰ ਫੈਲਾਉਣ ਵਿਚ ਮਦਦ ਵੀ ਕਰਦੇ ਹਨ। ਇਨ੍ਹਾਂ ਵਿਚੋਂ ਮੁਖ ਹਨ:

www.sikhsangat.com, www.sikhsangat.net,
www.sforums.panthic.net, www.guppshupp.com,
www.sangatsansar.com, www.rajkaregakhalsa.net,
www.panthic.com, www.popularsikh.com,
www.buysignup.com, www.mumbaionline.org,
www.silobreaker.com, www.videosandblogs.com,
www.kosmix.com

ਇਨ੍ਹਾਂ ਦੀਆਂ ਸਾਜ਼ਸ਼ਾਂ ਬਾਰੇ ਕੁਝ ਹੋਰ ਤਫ਼ਸੀਲ ਜਾਣਨ ਵਾਸਤੇ ਪੜ੍ਹੋ: "ਤਬੈ ਰੋਸ ਜਾਗਿਓ" (ਲੇਖਕ: ਸੁਖਪ੍ਰੀਤ ਸਿੰਘ ਊਦੋਕੇ)।

ਆਦਿ ਗ੍ਰੰਥ: ਦੇਖੋ ਗੁਰੂ ਗ੍ਰੰਥ ਸਾਹਿਬ -135

ਆਰਤੀ:- ਆਰਤੀ ਦੋ ਸ਼ਬਦਾਂ ਦੇ ਜੋੜ ਤੋਂ ਬਣਿਆ ਹੈ: ਆ (ਬਿਨਾਂ)+ ਰਾਤਰੀ (ਰਾਤ)। ਹਿੰਦੂ ਸੋਚ ਮੁਤਾਬਿਕ ਆਰਤੀ ਦਾ ਮਤਲਬ ਹੈ: ਉਹ (ਯਾਨਿ ਦੀਵੇ ਜਗਾ

ਕੇ ਪ੍ਰਕਾਸ਼ ਕਰਨਾ) ਜੋ ਰਾਤ ਤੋਂ ਬਿਨਾਂ ਵੀ ਕੀਤੀ ਜਾ ਸਕੇ। ਹਿੰਦੂ ਮੱਤ ਨੂੰ ਮੰਨਣ ਵਾਲੇ ਇਕ ਥਾਲ ਵਿੱਚ ਨਿੱਕੇ-ਨਿੱਕੇ ਦੀਵੇ ਜਗਾ ਕੇ ਕਿਸੇ ਦੇਵੀ ਦੇਵਤੇ ਦੀ ਮੂਰਤੀ ਸਾਹਮਣੇ ਰੱਖਦੇ ਹਨ। ਬਾਅਦ ਵਿੱਚ ਉਸ ਥਾਲ ਨੂੰ ਦੇਵੀ ਦੇਵਤੇ ਦੀ ਮੂਰਤੀ ਦੇ ਆਲੇ-ਦੁਆਲੇ (ਸਾਹਮਣੇ) ਨੂੰ ਘੁਮਾਇਆ ਜਾਂਦਾ ਹੈ। ਹਿੰਦੂ ਇਸ ਨੂੰ ਉਸ ਦੇਵਤੇ ਦੀ ਪੂਜਾ ਜਾਂ ਆਰਤੀ ਕਹਿੰਦੇ ਸਨ। ਇਹ ਅਸਲ ਵਿਚ ਮਿਥਹਾਸਕ (ਮਸਨੂਹੀ) ਅੱਗ ਦੇ (ਅਗਨੀ) ਦੇਵਤਾ ਦੀ ਪੂਜਾ ਹੈ।

ਸਿੱਖ ਧਰਮ ਇਸ ਤਰ੍ਹਾਂ ਦੀ ਪੂਜਾ ਦੀ ਸਖ਼ਤ ਤੌਰ 'ਤੇ ਮਨਾਹੀ ਕਰਦਾ ਹੈ। ਗੁਰੂ ਨਾਨਕ ਸਾਹਿਬ ਦਾ ਇਕ ਸ਼ਬਦ (ਜੋ ਹੇਠਾਂ ਦਿੱਤਾ ਹੈ) ਹਿੰਦੂਆਂ ਵੱਲੋਂ ਕੀਤੀ ਜਾਂਦੀ ਦਿਖਾਵੇ ਦੀ ਆਰਤੀ, ਰਸਮੀ ਆਰਤੀ ਜਾਂ ਵਿਖਾਵੇ ਦੀ ਆਰਤੀ (ਜਾਂ ਕਿਸੇ ਮਿਥਹਾਸਕ ਦੇਵਤੇ ਦੀ ਪੂਜਾ ਕਰਨ) ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ। ਉਹ ਸਿੱਖ ਜਿਹੜੇ ਇਸ ਨੂੰ 'ਸਿੱਖਾਂ ਦੀ ਆਰਤੀ' ਮੰਨਦੇ ਹਨ, ਉਹ ਵਾਹਿਗੁਰੂ ਦੀ ਬੇਅਦਬੀ-ਜਿਹੀ ਜਾਂ ਗੁਰੂ ਨਾਨਕ ਸਾਹਿਬ ਦੇ ਹੁਕਮ ਦੀ ਅਦੂਲੀ ਕਰਦੇ ਹਨ। ਗੁਰੂ ਨਾਨਕ ਸਾਹਿਬ ਦੇ ਸ਼ਬਦ ਆਰਤੀ ਵਿੱਚ ਸਾਰੀਆਂ ਤਰ੍ਹਾਂ ਦੀਆਂ ਰਸਮੀ ਤੇ ਅਖੌਤੀ ਆਰਤੀਆਂ ਦਾ ਖੰਡਨ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਸੱਚੀ ਆਰਤੀ (ਅਸਲੀ ਆਰਤੀ) ਉਹ ਹੈ ਜਿਹੜੀ ਸਮੁੱਚੀ ਕੁਦਰਤ ਵੱਲੋਂ ਕੀਤੀ ਜਾ ਰਹੀ ਹੈ। ਵਾਹਿਗੁਰੂ ਦੇ ਨਾਂ ਵਿਚ ਧਿਆਨ ਜੋੜਨਾ ਅਤੇ ਇੱਕ ਸੱਚਾ-ਸੁੱਚਾ ਜੀਵਨ ਜੀਊਣ ਦੀ ਕੋਸ਼ਿਸ਼ ਕਰਨਾ, ਵੀ ਇਕ ਤਰ੍ਹਾਂ ਨਾਲ ਰੱਬ ਦੀ ਆਰਤੀ ਹੀ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ:

ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ॥ ਧੂਪੁ ਮਲਆਨਲੋ, ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ॥ ਕੈਸੀ ਆਰਤੀ ਹੋਇ॥ ਭਵਖੰਡਨਾ ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ॥ ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ, ਸਹਸ ਮੂਰਤਿ, ਨਨਾ ਏਕ ਤੁੋਹੀ॥ ਸਹਸ ਪਦ ਬਿਮਲ, ਨਨ ਏਕ ਪਦ, ਗੰਧ ਬਿਨੁ, ਸਹਸ ਤਵ ਗੰਧ, ਇਵ ਚਲਤ ਮੋਹੀ॥ ਸਭ ਮਹਿ ਜੋਤਿ, ਜੋਤਿ ਹੈ ਸੋਇ॥ ਤਿਸ ਦੈ ਚਾਨਣਿ, ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ, ਅਨਦਿਨੋੁ ਮੋਹਿ ਆਹੀ ਪਿਆਸਾ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ, ਹੋਇ ਜਾ ਤੇ ਤੇਰੈ ਨਾਇ ਵਾਸਾ॥
(ਸਫ਼ਾ 13)

ਆਲਸ:- ਆਲਸ/ਆਲ੍ਕ ਦਾ ਮਤਲਬ ਹੈ ਸੁਸਤੀ, ਵਿਹਲੜਪਣ, ਕੁਝ ਨਾ ਕਰਨਾ ਜਾਂ ਕਿਸੇ ਕੰਮ ਨੂੰ ਕਰਨ ਜਾਂ ਕੁਝ ਕਰਨ ਦੀ ਕੋਸ਼ਸ਼ ਕਰਨ ਦੀ ਖਾਹਿਸ਼ ਨਾ ਹੋਣੀ। ਸਿੱਖ ਧਰਮ ਵਿੱਚ ਆਲਸ ਤੋਂ ਭਾਵ ਹੈ: ਚੰਗੇ ਕੰਮ ਜਾਂ ਪਵਿੱਤਰ ਜਾਂ ਧਾਰਮਿਕ ਕੰਮ ਕਰਨ ਲਈ ਦਿਲ ਨਾ ਕਰਨਾ। ਆਲਸ ਰੂਹਾਨੀ ਤਰੱਕੀ ਜਾਂ ਰੂਹਾਨੀਅਤ ਦੇ ਰਸਤੇ ਵਿਚ ਇਕ ਰੁਕਾਵਟ ਹੈ:

ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ॥ ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ॥ ਸੰਗੇ ਸੋਹੰਤੀ ਕੰਤ ਸੁਆਮੀ ਦਿਨਸੁ ਰੈਣੀ ਰਾਵੀਐ॥ ਸਾਸਿ ਸਾਸਿ ਚਿਤਾਰਿ ਜੀਵਾ ਪ੍ਰਭੁ ਪੇਖਿ ਹਰਿ ਗੁਣ ਗਾਵੀਐ॥ ਬਿਰਹਾ ਲਜਾਇਆ ਦਰਸੁ ਪਾਇਆ ਅਮਿਉ ਦ੍ਰਿਸਟਿ ਸਿੰਚੰਤੀ॥ ਬਿਨਵੰਤਿ ਨਾਨਕੁ ਮੇਰੀ ਇਛ ਪੁੰਨੀ ਮਿਲੇ ਜਿਸੁ ਖੋਜੰਤੀ॥ (ਸਫ਼ਾ 460)

ਐਂਟੀ-ਸਿੱਖਇਜ਼ਮ ਸਕੂਲ:- ਇਹ ਨਾਂ ਉਨ੍ਹਾਂ ਲਿਖਾਰੀਆਂ ਦੇ ਗਰੁੱਪ ਨੂੰ ਦਿੱਤਾ ਗਿਆ ਹੈ, ਜੋ ਸਿੱਖ ਧਰਮ ਅਤੇ ਸਿੱਖ ਸਾਹਿਤ ਨੂੰ ਵਿਗਾੜਨ ਲਈ ਕਿਤਾਬਾਂ ਤੇ ਲੇਖ ਲਿਖਦੇ ਹਨ। ਇਸ ਗਰੁੱਪ ਵਿਚ ਡਬਲਿਊ ਐੱਚ. ਮੈਕਲਾਊਡ (ਮੌਤ ਜੁਲਾਈ 2009), ਹਰਜੋਤ ਉਬਰਾਏ, ਪਿਸ਼ੌਰਾ ਸਿੰਘ, ਗੁਰਿੰਦਰ ਮਾਨ, ਲਾਊ ਫੀਨਕ ਅਤੇ ਉਹਨਾਂ ਦੇ ਹੋਰ ਸਾਥੀ ਸ਼ਾਮਿਲ ਹਨ। ਦਰਸ਼ਨ ਸਿੰਘ ਤਾਤਲਾ ਇੰਗਲੈਂਡ), ਖੁਸ਼ਵੰਤ ਸਿੰਘ, ਜੇ. ਐਸ. ਗਰੇਵਾਲ, ਡਾ ਓਵਨ ਕੋਲ (ਇੰਗਲੈਂਡ), ਆਈ. ਜੇ. ਸਿੰਘ (ਨਿਊਯਾਰਕ), ਅਮਰਜੀਤ ਗਰੇਵਾਲ, ਮਹਿੰਦਰ ਸਿੰਘ ਦਿੱਲੀ ਅਤੇ ਸੁਰਜੀਤ ਹਾਂਸ ਵਗ਼ੈਰਾ ਇਨ੍ਹਾਂ ਨੂੰ ਪੂਰਾ ਮਿਲਵਰਤਣ ਦੇਂਦੇ ਹਨ। ਇਨ੍ਹਾਂ ਦੀਆਂ ਲਿਖਤਾਂ ਸਿੱਖ ਇਤਿਹਾਸ ਅਤੇ ਫ਼ਿਲਾਸਫ਼ੀ ਬਾਰੇ ਗ਼ਲਤ ਤੇ ਭੁਲੇਖਾ-ਪਾਊ ਜਾਣਕਾਰੀ ਨਾਲ ਭਰੀਆਂ ਹੁੰਦੀਆਂ ਹਨ। ਇਨ੍ਹਾਂ ਵਿਚੋਂ ਕੁਝ ਲਿਖਾਰੀਆਂ ਨੇ ਸਿੱਖ ਧਰਮ ਬਾਰੇ ਕੁਝ ਐਂਟਰੀਆਂ ਐਨਸਾਈਕਲੋਪੀਡੀਆਜ਼ ਵਾਸਤੇ ਵੀ ਲਿਖੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਲੋਕਾਂ ਨੇ ਸਿੱਖਾਂ ਬਾਰੇ ਗ਼ਲਤ ਤਸਵੀਰ ਬਣਾ ਲਈ ਹੈ। ਇਹ ਇਕ ਕੌਮਾਂਤਰੀ ਪੱਧਰ ਦੀ ਸਿੱਖ ਵਿਰੋਧੀ ਸਾਜਿਸ਼ ਹੈ; ਅਤੇ ਇਹਨਾਂ ਦੀਆਂ ਲਿਖਤਾਂ ਨੂੰ ਕਈ ਪਬਲਿਸ਼ਰ, ਸਣੇ ਪੈਂਗਿਊਨਸ ਤੇ ਆਕਸਫੋਰਡ ਪ੍ਰੈੱਸ ਵੀ ਛਾਪੀ ਜਾ ਰਹੇ ਹਨ, ਜੋ ਕਿ ਐਂਟੀ-ਸਿੱਖ ਸਾਜ਼ਿਸ਼ ਦੀ ਇਕ ਕੜੀ ਹੈ। ਹੋਰ ਦੇਖੋ: **ਮਕਲਾਊਡ**, ਡਬਲਿਊ. ਐੱਚ.।

ਔਰਤ ਦਾ ਰੁਤਬਾ/ਦਰਜਾ:- ਸਿੱਖ ਧਰਮ ਵਿਚੋਂ ਔਰਤ ਧਾਰਮਿਕ ਅਤੇ ਸਮਾਜਿਕ ਤੌਰ ਤੇ ਮਰਦ ਦੇ ਬਰਾਬਰ ਹੈ। ਸਿੱਖ ਧਰਮ ਵਿਚ ਬਰਾਬਰੀ ਦਾ ਅਸੂਲ ਸਿਰਫ਼ ਰਸਮੀ ਨਹੀਂ ਹੈ; ਇਹ ਅਮਲੀ ਤੇ ਅਸਲੀ ਹੈ। ਸਿੱਖ ਮਰਦਾਂ ਦੀ ਤਰ੍ਹਾਂ, ਇਕ ਸਿੱਖ ਔਰਤ ਵੀ ਹਰੇਕ ਕਿਸਮ ਦੀ ਧਾਰਮਿਕ ਸੇਵਾ ਕਰ ਸਕਦੀ ਹੈ। ਸਿੱਖ ਔਰਤ ਗੁਰਦੁਆਰੇ ਦੇ ਪ੍ਰਬੰਧ ਅਤੇ ਸੇਵਾ ਵਿਚ ਵੀ ਹਰੇਕ ਤਰ੍ਹਾਂ ਦੀ ਡਿਊਟੀ ਨਿਭਾ ਸਕਦੀ ਹੈ: ਉਹ ਗੁਰਦੁਆਰੇ ਦੀ ਪ੍ਰਬੰਧਕ ਬਣ ਸਕਦੀ ਹੈ, ਉਹ ਪੰਜ ਪਿਆਰਿਆਂ ਵਿੱਚ ਵੀ ਸ਼ਾਮਿਲ ਹੋ ਸਕਦੀ ਹੈ, ਪਾਠ ਕਰ ਸਕਦੀ ਹੈ, ਕੀਰਤਨ/ਕਥਾ ਕਰ ਸਕਦੀ ਹੈ। ਸਿੱਖ ਧਰਮ ਅਣਜੰਮੀ (ਜਾਂ ਜੰਮੀ) ਧੀ ਨੂੰ ਮਾਰਨ, ਸਤੀ, ਤਲਾਕ, ਦਾਜ, ਪਰਦਾ ਵਗ਼ੈਰਾ ਰਸਮਾਂ ਨੂੰ ਰੱਦ ਕਰਦਾ ਹੈ। ਸਿੱਖ ਧਰਮ ਮੁਤਾਬਿਕ ਔਰਤਾਂ ਰਾਜਿਆਂ ਅਤੇ ਗੁਰੂ ਸਾਹਿਬਾਨ ਦੀਆਂ ਮਾਤਾਵਾਂ ਹਨ ਅਤੇ ਇਕ ਔਰਤ (ਮਾਤਾ) ਤੋਂ ਬਿਨਾਂ ਕੋਈ ਵੀ ਇਨਸਾਨ ਜਨਮ ਨਹੀਂ ਲੈ ਸਕਦਾ, ਇਸ ਲਈ ਉਹ (ਔਰਤ) ਮਾੜੀ/ਨੀਂਵੀਂ ਕਿਵੇਂ ਹੋ ਸਕਦੀ ਹੈ। ਇਸ ਤਰ੍ਹਾਂ ਸਿੱਖ ਧਰਮ ਵਿਚ ਔਰਤ ਦਾ, ਦੂਜੇ ਧਰਮਾਂ ਦੇ ਮੁਕਾਬਲੇ ਵਿਚ, ਜ਼ਿਆਦਾ ਸਨਮਾਨ ਕੀਤਾ ਜਾਂਦਾ ਹੈ। ਤਵਾਰੀਖੀ ਪੱਖੋਂ ਵੀ, ਸਿੱਖ ਔਰਤਾਂ ਨੇ ਕਈ ਮੁਸ਼ਕਿਲ ਵਾਲੇ ਮੌਕਿਆਂ 'ਤੇ ਜੰਗ ਦੇ ਮੈਦਾਨ ਤੋਂ ਹਕੂਮਤ ਤਕ, ਆਗੂ ਤੋਂ ਸ਼ਹੀਦੀ ਤਕ, ਪੜ੍ਹਾਉਣ ਤੋਂ ਲੈ ਕੇ ਮਿਸ਼ਨਰੀ ਸੇਵਾ ਤਕ ਵਿਚ ਬਹੁਤ ਅਹਿਮ ਰੋਲ ਅਦਾ ਕੀਤਾ ਹੈ।

> *ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥ (ਸਫ਼ਾ 473)*

ਅੰਮ੍ਰਿਤ:— ਅੰਮ੍ਰਿਤ (ਅ+ਮ੍ਰਿਤ) = ਮੌਤ ਤੋਂ ਪਰੇ। ਅੰਮ੍ਰਿਤ ਇਕ ਅਜਿਹੀ ਚੀਜ਼ ਹੈ ਜੋ ਇਨਸਾਨ ਨੂੰ ਮੌਤ ਤੋਂ ਮੁਕਤ ਕਰ ਦਿੰਦੀ ਹੈ। ਅੰਮ੍ਰਿਤ ਦਾ ਮਤਲਬ, ਸਿੱਖ ਧਰਮ ਵਿਚ, ਹਿੰਦੂ ਸਿਧਾਂਤਾਂ ਤੋਂ ਵੱਖਰਾ ਹੈ। ਹਿੰਦੂ ਮਿਥਹਾਸ ਮੁਤਾਬਿਕ, ਦੇਵਤੇ ਅਤੇ ਰਾਖਸ਼ਾਂ ਨੇ ਇਕੱਠਿਆਂ ਹੋ ਕੇ ਸਮੁੰਦਰ ਰਿੜਕਣਾ ਸ਼ੁਰੂ ਕਰ ਦਿੱਤਾ ਅਤੇ ਅਖੌਤੀ 'ਅੰਮ੍ਰਿਤ' ਤਿਆਰ ਕੀਤਾ। ਜਦੋਂ ਇਹ ਅਖੌਤੀ 'ਅੰਮ੍ਰਿਤ' ਤਿਆਰ ਹੋ ਗਿਆ ਤਾਂ ਦੋਹਾਂ (ਰਾਖਸ਼ਾਂ ਅਤੇ ਦੇਵਤਿਆਂ) ਵਿਚ ਇਸ ਗੱਲ ਤੋਂ ਲੜਾਈ ਹੋ ਗਈ ਕਿਉਂ ਕਿ ਦੋਵੇਂ ਹੀ ਇਸ ਅਖੌਤੀ ਅੰਮ੍ਰਿਤ ਦੇ ਪੂਰੀ ਤਰ੍ਹਾਂ ਮਾਲਿਕ ਬਣਨਾ ਚਾਹੁੰਦੇ ਸਨ ਅਤੇ ਉਸ ਦੀ ਵਰਤੋਂ ਕਰਨਾ ਚਾਹੁੰਦੇ ਸਨ। ਇਸ ਕਰ ਕੇ ਦੋਹਾਂ ਵਿਚ ਬਹੁਤ ਜ਼ਿਆਦਾ ਲੜਾਈ ਹੋਈ। ਲੜਾਈ ਦੇ ਦੌਰਾਨ ਸਾਰਾ ਅਖੌਤੀ ਅੰਮ੍ਰਿਤ ਡੁੱਲ ਗਿਆ ਅਤੇ ਕੋਈ ਵੀ ਹੁਣ ਅਖੌਤੀ ਅੰਮ੍ਰਿਤ ਪੀ ਕੇ ਅਮਰ ਨਹੀਂ ਹੋ ਸਕਦਾ ਸੀ। ਬ੍ਰਾਹਮਣ ਬਹੁਤ ਜ਼ਿਆਦਾ ਚਾਲਾਕ ਸਨ। ਹੁਣ ਉਨ੍ਹਾਂ ਨੇ ਅਮਰ ਹੋਣ ਦੀ ਵਾਸਤੇ ਆਤਮਾ ਦੀ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਜਾਣ ਦੀ ਮਿਥ ਬਣਾ ਲਈ। ਬ੍ਰਾਹਮਣਾਂ ਨੇ ਇਹ ਚਾਲਾਕੀ ਖੇਡੀ ਕਿ ਆਤਮਾ ਕਦੇ ਨਹੀਂ ਮਰਦੀ ਅਤੇ ਇਹ ਇਕ ਸਰੀਰ ਤੋਂ ਦੂਜੇ ਵਿਚ ਦਾਖ਼ਿਲ ਹੋ ਜਾਂਦੀ ਹੈ। ਇਸ ਲਈ ਅਜੇ ਵੀ, ਹਰ ਕੋਈ ਅਮਰ ਹੋ ਸਕਦਾ ਹੈ। ਪਰ ਦੂਜੇ ਪਾਸੇ, ਇਸ ਦਾ ਇਕ ਇਹ ਮਤਲਬ ਵੀ ਨਿਕਲਦਾ ਹੈ ਕਿ ਆਤਮਾ ਪ੍ਰਮਾਤਮਾ ਦਾ ਹਿੱਸਾ ਨਹੀਂ ਹੈ ਅਤੇ ਇਹ ਕਦੇ ਵੀ ਆਪਣੇ ਮੂਲ (ਰੱਬ) ਨਾਲ ਨਹੀਂ ਮਿਲ ਸਕਦੀ।

ਸਿੱਖ ਧਰਮ ਸਦਾ ਜਿਊਂਦੇ ਰਹਿਣ ਦੀ ਅਤੇ ਆਤਮਾ ਦੀ ਦੂਜ ਜਿਸਮ ਵਿਚ ਬਦਲੀ ਦੀ ਮਿੱਥ ਨੂੰ ਰੱਦ ਕਰਦਾ ਹੈ। ਸਿੱਖ ਧਰਮ ਮੁਤਾਬਿਕ ਇਨਸਾਨਾਂ ਦੀ ਜ਼ਿੰਦਗੀ ਦੀ ਮਿਆਦ ਵਾਹਿਗੁਰੂ ਵੱਲੋਂ ਨਿਸਚਿਤ ਹੁੰਦੀ ਹੈ। ਇਨਸਾਨੀ ਜਿਸਮ ਪੰਜ ਤੱਤਾਂ ਦਾ ਬਣਦਾ ਹੈ ਅਤੇ ਇਨਸਾਨ ਦੀ ਮੌਤ ਤੋਂ ਬਾਅਦ ਇਹ ਪੰਜੇ ਤੱਤ ਆਪਣੇ-ਆਪਣੇ ਮੂਲ ਵਿਚ ਸਮਾ ਜਾਂਦੇ ਹਨ। ਸਰੀਰ ਵਿਚਲੀ ਆਤਮਾ ਵੀ ਪ੍ਰਮਾਤਮਾ ਵਿਚ ਮਿਲ ਜਾਂਦੀ ਹੈ। ਸਿੱਖ ਫ਼ਲਸਫ਼ੇ ਵਿਚ ਪ੍ਰਮਾਤਮਾ ਦਾ ਨਾਂ ਜਪਣਾ ਹੀ 'ਅੰਮ੍ਰਿਤ ਪੀਣਾ' ਹੈ ਕਿਉਂਕਿ ਇਹ ਮਰਨ ਦੇ ਡਰ ਤੋਂ ਆਜ਼ਾਦ ਕਰਦਾ ਹੈ।

> *ਏਕੋ ਵੇਖਾ ਅਵਰੁ ਨ ਬੀਆ॥ **ਗੁਰ ਪਰਸਾਦੀ ਅੰਮ੍ਰਿਤੁ ਪੀਆ॥** ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ॥ ਰਤਨੁ ਪਦਾਰਥੁ ਪਲਰਿ ਤਿਆਗੈ॥ ਮਨਮੁਖੁ ਅੰਧਾ ਦੂਜੈ ਭਾਇ ਲਾਗੈ॥ ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ॥ ਅਪਨੀ ਕਿਰਪਾ ਕਰੇ ਸੋਈ ਜਨੁ ਪਾਏ॥ ਗੁਰ ਕਾ ਸਬਦੁ ਮੰਨਿ ਵਸਾਏ॥ ਅਨਦਿਨੁ ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ ਚੁਕਾਵਣਿਆ॥ ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ **ਗੁਰ ਪਰਸਾਦਿ ਪਰਮ ਪਦੁ ਪਾਇਆ॥** ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ॥ ਸਿਮ੍ਰਿਤਿ ਸਾਸਤ ਬੇਦ ਵਖਾਣੈ॥ ਭਰਮੇ ਭੂਲਾ ਤਤੁ ਨ ਜਾਣੈ॥ ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ॥ ਆਪਿ ਕਰੇ ਕਿਸੁ ਆਖੈ ਕੋਈ॥ ਆਖਣ ਜਾਈਐ ਜੇ ਭੂਲਾ ਹੋਈ॥ ਨਾਨਕ ਆਪੇ ਕਰੇ ਕਰਾਏ ਨਾਮੇ ਨਾਮਿ ਸਮਾਵਣਿਆ॥ (ਸਫ਼ਾ 113-114)*
>
> ***ਅੰਮ੍ਰਿਤੁ ਨਾਮੁ ਨਿਧਾਨੁ** ਹੈ ਮਿਲਿ ਪੀਵਹੁ ਭਾਈ॥ ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ॥ ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ॥ ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ॥ ਤੁਧੁ ਜੇਵਡੁ ਤੂ ਹੈ ਪਾਰਬ੍ਰਹਮ ਨਾਨਕ ਸਰਣਾਈ॥ (ਸਫ਼ਾ 318)*

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥ ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥ ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥ ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ (ਸਫ਼ਾ 598)

ਸਿੱਖ ਧਰਮ ਵਿਚ ਅੰਮ੍ਰਿਤ ਕੋਈ ਤਰਲ ਚੀਜ਼ ਜਾਂ ਦੁਆਈ ਨਹੀਂ ਹੈ ਕਿ ਜੋ ਮਨੁੱਖ ਨੂੰ ਸਦਾ ਲਈ ਰਹਿਣ ਵਾਲਾ ਬਣਾਉਂਦਾ ਹੈ। ਇਹ ਸਿਰਫ਼ ਰੱਬ (ਤੇ ਉਸ ਦੀ ਬਾਣੀ) ਹੀ ਹੈ ਜੋ ਅੰਮ੍ਰਿਤ ਹੈ।

ਕੁਝ ਲੇਖਕਾਂ ਨੇ ਸਿੱਖ ਧਰਮ ਵਿਚ ਦਾਖਲੇ ਦੀ ਰਸਮ, 'ਖੰਡੇ ਦੀ ਪਾਹੁਲ', ਨੂੰ ਵੀ 'ਅੰਮ੍ਰਿਤ' ਕਿਹਾ ਹੈ। ਇਹ ਲਫ਼ਜ਼ ਸਹੀ ਨਹੀਂ ਹੈ। ਅਸਲ ਲਫ਼ਜ਼ **ਖੰਡੇ ਦੀ ਪਾਹੁਲ** ਹੀ ਹੈ ਜੋ ਪੰਜ ਪਿਆਰਿਆਂ ਵੱਲੋਂ ਦਿੱਤੀ ਜਾਂਦੀ ਹੈ। (ਵੇਖੋ: **ਖੰਡੇ ਦੀ ਪਾਹੁਲ**।

ਅੰਮ੍ਰਿਤ ਸੰਸਕਾਰ:- ਅੰਮ੍ਰਿਤ ਸੰਸਕਾਰ ਸਿੱਖੀ ਵਿਚ ਦਾਖਲਾ ਲੈਣ ਦੀ ਰਸਮ ਵਾਸਤੇ ਵੀ ਵਰਤਿਆ ਜਾਂਦਾ ਹੈ। ਦੇਖੋ: ਖੰਡੇ ਦੀ ਪਾਹੁਲ।

ਅੰਮ੍ਰਿਤਧਾਰੀ: ਜਿਸ ਨੇ 'ਅੰਮ੍ਰਿਤ ਛਕਿਆ' ਹੋਵੇ, ਯਾਨਿ ਖੰਡੇ ਦੀ ਪਾਹੁਲ ਲਈ ਹੋਵੇ। ਅਜ ਕਲ੍ਹ ਸਿੱਖ ਕਲਚਰ ਵਿਚ ਸਿੱਖੀ ਵਿਚ ਦਾਖਲਾ ਲੈਣ ਵਾਲੇ ਸਿੱਖ ਨੂੰ ਵੀ ਅੰਮ੍ਰਿਤਧਾਰੀ ਕਿਹਾ ਜਾਂਦਾ ਹੈ। ਪਹਿਲੋਂ ਇਸ ਵਾਸਤੇ 'ਪਾਹੁਲੀਆ' ਲਫ਼ਜ਼ ਵਰਤਿਆ ਜਾਂਦਾ ਸੀ।

ਅੰਮ੍ਰਿਤ ਬਾਣੀ: ਅੰਮ੍ਰਿਤਮਈ ਸ਼ਬਦ। ਗੁਰਬਾਣੀ ਨੂੰ ਅੰਮ੍ਰਿਤ ਬਾਣੀ ਵੀ ਕਿਹਾ ਜਾਂਦਾ ਹੈ। ਯਾਨਿ ਗੁਰਬਾਣੀ ਦਾ ਦੂਜਾ ਨਾਂ 'ਅੰਮ੍ਰਿਤ' ਵੀ ਹੈ। ਸਿੱਖਾਂ ਦੀ ਕੌਮੀ ਅਰਦਾਸ ਵਿਚ **'ਅੰਮ੍ਰਿਤਸਰ ਦੇ ਇਸ਼ਨਾਨ'** ਦਾ ਮਾਅਨਾ 'ਗੁਰਬਾਣੀ ਵਿਚ ਚੁੱਭੀ ਲਾਉਣਾ', ਉਸ ਵਿਚ ਡੁੱਬ ਜਾਣਾ, ਯਾਨਿ ਉਸ ਨੂੰ 'ਮਨ ਵਿਚ ਵਸਾਉਣਾ' ਹੈ, ਨਾ ਕਿ ਅੰਮ੍ਰਿਤਸਰ ਸਰੋਵਰ ਹੈ।

ਅੰਮ੍ਰਿਤ ਵੇਲਾ:- ਆਮ ਬੋਲ ਵਿਚ ਅੰਮ੍ਰਿਤ ਵੇਲਾ ਦਾ ਮਾਅਨਾ ਹੈ: ਸਵੇਰ ਹੋਣ ਤੋਂ ਪਹਿਲਾਂ ਦਾ ਪਹਿਰ (ਇਕ ਪਹਿਰ=3 ਘੰਟੇ), ਯਾਨਿ ਤੜਕੇ ਦੋ ਵਜੇ ਤੋਂ ਪੰਜ ਵਜੇ ਤਕ। ਸਿੱਖ ਧਰਮ ਵਿਚ ਕਿਸੇ ਵੀ ਅਖੌਤੀ ਪਵਿੱਤਰ ਸਮੇਂ ਜਾਂ ਖ਼ਾਸ ਪਲ ਦੀ ਅਹਿਮੀਅਤ ਦਾ ਫ਼ਲਸਫ਼ਾ ਨਹੀਂ ਹੈ। ਇਕ ਸਿੱਖ ਨੂੰ ਸੂਰਜ ਚੜ੍ਹਨ ਤੋਂ ਪਹਿਲਾਂ ਉੱਠਣ ਦਾ ਸਿਧਾਂਤ ਦਿੱਤਾ ਗਿਆ ਹੈ ਅਤੇ ਰੌਸ਼ਨੀ ਹੋਣ ਤੋਂ ਪਹਿਲਾਂ ਨਿਤਨੇਮ ਕਰਨ ਲਈ ਕਿਹਾ ਗਿਆ ਹੈ (ਪਰ ਇਹ ਸਵੇਰੇ ਤਿੰਨ ਵਜੇ ਤੋਂ ਪਹਿਲਾਂ ਦਾ ਸਮਾਂ ਨਹੀਂ ਹੈ)। ਇਸ ਤੋਂ ਇਹ ਭਾਵ ਨਹੀਂ ਹੈ ਕਿ ਬਾਕੀ ਸਮੇਂ ਘੱਟ ਪਵਿੱਤਰ ਹਨ ਜਾਂ ਬਾਕੀ ਸਮੇਂ ਵਿਚ ਧਿਆਨ ਨਹੀਂ ਜੁੜਦਾ। ਸਿੱਖ ਧਰਮ ਮੁਤਾਬਿਕ ਸਾਰੇ ਦਿਨ, ਘੰਟੇ ਅਤੇ ਪਲ ਪਰਮਾਤਮਾ ਦਾ ਨਾਂ ਲੈਣ ਲਈ ਪਵਿੱਤਰ ਹਨ। ਸਿੱਖ ਨੂੰ ਹਰ ਸਮੇਂ ਰੱਬ ਨੂੰ ਯਾਦ ਕਰਦੇ ਰਹਿਣਾ ਚਾਹੀਦਾ ਹੈ।

__ਊਠਤ ਬੈਠਤ ਸੋਵਤ ਧਿਆਈਐ__॥ ਮਾਰਗਿ ਚਲਤ ਹਰੇ ਹਰਿ ਗਾਈਐ ॥ ਸ੍ਰਵਨ ਸੁਨੀਜੈ ਅੰਮ੍ਰਿਤ ਕਥਾ ॥ ਜਾਸੁ ਸੁਨੀ ਮਨਿ ਹੋਇ ਅਨੰਦਾ ਦੂਖ ਰੋਗ ਮਨ ਸਗਲੇ ਲਥਾ ॥ ਕਾਰਜਿ ਕਾਮਿ ਬਾਟ ਘਾਟ ਜਪੀਜੈ ॥ ਗੁਰ ਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ ॥ ਦਿਨਸੁ ਰੈਨਿ ਹਰਿ ਕੀਰਤਨੁ ਗਾਈਐ ॥ ਸੋ ਜਨੁ ਜਮ ਕੀ ਵਾਟ ਨ ਪਾਈਐ ॥ __ਆਠ ਪਹਰ ਜਿਸੁ ਵਿਸਰਹਿ ਨਾਹੀ__॥ ਗਤਿ ਹੋਵੈ ਨਾਨਕ ਤਿਸੁ ਲਗਿ ਪਾਈ ॥ (ਸਫ਼ਾ 386)

*ਸੁਣਿ ਸੁਣਿ ਅੰਮ੍ਰਿਤ ਨਾਮੁ ਧਿਆਵਾ॥ **ਆਠ ਪਹਰ ਤੇਰੇ ਗੁਣ ਗਾਵਾ॥** (ਸਫ਼ਾ 740)*

ਅੰਮ੍ਰਿਤਸਰ: ਦ ਲਾਸਟ ਬੈਟਲ ਆਫ਼ ਇੰਦਰਾ ਗਾਂਧੀ:- ਇਹ ਕਿਤਾਬ ਮਾਰਕ ਟੁਲੀ ਅਤੇ ਸਤੀਸ਼ ਜੈਕੋਬ ਵੱਲੋਂ ਲਿਖੀ ਗਈ ਸੀ। ਲਿਖਾਰੀਆਂ ਨੇ ਭਾਰਤੀ ਫੌਜ ਦੁਆਰਾ 4 ਜੂਨ 1984 ਨੂੰ ਦਰਬਾਰ ਸਾਹਿਬ 'ਤੇ ਕੀਤੇ ਗਏ ਅਤੇ ਹਮਲੇ ਤੋਂ ਪਹਿਲਾਂ ਅਤੇ ਬਾਅਦ ਦੇ ਪਲਾਂ ਨੂੰ ਬਿਆਨ ਕੀਤਾ ਹੈ। ਮਾਰਕ ਟੁਲੀ ਇੰਦਰਾ ਗਾਂਧੀ ਲਈ ਆਪਣੇ ਲਿੱਘੇ ਜਜ਼ਬਾਤ ਲੁਕਾ ਕੇ ਨਹੀ ਰੱਖਦਾ ਅਤੇ ਸਿੱਖਾਂ ਨੂੰ ਪਸੰਦ ਨਹੀਂ ਕਰਦਾ। ਇਸ ਕਿਤਾਬ ਦੇ ਛਪਣ ਮਗਰੋਂ ਮਾਰਕ ਟੁਲੀ ਦੀਆਂ ਸੇਵਾਵਾਂ ਨੂੰ ਮੁੱਖ ਰਖ ਕੇ ਉਸ ਨੂੰ ਭਾਰਤੀ ਸਰਕਾਰ ਵੱਲੋਂ ਪਦਮ ਸ੍ਰੀ ਦਾ ਐਵਾਰਡ ਦਿੱਤਾ ਗਿਆ ਸੀ। ਇਹ ਐਵਾਰਡ ਕਦੇ ਇਸ ਤੋਂ ਪਹਿਲਾਂ ਜਾਂ ਇਸ ਮਗਰੋਂ ਮੁੜ ਕੇ ਵੀ ਕਦੇ ਕਿਸੇ ਵਿਦੇਸ਼ੀ ਨੂੰ ਨਹੀਂ ਸੀ ਦਿੱਤਾ ਗਿਆ।

ਇਕ ਓਅੰਕਾਰ/੧ਓਅੰਕਾਰ: ਇਹ ਸਿੱਖਾਂ ਦਾ, ਗੁਰੂ ਗ੍ਰੰਥ ਸਾਹਿਬ ਦਾ, ਗੁਰੂ ਦੀ ਸਿਖਿਆ ਦਾ ਪਹਿਲਾ ਸ਼ਬਦ ਹੈ। ਇਸ ਦਾ ਮਾਅਨਾ ਹੈ ਕਿ ਰੱਬ ਸੱਚ ਹੈ ਪਰ ਉਹ ਇਕੋ (ਵਹਿਦ) ਹੀ ਹੈ ਅਤੇ ਉਸ ਦਾ ਵਜੂਦ ਅਤੇ ਉਸ ਦਾ ਹੁਕਮ ਉਸ ਦੀ ਸਾਰੀ ਰਚਨਾ ਵਿਚ ਪੂਰੀ ਤਰ੍ਹਾਂ ਵਰਤ ਰਿਹਾ ਹੈ। **੧ਓਅੰਕਾਰ** ਹਿੰਦੂਆਂ ਦੇ 'ਓਮ' ਤੋਂ ਅਲਗ ਹੈ। ਹਿੰਦੂ ਓਮ ਨੂੰ ਤਿੰਨ ਅੱਖਰਾਂ ੳ+ਅ+ਮ (ਬ੍ਰਹਮਾ, ਵਿਸ਼ਨੂ, ਮਹੇਸ਼) ਦਾ ਮੇਲ ਮੰਨਦੇ ਹਨ। ਸਿੱਖ ਫ਼ਲਸਫ਼ੇ ਮੁਤਾਬਿਕ ਉਹ (ਵਾਹਿਗੁਰੂ) ਇਕ ਹੈ, ਤਿੱਕੜੀ ਨਹੀਂ। ਇੱਥੇ '੧' ਅੰਕੜਾ 'ਓਅੰਕਾਰ' ਦਾ ਅਗੇਤਰ ਹੈ, ਜਿਸ ਦਾ ਮਾਅਨਾ ਹੈ ਕਿ ਉਹ ਵਾਹਿਗੁਰੂ ਇਕ ਹੈ ਅਤੇ ਹਰੇਕ ਜਗਹ ਉਹੀ ਇਕ ਮੌਜੂਦ ਹੈ। ਉਂਞ ਤਾਂ ਲਫ਼ਜ਼ 'ਵਾਹਿਗੁਰੂ' ਵੀ ਵਾਹਿਦ+ਗੁਰੂ ਤੋਂ ਬਣਿਆ ਹੈ ਤੇ ਵਾਹਿਦ ਦਾ ਮਾਅਨਾ ਵੀ ਇਕ ਹੁੰਦਾ ਹੈ। ਇਸ ਤਰ੍ਹਾਂ ਸਿੱਖ ਧਰਮ ਤ੍ਰਿਮੂਰਤੀ (ਜਾਂ Trinity) ਦੀ ਹੋਂਦ ਤੋਂ ਵੀ ਇਨਕਾਰ ਕਰਦਾ ਹੈ)।

ਇੱਕੀ ਵਿਸਵੇ: ਇਸ ਦਾ ਲਫ਼ਜ਼ੀ ਮਾਅਨਾ ਹੈ: 21 ਹਿੱਸੇ। ਇੱਕੀ ਵਿਸਵੇ ਲਫ਼ਜ਼ ਜ਼ਮੀਨ ਮਿਣਨ ਤੋਂ ਬਣਿਆ ਹੈ। ਇਕ ਵਿਘੇ ਵਿਚ ਵੀਹ ਵਿਸਵੇ ਹੁੰਦੇ ਹਨ। ਇੱਕੀ ਵਿਸਵੇ ਦਾ ਮਾਅਨਾ ਹੈ 'ਪੂਰੇ ਤੋਂ ਕੁਝ ਵਧ' (ਯਾਨਿ ਵੀਹ ਵਿਸਵੇ ਦੀ ਥਾਂ ਇੱਕੀ ਵਿਸਵੇ)। ਕੁਝ ਲੇਖਕ ਗੁਰੂ ਸਾਹਿਬ ਨੂੰ ਵੀਹ ਵਿਸਵੇ ਤੇ ਸੰਗਤ ਨੂੰ ਇੱਕੀ ਵਿਸਵੇ ਲਿਖਦੇ ਹਨ, ਯਾਨਿ ਸੰਗਤ ਗੁਰੂ ਤੋਂ ਵਧ ਹੋ ਸਕਦੀ ਹੈ। ਪਰ ਇਹ ਬਿਲਕੁਲ ਹੀ ਗ਼ਲਤ ਹੈ। ਸੰਗਤ ਤਾਂ ਕੀ ਸਰਬਤ ਖਾਲਸਾ ਵੀ ਗੁਰੂ ਤੋਂ ਵਧ ਨਹੀਂ ਹੋ ਸਕਦਾ। ਹੋਰ ਦੇਖੋ: ਇਕੀਸ।

ਇਕੀਸ: ਇਹ ਰੱਬ ਦਾ ਹੀ ਇਕ ਹੋਰ ਨਾਂ ਹੈ। ਇਸ ਦਾ ਮਾਅਨਾ ਹੈ: ਇਕ ਈਸ਼ਵਰ (ਇਕ+ਈਸ਼; ਈਸ=ਰੱਬ, ਯਾਨਿ ਇਕ ਪ੍ਰਮਾਤਮਾ/ਰੱਬ)। ਇਸ ਦੇ ਇਕ ਮਾਅਨੇ ਇਹ ਵੀ ਹਨ: ਇਹ ਯਕੀਨ ਕੀਤਾ ਜਾਂਦਾ ਹੈ ਕਿ ਸਾਰੀ ਦੁਨੀਆਂ ਨੂੰ ਵੀਹ ਹਿੱਸਿਆਂ ਵਿਚ ਪੇਸ਼ ਕੀਤਾ ਜਾ ਸਕਦਾ ਹੈ ਅਤੇ ਇੱਕੀਵੀਂ ਆਤਮਾ ਹੈ ਜੋ ਪ੍ਰਮਾਤਮਾ ਦਾ ਹਿੱਸਾ ਹੈ, ਯਾਨਿ ਇਸ ਮੁਤਾਬਿਕ ਵੀ ਇਕੀਸ, ਯਾਨਿ ਇੱਕੀਵਾਂ, ਦਾ ਮਾਅਨਾ 'ਰੱਬ' ਹੈ। ਹੋਰ ਦੇਖੋ: **ਇੱਕੀ ਵਿਸਵੇ**

ਇਲਮ: ਦੇਖੋ: **ਗਿਆਨ**

ਇੰਦਰ: ਇਹ ਹਿੰਦੂਆਂ ਦਾ ਇਕ ਮਿਥਿਹਾਸਕ ਦੇਵਤਾ ਹੈ। ਇਸ ਨੂੰ ਹਿੰਦੂਆਂ ਦੇ ਮਿਥਿਹਾਸਕ ਸਵਰਗ ਦਾ ਹਾਕਮ ਵੀ ਕਿਹਾ ਜਾਂਦਾ ਹੈ। ਇਹ ਸੋਮਰਸ (ਸ਼ਰਾਬ) ਪੀਣ ਦਾ ਬੜਾ ਸ਼ੌਕੀਨ ਹੈ। ਇਨਸਾਨ ਦੇ ਤੌਰ 'ਤੇ, ਇਹ ਆਸ਼ਕ-ਮਿਜਾਜ਼ ਤੇ ਕਾਮੀ ਹੈ ਪਰ ਬਹੁਤ ਵੱਡਾ ਈਰਖਾਲੂ ਅਤੇ ਸਾਜ਼ਿਸ਼ੀ ਵੀ ਹੈ। ਉਸ ਦੇ ਦੂਜਿਆਂ ਦੀਆਂ ਬੀਵੀਆਂ ਨਾਲ ਭੋਗ (ਸੈਕਸ) ਕਰਨ ਸਬੰਧੀ ਬਹੁਤ ਸਾਰੇ ਕਾਰਨਾਮੇ ਹਿੰਦੂ ਕਿਤਾਬਾਂ ਵਿਚ ਭਰੇ ਪਏ ਹਨ। ਇਕ ਵਾਰ ਜਦੋਂ ਉਸ ਨੇ ਗੌਤਮ ਦੀ ਪਤਨੀ ਅਹਲਿਆ ਦਾ ਸਤ ਭੰਗ ਕੀਤਾ ਤਾਂ ਉਸ ਨੂੰ ਸਰਾਪ ਦੇ ਦਿੱਤਾ ਗਿਆ ਜਿਸ ਨਾਲ ਉਸ ਦੇ ਜਿਸਮ ਤੇ ਔਰਤ ਦੀ ਯੋਨੀ ਦੇ ਇਕ ਸੌ ਮੂੰਹ ਉਗ ਆਏ। (ਇਹੋ ਜਿਹੀਆਂ ਸੈਂਕੜੇ ਹਾਸੋਹੀਣੀਆਂ ਗੱਪ ਕਹਾਣੀਆਂ ਹੋਰ ਮਿਥਹਾਸਕ/ਕਾਲਪਨਿਕ/ਮਸਨੂਹੀ ਦੇਵਤਿਆਂ ਬਾਰੇ ਵੀ ਮਿਲ ਜਾਂਦੀਆਂ ਹਨ)।

ਇੰਦਰ ਨੂੰ ਮਿਥਿਹਾਸਕ ਹਿੰਦੂ ਦੇਵਤੇ ਕ੍ਰਿਸ਼ਨ ਦੇ ਵਿਰੋਧੀ ਵਜੋਂ ਵੀ ਜਾਣਿਆ ਜਾਂਦਾ ਹੈ, ਜਿਸ (ਕ੍ਰਿਸ਼ਨ) ਨੇ ਇਕ ਮਿਥਿਹਾਸਕ ਪਾਰਜਾਤ ਦਰਖ਼ਤ (ਜਿਸ ਨੂੰ ਕੁਝ ਹਿੰਦੂ ਲੋਕ 'ਸਾਰੀਆਂ ਖ਼ਾਹਿਸ਼ਾਂ ਪੂਰੀਆਂ ਕਰਨ ਵਾਲਾ ਅਖੌਤੀ ਜਾਦੂ ਦਾ ਦਰਖ਼ਤ' ਮੰਨਦੇ ਹਨ), ਕਾਲਪਨਿਕ ਅਖੌਤੀ ਦੇਵਤੇ ਇੰਦਰ ਦੇ ਬਾਗ ਵਿੱਚੋਂ ਆਪਣੀ ਮਾਸ਼ੂਕਾ ਵਾਸਤੇ ਚੋਰੀ ਕੀਤਾ ਸੀ ਤੇ ਇਸ ਮਗਰੋਂ ਇੰਦਰ ਤੇ ਕ੍ਰਿਸ਼ਨ ਵਿਚਕਾਰ ਜੰਗ ਹੋਈ ਸੀ। ਇਨ੍ਹਾਂ ਦੋਹਾਂ ਕਹਾਣੀਆਂ ਦੇ ਹਵਾਲੇ ਗੁਰੂ ਗ੍ਰੰਥ ਸਾਹਿਬ ਵਿਚ ਦਿਤੇ ਗਏ ਹਨ ਤਾਂ ਜੋ ਦਸਿਆ ਜਾ ਸਕੇ ਕਿ ਇਹ ਦੋਵੇਂ ਅਖੌਤੀ ਦੇਵਤੇ ਕਿਹੋ ਜਿਹੇ ਸਨ।

> *ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ **ਕਾਨ੍ ਕ੍ਰਿਸਨੁ ਜਾਦਮੁ** ਭਇਆ॥ **ਪਾਰਜਾਤੁ ਗੋਪੀ ਲੈ ਆਇਆ** ਬਿੰਦ੍ਰਾਬਨ ਮਹਿ ਰੰਗੁ ਕੀਆ॥ (ਸਫ਼ਾ 470)*

> *ਗੋਤਮ ਨਾਰਿ ਉਮਾਪਤਿ ਸ੍ਵਾਮੀ ॥ ਸੀਸੁ ਧਰਨਿ **ਸਹਸ ਭਗ ਗਾਂਮੀ**॥ ਇਨ ਦੂਤਨ ਖਲੁ ਬਧੁ ਕਰਿ ਮਾਰਿਓ॥ ਬਡੋ ਨਿਲਾਜੁ ਅਜਹੂ ਨਹੀ ਹਾਰਿਓ॥ (ਸਫ਼ਾ 710)*

> *ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ **ਇੰਦ੍ਰੁ ਲੁਭਾਇਆ**॥ **ਸਹਸ ਸਰੀਰ ਚਿਹਨ ਭਗ ਹੂਏ** ਤਾ ਮਨਿ ਪਛੋਤਾਇਆ॥ (ਸਫ਼ਾ 1343-44)*

ਇਨਸਾਨ: ਅਸੀਂ ਇਨਸਾਨ, ਰੱਬ ਦੀ ਸ਼ਾਇਦ ਸਭ ਤੋਂ ਅਹਿਮ ਸਿਰਜਣਾ ਹਾਂ। ਇਨਸਾਨ ਦੇ ਜੀਵਨ ਦਾ ਮਕਸਦ ਦੁਨੀਆਂ ਵਿਚ ਪੈਦਾ ਕਰਨ ਵਾਲੇ ਰੱਬ ਵੱਲੋਂ ਸੌਂਪੇ ਗਏ ਫ਼ਰਜ਼ ਨੂੰ ਪੂਰਾ ਕਰਨਾ ਹੈ। ਵਿਦਵਾਨਾਂ ਮੁਤਾਬਿਕ ਆਮ ਇਨਸਾਨ ਦਾ ਫ਼ਰਜ਼ ਆਪੇ ਦੀ ਪਛਾਣ ਕਰਨ, ਸੱਚਾ ਜੀਵਨ ਜਿਊਣ, ਹਉਮੈ ਤੇ ਹੋਰ ਵਿਕਾਰਾਂ ਤੋਂ ਛੁਟਕਾਰਾ ਪਾਉਣ ਅਤੇ ਪ੍ਰਮਾਤਮਾ ਦੇ ਨਾਂ ਵਿਚ ਧਿਆਨ ਜੋੜਨ ਨਾਲ ਪੂਰਾ ਹੋ ਸਕਦਾ ਹੈ। ਹੋਰ ਦੇਖੋ: **ਜੀਵ, ਜ਼ਿੰਦਗੀ (ਦਾ ਮਕਸਦ)**

ਇਲਹਾਮ: ਇਹ ਉਹ ਰੂਹਾਨੀ ਗਿਆਨ ਹੈ ਜੋ ਰੱਬ ਵੱਲੋਂ ਸਿੱਧਾ ਕਿਸੇ ਖ਼ਾਸ ਸ਼ਖ਼ਸ ਨੂੰ ਭੇਜਿਆ/ਪਹੁੰਚਾਇਆ/ਦਿੱਤਾ ਜਾਂਦਾ ਹੈ। ਸਿੱਖ ਧਰਮ ਇਲਹਾਮ ਦਾ ਧਰਮ ਹੈ। ਰੱਬ ਨੇ ਗੁਰੂ ਨਾਨਕ ਸਾਹਿਬ ਨੂੰ 'ਸ਼ਬਦ' (ਗਿਆਨ) ਦਾ ਇਲਹਾਮ ਕੀਤਾ ਅਤੇ ਜਦੋਂ ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਸਾਹਿਬ ਆਪਣਾ ਵਾਰਿਸ ਨਾਮਜ਼ਦ ਕੀਤਾ

ਤਾਂ ਉਨ੍ਹਾਂ ਨੇ ਆਪਣੀ ਜੋਤਿ (ਰੂਹਾਨੀ ਗਿਆਨ) ਦਾ ਪ੍ਰਕਾਸ਼ ਗੁਰੂ ਅੰਗਦ ਸਾਹਿਬ ਵਿਚ ਕਰ ਦਿੱਤਾ। ਇਹ ਕਾਰਵਾਈ ਦਸਵੇਂ ਗੁਰੂ ਤਕ ਜਾਰੀ ਰਹੀ।

ਗੁਰੂ ਗ੍ਰੰਥ ਸਾਹਿਬ ਗੁਰੂ ਸਾਹਿਬਾਨ ਦੀ ਰੂਹ/ਜੋਤਿ (ਰੂਹਾਨੀ ਗਿਆਨ) ਹੈ। ਗੁਰੂ ਗ੍ਰੰਥ ਸਾਹਿਬ ਇਲਹਾਮ ਦਾ ਗ੍ਰੰਥ ਹੈ। ਗੁਰਬਾਣੀ ਇਲਹਾਮ ਹੈ ਕਿਉਂ ਕਿ ਇਲਾਹੀ ਸ਼ਬਦ ਦਾ ਚਾਨਣ ਦੇਂਦੀ ਹੈ। ਇਸ ਬਾਰੇ ਗੁਰੂ ਸਾਹਿਬ ਆਪ ਕਹਿੰਦੇ ਹਨ:

ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥ (ਸਫ਼ਾ 628)

ਇੜਾ, ਪਿੰਗਲਾ ਅਤੇ ਸੁਖਮਨਾ:- ਹਿੰਦੂ ਮਿਥਹਾਸ ਵਿਚ ਇੜਾ ਉਸ ਕਾਲਪਨਿਕ ਨਾੜੀ ਦਾ ਨਾਂ ਹੈ ਜੋ ਖੱਬੀ ਨਾਸ ਵਿਚ ਹੁੰਦੀ ਹੈ ਅਤੇ ਸੁਖਮਨਾ ਉਹ ਹੈ ਜਿਹੜੀ ਨਾੜੀ ਦੇ ਵਿਚਕਾਰ ਹੁੰਦੀ ਹੈ। ਇਸੇ ਤਰ੍ਹਾਂ ਨਾਸ ਦੇ ਸੱਜੇ ਪਾਸੇ ਜੋ ਨਾੜੀ ਹੁੰਦੀ ਹੈ ਉਸ ਨੂੰ ਪਿੰਗਲਾ ਕਿਹਾ ਜਾਂਦਾ ਹੈ ਅਤੇ ਸੁਖਮਨਾ ਨਾੜੀ ਅਤੇ ਦਿਮਾਗ ਨੂੰ ਜੋੜਨ ਵਾਲੀ ਨਾੜੀ ਹੈ, ਉਸ ਨੂੰ ਵੀ ਸੁਖਮਨਾ ਕਿਹਾ ਗਿਆ ਹੈ। ਬ੍ਰਾਹਮਣਾਂ ਮੁਤਾਬਿਕ ਇਹ ਨਾੜੀਆਂ ਯੋਗਾ ਕਰਨ ਵਿਚ ਮਦਦ ਕਰਦੀਆਂ ਹਨ। ਸਿੱਖ ਫ਼ਲਸਫ਼ੇ ਵਿਚ ਇਨ੍ਹਾਂ ਅਖੌਤੀ ਇੜਾ, ਪਿੰਗਲਾ ਅਤੇ ਸੁਖਮਨਾ ਦੀ ਹੋਂਦ ਨੂੰ ਕਬੂਲ ਨਹੀਂ ਕੀਤਾ ਗਿਆ।

ਇਸ਼ਨਾਨ:- ਇਸ਼ਨਾਨ ਦਾ ਲਫ਼ਜ਼ੀ ਮਾਅਨਾ ਹੈ: ਜਿਸਮ ਦੀ ਸਫ਼ਾਈ ਕਰਨਾ। ਸਿੱਖ ਧਰਮ ਵਿਚ 'ਨਾਮ, ਦਾਨ, ਇਸ਼ਨਾਨ' ਦੀ ਖਾਸ ਅਹਿਮੀਅਤ ਮੰਨੀ ਗਈ ਹੈ। ਇਸ ਦਾ ਮਤਲਬ ਹੈ ਕਿ ਹਰੇਕ ਨੂੰ ਹਰ ਵੇਲੇ ਰੱਬ ਦਾ ਨਾਂ,ਉਸ ਦੀ ਮੌਜੂਦਗੀ ਨੂੰ, ਯਾਦ ਰੱਖਣਾ ਚਾਹੀਦਾ ਹੈ (ਯਾਨਿ **ਨਾਮ**); ਇੱਕ ਚੰਗਾ ਸ਼ਹਿਰੀ ਬਣਨ ਵਾਸਤੇ ਲੋਕ ਭਲਾਈ ਲਈ ਆਪਣੀ ਕਮਾਈ ਦਾ ਕੁਝ ਹਿੱਸਾ ਦੇਣਾ ਚਾਹੀਦਾ ਹੈ (ਯਾਨਿ **ਦਾਨ**); ਹਰੇਕ ਨੂੰ ਜਿਸਮ, ਮਨ ਅਤੇ ਰੂਹ ਦਾ ਇਸ਼ਨਾਨ ਕਰਨਾ ਚਾਹੀਦਾ (ਯਾਨਿ ਸਫ਼ਾਈ ਰੱਖਣੀ ਚਾਹੀਦੀ) ਹੈ (ਯਾਨਿ **ਇਸ਼ਨਾਨ**)। ਸਿੱਖ ਧਰਮ ਵਿੱਚ 'ਇਸ਼ਨਾਨ' ਸਿਰਫ਼ ਜਿਸਮ ਦੀ ਸਫ਼ਾਈ ਨਹੀਂ; ਇਸ ਵਿਚ ਇਖ਼ਲਾਕ, ਮਾਹੌਲ (ਵਾਤਾਵਰਣ) ਦੀ ਪਵਿੱਤਰਤਾ (ਮਾਨਸਿਕ ਤੇ ਰੂਹਾਨੀ ਸਫ਼ਾਈ) ਵੀ ਸ਼ਾਮਿਲ ਹਨ। ਇਸ਼ਨਾਨ ਇਨਸਾਨ ਨੂੰ ਹਰ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ; ਇਹ ਤਿੰਨ ਤਰ੍ਹਾਂ ਦੀਆਂ ਬੀਮਾਰੀਆਂ ਹਨ: ਸਰੀਰਕ, ਦਿਮਾਗੀ ਅਤੇ ਮਾਨਸਿਕ ਬਿਮਾਰੀਆਂ (ਆਧ, ਬਿਆਧਿ ਅਤੇ ਉਪਾਧ)। ਇਸ਼ਨਾਨ ਦਾ ਹੋਰ ਮਾਅਨਾ ਰੱਬ ਦੇ ਨਾਂ, ਸ਼ਬਦ, ਵਿਚ ਡੁਬਕੀ ਲਾਉਣੀ (ਸ਼ਬਦ ਨੂੰ ਸਮਝਣਾ ਤੇ ਉਸ ਮੁਤਾਬਿਕ ਜ਼ਿੰਦਗੀ ਢਾਲਣਾ), ਯਾਨਿ ਅੰਮ੍ਰਿਤਸਰ ਦਾ ਇਸ਼ਨਾਨ ਵੀ ਹੈ। ਹੋਰ ਦੇਖੋ: **ਨਾਮ** – 190

ਇਖ਼ਲਾਕ (ਸਿੱਖ ਦਾ):- ਜ਼ਿੰਦਗੀ ਜਿਊਣ ਵਾਸਤੇ ਹਰ ਇਨਸਾਨ ਤੇ ਹਰ ਕੌਮ ਕੋਲ ਕੁਝ ਖ਼ਾਸੀਅਤਾਂ ਹੁੰਦੀਆਂ ਹਨ; ਇਨ੍ਹਾਂ ਵਿੱਚੋਂ ਕੁਝ ਜਮ੍ਹਾਂ ਵਾਲੀਆਂ ਹੁੰਦੀਆਂ ਹਨ ਤੇ ਕੁਝ ਨਾਂਹ ਵਾਲੀਆਂ। ਇਸ ਵਿਚੋਂ ਕੁਝ ਨਿਜੀ ਹੁੰਦੀਆਂ ਹਨ ਤੇ ਕੁਝ ਕੌਮੀ। ਇਨ੍ਹਾਂ ਦਾ ਆਧਾਰ ਇਨਸਾਨੀਅਤ ਅਤੇ ਭਾਈਚਾਰਕ ਸਾਂਝ ਹੁੰਦਾ ਹੈ।

ਇਹ ਇਖ਼ਲਾਕੀ (ਆਚਰਣਕ) ਗੁਣਾਂ ਦਾ ਇਕ 'ਗੁਲਦਸਤਾ' ਹੁੰਦਾ ਹੈ, ਜਿਸ ਵਿਚ ਜ਼ਿੰਦਗੀ ਲਈ ਨਰੋਈਆਂ ਸੋਚਾਂ/ਖ਼ਿਆਲ ਹੁੰਦੇ ਹਨ, ਜਿਵੇਂ: ਸਾਦਾ ਖਾਣਾ, ਸ਼ਰਾਬ-ਤੰਬਾਕੂ ਤੇ ਹੋਰ ਨਸ਼ੇ ਨਾ ਵਰਤਣੇ, ਸਾਦਾ ਪਹਿਰਾਵਾ, ਜ਼ਾਤ-ਰੰਗ-ਲਿੰਗ-ਧਰਮ ਦੇ ਅਧਾਰ 'ਤੇ ਵਿਤਕਰਾ ਨਾ ਕਰਨਾ, ਇਮਾਨਦਾਰੀ ਨਾਲ ਰੋਜ਼ੀ ਕਮਾਉਣਾ, ਵੰਡ ਕੇ

ਛਕਣਾ, ਲੋੜਵੰਦ ਅਤੇ ਗ਼ਰੀਬ ਦੀ ਮਦਦ ਕਰਨੀ, ਇਨਸਾਫ਼ ਵਾਸਤੇ ਜੱਦੋਜਹਿਦ ਕਰਨਾ, ਹਰ-ਇਕ (ਸਾਰੀ ਲੋਕਾਈ) ਦਾ ਭਲਾ ਲੋਚਣਾ, ਹਰ ਸਮੇਂ ਸੱਚ ਤੇ ਹੱਕ ਵਾਸਤੇ ਲੜਨ ਲਈ ਤਿਆਰ ਰਹਿਣਾ, ਚੋਰੀ ਨਾ ਕਰਨਾ, ਭਿੱਖਿਆ ਨਾ ਮੰਗਣਾ, ਸੱਚ ਬੋਲਣਾ, ਗ਼ੈਰ ਦੇ ਅਕੀਦੇ ਤੇ ਜਜ਼ਬਾਤ ਨਾਲ ਨਫ਼ਰਤ ਨਾ ਕਰਨਾ, ਹਰੇਕ ਦੇ ਧਰਮ ਦੀ ਇੱਜ਼ਤ ਕਰਨਾ, ਵਿਭਚਾਰ ਨਾ ਕਰਨਾ, ਕਿਸੇ 'ਤੇ ਹਮਲਾ ਨਾ ਕਰਨਾ, ਜ਼ੁਲਮ ਵੇਖ ਕੇ ਚੁੱਪ ਨਾ ਰਹਿਣਾ, ਜਲਦੀ ਉੱਠਣਾ/ਜਾਗਣਾ (ਘਟ ਸੌਣਾ), ਸਰੀਰ ਦੀ ਸਫ਼ਾਈ ਕਰਨਾ, ਤਰਸ, ਮਿਹਰ, ਮਦਦ, ਪਿਆਰ, ਉਪਕਾਰ ਕਰਨਾ ਵਗੈਰਾ ਇਹ ਸਿੱਖ ਦੇ ਇਖ਼ਲਾਕ (ਸਦਾਚਾਰ) ਦੇ ਮੁੱਢਲੇ ਨੁਕਤੇ ਹਨ। ਇਨ੍ਹਾਂ ਵਿਚੋਂ ਕੁਝ ਨੁਕਤੇ ਕੁਝ ਲੋਕ ਅਪਣਾਉਂਦੇ ਹਨ। ਸਾਰਾ ਕੁਝ ਤਾਂ, ਸ਼ਾਇਦ, ਕੋਈ ਵੀ ਨਾ ਅਪਣਾ ਸਕਦਾ ਹੋਵੇ ਪਰ ਇਹ ਫ਼ਲਸਫ਼ੇ ਦੇ ਨੁਕਤੇ ਹਨ ਜਿਨ੍ਹਾਂ ਨੂੰ ਅਪਣਾਉਣ ਦੀ ਹਰ ਇਕ ਸਿੱਖ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। ਹੋਰ ਦੇਖੋ: ਵੱਖ-ਵੱਖ ਸਿਰਲੇਖਾਂ ਹੇਠਾਂ ਇਖ਼ਲਾਕ ਨਾਲ ਸਬੰਧਤ ਵੱਖ-ਵੱਖ ਨੁਕਤੇ।

ਈਟੀ (ਮਧਾਣੀ ਦੇ ਨੇਤ੍ਰੇ/ਰੱਸੀ ਵਾਸਤੇ):- ਇਹ ਇਕ ਨਿੱਕੀ ਜਿਹੀ ਲੱਕੜ ਹੁੰਦੀ ਹੈ ਜੋ ਮਧਾਣੀ ਨੂੰ ਘੁਮਾਉਣ ਵਾਲੀ ਨੇਤ੍ਰੀ/ਰੱਸੀ ਦੇ ਦੋਹੀਂ ਪਾਸੀ ਬੰਨ੍ਹੀ ਹੁੰਦੀ ਹੈ ਤਾਂ ਜੋ ਉਸ ਰੱਸੀ ਨੂੰ ਘੁੱਟ ਕੇ ਫੜਿਆ ਜਾ ਸਕੇ ਤਾਂ ਜੋ ਉਹ ਬੇਕਾਬੂ ਨਾ ਹੋ ਜਾਵੇ)। ਇਸ ਨੂੰ ਫੜ ਕੇ ਰੱਸੀ ਆਸਾਨੀ ਨਾਲ ਚਲਦੀ ਹੈ ਤੇ ਦਹੀਂ ਸੌਖਿਆਂ ਰਿੜਕਿਆ ਤੇ ਮੱਖਣ ਕੱਢਿਆ ਜਾਂਦਾ ਹੈ। ਜਿਵੇਂ ਨੇਤ੍ਰੇ ਦੀਆਂ ਈਟੀਆਂ ਹੱਥ ਵਿਚ ਫੜ ਕੇ ਦੁੱਧ ਭਾਂਡੇ ਵਿਚ ਰਿੜਕੀਦਾ ਹੈ ਤੇ ਮੱਖਣ ਕੱਢੀਦਾ ਹੈ, ਇਸੇ ਤਰ੍ਹਾਂ ਗੁਰਬਾਣੀ ਵਿਚ ਇਸ ਮਨ ਨੂੰ 'ਈਟੀ' ਕਿਹਾ ਗਿਆ ਹੈ ਜਿਸ ਨੂੰ ਕਾਬੂ ਕਰ ਕੇ ਰੱਖਣਾ ਜ਼ਰੂਰੀ ਹੈ ਤਾਂ ਜੋ ਮਾਇਆ ਦਾ ਮੋਹ ਰੂਪੀ ਨੇਤ੍ਰਾ/ਰੱਸੀ ਰੁਕ ਨਾ ਜਾਵੇ ਜਾਂ ਬੇਮੁਹਾਰਾ (ਬੇਕਾਬੂ) ਨਾ ਹੋ ਜਾਵੇ:

ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥ (ਸਫ਼ਾ 728)

ਸਸਕਾਰ:- ਸਿੱਖ ਧਰਮ ਵਿਚ ਰਿਵਾਇਤ ਹੈ ਕਿ ਮੁਰਦੇ ਦੇ ਜਿਸਮ ਨੂੰ ਜਲਾਇਆ ਜਾਂਦਾ ਹੈ, ਯਾਨਿ ਦਾਹ (ਅੱਗ) ਸਸਕਾਰ ਕੀਤਾ ਜਾਂਦਾ ਹੈ। ਉਂਞ ਸਿੱਖ ਧਰਮ ਵਿਚ ਇਹ ਬੰਦਸ਼ ਨਹੀਂ ਅਤੇ ਜੇ ਕਰ ਲੋੜ ਪਵੇ ਤਾਂ ਮੁਰਦੇ ਨੂੰ ਦਰਿਆ/ਨਦੀ ਵਿਚ ਜਲ-ਪ੍ਰਵਾਹ ਕੀਤਾ ਜਾਵੇ ਜਾਂ ਧਰਤੀ ਵਿਚ ਦਫ਼ਨਾਇਆ ਜਾਵੇ। ਸਿੱਖਾਂ ਦੀ ਸਸਕਾਰ ਦੀ ਰਸਮ ਬਹੁਤ ਹੀ ਸਾਦੀ ਹੈ। ਇਹ ਰਿਵਾਇਤ ਹੈ ਕਿ ਸਸਕਾਰ ਤੋਂ ਪਹਿਲਾਂ, ਮੁਰਦੇ ਨੂੰ ਸਸਕਾਰ ਵਾਲੀ ਥਾਂ 'ਤੇ ਲਿਜਾਇਆ ਜਾਂਦਾ ਹੈ। ਸਸਕਾਰ ਵਾਲੇ ਮੈਦਾਨ ਵਿਚ ਸਰੀਰ ਨੂੰ ਲੱਕੜ ਦੇ ਬਣੇ ਹੋਏ ਅੰਗੀਠੇ ਉੱਪਰ ਰੱਖਿਆ ਜਾਂਦਾ ਹੈ। ਇਸ ਮਗਰੋਂ ਅਰਦਾਸਿ ਕੀਤੀ ਜਾਂਦੀ ਹੈ ਤੇ ਫਿਰ ਅੰਗੀਠਾ ਬਾਲਿਆ ਜਾਂਦਾ ਹੈ। ਕਈ ਵਾਰ ਇਸ ਤੋਂ ਮਗਰੋਂ ਸ਼ਬਦ ਗਾਏ ਜਾਂਦੇ ਹਨ ਅਤੇ ਸੋਹਿਲਾ ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਇਕ-ਡੇਢ ਦਿਨ ਬਾਅਦ (ਬਿਜਲੀ ਨਾਲ ਸਸਕਾਰ ਕਰਨ ਨਾਲ ਦੋ ਕੁ ਘੰਟੇ ਵਿਚ) ਮੁਰਦਾ ਪੂਰੀ ਤਰ੍ਹਾਂ ਸੜ ਚੁਕਾ ਹੁੰਦਾ ਹੈ। ਉਸ ਦਾ ਪੂਰਾ ਅੰਗੀਠਾ, ਹੱਡੀਆਂ ਅਤੇ ਸੁਆਹ-ਸਣੇ (ਅਸਥੀਆਂ), ਇਕੱਠਾ ਕਰ ਕੇ ਨੇੜੇ ਦੇ ਚਲਦੇ ਪਾਣੀ (ਦਰਿਆ, ਨਹਿਰ,

ਸਮੁੰਦਰ) ਵਿਚ ਪਾ ਦਿੱਤੀਆਂ ਜਾਂਦੀਆਂ ਹਨ (ਕੀਰਤਪੁਰ ਉਚੇਚੇ ਜਾ ਕੇ ਅਸਥੀਆਂ ਪਾਉਣਾ ਮਨਮਤਿ ਹੈ)। ਇਹ ਦਰਅਸਲ ਆਖ਼ਰੀ ਰਸਮ ਹੁੰਦੀ ਹੈ। ਕੁਝ ਦਿਨਾਂ ਬਾਅਦ ਪਰਿਵਾਰ ਦੀ ਸਹੂਲਤ ਮੁਤਾਬਿਕ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਹ ਪਰਵਾਰ ਜਾਂ ਵਾਰਸਾਂ ਦੀ ਆਖ਼ਰੀ ਰਸਮ ਹੁੰਦੀ ਹੈ (ਮਰ ਚੁਕੇ ਦੀ ਆਖ਼ਰੀ ਰਸਮ ਤਾਂ ਉਸ ਦੀ ਦੇਹ ਦੀ ਰਾਖ/ਭਸਮ ਨੂੰ ਪਾਣੀ ਵਿਚ ਵਹਾ ਦੇਣਾ ਹੁੰਦੀ ਹੈ)। ਜੇ ਸਸਕਾਰ ਤੋਂ ਬਾਅਦ ਪਾਠ, ਕੀਰਤਨ, ਅੰਤਿਮ ਅਰਦਾਸਿ ਜਾਂ ਕੋਈ ਹੋਰ ਰਸਮ ਨਾ ਹੋ ਸਕੇ ਤਾਂ ਵੀ ਕੋਈ ਫ਼ਰਕ ਨਹੀਂ ਪੈਂਦਾ। ਹੋਰ ਦੇਖੋ: **ਮੌਤ**/263

ਸਹਜ/ਸਹਿਜ:- ਇਹ ਇਕ ਮਾਨਸਿਕ-ਰੂਹਾਨੀ ਅਹਿਸਾਸ ਹੈ ਜਿਸ ਵਿਚ ਇਨਸਾਨ ਫ਼ਿਕਰ-ਰਹਿਤ, ਸੋਚ-ਰਹਿਤ, ਬੋਝ-ਰਹਿਤ, (ਰੱਬ ਨਾਲ) ਲਿਵ ਵਿਚ ਮਸਤ, ਅਗੰਮੀ 'ਮੌਜ' ਵਿਚ ਰਹਿੰਦਾ ਹੈ। ਇਹ ਮੁਕਾਮ ਰੱਬ ਦੇ ਨਾਂ ਵਿਚ ਧਿਆਨ ਜੋੜ ਕੇ, ਹਉਮੈ ਤੋਂ ਛੁਟਕਾਰਾ ਪਾ ਕੇ ਅਤੇ ਸੱਚਾ ਜੀਵਨ ਜੀਅ ਕੇ ਹਾਸਿਲ ਕੀਤਾ ਜਾ ਸਕਦਾ ਹੈ। ਸਹਿਜ ਇਕ ਅਜਿਹੀ ਹਾਲਤ ਹੈ, ਜਿਸ ਵਿਚ ਇਨਸਾਨ ਖ਼ੁਦੀ ਤੋਂ ਵੀ ਆਜ਼ਾਦ ਹੈ। ਉਸ ਦੇ ਦਿਲ ਤੇ ਰੂਹ ਵਿਚ ਕੁਦਰਤੀ ਆਰਾਮ ਤੇ ਸਕੂਨ ਦਾ ਮਾਹੌਲ ਛਾ ਜਾਂਦਾ ਹੈ। ਸਹਿਜ ਦੇ ਮੁਕਾਮ 'ਤੇ ਪਹੁੰਚਣ ਵਾਸਤੇ ਇਨਸਾਨ ਨੂੰ ਨਾ ਤਾਂ ਦੁਨੀਆਂ ਛੱਡਣ ਦੀ ਲੋੜ ਹੁੰਦੀ ਹੈ ਤੇ ਨਾ ਹੀ ਕਿਸੇ ਕਰਮ-ਕਾਂਡ ਨੂੰ ਨਿਭਾਉਣ ਦੀ।

ਸਹਿਜ ਪਾਠ:- ਸਹਿਜ ਪਾਠ ਦਾ ਮਾਅਨਾ ਹੈ: ਬਿਨਾਂ ਕਿਸੇ ਵਕਤ ਦੀ ਬੰਦਿਸ਼ ਦੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਹੈ ਜਦੋਂ ਕਿ (ਅਖੌਤੀ) ਅਖੰਡ ਪਾਠ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਲਗਾਤਾਰ ਕੀਤਾ ਜਾਂਦਾ ਹੈ। ਅਖੰਡ ਪਾਠ ਦਾ ਰੁਝਾਨ ਕੁਝ ਸਮੇਂ ਤੋਂ ਸਿੱਖਾਂ ਵਿਚ ਵਧ ਗਿਆ ਹੈ ਹਾਲਾਂਕਿ ਇਸ ਦਾ ਕੋਈ ਮਕਸਦ ਤੇ ਫ਼ਾਇਦਾ ਨਹੀਂ ਹੈ। ਅਖੰਡ ਪਾਠ ਜਾਂ ਸਹਿਜ ਪਾਠ ਸਿੱਖ ਲਈ ਕਿਸੇ ਵੀ ਮੌਕੇ ਵਾਸਤੇ ਰਸਮੀ ਤੌਰ 'ਤੇ ਜ਼ਰੂਰੀ ਨਹੀਂ ਹੈ; ਪਰ ਸਿੱਖ ਨੂੰ, ਜਿੰਨੀ ਵਾਰ ਹੋ ਸਕੇ, ਗੁਰੂ ਗ੍ਰੰਥ ਸਾਹਿਬ ਦਾ ਪੂਰਾ ਪਾਠ ਕਰਨਾ ਚਾਹੀਦਾ ਹੈ। ਇਸ ਤੋਂ ਵੀ ਵਧ ਜ਼ਰੂਰੀ ਹੈ ਕਿ ਸਿੱਖ ਇਸ ਵਿਚਲੀ ਸਿੱਖਿਆ ਨੂੰ ਸਮਝੇ ਅਤੇ ਉਸ ਮੁਤਾਬਿਕ ਜਿਊਣ ਦੀ ਕੋਸ਼ਿਸ਼ ਕਰੇ। ਹੋਰ ਵੇਖੋ: **ਅਖੰਡ ਪਾਠ** - 20

ਸਹਿਜਧਾਰੀ:- ਲਫ਼ਜ਼ੀ ਮਾਅਨਾ: ਸਹਿਜ ਵਿਚ (ਹੌਲੀ-ਹੌਲੀ, ਆਰਾਮ ਨਾਲ) ਸਿੱਖੀ ਨੂੰ ਅਪਣਾਉਣ ਵਾਲਾ। ਆਮ ਤੌਰ 'ਤੇ ਇਹ ਲਫ਼ਜ਼ ਉਸ ਸਿੱਖ ਵਾਸਤੇ ਵਰਤਿਆ ਜਾਂਦਾ ਸੀ ਜੋ ਖੰਡੇ ਦੀ ਪਾਹੁਲ ਲੈਣ ਦੀ ਇੱਛਾ ਰੱਖਦਾ ਸੀ। ਮਗਰੋਂ ਜਦ ਅੰਗਰੇਜ਼ਾਂ ਨੇ ਸਿੱਖਾਂ ਨੂੰ ਇਕ ਵੱਖਰੇ ਧਾਰਮਿਕ ਕੋਟੇ ਦੀਆਂ ਸਹੂਲਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਕਈ ਪੰਜਾਬੀ ਹਿੰਦੂ ਆਪਣੇ ਆਪ ਨੂੰ ਅਖੌਤੀ-ਸਹਿਜਧਾਰੀ ਕਹਿਣ ਲਗ ਪਏ। ਅਸਲ ਸਹਿਜਧਾਰੀ ਤਾਂ ਉਹ ਹੈ ਜਿਸ ਨੇ ਸਾਰਾ ਸਿੱਖੀ ਜੀਵਨ ਅਪਣਾਇਆ ਹੋਇਆ ਹੈ ਪਰ ਅਜੇ ਖੰਡੇ ਦੀ ਪਾਹੁਲ ਨਹੀਂ ਲਈ। ਸਹਿਜਧਾਰੀ ਕੇਸ ਨਹੀਂ ਕੱਟ ਸਕਦਾ, ਦਸਤਾਰ ਸਜਾਉਂਦਾ ਹੈ; ਆਪਣੇ ਸਾਰੇ ਰਸਮੋ-ਰਿਵਾਜ ਸਿੱਖ ਰਹਿਤ ਮਰਯਾਦਾ ਮੁਤਾਬਿਕ ਕਰਦਾ ਹੈ ਅਤੇ ਪੂਰੀ ਤ਼ਰ੍ਹਾਂ ਸਿੱਖ ਜੀਵਨ-ਜਾਚ ਨੂੰ ਅਪਣਾਉਂਦਾ ਹੈ। ਇਕ ਹਿੰਦੂ ਜਾਂ ਕੋਈ ਹੋਰ ਗ਼ੈਰ-ਸਿੱਖ ਪਰਿਵਾਰ ਵਿਚ ਜੰਮਿਆ ਸ਼ਖ਼ਸ ਉਦੋਂ ਸਹਿਜਧਾਰੀ ਹੋ ਸਕਦਾ ਹੈ ਜਦੋਂ **ਅਜੇ ਭਾਵੇਂ ਉਸ ਨੇ ਪਾਹੁਲ ਨਹੀਂ ਲਈ ਹੋਈ ਪਰ ਆਪਣੇ ਅਤੇ**

ਆਪਣੇ ਬੱਚਿਆਂ ਦੇ ਕੇਸ ਰਖਦਾ ਹੈ, ਉਨ੍ਹਾਂ ਦੇ ਨਾਂ ਸਿੱਖਾਂ ਵਾਲੇ ਰੱਖਦਾ ਹੈ ਉਹ ਆਪ ਤੇ ਉਸ ਦਾ ਸਾਰਾ ਪਰਿਵਾਰ ਸਿੱਖੀ ਜੀਵਨ-ਜਾਚ ਮੁਤਾਬਿਕ ਜ਼ਿੰਦਗੀ ਬਤੀਤ ਕਰਦਾ ਹੈ। ਕੋਈ ਵੀ ਸ਼ਖ਼ਸ ਸਾਲਾਂ-ਬੱਧੀ ਸਹਿਜਧਾਰੀ ਨਹੀਂ ਰਹਿ ਸਕਦਾ। ਪਿਛਲੇ ਕੁਝ ਸਾਲ (ਖ਼ਾਸ ਕਰ ਕੇ 1996 ਅਤੇ 2004 ਵਿਚ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵੋਟਰ ਬਣਨ ਵਾਸਤੇ ਬਹੁਤ ਸਾਰੇ ਹਿੰਦੂ ਆਪਣੇ ਆਪ ਨੂੰ ਅਖੌਤੀ-ਸਹਿਜਧਾਰੀ ਆਖਣ ਲਗ ਪਏ ਸਨ, ਜਦੋਂ ਕਿ ਉਨ੍ਹਾਂ ਦਾ ਸਿੱਖ ਧਰਮ ਨਾਲ ਦੂਰ ਦਾ ਵੀ ਕੋਈ ਸਬੰਧ ਨਹੀਂ ਸੀ। 2004 ਵਿਚ, ਜਦ ਭਾਰਤੀ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੀ ਚੋਣ ਵਿਚੋਂ ਅਜਿਹੇ ਝੂਠੇ/ਧੋਖੇਬਾਜ਼ ਵੋਟਰਾਂ ਨੂੰ ਕੱਢਣ ਦਾ ਆਰਡੀਨੈਂਸ ਜਾਰੀ ਕੀਤਾ ਤਾਂ ਉਸ ਸਮੇਂ ਤੋਂ ਇਨ੍ਹਾਂ ਵਿਚੋਂ ਬਹੁਤੇ ਲੀਡਰੀ ਕਰਨ ਜਾਂ ਬਿਆਨ ਛਪਵਾਉਣ ਵਾਲੇ ਜਾਂ ਆਰ.ਐਸ.ਐਸ. ਦੇ ਅਖੌਤੀ-ਸਹਿਜਧਾਰੀ ਅਲੋਪ ਹੋ ਗਏ ਹਨ। 2008-09 ਵਿਚ ਪ੍ਰਕਾਸ਼ ਸਿੰਘ ਬਾਦਲ ਧੜੇ ਦੀ ਹਕੂਮਤ ਵੇਲੇ ਪੰਜਾਬ ਹਾਈ ਕੋਰਟ ਵਿਚ ਇਕ ਗ਼ਲਤ ਹਲਫ਼ੀਆ ਬਿਆਨ ਦੇ ਕੇ ਅਖੌਤੀ ਸਹਿਜਧਾਰੀ ਨੂੰ ਫੇਰ ਜ਼ਿੰਦਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਹੜੀ ਕਿ ਉਸ ਕੇਸ ਦੇ ਫ਼ੈਸਲੇ ਵਿਚ ਰੱਦ ਹੋ ਗਈ।

ਸੱਚ/ਸੱਚਾ:- ਸਿੱਖ ਫ਼ਲਸਫ਼ੇ ਵਿਚ, ਸਿਰਫ਼ ਵਾਹਿਗੁਰੂ ਨੂੰ ਹੀ ਸੱਚ ਮੰਨਿਆ ਗਿਆ ਹੈ। ਦਰਅਸਲ, ਸੱਚ/ਸੱਚਾ ਰੱਬ ਦੀ ਆਪਣੀ ਇਕ ਖ਼ੂਬੀ ਹੈ, ਜਿਸ ਕਰ ਕੇ ਉਸ ਨੂੰ 'ਸੱਚ' ਕਿਹਾ ਗਿਆ ਹੈ। ਉਸ ਦੀ ਕੁਦਰਤ ਨੂੰ ਵੀ ਸੱਚ ਕਿਹਾ ਗਿਆ ਹੈ (ਕਿਉਂਕਿ ਉਹ ਵੀ 'ਸੱਚੇ' ਦੀ ਪੈਦਾ ਕੀਤੀ ਹੋਈ ਹੈ)। ਸੱਚ ਲਫ਼ਜ਼ ਦੀ ਵਰਤੋਂ ਝੂਠ ਨਾ-ਬੋਲਣ ਲਈ ਵੀ ਕੀਤੀ ਜਾਂਦੀ ਹੈ। ਸਿੱਖ ਫ਼ਲਸਫ਼ੇ ਵਿਚ ਸੱਚ ਬੋਲਣ ਨੂੰ ਧਰਮ ਵੀ ਕਿਹਾ ਗਿਆ ਹੈ।

*ਇਹੁ ਜਗੁ **ਸਚੈ ਕੀ ਹੈ ਕੋਠੜੀ** ਸਚੇ ਕਾ ਵਿਚਿ ਵਾਸੁ॥ (ਸਫ਼ਾ 463)*

*ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ॥ ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ॥ ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ॥ **ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ॥** ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ॥ (ਸਫ਼ਾ 746)*

__ਸਾਚੇ ਲਾਏ ਤਉ ਸਚ ਲਾਗੇ,__ ਸਾਚੇ ਕੇ ਬਿਉਹਾਰੀ॥ ਸਾਚੀ ਬਸਤੁ ਕੇ ਭਾਰ ਚਲਾਏ, ਪਹੁਚੇ ਜਾਇ ਭੰਡਾਰੀ॥ (ਸਫ਼ਾ 1123)

ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ॥ (ਸਫ਼ਾ 18)

__ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ॥__ ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ॥ ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ॥ ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ॥ ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ॥ ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ॥ (ਸਫ਼ਾ 33)

__ਬੋਲੀਐ ਸਚੁ, ਧਰਮੁ,__ ਝੂਠੁ ਨ ਬੋਲੀਐ॥ ਜੋ ਗੁਰੁ ਦਸੈ ਵਾਟ, ਮੁਰੀਦਾ ਜੋਲੀਐ॥ (ਸਫ਼ਾ 488)

ਸਤਿਸੰਗ:- ਸਤਿ+ਸੰਗ ਦਾ ਲਫ਼ਜ਼ੀ ਮਾਅਨਾ ਹੈ: ਸੱਚਾ ਸੰਗ। ਦੂਜੇ ਲਫ਼ਜ਼ਾਂ

ਵਿਚ ਸੱਚੇ ਲੋਕਾਂ ਦੀ ਸੰਗਤ ਜਾਂ ਅਜਿਹੀ ਸੰਗਤ ਜਿਥੇ ਸੱਚੇ (ਰੱਬ) ਦੀ ਸਿਫ਼ਤ-ਸਲਾਹ ਗਾਈ ਜਾਂਦੀ ਹੈ। ਦੇਖੋ: **ਸੰਗਤ** - 67

ਸਤਿ ਸ੍ਰੀ ਅਕਾਲ:- ਦੇਖੋ: **ਵਾਹਿਗੁਰੂ ਜੀ ਕੀ/ਦੀ ਫ਼ਤਹਿ।** - 275

ਸਤਿਗੁਰ/ਸਤਿਗੁਰੂ:- ਸਤਿ+ਗੁਰ/ਗੁਰੁ/ਗੁਰੂ ਦਾ ਲਫ਼ਜ਼ੀ ਮਾਅਨਾ ਹੈ: ਸੱਚਾ ਗੁਰੂ। ਇਹ ਲਫ਼ਜ਼ ਅਕਾਲ ਪੁਰਖ/ਰੱਬ/ਵਾਹਿਗੁਰੂ ਵਾਸਤੇ ਵਰਤਿਆ ਜਾਂਦਾ ਹੈ। ਸਿੱਖ ਦਾ ਸਤਿਗੁਰੂ ਰੱਬ ਹੈ। ਗੁਰੂ ਨਾਨਕ ਸਾਹਿਬ ਨੇ ਵਾਹਿਗੁਰੂ ਵਾਸਤੇ ਪ੍ਰਭੂ, ਹਰਿ, ਰਾਮ, ਅਕਾਲ ਮੂਰਤਿ, ਅਕਾਲ ਪੁਰਖ਼ ਅਤੇ ਸਤਿਗੁਰ/ਸਤਿਗੁਰੂ ਲਫ਼ਜ਼ ਵੀ ਵਰਤੇ ਹਨ।

ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ॥ ਉਝੜਿ ਭੁਲੇ ਰਾਹ ਗੁਰਿ ਵੇਖਾਲਿਆ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ॥ (ਸਫ਼ਾ 149)

ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ॥ ਦੁਰਮਤਿ ਗਤੁ ਭਈ ਕੀਰਤਿ ਠਾਇ ॥ ਸਚ ਪਉੜੀ ਸਾਚਉ ਮੁਖਿ ਨਾਂਉ ॥ ਸਤਿਗੁਰੁ ਸੇਵਿ ਪਾਏ ਨਿਜ ਥਾਉ॥ (ਸਫ਼ਾ 352)

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ॥ ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥ ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥ ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ॥ ਜਿਨਿ ਸਚੋ ਸਚੁ ਬੁਝਾਇਆ॥ (ਸਫ਼ਾ 465)

ਦੂਜੇ ਗੁਰੂ ਸਾਹਿਬਾਨ ਨੇ ਵੀ, ਰੱਬ ਵਾਸਤੇ, ਸਤਿਗੁਰੂ ਲਫ਼ਜ਼ ਵੀ ਵਰਤਿਆ ਹੈ:

ਮਹਲਾ ਤੀਜਾ:

ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ॥ ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ॥ ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ॥ ***ਸਤਗੁਰ*** *ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ॥ ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ॥ ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ॥ ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ ਕਰੇਇ॥ ਕਹਣਾ ਕਿਛੂ ਨ ਜਾਵਈ ਜਿਸੁ ਭਾਵੈ ਤਿਸੁ ਦੇਇ॥ ਨਾਨਕ ਗੁਰਮੁਖਿ ਪਾਈਐ ਆਪੇ ਜਾਣੈ ਸੋਇ॥ (ਸਫ਼ਾ 30)*

ਮਹਲਾ ਚੌਥਾ:

ਸਤਿਗੁਰ ਨੋ ਸਭੁ ਕੋ ਲੋਚਦਾ *ਜੇਤਾ ਜਗਤੁ ਸਭੁ ਕੋਇ॥ ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ॥ ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ॥ ਆਪੇ ਸਤਿਗੁਰੁ ਆਪਿ ਹਰਿ, ਆਪੇ ਮੇਲਿ ਮਿਲਾਇ॥ ਆਪਿ ਦਇਆ ਕਰਿ ਮੇਲਸੀ ਗੁਰ ਸਤਿਗੁਰ ਪੀਛੈ ਪਾਇ॥ ਸਭੁ ਜਗਜੀਵਨੁ ਜਗਿ ਆਪਿ ਹੈ, ਨਾਨਕ ਜਲੁ ਜਲਹਿ ਸਮਾਇ॥ (ਸਫ਼ਾ 41)*

ਮਹਲਾ ਪੰਜਵਾਂ:

ਸਤਿਗੁਰ ਦੀਨ ਦਇਆਲ *ਜਿਸੁ ਸੰਗਿ ਹਰਿ ਗਾਵੀਐ ਜੀਉ॥ ਅੰਮ੍ਰਿਤੁ ਹਰਿ ਕਾ ਨਾਮੁ ਸਾਧ ਸੰਗਿ ਰਾਵੀਐ ਜੀਉ॥ (ਸਫ਼ਾ 691)*

ਨਾਮਧਾਰੀ, ਜੋ ਦਰਅਸਲ ਹਿੰਦੂਆਂ ਦਾ ਇਕ ਫ਼ਿਰਕਾ ਹਨ, ਆਪਣੇ ਟੋਲੇ ਦੇ ਮੁਖੀ ਵਾਸਤੇ ਸਤਿਗੁਰੂ ਲਫ਼ਜ਼ 'ਦੀ ਗ਼ਲਤ ਵਰਤੋਂ ਕਰਦੇ ਹਨ। ਇੰਵ ਕਰ ਕੇ ਉਹ ਵਾਹਿਗੁਰੂ ਤੇ ਗੁਰੂ ਸਾਹਿਬਾਨ ਦੀ ਤੌਹੀਨ ਕਰਨ ਦੀ ਕੋਸ਼ਿਸ਼ ਕਰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਰੱਬ ਵਾਸਤੇ ਸਤਿਗੁਰੂ ਲਫ਼ਜ਼ 800 ਤੋਂ ਜ਼ਿਆਦਾ ਵਾਰ ਵਰਤਿਆ ਗਿਆ ਹੈ। ਇੰਞ ਹੀ ਗੁਰੂ ਵਾਸਤੇ ਵੀ ਸਤਿਗੁਰ ਲਫ਼ਜ਼ ਦੀ ਕਈ ਥਾਂਈਂ ਵਰਤੋਂ ਕੀਤੀ ਗਈ ਹੈ। ਗੁਰੂ ਨੂੰ ਸਤਿਗੁਰ ਉਸ ਥਾਂ 'ਤੇ ਕਿਹਾ ਗਿਆ ਹੈ ਜਿੱਥੇ ਉਹ 'ਸਤਿਗੁਰੂ' (ਰੱਬ) ਨਾਲ ਮੇਲ ਕਰਾਉਣ ਵਿਚ ਮਦਦਗਾਰ ਹੁੰਦਾ ਹੈ।

*ਮਨੁ ਰੰਗਹੁ ਵਡਭਾਗੀਹੋ ਗੁਰੁ ਤੂਠਾ ਕਰੇ ਪਸਾਉ॥ ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ॥ **ਬਿਨੁ ਸਤਿਗੁਰ, ਹਰਿਨਾਮੁ ਨ ਲਭਈ**, ਲਖ ਕੋਟੀ ਕਰਮ ਕਮਾਉ॥ ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ॥ ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ॥ ਬਿਨੁ ਸਤਿਗੁਰ ਭੇਟੇ, ਕੰਚਨੁ ਨਾ ਥੀਐ, ਮਨਮੁਖੁ ਲੋਹੁ ਬੂਡਾ ਬੇੜੀ ਪਾਸਿ॥ ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ॥ ਸਤਿਗੁਰੁ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ॥ ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ॥ (ਸਫ਼ਾ 40)*

*ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ਜੀਉ॥ ਹਉ ਤਿਸੁ ਸੇਵੀ ਦਿਨੁ ਰਾਤਿ ਮੈ ਕਦੇ ਨ ਵੀਸਰੈ ਜੀਉ॥ ਕਦੇ ਨ ਵਿਸਾਰੀ ਅਨਦਿਨੁ ਸਮ੍ਹਾਰੀ ਜਾ ਨਾਮੁ ਲਈ ਤਾ ਜੀਵਾ॥ ਸ੍ਰਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ ਗੁਰਮੁਖਿ ਅੰਮ੍ਰਿਤੁ ਪੀਵਾ॥ **ਨਦਰਿ ਕਰੇ ਤਾ ਸਤਿਗੁਰੁ ਮੇਲੇ** ਅਨਦਿਨੁ ਬਿਬੇਕ ਬੁਧਿ ਬਿਚਰੈ॥ ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ॥ (ਸਫ਼ਾ 690)*

***ਸਤਿਗੁਰ ਦੀਨ ਦਇਆਲ** ਜਿਸੁ ਸੰਗਿ ਹਰਿ ਗਾਵੀਐ ਜੀਉ॥ ਅੰਮ੍ਰਿਤੁ ਹਰਿ ਕਾ ਨਾਮੁ ਸਾਧ ਸੰਗਿ ਰਾਵੀਐ ਜੀਉ॥ (ਸਫ਼ਾ 691)*

ਸਤਿ ਨਾਮ:- ਲਫ਼ਜ਼ੀ ਮਾਅਨਾ: ਸੱਚਾ ਨਾਂ। ਗੁਰੂ ਗ੍ਰੰਥ ਸਾਹਿਬ ਵਿਚ ਪਹਿਲਾ ਲਫ਼ਜ਼ 1ਓ ਹੈ ਤੇ ਦੂਜਾ 'ਸਤਿ ਨਾਮੁ'। ਇੱਥੇ ਇਸ ਦਾ ਮਾਅਨਾ ਇਹ ਹੈ ਕਿ ਉਸ ਦਾ ਨਾਂ ਸੱਚਾ ਹੈ, ਉਹ 'ਸੱਚ' ਹੈ, ਯਾਨਿ ਉਸ ਦੀ ਹੋਂਦ ਸਦੀਵੀ ਹੈ। ਸਿੱਖ ਇਹ ਲਫ਼ਜ਼ ਸਿਰਫ਼ ਰੱਬ ਵਾਸਤੇ ਵਰਤਦੇ ਹਨ, ਕਿਉਂਕਿ ਸਿਰਫ਼ ਰੱਬ ਹੀ ਸਤਿ (ਸੱਚ) ਹੈ। ਬਹੁਤੇ ਸਿੱਖ, ਦਿਨ ਵਿਚ ਕਈ ਵਾਰ 'ਸਤਿ ਨਾਮ ਵਾਹਿ ਗੁਰੂ' ਬੋਲ ਕੇ ਰੱਬ ਦਾ ਨਾਂ ਲੈਂਦੇ ਹਨ, ਯਾਨਿ ਰੱਬ ਨੂੰ ਯਾਦ ਕਰਦੇ (ਮਨ ਵਿਚ ਵਸਾਉਂਦੇ) ਹਨ। ਹੋਰ ਦੇਖੋ: **ਵਾਹਿਗੁਰੂ** – 275

ਸਤੀ:- ਸਤੀ ਦਾ ਮਾਅਨਾ ਹੈ: ਸੱਤ ਵਾਲੀ (ਸੱਚੀ) ਔਰਤ। ਹਿੰਦੂ ਧਰਮ ਮੁਤਾਬਿਕ ਸਤੀ ਉਹ ਔਰਤ ਹੈ ਜੋ ਆਪਣੇ ਪਤੀ ਵਾਸਤੇ ਵਫ਼ਾਦਾਰ ਹੁੰਦੀ ਹੈ (ਹਿੰਦੂ ਧਰਮ ਵਿਚ ਇਹ ਸ਼ਰਤ, ਸ਼ਾਇਦ, ਮਰਦ ਵਾਸਤੇ ਨਹੀਂ ਕਿ ਉਹ ਪਤਨੀ ਦਾ ਵਫ਼ਾਦਾਰ ਰਹੇ; ਉਸ ਦੀਆਂ ਕਈ ਪਤਨੀਆਂ ਹੋ ਸਕਦੀਆਂ ਹਨ)। ਹਿੰਦੂ ਧਰਮ ਵਿਚ ਸਤੀ ਇਕ ਰਸਮ ਵੀ ਹੈ। ਹਿੰਦੂ ਔਰਤਾਂ, ਜੋ ਆਪਣੇ ਪਤੀ ਨਾਲ 'ਵਫ਼ਾਦਾਰ' ਹੁੰਦੀਆਂ ਸਨ, ਉਹ ਆਪਣੇ ਪਤੀ ਦੀ ਮੌਤ 'ਤੇ ਉਸ ਦੀ ਚਿਖਾ ਵਿਚ ਆਪਣੇ ਆਪ ਨੂੰ ਸਾੜ ਲੈਂਦੀਆਂ ਹਨ। (ਦਰਅਸਲ ਇਹ ਰਸਮ ਔਰਤ ਨੂੰ ਮਰਦ ਦੀ ਜਾਇਦਾਦ/ਗ਼ੁਲਾਮ ਸਮਝਣ ਵਿੱਚੋਂ ਪੈਦਾ ਹੋਈ ਸੀ)। ਸਿੱਖ ਧਰਮ ਅਜਿਹੀ ਅਖੌਤੀ 'ਵਫ਼ਾਦਾਰੀ' ਨੂੰ ਰੱਦ ਕਰਦਾ ਹੈ। ਗੁਰੂ ਅਮਰਦਾਸ ਸਾਹਿਬ ਨੇ ਸਿੱਖਾਂ ਨੂੰ ਅਜਿਹੀ ਜ਼ਾਲਮ ਰਸਮ ਤੋਂ ਵਰਜਿਆ ਸੀ। ਸਿੱਖ ਫ਼ਲਸਫ਼ੇ ਮੁਤਾਬਿਕ, ਦਿਲੋਂ ਸੱਚਾ ਪਿਆਰ ਹੀ ਅਸਲੀ ਵਫ਼ਾਦਾਰੀ ਹੈ ਨਾ ਕਿ ਚਿਤਾ ਉੱਤੇ ਸੜ ਜਾਣਾ:

ਬਿਨੁ ਸਤ, ਸਤੀ ਹੋਇ ਕੈਸੇ ਨਾਰਿ॥ *ਪੰਡਿਤ, ਦੇਖਹੁ ਰਿਦੈ ਬੀਚਾਰਿ॥ ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ॥ ਜਬ ਲਗੁ ਰਸੁ, ਤਬ ਲਗੁ ਨਹੀ ਨੇਹੁ॥ ਸਾਹਨਿ ਸਤੁ ਕਰੈ ਜੀਅ ਅਪਨੈ॥ ਸੋ ਰਮਯੇ ਕਉ ਮਿਲੈ ਨ ਸੁਪਨੈ॥ ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ॥ ਸੋਈ ਸੁਹਾਗਨਿ ਕਹੈ ਕਬੀਰੁ॥ (ਸਫ਼ਾ 328)*

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥ *ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥*

ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍॥ *ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍॥ (ਸਫ਼ਾ 787)*

ਸੱਦ:- ਸੱਦ ਕਵਿਤਾ ਦੀ ਇਕ ਕਿਸਮ ਹੈ। ਇਹ ਹੇਕ ਲਾ ਕੇ ਗਾਈ ਜਾਂਦੀ ਹੈ। ਸੱਦ ਦਾ ਮਾਅਨਾ ਹੈ: ਸੱਦਾ ਜਾਂ ਸੱਦਣਾ। ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਦੀ 'ਸੱਦ', ਜੋ ਕਵੀ ਸੁੰਦਰ ਦੀ ਲਿਖੀ ਗਈ ਹੈ, ਗੁਰੂ ਅਮਰਦਾਸ ਸਾਹਿਬ ਦੇ ਜੋਤੀ-ਜੋਤ ਸਮਾਉਣ ਦਾ ਹਾਲ ਪੇਸ਼ ਕਰਦੀ ਹੈ। ਇਸ 'ਸੱਦ' ਵਿਚ, ਗੁਰੂ ਅਮਰ ਦਾਸ ਸਾਹਿਬ ਨੂੰ ਰੱਬ ਵੱਲੋਂ ਆਈ 'ਸੱਦ' (ਸੱਦੇ, ਬੁਲਾਵੇ, ਯਾਨਿ ਮੌਤ) ਨੂੰ ਦਰਸਾਇਆ ਗਿਆ ਹੈ। ਇਹ ਸੱਦ ਹਰ ਇਕ ਜੀਵ ਨੂੰ ਆਉਣੀ ਹੈ। ਇਹ ਰਚਨਾ ਸਾਨੂੰ ਦਸਦੀ ਹੈ ਕਿ ਜੇ ਕਰ ਸਾਡਾ ਕੋਈ ਪਿਆਰਾ/ਨੇੜਲਾ ਸੱਜਣ/ਰਿਸ਼ਤੇਦਾਰ ਚੜ੍ਹਾਈ ਕਰ ਜਾਂਦਾ ਹੈ ਤਾਂ ਸਾਨੂੰ ਉਸ ਸਮੇਂ ਕਿਵੇਂ ਵਿਹਾਰ ਕਰਨਾ ਚਾਹੀਦਾ ਹੈ।

ਸਬਰ:- ਦੇਖੋ: **ਸੰਤੋਖ**

ਸਮਾਧ:- ਕਿਸੇ ਮਰੇ ਹੋਏ ਇਨਸਾਨ ਦੀਆਂ ਹੱਡੀਆਂ ਦੱਬ ਕੇ ਜਾਂ ਉਸ ਦੇ ਸਸਕਾਰ ਵਾਲੀ ਜਗ੍ਹਾ ਉੱਪਰ ਬਣਾਏ ਗਏ ਢਾਂਚੇ/ਚਬੂਤਰੇ/ਗੁੰਬਦ ਨੂੰ ਸਮਾਧ ਕਿਹਾ ਜਾਂਦਾ ਹੈ। (ਹਿੰਦੂਆਂ ਮੁਤਾਬਿਕ ਇਸ ਦਾ ਮਕਸਦ ਇਹ ਹੁੰਦਾ ਹੈ ਕਿ ਉਹ ਸ਼ਖ਼ਸ ਮਰਿਆ ਨਹੀਂ ਬਲਕਿ ਉਸ ਥਾਂ 'ਤੇ ਸਮਾਧੀ ਲਾ ਕੇ ਆਰਾਮ ਕਰ ਰਿਹਾ ਸਮਝਿਆ ਜਾਂਦਾ ਹੈ)। ਜਿਵੇਂ ਮੁਸਲਮਾਨਾਂ ਲਈ ਕਬਰ ਹੈ ਉਵੇਂ ਹੀ ਹਿੰਦੂਆਂ ਲਈ ਸਮਾਧ ਅਹਿਮੀਅਤ ਰੱਖਦੀ ਹੈ। ਸਿੱਖ ਧਰਮ ਵਿਚ, ਅਜਿਹਾ ਢਾਂਚਾ, ਸਮਾਧ ਵਗ਼ੈਰਾ ਬਣਾਉਣ ਦੀ ਸਖ਼ਤ ਮਨਾਹੀ ਹੈ। ਉਂਞ ਕਿਸੇ ਸ਼ਹੀਦ, ਵਿਦਵਾਨ, ਆਗੂ ਜਾਂ ਕਿਸੇ ਹੋਰ ਅਹਿਮ ਸਿੱਖ ਦੀ ਯਾਦ ਵਿਚ ਯਾਦਗਾਰ/ਮੰਜੀ ਸਾਹਿਬ/ਗੁਰਦੁਆਰਾ ਬਣਾਉਣ ਦੀ ਮਨਾਹੀ ਨਹੀਂ (ਪਰ ਸਸਕਾਰ ਜਾਂ ਹੱਡੀਆਂ ਦੀ ਜਗ੍ਹਾ 'ਤੇ ਇਸ ਦੀ ਵੀ ਇਜਾਜ਼ਤ ਨਹੀਂ ਹੈ)। ਜੇ ਕਦੇ ਕਿਸੇ ਸਿੱਖ ਵਾਸਤੇ ਜੋ ਸਮਾਧ (ਜਾਂ ਅਖੌਤੀ ਅੰਗੀਠਾ) ਬਣਾਈ ਹੈ ਤਾਂ ਉਹ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦੇ ਉਲਟ ਹਨ।

ਸਮਾਧੀ:- ਦੇਖੋ: ਭਗਤੀ

ਸਰਗੁਨ/ਸਰਗੁਣ:- ਲਫ਼ਜ਼ੀ ਮਾਅਨਾ: ਗੁਣਾਂ ਸਣੇ ਜਾਂ ਗੁਣਾਂ ਵਾਲਾ। ਸਿੱਖ ਫ਼ਲਸਫ਼ੇ ਵਿਚ ਰੱਬ ਨੂੰ ਨਿਰਗੁਣ ਅਤੇ ਸਰਗੁਣ, ਦੋਵੇਂ, ਕਿਹਾ ਗਿਆ ਹੈ। ਯਾਨਿ ਰੱਬ ਉਦੋਂ ਸਰਗੁਣ ਹੈ ਜਦੋਂ ਉਹ ਆਪਣੇ ਆਪ ਨੂੰ ਆਪਣੀ ਕੁਦਰਤ ਵਿਚ ਪੇਸ਼/ਪ੍ਰਗਟ ਕਰਦਾ ਹੈ। ਵਧੇਰੇ ਵੇਰਵੇ ਵਾਸਤੇ ਵੇਖੋ: **ਨਿਰਗੁਨ, ਅਕਾਲ ਪੁਰਖ।**

ਸਰਦਾਰ:- ਦੇਖੋ: **ਸਿਰਦਾਰ**

ਸਰਬ ਲੋਹ:- ਲਫ਼ਜ਼ੀ ਮਾਅਨਾ: ਸਾਰਾ ਲੋਹਾ/ਸਟੀਲ। ਸਰਬ ਲੋਹ ਇਕ ਕਿਤਾਬ

ਦਾ ਨਾਂ ਵੀ ਹੈ ਜੋ ਪਟਨਾ ਸਾਹਿਬ ਦੇ ਸਾਬਕਾ ਗ੍ਰੰਥੀ ਸੁੱਖਾ ਸਿੰਘ ਦੀ ਲਿਖੀ ਹੋਈ ਹੈ। ਕੁਝ ਲੋਕ ਇਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ। ਇਹ ਇਕ ਮਿਥਿਹਾਸਕ ਕਹਾਣੀ ਹੈ ਜੋ 'ਚੰਗਿਆਈ' ਅਤੇ 'ਬੁਰਾਈ' ਦੇ ਨਾਂ 'ਤੇ ਰਾਖਸ਼ਾਂ ਅਤੇ ਦੇਵਤਿਆਂ ਵਿਚਕਾਰ ਲੜਾਈ ਵਜੋਂ ਪੇਸ਼ ਕੀਤੀ ਹੋਈ ਹੈ। ਕਈ ਲਿਖਾਰੀ ਅਕਸਰ ਹੀ ਇਸ ਵਿਚੋਂ ਮਿਸਾਲਾਂ ਦੇਂਦੇ ਹਨ। ਇਸ ਰਚਨਾ ਵਿਚ ਜੋ ਤੱਥ ਪੇਸ਼ ਹਨ ਉਹ ਅਧੂਰੇ ਤਾਂ ਹਨ ਹੀ; ਉਹ ਸਿੱਖ ਫ਼ਲਸਫ਼ੇ ਦੇ ਵੀ ਮੂਲੋਂ ਹੀ ਉਲਟ ਹਨ।

ਸਰਬਤ ਖਾਲਸਾ:- ਲਫ਼ਜ਼ੀ ਮਾਅਨਾ: ਸਾਰੀ ਸਿੱਖ ਕੌਮ। ਸਿੱਖ ਸਿਆਸੀ ਫ਼ਲਸਫ਼ੇ ਮੁਤਾਬਿਕ ਸਰਬਤ ਖਾਲਸਾ ਅਕਾਲ ਤਖ਼ਤ ਦੀਆਂ ਵਫ਼ਾਦਾਰ ਸਾਰੀਆਂ ਸਿੱਖ ਜਥੇਬੰਦੀਆਂ ਅਤੇ ਜਮਾਤਾਂ ਦੇ ਨੁਮਾਇੰਦਿਆਂ ਦੀ ਪਾਰਲੀਮੈਂਟ ਹੈ। ਇਸ ਦਾ ਮੁੱਢ ਅਠ੍ਹਾਰਵੀਂ ਸਦੀ ਦੇ ਪਿਛੋਕੜ ਵਿਚ ਚਲਾ ਜਾਂਦਾ ਹੈ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਉਸ ਸਮੇਂ ਦੇ ਸਿੱਖ ਆਗੂਆਂ ਨੇ ਸਿੱਖਾਂ ਦੇ ਕੌਮੀ ਮਸਲਿਆਂ ਬਾਰੇ ਫ਼ੈਸਲੇ ਲੈਣ ਦਾ ਇਹ ਤਰੀਕਾ ਲੱਭਿਆ। ਅਠਾਰ੍ਹਵੀਂ ਸਦੀ ਵਿਚ ਸਰਬਤ ਖਾਲਸਾ ਦੇ ਬਹੁਤ ਸਾਰੇ ਇਕੱਠ ਹੋਏ। ਦਰਅਸਲ ਜਦ ਵੀ ਕੌਮ 'ਤੇ ਕੋਈ ਮੁਸ਼ਕਿਲ ਆਉਂਦੀ ਸੀ ਜਾਂ ਕੋਈ ਸਾਂਝਾ ਮਸਲਾ ਉਠਦਾ ਸੀ ਤਾਂ ਮੁਖੀ ਸਿੱਖ ਜਥੇਦਾਰਾਂ ਦੀ ਇਹ ਸਾਂਝੀ ਬੈਠਕ ਹੋਇਆ ਕਰਦੀ ਸੀ। ਸਰਬਤ ਖਾਲਸਾ ਦੀ ਆਖ਼ਰੀ ਮੀਟਿੰਗ 1805 ਵਿਚ ਉਦੋਂ ਹੋਈ ਸੀ ਜਦੋਂ ਮਰਹੱਟਾ ਰਾਜਾ ਹੋਲਕਰ ਅੰਗਰੇਜ਼ਾਂ ਤੋਂ ਹਾਰ ਖਾ ਕੇ ਸਿੱਖਾਂ ਤੋਂ ਪਨਾਹ ਤੇ ਮਦਦ ਲੈਣ ਆਇਆ ਸੀ। ਪਰ, ਇਸ ਮੀਟਿੰਗ ਵਿਚ ਰਣਜੀਤ ਸਿੰਘ ਨੇ ਮਹਿਸੂਸ ਕੀਤਾ ਕਿ ਜੇ ਇਹੋ ਜਿਹੇ ਇਕੱਠ ਹੁੰਦੇ ਰਹੇ ਤਾਂ ਉਸ ਦੀਆਂ ਸਾਰੀਆਂ ਮਿਸਲਾਂ ਦੇ ਇਲਾਕਿਆਂ 'ਤੇ ਕਬਜ਼ੇ ਕਰਨ ਦੀਆਂ ਖ਼ਾਹਿਸ਼ਾਂ 'ਤੇ ਵੀ ਅਸਰ ਪੈ ਸਕਦਾ ਹੈ ਇਸ ਕਰ ਕੇ, 1805 ਤੋਂ ਬਾਅਦ, ਰਣਜੀਤ ਸਿੰਘ ਨੇ ਸਰਬਤ ਖਾਲਸਾ ਦੀਆਂ ਮੀਟਿੰਗਾਂ ਨਹੀਂ ਹੋਣ ਦਿੱਤੀਆਂ। ਉਹ ਨਹੀਂ ਚਾਹੁੰਦਾ ਸੀ ਕਿ ਕੋਈ ਵੀ ਤਾਕਤ/ਜਮਾਤ ਉਸ ਦੇ ਸਿਆਸੀ ਫ਼ੈਸਲਿਆਂ ਵਿਚ ਉਸ ਉੱਪਰ ਹੁਕਮ ਚਲਾਵੇ ਜਾਂ ਉਸ ਨੂੰ ਹਦਾਇਤਾਂ/ਸਲਾਹ ਦੇਵੇ।

ਸਰਬੱਤ ਖਾਲਸਾ ਦਾ ਮਾਅਨਾ ਸਿੱਖਾਂ ਦਾ ਇਕ ਬੜਾ ਵੱਡਾ ਇਕੱਠ ਨਹੀਂ, ਜਿਵੇਂ ਕੁਝ ਸਿੱਖ 26 ਜਨਵਰੀ 1986 ਦੇ ਦਿਨ ਭਿੰਡਰਾਂ-ਮਹਿਤਾ ਜਥਾ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਕੀਤੇ ਗਏ ਅਤੇ ਬਾਅਦ ਦੇ ਕੁਝ ਇੱਕਠਾਂ ਬਾਰੇ ਦਾਅਵਾ ਕਰਦੇ ਹਨ। ਹੋਰ ਦੇਖੋ: **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ**

ਸਰਬਤ ਦਾ ਭਲਾ:- ਲਫ਼ਜ਼ੀ ਮਾਅਨਾ: ਹਰੇਕ ਦਾ ਭਲਾ ਹੋਣਾ/ਚਾਹੁਣਾ। ਇਹ ਬੋਲ ਸਿੱਖਾਂ ਦੀ ਰੋਜ਼ਾਨਾ ਅਰਦਾਸ ਦਾ ਇੱਕ ਹਿੱਸਾ ਹੈ। ਇਹ ਰੱਬ ਅੱਗੇ ਅਰਦਾਸ ਹੈ ਕਿ ਉਹ ਇਸ ਦੁਨੀਆਂ ਦੇ ਹਰੇਕ ਜੀਵ ਨੂੰ ਖ਼ੁਸ਼ੀ, ਸਕੂਨ ਅਤੇ ਕਾਮਯਾਬੀ ਬਖ਼ਸ਼ੇ। ਸਿੱਖ ਇਸ ਧਰਤੀ ਦਾ ਸਭ ਤੋਂ ਮਹਾਨ ਇਨਸਾਨੀਅਤ-ਪ੍ਰਸਤ ਹੈ ਕਿਉਂਕਿ ਉਹ ਚਾਹੁੰਦਾ ਹੈ ਕਿ ਦੁਨੀਆਂ ਦੇ ਹਰੇਕ ਜੀਵ ਕੋਲ (ਸਿਰਫ਼ ਸਿੱਖਾਂ ਕੋਲ ਹੀ ਨਹੀਂ) ਜ਼ਿੰਦਗੀ ਦੀਆਂ ਵਧ ਤੋਂ ਵਧ ਸਹੂਲਤਾਂ ਅਤੇ ਸਕੂਨ ਹੋਵੇ। ਇਹ ਨਿਸ਼ਾਨਾ ਸਿੱਖ ਧਰਮ ਨੂੰ 'ਸਾਰੀ ਲੋਕਾਈ ਦਾ ਧਰਮ' ਬਣਾਉਂਦਾ ਹੈ।

ਸਰਮ/ਸ਼੍ਰਮ ਖੰਡ:- ਦੇਖੋ: **ਪੰਜ ਖੰਡ** 215

ਸਰਾਂ:- ਦੇਖੋ: ਬੁੰਗਾ । 230

ਸਲਵਾਰ ਕਮੀਜ਼:- ਸਲਵਾਰ ਕਮੀਜ਼ ਪੰਜਾਬ (ਪੱਛਮੀ ਪੰਜਾਬ ਦਾ ਵੀ, ਜੋ ਹੁਣ ਪਾਕਿਸਤਾਨ ਦਾ ਹਿੱਸਾ ਹੈ) ਦੇ ਲੋਕਾਂ (ਮਰਦਾਂ ਤੇ ਔਰਤਾਂ, ਦੋਹਾਂ) ਦਾ ਦੇਸੀ (ਮੁਕਾਮੀ) ਪਹਿਰਾਵਾ ਹੈ। ਕੁਝ ਗ਼ੈਰ-ਪੰਜਾਬੀ ਲੋਕਾਂ ਨੇ ਵੀ ਇਸ ਪਹਿਰਾਵੇ ਨੂੰ ਅਪਣਾਇਆ ਹੋਇਆ ਹੈ। ਇਹ ਭਾਰਤ ਦੇ ਕੁਝ ਇਲਾਕਿਆਂ ਤੋਂ ਇਲਾਵਾ, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿਚ ਵੀ ਵਰਤਿਆ ਜਾਂਦਾ ਹੈ। ਉਂਞ ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਦਾ ਜਨਮ ਪੰਜਾਬ ਵਿਚ ਹੋਇਆ ਸੀ ਕਿ ਟਰਕੀ ਜਾਂ ਮੱਧ ਏਸ਼ੀਆ ਦੇ ਕਿਸੇ ਹੋਰ ਮੁਲਕ ਵਿਚ, ਕਿਉਂਕਿ ਉਨ੍ਹਾਂ ਮੁਲਕਾਂ ਵਿਚ ਵੀ ਇਹ (ਕੁਝ ਵੱਖਰੇ ਰੂਪ ਵਿਚ) ਇਕ ਹਰਮਨ ਪਿਆਰਾ ਪਾਹਿਰਾਵਾ ਹੈ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਸਾਰੇ ਮੁਲਕਾਂ ਵਿਚ ਸਲਵਾਰ ਦੀ ਸਿਲਾਈ ਦੇ ਤਰੀਕੇ ਅਤੇ ਕਪੜੇ ਦੀ ਲੰਬਾਈ ਵਿਚ ਫ਼ਰਕ ਹੈ।

ਇਹ ਔਰਤ ਲਈ ਸ਼ਾਇਦ ਸਭ ਤੋਂ ਢੁਕਵੀਂ ਤੇ ਫੱਬਵੀਂ ਪੁਸ਼ਾਕ ਹੈ। ਇਹ ਸਰੀਰ ਦਾ ਪਰਦਾ ਰੱਖਣ ਵਿਚ ਮਦਦ ਕਰਦੀ ਹੈ ਅਤੇ ਜਿਸਮ ਦੀ ਚਮੜੀ ਅਤੇ ਬਾਕੀ ਹਿੱਸਿਆਂ ਲਈ ਵਧੀਆ ਪੁਸ਼ਾਕ ਹੈ।

ਸਲੋਕ:- ਸਲੋਕ ਦਾ ਲਫ਼ਜ਼ੀ ਮਾਅਨਾ ਹੈ: ਸਿਫ਼ਤ/ਪ੍ਰਸੰਸਾ (ਆਮ ਤੌਰ ਤੇ ਰੱਬ ਦੀ)। ਇਹ ਕਵਿਤਾ ਦਾ ਇਕ ਰੂਪ ਜਾਂ ਛੰਦ ਵੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਹੁਤੀ ਬਾਣੀ ਸਲੋਕਾਂ ਵਿਚ ਹੈ।

ਸਲੋਕ ਸਹਸਕ੍ਰਿਤੀ:- ਸਲੋਕ ਸਹਸਕ੍ਰਿਤੀ ਗੁਰੂ ਗ੍ਰੰਥ ਸਾਹਿਬ ਵਿਚ 'ਸਹਸਕ੍ਰਿਤੀ' ਬੋਲੀ ਵਿਚ ਲਿਖੇ ਸ਼ਬਦਾਂ ਨੂੰ ਕਹਿੰਦੇ ਹਨ। ਇਹ ਬੋਲੀ ਪਾਲੀ, ਪ੍ਰਾਕ੍ਰਿਤ, ਅਪਭ੍ਰੰਸ਼ ਆਦਿ ਦਾ ਮਿਲਗੋਭਾ ਹੈ। ਸ਼ਾਇਦ ਸੰਸਕ੍ਰਿਤ ਇਸ ਤੋਂ ਹੀ ਬਣੀ ਹੋਵੇ ਕਿਉਂਕਿ ਉਹ ਸਾਹਿਤਕ/ਕਲਾਸੀਕਲ ਬੋਲੀ ਹੈ। ਕਲਾਸੀਕਲ ਬੋਲੀਆਂ ਲੋਕ ਬੋਲੀਆਂ ਤੋਂ ਹੀ ਸੈਂਕੜੇ ਸਾਲਾਂ ਵਿਚ ਵਿਕਸਤ ਹੋ ਕੇ ਕਾਇਮ ਹੁੰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿਚ, ਚਾਰ ਸਹਸਕ੍ਰਿਤੀ ਸਲੋਕ ਗੁਰੂ ਨਾਨਕ ਸਾਹਿਬ ਦੇ ਅਤੇ 67 ਗੁਰੂ ਅਰਜਨ ਸਾਹਿਬ ਦੇ ਲਿਖੇ ਹੋਏ ਹਨ।

ਸਲੋਕ ਵਾਰਾਂ ਤੋਂ ਵਧੀਕ:- ਇਹ ਉਹ ਸਲੋਕ ਹਨ, ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਵਾਰਾਂ ਦੇ ਨਾਲ ਤਰਤੀਬ ਨਹੀਂ ਦਿੱਤੀ ਗਈ। ਇਨ੍ਹਾਂ ਸਲੋਕਾਂ ਦੀ ਗਿਣਤੀ 152 ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਖ਼ੀਰ ਵਿਚ, ਇਸ ਹੈਡਿੰਗ ਹੇਠ, ਦਰਜ ਕੀਤੇ ਗਏ ਹਨ ਪਰ ਮੁੰਦਾਵਣੀ ਤੋਂ ਪਹਿਲਾਂ ਹਨ। ਜਦੋਂ 1678 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕੀਤਾ ਤਾਂ ਗੁਰੂ ਤੇਗ ਬਹਾਦਰ ਸਾਹਿਬ ਦੇ ਸਲੋਕ 'ਸਲੋਕ ਵਾਰਾਂ ਤੋਂ ਵਧੀਕ' ਤੋਂ ਬਾਅਦ ਦਰਜ ਕੀਤੇ ਸਨ।

ਸਵਰਗ/ਨਰਕ:- ਹਿੰਦੂ ਤੇ ਈਸਾਈ ਧਰਮਾਂ ਮੁਤਾਬਿਕ ਸਵਰਗ ਤੇ ਨਰਕ, ਇਸ ਦੁਨੀਆਂ ਤੋਂ ਪਰ੍ਹੇ ਦੋ ਲੋਕ (ਜਗਹ) ਹਨ। ਸਵਰਗ ਸੁਖਾਂ ਤੇ ਐਸ਼ ਦੀ ਦੁਨਿਆਂ ਹੈ; ਅਤੇ ਨਰਕ ਦੁਖਾਂ ਤੇ ਮੁਸੀਬਤਾਂ ਦੀ ਦੁਨੀਆਂ ਹੈ। ਮੌਤ ਮਗਰੋਂ ਸਵਰਗ ਚੰਗੇ ਕੰਮ ਕਰਨ ਵਾਲਿਆਂ (ਤੇ ਖ਼ਾਸ ਕਰ ਕੇ ਅਖੌਤੀ ਭਗਤੀ ਕਰਨ ਵਾਲਿਆਂ) ਨੂੰ ਅਤੇ

ਨਰਕ ਮਾੜੇ ਕੰਮ ਕਰਨ ਵਾਲਿਆਂ ਨੂੰ ਮਿਲਦਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ, ਇਸ ਦੁਨੀਆਂ ਤੋਂ ਪਰ੍ਹੇ ਅਤੇ ਮੌਤ ਤੋਂ ਮਗਰੋਂ ਕੋਈ ਵੀ ਅਖੌਤੀ ਨਰਕ ਜਾਂ ਸਵਰਗ ਨਹੀਂ ਹੈ। ਨੇਕੀ ਦੀ ਜ਼ਿੰਦਗੀ/ਸੱਚਾ ਜੀਵਨ ਜਿਊਣਾ (ਰੱਬ ਦੀ ਸਿਫ਼ਤ-ਸਲਾਹ ਵਿਚ ਜ਼ਿੰਦਗੀ ਬਿਤਾਉਣਾ) ਸਵਰਗ ਹੈ ਅਤੇ ਬੁਰਾਈ ਦੀ ਜ਼ਿੰਦਗੀ ਬਿਤਾਉਣਾ ਨਰਕ ਹੈ।

ਗੁਰਬਾਣੀ ਵਿਚ, ਸਵਰਗ ਲਫ਼ਜ਼ (ਸਵਰਗ/ਬੈਕੁੰਠ/ਬਹਿਸ਼ਤ/ਜੰਨਤ) ਅਤੇ ਨਰਕ (ਜਹੱਨੁਮ/ਦੋਜ਼ਖ) ਲਫ਼ਜ਼ਾਂ ਨੂੰ ਬਹੁਤ ਵਾਰੀ ਵਰਤਿਆ ਗਿਆ ਹੈ ਕਿਉਂ ਕਿ ਇਹ ਲਫ਼ਜ਼ ਆਮ ਲੋਕਾਂ ਵਿਚ ਪ੍ਰਚਲਤ ਸਨ ਅਤੇ ਸਾਰੇ ਲੋਕ ਹੀ ਇਨ੍ਹਾਂ ਬਾਰੇ ਜਾਣੂ ਸਨ। ਇਹ ਲਫ਼ਜ਼ ਇਸ ਕਰ ਕੇ ਨਹੀਂ ਵਰਤੇ ਗਏ ਕਿ ਗੁਰੂ ਸਾਹਿਬਾਨ ਅਖੌਤੀ ਸਵਰਗ/ਨਰਕ ਨੂੰ ਮੰਨਦੇ ਸਨ ਬਲਕਿ ਸਿਰਫ਼ ਹਵਾਲੇ ਵਾਸਤੇ ਵਰਤੇ ਗਏ ਸਨ ਤਾਂ ਜੋ ਮੁਕਾਬਲਾ ਕੀਤਾ ਜਾ ਸਕੇ ਕਿ ਲੋਕ ਜਿਸ ਨੂੰ ਸਵਰਗ/ਨਰਕ ਮੰਨਦੇ ਹਨ, ਉਹ ਕੋਈ ਭੂਗੋਲਕ ਜਗਹ ਨਹੀਂ ਹਨ ਬਲਕਿ ਸਿਰਫ਼ 'ਖ਼ਿਆਲੀ' ਮੁਕਾਮ ਹਨ। ਇਹ ਹਵਾਲੇ ਚੰਗਿਆਈ ਤੇ ਬੁਰਿਆਈ ਦੀ ਦੁਨੀਆਂ ਦੀ ਗੱਲ ਕਰਨ ਵਾਸਤੇ ਵਰਤੇ ਗਏ ਸਨ। ਸਿੱਖ ਧਰਮ ਦੁਬਾਰਾ-ਜਨਮ ਦੇ ਫ਼ਸਲਫ਼ੇ ਵਿਚ ਯਕੀਨ ਨਹੀਂ ਰਖਦਾ। ਇੰਞ ਹੀ ਇਨਸਾਨ ਦਾ ਜਨਮ ਅਖੌਤੀ ਪਿਛਲੇ ਜਨਮ ਦੇ 'ਕਰਮਾਂ' (ਕਰਤੂਤਾਂ) ਕਰ ਕੇ ਨਹੀਂ ਹੁੰਦਾ। ਇਹ ਜਨਮ ਤਾਂ ਵਾਹਿਗੁਰੂ ਦੇ ਕਰਮ (ਮਿਹਰ, ਬਖ਼ਸ਼ਿਸ਼, ਕ੍ਰਿਪਾ) ਨਾਲ ਹੀ ਮਿਲਦਾ ਹੈ (ਅਖੌਤੀ 84 ਲੱਖ ਜੂਨਾਂ ਮਗਰੋਂ ਵੀ ਨਹੀਂ)। ਹੋਰ ਵੇਖੋ: **ਚੌਰਾਸੀ ਲੱਖ ਜੂਨ**। 144

*ਜੋ ਜਨ ਪਰਮਿਤਿ ਪਰਮਨੁ ਜਾਨਾ॥ ਬਾਤਨ ਹੀ ਬੈਕੁੰਠ ਸਮਾਨਾ॥ ਨਾ **ਜਾਨਾ, ਬੈਕੁੰਠੁ ਕਹਾ ਹੀ**॥ ਜਾਨੁ ਜਾਨੁ ਸਭਿ ਕਹਹਿ ਤਹਾ ਹੀ॥ (ਸਫ਼ਾ 325)*

ਸੁਰਗ ਬਾਸੁ ਨ ਬਾਛੀਐ, ਡਰੀਐ ਨ ਨਰਕਿ ਨਿਵਾਸੁ॥ ਹੋਨਾ ਹੈ ਸੋ ਹੋਈ ਹੈ, ਮਨਹਿ ਨ ਕੀਜੈ ਆਸ॥ (ਸਫ਼ਾ 337)

*ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਨਿਕਟਿ ਨ ਆਵੈ ਜਾਮ॥ **ਮੁਕਤਿ ਬੈਕੁੰਠ ਸਾਧ ਕੀ ਸੰਗਤਿ** ਜਨ ਪਾਇਓ ਹਰਿ ਕਾ ਧਾਮ॥ (ਸਫ਼ਾ 682)*

__ਬੈਕੁੰਠ ਨਗਰੁ ਜਹਾ ਸੰਤ ਵਾਸਾ__॥ ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ॥ (ਸਫ਼ਾ 742)

*ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ॥ ਤਹਾ **ਬੈਕੁੰਠੁ ਜਹ ਕੀਰਤਨੁ ਤੇਰਾ** ਤੂੰ ਆਪੇ ਸਰਧਾ ਲਾਇਹਿ॥ (ਸਫ਼ਾ 749)*

*ਅਠਸਠਿ ਤੀਰਥ ਜਹ ਸਾਧ ਪਗ ਧਰਹਿ॥ **ਤਹ ਬੈਕੁੰਠੁ ਜਹ ਨਾਮੁ ਉਚਰਹਿ**॥ (ਸਫ਼ਾ 890)*

*ਕਈ ਬੈਕੁੰਠ ਨਾਹੀ ਲਵੈ ਲਾਗੇ॥ **ਮੁਕਤਿ ਬਪੁੜੀ** ਭੀ ਗਿਆਨੀ ਤਿਆਗੇ॥ (ਸਫ਼ਾ 1078)*

*ਸਭੁ ਕੋਈ ਚਲਨ ਕਹਤ ਹੈ ਊਹਾਂ ॥ ਨਾ ਜਾਨਉ, ਬੈਕੁੰਠੁ ਹੈ ਕਹਾਂ॥ ਰਹਾਉ ॥ ਆਪ ਆਪ ਕਾ ਮਰਮੁ ਨ ਜਾਨਾਂ॥ ਬਾਤਨ ਹੀ, ਬੈਕੁੰਠੁ ਬਖਾਨਾਂ॥ ਜਬ ਲਗੁ ਮਨ ਬੈਕੁੰਠ ਕੀ ਆਸ॥ ਤਬ ਲਗੁ ਨਾਹੀ ਚਰਨ ਨਿਵਾਸ॥ ਖਾਈ ਕੋਟੁ ਨ ਪਰਲ ਪਗਾਰਾ॥ ਨਾ ਜਾਨਉ ਬੈਕੁੰਠ ਦੁਆਰਾ॥ ਕਹਿ ਕਮੀਰ ਅਬ ਕਹੀਐ ਕਾਹਿ॥ **ਸਾਧ ਸੰਗਤਿ ਬੈਕੁੰਠੈ ਆਹਿ**॥ (ਸਫ਼ਾ 1161)*

ਹੋਰ ਵੇਖੋ: **ਕਰਮ**, **ਨਦਰ** – 97, 189

ਸਾਹਿਬ:- ਲਫ਼ਜ਼ੀ ਮਾਅਨਾ: ਮਾਲਕ। ਸਿੱਖ ਫ਼ਲਸਫ਼ੇ ਵਿਚ, 'ਸਾਹਿਬ' ਵਾਹਿਗੁਰੂ ਵਾਸਤੇ ਵਰਤਿਆ ਜਾਂਦਾ ਹੈ, ਕਿਉਂਕਿ ਉਹ ਵਾਹਿਗੁਰੂ ਹੀ ਸਭ ਦਾ ਮਾਲਿਕ ਹੈ। ਦਸ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਵੀ 'ਸਾਹਿਬ' ਕਰ ਕੇ ਲਿਖਿਆ ਕੀਤਾ ਜਾਂਦਾ ਹੈ।

ਗੁਰਬਾਣੀ ਵਿਚ ਸਿਰਫ਼ ਰੱਬ/ਵਾਹਿਗੁਰੂ ਨੂੰ ਹੀ 'ਸਾਹਿਬ' ਲਿਖਿਆ ਗਿਆ ਹੈ:

__ਸਚਾ ਸਾਹਿਬੁ__ ਸਚੀ ਨਾਈ॥ ਗੁਰ ਪਰਸਾਦਿ ਤਿਸੁ ਸਦਾ ਧਿਆਈ॥(ਸਫ਼ਾ 104)

__ਤੂ ਸਚਾ ਸਾਹਿਬੁ__ ਆਪਿ ਹੈ ਸਚੁ ਸਾਹ ਹਮਾਰੇ॥ ਸਚੁ ਪੂੰਜੀ ਨਾਮੁ ਦ੍ਰਿੜਾਇ ਪ੍ਰਭ ਵਣਜਾਰੇ ਥਾਰੇ॥ (ਸਫ਼ਾ 308)

ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ॥ __ਸਚੁ ਸਾਹਿਬੋ__ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ॥ ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ॥ ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ॥ (ਸਫ਼ਾ 437)

ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ॥ __ਕੀਤਾ ਵੇਖੈ ਸਾਹਿਬੁ ਆਪਣਾ__ ਕੁਦਰਤਿ ਕਰੇ ਬੀਚਾਰੋ॥(ਸਫ਼ਾ 580)

__ਸਚੁ ਸਾਹਿਬੁ__ ਸਚਾ ਨਿਆਉ ਹੈ ਸਿਰਿ ਨਿੰਦਕ ਛਾਈ॥ ਜਨ ਨਾਨਕ ਸਚੁ ਅਰਾਧਿਆ ਗੁਰਮੁਖਿ ਸੁਖੁ ਪਾਈ॥ (ਸਫ਼ਾ 851)

ਘਟਣਹਾਰੈ ਘਾਟੁ ਆਪੇ ਹੀ ਘਟਿਆ॥ __ਆਪੇ ਪੂਰਾ ਸਾਹੁ__ ਆਪੇ ਹੀ ਖਟਿਆ॥ ਆਪੇ ਕਰਿ ਪਾਸਾਰੁ ਆਪੇ ਰੰਗ ਰਟਿਆ॥ ਕੁਦਰਤਿ ਕੀਮ ਨ ਪਾਇ ਅਲਖ ਬ੍ਰਹਮਟਿਆ॥ ਅਗਮ ਅਥਾਹ ਬੇਅੰਤ ਪਰੈ ਪਰਟਿਆ॥ ਆਪੇ ਵਡ ਪਾਤਿਸਾਹੁ ਆਪਿ ਵਜੀਰਟਿਆ॥ ਕੋਇ ਨ ਜਾਣੈ ਕੀਮ ਕੇਵਡੁ ਮਟਿਆ॥ __ਸਚਾ ਸਾਹਿਬੁ__ ਆਪਿ ਗੁਰਮੁਖਿ ਪਰਗਟਿਆ॥(ਸਫ਼ਾ 957)

ਅੱਜ-ਕਲ੍ਹ 'ਸਾਹਿਬ' ਲਫ਼ਜ਼ ਹਰ ਇਕ ਵਾਸਤੇ (ਇਸ ਦੇ ਮਾਅਨੇ ਜਾਂ ਪਿਛੋਕੜ ਦੀ ਪ੍ਰਵਾਹ ਕਰਨ ਤੋਂ ਬਿਨਾਂ ਹੀ) ਵਰਤਿਆ ਜਾਂਦਾ ਹੈ। ਸਾਹਿਬ ਲਫ਼ਜ਼ ਦੀ ਅਜੋਕੀ ਵਰਤੋਂ ਭਾਰਤ ਉੱਤੇ ਬ੍ਰਿਟਿਸ਼ ਰਾਜ ਸਮੇਂ ਸ਼ੁਰੂ ਹੋਈ ਸੀ। ਭਾਰਤੀਆਂ ਦੀ ਚਾਪਲੂਸ ਸੋਚ ਨੇ ਇਸ ਦੀ ਗ਼ਲਤ ਵਰਤੋਂ ਨੂੰ ਜਨਮ ਦਿੱਤਾ ਸੀ। ਭਾਰਤੀ ਚਾਪਲੂਸ ਲੋਕ ਬ੍ਰਿਟਿਸ਼ ਅਫ਼ਸਰਾਂ ਦੀ ਖ਼ੁਸ਼ਾਮਦ ਕਰਨ ਲਈ ਹਰੇਕ ਅਫ਼ਸਰ ਨੂੰ 'ਸਾਹਿਬ' ਕਹਿ ਕੇ ਮੁਖ਼ਾਤਿਬ ਕਰਦੇ ਸਨ। ਹੁਣ ਵੀ ਬਹੁਤੇ ਲੋਕ ਇਸ ਲਫ਼ਜ਼ ਦੀ ਗ਼ਲਤ ਵਰਤੋਂ ਕਰਦੇ ਹਨ।

ਕੁਝ ਸਾਲਾਂ ਤੋਂ ਬਹੁਤ ਸਾਰੇ ਹਿੰਦੂ-ਸਿੱਖਾਂ ਨੇ ਗੁਰਦੁਆਰਿਆਂ ਦੇ ਨਾਂਵਾਂ ਨਾਲ 'ਸਾਹਿਬ' ਵਰਤਣਾ ਸ਼ੁਰੂ ਕਰ ਦਿੱਤਾ ਹੈ। ਕਈ ਸਿੱਖ-ਨਗਰਾਂ ਹੀ ਨਹੀਂ, ਬਲਕਿ ਵੱਖ-ਵੱਖ ਡੇਰਿਆਂ ਨਾਲ ਸਬੰਧਤ ਪਿੰਡਾਂ ਨਾਲ ਵੀ ਸਾਹਿਬ ਲਾਇਆ ਜਾਣ ਲੱਗ ਪਿਆ ਹੈ। ਇਹ ਸਿੱਖ ਫ਼ਲਸਫ਼ੇ ਦੇ ਉਲਟ ਹੈ। ਸਿੱਖ ਫ਼ਲਸਫ਼ੇ ਮੁਤਾਬਿਕ, ਕਿਸੇ ਵੱਡੇ ਦਾ ਸਤਿਕਾਰ ਕਰਨ ਲਈ ਉਸ ਦੇ ਨਾਂ ਦੇ ਨਾਲ "ਜੀ" ਪਿਛੇਤਰ ਤਾਂ ਲਾਇਆ ਜਾ ਸਕਦਾ ਹੈ ਪਰ 'ਸਾਹਿਬ' ਲਾਉਣਾ ਗ਼ਲਤ ਹੈ। (ਜਿਵੇਂ 'ਦਿਲਗੀਰ **ਸਾਹਿਬ**' ਦੀ ਥਾਂ 'ਦਿਲਗੀਰ **ਜੀ**' ਠੀਕ ਹੈ)।

ਸਾਹਿਬ-ਏ-ਕਮਾਲ:- (ਲਫ਼ਜ਼ੀ ਮਾਅਨਾ: ਕਮਾਲ ਦਾ ਸਾਹਿਬ/ਮਾਲਿਕ) ਇਸ ਨਾਂ ਦੀ ਕਿਤਾਬ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਦਿੱਤੀ

ਦੇਣ ਬਾਰੇ ਹੈ। ਇਸ ਦਾ ਲੇਖਕ ਇਕ ਆਰੀਆ ਸਮਾਜੀ ਦੌਲਤ ਰਾਇ ਹੈ। ਦੌਲਤ ਰਾਇ ਖਾਲਸੇ ਦੇ ਪ੍ਰਗਟ ਕਰਨ ਨੂੰ ਹਿੰਦੂ ਧਰਮ ਦੀ ਰੱਖਿਆ ਲਈ ਕੀਤਾ ਇਕ ਕਾਰਨਾਮਾ ਮੰਨਦਾ ਹੈ। ਦੌਲਤ ਰਾਇ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਵਾਸਤੇ ਕੁਝ ਸਜਾਵਟ ਭਰੇ ਲਫ਼ਜ਼ ਵਰਤੇ ਹਨ ਪਰ ਉਸ ਦੇ ਹਰੇਕ ਲਫ਼ਜ਼ ਦੀ ਸੁਰ ਗੁਰੂ ਸਾਹਿਬ ਨੂੰ ਇਕ ਸੱਚਾ ਅਤੇ ਪੱਕਾ ਹਿੰਦੂ ਪੇਸ਼ ਕਰਦੀ ਹੈ। ਇਸ ਕਿਤਾਬ ਨੂੰ ਲਿਖਣ ਦਾ ਉਸ ਦਾ ਅਸਲ ਮਕਸਦ ਇਹ ਸੀ ਕਿ ਸਿੱਖਾਂ ਨੂੰ ਹਿੰਦੂ ਸਾਬਿਤ ਕਿੱਤਾ ਜਾਵੇ। ਇਹ ਸਿੱਖ ਦੀ ਪਛਾਣ ਨੂੰ ਵਿਗਾੜਨ ਦੀ ਇਕ ਨਾਕਾਮ ਕੋਸ਼ਿਸ਼ ਸੀ। ਕੁਝ ਬੇਸਮਝ ਸਿੱਖਾਂ ਨੇ ਇਸ ਕਿਤਾਬ ਦੀਆਂ ਹਜ਼ਾਰਾਂ ਕਾਪੀਆਂ ਛਪਵਾ ਕੇ ਮੁਫ਼ਤ ਵੰਡੀਆਂ। ਜਿਹੜਾ ਕੰਮ ਆਰੀਆ ਸਮਾਜ ਤੇ ਹੋਰ ਹਿੰਦੂ ਬੁਨਿਆਦਪ੍ਰਸਤਾਂ ਨੇ ਕਰਨਾ ਸੀ, ਉਹ ਇਨ੍ਹਾਂ ਬੇਸਮਝ ਸਿੱਖਾਂ ਨੇ ਕਰ ਕੇ, ਸਿੱਖ ਤਵਾਰੀਖ਼ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਧੁੰਧਲੀ ਕਰਨ ਦੀ ਹਰਕਤ ਕੀਤੀ।

ਸਾਕਤ:- ਸਾਕਤ/ਸ਼ਾਕਤ ਉਸ ਨੂੰ ਕਿਹਾ ਜਾਂਦਾ ਹੈ ਜੋ ਸ਼ਕਤੀ (ਤਾਕਤ) ਦੀ ਪੂਜਾ ਕਰਦਾ ਹੈ। ਹਿੰਦੂ ਧਰਮ ਵਿਚ ਸ਼ਿਵ ਦੇ ਪੁਜਾਰੀ, ਯਾਨਿ ਸ਼ੈਵ, ਸ਼ਕਤੀ ਦੀ ਪੂਜਾ ਕਰਦੇ ਹਨ। ਸਿੱਖ ਫ਼ਲਸਫ਼ੇ ਮੁਤਾਬਿਕ, ਸਾਕਤ ਨਾਸਤਕ ਹੈ ਕਿਉਂਕਿ ਉਹ ਅਕਾਲ ਪੁਰਖ ਦੀ ਥਾਂ ਸ਼ਕਤੀ ਦੀ ਪੂਜਾ ਕਰਦਾ ਹੈ। ਸਾਂਖ ਫ਼ਲਸਫ਼ੇ ਮੁਤਾਬਿਕ, ਸਾਰੀ ਤਾਕਤ ਦੇ ਦੋ ਮਰਕਜ਼ ਹਨ: ਸ਼ਿਵ (ਪੁਰਸ਼, ਰੱਬ) ਅਤੇ ਸ਼ਕਤੀ (ਪ੍ਰਕਿਰਤੀ, ਸ਼ਿਵ ਦੀ ਤਾਕਤ)। ਇਸ ਫ਼ਲਸਫ਼ੇ ਮੁਤਾਬਿਕ, ਜਦੋਂ ਇਹ ਇਕ ਦੂਜੇ ਨਾਲ ਸੰਗ ਕਰਦੇ ਹਨ ਤਾਂ ਸ੍ਰਿਸ਼ਟੀ ਪੈਦਾ ਹੁੰਦੀ ਹੈ। ਇਸ ਹਿਸਾਬ ਨਾਲ ਇਹ ਦੋਵੇਂ ਇਕ ਦੂਜੇ ਤੋਂ ਬਿਨਾਂ ਕੁਝ ਨਹੀਂ ਕਰ ਸਕਦੇ।

ਇਸ ਦਾ ਮਾਅਨਾ ਇਹ ਵੀ ਬਣਦਾ ਹੈ ਕਿ ਰੱਬ ਸਾਰੀਆਂ ਤਾਕਤਾਂ ਦਾ ਮਾਲਕ ਨਹੀਂ ਹੈ ਤੇ ਉਹ ਸਿਰਜਣਾ ਜਾਂ ਕਿਸੇ ਹੋਰ ਕੰਮ ਲਈ 'ਪ੍ਰਕਿਰਤੀ' ਉੱਤੇ ਨਿਰਭਰ ਹੈ।ਇਕ ਸਾਕਤ ਇਨਸਾਨ ਕਾਲੇ ਇਲਮ, ਗ਼ੈਬੀ/ਜਾਦੂਮਈ ਤਾਕਤ ਅਤੇ ਹੋਰ ਨਾਸਤਿਕ/ਧਰਮ ਵਿਰੋਧੀ ਕਾਰਵਾਈਆਂ ਵਿਚ ਯਕੀਨ ਰਖਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਾਕਤ ਨੂੰ ਬੜੇ ਸਖ਼ਤ ਲਫ਼ਜ਼ਾਂ ਵਿਚ ਰੱਦ ਕੀਤਾ ਗਿਆ ਹੈ:

> *ਸਾਕਤ ਹਰਿ ਰਸ ਸਾਦੁ ਨ ਜਾਣਿਆ, ਤਿਨ ਅੰਤਰਿ ਹਉਮੈ ਕੰਡਾ ਹੇ ॥ ਜਿਉ ਜਿਉ ਚਲਹਿ, ਚੁਭੈ, ਦੁਖੁ ਪਾਵਹਿ, ਜਮਕਾਲੁ ਸਹਹਿ ਸਿਰਿ ਡੰਡਾ ਹੇ॥ (ਸਫ਼ਾ 13)*

> *ਕਬੀਰ ਸਾਕਤ ਸੰਗੁ ਨ ਕੀਜੀਐ, ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ, ਤਉ ਕਛੁ ਲਾਗੈ ਦਾਗੁ। ਕਬੀਰ ਸਾਕਤ ਤੇ ਸੂਕਰ ਭਲਾ, ਰਾਖੈ ਆਛਾ ਗਾਉ॥ ਉਹੁ ਸਾਕਤੁ ਬਪੁਰਾ ਮਰਿ ਗਇਆ, ਕੋਇ ਨ ਲੈ ਹੈ ਨਾਉ॥ (ਸਫ਼ਾ 1371)*

> *ਕਬੀਰ ਸਾਕਤ ਤੇ ਸੂਕਰ ਭਲਾ, ਰਾਖੈ ਆਛਾ ਗਾਉ॥ ਉਹੁ ਸਾਕਤੁ ਬਪੁਰਾ ਮਰਿ ਗਇਆ, ਕੋਇ ਨ ਲੈ ਹੈ ਨਾਉ॥ (ਸਫ਼ਾ 1372)*

> *ਸਾਚੀ ਦਰਗਹ ਗਤਿ ਪਤਿ ਪਾਏ॥ ਸਾਕਤ ਠਉਰ ਨਾਹੀ ਹਰਿ ਮੰਦਰ ਜਨਮ ਮਰੈ ਦੁਖੁ ਪਾਇਆ॥ (ਸਫ਼ਾ 1043)*

ਸਾਖੀ:- ਸਾਖੀ ਦਾ ਲਫ਼ਜ਼ੀ ਮਾਅਨਾ ਹੈ: ਗਵਾਹੀ। ਸਾਖੀ ਗੁਰੂ ਸਾਹਿਬ ਦੇ

ਜੀਵਨ ਦੀ ਜਾਂ ਸਿੱਖ ਤਵਾਰੀਖ਼ ਦੀ ਕਿਸੇ ਘਟਨਾ ਨੂੰ ਵੀ ਕਹਿੰਦੇ ਹਨ। ਦੇਖੋ: **ਜਨਮਸਾਖੀ**।

ਸਾਚੀ ਸਾਖੀ:- ਇਹ ਸਿਰਦਾਰ ਕਪੂਰ ਸਿੰਘ ਦੀ ਲਿਖੀ ਹੋਈ ਇਕ ਕਿਤਾਬ ਹੈ। ਇਸ ਕਿਤਾਬ ਦੇ ਦੋ ਮੁੱਖ ਹਿੱਸੇ ਹਨ: ਪਹਿਲਾਂ ਹਿੱਸਾ ਲਿਖਾਰੀ ਦੀ ਸ੍ਵੈਜੀਵਨੀ ਜਿਸ ਵਿਚ ਲੇਖਕ ਦਾ ਛੋਟੇ ਜਿਹੇ ਨੁਕਤੇ ਦੇ ਬਹਾਨੇ ਉਸ ਨੂੰ ਬਹੁਤ ਉੱਚੀ ਨੌਕਰੀ (ਆਈ.ਸੀ.ਐਸ.) ਤੋਂ ਕੱਢੇ ਜਾਣ ਬਾਰੇ ਦਸਦਾ ਹੈ ਅਤੇ ਦੂਸਰਾ ਹਿੱਸਾ 1947 ਵਿਚ ਸਿੱਖਾਂ ਨਾਲ ਹੋਏ ਧੋਖੇ ਬਾਰੇ ਦਸਦਾ ਹੈ। ਕਪੂਰ ਸਿੰਘ ਨੇ ਇਸ ਕਿਤਾਬ ਦੇ ਦੋਹਾਂ ਹਿੱਸਿਆਂ ਵਿਚ ਹੀ ਪੂਰੀ ਸਚਾਈ ਨੂੰ ਨਹੀਂ ਬਿਆਨਿਆ ਹੈ। ਖ਼ਾਸ ਕਰ ਕੇ ਮਾਸਟਰ ਤਾਰਾ ਸਿੰਘ ਲਈ ਕਪੂਰ ਸਿੰਘ ਦੇ ਮਨ ਵਿਚਲੀ ਨਫ਼ਰਤ ਪੂਰੀ ਤਰ੍ਹਾਂ ਸਾਫ਼ ਉਘੜ ਕੇ ਸਾਹਮਣੇ ਆਉਂਦੀ ਹੈ। ਦੂਜੇ ਪਾਸੇ ਕਪੂਰ ਸਿੰਘ ਦੇ ਸਰਗਰਮ ਹਿਮਾਇਤੀ ਇਸ ਕਿਤਾਬ ਦੀ ਬਹੁਤ ਅਹਮੀਅਤ ਸਮਝਦੇ ਹਨ। ਸ਼੍ਰੋਮਣੀ ਕਮੇਟੀ ਨੇ ਇਸ ਕਿਤਾਬ ਦਾ ਇਕ ਐਡੀਸ਼ਨ ਛਾਪਿਆ ਸੀ। 2001 ਵਿਚ ਮਾਸਟਰ ਤਾਰਾ ਸਿੰਘ ਦੇ ਕੁਝ ਹਿਮਾਇਤੀਆਂ ਨੇ ਸ਼੍ਰੋਮਣੀ ਕਮੇਟੀ ਨੂੰ ਇਹ ਬਹਾਨਾ ਬਣਾ ਕੇ ਇਸ ਕਿਤਾਬ ਨੂੰ ਮੁੜ ਨਾ-ਛਾਪਣ ਲਈ ਕਿਹਾ ਕਿ ਇਸ ਵਿਚ ਅਕਾਲੀ ਦਲ ਦੇ ਲੀਡਰਾਂ ਨੂੰ ਗ਼ਲਤ ਤਰੀਕੇ ਨਾਲ ਨਿੰਦਿਆ ਗਿਆ ਹੈ। ਉਸ ਦੀ ਇਸ ਗ਼ਲਤ ਬਿਆਨੀ ਕਰ ਕੇ ਇਹ ਕਿਤਾਬ ਤਵਾਰੀਖ਼ ਦੇ ਪੱਖ ਤੋਂ ਬੇਹੱਦ ਗ਼ਲਤ ਹੈ।

ਸਾਧ ਸੰਗਤ:- ਲਫ਼ਜ਼ੀ ਮਾਅਨਾ: ਸਾਧ ਲੋਕਾਂ ਦਾ ਸਾਥ (ਇੱਥੇ ਸਾਧ 'ਚੰਗੇ ਲੋਕਾਂ' ਵਾਸਤੇ ਵਰਤਿਆ ਗਿਆ ਹੈ)। ਸਿੱਖ ਕਲਚਰ ਵਿਚ ਇਹ ਲਫ਼ਜ਼ ਗੁਰਦੁਆਰੇ ਵਿਚ ਜੁੜੀ ਸੰਗਤ ਵਾਸਤੇ ਵੀ ਵਰਤਿਆ ਜਾਂਦਾ ਹੈ। (ਸਾਧ ਦਾ ਲਫ਼ਜ਼ੀ ਮਾਅਨਾ ਹੈ: ਉਹ ਜਿਸ ਨੇ ਮਨ ਨੂੰ ਸਿਧਾਇਆ/ਟਿਕਾਇਆ, ਯਾਨਿ ਕਾਬੂ ਵਿਚ ਕੀਤਾ ਹੋਇਆ ਹੈ)। ਹੋਰ ਦੇਖੋ: **ਸੰਗਤ**

ਸਾਧਨਾ:- ਲਫ਼ਜ਼ੀ ਮਾਅਨਾ: ਆਪਣੇ ਆਪ ਨੂੰ ਕਿਸੇ ਮਕਸਦ ਵਾਸਤੇ ਸਿਧਾਉਣਾ, ਢਾਲਣਾ। ਸਿੱਖ ਧਰਮ ਵਿਚ ਸੱਚੀ ਜੀਵਣ-ਜਾਚ ਹੀ ਸਿੱਖ ਦੀ ਸਾਧਨਾ ਹੈ। ਪਰ ਹਿੰਦੂ ਧਰਮ ਵਿਚ, ਸਾਧਨਾ 'ਯੋਗਾ' ਦਾ ਇੱਕ ਹਿੱਸਾ ਹੈ, ਜਿਸ ਨੂੰ ਸਿੱਖ ਧਰਮ ਰੱਦ ਕਰਦਾ ਹੈ।

ਸਿੱਖ:- ਸਿੱਖ ਦਾ ਮਾਅਨਾ ਹੈ: '(ਧਰਮ, ਫ਼ਲਸਫ਼ੇ ਅਤੇ ਜੀਵਨ-ਜਾਚ ਦਾ ਨੂੰ) ਸਿੱਖਣ ਵਾਲਾ'। ਇਹ ਲਫ਼ਜ਼ "ਸ਼ਿਸ਼" ਤੋਂ ਵਖਰਾ ਹੈ, ਜਿਸ ਦਾ ਮਾਅਨਾ ਆਮ ਵਿਦਿਆਰਥੀ ਹੈ। ਸਿੱਖ ਉਹ ਹੈ ਜੋ ਗੁਰੂ ਨਾਨਕ ਸਾਹਿਬ ਦੇ ਦੱਸੇ ਪੰਥ (ਧਰਮ) ਵਿਚ ਯਕੀਨ ਰਖਦਾ ਹੈ; ਅਤੇ ਜਿਹੜਾ ਇਕ ਰੱਬ, ਦਸ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਅਤੇ ਇਸ ਦੀਆਂ ਸਿੱਖਿਆਵਾਂ ਉੱਤੇ ਅਕੀਦਾ ਰਖਦਾ ਹੈ ਅਤੇ ਉਸ ਨੇ ਖੰਡੇ ਦੇ ਪਾਹੁਲ ਲਈ ਹੋਈ ਹੈ ਜਾਂ ਜਲਦੀ ਹੀ ਲੈਣੀ ਚਾਹੁੰਦਾ ਹੈ। ਇਕ ਸਿੱਖ ਕਦੇ ਵੀ ਕਿਸੇ ਹੋਰ ਅਕੀਦੇ/ਧਰਮ ਉੱਤੇ ਯਕੀਨ ਨਹੀਂ ਰਖਦਾ। ਇਕ ਸਿੱਖ ਇਸ 'ਤੇ ਵੀ ਯਕੀਨ ਰਖਦਾ ਹੈ ਕਿ ਸਾਰੇ ਦੱਸ ਗੁਰੂ ਸਾਹਿਬਾਨ ਵਿਚ ਇਕੋ ਰੂਹਾਨੀ ਜੋਤਿ (ਗਿਆਨ, ਫ਼ਲਸਫ਼ਾ) ਸੀ; ਅਸਲ ਵਿਚ ਉਹ ਦਸ ਜਿਸਮ ਪਰ ਇੱਕ-ਜੋਤਿ (ਇਕ ਸੋਚ/ਫ਼ਲਸਫ਼ਾ) ਸਨ। ਇੱਕ ਸਿੱਖ ਦੀ ਵਿਲੱਖਣ ਪਛਾਣ ਹੈ: ਉਸ ਦੇ ਸਾਬਤ ਕੇਸ,

ਦਾੜ੍ਹੀ ਤੇ ਮੁੱਛਾਂ ਹੁੰਦੀਆਂ ਹਨ; ਪਾਹੁਲੀਏ ਸਿੱਖ ਕੋਲ ਕੜਾ, ਕ੍ਰਿਪਾਨ, ਕਛਹਿਰਾ, ਕੰਘਾ, ਕੇਸ ਤੇ ਕੇਸਕੀ (ਦਸਤਾਰ) ਹੁੰਦੇ ਹਨ; ਤੇ ਉਹ ਗੁਰੂ ਸਾਹਿਬਾਨ ਦੀ ਸਿਖਿਆ 'ਤੇ ਅਕੀਦਾ ਰਖਦਾ ਹੈ ਅਤੇ ਉਸ 'ਤੇ ਅਮਲ ਕਰਦਾ ਹੈ। ਸਿੱਖ ਧਰਮ ਨੂੰ ਸਮਾਜੀ-ਰੂਹਾਨੀਅਤ ਕਿਹਾ ਜਾ ਸਕਦਾ ਹੈ। ਹੋਰ ਦੇਖੋ: **ਕਿਰਤ ਕਰਨਾ, ਵੰਡ ਛਕਣਾ, ਰਹਿਤ ਮਰਯਾਦਾ, ਕਕਾਰ, ਸੇਵਾ, ਕੌਮ।**

(ਕੌਣ-ਕੌਣ) ਸਿੱਖ ਨਹੀਂ ਹਨ: ਹੇਠਾਂ ਦਿੱਤੇ ਗਏ ਧੜੇ/ਟੋਲੇ/ਸੰਪਰਦਾਵਾਂ ਸਿੱਖ ਵਿਚਾਰਧਾਰਾ ਵਿਚ ਯਕੀਨ ਨਹੀਂ ਰਖਦੀਆਂ ਇਸ ਕਰ ਕੇ ਇਨ੍ਹਾਂ ਨਾਲ ਸਬੰਧਤ ਲੋਕ ਸਿੱਖ ਨਹੀਂ ਹਨ: ਨਾਮਧਾਰੀਏ (ਅੱਗ ਤੇ ਗਾਂ ਦੀ ਪੂਜਾ ਕਰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਨਹੀਂ ਮੰਨਦੇ), ਨਿੰਰਕਾਰੀਏ (ਇਹ ਬਾਬਾ ਦਇਆਲ ਨੂੰ ਗੁਰੂ ਹੀ ਨਹੀਂ ਬਲਕਿ ਸਤਿਗੁਰੂ/ਰੱਬ ਵੀ ਮੰਨਦੇ ਹਨ), ਰਾਧਾ ਸੁਆਮੀ ਅਤੇ ਸੱਚਾ ਸੌਦਾ ਡੇਰਾ ਵਾਲੇ (ਇਹ ਦੇਹ ਧਾਰੀ ਗੁਰੂ ਨੂੰ ਮੰਨਦੇ ਹਨ), ਨੂਰਮਹਿਲੀਏ, ਭਨਿਆਰੇ ਵਾਲੀਏ (ਇਹ ਦੇਹਧਾਰੀ ਵਿਚ ਅਕੀਦਾ ਰਖਦੇ ਹਨ ਅਤੇ ਸਿੱਖ ਧਰਮ ਦਾ ਵਿਰੋਧ ਕਰਦੇ ਹਨ) ਅਤੇ ਹੋਰ ਉਹ ਸਾਰੇ, ਜੋ ਦੇਹਧਾਰੀਆਂ ਵਿਚ ਯਕੀਨ ਰੱਖਦੇ ਹਨ। ਕਲੇਰਾਂ ਵਾਲੇ ਦੇ ਮੌਜੂਦਾ ਚੇਲੇ ਵੀ ਇਕ ਸਿੱਖ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਹਨ। ਇੰਞ ਹੀ ਗੁਰੂ ਸਾਹਿਬ ਵੱਲੋਂ ਰੱਦ ਕੀਤੇ ਹੋਏ (ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ) ਵੀ ਸਿੱਖ ਨਹੀਂ ਹਨ।

ਸਿੱਖ ਸਿੱਕੇ: ਬਾਬਾ ਬੰਦਾ ਸਿੰਘ ਬਹਾਦਰ ਨੇ ਮਈ 1710 ਵਿਚ, ਸਾਹਰਿੰਦ (ਹੁਣ ਸਰਹਿੰਦ) 'ਤੇ ਕਬਜ਼ੇ ਮਗਰੋਂ ਪਹਿਲਾ ਸਿੱਖ ਸਿੱਕਾ ਜਾਰੀ ਕੀਤਾ ਸੀ। ਇਹ ਗੁਰੂ ਸਾਹਿਬਾਨ ਦੇ ਨਾਂ ਉੱਤੇ ਜਾਰੀ ਕੀਤਾ ਗਿਆ ਸੀ। ਇਸ ਉੱਤੇ ਫ਼ਾਰਸੀ ਦੇ ਇਹ ਲਫ਼ਜ਼ ਉਕਰੇ ਹੋਏ ਸਨ ।

ਸਿੱਕਾ ਜਦ ਦਰ ਹਰਿ ਦੋ ਆਲਮ
ਤੇਗ਼-ਨਾਨਕ ਸਾਹਿਬ ਅਸਤ।
ਫ਼ਤਹਿ ਗੋਬਿੰਦ ਸਿੰਘ ਸ਼ਾਹ-ਇ-ਸ਼ਾਹਾਂ
ਫ਼ਜ਼ਲ ਇ ਸੱਚਾ ਸਾਹਿਬ ਅਸਤ।

(ਯਾਨਿ, ਗੁਰੂ ਨਾਨਕ ਦੀ ਤੇਗ਼ ਦੇ ਆਸਰੇ ਦੋ ਜਹਾਨ ਵਿਚ ਸਿੱਕਾ ਜਾਰੀ ਕੀਤਾ ਗਿਆ। ਸ਼ਾਹਾਂ ਦੇ ਸ਼ਾਹ ਗੁਰੂ ਗੋਬਿੰਦ ਸਿੰਘ ਦੀ ਫ਼ਤਹਿ ਸੱਚੇ ਸਾਹਿਬ, ਵਾਹਿਗੁਰੂ, ਕਰ ਕੇ ਹੋਈ ਹੈ)।

ਦੂਸਰੇ ਪਾਸੇ ਲਿਖਿਆ ਸੀ:

ਜ਼ਰਬ ਬ ਅਮਨ-ਉਦ-ਮਸੱਵਰਤ
ਸ਼ਹਿਰ ਜ਼ੀਨਤ-ਉਤ-ਤਖ਼ਤ-ਇ-ਮੁਬਾਰਿਕ ਬਖ਼ਤ

ਕਿਹਾ ਜਾਂਦਾ ਹੈ ਕਿ ਇੱਕ ਸਿੱਕਾ 1758 ਵਿਚ ਸਿਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਵੀ ਜਾਰੀ ਕੀਤਾ ਸੀ। ਇਸ ਸਿੱਕੇ 'ਤੇ ਲਿਖਿਆ ਸੀ: "ਅਹਿਮਦ (ਸ਼ਾਹ ਦੁੱਰਾਨੀ) ਦਾ ਰਾਜ, ਜੱਸਾ ਕਲਾਲ ਨੇ ਆਪਣੇ ਕਬਜ਼ੇ ਵਿਚ ਲਿਆ ਤੇ ਇਹ ਸਿੱਕਾ ਜਾਰੀ ਕੀਤਾ।" ਇਨ੍ਹਾਂ ਲਫ਼ਜ਼ਾਂ ਤੋਂ ਸਾਫ਼ ਨਜ਼ਰ ਆਉਂਦਾ ਹੈ ਕਿ ਇਹ ਸਿੱਕਾ ਸਿਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਜਾਰੀ ਨਹੀਂ ਕੀਤਾ ਹੋਵੇਗਾ, ਕਿਉਂ ਕਿ

ਉਹ ਖ਼ੁਦ ਨੂੰ 'ਜੱਸਾ ਕਲਾਲ' ਨਹੀਂ ਲਿਖ ਸਕਦਾ। ਇਹ ਯਕੀਨਨ ਕਿਸੇ ਮੁਗ਼ਲ ਜਾਂ ਅਫ਼ਗ਼ਾਨ ਨੇ ਦੁੱਰਾਨੀ ਨੂੰ ਸਿੱਖ ਦੇ ਵਿਰੁੱਧ ਭੜਕਾਉਣ ਅਤੇ ਸਿੱਖਾਂ ਦੀ ਬੇਇਜ਼ਤੀ ਕਰਨ ਲਈ ਘੜਿਆ ਹੋਵੇਗਾ।

1765 ਵਿੱਚ, ਸਿੱਖਾਂ ਨੇ ਆਪਣੇ ਮੁਲਕ ਦੇ ਬਹੁਤੇ ਸਾਰੇ ਹਿੱਸੇ ਵਿਚ ਆਪਣੀ ਖ਼ੁਦਮੁਖ਼ਤਿਆਰ ਹਕੂਮਤ ਕਾਇਮ ਕਰ ਲਈ ਸੀ। ਇਸ ਤੋਂ ਬਾਅਦ, ਇਕ ਸਿੱਖ ਸਿੱਕਾ ਲਾਹੌਰ ਤੋਂ ਜਾਰੀ ਕੀਤਾ ਗਿਆ ਸੀ। ਇਸ ਸਿੱਕੇ ਦਾ ਨਾਂ 'ਨਾਨਕਸ਼ਾਹੀ' ਸੀ। ਇਸ 'ਤੇ ਲਿਖਿਆ ਸੀ:

ਦੇਗੋ-ਤੇਗੋ-ਫ਼ਤਹਿ-ਓ-ਨੁਸਰਤ-ਬੇਦਰੰਗ
ਯਾਫ਼ਤ ਅਜ਼ ਨਾਨਕ - ਗੁਰੂ ਗੋਬਿੰਦ ਸਿੰਘ

(ਯਾਨਿ ਦੇਗ਼ ਤੇ ਤੇਗ਼ ਦੀ ਫ਼ਤਹਿ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ ਗੁਰੂਆਂ ਦੇ ਫ਼ਜ਼ਲ ਨਾਲ ਬਿਨਾ ਰੁਕਾਵਟ ਤੋਂ ਮਿਲੀ ਹੈ)।

ਇਸ ਮਗਰੋਂ ਇਕ ਹੋਰ ਸਿੱਖ-ਸਿੱਕਾ, 1835 ਬਿਕਰਮੀ (1778) ਵਿਚ, ਅੰਮ੍ਰਿਤਸਰ ਤੋਂ ਜਾਰੀ ਕੀਤਾ ਗਿਆ ਸੀ, ਉਸ ਦੇ ਲਫ਼ਜ਼ ਸਨ:

ਸ਼ਾਹ ਨਾਨਕ ਸਾਹਿਬ ਫ਼ਤਹਿ ਗੁਰੂ ਗੋਬਿੰਦ ਸਿੰਘ ਫਜ਼ਲ
ਸਿੱਕਾ ਜ਼ਦ ਦੁਰ ਹਰ ਦੋ ਆਲਮ ਸਖ਼ਤ

ਸਿੱਕੇ ਦੇ ਦੂਸਰੇ ਪਾਸੇ ਲਿਖਿਆ ਸੀ:

ਜ਼ਰਬ ਅੰਮ੍ਰਿਤਸਰ ਜਲੂਸ ਤਖ਼ਤ ਅਕਾਲ ਬਖ਼ਤ 1835. (1835 ਸੰਮਤ 1778 ਸੰਨ ਬਣਦਾ ਹੈ)

ਕੁਝ ਹੋਰ ਸਿੱਕੇ 1786, 1787, 1789 ਵਿਚ ਵੀ ਜਾਰੀ ਕੀਤੇ ਗਏ ਸਨ। ਇਨ੍ਹਾਂ ਸਿੱਕਿਆਂ ਦੀ ਇਬਾਰਤ 1765 ਦੇ ਸਿੱਕਿਆਂ ਨਾਲ ਮਿਲਦੀ ਸੀ। ਮਹਾਰਾਜਾ ਰਣਜੀਤ ਸਿੰਘ ਨੇ 1799 ਵਿਚ ਲਾਹੌਰ 'ਤੇ ਕਬਜ਼ਾ ਕੀਤਾ। ਉਸ ਨੇ ਵੀ ਇਕ ਨਵਾਂ ਸਿੱਕਾ 1800 ਵਿਚ ਜਾਰੀ ਕੀਤਾ। ਫਿਰ 1803 ਅਤੇ 1807 ਵਿਚ ਰਣਜੀਤ ਸਿੰਘ ਨੇ ਦੁਬਾਰਾ ਨਵੇਂ ਸਿੱਕੇ ਜਾਰੀ ਕੀਤੇ ਸਨ। ਉਨ੍ਹਾਂ 'ਤੇ ਲਿਖਿਆ ਸੀ:

ਤੇਗ਼ ਨਾਨਕ ਅਜ਼ ਫ਼ਤਹਿ ਵਾ ਫ਼ਜ਼ਲ ਗੋਬਿੰਦ ਸਿੰਘ
ਸੱਚਾ ਸ਼ਾਹਾਂ ਸਿੱਕਾ ਜ਼ਦ ਬਰ ਸਿਮੋ ਜ਼ਰ

ਮਗਰੋਂ ਇਸ ਸਿੱਕੇ ਉੱਤੇ ਰਣਜੀਤ ਸਿੰਘ ਨੇ ਬ੍ਰਾਹਮਣ ਵਜ਼ੀਰਾਂ ਦੀ ਸਲਾਹ 'ਤੇ ਇਕ ਪਿੱਪਲ ਦਾ ਪੱਤਾ ਜੋੜ ਦਿੱਤਾ ਸੀ। ਰਣਜੀਤ ਸਿੰਘ ਨੇ ਕੁਝ ਸਿੱਕਿਆਂ 'ਤੇ ਮੋਰ ਪੰਛੀ ਦਾ ਖੰਭ ਵੀ ਉਕਰਵਾਇਆ ਸੀ। ਇਹ ਸਿੱਕੇ ਕੰਜਰੀ ਮੋਰਾਂ (ਜਿਸ ਨਾਲ ਰਣਜੀਤ ਸਿੰਘ ਨੇ ਵਿਆਹ ਕਰ ਲਿਆ ਸੀ ਤੇ ਉਹ ਉਸ 'ਤੇ ਬੜਾ 'ਮਰਦਾ'/ ਫ਼ਿਦਾ ਸੀ) ਨੂੰ ਖ਼ੁਸ਼ ਕਰਨ ਵਾਸਤੇ ਜਾਰੀ ਕੀਤੇ ਗਏ ਸਨ। ਇਕ ਸੋਮੇ ਮੁਤਾਬਿਕ ਮੋਰਾਂ ਸ਼ਾਹੀ ਸਿੱਕੇ 1827 ਤੋਂ ਬਾਅਦ ਜਾਰੀ ਕੀਤੇ ਗਏ ਸਨ, ਪਰ ਇਹ ਸਹੀ ਨਹੀਂ ਜਾਪਦਾ ਕਿਉਂਕਿ ਰਣਜੀਤ ਸਿੰਘ ਨੇ ਮੋਰਾਂ ਨਾਲ 1803 ਦੇ ਅਖ਼ੀਰ ਵਿਚ ਵਿਆਹ ਕੀਤਾ ਸੀ ਤੇ ਯਕੀਨਨ ਸਿੱਕੇ ਇਸ 'ਇਸ਼ਕ' ਦੇ ਸ਼ੁਰੂ ਦੇ ਸਾਲ/ਸਾਲਾਂ ਵਿਚ ਹੀ ਜਾਰੀ ਕੀਤੇ ਗਏ ਹੋਣਗੇ। ਇਕ ਵਾਰ ਇਹ ਸਿੱਕੇ ਅਕਾਲ ਤਖ਼ਤ ਸਾਹਿਬ 'ਤੇ ਵੀ ਭੇਟ

ਕੀਤੇ ਗਏ ਸਨ ਜਿਨ੍ਹਾਂ ਨੂੰ ਤਖ਼ਤ ਦੇ ਸੇਵਾਦਾਰਾਂ ਨੇ ਕਬੂਲ ਕਰਨ ਤੋਂ ਨਾਂਹ ਕਰ ਦਿੱਤੀ ਸੀ। 1836 ਵਿਚ ਜੋ ਸਿੱਕੇ ਰਣਜੀਤ ਸਿੰਘ ਨੇ ਜਾਰੀ ਕੀਤੇ ਸਨ ਉਨ੍ਹਾਂ ਉਤੇ ਇਕ ਪਾਸੇ ਰਣਜੀਤ ਸਿੰਘ ਅਤੇ ਦੂਜੇ ਪਾਸੇ ਗੁਰੂ ਨਾਨਕ ਸਾਹਿਬ ਦਾ ਚਿਹਰਾ ਉਕਰਵਾਇਆ ਗਿਆ ਸੀ। ਜਰਨੈਲ ਸਿਰਦਾਰ ਹਰੀ ਸਿੰਘ ਨਲੂਆ ਨੇ ਵੀ, ਆਪਣੇ ਨਾਂ 'ਤੇ, ਪੇਸ਼ਾਵਰ ਤੋਂ ਇਕ ਸਿੱਕਾ ਜਾਰੀ ਕੀਤਾ ਸੀ। ਜੈ ਸਿੰਘ ਕਨ੍ਹਈਆ, ਸਾਹਿਬ ਸਿੰਘ ਭੰਗੀ (ਗੁਜਰਾਤ) ਨੇ ਵੀ ਕੁਝ ਸਿੱਕੇ ਜਾਰੀ ਕੀਤੇ ਸਨ। ਇਨ੍ਹਾਂ ਸਿੱਕਿਆਂ ਵਿਚੋਂ ਕੁਝ ਸਿੱਕੇ ਸਿੱਖ ਮਿਊਜ਼ਿਅਮ (ਲਾਹੌਰ, ਪਾਕਿਸਤਾਨ) ਅਤੇ ਬ੍ਰਿਟਿਸ਼ ਮਿਊਜ਼ਿਅਮ (ਲੰਡਨ, ਇੰਗਲੈਂਡ) ਵਿਚ ਦੇਖ ਜਾ ਸਕਦੇ ਹਨ।

ਪਟਿਆਲਾ ਰਾਜ ਦੇ ਸਿੱਕੇ ਨੂੰ ਪਟਿਆਲਾ-ਰੁਪਈਆ ਕਿਹਾ ਜਾਂਦਾ ਸੀ ਅਤੇ ਇਸ ਦੀ ਮੁਹਰ (ਸਿੱਕਾ) ਨੂੰ ਰਾਜੇ-ਸ਼ਾਹੀ ਕਿਹਾ ਜਾਂਦਾ ਸੀ। ਪਟਿਆਲਾ ਰੁਪਇਆ ਸਵਾ ਯਾਰ੍ਹਾਂ ਮਾਸੇ (ਤਕਰੀਬਨ 10 ਗ੍ਰਾਮ) ਸੀ ਅਤੇ ਅਤੇ ਮੁਹਰ ਪੌਣੇ ਯਾਰ੍ਹਾਂ ਮਾਸੇ ਸੀ। ਪਟਿਆਲਾ ਦੇ ਕੁਝ ਸਿੱਕਿਆਂ 'ਤੇ ਲਿਖਿਆ ਸੀ:

ਹੁਕਮ ਸ਼ੁਦ ਅਜ਼ ਕਾਦਰੇ ਬੇ ਚੂਨ ਬਾ ਅਹਿਮਦ ਬਾਦਸ਼ਾਹ
ਸਿਕਾਂ ਜਨ ਬਰ ਸਿਮੋ ਜਰ ਅਜ਼ ਔਜੇ ਮਾਹੀ ਤਾ ਬਮਾਹ

(ਇਸ ਲੱਫ਼ਾਜ਼ੀ ਤੋਂ ਸਾਫ਼ ਪਤਾ ਲਗਦਾ ਹੈ ਕਿ ਪਟਿਆਲੇ ਦੇ ਪਹਿਲੇ ਰਾਜੇ ਅਹਿਮਦ ਸ਼ਾਹ ਦੁੱਰਾਨੀ ਨੂੰ ਆਪਣਾ ਅਸਲ ਬਾਦਸ਼ਾਹ ਮੰਨਦੇ ਸਨ ਤੇ ਆਪਣੇ ਰਾਜ ਨੂੰ ਉਸ ਦੀ ਬਖ਼ਸ਼ਿਸ਼ ਮੰਨਦੇ ਸਨ ਤੇ ਉਸ ਦੇ ਨਾਂ/ਸਿਰਦਾਰੀ ਹੇਠਾਂ ਰਾਜ ਕਰਦੇ ਸਨ)।

ਜੀਂਦ ਦੇ ਇਲਾਕੇ ਦੇ ਸਿੱਕੇ ਨੂੰ ਜੀਂਦੀਆ-ਰੁਪਇਆ ਕਿਹਾ ਜਾਂਦਾ ਸੀ। ਇਸ ਦਾ ਭਾਰ ਪਟਿਆਲੇ ਰੁਪੈ ਵਾਂਗ ਸੀ ਅਤੇ ਲੱਫ਼ਾਜ਼ੀ ਵੀ ਪਟਿਆਲੇ ਦੇ ਰੁਪੈ ਵਾਂਗ ਸੀ।

ਨਾਭੇ ਦਾ ਸਿੱਕੇ, ਨਾਭਾ-ਰੁਪਇਆ $11^1/_4$ ਮਾਸੇ ਸੀ ਅਤੇ ਮੋਹਰ $10^1/_4$ ਮਾਸੇ ਸੀ ਅਤੇ ਖਾਲਸ ਧਾਤ ਦੀ ਬਣੀ ਹੋਈ ਸੀ। ਨਾਭਾ ਸਿੱਕੇ ਦੇ ਲਫ਼ਜ਼ ਖਾਲਸਾ ਮਿਸਲਾਂ ਦੇ 1765 ਵਾਲੇ ਸਿੱਕਿਆਂ ਦੀ ਤਰ੍ਹਾਂ ਹੀ ਸਨ।

ਸਿੱਖ ਹੋਮਲੈਂਡ: ਸਿੱਖਾਂ ਦਾ ਦੇਸ਼/ਇਲਾਕਾ। ਮੌਜੂਦਾ ਪੂਰਬੀ ਪੰਜਾਬ ਅਤੇ ਚੰਡੀਗੜ੍ਹ, ਪਾਕਿਸਤਾਨ ਵਿਚਲੇ ਪੰਜਾਬ ਸੂਬੇ ਦਾ ਕਾਫ਼ੀ ਇਲਾਕਾ, ਹਰਿਆਣਾ ਦਾ ਬਹੁਤ ਸਾਰਾ ਇਲਾਕਾ, ਹਿਮਾਂਚਲ, ਰਾਜਸਥਾਨ, ਉੱਤਰ ਪ੍ਰਦੇਸ਼ ਦੇ ਪੰਜਾਬ ਨਾਲ ਲਗਦੇ ਇਲਾਕੇ ਅਤੇ ਦਿੱਲੀ ਨੂੰ ਮਿਲਾ ਕੇ ਸਿੱਖ ਪੰਥ ਦਾ ਇਲਾਕਾ (ਸਿੱਖ ਹੋਮਲੈਂਡ) ਕਿਹਾ ਜਾ ਸਕਦਾ ਹੈ। ਰਾਜਨੀਤਿਕ ਪੱਖੋਂ ਸਿੱਖ ਦੇਸ਼ (ਸਿੱਖ-ਸਤਾਨ) ਰਾਵੀ ਅਤੇ ਘੱਗਰ ਨਦੀਆਂ ਦੇ ਵਿਚਕਾਰ ਦਾ ਇਲਾਕਾ ਬਣਦਾ ਹੈ। ਇਹ ਅਸਲੀ ਸਿੱਖ ਹੋਮਲੈਂਡ ਹੈ, ਜਿਸ ਨੂੰ ਸਿੱਖ ਆਪਣਾ ਖ਼ੁਦਮੁਖ਼ਤਿਆਰ ਦੇਸ਼ ਬਣਾਉਣ ਲਈ ਜੱਦੋਜਹਿਦ ਕਰ ਰਹੇ ਹਨ।

ਸਿੱਖ ਤਵਾਰੀਖ਼ (ਇਤਿਹਾਸ) ਦੀਆਂ ਕਿਤਾਬਾਂ: ਸਿੱਖ ਤਵਾਰੀਖ਼ ਬਾਰੇ ਬਹੁਤ ਸਾਰੀਆਂ ਕਿਤਾਬਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਰਤਨ ਸਿੰਘ ਭੰਗੂ, ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਜੇ.ਡੀ ਕਨਿੰਘਮ, ਐਮ .ਏ. ਮੈਕਾਲਿਫ, ਬਾਬਾ ਪ੍ਰੇਮ ਸਿੰਘ ਹੋਤੀ, ਕਰਮ ਸਿੰਘ ਹਿਸੋਟਰੀਅਨ, ਪ੍ਰੋ: ਹਰੀ ਰਾਮ ਗਪ੍ਤਾ, ਡਾ: ਗੰਡਾ ਸਿੰਘ, ਪ੍ਰੋ: ਹਰਬੰਸ ਸਿੰਘ, ਡਾ: ਹਰਜਿੰਦਰ ਸਿੰਘ ਦਿਲਗੀਰ; ਡਾ: ਕਿਰਪਾਲ ਸਿੰਘ, ਸ੍ਰ. ਸੁਰਜੀਤ ਸਿੰਘ ਗਾਂਧੀ, ਡਾ: ਮਦਨਜੀਤ ਕੌਰ, ਡਾ: ਗੁਰਬਚਨ ਸਿੰਘ ਨਈਅਰ, ਡਾ.

ਗੁਰਦਰਸ਼ਨ ਸਿੰਘ ਢਿਲੋਂ, ਸ੍ਰ: ਗੁਰਰਤਨਪਾਲ ਸਿੰਘ ਦੀਆਂ ਲਿਖਤਾਂ ਵਧੇਰੇ ਚਰਚਿਤ ਹਨ। ਇਨ੍ਹਾਂ ਵਿੱਚੋਂ ਵੀ ਕਈ ਲਿਖਤਾਂ ਬੇਸ਼ੁਮਾਰ ਗ਼ਲਤੀਆਂ ਨਾਲ ਭਰੀਆਂ ਹੋਈਆਂ ਹਨ। ਤਿੰਨੇ 'ਗੁਰਬਿਲਾਸ', ਭਾਈ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਨੂੰ ਤਾਂ ਬੜੀ ਚੌਕਸੀ ਨਾਲ ਪੜ੍ਹਨਾ ਚਾਹੀਦਾ ਹੈ। ਇਹ ਰਚਨਾਵਾਂ ਸਿੱਖ ਵਿਰੋਧੀ ਮਸਾਲੇ ਨਾਲ ਭਰਪੂਰ ਹਨ। ਰਤਨ ਸਿੰਘ ਭੰਗੂ ਨੇ ਵੀ ਬਜਰ ਗਲਤੀਆਂ ਕੀਤੀਆਂ ਹਨ। ਹੋਰ ਵੀ ਅਨੇਕਾਂ ਕਿਤਾਬਾਂ, ਜੋ ਖ਼ਾਸ ਨਿਸ਼ਾਨਿਆਂ ਲਈ ਲਿਖੀਆਂ ਗਈਆਂ ਸਨ ਤੋਂ ਵੀ ਚੌਕਸ ਰਹਿਣ ਦੀ ਲੋੜ ਹੈ। ਇਨ੍ਹਾਂ ਵਿਚ, ਖੁਸ਼ਵੰਤ ਸਿੰਘ, ਸੋਹਣ ਸਿੰਘ ਜੋਸ਼, ਗੋਪਾਲ ਸਿੰਘ ਦਰਦੀ ਤੇ ਸੰਗਤ ਸਿੰਘ ਆਦਿ ਦੀਆਂ ਲਿਖਤਾਂ ਸ਼ਾਮਿਲ ਹਨ। ਇੰਞ ਹੀ ਉਚੇਚੇ ਤੌਰ 'ਤੇ ਸਿੱਖ ਧਰਮ ਦੇ ਖ਼ਿਲਾਫ਼ ਲਿਖਣ ਜਾਂ ਇਸ ਦੀ ਤਵਾਰੀਖ਼ ਨੂੰ ਵਿਗਾੜਣ ਵਾਲੇ ਕੁਝ ਸਿੱਖ-ਵਿਰੋਧੀ ਲਿਖਾਰੀ ਵੀ ਹਨ: ਡਬਲਿਊ. ਐੱਚ. ਮਕਲਾਊਡ, ਪਿਸ਼ੌਰਾ ਸਿੰਹ, ਹਰਜੋਤ ਓਬਰਾਏ, ਗੁਰਿੰਦਰ ਮਾਨ, ਅਮਰਜੀਤ ਗਰੇਵਾਲ, ਸੁਰਜੀਤ ਹਾਂਸ, ਲਊ ਫਿਨਿਕ ਵਗ਼ੈਰਾ। ਹੋਰ ਦੇਖੋ: **ਐਂਟੀ-ਸਿੱਖ ਸਕੂਲ, ਸਿੱਖ ਵਿਰੋਧੀ ਲੇਖਕ, ਜੇ. ਡੀ. ਕਨਿੰਘਮ. ਮੈਕਾਲਿਫ਼।**

ਸਿੱਖ ਰਹਿਤਾਂ/ਕੁਰਹਿਤਾਂ

ਸਿੱਖ ਵਾਸਤੇ ਕੀ ਕਰਨਾ ਜ਼ਰੂਰੀ ਹੈ:

1. ਵਾਹਿਗੁਰੂ 'ਤੇ ਯਕੀਨ/ਅਕੀਦਾ ਰੱਖਣਾ।
2. ਦਸਾਂ ਪਾਤਿਸ਼ਾਹੀਆਂ ਦੇ 'ਇਕ' ਜੋਤਿ (ਫ਼ਲਸਫ਼ਾ) ਹੋਣ 'ਚ ਯਕੀਨ ਰੱਖਣਾ।
3. ਦਸਾਂ ਪਾਤਿਸ਼ਾਹੀਆਂ ਦੀ ਸਿਖਿਆ ਮੁਤਾਬਿਕ ਜ਼ਿੰਦਗੀ ਜੀਣਾ।
4. ਜਿੰਨੀ ਛੇਤੀ ਹੋ ਸਕੇ ਖੰਡੇ ਦੀ ਪਾਹੁਲ ਲੈਣਾ।
5. ਸਿਰਫ਼ ਅਕਾਲ ਪੁਰਖ ਦੀ ਪੂਜਾ ਕਰਨਾ।
6. ਆਪਣੇ ਨਾਂ ਨਾਲ ਸਿੰਘ (ਮਰਦ ਵਾਸਤੇ) ਜਾਂ ਕੌਰ (ਔਰਤ ਵਾਸਤੇ) ਲਾਉਣਾ।
7. ਪੰਜਾਬੀ ਬੋਲੀ ਪੜ੍ਹਨਾ, ਲਿਖਣਾ, ਬੋਲਣਾ ਅਤੇ ਗੁਰਮੁਖੀ ਲਿੱਪੀ ਸਿਖਣਾ।
8. ਸਿੱਖ ਫ਼ਲਸਫ਼ੇ ਤੇ ਤਵਾਰੀਖ਼ ਦਾ ਵੱਧ ਤੋਂ ਵੱਧ ਇਲਮ (ਗਿਆਨ) ਹਾਸਿਲ ਕਰਨਾ।
9. ਆਪਣੇ ਬੱਚਿਆਂ ਨੂੰ ਸਿੱਖੀ ਦਾ ਇਲਮ (ਗਿਆਨ) ਦੇਣਾ।
10. ਆਪਣੇ ਬੱਚਿਆਂ ਨੂੰ ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਸਿਖਾਉਣਾ।
11. ਜਨਮ ਤੋਂ ਮਰਨ ਤਕ, ਘਰ ਦੀਆਂ ਰਸਮਾਂ, ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਮੁਤਾਬਿਕ ਕਰਨਾ।
12. ਜਿੰਨਾ ਮੁਮਕਿਨ ਹੋ ਸਕੇ, ਗੁਰਦੁਆਰੇ (ਸੰਗਤ ਵਿਚ) ਬਾਕਾਇਦਾ ਜਾਣਾ।
13. ਇਮਾਨਦਾਰੀ ਦੀ ਕਮਾਈ ਕਰਨਾ।
14. ਆਪਣਾ ਦਸਵੰਧ ਕੱਢਣਾ ਤੇ ਸਿੱਖ ਕੌਮ ਦੀ ਭਲਾਈ ਵਾਸਤੇ ਖ਼ਰਚ ਕਰਨਾ।
15. ਭਾਈਚਾਰੇ ਦੀ ਸੇਵਾ 'ਚ ਹਿੱਸਾ ਪਾਉਣਾ।
16. ਜ਼ਾਤ, ਰੰਗ, ਨਸਲ, ਲਿੰਗ ਦੀ ਬਿਨਾਅ 'ਤੇ ਵਿਤਕਰਾ ਨ ਕਰਨਾ।

17. ਗ਼ਰੀਬ ਤੇ ਕਮਜ਼ੋਰ ਦੀ ਮਦਦ ਕਰਨਾ, ਬੇਇਨਸਾਫ਼ੀ ਦੀ ਮੁਖ਼ਾਲਫ਼ਤ ਕਰਨਾ।
18. ਧਰਮ ਦੀ ਕਿਰਤ ਕਰ ਕੇ ਨਿਰਬਾਹ ਕਰਨਾ।
19. ਸਿੱਖ ਹੋਮਲੈਂਡ ਦੀ ਭਲਾਈ 'ਚ ਹਿੱਸਾ ਪਾਉਣਾ।
20. ਸਿੱਖ ਕੌਮ ਦੀ ਅੱਡਰੀ ਹੋਂਦ ਬਾਰੇ ਮਾਣ ਕਰਨਾ ਤੇ ਚੌਕਸ ਰਹਿਣਾ।
21. ਘਰ ਦੀਆਂ ਰਸਮਾਂ ਵੱਧ ਤੋਂ ਵੱਧ ਸਾਦਗੀ ਨਾਲ ਕਰਨਾ।
22. ਸਾਦੀ ਖ਼ੁਰਾਕ ਖਾਣਾ (ਸ਼ਰਾਬ, ਤੰਬਾਕੂ, ਨਸ਼ਿਆਂ, ਡਰੱਗਜ਼ ਦੀ ਵਰਤੋਂ ਗ਼ਲਤ ਹੈ)।
23. ਸਰਘੀ ਵੇਲੇ (ਸਵਖਤੇ) ਉਠਣਾ ਤੇ ਨਿਤਨੇਮ ਕਰਨਾ।
24. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਹਉਮੈ ਵਗ਼ੈਰਾ ਤੋਂ ਬਚਣਾ।
25. ਪਰਾਈ ਔਰਤ ਨੂੰ ਆਪਣੀ ਭੈਣ/ਧੀ/ਮਾਂ ਦੇ ਬਰਾਬਰ ਸਮਝਣਾ।
26. ਆਪਣੀ ਬੀਵੀ/ਖਾਵੰਦ ਦਾ ਵਫ਼ਾਦਾਰ ਰਹਿਣਾ।
27. ਗ਼ਰੀਬ ਦੀ ਰਸਨਾ (ਜੀਭ, ਮੂੰਹ) ਨੂੰ ਗੁਰੂ ਦੀ ਗੋਲਕ ਸਮਝਣਾ।
28. ਦੂਜੇ ਸਿੱਖ ਨੂੰ 'ਵਾਹਿਗੁਰੂ ਜੀ ਕਾ/ਦਾ ਖਾਲਸਾ, ਵਾਹਿਗੁਰੂ ਜੀ ਕੀ/ਦੀ ਫਤਹਿ' ਬੁਲਾਉਣ 'ਚ ਪਹਿਲ ਕਰਨ ਦੀ ਕੋਸ਼ਿਸ਼ ਕਰਨਾ।

ਸਿੱਖ ਨੂੰ ਕੀ ਨਾ ਕਰਨਾ ਚਾਹੀਦਾ ਹੈ:

1. ਗੁਰੂ ਗ੍ਰੰਥ ਸਾਹਿਬ ਤੋਂ ਸਿਵਾਏ ਕਿਸੇ ਨੂੰ ਮੱਥਾ ਨਹੀਂ ਟੇਕਣਾ।
2. ਮੰਦਰ (ਹਿੰਦੂ), ਮਸੀਤ (ਮੁਸਲਮਾਨ), ਗਿਰਜੇ (ਈਸਾਈ), ਸਾਈਨਾਗਾਗ (ਯਹੂਦੀ) ਜਾਂ ਕਿਸੇ ਹੋਰ ਗ਼ੈਰ-ਸਿੱਖ ਧਾਰਮਿਕ ਜਗਹ 'ਤੇ ਪੂਜਾ ਜਾਂ ਅਰਦਾਸਿ ਨਹੀਂ ਕਰਨੀ। ਪਰ, ਸਿੱਖ ਨੂੰ ਦੂਜੇ ਦੇ ਅਕੀਦੇ ਅਤੇ ਧਰਮ ਦੀ ਇੱਜ਼ਤ ਕਰਨੀ ਚਾਹੀਦੀ ਹੈ। ਸਿੱਖ ਕਿਸੇ ਗ਼ੈਰ-ਸਿੱਖ ਦੇ ਸਮਾਜਿਕ ਇਕੱਠ (ਮੌਤ, ਵਿਆਹ ਵਗ਼ੈਰਾ) ਵਿਚ ਜਾ ਸਕਦਾ ਹੈ ਪਰ ਉਸ ਧਰਮ ਦਾ ਪੂਜਾ/ਪਾਠ ਨਹੀਂ ਕਰ ਸਕਦਾ; ਕਿਸੇ ਹੋਰ ਧਾਰਮਿਕ ਕਿਤਾਬ ਜਾਂ ਕਿਸੇ ਬੁੱਤ ਨੂੰ ਮੱਥਾ ਨਹੀਂ ਟੇਕ ਸਕਦਾ।
3. ਕਬਰ ਜਾਂ ਮੜ੍ਹੀ (ਸਮਾਧ) 'ਤੇ ਅਕੀਦਾ ਨਹੀਂ ਰੱਖਣਾ ਤੇ ਮੱਥਾ ਨਹੀਂ ਟੇਕਣਾ। ਕਿਸੇ ਸਿੱਖ ਦੀ ਮੜ੍ਹੀ/ਸਮਾਧ ਨਹੀਂ ਬਣਾਉਣੀ।
4. ਬੁੱਤ ਜਾਂ ਤਸਵੀਰ (ਭਾਵੇਂ ਗੁਰੂ ਸਾਹਿਬ ਦੀਆਂ ਵੀ ਹੋਣ) ਦੀ ਪੂਜਾ ਨਹੀਂ ਕਰਨੀ ਤੇ ਉਨ੍ਹਾਂ ਅੱਗੇ ਮੱਥਾ ਨਹੀਂ ਟੇਕਣਾ। ਉਂਞ ਤਾਂ ਗੁਰੂ ਸਾਹਿਬ ਦੀ ਅਸਲ ਤਸਵੀਰ ਕੋਈ ਵੀ ਨਹੀਂ, ਪਰ ਜੇ ਸਚਮੁੱਚ ਲੱਭ ਵੀ ਪਵੇ ਤਾਂ ਉਸ ਦੀ ਪੂਜਾ ਕਰਨਾ ਜਾਂ ਉਸ ਅੱਗੇ ਮੱਥਾ ਟੇਕਣਾ ਸਿੱਖ ਫ਼ਲਸਫ਼ੇ ਦੇ ਉਲਟ ਹੈ।
5. ਜਾਦੂ, ਤਾਵੀਜ਼, ਕਾਲਾ-ਇਲਮ, ਚਿੱਟਾ-ਇਲਮ, ਵਹਿਮ-ਭਰਮ 'ਚ ਯਕੀਨ ਨਹੀਂ ਰੱਖਣਾ।
6. ਖ਼ਾਸ ਸਮੇਂ, ਮੌਕੇ, ਲਗਨ, ਮਹੂਰਤ, ਗ੍ਰਹਿਣ, ਦਿਨ, ਤਾਰੀਖ਼ ਦਾ ਵਹਿਮ ਨਹੀਂ ਕਰਨਾ। ਸਾਰੇ ਦਿਨ, ਪਲ, ਘੜੀਆਂ, ਵਾਰ ਇੱਕੋ ਜਿਹੇ ਹਨ; ਕੋਈ ਪਵਿੱਤਰ ਜਾਂ ਮਾੜਾ ਨਹੀਂ ਹੈ।

7. ਕੁੜੀਆਂ ਜੰਮਣ 'ਤੇ ਉਨ੍ਹਾਂ ਨੂੰ ਮਾਰਨਾ ਨਹੀਂ।
8. **ਸਤੀ** ਦੀ ਰਸਮ ਨਹੀਂ ਅਪਣਾਉਣੀ।
9. ਕਰਵਾ ਚੌਥ ਦਾ **ਵਰਤ** ਜਾਂ ਕੋਈ ਹੋਰ ਵਰਤ/ਰੋਜ਼ੇ ਨਹੀਂ ਰੱਖਣੇ। ਉਂਞ ਸਿਹਤ ਵਾਸਤੇ ਕਿਸੇ ਹੋਰ ਦਿਨ ਫ਼ਾਕਾ ਰੱਖਣ ਗ਼ਲਤ ਨਹੀਂ ਹੈ।
10. ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਪੰਚਮੀ ਨਹੀਂ ਮਨਾਉਣੀਆਂ। ਇਨ੍ਹਾਂ ਦਾ ਸਿੱਖੀ ਨਾਲ ਕੋਈ ਸੰਬਧ ਨਹੀਂ।(ਸ਼੍ਰੋਮਣੀ ਕਮੇਟੀ ਨੇ ਪੁਰੇਵਾਲ ਦਾ ਕੈਲੰਡਰ ਮੰਨ ਕੇ ਇਹ ਦਿਨ ਉਸ ਵਿਚ ਦਿੱਤੇ ਹਨ ਜੋ ਸਿੱਖ ਫ਼ਲਸਫ਼ੇ ਦੇ ਉਲਟ, ਯਾਨਿ ਮਨਮਤਿ ਹੈ)।
11. ਜਨੇਊ ਜਾਂ ਅਜਿਹੀ ਹੋਰ ਰਸਮ 'ਤੇ ਯਕੀਨ ਨਹੀਂ ਰੱਖਣਾ। ਵੀਣੀ 'ਤੇ ਮੌਲੀ (ਜਾਂ ਕੋਈ ਵੀ ਅਜਿਹਾ ਧਾਗਾ) ਬੰਨ੍ਹਣਾ ਸਿੱਖ ਵਾਸਤੇ ਪਾਪ ਹੈ।
12. ਰਾਧਾ ਸੁਆਮੀਆਂ, ਨਿਰੰਕਾਰੀਆਂ, ਨਾਮਧਾਰੀਆਂ ਜਾਂ ਕਿਸੇ ਗ਼ੈਰ-ਸਿੱਖ ਨਾਲ ਧੀ-ਪੁੱਤਰ ਦਾ ਵਿਆਹ ਨਹੀਂ ਕਰਨਾ।
13. ਅਖੌਤੀ ਸਾਧੂ, ਸੰਤਾਂ, ਡੇਰੇਦਾਰਾਂ ਨੂੰ ਨਹੀਂ ਮੰਨਣਾ।
14. ਪਬਲਿਕ ਵਿਚ ਦਸਤਾਰ ਤੋਂ ਬਿਨਾਂ ਨਹੀਂ ਆਉਣਾ। ਘਰ ਵਿਚ ਵੀ ਨੰਗੇ ਸਿਰ ਨਹੀਂ ਬੈਠਣਾ।
15. ਘਰ ਬਾਰ ਛੱਡ ਕੇ ਉਦਾਸੀ/ਸਾਧੂ/ਸੰਨਿਆਸੀ ਨਹੀਂ ਬਣਨਾ। (ਗ੍ਰਿਹਸਤ ਅਪਣਾਉਣਾ ਹੈ।)
16. ਤੰਬਾਕੂ, ਡਰੱਗਜ਼ ਜਾਂ ਹੋਰ ਨਸ਼ੇ (ਭੰਗ, ਅਫ਼ੀਮ ਵਗ਼ੈਰਾ) ਨਹੀਂ ਵਰਤਣੇ।
17. ਪਰ-ਨਾਰੀ ਜਾਂ ਪਰ-ਮਰਦ ਦਾ ਸੰਗ ਨਹੀਂ ਕਰਨਾ।
18. ਔਰਤ ਨੇ ਪਰਦਾ ਨਹੀਂ ਕਰਨਾ, ਪਰ ਅਖੌਤੀ 'ਬਿਊਟੀ ਮੁਕਾਬਲੇ' ਸਿੱਖੀ ਅਸੂਲਾਂ ਦੇ ਉਲਟ ਹਨ।
19. ਬੱਚੇ (ਕੁੜੀ ਜਾਂ ਮੁੰਡੇ ਦੀ) ਦੀ ਅਬਾਰਸ਼ਨ ਨਹੀਂ ਕਰਵਾਉਣੀ।
20. ਨੱਕ, ਕੰਨ ਜਾਂ ਹੋਰ ਅੰਗ ਵਿਚ ਛੇਕ ਨਹੀਂ ਕਰਨਾ। ਉਂਞ ਗਹਿਣੇ ਪਾਉਣ 'ਤੇ ਕੋਈ ਪਾਬੰਦੀ ਨਹੀਂ ਹੈ।
21. ਚੋਰੀ-**ਜਾਰੀ** (ਜਿਸ ਨੂੰ ਗ਼ਲਤੀ ਨਾਲ ਯਾਰੀ ਲਿਖਦੇ ਹਨ, **ਯਾਰੀ** ਸਿੱਖੀ ਵਿਚ ਨਫ਼ੀ ਨਹੀਂ) ਨਹੀਂ ਕਰਨੀ, ਜੂਆ ਨਹੀ ਖੇਡਣਾ।

ਸਿੱਖ ਰਾਜ: ਸਿੱਖ ਕੌਮ ਨੇ, ਆਪਣੀ ਧਰਤੀ ਉੱਤੇ, ਸਿੱਖ ਕਾਮਨਵੈਲਥ ਦੀ ਸੋਚ ਨਾਲ, 1709 ਤੋਂ 1715 ਤੱਕ (ਬੰਦਾ ਸਿੰਘ) ਅਤੇ 1759 ਤੋਂ 1799 ਤਕ (ਸਿੱਖ ਮਿਸਲਾਂ) ਦੇ ਸਮਿਆਂ ਦੌਰਾਨ, ਰਾਜ ਕੀਤਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਦਾ ਇਕ ਵੱਡੇ ਇਲਾਕੇ 'ਤੇ, 1799 ਤੋਂ 1849 ਤਕ, ਰਾਜ ਰਿਹਾ ਹੈ। ਸਤਲੁਜ ਦਰਿਆ ਤੋਂ ਪਾਰ ਪਟਿਆਲਾ, ਨਾਭਾ, ਜੀਂਦ ਤੇ ਕਈ ਹੋਰ ਨਿੱਕੀਆਂ ਸਿੱਖ ਰਿਆਸਤਾਂ ਵੀ ਹਕੂਮਤ ਕਰਦੀਆਂ ਰਹੀਆਂ ਹਨ ਤੇ ਇਨ੍ਹਾਂ ਦੀ ਨੀਮ ਹਕੂਮਤ 1947-48 ਤਕ ਕਾਇਮ ਰਹੀ ਸੀ। ਅੱਜ ਵੀ ਸਿੱਖ ਆਪਣੀ ਖ਼ੁਦਮੁਖ਼ਤਿਆਰੀ ਨੂੰ ਵਾਪਸ ਲੈਣ ਲਈ ਜੱਦੋਜਹਿਦ ਕਰ ਰਹੇ ਹਨ।

ਹੋਰ ਦੇਖੋ: **ਅਕਾਲ ਤਖ਼ਤ ਸਾਹਿਬ, ਸਿੱਖ ਸਿੱਕੇ, ਸਿੱਖ ਮੁਹਰ, ਬਾਬਾ ਬੰਦਾ**

ਸਿੰਘ ਬਹਾਦਰ (ਦਾ ਰਾਜ), ਖਾਲਸਾ ਜੀ ਦੇ ਬੋਲ ਬਾਲੇ, ਖਾਲਿਸਤਾਨ, ਖਾਲਸਾ-ਸਤਾਨ, ਮੀਰੀ-ਪੀਰੀ, ਰਾਜ ਕਰੇਗਾ ਖਾਲਸਾ, ਤਖ਼ਤ।

ਸਿੱਖ ਰਿਲੀਜਨ (ਕਿਤਾਬ):-'ਦ ਸਿੱਖ ਰਿਲੀਜਨ' ਮੈਕਸ ਆਰਥਰ ਮੈਕਾਲਿਫ ਦਾ ਲਿਖਿਆ ਸਿੱਖਾਂ ਦਾ ਇਤਿਹਾਸ ਹੈ, ਜੋ ਪਹਿਲਾਂ ਛੇ ਜਿਲਦਾਂ ਵਿਚ ਛਪਿਆ ਸੀ (ਤੇ ਹੁਣ ਤਿੰਨ ਜਿਲਦਾਂ ਵਿਚ ਮਿਲਦਾ ਹੈ)। ਸਿੱਖ ਪੰਥ ਦੀ ਤਵਾਰੀਖ਼ ਤੋਂ ਇਲਾਵਾ, ਇਸ ਰਚਨਾ ਵਿਚ ਗੁਰਬਾਣੀ ਦੇ ਕੁਝ ਸ਼ਬਦਾਂ ਦਾ ਤਰਜਮਾ/ਟੀਕਾ ਤੇ ਵਿਆਖਿਆ ਵੀ ਹੈ । ਇਹ ਗ਼ੈਰ-ਸਿੱਖਾਂ ਵੱਲੋਂ ਸਿੱਖੀ ਬਾਰ ਲਿਖੀਆਂ ਕਿਤਾਬਾਂ ਵਿਚੋਂ ਇਕ ਬਹੁਤ ਕੀਮਤੀ ਲਿਖਤ ਹੈ । ਹੋਰ ਦੇਖੋ: **ਮੈਕਾਲਿਫ, ਐਂਟੀ ਸਿੱਖ ਸਕੂਲ**।

ਸਿੱਖ ਰੰਗ: ਦੇਖੋ: ਨੀਲਾ ਰੰਗ

ਸਿੱਖ ਫ਼ਿਲਾਸਫ਼ੀ:- ਇਸ ਨੁਕਤੇ ਦਾ ਦਾਇਰਾ ਬੜਾ ਚੌੜੇਰਾ ਹੈ। ਇਸ ਨੂੰ ਸੌਖਿਆਂ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਵਿਚ ਸਿੱਖ ਧਰਮ ਦਾ ਤਕਰੀਬਨ ਹਰੇਕ ਨੁਕਤਾ ਸ਼ਾਮਿਲ ਹੋ ਸਕਦਾ ਹੈ। ਸਿੱਖ ਫ਼ਿਲਾਸਫ਼ੀ ਵਿਚ ਭਾਵੇਂ ਥਿਓਲੋਜੀ, ਐਪਿਸਟੇਮਾਲੋਜੀ, ਸੋਸ਼ੀਆਲੋਜੀ, ਮੈਟਾਫ਼ਿਜ਼ਿਕਸ ਦਾ ਬਿਆਨ ਵੀ ਕੀਤਾ ਜਾ ਸਕਦਾ ਹੈ ਪਰ ਇਹ ਵਧੇਰੇ ਕਰ ਕੇ ਸਮਾਜੀ-ਰੂਹਾਨੀਅਤ ਹੈ। ਇਸ ਦੇ ਕੁਝ ਖਾਸ ਨੁਕਤੇ ਹਨ: ਸਿੱਖ ਧਰਮ ਇਕ ਵਿਹਾਰਕ ਧਰਮ ਹੈ; ਇਹ ਇੱਕਲਤਾ ਦਾ ਧਰਮ ਨਹੀਂ; ਇਹ ਸਿੱਖ ਨੂੰ ਸਮਾਜਿਕ ਅਤੇ ਰੂਹਾਨੀ ਰੋਲ ਨਿਭਾਉਣ ਵਾਸਤੇ ਜ਼ੋਰ ਦਿੰਦਾ ਹੈ। ਇਹ ਦੁਨੀਆਂ ਛੱਡਣ ਨੂੰ ਰੱਦ ਕਰਦਾ ਹੈ, ਇਹ ਗ੍ਰਿਹਸਤ ਜੀਵਨ ਦਾ ਧਰਮ ਹੈ। ਸਿੱਖ ਧਰਮ ਵਿਚ, ਸਦਾਚਾਰ, ਖਾਸ ਤੌਰ 'ਤੇ ਸਮਾਜਿਕ ਸਦਾਚਾਰ, ਬਹੁਤ ਜ਼ਿਆਦਾ ਅਹਿਮ ਹੈ। ਇਸ ਨੂੰ ਸਮਾਜੀ-ਰੂਹਾਨੀਅਤ ਵੀ ਕਿਹਾ ਜਾ ਸਕਦਾ ਹੈ। ਹੋਰ ਦੇਖੋ: **ਸਿੱਖ, ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ, ਸੇਵਾ**।

ਸਿੱਖਾਂ ਦਾ ਇਤਿਹਾਸ (ਕਨਿੰਘਮ): ਦੇਖੋ: **ਕੰਨਿਘਮ, ਜੇ. ਡੀ.**

ਸਿੱਖੀ: ਸਿੱਖ (ਧਰਮ ਮੁਤਾਬਿਕ) ਜੀਵਨ-ਜੀਣ (ਸਿੱਖ ਜੀਵਨ-ਜਾਚ) ਨੂੰ ਸਿੱਖੀ ਕਿਹਾ ਜਾਂਦਾ ਹੈ। ਹੋਰ ਦੇਖੋ: ਮਿਹਨਤ ਨਾਲ ਕਮਾਈ ਕਰਨਾ/ਕਿਰਤ ਕਰਨਾ, ਧਿਆਨ ਜਾਂ ਸਮਾਧੀ, ਰਹਿਤ, ਮਰਯਾਦਾ, ਸੇਵਾ ਅਤੇ ਵੰਡ ਛਕਣਾ, ਸਿੱਖ ਦਰਸ਼ਨ ਸ਼ਾਸ਼ਤਰ।

ਸਿਗਰਟ ਪੀਣਾ: ਸਿੱਖ ਧਰਮ ਵਿਚ ਸਿਗਰਟ ਪੀਣ ਦੀ ਸਖ਼ਤ ਮਨਾਹੀ ਹੈ। ਤੰਬਾਕੂ ਦੀ ਕਿਸੇ ਤਰੀਕੇ ਨਾਲ ਵੀ ਵਰਤੋਂ ਕਰਨਾ ਸਿੱਖ ਵਾਸਤੇ ਚਾਰ ਬਜਰ ਕੁਰਹਿਤਾਂ ਵਿਚੋਂ ਇਕ ਹੈ। ਸਿੱਖ ਤਾਂ ਤੰਬਾਕੂ ਨਾਲ ਬਣੀਆਂ ਚੀਜਾਂ ਨੂੰ ਹੱਥ ਵੀ ਨਹੀਂ ਲਾ ਸਕਦਾ। ਜੇ ਸਿੱਖ ਗ਼ਲਤੀ ਨਾਲ ਜਾਂ ਜਾਣ ਬੁਝ ਕੇ ਸਿਗਰਟ ਪੀਂਦਾ ਹੈ, ਉਹ ਪਤਿਤ ਬਣ ਜਾਂਦਾ ਹੈ ਅਤੇ ਉਸ ਨੂੰ ਦੁਬਾਰਾ ਖੰਡੇ ਦੀ ਪਾਹੁਲ ਲੈਣੀ ਪੈਂਦੀ ਹੈ।

ਸਿੱਧ ਗੋਸਟਿ: ਇਹ ਗੁਰੂ ਨਾਨਕ ਸਾਹਿਬ ਦੀ ਲਿਖੀ ਇਕ ਲੰਮੀ ਬਾਣੀ ਹੈ, ਜਿਹੜੀ ਉਨ੍ਹਾਂ ਨੇ ਸਿੱਧ ਅਖਵਾਉਣ ਵਾਲੇ ਜੋਗੀਆਂ ਨਾਲ ਚਰਚਾ ਸਬੰਧੀ ਲਿਖੀ ਸੀ। ਇਸ ਵਿਚ ਸਿੱਧਾਂ (ਜੋਗੀਆਂ) ਦੇ 'ਫ਼ਲਸਫ਼ੇ' ਅਤੇ ਉਨ੍ਹਾਂ ਦੇ ਦੁਨੀਆਂ ਵਿਚ ਰੋਲ ਬਾਰੇ ਬਿਆਨ ਕੀਤਾ ਹੋਇਆ ਹੈ। ਇਸ ਵਿਚ ਗੁਰੂ ਨਾਨਕ ਸਾਹਿਬ, ਬਹੁਤ ਹੀ ਕਾਇਲ ਕਰਨ ਵਾਲੀਆਂ ਦਲੀਲਾਂ ਵਰਤ ਕੇ, ਦਸਦੇ ਹਨ ਕਿ ਸੰਸਾਰ ਦਾ ਤਿਆਗ ਕਰਨ ਨਾਲ ਅਖੌਤੀ-ਮੁਕਤੀ ਨਹੀਂ ਮਿਲ ਸਕਦੀ।(ਇਸ ਬਾਣੀ ਵਿਚ ਗੁਰੂ ਨਾਨਕ ਸਾਹਿਬ

ਗ੍ਰਹਿਸਤੀ ਜੀਵਨ ਦੀ ਉੱਚਤਾ ਬਿਆਨ ਕਰਦੇ ਹਨ)। ਇਸੇ ਵਿਚ ਹੀ ਸਿੱਧਾਂ ਵੱਲੋਂ ਗੁਰੂ ਸਾਹਿਬ ਨੂੰ ਕੀਤੇ ਸਵਾਲ ਕਿ 'ਤੁਹਾਡਾ ਗੁਰੂ ਕਿਹੜਾ ਹੈ' ਦਾ ਜਵਾਬ ਦੇਂਦਿਆਂ ਗੁਰੂ ਸਾਹਿਬ ਕਹਿੰਦੇ ਹਨ ਕਿ 'ਮੇਰਾ ਗੁਰੂ **ਸ਼ਬਦ** ਹੈ, ਨਾ ਕਿ ਕੋਈ ਇਨਸਾਨ'। ਜਨਮਸਾਖੀਆਂ ਮੁਤਾਬਿਕ, ਗੁਰੂ ਸਾਹਿਬ ਨੇ ਇਸ ਦੀ ਰਚਨਾ ਉਦੋਂ ਕੀਤੀ ਜਦੋਂ ਉਹ ਮਾਨਸਰੋਵਰ ਝੀਲ (ਹੁਣ ਚੀਨ ਦਾ ਹਿੱਸਾ) 'ਤੇ ਗਏ ਸਨ ਅਤੇ ਸਿੱਧਾਂ ਨਾਲ ਵਾਰਤਾਲਾਪ ਕੀਤੀ ਸੀ।

ਸਿਮਰਨ: ਸਿਮਰਨ ਲਫ਼ਜ਼ 'ਸਮਰਨ' ਤੋਂ ਬਣਿਆ ਹੈ, ਜਿਸ ਦਾ ਲਫ਼ਜ਼ੀ ਮਾਅਨਾ ਹੈ: ਯਾਦ/ਚੇਤੇ ਰਖਣਾ/ਕਰਨਾ (ਸਮਰਨ ਵੀ 'ਸਮਰ' ਤੋਂ ਬਣਿਆ ਹੈ ਜਿਸ ਦਾ ਮਾਅਨਾ ਹੈ ਚੇਤਾ/ਯਾਦ)। ਸਿੱਖ ਧਰਮ ਵਿਚ, ਸਿਮਰਨ ਦਾ ਮਾਅਨਾ ਹੈ: ਰੱਬ ਦੇ ਨਾਂ ਨੂੰ ਹਰ ਵੇਲੇ ਯਾਦ ਰਖਣਾ। ਰੱਬ ਸਦਾ ਹੀ ਸਾਡੇ ਅੰਦਰ, ਸਾਡੇ ਨੇੜੇ ਅਤੇ ਸਾਡੇ ਸਾਹਮਣੇ ਹੈ; ਉਹ ਸਾਡੀ ਜਿੰਦ-ਜਾਨ ਦਾ ਹਿੱਸਾ ਹੈ। ਇਨਸਾਨ ਨੂੰ ਹਰ ਕੰਮ ਕਰਦਿਆਂ ਰੱਬ ਨੂੰ ਚੇਤੇ ਕਰਦੇ ਰਹਿਣਾ ਚਾਹੀਦਾ ਹੈ। ਹਰ ਇਕ ਨੂੰ ਆਪਣੇ ਮਨ ਵਿਚ ਹਰ ਵੇਲੇ ਰੱਬ ਦਾ ਨਿਰਮਲ ਭਉ ਰੱਖਣਾ ਚਾਹੀਦਾ ਹੈ। ਸੱਚੀ ਜੀਵਨ ਜਾਚ, ਇਨਸਾਨੀਅਤ ਅਤੇ ਸਮਾਜ ਦੇ ਭਲੇ ਵਾਸਤੇ ਕੰਮ ਕਰਨੇ ਵੀ ਸਿਮਰਨ ਹੀ ਹਨ। ਸਿੱਖ ਧਰਮ ਵਿਚ, ਸਿਮਰਨ ਮਹਿਜ਼ ਰਸਮੀ ਕਾਰਵਾਈ (ਕਰਮ ਕਾਂਡ) ਨਹੀਂ, ਯਾਨਿ ਹਰ ਵੇਲੇ 'ਵਾਹਿਗੁਰੂ' ਕਹੀ ਜਾਣਾ ਸਿਮਰਨ ਕਰਨਾ ਨਹੀਂ ਹੈ। ਉਂਞ (ਭਾਵੇਂ ਸਾਰਾ ਦਿਨ ਹੀ ਸਹੀ) ਵਾਹਿਗੁਰੂ ਵੀ ਕਹੀ ਜਾਈਏ 'ਤੇ ਨਾਲ ਹੀ ਪਾਪ ਵੀ ਕਰਦੇ ਜਾਈਏ ਤਾਂ ਇਹ ਸਿਮਰਨ ਨਹੀਂ ਬਲਕਿ ਕਰਮ ਕਾਂਡ ਤੇ ਦੰਭ ਹੋਵੇਗਾ, ਜਿਸ ਤੋਂ ਸਿੱਖ ਧਰਮ ਸਖ਼ਤੀ ਨਾਲ ਰੋਕਦਾ ਹੈ।

ਸਿਮਰਨੀ: ਦੇਖੋ: **ਮਾਲਾ** 254

ਸਿਮ੍ਰਤੀ: ਇਹ ਉਨ੍ਹਾਂ ਅਠਾਰਾਂ (18) ਕਿਤਾਬਾਂ ਨੂੰ ਕਿਹਾ ਜਾਂਦਾ ਹੈ, ਜਿਹੜੀਆਂ ਅੱਜ ਤੋਂ ਤਕਰੀਬਨ 23 ਤੋਂ 25 ਸੌ ਸਾਲ ਪਹਿਲਾਂ, 3-5 ਸੌ ਪੁਰਾਣਾ ਕਾਲ (O.E.) ਵਿਚ, ਬੁਧ ਤੇ ਜੈਨ ਕਾਲ ਜਾਂ ਉਸ ਦੇ ਨੇੜੇ-ਤੇੜੇ ਲਿਖੀਆਂ ਗਈਆਂ ਸਨ। ਇਨ੍ਹਾਂ ਕਿਤਾਬਾਂ ਵਿਚ ਇਖ਼ਲਾਕੀ ਤੇ ਹੋਰ ਸਮਾਜਿਕ ਕਾਨੂੰਨ ਦੱਸੇ ਹੋਏ ਹਨ। ਇਹ 'ਸ਼ਰੁਤੀਆਂ' ਤੋਂ ਵੱਖਰੀਆਂ ਹੈ, ਜਿਨ੍ਹਾਂ ਨੂੰ ਕੁਝ ਹਿੰਦੂ ਇਲਹਾਮੀ ਕਿਤਾਬਾਂ ਆਖਦੇ ਹਨ। ਦਰਅਸਲ ਇਨ੍ਹਾਂ ਦੋਹਾਂ ਦਾ ਲਿਖਣ ਸਮਾਂ ਤਕਰੀਬਨ ਇੱਕੋ ਹੀ ਹੈ। ਇਹ ਕੋਈ ਧਾਰਮਿਕ ਕਿਤਾਬਾਂ ਨਹੀਂ ਹਨ ਬਲਕਿ ਇਹ ਲਿਖਣ ਕਾਲ ਦੇ ਵੇਲੇ ਦੇ ਜੀਵਨ ਬਾਰੇ ਬਿਆਨ ਕਰਦੀਆਂ ਗਲਪ ਰਚਨਾਵਾਂ (fiction) ਹਨ ਜਿਨ੍ਹਾਂ ਵਿਚੋਂ ਉਸ ਵੇਲੇ ਦੇ ਅਤੇ ਲੇਖਕਾਂ ਦੀ ਆਪਣੀ ਸੋਚ/ਉਡਾਣ ਦੇ ਇਖ਼ਲਾਕੀ ਤੇ ਸਮਾਜਿਕ ਨੇਮਾਂ ਦੀ ਪੇਸ਼ਕਾਰੀ ਮਿਲਦੀ ਹੈ।

ਸਿਰਦਾਰ/ਸਰਦਾਰ: ਸਿਰਦਾਰ (ਹਿੰਦੀ-ਉਰਦੂ ਵਿਚ ਸਰਦਾਰ) ਦਾ ਲਫ਼ਜ਼ੀ ਮਾਅਨਾ ਹੈ: ਹਾਕਮ/ਮੁੱਖੀ/ਆਗੂ। ਪਰ ਇਹ ਅਗੇਤਰ ਹਰ ਇਕ ਸਿੱਖ ਦੇ ਨਾਂ ਅੱਗੇ ਵਰਤਿਆ ਜਾਂਦਾ ਹੈ। ਇਕ ਸਿੱਖ ਨੂੰ 'ਸ੍ਰੀ' ਲਿਖਣਾ ਗ਼ਲਤ ਹੈ ਕਿਉਂਕਿ 'ਸ੍ਰੀ' ਹਿੰਦੂਆਂ ਦੇ ਧਾਰਮਿਕ ਪਿਛੋਕੜ ਵਾਲਾ ਹੈ। ਸਿੱਖ ਨੂੰ ਮੁਖ਼ਾਤਿਬ ਕਰਨ ਵੇਲੇ 'ਸਿਰਦਾਰ' ਜੀ ਕਹਿਣਾ ਚਾਹੀਦਾ ਹੈ। ਇੰਞ ਹੀ ਇੱਕ ਸਿੱਖ ਦੀ ਘਰਵਾਲੀ/ਵਹੁਟੀ ਨੂੰ ਸਿਰਦਾਰਨੀ ਕਹਿ ਕੇ ਬੁਲਾਇਆ ਜਾਂਦਾ ਹੈ (ਇਹ ਪੂਰੀ ਤਰ੍ਹਾਂ ਸਹੀ ਨਹੀਂ ਹੈ ਕਿਉਂ ਕਿ ਇਸ ਨਾਲ ਸਿੱਖ ਬੀਬੀ ਦੀ ਆਜ਼ਾਦ ਹਸਤੀ ਨੂੰ ਕਬੂਲ ਨਹੀਂ ਕੀਤਾ ਜਾਂਦਾ)। 1978

ਵਿਚ, ਪੰਜਾਬ ਦੀ ਅਕਾਲੀ ਸਰਕਾਰ ਨੇ ਹੁਕਮ ਜਾਰੀ ਕੀਤਾ ਸੀ ਕਿ ਸਰਕਾਰੀ ਚਿੱਠੀਆਂ ਵਿਚ ਸਿੱਖ ਮਰਦਾਂ ਨੂੰ ਸਿਰਦਾਰ ਲਿਖਿਆ ਜਇਆ ਕਰੇ, ਪਰ 1980 ਵਿੱਚ, ਜਦੋਂ ਦਰਬਾਰਾ ਸਿੰਘ (ਕਾਂਗਰਸ) ਦੀ ਸਰਕਾਰ ਆਈ, ਉਨ੍ਹਾਂ ਨੇ ਇਸ ਹੁਕਮ ਨੂੰ ਰੱਦ ਕਰ ਦਿੱਤਾ ਤੇ ਸਿਰਦਾਰ ਦੀ ਥਾਂ ਸ੍ਰੀ ਲਿਖਣ ਦਾ ਹੁਕਮ ਜਾਰੀ ਕੀਤਾ, ਜੋ ਕਿ ਸਿੱਖ ਦੇ ਨਾਂ ਦੀ ਬੇਇਜ਼ਤੀ ਹੈ। 1997 ਵਿੱਚ, ਜਦ ਬਾਦਲ ਨੇ ਦੁਬਾਰਾ ਸਰਕਾਰ ਬਣਾਈ ਪਰ ਉਨ੍ਹਾਂ ਨੇ ਇਸ ਸਮੇਂ ਵਿੱਚ ਕਾਂਗਰਸ ਵਾਲਾ ਸਿੱਖਾਂ ਨੂੰ ਮੁਖ਼ਾਤਿਬ ਕਰਨ ਦਾ ਹੁਕਮ ਨਹੀਂ ਬਦਲਿਆ (ਭਾਰਤੀ ਜਨਤਾ ਪਾਰਟੀ ਦੇ ਫ਼ਿਰਕੂ ਹਿੰਦੂ ਸਾਥੀਆਂ ਨੂੰ ਖ਼ੁਸ਼ ਕਰਨ ਲਈ)। ਦੇਖੋ: ਹੋਰ ਦੇਖੋ: **ਸ਼੍ਰੀ/ਸ੍ਰੀ/ਸਿਰੀ**।

ਸਿਰੀ:- ਦੇਖੋ: ਸ਼੍ਰੀ

ਸਿਰੋਪਾ/ਸਰੋਪਾ/ਸਿਰੋਪਾਉ: ਸਿਰੋਪਾ ਫ਼ਾਰਸੀ ਦਾ ਲਫ਼ਜ਼ ਹੈ, ਜਿਸ ਦਾ ਮਾਅਨਾ ਹੈ: 'ਸਿਰ ਤੋਂ ਲੈਕੇ ਪੈਰਾਂ (ਪਾਉ) ਤਕ (ਪੁਸ਼ਾਕ)'। ਸਿੱਖ ਧਰਮ ਵਿਚ ਸਿਰੋਪਾ ਇਕ ਸਨਮਾਨ ਨਿਸ਼ਾਨੀ ਹੈ ਜੋ ਉਸ ਸ਼ਖ਼ਸ ਨੂੰ ਪੇਸ਼ ਕੀਤਾ ਜਾਂਦਾ ਹੈ ਜਿਸ ਨੇ ਸਿੱਖ ਕੌਮ ਲਈ ਕੋਈ ਖ਼ਾਸ ਜਾਂ ਫ਼ਾਇਦੇਮੰਦ ਕੰਮ ਕੀਤਾ ਹੋਵੇ ਜਾਂ ਕੋਈ ਕਰਬਾਨੀ ਕੀਤੀ ਹੋਵੇ। ਇਹ ਸਨਮਾਨ ਸਿਰਫ਼ ਚੁਣਵੇਂ ਸ਼ਖ਼ਸਾਂ ਨੂੰ ਹੀ ਦਿੱਤਾ ਜਾਣਾ ਚਾਹੀਦਾ ਹੈ।

ਭਾਰਤ ਵਿਚ, ਬ੍ਰਿਟਿਸ਼ ਰਾਜ ਦੌਰਾਨ, ਦਰਬਾਰ ਸਾਹਿਬ ਦੇ ਸਰਬਰਾਹਾਂ ਨੇ ਆਪਣੇ ਖ਼ੁਸ਼ਾਮਦੀ/ਚਾਪਲੂਸੀ ਵਾਲੇ ਸੁਭਾਅ ਅਤੇ ਵਫ਼ਾਦਾਰੀ ਦਿਖਾਉਣ ਲਈ ਨਾਕਾਬਿਲ ਬੰਦਿਆਂ ਨੂੰ ਬੇਵਜਹ ਸਿਰੋਪਾਉ ਦੇਣੇ ਸ਼ੁਰੂ ਕਰ ਦਿੱਤੇ ਸਨ। ਗ਼ਲਤ ਤੌਰ 'ਤੇ ਸਿਰੋਪਾਓ ਭੇਟ ਕਰਨਾ ਸਿਰੋਪਾਉ ਦੀ ਬੇਅਦਬੀ ਹੈ। 1920 ਵਿਚ, ਅਕਾਲੀਆਂ ਨੇ ਗੁਰਦੁਆਰਿਆਂ ਨੂੰ ਅਜਿਹੇ ਗ਼ਲਤ ਲੋਕਾਂ ਤੋਂ ਆਜ਼ਾਦ ਤਾਂ ਕਰਵਾ ਲਿਆ ਪਰ ਉਨ੍ਹਾਂ ਨੇ ਇਹ ਗ਼ਲਤ ਰਸਮ ਨਾ ਰੋਕੀ। ਹੁਣ, ਬਹੁਤ ਸਾਰੇ ਸਿੱਖ ਆਗੂ, ਹਰੇਕ ਐਰੇ-ਗ਼ੈਰੇ ਨੂੰ **ਦੋ ਗਜ਼ ਲੀਰ** (ਕੱਪੜੇ) ਨਾਲ 'ਸਨਮਾਨਿਤ' ਕਰ ਦਿੰਦੇ ਹਨ ਅਤੇ ਇਸ ਨੂੰ ਸਿਰੋਪਾਉ ਕਹਿੰਦੇ ਹਨ। ਅਜਿਹਾ ਕਰ ਕੇ, ਬੇਸਮਝ ਸਿੱਖ ਆਗੂਆਂ ਨੇ ਸਿਰੋਪਾਓ ਦੀ ਬੇਅਦਬੀ ਕੀਤੀ ਹੈ। ਕੁਝ ਸਿੱਖ ਕੇਂਦਰਾਂ ਵਿਚ (ਦਰਬਾਰ ਸਾਹਿਬ ਵਿਚ ਵੀ) ਜੇ ਕਰ ਕੋਈ ਸ਼ਖ਼ਸ ਦਾਨ ਵਜੋਂ ਪੈਸੇ ਦੀ ਵੱਡੀ ਰਕਮ ਭੇਟ ਕਰੇ ਤਾਂ ਅਖੌਤੀ ਸਿਰੋਪਾਓ ਦਿੱਤਾ ਜਾਂਦਾ ਹੈ। ਸਿਰੋਪਾਓ ਦੀ ਇਕ ਹੋਰ ਬੇਅਦਬੀ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ ਸਿਰੋਪਾਓ 100 ਰੁਪਏ ਵਿਚ (ਜਾਂ ਕਿਸੇ ਹੋਰ ਰਕਮ ਬਦਲੇ) ਵਿਕਦੇ ਹਨ (ਜਿਵੇਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ)। 1999 ਵਿਚ ਇਹ ਹਰਕਤ ਬੰਦ ਕਰ ਦਿੱਤੀ ਗਈ ਸੀ ਪਰ ਨਵੰਬਰ 2000 ਵਿੱਚ, ਜਗਦੇਵ ਸਿੰਘ ਤਲਵੰਡੀ ਨੇ ਇਸ ਨੂੰ ਦੁਬਾਰਾ ਸ਼ੁਰੂ ਕਰ ਦਿੱਤਾ। ਸਿਰੋਪਾਓ, ਜੋ ਇਕ ਉੱਚਾ ਸਨਮਾਨ ਸੀ, ਹੁਣ ਇਹ ਵਧੇਰੇ ਕਰ ਕੇ ਦਿਖਾਵਾ/ਬੇਮਾਅਨਾ ਤੇ ਕੁਝ ਹੱਦ ਤਕ ਮਜ਼ਾਕ ਬਣ ਕੇ ਰਹਿ ਗਿਆ ਹੈ।

ਸੁਹਾਗਣ: ਸੁਹਾਗਣ/ਸੁਭਾਗਨ ਲਫ਼ਜ਼ ਸੁ+ਭਾਗਯਨ ਦੇ ਮੇਲ ਤੋਂ ਬਣਿਆ ਹੈ, ਯਾਨਿ ਭਾਗਾਂ ਵਾਲੀ ਔਰਤ। ਪਰ ਅਮਲੀ ਤੌਰ 'ਤੇ ਇਹ ਉਹ ਔਰਤ ਹੈ ਜਿਸ ਦਾ ਪਤੀ ਜਿਊਂਦਾ ਹੋਵੇ ਭਾਵ ਜੋ ਬੇਵਾ (ਵਿਧਵਾ) ਨਾ ਹੋਵੇ (ਜਿਊਂਦੇ ਪਤੀ ਵਾਲੀ ਔਰਤ ਹੀ ਚੰਗੇ ਭਾਗਾਂ ਵਾਲੀ ਮੰਨੀ ਜਾਂਦੀ ਹੈ)। ਸਿੱਖ ਫ਼ਲਸਫ਼ੇ ਮੁਤਾਬਿਕ, ਸਾਰੇ ਜੀਵ ਔਰਤਾਂ ਹਨ ਤੇ ਸਿਰਫ਼ ਵਾਹਿਗੁਰੂ ਹੀ ਮਰਦ ਹੈ, ਸੋ ਸਿੱਖ ਫ਼ਲਸਫ਼ੇ ਮੁਤਾਬਿਕ

ਅਸਲ ਸੁਹਾਗਣ ਉਹ ਹੈ ਜਿਸ ਨੂੰ ਰੱਬ ਪਿਆਰ ਕਰਦਾ ਹੈ ਅਤੇ ਪਸੰਦ ਕਰਦਾ ਹੈ। ਅਜਿਹੀ ਸੁਹਾਗਣ ਰੱਬ ਤੋਂ ਇਲਾਵਾ ਕਿਸੇ ਹੋਰ ਵੱਲ ਨਹੀਂ ਵੇਖਦੀ। (ਸਫ਼ਾ 1384) ਉਹ ਸਚਮੁਚ ਹੀ ਵੱਡੀ ਸੁਹਾਗਣ ਹੈ ਜਿਸ ਉੱਤੇ ਰੱਬ ਆਪਣੀ ਮਿਹਰ ਕਰਦਾ ਹੈ।

ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥ ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ॥ (ਸਫ਼ਾ 351)

ਹੋਰ ਦੇਖੋ (ਸੁਹਾਗਣ ਦਾ ਉਲਟ): **ਦੁਹਾਗਣ**

ਸੁੱਖ ਆਸਣ: ਲਫ਼ਜ਼ੀ ਮਾਅਨਾ ਹੈ: "ਆਰਾਮ ਵਾਲੀ ਜਗ੍ਹਾ।" ਸਿੱਖ, ਇਹ ਲਫ਼ਜ਼, ਗੁਰੂ ਗ੍ਰੰਥ ਸਾਹਿਬ ਨੂੰ ਸੰਤੋਖਣ (ਬੰਦ ਕਰਨ) ਲਈ ਵਰਤਦੇ ਹਨ। ਸੁੱਖ ਆਸਣ ਸਮੇਂ ਅਰਦਾਸ ਕੀਤੀ ਜਾਂਦੀ ਹੈ, ਇਕ ਸ਼ਬਦ ਦਾ ਵਾਕ ਲਿਆ ਜਾਂਦਾ ਹੈ ਅਤੇ ਬਾਅਦ ਵਿਚ, ਗੁਰੂ ਗ੍ਰੰਥ ਸਾਹਿਬ ਨੂੰ ਸੰਤੋਖ (ਬੰਦ ਕਰ) ਕੇ ਰੁਮਾਲਿਆਂ ਵਿਚ ਸੰਭਾਲਿਆ ਜਾਂਦਾ ਹੈ। ਇਸ ਤੋਂ ਬਾਅਦ, ਗੁਰੂ ਗ੍ਰੰਥ ਸਾਹਿਬ, ਕਿਸੇ ਇਕ ਸਿੱਖ ਦੇ ਸਿਰ ਉੱਤ ਰੱਖ ਕੇ, ਆਰਾਮ ਵਾਲੀ ਥਾਂ (ਜਾਂ ਕਮਰੇ) ਵੱਲ ਲਿਜਾਇਆ ਜਾਂਦਾ ਹੈ ਤੇ ਜੇ ਕੋਈ ਵਖਰੀ ਥਾਂ ਨਾ ਹੋਵੇ ਤਾਂ ਉੱਥੇ ਹੀ ਪਿਆ ਰਹਿਣ ਦਿੱਤਾ ਜਾਂਦਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਵਿਚ, ਗੁਰੂ ਗ੍ਰੰਥ ਸਾਹਿਬ ਨੂੰ ਸੰਤੋਖਣ ਤੋਂ ਬਾਅਦ, ਪਾਲਕੀ ਵਿਚ, ਜਲੂਸ ਰਾਹੀਂ, ਅਕਾਲ ਸਾਹਿਬ ਲਿਜਾਂਦੇ ਹਨ। ਸਵੇਰੇ ਪਹਿਲੇ ਪਹਿਰ ਵੇਲੇ (ਸਵੇਰੇ ਤਿੰਨ ਵਜੇ ਦੇ ਕਰੀਬ) ਗੁਰੂ ਗ੍ਰੰਥ ਸਾਹਿਬ ਨੂੰ ਦੁਬਾਰਾ, ਇਸੇ ਤਰ੍ਹਾਂ, ਪੂਰੇ ਸਨਮਾਨ ਨਾਲ ਅਕਾਲ ਤਖ਼ਤ ਸਾਹਿਬ ਤੋਂ ਦਰਬਾਰ ਸਾਹਿਬ ਲਿਜਾਇਆ ਜਾਂਦਾ ਹੈ। ਇਹ ਸ਼ਾਹੀ ਰਸਮ ਇਸ ਕਰ ਕੇ ਕੀਤੀ ਜਾਂਦੀ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਨੂੰ ਰੱਬੀ (ਧੁਰ ਕੀ ਬਾਣੀ ਹੋਣ ਕਰਕੇ) ਤੇ ਸ਼ਾਹੀ ਤਰੀਕੇ ਨਾਲ ਰੱਖਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸੁਖ-ਆਸਣ ਦੀ ਰਸਮ ਕਰਨਾ ਜ਼ਰੂਰੀ ਵੀ ਨਹੀਂ; ਖ਼ਾਸ ਕਰ ਕੇ ਉਦੋਂ ਜਦੋਂ ਲਗਾਤਾਰ ਸਮਾਗਮ/ਪਾਠ ਚਲ ਰਹੇ ਹੋਣ।ਉਂਵ 'ਸੁਖ ਆਸਣ' ਲਫ਼ਜ਼ ਦੀ ਥਾਂ 'ਸੰਭਾਲਣਾ' 'ਬੰਦ ਕਰਨਾ' ਵਰਤ ਲੈਣਾ ਵੀ ਗ਼ਲਤ ਨਹੀਂ ਹੈ।

ਸੁਖਮਨਾ: ਦੇਖੋ: **ਇੜਾ-ਪਿੰਗਲਾ-ਸੁਖਮਨਾ।**

ਸੁਖਮਨੀ ਸਾਹਿਬ: ਸੁਖਮਨੀ ਸਾਹਿਬ ਗੁਰੂ ਅਰਜਨ ਸਾਹਿਬ ਦੀ ਲਿਖੀ ਇਕ ਲੰਮੀ ਬਾਣੀ ਹੈ। ਸੁਖਮਨੀ ਸਾਹਿਬ ਬਾਣੀ ਦਰਸਾਉਂਦੀ ਹੈ ਕਿ ਸਿਰਫ਼ ਵਾਹਿਗੁਰੂ ਦੇ ਨਾਂ ਵਿਚ ਧਿਆਨ ਲਾਉਣ ਨਾਲ ਹੀ 'ਮੁਕਤੀ' ਮਿਲ ਸਕਦੀ ਹੈ। ਇਹ ਬਾਣੀ ਸਾਨੂੰ ਇਹ ਵੀ ਦਸਦੀ ਹੈ ਕਿ ਰੱਬ ਨੂੰ ਕਿਵੇਂ ਯਾਦ ਕਰੀਏ, ਉਸ ਵਿਚ ਧਿਆਨ ਕਿਵੇਂ ਜੋੜੀਏ? ਕੁਝ ਸਿੱਖਾਂ ਨੇ ਸਿਰਫ਼ ਇਸ ਬਾਣੀ ਦਾ ਹੀ ਪਾਠ ਕਰਨ ਵਾਸਤੇ ਹੀ ਇਕ ਜਥੇਬੰਦੀ (ਸੁਖਮਨੀ ਸਾਹਿਬ ਸੇਵਾ ਸੁਸਾਇਟੀ) ਬਣਾਈ ਹੋਈ ਹੈ। ਸੁਖਮਨੀ ਸਾਹਿਬ ਦੇ ਪਾਠ ਦੇ ਅਜਿਹੇ ਜੱਥੇ ਬਣਾਉਣੇ ਗ਼ਲਤ ਹੈ, ਕਿਉਂਕਿ ਇਸ ਦਾ ਮਤਲਬ ਇਹ ਬਣ ਜਾਂਦਾ ਹੈ ਕਿ ਸੁਖਮਨੀ ਸਾਹਿਬ ਬਾਣੀ ਦੀ ਕੋਈ ਵੱਖਰੀ ਤੇ ਖ਼ਾਸ ਅਹਿਮੀਅਤ ਹੈ। ਸਾਰੀ ਬਾਣੀ ਦੀ ਇੱਕੋ ਜਿੰਨੀ ਮਹਾਨਤਾ ਹੈ, ਇਸ ਕਰ ਕੇ ਅਜਿਹੀਆਂ ਕਾਰਵਾਈਆਂ ਕਰਨਾ ਸਿੱਖ ਫ਼ਲਸਫ਼ੇ ਨੂੰ ਨੁਕਸਾਨ ਪਹੁੰਚਾਉਣਾ ਹੈ।

ਸੁੱਚ (ਐਬਲਿਊਸ਼ਨ): ਹਿੰਦੂ ਧਰਮ ਵਿਚ ਕੋਈ ਧਾਰਮਿਕ ਰਸਮ, ਕਰਮ ਕਾਂਡ ਵਗੈਰਾ ਕਰਨ ਤੋਂ ਪਹਿਲਾਂ, ਹੱਥ ਧੋਣ, ਨਹਾਉਣ, ਭਾਂਡੇ ਸਾਫ਼ ਕਰਨ ਵਗੈਰਾ ਨੂੰ 'ਸੁੱਚ' ਆਖਦੇ ਹਨ। ਹਿੰਦੂਆਂ ਵਿਚ ਇਸ ਨੂੰ 'ਪਵਿੱਤਰ ਹੋਣ' ਦੇ ਬਰਾਬਰ ਮੰਨਿਆ ਜਾਂਦਾ ਹੈ। ਹਿੰਦੂ ਤਾਂ ਬੇਹਿਸਾਬ ਚੀਜ਼ਾਂ ਦੀ ਅਖੌਤੀ-ਪਵਿੱਤਰਤਾ ਤੇ ਬਹੁਤ ਸਾਰੀਆਂ ਰਸਮਾਂ ਦੀ ਪਵਿੱਤਰਤਾ ਵਿਚ ਯਕੀਨ ਰੱਖਦੇ ਹਨ। ਸਿੱਖ ਫ਼ਲਸਫ਼ੇ ਵਿਚ ਇਸ ਤਰ੍ਹਾਂ ਪਵਿੱਤਰ ਹੋਣ ਦਾ ਕੋਈ ਫ਼ਲਸਫ਼ਾ ਨਹੀਂ ਹੈ। ਵਾਹਿਗੁਰੂ ਨੂੰ ਯਾਦ ਕਰਨਾ ਤੇ ਮਨ ਵਿਚ ਵਸਾਉਣਾ (ਉਸ ਦੇ ਹੁਕਮ ਮੁਤਾਬਿਕ ਜ਼ਿੰਦਗੀ ਜੀਣਾ) ਹੀ ਸੱਚੀ ਪਵਿੱਤਰਤਾ ਹੈ ਅਤੇ ਸੁਚ ਹੈ। ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਸਿੱਖ ਨੇ ਜਿਸਮਾਨੀ (ਕੱਪੜਿਆਂ ਦੀ, ਬਰਤਨਾਂ ਦੀ, ਖਾਣ-ਪੀਣ ਦੇ ਸਾਮਾਨ ਦੀ) ਸਫ਼ਾਈ ਦਾ ਖ਼ਿਆਲ ਨਹੀਂ ਰੱਖਣਾ। ਸਗੋਂ ਸਿੱਖ ਨੂੰ ਸਰੀਰ ਦੀ ਸਫਾਈ ਅਤੇ ਚੰਗੀ ਸਿਹਤ ਬਾਰੇ ਜ਼ਰੂਰਤਾਂ ਦਾ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ। ਜਿੱਥੋਂ ਤਕ 'ਸੁੱਚ' ਦਾ ਸਵਾਲ ਹੈ, ਸਿੱਖ ਧਰਮ ਸੱਚੇ-ਸੁੱਚੇ ਇਖ਼ਲਾਕ ਵਿਚ ਯਕੀਨ ਰੱਖਦਾ ਹੈ ਨਾ ਕਿ ਰਸਮੀ ਜਾਂ ਦਿਖਾਵੇ ਦੀ ਪਵਿੱਤਰਤਾ ਵਿੱਚ।

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥ (ਸਫ਼ਾ 472)

ਸੁੱਚ-ਜੂਠ: ਹਿੰਦੂਆਂ ਵਿਚ ਸੁੱਚ-ਜੂਠ ਦੀ ਬਹੁਤ ਅਹਿਮੀਅਤ ਹੈ। ਹਿੰਦੂ ਕਿਸੇ ਦਾ ਹੱਥ ਲਗਣ ਨਾਲ ਭਿੱਟ ਜਾਣਾ, ਜੂਠਾ ਹੋ ਜਾਣਾ, ਕਿਸੇ ਅਖੌਤੀ-ਅਛੂਤ ਨਾਲ ਛੂਹਣ ਨਾਲ ਭਿੱਟ ਜਾਣਾ ਜਾਂ ਅਪਵਿੱਤਰ ਹੋ ਜਾਣਾ ਬਹੁਤ ਮੰਨਦੇ ਹਨ। ਸਿੱਖ ਧਰਮ ਵਿਚ, ਸਰੀਰਕ ਸਫ਼ਾਈ ਲਾਜ਼ਮੀ ਹੈ; ਇਸ ਤੋਂ ਇਲਾਵਾ ਕੋਈ ਵੀ, ਕਿਸੇ ਤਰੀਕੇ ਨਾਲ ਅਪਵਿੱਤਰ ਜਾਂ ਪਵਿੱਤਰ ਨਹੀਂ ਹੈ। ਹਾਂ ਇਕ ਪਾਹੁਲੀਆ ਸਿੱਖ (ਜਿਸ ਨੂੰ ਅੱਜ-ਕਲ੍ਹ ਕੁਝ ਲੋਕ ਅੰਮ੍ਰਿਤਧਾਰੀ ਵੀ ਆਖਦੇ ਹਨ), ਬੇ ਅੰਮ੍ਰਿਤੀਏ ਜਾਂ ਪਤਿਤ ਨਾਲ ਖਾਣਾ ਨਹੀਂ ਖਾ ਸਕਦਾ। ਇਹ ਸਿੱਖੀ ਦਾ ਜ਼ਾਬਤਾ ਹੈ, ਨਾ ਕਿ ਹਿੰਦੂ ਸੋਚ ਵਾਲਾ ਅਪਵਿੱਤਰ ਜਾਂ ਪਵਿੱਤਰ ਜਾਂ ਸੁੱਚਾ ਜਾਂ ਜੂਠਾ। ਸਿੱਖ ਧਰਮ ਵਿਚ ਸਫ਼ਾਈ, ਅਖੌਤੀ ਤਰੀਥ ਯਾਤਰਾ, ਧਾਰਮਿਕ ਰਸਮਾਂ ਵਗੈਰਾ ਦਾ ਮੁਕਤੀ ਨਾਲ ਕੋਈ ਸਬੰਧ ਨਹੀਂ ਹੈ। ਮੁਕਤੀ ਤਾਂ ਸੱਚਾ ਜੀਵਨ ਜੀਅ ਕੇ ਇਸੇ ਜ਼ਿੰਦਗੀ ਵਿਚ ਹੀ ਹਾਸਿਲ ਹੁੰਦੀ ਹੈ।

ਸੁੱਚਾ: ਇਸ ਲਫ਼ਜ਼ ਦੀ ਜੜ੍ਹ 'ਸ਼ੌਚਮ' ਵਿਚ ਹੈ ਜਿਸ ਦਾ ਮਾਅਨਾ ਹੈ ਪਵਿੱਤਰਤਾ, ਪਾਕੀਜ਼ਗੀ, ਨਿਰਮਲ ਹੋਣਾ, ਸਫ਼ਾਈ। ਪੰਜਾਬੀ ਵਿਚ ਇਸ ਦਾ ਮਾਅਨਾ ਹੈ: ਸਾਫ਼, ਸ਼ੁਧ, ਪਵਿੱਤਰ। ਇਸ ਦਾ ਪਿਛੋਕੜ 'ਸੱਚਾ' ਤੋਂ ਵੀ ਹੋ ਮੰਨਿਆ ਜਾਂਦਾ ਹੈ ਅਤੇ 'ਸਵੱਛ' (ਸਾਫ਼) ਤੋਂ ਵੀ। ਹਿੰਦੂ ਧਰਮ ਵਿਚ ਜਿਸਮ, ਰਸੋਈ, ਭਾਂਡੇ, ਕੱਪੜੇ ਆਦਿ ਦੀ ਸਫ਼ਾਈ ਨੂੰ ਸੁੱਚਤਾ (ਪਵਿੱਤਰਤਾ, ਸ਼ੁੱਧਤਾ) ਕਿਹਾ ਜਾਂਦਾ ਹੈ। ਜੇ ਕਰ ਕੋਈ ਅਖੌਤੀ-ਅਛੂਤ ਜਾਂ ਅਖੌਤੀ ਸੂਤਕ ਵਾਲਾ ਸ਼ਖ਼ਸ ਜਾਂ ਅਖੌਤੀ ਸੂਤਕ ਵਾਲੀ ਔਰਤ, ਕਿਸੇ ਖਾਣ ਵਾਲੀ ਚੀਜ਼ ਜਾਂ ਕਿਸੇ ਭਾਂਡੇ ਨੂੰ ਛੂਹ ਜਾਵੇ ਜਾਂ ਗ਼ਲਤੀ ਨਾਲ ਵੀ ਹੱਥ ਲਾ ਦੇਵੇ, ਤਾਂ ਇਹ ਨਾ ਸਿਰਫ਼ ਜੂਠੇ ਬਣ ਜਾਂਦੇ ਹਨ ਸਗੋਂ ਅਪਵਿੱਤਰ ਵੀ ਹੋ ਜਾਂਦੇ ਹਨ। ਸਿੱਖ ਧਰਮ ਇਸ ਨੂੰ ਪਖੰਡ ਗਰਦਾਨਦਾ ਹੈ। ਸਿੱਖ ਧਰਮ ਸਰੀਰਕ ਸਫ਼ਾਈ ਦੇ ਹੱਕ ਵਿਚ ਤਾਂ ਹੈ ਪਰ ਇਹ ਮਨ ਦੀ ਪਵਿੱਤਰਤਾ ਨੂੰ ਵੀ ਵਧੇਰੀ ਅਹਿਮੀਅਤ

ਦੇਂਦਾ ਹੈ। ਉਨ੍ਹਾਂ ਨੂੰ ਸੁੱਚਾ ਨਹੀਂ ਕਿਹਾ ਜਾ ਸਕਦਾ ਜੋ ਸਿਰਫ਼ ਆਪਣੇ ਜਿਸਮ ਦਾ ਇਸ਼ਨਾਨ ਕਰਦੇ ਹਨ (ਤੇ ਸਾਰਾ ਦਿਨ ਪਾਪ ਕਮਾਉਂਦੇ ਰਹਿੰਦੇ ਹਨ), ਬਲਕਿ ਸੁੱਚੇ ਉਹ ਹਨ, ਜਿਨ੍ਹਾਂ ਦੇ ਦਿਲ ਵਿਚ ਰੱਬ ਵੱਸਿਆ ਹੋਇਆ ਹੈ:

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥ (ਸਫ਼ਾ 472)

ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਹਾ ਭਿ ਆਵਹਿ ਓਈ ਸਾਦ॥ ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥ ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥ ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥ ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥ ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥ ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥ ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥ ਕਹੁ ਨਾਨਕ ਸਚੁ ਧਿਆਈਐ॥ ***ਸੁਚਿ ਹੋਵੈ ਤਾ, ਸਚੁ ਪਾਈਐ॥*** (ਸਫ਼ਾ 471-72)

ਹੋਰ ਦੇਖੋ: **ਤੀਰਥ 168 ਇਸ਼ਨਾਨ, ਨਾਮ-ਦਾਨ-ਇਸ਼ਨਾਨ 191**।

ਸੁੰਦਰੀ:- ਸੁੰਦਰੀ ਭਾਈ ਵੀਰ ਸਿੰਘ ਦਾ ਲਿਖਿਆ ਹੋਇਆ ਇਕ ਨਾਵਲ ਹੈ। ਇਹ ਸਿੱਖ ਔਰਤਾਂ ਦੀ ਬਹਾਦਰੀ, ਦ੍ਰਿੜਤਾ ਅਤੇ ਇਖ਼ਲਾਕ ਨੂੰ ਦਰਸਾਉਂਦਾ ਹੈ। ਇਸ ਨਾਵਲ ਨੇ, ਅੰਗਰੇਜ਼ਾਂ ਵੱਲੋਂ ਸਿੱਖ ਹੋਮਲੈਂਡ ਉੱਤੇ ਕਬਜ਼ਾ ਕਰਨ ਤੋਂ ਬਾਅਦ ਬੇਦਿਲ ਹੋ ਚੁਕੀ ਸਿੱਖ ਕੌਮ ਦੇ ਹੌਸਲੇ ਵਧਾਉਣ ਵਿਚ ਇਕ ਮਹਾਨ ਰੋਲ ਅਦਾ ਕੀਤਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਨਾਵਲ ਨੇ ਬਹੁਤ ਸਾਰੇ ਗ਼ੈਰ-ਸਿੱਖਾਂ ਨੂੰ ਵੀ ਸਿੱਖ ਧਰਮ ਵਿਚ ਲਿਆਂਦਾ ਸੀ।

ਸੁੰਨ: ਲਫ਼ਜ਼ੀ ਮਾਅਨਾ: ਖ਼ਾਲੀ/ਵੀਰਾਨ। ਇਹ ਲਫ਼ਜ਼ 'ਸ਼ੂੰਨਯ' (ਸਿਫ਼ਰ, ਜ਼ੀਰੋ, ਖ਼ਾਲੀ) ਤੋਂ ਬਣਿਆ ਹੈ। ਜਦੋਂ ਰਚਨਾ ਬੰਦ ਹੋ ਜਾਂਦੀ ਹੈ ਜਾਂ ਦੁਨੀਆਂ ਖ਼ਤਮ ਹੋ ਜਾਂਦੀ ਹੈ ਅਤੇ ਕੁਛ ਵੀ ਨਹੀਂ ਹੁੰਦਾ ਪਰ ਰੱਬ ਜ਼ਰੂਰ ਹੁੰਦਾ ਹੈ। ਸਿੱਖ ਧਰਮ ਮੁਤਾਬਿਕ, ਇਹ ਸੁੰਨ ਦਾ ਉਹ ਮੁਕਾਮ ਸੀ ਜਦੋਂ ਰੱਬ ਨੇ ਅਜੇ ਕੋਈ ਵੀ ਰਚਨਾ ਨਹੀਂ ਕੀਤੀ ਸੀ।

ਸੁੰਨ ਕਲਾ ਅਪਰੰਪਰਿ ਧਾਰੀ॥ ਆਪਿ ਨਿਰਾਲਮੁ ਅਪਰ ਅਪਾਰੀ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨ ਉਪਾਇਦਾ॥ ਪਉਣੁ ਪਾਣੀ ਸੁੰਨੈ ਤੇ ਸਾਜੇ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ॥ ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ॥ ਸੁੰਨੇ ਵਰਤੇ ਜੁਗ ਸਬਾਏ॥ ਇਸੁ ਪਦ ਵੀਚਾਰੇ ਸੋ ਜਨੁ ਪੂਰਾ ਤਿਸੁ ਮਿਲੀਐ ਭਰਮੁ ਚੁਕਾਇਦਾ॥ ਸੁੰਨਹੁ ਸਪਤ ਸਰੋਵਰ ਥਾਪੇ॥ ਜਿਨਿ ਸਾਜੇ ਵੀਚਾਰੇ ਆਪੇ॥ ਤਿਤੁ ਸਤ ਸਰਿ ਮਨੂਆ ਗੁਰਮੁਖਿ ਨਾਵੈ ਫਿਰਿ ਬਾਹੁੜਿ ਜੋਨਿ ਨ ਪਾਇਦਾ॥ ਸੁੰਨਹੁ ਚੰਦੁ ਸੂਰਜੁ ਗੈਣਾਰੇ॥ ਤਿਸ ਕੀ ਜੋਤਿ ਤ੍ਰਿਭਵਣ ਸਾਰੇ॥ ਸੁੰਨੇ ਅਲਖ ਅਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ॥ ਸੁੰਨਹੁ ਧਰਤਿ ਅਕਾਸੁ ਉਪਾਏ॥ ਬਿਨੁ ਥੰਮਾ ਰਾਖੇ ਸਚੁ ਕਲ ਪਾਏ॥ ਤ੍ਰਿਭਵਣ ਸਾਜਿ ਮੇਖੁਲੀ ਮਾਇਆ ਆਪਿ ਉਪਾਇ ਖਪਾਇਦਾ॥ ਸੁੰਨਹੁ ਖਾਣੀ ਸੁੰਨਹੁ ਬਾਣੀ॥ ਸੁੰਨਹੁ ਉਪਜੀ ਸੁੰਨਿ ਸਮਾਣੀ॥ ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ॥ ਸੁੰਨਹੁ ਰਾਤਿ ਦਿਨਸੁ ਦੁਇ ਕੀਏ॥ ਓਪਤਿ ਖਪਤਿ ਸੁਖਾ ਦੁਖ ਦੀਏ॥ ਸੁਖ ਦੁਖ ਹੀ ਤੇ ਅਮਰੁ ਅਤੀਤਾ ਗੁਰਮੁਖਿ ਨਿਜ ਘਰੁ ਪਾਇਦਾ॥ (ਸਫ਼ਾ 1037)

ਸੁੰਨਤ: (1) ਇਸਲਾਮ ਦੇ ਮੋਢੀ ਨੇ ਜੋ ਕੁਝ ਵੀ ਆਪਣੀ ਜ਼ਿੰਦਗੀ ਵਿਚ ਕੀਤਾ ਸੀ ਤੇ ਉਸ ਨੂੰ ਉਸ ਦੇ ਚੇਲਿਆਂ ਨੇ ਨੋਟ ਕਰ ਲਿਆ ਸੀ, ਉਸ ਨੂੰ 'ਸੁੰਨਤ' ਕਿਹਾ ਜਾਂਦਾ ਹੈ। ਇਸਲਾਮ ਵਿਚ ਕੁਰਾਨ ਸਭ ਤੋਂ ਪਹਿਲਾਂ (ਅਹਿਮ) ਹੈ ਪਰ ਜੇ ਕਿਸੇ ਨੁਕਤੇ ਦਾ ਜਵਾਬ ਉਸ ਵਿੱਚੋਂ ਨਹੀਂ ਮਿਲਦਾ ਤਾਂ ਉਸ ਦਾ ਜਵਾਬ ਸੁੰਨਤ ਬਾਰੇ ਲਿਖਤਾਂ ਵਿਚੋਂ ਲੱਭਿਆ ਜਾਂਦਾ ਹੈ। (2) ਸੁੰਨਤ ਇਸਲਾਮ ਤੇ ਯਹੂਦੀਆਂ ਦੀ ਇਕ ਰਸਮ ਵੀ ਹੈ, ਜਿਸ ਵਿਚ ਮਰਦ ਦੇ ਲਿੰਗ ਦੀ ਉਪਰਲੀ ਚਮੜੀ ਨੂੰ ਕੱਟ ਦਿੱਤਾ ਜਾਂਦਾ ਹੈ (ਮੁਸਲਮਾਨਾਂ ਵਿਚ ਔਰਤਾਂ ਦੀ ਅਜਿਹੀ ਸੁੰਨਤ ਕਰਨ ਦਾ ਤਰੀਕਾ ਵਖਰਾ ਹੈ)।

ਸੂਤਕ: ਸੂਤਕ ਲਫ਼ਜ਼ ਦੀ ਜੜ੍ਹ 'ਸੂਤ' (ਗੰਦਾ ਹੋਣਾ) ਅਤੇ 'ਸੂਤਕਮ' (ਬੱਚੇ ਦੇ ਜਨਮ ਵੇਲੇ ਔਰਤ ਦਾ 'ਭ੍ਰਿਸ਼ਟ ਹੋਣਾ' ਵਿਚ ਹੈ। ਪਸ਼ੂਆਂ ਦਾ ਸੂਣਾ ਵੀ 'ਸੂਤਕ' ਤੋਂ ਹੀ ਬਣਿਆ ਹੈ। ਹਿੰਦੂ ਧਰਮ ਦੇ ਮੂਲ ਸਿਧਾਂਤਾਂ ਮੁਤਾਬਿਕ ਸਾਰੇ ਸ਼ੂਦਰ (ਅਖੌਤੀ ਅਛੂਤ) ਅਪਵਿੱਤਰ ਜੀਵ ਹਨ। ਇਸ ਤੋਂ ਇਲਾਵਾ ਕੁਝ ਲੋਕ, ਕੁਝ ਹਾਲਤਾਂ ਵਿਚ, ਅਪਵਿੱਤਰ ਬਣ ਜਾਂਦੇ ਹਨ ਜਾਂ ਹੋ ਜਾਂਦੇ ਹਨ। ਮਿਸਾਲ ਵਜੋਂ, (ਹਿੰਦੂਆਂ ਮੁਤਾਬਿਕ) ਬੱਚੇ ਦੇ ਜਨਮ ਤੋਂ ਬਾਅਦ ਹਰ ਔਰਤ ਅਪਵਿੱਤਰ ਹੋ ਜਾਂਦੀ ਹੈ। ਇਹ ਅਪਵਿੱਤਰਤਾ ਬ੍ਰਾਹਮਣ ਪਰਵਾਰ ਦੀਆਂ ਔਰਤ ਵਿਚ 11 ਦਿਨ, ਖੱਤਰੀ ਔਰਤ ਵਿਚ 13 ਦਿਨ, ਵੈਸ਼ ਔਰਤ ਵਿਚ 17 ਦਿਨ, ਸ਼ੂਦਰ ਔਰਤ ਵਿਚ 30 ਦਿਨ ਰਹਿੰਦੀ ਹੈ। ਇਸੇ ਤਰ੍ਹਾਂ (ਹਿੰਦੂਆਂ ਮੁਤਾਬਿਕ) ਸਾਰੀਆਂ ਔਰਤਾਂ ਮਾਹਵਾਰੀ ਦੇ ਦਿਨਾਂ ਦੌਰਾਨ ਵੀ ਅਪਵਿੱਤਰ ਹੁੰਦੀਆਂ ਹਨ। ਜੋ ਸ਼ਖ਼ਸ ਕਿਸੇ ਸ਼ੂਦਰ ਨੂੰ ਛੂਹ ਜਾਂਦੇ ਹਨ, ਉਹ ਵੀ ਅਪਵਿੱਤਰ ਹੋ ਜਾਂਦੇ ਹਨ। ਹਿੰਦੂ ਧਰਮ ਵਿਚ, ਅਜਿਹੇ ਸੈਂਕੜੇ ਤਰ੍ਹਾਂ ਦੇ 'ਸੂਤਕ' ਹਨ। ਸਿੱਖ ਧਰਮ ਅਜਿਹੀਆਂ ਗ਼ਲਤ ਸੋਚਾਂ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਪਾਪ, ਦੁਸ਼ਟਤਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਬੇਈਮਾਨੀ ਅਤੇ ਬੁਰੀ ਸੋਚ ਹੀ ਅਸਲ 'ਸੂਤਕ' ਤੇ 'ਅਪਵਿੱਤਰਤਾ' ਹਨ ਅਤੇ ਸੱਚਾ ਜੀਵਣ ਜਿਊਣ ਅਤੇ ਰੱਬ ਵਿਚ ਧਿਆਨ ਜੋੜਨ ਨਾਲ ਹੀ ਇਹ (ਅਸਲ) 'ਸੂਤਕ' ਦੂਰ ਹੋ ਸਕਦੇ ਹਨ।

> ***ਮਨ ਕਾ ਸੂਤਕੁ ਦੂਜਾ ਭਾਉ॥*** *ਭਰਮੇ ਭੂਲੇ ਆਵਉ ਜਾਉ॥ ਮਨਮੁਖਿ ਸੂਤਕੁ ਕਬਹਿ ਨ ਜਾਇ॥ ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ॥* ***ਸਭੋ ਸੂਤਕੁ ਜੇਤਾ ਮੋਹੁ ਆਕਾਰੁ॥*** *ਮਰਿ ਮਰਿ ਜੰਮੈ ਵਾਰੋ ਵਾਰ॥ ਸੂਤਕੁ ਅਗਨਿ ਪਉਣੈ ਪਾਣੀ ਮਾਹਿ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ॥ ਸੂਤਕਿ ਕਰਮ ਨ ਪੂਜਾ ਹੋਇ॥ ਨਾਮਿ ਰਤੇ ਮਨੁ ਨਿਰਮਲੁ ਹੋਇ॥*
>
> *(ਸਫ਼ਾ 229)*

> ***ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥*** *ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ ਸੂਤਕੁ ਕਿਉਕਰਿ ਰਖੀਐ ਸੂਤਕੁ ਪਵੈ ਰਸੋਇ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥* ***ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥ ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥*** *ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ॥ ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥*
>
> *(ਸਫ਼ਾ 472)*

ਹੋਰ ਦੇਖੋ: **ਸੁੱਚ-ਜੂਠ, ਜੂਠ, ਜੂਠਾ**।

ਸੇਵਾ: ਲਫ਼ਜ਼ੀ ਮਾਅਨਾ: ਬਿਨਾਂ ਕਿਸੇ ਉਜਰਤ ਦੇ ਕੰਮ ਕਰਨਾ। ਸਿੱਖ ਧਰਮ ਵਿਚ ਸੇਵਾ ਦੀ ਬਹੁਤ ਵੱਡੀ ਅਹਿਮੀਅਤ ਹੈ। ਇਕ ਸਿੱਖ ਦਾ ਫ਼ਰਜ਼ ਹੈ ਕਿ ਉਹ ਗੁਰਦੁਆਰੇ ਵਿਚ ਜਾਂ ਕਿਸੇ ਹੋਰ ਥਾਂ ਉੱਤੇ ਜਿੰਨਾਂ ਸਮਾਂ ਮੁਮਕਿਨ ਹੋ ਸਕਦਾ ਹੈ, ਸੇਵਾ ਵਿੱਚ ਸ਼ਾਮਿਲ ਹੋਵੇ। ਕੋਈ ਵੀ ਸੇਵਾ ਵੱਡੀ ਜਾਂ ਛੋਟੀ ਨਹੀਂ ਹੁੰਦੀ। ਸੇਵਾ ਹਉਮੈ ਦਾ ਖ਼ਾਤਮਾ ਕਰਦੀ ਹੈ ਅਤੇ ਭਾਈਚਾਰਕ ਸਾਂਝ ਅਤੇ ਇਨਸਾਨੀਅਤ ਅਤੇ ਪਿਆਰ ਦੇ ਜਜ਼ਬਾਤ ਪੈਦਾ ਕਰਦੀ ਹੈ। ਸੇਵਾ ਕਿਸੇ ਵੀ ਤਰੀਕੇ ਨਾਲ ਕੀਤੀ ਜਾ ਸਕਦੀ ਹੈ: ਪੈਸੇ ਰਾਹੀ, ਗਿਆਨ ਵੰਡ ਕੇ ਜਾਂ ਹੋਰ ਕਿਸੇ ਵੀ ਹੋਰ ਤਰੀਕੇ ਨਾਲ। ਉਹ ਸਿੱਖ, ਜਿਸ ਨੇ ਜ਼ਿੰਦਗੀ ਵਿਚ ਕਦੇ ਵੀ ਸੇਵਾ ਵਿੱਚ ਹਿੱਸਾ ਨਹੀਂ ਲਿਆ, ਉਹ ਪੂਰਾ ਸਿੱਖ ਨਹੀਂ, ਬਲਕਿ ਅਧੂਰਾ ਹੈ। ਅਸਲ ਵਿਚ ਉਹ ਮੁਰਦਾ ਸਰੀਰ ਦੀ ਤਰ੍ਹਾਂ ਹੈ। ਸੇਵਾ ਦੀ ਇਹ ਪਹਿਲੀ ਸ਼ਰਤ ਹੈ ਕਿ ਇਹ ਦਿਲੋਂ ਕੀਤੀ ਜਾਣੀ ਚਾਹੀਦੀ ਹੈ। ਸੇਵਾ ਵਿਖਾਵੇ ਲਈ ਜਾਂ ਕਿਸੇ ਮਾਣ/ਸਤਿਕਾਰ/ਸਨਮਾਨ ਨੂੰ ਹਾਸਿਲ ਕਰਨ ਵਾਸਤੇ ਨਹੀਂ ਕੀਤੀ ਜਾ ਸਕਦੀ। ਦੂਜਾ, ਜੇ ਕਰ ਕੋਈ ਸੇਵਾ ਕਰਦੇ ਸਮੇਂ ਵਿਤਕਰਾ ਕਰਦਾ ਹੈ, ਉਹ ਸਿਰਫ਼ ਪਖੰਡੀ/ਧੋਖੇਬਾਜ਼ ਹੈ, ਇਸ ਲਈ ਉਹ ਇਸ ਅਖੌਤੀ ਸੇਵਾ ਦਾ ਸੁਖ ਨਹੀਂ ਬਲਕਿ ਪਾਪ ਦਾ ਦੁਖ ਖੱਟਦਾ ਹੈ:

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ *(ਸਫ਼ਾ 26)*
ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥ *(ਸਫ਼ਾ 286)*
ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥ *(ਸਫ਼ਾ 292)*
ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥
ਜਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ॥ *(ਸਫ਼ਾ 28)*
ਮਾਨ ਅਭਿਮਾਨ ਮੰਧੇ, ਸੋ ਸੇਵਕੁ ਨਾਹੀ॥
ਤਤ ਸਮਦਰਸੀ ਸੰਤਹੁ, ਕੋਈ ਕੋਟਿ ਮੰਧਾਹੀ॥ *(ਸਫ਼ਾ 51)*

ਸੈਭੰ/ਸੈਭਉ: ਉਹ ਜੋ ਸਵੈ-ਹੋਂਦ ਵਾਲਾ ਹੈ, ਯਾਨਿ ਸਵੈ (ਆਪਣੇ ਆਪ) ਤੋਂ ਹੈ। ਦੂਜੇ ਲਫ਼ਜ਼ਾਂ ਵਿਚ, ਸੈਭੰ ਉਹ ਹੈ ਜੋ ਕਿਸੇ ਮਨੁੱਖ ਵੱਲੋਂ ਜਾਂ ਕਿਸੇ ਚੀਜ਼/ਤਾਕਤ/ਹਸਤੀ ਵੱਲੋਂ ਪੈਦਾ ਨਹੀਂ ਹੁੰਦਾ ਜਾਂ ਪੈਦਾ ਨਹੀਂ ਕੀਤਾ ਜਾ ਸਕਦਾ। ਅਜਿਹੀ ਸੈਭੰ ਹਸਤੀ ਸਿਰਫ਼ ਰੱਬ ਹੀ ਹੋ ਸਕਦੀ ਹੈ। ਹੋਰ ਦੇਖੋ: **ਅਕਾਲ ਪੁਰਖ, ਕਰਤਾ ਪੁਰਖ**

ਸੋਹਿਲਾ: ਸੋਹਿਲਾ ਦਾ ਲਫ਼ਜ਼ੀ ਮਾਅਨਾ ਹੈ: ਸਿਫ਼ਤ। ਗੁਰਬਾਣੀ ਵਿਚ ਸੋਹਿਲਾ ਤਿੰਨ ਗੁਰੂ ਸਾਹਿਬਾਨ ਵੱਲੋਂ ਲਿਖੇ ਪੰਜ ਸ਼ਬਦਾਂ ਦਾ ਜੋੜ ਹੈ। ਇਸ ਵਿਚ ਪਹਿਲੇ ਤਿੰਨ ਸ਼ਬਦ ਗੁਰੂ ਨਾਨਕ ਸਾਹਿਬ ਦੇ ਹਨ, ਚੌਥਾ ਸ਼ਬਦ ਗੁਰੂ ਰਾਮ ਦਾਸ ਸਾਹਿਬ ਦਾ ਅਤੇ ਪੰਜਵਾਂ ਸ਼ਬਦ ਗੁਰੂ ਅਰਜਨ ਸਾਹਿਬ ਦਾ ਰਚਿਆ ਹੋਇਆ ਹੈ। ਇਸ ਬਾਣੀ ਦਾ ਪਾਠ ਸੌਣ ਤੋਂ ਪਹਿਲਾਂ ਕੀਤਾ ਜਾਂਦਾ ਹੈ। ਇਹ ਨਿਤਨੇਮ ਦੀਆਂ ਬਾਣੀਆਂ ਵਿਚੋਂ ਇਕ ਹੈ। ਇਹ ਬਾਣੀ ਮਰ ਚੁਕੇ ਬੰਦੇ ਦੇ ਸਸਕਾਰ ਸਮੇਂ ਵੀ ਪੜ੍ਹੀ ਜਾਂਦੀ ਹੈ। ਇਨ੍ਹਾਂ ਸ਼ਬਦਾਂ ਦਾ ਮਤਲਬ ਰੱਬ (ਜਿਸ ਨੂੰ ਸਦਾ ਯਾਦ ਰੱਖਦਾ ਚਾਹੀਦਾ ਹੈ) ਦੀ ਤਾਕਤ/ਮਹਾਨਤਾ/ਹਸਤੀ ਦੀ ਸਿਫ਼ਤ ਕਰਨੀ ਹੈ। ਸੋਹਿਲਾ ਨੂੰ ਕੁਝ ਲੋਕਾਂ ਵੱਲੋਂ 'ਕੀਰਤਨ ਸੋਹਿਲਾ' ਵੀ ਕਿਹਾ ਜਾਂਦਾ ਹੈ, ਜੋ ਗ਼ਲਤ ਹੈ (ਕੀਰਤਨ ਦਾ ਮਤਲਬ ਵੀ

ਸੋਹਿਲੇ ਗਾਉਣਾ ਹੈ)। ਗੁਰੂ ਗ੍ਰੰਥ ਸਾਹਿਬ ਵਿਚ (ਸਫ਼ਾ 12-13) ਇਨ੍ਹਾਂ 'ਪੰਜ ਸ਼ਬਦਾਂ ਦੇ ਸੰਗ੍ਰਹਿ' ਦਾ ਸਿਰਲੇਖ 'ਸੋਹਿਲਾ' ਨਹੀਂ ਹੈ। ਸੋਹਿਲਾ ਲਫ਼ਜ਼ ਪਹਿਲੇ ਸ਼ਬਦ ਦੀ ਦੂਸਰੀ ਤੁਕ ਵਿਚ ਆਉਂਦਾ ਹੈ, ਪਰ ਇਹ ਇਸ ਬਾਣੀ ਦੇ ਸਿਰਲੇਖ ਦਾ ਆਧਾਰ ਨਹੀਂ ਹੈ। ਸੋਹਿਲਾ ਸਿਰਲੇਖ ਸ਼੍ਰੋਮਣੀ ਕਮੇਟੀ ਦੀ 'ਸਿੱਖ ਰਹਿਤ ਮਰਯਾਦਾ' ਵਿਚ ਜ਼ਰੂਰ ਦਰਜ ਹੈ।

ਸੋਦਰੁ: ਸੋਦਰੁ ਦਾ ਲਫ਼ਜ਼ੀ ਮਾਅਨਾ ਹੈ: 'ਉਹ ਦਰਵਾਜ਼ਾ'। 'ਸੋਦਰੁ' ਗੁਰੂ ਨਾਨਕ ਸਾਹਿਬ ਦੇ ਲਿਖੇ ਸ਼ਬਦਾਂ ਦੇ ਸਮੂਹ ਦਾ ਨਾਂ ਹੈ। ਇਹ ਜਪੁਜੀ ਸਾਹਿਬ ਦੀ 27ਵੀਂ ਪਉੜੀ ਹੈ। ਇਹ ਰਹਿਰਾਸ (ਸ਼ਾਮ ਦੇ ਵੇਲੇ ਦਾ ਸਿੱਖਾਂ ਦਾ ਨਿਤਨੇਮ) ਦਾ ਪਹਿਲਾ ਸ਼ਬਦ ਵੀ ਹੈ। ਪਹਿਲੇ ਪੰਜ ਸ਼ਬਦਾਂ (ਤਿੰਨ ਗੁਰੂ ਨਾਨਕ ਸਾਹਿਬ ਦੇ, ਇਕ ਗੁਰੂ ਰਾਮ ਦਾਸ ਸਾਹਿਬ ਦਾ ਅਤੇ ਇਕ ਗੁਰੂ ਅਰਜਨ ਸਾਹਿਬ ਦਾ) ਨੂੰ ਵੀ ਰਹਿਰਾਸ ਦਾ 'ਸੋਦਰੁ ਹਿੱਸਾ' ਕਿਹਾ ਜਾਂਦਾ ਹੈ। ਸਾਰੀ ਰਹਿਰਾਸੁ ਨੂੰ ਵੀ 'ਸੋਦਰੁ ਰਹਿਰਾਸੁ' ਕਿਹਾ ਜਾਂਦਾ ਹੈ ਕਿਉਂ ਕਿ ਇਹ 'ਸੋਦਰੁ' ਸ਼ਬਦਾਂ ਤੋਂ ਸ਼ੁਰੂ ਹੁੰਦੀ ਹੈ। ਸੋਦਰੁ ਦੇ ਪੰਜ ਸ਼ਬਦਾਂ ਵਿਚੋਂ ਤਿੰਨੇ ਸ਼ਬਦ ਆਸਾ ਰਾਗ ਵਿਚ ਅਤੇ ਦੋ ਸ਼ਬਦ ਗੂਜਰੀ ਰਾਗ ਵਿਚ ਗਾਏ ਜਣ ਵਾਸਤੇ ਹਨ। ਸੋਦਰੁ ਰੱਬ ਦੇ ਦਰਵਾਜ਼ੇ ਤੇ ਗਾਏ ਜਾਣ ਵਾਲਾ ਸ਼ਬਦ ਹੈ। ਇਹ ਸ਼ਬਦ ਦਸਦਾ ਹੈ ਕਿ ਸਾਰੀ ਕੁਦਰਤ ਰੱਬ, ਜਿਸ ਨੇ ਇਸ ਦੀ ਸਿਰਜਣਾ ਕੀਤੀ ਹੈ, ਦੀ ਵਡਿਆਈ ਗਾ ਰਹੀ ਹੈ।

ਸੋ ਪੁਰਖੁ: ਲਫ਼ਜ਼ੀ ਮਾਅਨਾ: ਉਹ ਪੁਰਖ, ਉਹ ਹਸਤੀ (ਯਾਨਿ ਰੱਬ)। 'ਸੋ ਪੁਰਖੁ' ਗੁਰੂ ਰਾਮਦਾਸ ਸਾਹਿਬ ਵੱਲੋਂ ਲਿਖੇ ਗਏ ਇਕ ਸ਼ਬਦ ਦਾ ਸਿਰਲੇਖ ਹੈ। ਇਹ ਨਾਂ ਰਹਿਰਾਸੁ ਦੇ ਦੂਜੇ ਹਿੱਸੇ ਦੇ ਚਾਰ ਸ਼ਬਦਾਂ ਨੂੰ ਵੀ ਦਿੱਤਾ ਜਾਂਦਾ ਹੈ। ਇਸ ਵਿਚ ਦੋ ਸ਼ਬਦ ਗੁਰੂ ਰਾਮ ਦਾਸ ਸਾਹਿਬ ਦੇ, ਇਕ ਗੁਰੂ ਨਾਨਕ ਸਾਹਿਬ ਦਾ ਅਤੇ ਇਕ ਗੁਰੂ ਅਰਜਨ ਸਾਹਿਬ ਦਾ ਹੈ। ਇਹ ਸਾਰੇ ਚਾਰ ਸ਼ਬਦ ਆਸਾ ਰਾਗ ਵਿਚ ਗਾਏ ਜਾਣ ਵਾਲੇ ਹਨ।

ਸੋਲ੍ਹਾਂ ਕਲਾਂ: ਲਫ਼ਜ਼ੀ ਮਾਅਨਾ: ਸੋਲ੍ਹਾਂ ਤਰ੍ਹਾਂ ਦੀਆਂ ਕਲਾਵਾਂ/ਹੁਨਰ। ਉਹ, ਜੋ ਸੋਲ੍ਹਾਂ ਕਲਾਂ (ਹੁਨਰਾਂ) ਵਿਚ ਮਾਹਿਰ ਹੁੰਦਾ ਹੈ, ਉਸ ਨੂੰ "ਸੋਲ੍ਹਾਂ ਕਲਾਂ ਸੰਪੂਰਨ" ਕਿਹਾ ਜਾਂਦਾ ਹੈ। ਵੈਦਿਕ ਕਿਤਾਬਾਂ ਮੁਤਾਬਿਕ, ਰੱਬ ਦੇ ਸੋਲ੍ਹਾਂ ਗੁਣ ਹਨ: ਗਿਆਨ, ਪਿਆਰ, ਸਮਾਧੀ/ਇਕਾਗਰਤਾ, ਚੰਗਿਆਈ, ਦ੍ਰਿੜਤਾ, ਸੰਤੋਖ, ਸਦਾਚਾਰ, ਵਿਦਿਆ, ਭਗਤੀ, ਰੂਹਾਨੀਅਤ, ਸਚਾਈ ਵਗੈਰਾ। ਸਿੱਖ ਧਰਮ ਰੱਬ ਦੀਆਂ ਖ਼ੂਬੀਆਂ ਦੀ ਹੱਦ ਬੰਨ੍ਹਣ ਨੂੰ ਰੱਦ ਕਰਦਾ ਹੈ। ਸਿੱਖ ਫ਼ਿਲਾਸਫ਼ੀ ਮੁਤਾਬਿਕ, ਰੱਬ ਦੇ ਗੁਣਾਂ ਦੀ ਕੋਈ ਗਿਣਤੀ ਨਹੀਂ ਹੋ ਸਕਦੀ। ਉਸ ਦੇ ਗੁਣ, ਖ਼ੂਬੀਆਂ ਅਤੇ ਕਲਾਵਾਂ ਬੇਸ਼ੁਮਾਰ ਹਨ। ਰੱਬ ਸੋਲ੍ਹਾਂ (ਜਾਂ ਸੌ ਜਾਂ ਹਜ਼ਾਰ) ਕਲਾ ਨਹੀਂ ਬਲਕਿ ਸਰਬ ਕਲਾ ਸੰਪੂਰਨ (ਸਾਰੀਆਂ ਕਲਾਵਾਂ ਵਿਚ ਮਾਹਿਰ) ਹੈ।

ਸੌ ਸਾਖੀ: ਸੌ ਸਾਖੀ ਸਿੱਖ ਤਵਾਰੀਖ਼ ਅਤੇ ਸਿੱਖ ਰਾਜ ਬਾਰੇ ਲਿਖੀ ਗਈ ਇਕ ਕਿਤਾਬ ਹੈ। ਕੁਝ ਲੋਕਾਂ ਵੱਲੋਂ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਹ ਕਹਾਣੀਆਂ ਕਿਸੇ ਨੂੰ ਸੁਣਾਈਆਂ ਸਨ ਤੇ ਉਸ ਨੇ ਬਾਅਦ ਵਿਚ ਇਨ੍ਹਾਂ ਨੂੰ ਕਿਤਾਬ ਦਾ ਰੂਪ ਦੇ ਦਿੱਤਾ। ਅਜਿਹਾ ਜਾਪਦਾ ਹੈ ਕਿ ਇਹ ਕਿਤਾਬ

1849 ਤੋਂ ਬਾਅਦ ਲਿਖੀ ਗਈ ਸੀ ਜਿਸ ਦਾ ਮਕਸਦ ਅੰਗਰੇਜ਼ਾਂ ਦੇ ਗ਼ੁਲਾਮ ਹੋਣ ਮਗਰੋਂ ਬੇਦਿਲ ਹੋ ਚੁਕੇ ਸਿੱਖਾਂ ਦਾ ਹੌਂਸਲਾ ਵਧਾਉਣਾ ਸੀ ਤੇ ਇਸ ਵਾਸਤੇ ਇਨ੍ਹਾਂ ਸਾਖੀਆਂ (ਕਹਾਣੀਆਂ) ਵਿਚ 'ਸਿਖਾਂ ਦਾ ਰਾਜ ਮੁੜ ਆਉਣ ਸਬੰਧੀ' ਕਹਾਣੀਆਂ ਜੋੜ ਕੇ ਇਸ ਨੂੰ ਗੁਰੂ-ਲਿਖਤ ਜਾਂ ਗੁਰੂ ਦੀ ਪੇਸ਼ੀਨਗੋਈ ਬਣਾ ਦਿਤਾ ਗਿਆ ਸੀ। ਇਹ ਮੁਮਕਿਨ ਹੈ ਕਿ ਇਸ ਦੇ ਲੇਖਕ ਭਾਈ ਮਹਾਰਾਜ ਸਿੰਘ ਦੇ ਸਾਥੀ/ਚੇਲੇ ਹੋਣ ਜਿਹੜੇ ਬ੍ਰਿਟਿਸ਼ ਸਰਕਾਰ ਤੋਂ ਪੰਜਾਬ ਨੂੰ ਆਜ਼ਾਦ ਕਰਵਾਉਣ ਵਾਸਤੇ ਜੱਦੋਜਹਿਦ ਕਰ ਰਹੇ ਸਨ। ਇਸ ਕਿਤਾਬ ਦੀਆਂ ਕੁਝ ਕਹਾਣੀਆਂ ਬਾਰੇ ਕੋਈ ਸ਼ੱਕ ਨਹੀਂ ਹੈ, ਕਿ ਉਹ ਸੱਚੀਆਂ ਹਨ, ਪਰ ਬਹੁਤੀ ਸਮੱਗਰੀ ਤਾਂ ਸਿੱਖ ਫ਼ਲਸਫ਼ੇ ਨਾਲ ਮੇਲ ਵੀ ਨਹੀਂ ਖਾਂਦੀ। ਇਸ ਕਿਤਾਬ ਦੀ ਬੋਲੀ ਪੰਜਾਬੀ ਹੈ ਅਤੇ ਉਸ 'ਤੇ ਕੁਝ ਸਧੁਕੜੀ ਬੋਲੀ (ਸਾਧੂਆਂ ਦੀ ਬੋਲੀ ਜਿਹੜੀ ਪੰਜਾਬੀ, ਹਿੰਦੀ, ਬ੍ਰਿਜੀ ਦਾ ਮਿਲਗੋਭਾ ਹੈ) ਦਾ ਵੀ ਅਸਰ ਹੈ। ਇਸ ਕਿਤਾਬ ਅਤੇ ਸੰਤੋਖ ਸਿੰਘ ਦੀ ਰਚਨਾ 'ਗੁਰਪ੍ਰਤਾਪ ਸੂਰਜ' ਵਿਚ ਬਹੁਤ ਸਾਰੀਆਂ ਗੱਲਾਂ ਸਾਂਝੀਆਂ ਹਨ। ਇਸ ਤੋਂ ਜਾਪਦਾ ਹੈ ਕਿ ਇਹ ਕਿਤਾਬ 'ਗੁਰਪ੍ਰਤਾਪ ਸੂਰਜ' ਦੇ ਤਿਆਰ ਹੋਣ (1843) ਤੋਂ ਬਾਅਦ ਲਿਖੀ ਗਈ ਹੋਵੇਗੀ।

ਸੰਸਕਾਰ: ਸੰਸਕਾਰ ਦਾ ਮਾਅਨਾ ਹੈ: ਪੂਰਾ ਕਰਨਾ, ਠੀਕ ਕਰਨਾ, ਸ਼ੁੱਧੀ ਕਰਨਾ। ਪਰ ਅਜ ਕਲ੍ਹ ਇਸ ਦਾ ਮਾਅਨਾ ਹੈ: ਉਹ ਕਰਮ ਜੋ ਅਖੌਤੀ-'ਪਿਛਲੇ ਜਨਮ' ਵਿਚੋਂ ਮੌਜੂਦਾ ਜੀਵਨ ਵਿਚ ਆ ਗਏ ਹੋਣ (ਇਹ ਸਿਰਫ਼ ਹਿੰਦੂ ਅਕੀਦਾ ਹੈ, ਸਿੱਖ ਪਿਛਲੇ ਜਨਮ ਨੂੰ ਨਹੀਂ ਮੰਨਦੇ)। ਸਿੱਖ ਧਰਮ ਮੁਤਾਬਿਕ ਇਹ ਜੀਵਨ ਤਾਂ ਰੱਬ ਦੇ ਕਰਮ (ਮਿਹਰ) ਸਦਕਾ ਹੈ।

ਸੰਸਕਾਰ ਦਾ ਇਕ ਮਤਲਬ ਇਹ ਵੀ ਹੈ ਕਿ ਜੋ ਕੁਝ ਮਾਪਿਆਂ ਤੋਂ ਸਿਖਿਆ ਹੋਵੇ। ਹਿੰਦੂ ਧਰਮ ਮੁਤਾਬਿਕ, ਇਸ ਦਾ ਇਕ ਹੋਰ ਮਾਅਨਾ ਵੀ ਹੈ: ਮਨ ਦੀ ਪਵਿੱਤਰਤਾ ਵਾਸਤੇ ਧਾਰਮਿਕ ਰਸਮਾਂ ਨਿਭਾਉਣਾ। ਸਿੱਖ ਫ਼ਲਸਫ਼ੇ ਮੁਤਾਬਿਕ, ਰੱਬ ਵਿਚ ਧਿਆਨ ਜੋੜਨਾ ਹੀ ਇਕੋ-ਇਕ ਸੰਸਕਾਰ ਹੈ। ਸਿੱਖ ਧਰਮ ਕਿਸੇ ਵੀ ਤਰ੍ਹਾਂ ਦੇ ਕਰਮਕਾਂਡ/ਰਸਮਵਾਦ ਨੂੰ ਅਪਣਾਉਣ ਨੂੰ ਰੱਦ ਕਰਦਾ ਹੈ। ਕੁਝ ਲਿਖਾਰੀ ਇਹ ਸਮਝਦੇ ਹਨ ਕਿ ਬੱਚੇ ਦਾ ਨਾਂ ਰੱਖਣਾ, ਵਿਆਹ, ਮੌਤ ਅਤੇ ਖੰਡੇ ਦੀ ਪਾਹੁਲ ਸਿੱਖ ਸੰਸਕਾਰ ਹਨ (ਇਹ ਚਾਰ ਰਸਮਾਂ ਹਨ ਸੰਸਕਾਰ ਨਹੀਂ)। ਕੁਝ ਲੋਕ ਗ਼ਲਤੀ ਨਾਲ ਮੁਰਦਾ ਸਾੜਨ ਨੂੰ ਵੀ 'ਸੰਸਕਾਰ ਕਰਨਾ' ਕਹਿ ਦੇਂਦੇ ਹਨ। ਭਾਵੇਂ ਇਹ 'ਸਸਕਾਰ' ਕਰਨਾ ਹੁੰਦਾ ਹੈ ਪਰ 'ਸਸਕਾਰ' ਲਫ਼ਜ਼ ਵੀ ਤਾਂ 'ਸੰਸਕਾਰ' ਵਿਚੋਂ ਹੀ ਬਣਿਆ ਹੈ।

ਸੰਗਤ: ਸੰਗਤ ਦਾ ਲਫ਼ਜ਼ੀ ਮਾਅਨਾ ਹੈ: ਸੰਗ ਕਰਨਾ, ਇਕੱਠੇ ਹੋ ਕੇ ਕੋਈ ਧਾਰਮਿਕ ਕਾਰਵਾਈ ਕਰਨਾ। ਇਸ ਦੀ ਜੜ੍ਹ ਬੋਧੀ 'ਸੰਘ' (ਜੋ ਪਾਲੀ ਬੋਲੀ ਦਾ ਲਫ਼ਜ਼ ਹੈ) ਵਿਚ ਹੈ ਜਿਸ ਦਾ ਮਾਅਨਾ ਹੈ: ਇਕੱਠੇ ਹੋਣਾ। ਇਕ ਧਾਰਮਿਕ ਇਕੱਠ ਵਿਚ ਬੈਠੇ ਸਿੱਖਾਂ ਨੂੰ ਵੀ ਸੰਗਤ ਕਿਹਾ ਜਾਂਦਾ ਹੈ। ਗੁਰੂ ਸਾਹਿਬ ਦੇ ਸਮੇਂ ਦੌਰਾਨ ਅਨੇਕਾਂ ਹਿੱਸਿਆਂ ਵਿਚ ਸੰਗਤਾਂ ਕਾਇਮ ਕੀਤੀਆਂ ਜਾਂਦੀਆਂ ਸਨ, ਉਸ ਦਾ ਮਾਅਨਾ ਸੀ: ਕਿਸੇ ਇਕ ਇਲਾਕੇ ਦਾ ਸਿੱਖ ਭਾਈਚਾਰਾ। ਧਾਰਮਿਕ ਪੱਖ ਤੋਂ, ਸੰਗਤ ਦਾ ਮਾਅਨਾ ਹੈ: ਪਵਿੱਤਰ, 'ਸਾਊ, ਵਧੀਆ ਲੋਕਾਂ ਦਾ ਸਾਥ। ਸਿੱਖ ਫ਼ਲਸਫ਼ੇ ਮੁਤਾਬਿਕ ਹਰ ਇਕ ਸਿੱਖ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਆਪਣਾ ਵੱਧ ਤੋਂ ਵੱਧ

ਸਮਾਂ ਗੁਰਮੁਖਾਂ, ਸੰਤ (ਸ਼ਾਂਤ, ਸਹਿਜ ਵਾਲੇ) ਤੇ ਭਲੇ ਲੋਕਾਂ ਦੀ ਸੰਗਤ ਵਿਚ ਬਿਤਾਵੇ (ਸੰਤ ਲੋਕਾਂ ਤੋਂ ਭਾਵ ਸਾਧੂ ਜਾਂ ਡੇਰਿਆਂ ਦੇ ਮੁਖੀਆਂ ਤੋਂ ਨਹੀਂ ਹੈ)। ਸੰਗਤ ਲਈ 'ਸਾਧ ਸੰਗਤ' ਲਫ਼ਜ਼ ਵੀ ਵਰਤਿਆ ਜਾਂਦਾ ਹੈ। ਇਕਾਂਤ ਜਗ੍ਹਾ ਤੇ ਧਿਆਨ ਜੋੜਨਾ, ਭੋਰੇ ਵਿੱਚ ਗੁਪਤ ਬੈਠਣਾ ਅਤੇ ਚਾਲੀਹਾ ਕੱਟਣਾ ਵਗ਼ੈਰਾ ਦੀ ਸਿੱਖ ਧਰਮ ਵਿੱਚ ਕੋਈ ਥਾਂ ਨਹੀਂ। ਇਹ ਸਭ ਬ੍ਰਾਹਮਣੀ ਰਸਮਾਂ ਹਨ ਤੇ ਗੁਰਮਤਿ ਦੇ ਉਲਟ ਹਨ। ਸਿੱਖ ਧਰਮ ਮੁਤਾਬਿਕ ਸਭ ਤੋਂ ਚੰਗੀ ਸੰਗਤ ਉੱਥੇ ਹੈ, ਜਿਥੇ ਦੂਜਿਆਂ ਨਾਲ ਮਿਲ ਕੇ ਰੱਬ ਦੀ ਸਿਫ਼ਤ-ਸਲਾਹ ਵਿਚ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਸੰਗਤ ਦਾ ਰੋਲ ਸਿਰਫ਼ ਧਾਰਮਿਕ/ਰੂਹਾਨੀ ਹੀ ਨਹੀਂ ਹੈ, ਇਹ ਇਕ ਨਿੱਘਾ ਭਾਈਚਾਰਾ ਵੀ ਹੈ।

ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ (ਸਫ਼ਾ 72)

ਜੋ ਜਨ ਪਰਮਿਤਿ ਪਰਮਨੁ ਜਾਨਾ॥ ਬਾਤਨ ਹੀ ਬੈਕੁੰਠ ਸਮਾਨਾ॥ ਨਾ ਜਾਨਾ, ਬੈਕੁੰਠੁ ਕਹਾ ਹੀ॥ ਜਾਨੁ ਜਾਨੁ ਸਭਿ ਕਹਹਿ ਤਹਾ ਹੀ॥ ਕਹਨ ਕਹਾਵਨ ਨਹ ਪਤੀਅਈ ਹੈ॥ ਤਉ ਮਨੁ ਮਾਨੈ, ਜਾ ਤੇ ਹਉਮੈ ਜਈ ਹੈ॥ ਜਬ ਲਗੁ ਮਨਿ ਬੈਕੁੰਠ ਕੀ ਆਸ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ॥ ਕਹੁ ਕਬੀਰ ਇਹ ਕਹੀਐ ਕਾਹਿ॥ ***ਸਾਧ ਸੰਗਤਿ ਬੈਕੁੰਠੈ ਆਹਿ॥*** *(ਸਫ਼ਾ 325)*

ਸੰਗਰਾਂਦ: ਲਫ਼ਜ਼ ਸੰਗਰਾਂਦ ਦਾ ਮੁੱਢ ਸੰਸਕ੍ਰਿਤ ਦੇ ਸ਼ਬਦ ਸੰਕ੍ਰਾਂਤੀ ਵਿਚ ਹੈ, ਜਿਸ ਦਾ ਲਫ਼ਜ਼ੀ ਮਾਅਨਾ ਹੈ: ਉਹ ਸਮਾਂ ਜਦੋਂ ਸੂਰਜ ਇਕ ਰਾਸ਼ੀ ਚੱਕਰ ਵਿਚੋਂ ਦੂਜੇ ਵਿਚ ਦਾਖ਼ਿਲ ਹੁੰਦਾ ਹੈ। ਬਿਕਰਮੀ ਕੈਲੰਡਰ ਦੇ ਹਰੇਕ ਮਹੀਨੇ ਦੇ ਪਹਿਲੇ ਦਿਨ ਨੂੰ ਇਸੇ ਨਾਂ ਨਾਲ ਜਾਣਿਆ ਜਾਂਦਾ ਹੈ। ਹਿੰਦੂ ਸੰਗਰਾਂਦ ਨੂੰ ਪਵਿੱਤਰ ਦਿਨ ਮੰਨਦੇ ਹਨ (ਉਹ ਤਾਂ ਕਈ ਦਿਨਾਂ/ਵਾਰਾਂ ਨੂੰ ਪਵਿੱਤਰ ਜਾਂ ਅਪਵਿੱਤਰ ਮੰਨਦੇ ਹਨ, ਜਿਸ ਦਾ ਕੋਈ ਅਧਾਰ ਨਹੀਂ ਹੈ)। ਸਿੱਖ ਧਰਮ ਵਿਚ ਸੰਗਰਾਂਦ ਦੀ ਕੋਈ ਅਹਿਮੀਅਤ ਨਹੀਂ। ਕੁਝ ਨਕਲੀ/ਕੱਚੇ/ਅਧੂਰੇ ਸਿੱਖ ਸੰਗਰਾਂਦ ਦੇ ਦਿਨ ਗੁਰਦੁਆਰਿਆਂ ਵਿਚ ਖ਼ਾਸ ਇਕੱਠ ਕਰਦੇ ਹਨ, ਇਹ ਸ਼ਰੇਆਮ ਸਿੱਖ ਫ਼ਲਸਫ਼ੇ ਦੇ ਉਲਟ ਹੈ। ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕੇਮਟੀ ਦੀ ਧਰਮ ਪ੍ਰਚਾਰ ਕਮੇਟੀ ਨੇ 2003 ਵਿਚ ਇਕ ਸਿੱਖ-ਵਿਰੋਧੀ ਕੈਲੰਡਰ ਨੂੰ ਜਬਰੀ ਲਾਗੂ ਕਰ ਦਿੱਤਾ ਜੋ ਸਿੱਖਾਂ ਨੂੰ ਸਿੱਖ-ਵਿਰੋਧੀ ਦਿਨ ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਪੰਚਮੀ ਮਨਾਉਣ ਬਾਰੇ ਹੀ ਨਹੀਂ ਦੱਸਦਾ ਸਗੋਂ ਸ਼੍ਰੋਮਣੀ ਕਮੇਟੀ ਦੇ ਇੰਤਜ਼ਾਮ ਹੇਠ ਚਲਾਏ ਜਾਂਦੇ ਗੁਰਦੁਆਰਿਆਂ ਵਿਚ ਵੀ ਇਹ ਦਿਨ ਉਚੇਚੇ ਤੌਰ 'ਤੇ ਮਨਾਏ ਜਾਣ ਵਾਸਤੇ ਆਖਦਾ ਹੈ। ਕੌਮ ਦੇ ਅਖੌਤੀ ਵਿਦਵਾਨਾਂ ਵਿਚ ਏਨੀ ਵੀ ਜੁਰਅਤ ਨਹੀਂ ਕਿ ਉਹ ਇਸ ਗ਼ਲਤ ਤੇ ਐਂਟੀ-ਸਿੱਖ ਬ੍ਰਾਹਮਣੀ ਕੈਲੰਡਰ ਦੀ ਮੁਖ਼ਾਲਫ਼ਤ ਕਰ ਸਕਣ। ਹੋਰ ਦੇਖੋ: **ਤਿਉਹਾਰ**

ਸੰਜਮ: ਇਹ ਦੋ ਲਫ਼ਜ਼ਾਂ (ਸਵੈ+ਯਮ:) ਦੇ ਮੇਲ ਤੋਂ ਬਣਿਆ ਹੈ ਜਿਸ ਦਾ ਲਫ਼ਜ਼ੀ ਮਾਅਨਾ ਹੈ: ਆਪਣੇ ਆਪ 'ਤੇ (ਸਵੈ) ਕਾਬੂ ਪਾਉਣਾ (ਯਮ:)। ਸਿੱਖ ਧਰਮ ਮੁਤਾਬਿਕ, ਇਕ ਇਨਸਾਨ ਵਿਚ ਇਕ ਤੰਦਰੁਸਤ ਸ਼ਖ਼ਸੀਅਤ ਦੀ ਕਾਇਮੀ ਵਾਸਤੇ, ਸਵੈ-ਕਾਬੂ ਬਹੁਤ ਜ਼ਰੂਰੀ ਹੈ। ਆਪਣੇ ਆਪ ਨੂੰ ਬਹੁਤ ਜ਼ਿਆਦਾ ਦਬ ਕੇ ਰੱਖਣਾ (ਬੇਹੱਦ ਬੰਦਸ਼) ਅਤੇ ਹੱਦੋਂ ਵਧ ਸੰਤੁਸ਼ਟੀ (ਅੱਯਾਸ਼ੀ ਕਰਨਾ), ਦੋਹਾਂ ਨੂੰ, ਉਲਾਰ ਆਖ ਕੇ, ਸਿੱਖ ਧਰਮ ਵਿਚ ਰੱਦ ਕੀਤਾ ਗਿਆ ਹੈ। ਸਿੱਖ ਨੂੰ ਭੋਜਨ ਖਾਣ ਵੇਲੇ,

ਕਾਮ (ਭੋਗ) ਵਿਚ ਅਤੇ ਹੋਰ ਸਾਰੀਆਂ ਕਾਰਵਾਈਆਂ ਵਿਚ ਸੰਜਮ ਰੱਖਣਾ ਚਾਹੀਦਾ ਹੈ, ਜੋ ਇਕ ਸੱਚੇ ਸਿੱਖ ਦਾ ਮਹਾਨ ਗੁਣ ਹੈ।

ਸੰਤ: ਸੰਤ ਲਫ਼ਜ਼ ਸੰਸਕ੍ਰਿਤ ਦੇ 'ਸ਼ਾਂਤ' ਵਿੱਚੋਂ ਨਿਕਲਿਆ ਹੈ, ਜਿਸ ਦਾ ਮਤਲਬ ਹੈ ਅਸਲ, ਸੱਚ। ਇਸ ਦੇ ਹੋਰ ਮਾਅਨੇ ਹਨ: ਉਹ ਸ਼ਖ਼ਸ ਜੋ ਹਮੇਸ਼ਾ ਸ਼ਾਂਤ, ਹੈ ਜਾਂ ਸਕੂਨ ਵਿਚ ਰਹਿੰਦਾ ਹੈ; ਉਸ ਨੇ ਮਨ ਤੇ ਇੰਦਰੀਆਂ ਨੂੰ ਟਿਕਾਇਆ ਹੋਇਆ ਹੈ।

ਹਿੰਦੂ ਧਰਮ ਵਿਚ 'ਸੰਤ ਸੰਪਰਦਾ' ਵੀ ਹੋਈ ਹੈ। ਇਹ ਸਕੂਲ ਇਕ ਰੱਬ 'ਤੇ ਯਕੀਨ ਰਖਦਾ ਹੈ ਅਤੇ ਸਿੱਧਾ ਉਸ ਦੀ ਭਗਤੀ (ਅਖੌਤੀ ਅਵਤਾਰਾਂ ਰਾਹੀਂ ਨਹੀਂ) ਉੱਤੇ ਜ਼ੋਰ ਦਿੰਦਾ ਹੈ। ਈਸਾਈ ਮੱਤ ਵਿਚ ਵੀ ਸੰਤ-ਡਮ ਦੀ ਇੱਕ ਜਮਾਤ ਵਜੋਂ ਹੋਂਦ ਰਖਦੀ ਹੈ। ਸਿੱਖ ਫ਼ਲਸਫ਼ੇ ਮੁਤਾਬਿਕ, ਸਿਰਫ਼ ਰੱਬ ਹੀ ਸੰਤ ਹੈ। ਅੱਜ ਕੱਲ੍ਹ, ਅਨੇਕਾਂ ਹੀ ਠੱਗ ਕਿਸਮ ਦੇ ਲੋਕ ਆਪਣੇ ਆਪ ਨੂੰ ਸੰਤ/ਬਾਬਾ ਅਖਵਾਉਂਦੇ ਹਨ ਪਰ ਇਨ੍ਹਾਂ ਵਿਚੋਂ ਕੋਈ ਵੀ ਰੂਹਾਨੀ ਜੀਵਨ ਵਾਲਾ ਨਹੀਂ ਲੱਗਦਾ। ਅਜਿਹੇ ਲੋਕ ਤਾਂ ਨਾਸਤਿਕ ਲੋਕਾਂ ਤੋਂ ਵੀ ਜ਼ਿਆਦਾ ਅਧਰਮੀ ਹਨ। ਇਹ ਸਿੱਖ ਕੌਮ ਦਾ ਦੁਖਾਂਤ ਹੈ ਕਿ ਜਾਹਲ, ਬੇਸਮਝ ਅਤੇ ਅਨਪੜ੍ਹ ਲੋਕ ਅਜਿਹੇ ਨਕਲੀ 'ਸੰਤਾਂ' ਦਾ ਗੁਰੂ ਗ੍ਰੰਥ ਸਾਹਿਬ ਤੇ ਗੁਰੂਆਂ ਤੋਂ ਵੀ ਜ਼ਿਆਦਾ ਅਦਬ ਕਰਦੇ ਹਨ। ਉਹ ਲੋਕ, ਜੋ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦਾ ਪ੍ਰਚਾਰ ਕਰਦੇ ਹਨ, ਉਸ ਮੁਤਾਬਿਕ ਆਪਣਾ ਜੀਵਨ ਜਿਊਂਦੇ ਹਨ ਅਤੇ ਹੋਰਨਾਂ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਵਿਚ ਲਿਆਉਂਦੇ ਹਨ, ਅਜਿਹੇ ਅਸਲੀ 'ਸੰਤ' (ਉਹ ਖ਼ੁਦ ਨੂੰ ਨਾ ਤਾਂ 'ਸੰਤ' ਅਖਵਾਉਂਦੇ ਹਨ ਤੇ ਨਾ ਹੀ ਕੋਈ ਦਿਖਾਵਾ ਜਾਂ ਪਖੰਡ ਕਰਦੇ ਹਨ) ਸ਼ਾਇਦ ਹੀ ਮੌਜੂਦ ਹੋਣ। ਗੁਰਬਾਣੀ ਵਿਚ ਇਨ੍ਹਾਂ ਮੌਜੂਦਾ ਅਖੌਤੀ ਸੰਤਾਂ/ਸਾਧਾਂ ਬਾਰੇ ਲਿਖਿਆ ਹੈ:

ਓਇ ਹਰਿ ਕੇ ਸੰਤ ਨਾ ਆਖੀਅਹਿ ਬਾਨਾਰਸ ਕੇ ਠਗ॥ ਸਫ਼ਾ 476)

ਸੰਤੋਖ: ਇਸ ਦਾ ਮਾਅਨਾ ਇਹ ਹੈ ਕਿ ਇਨਸਾਨ ਨੂੰ ਜੋ ਕੁਝ ਵੀ ਹਾਸਿਲ ਹੋਵੇ ਉਸ 'ਤੇ ਤਸੱਲੀ ਰੱਖੇ ਅਤੇ ਖ਼ੁਸ਼ ਰਹੇ। ਸਿੱਖ ਲੱਫ਼ਾਜ਼ੀ ਵਿਚ ਇਸ ਨੂੰ ਸਬਰ ਵੀ ਕਿਹਾ ਜਾਂਦਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਇਨਸਾਨ ਨੂੰ ਰੱਬ ਦੇ ਹੁਕਮ (ਭਾਣੇ) 'ਤੇ ਤਸੱਲੀ ਰੱਖਣੀ ਚਾਹੀਦੀ ਹੈ। ਨਿਮਰਤਾ, ਨਿਰਲੇਪਤਾ, ਸੰਜਮ ਦੀਆਂ ਖ਼ੂਬੀਆਂ ਸਿੱਖ ਦਾ ਬਹੁਤ ਕੀਮਤੀ ਖਜ਼ਾਨਾ ਹੈ। ਸਿੱਖ ਨੂੰ ਆਪਣੀਆਂ ਖ਼ਾਹਿਸ਼ਾਵਾਂ, ਲੋੜਾਂ, ਭੁੱਖ, ਮੋਹ ਵਗ਼ੈਰਾ ਉੱਤੇ ਕਾਬੂ ਰੱਖਣਾ ਚਾਹੀਦਾ ਹੈ। ਉਸ ਨੂੰ ਵੱਧ ਤੋਂ ਵੱਧ ਸਾਦਾ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਕ ਅਸੰਤੁਸ਼ਟ ਮਨੁੱਖ ਲਾਲਚੀ, ਬੇਈਮਾਨ, ਈਰਖਾਲੂ, ਗੁਸੈਲ ਅਤੇ ਨਫ਼ਰਤ ਕਰਨ ਵਾਲਾ ਬਣ ਜਾਂਦਾ ਹੈ। ਜਿਸ ਸਿੱਖ ਵਿਚ ਸਬਰ ਨਹੀਂ ਹੈ ਉਸ ਵਿਚ ਸਿੱਖੀ ਦੀ ਯਕੀਨਨ ਕਮੀ ਹੈ। ਇਸ ਦਾ ਮਾਅਨਾ ਇਹ ਨਹੀਂ ਕਿ ਸਿੱਖ ਨੂੰ ਆਪਣੀ ਜ਼ਿੰਦਗੀ ਬੇਹਤਰ ਬਣਾਉਣ ਵਾਸਤੇ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪਰ ਅਜਿਹਾ ਕਰਦਿਆਂ ਉਸ ਨੂੰ ਗ਼ਲਤ ਤਰੀਕੇ ਨਹੀਂ ਵਰਤਣੇ ਚਾਹੀਦੇ; ਪੱਖਪਾਤੀ ਨਹੀਂ ਹੋਣਾ ਚਾਹੀਦਾ; ਮਨ ਵਿਚ ਈਰਖਾ ਤੇ ਨਫ਼ਰਤ ਨਹੀਂ ਲਿਆਉਣੀ ਚਾਹੀਦੀ। ਸਿੱਖ ਨੂੰ ਆਪਣੀ ਮੰਜ਼ਿਲ ਆਪਣੀ ਮਿਹਨਤ ਅਤੇ ਇਮਾਨਦਾਰੀ ਨਾਲ ਹਾਸਿਲ ਕਰਨੀ ਚਾਹੀਦੀ ਹੈ। ਹੋਰ ਦੇਖੋ: **ਭਾਣਾ, ਚੜ੍ਹਦੀ ਕਲਾ, ਐਥਿਕਸ (ਸਿੱਖ ਇਖ਼ਲਾਕ)**

ਸੰਥਿਆ/ਸੰਥਾ: ਲਫ਼ਜ਼ੀ ਮਾਅਨਾ: ਪਾਠ/ਸਬਕ, ਪਾਠ ਪੜ੍ਹਨਾ/ਯਾਦ ਕਰਨਾ। ਇਹ ਉਸ ਕਿਤਾਬ ਨੂੰ ਵੀ ਕਿਹਾ ਜਾਂਦਾ ਹੈ ਜਿਸ ਵਿਚ ਪਾਠ ਦੇ ਮਾਅਨੇ ਦੱਸੇ ਹੁੰਦੇ ਹਨ ਜਾਂ ਉਸ ਦਾ ਮਕਸਦ ਵੇਰਵੇ ਨਾਲ ਬਿਆਨ (ਵਿਆਖਿਆ) ਕੀਤਾ ਹੁੰਦਾ ਹੈ। ਸਿੱਖ ਪੰਥ ਵਿਚ ਸੰਥਾ ਗੁਰਬਾਣੀ ਦੇ ਸਹੀ ਪੜ੍ਹਨ (ਉਚਾਰਣ) ਨੂੰ ਕਿਹਾ ਜਾਂਦਾ ਹੈ। ਕਈ ਸਿੱਖ ਅਦਾਰੇ/ਜਮਾਤਾਂ ਗੁਰੂ ਗ੍ਰੰਥ ਸਾਹਿਬ ਦਾ 'ਸ਼ੁੱਧ' ਪਾਠ ਸਿਖਾਉਣ ਵਾਸਤੇ ਉਚੇਚੀਆਂ ਵਰਕਸ਼ਾਪ ਲਾਉਂਦੀਆਂ ਹਨ, ਜਿਨ੍ਹਾਂ ਵਿਚ ਬਹੁਤ ਸਾਰੇ ਗ੍ਰੰਥੀ ਤੇ ਵਿਦਵਾਨ ਸ਼ਾਮਿਲ ਹੋਇਆ ਕਰਦੇ ਹਨ।

ਸੰਨਿਆਸ: ਸੰਨਿਆਸ ਦਾ ਲਫ਼ਜ਼ੀ ਮਾਅਨਾ ਹੈ: ਛੱਡਣਾ, ਤਿਆਗ, ਵੈਰਾਗ। ਇਸ ਦਾ ਇਕ ਹੋਰ ਮਾਅਨਾ 'ਰੂਹਾਨੀ ਗਿਆਨ' ਵੀ ਹੈ। ਹਿੰਦੂ ਸਮਾਜ ਵਿਚ ਇਨਸਾਨ ਦੀ ਜ਼ਿੰਦਗੀ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ (ਬਚਪਨ, ਗ੍ਰਹਿਸਤ, ਬਾਨਪ੍ਰਸਤ ਤੇ ਸੰਨਿਆਸ)। ਉਨ੍ਹਾਂ ਮੁਤਾਬਿਕ ਇਹ ਜ਼ਿੰਦਗੀ ਦਾ ਚੌਥਾ ਆਸ਼ਰਮ (ਪੜਾਅ) ਹੈ। ਹਿੰਦੂ ਧਰਮ ਮੁਤਾਬਿਕ, ਇਨਸਾਨ ਨੂੰ ਆਪਣੇ ਗ੍ਰਹਿਸਤੀ ਦੇ ਫ਼ਰਜ਼ ਨਿਭਾਉਣ ਤੋਂ ਬਾਅਦ ਦੁਨੀਆਦਾਰੀ ਤੋਂ ਸੰਨਿਆਸ ਲੈ ਲੈਣਾ (ਛੱਡ ਦੇਣਾ) ਚਾਹੀਦਾ ਹੈ ਅਤੇ ਭਿਖਿਆ ਅਤੇ ਦਾਨ ਉੱਤੇ ਗੁਜ਼ਾਰਾ ਕਰਨਾ ਚਾਹੀਦਾ ਹੈ। ਕੁਝ ਹਿੰਦੂ ਆਪਣੀ ਛੋਟੀ ਉਮਰ ਵਿਚ ਹੀ ਸੰਨਿਆਸ ਲੈ ਲੈਂਦੇ ਹਨ ਅਤੇ ਕੁਝ ਤਾਂ ਵਿਆਹ ਵੀ ਨਹੀਂ ਕਰਾਂਉਦੇ ਹਨ (ਉਨ੍ਹਾਂ ਨੂੰ ਬ੍ਰਹਮਚਾਰੀ ਵੀ ਕਿਹਾ ਜਾਂਦਾ ਹੈ। ਆਮ ਮਾਅਨਿਆਂ ਵਿਚ 'ਸੰਨਿਆਸ' ਦੁਨੀਆਂ ਤਿਆਗਣ ਨੂੰ ਹੀ ਕਿਹਾ ਜਾਂਦਾ ਹੈ। ਸਿੱਖ ਧਰਮ ਦੁਨੀਆਂ ਛੱਡ ਦੇਣ (ਭਾਵੇਂ ਉਹ ਅਖੌਤੀ ਮੁਕਤੀ ਨੂੰ ਹਾਸਿਲ ਕਰਨ ਵਾਸਤੇ ਛੱਡੀ ਹੋਵੇ) ਦੀ ਸੋਚ ਨੂੰ ਰੱਦ ਕਰਦਾ ਹੈ। ਇਕ ਸਿੱਖ ਲਈ ਹਉਮੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਬੇਈਮਾਨੀ, ਗੁੱਸਾ, ਹਉਮੈ ਅਤੇ ਹੋਰ ਬੁਰਾਈਆਂ ਨੂੰ ਛੱਡਣਾ ਹੀ ਅਸਲੀ ਸੰਨਿਆਸ ਹੈ। ਇੱਕ ਸਿੱਖ ਨੂੰ ਦਿਲ ਅਤੇ ਰੂਹ ਤੋਂ ਸੰਨਿਆਸੀ ਬਣਨਾ ਚਾਹੀਦਾ ਹੈ।

> *ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥ ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥ (ਸਫ਼ਾ 992)*

> *ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ॥ ਜੋਗੀ ਕਾਪੜੀਆ ਸਿਰਖੂਥੇ ਬਿਨੁ ਸਬਦੈ ਗਲਿ ਫਾਸੀ॥* ***ਸਬਦਿ ਰਤੇ ਪੂਰੇ ਬੈਰਾਗੀ॥*** *ਅਉਹਠਿ ਹਸਤ ਮਹਿ ਭੀਖਿਆ ਜਾਚੀ ਏਕ ਭਾਇ ਲਿਵ ਲਾਗੀ॥ (ਸਫ਼ਾ 1332)*

> *ਜਾਨਉ ਨਹੀ, ਭਾਵੈ ਕਵਨ ਬਾਤਾ॥ ਮਨ, ਖੋਜਿ ਮਾਰਗੁ॥ ਧਿਆਨੀ ਧਿਆਨੁ ਲਾਵਹਿ॥ ਗਿਆਨੀ ਗਿਆਨੁ ਕਮਾਵਹਿ॥ ਪ੍ਰਭੁ ਕਿਨ ਹੀ ਜਾਤਾ॥ ਭਗਉਤੀ ਰਹਤ ਜੁਗਤਾ॥ ਜੋਗੀ ਕਹਤ ਮੁਕਤਾ॥ ਤਪਸੀ ਤਪਹਿ ਰਾਤਾ॥ ਮੋਨੀ ਮੋਨਿ ਧਾਰੀ॥ ਸਨਿਆਸੀ ਬ੍ਰਹਮਚਾਰੀ॥ ਉਦਾਸੀ ਉਦਾਸਿ ਰਾਤਾ॥ ਭਗਤਿ ਨਵੈ ਪਰਕਾਰਾ॥ ਪੰਡਿਤੁ ਵੇਦੁ ਪੁਕਾਰਾ॥ ਗਿਰਸਤੀ ਗਿਰਸਤਿ ਧਰਮਾਤਾ॥ ਇਕਸਬਦੀ ਬਹੁਰੂਪਿ ਅਵਧੂਤਾ॥ ਕਾਪੜੀ ਕਉਤੇ ਜਾਗੂਤਾ॥ ਇਕਿ ਤੀਰਥਿ ਨਾਤਾ॥ ਨਿਰਹਾਰ ਵਰਤੀ ਆਪਰਸਾ॥ ਇਕਿ ਲੂਕਿ ਨ ਦੇਵਹਿ ਦਰਸਾ॥ ਇਕਿ ਮਨ ਹੀ ਗਿਆਤਾ॥ ਘਾਟਿ ਨ ਕਿਨ ਹੀ ਕਹਾਇਆ॥ ਸਭ ਕਹਤੇ ਹੈ ਪਾਇਆ॥ ਜਿਸੁ ਮੇਲੇ ਸੋ ਭਗਤਾ॥ ਸਗਲ ਉਕਤਿ ਉਪਾਵਾ॥ ਤਿਆਗੀ ਸਰਨਿ ਪਾਵਾ॥ ਨਾਨਕ ਗੁਰ ਚਰਣਿ ਪਰਾਤਾ॥ (ਸਫ਼ਾ 71)*

ਸੰਪਟ ਪਾਠ: ਸੰਪਟ ਪਾਠ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਦਾ ਇਕ ਬ੍ਰਾਹਮਣੀ ਤਰੀਕਾ ਹੈ। ਇਸ ਪਾਠ ਵਿਚ ਇਕ ਖ਼ਾਸ ਤੁਕ ਹਰੇਕ ਸਲੋਕ/ਪਹਿਰੇ ਦਾ ਪਾਠ ਕਰਨ ਤੋਂ ਬਾਅਦ ਪੜ੍ਹੀ ਜਾਂਦੀ ਹੈ। ਇਸ ਤਰ੍ਹਾਂ ਇਹ ਤੁਕ ਹਜ਼ਾਰਾਂ ਵਾਰ ਪੜ੍ਹੀ ਜਾਂਦੀ ਹੈ। ਅਸਲ ਵਿਚ ਇਹ ਗੁਰਬਾਣੀ ਦੀ ਬੇਅਦਬੀ ਹੈ। ਗੁਰਬਾਣੀ ਕੋਈ ਜਾਦੂ-ਮੰਤਰ ਨਹੀਂ; ਅਤੇ ਇਕ ਖ਼ਾਸ ਤੁਕ ਨੂੰ ਲੈ ਕੇ ਵਾਰ-ਵਾਰ ਉਚਾਰਣਾ ਇਸ ਨੂੰ ਮੰਤਰ ਵਾਂਗ ਵਰਤਣ ਦੀ ਸੋਚ ਦੀ ਤਰ੍ਹਾਂ ਹੈ। ਇਸ ਕਰ ਕੇ, ਸੰਪਟ ਪਾਠ ਸਿੱਖ ਫ਼ਲਸਫ਼ੇ ਦੇ ਵਿਰੁੱਧ ਹੈ। ਜੋ ਸਿੱਖ ਬ੍ਰਾਹਮਣੀ ਅਸਰ ਦੇ ਹੇਠ ਹਨ ਉਹ ਅਜਿਹੀਆਂ ਸਿੱਖ-ਵਿਰੋਧੀ ਕਾਰਵਾਈਆਂ ਕਰਦੇ ਹਨ। ਇਸੇ ਤਰ੍ਹਾਂ ਕਿਸੇ ਸ਼ਬਦ ਜਾਂ ਬਾਣੀ ਨੂੰ ਸੰਕਟ ਮੋਚਨ ਸ਼ਬਦ (ਲਫ਼ਜ਼ੀ ਮਾਅਨਾ: ਉਹ ਸ਼ਬਦ ਜੋ ਸੰਕਟ ਪੁੱਟ ਦੇਂਦੇ ਹਨ, ਯਾਨਿ ਕਿ ਮੁਸ਼ਕਿਲਾਂ ਖ਼ਤਮ ਕਰਦੇ ਹਨ) ਕਹਿਣਾ, ਸਮਝਣਾ ਜਾਂ ਅਜਿਹਾ ਸਮਝ ਕੇ ਪੜ੍ਹਨਾ ਵੀ ਗੁਰੂ ਦੀ ਸਿਖਿਆ ਦੇ ਉਲਟ ਹੈ। ਅਜਿਹੇ ਕਰਮ ਕਾਂਡ ਨੂੰ ਸਿੱਖ ਧਰਮ ਵਿਚ ਬ੍ਰਾਹਮਣਾਂ ਨੇ ਵਾੜਿਆ ਹੈ ਤੇ ਕੁਝ ਬੇਸਮਝ ਸਿੱਖ ਉਨ੍ਹਾਂ ਦੇ ਪਿੱਛੇ ਲਗ ਗਏ ਹਨ।

ਸੰਮਤ: ਸੰਮਤ ਦੋ ਲਫ਼ਜ਼ਾਂ 'ਸਮ' (ਬਰਾਬਰ) ਅਤੇ ਵਤਸਰ (ਵਰ੍ਹਾ/ਸਾਲ) ਦਾ ਮੇਲ ਹੈ। ਇਸ ਦਾ ਮਾਅਨਾ ਹੈ: ਬਰਾਬਰ ਦਾ ਸਮਾਂ/ਸਾਲ ਜਾਂ ਬਰਾਬਰ ਦਾ ਸਮਾਂ ਅੱਗੇ ਜਾਣਾ/ਵਰ੍ਹਾ ਬਦਲਣਾ। ਪੰਜਾਬ ਵਿਚ ਇਹ ਲਫ਼ਜ਼ ਬ੍ਰਿਕਰਮੀ ਕੈਲੰਡਰ ਵਾਸਤੇ ਵਰਤਿਆ ਜਾਂਦਾ ਹੈ। ਇਹ ਸੰਮਤ ਰਾਜਾ ਬਿਕਰਮਾਜੀਤ ਦੇ ਵੇਲੇ ਤੋਂ ਸ਼ੁਰੂ ਹੋਇਆ ਸੀ ਇਸੇ ਕਰ ਕੇ ਇਸ ਨੂੰ ਬਿਕਰਮੀ ਸੰਮਤ ਵੀ ਕਹਿੰਦੇ ਹਨ। ਹੋਰ ਦੇਖੋ: **ਬਿਕਰਮੀ, ਕੈਲੰਡਰ, ਨਾਨਕਸ਼ਾਹੀ ਕੈਲੰਡਰ/**

ਸਿੰਘ: ਲਫ਼ਜ਼ੀ ਮਾਅਨਾ: ਸ਼ੇਰ। ਸਿੰਘ ਸਾਰੇ ਮਰਦ ਸਿੱਖਾਂ ਦੇ ਨਾਂ ਦਾ ਅਟੁੱਟ ਹਿੱਸਾ ਹੈ। ਕੋਈ ਵੀ ਸਿੱਖ ਮਰਦ ਜਿਸ ਦੇ ਨਾਂ ਵਿਚ 'ਸਿੰਘ' ਲਫ਼ਜ਼ ਸ਼ਾਮਿਲ ਨਹੀਂ ਉਹ ਆਪਣੇ ਆਪ ਦੇ ਸਿੱਖ ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਸਿੰਘ ਇਕ ਸਿੱਖ ਦੇ ਨਾਂ ਦਾ ਪਿਛੇਤਰ ਨਹੀਂ ਬਲਕਿ ਇਹ ਹਰ ਇਕ ਸਿੱਖ ਮਰਦ ਦੇ ਨਾਂ ਦਾ ਅਟੁੱਟ ਹਿੱਸਾ ਹੈ। ਜਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ ਸੀ ਤਾਂ ਉਨ੍ਹਾਂ ਨੇ ਸਾਰੇ ਸਿੱਖ ਮਰਦਾਂ ਨੂੰ ਆਪਣੇ ਨਾਂ ਦੇ ਨਾਲ (ਪਿੱਛੇ ਨਹੀਂ) ਸਿੰਘ ਲਾਜ਼ਮੀ ਤੌਰ 'ਤੇ ਲਾਉਣ ਦਾ ਹੁਕਮ ਦਿੱਤਾ ਸੀ। 'ਸਿੰਘ' ਲਫ਼ਜ਼ ਸਿੱਖ ਕੌਮ ਦੀ ਇੱਕਜੁੱਟਤਾ ਨੂੰ ਦਰਸਾਉਂਦਾ ਹੈ ਤੇ ਸਿੱਖ ਦੀ ਲਾਸਾਨੀ ਪਛਾਣ ਬਣਾਉਂਦਾ ਹੈ। ਹੋਰ ਵੇਖੋ: **ਕੌਰ**।

ਸਿੰਘ ਸਾਹਿਬ:- ਲਫ਼ਜ਼ੀ ਮਾਅਨਾ: ਸਿੰਘਾਂ ਦਾ ਸਾਹਿਬ (ਮਾਲਕ)। ਸਿੱਖ ਤਵਾਰੀਖ਼ ਵਿਚ ਇਹ ਲਫ਼ਜ਼ ਸਿਰਫ਼ ਗੁਰੂ ਗੋਬਿੰਦ ਸਿੰਘ ਸਾਹਿਬ ਲਈ ਵਰਤਿਆ ਗਿਆ ਸੀ। ਇਹ ਕਿਸੇ ਹੋਰ ਸ਼ਖ਼ਸ ਵਾਸਤੇ ਨਹੀਂ ਵਰਤਿਆ ਜਾ ਸਕਦਾ, ਕਿਉਂਕਿ ਕੋਈ ਹੋਰ ਦੂਜਾ ਸਿੰਘਾਂ ਦਾ ਮਾਲਕ ਨਹੀਂ ਹੋ ਸਕਦਾ। ਉਂਵ ਵੀ ਕਿਸੇ ਵੀ ਸਿੱਖ ਨੇ 1820-25 ਤਕ ਇਹ ਲਫ਼ਜ਼ ਆਪਣੇ ਵਾਸਤੇ ਨਹੀਂ ਵਰਤਿਆ ਸੀ। ਇਸ ਦੀ ਸਭ ਤੋਂ ਪਹਿਲੀ (ਗ਼ਲਤ) ਵਰਤੋਂ (ਮਹਾਰਾਜਾ) ਰਣਜੀਤ ਸਿੰਘ ਨੇ ਕੀਤੀ ਸੀ ਜੋ ਆਪਣੇ ਆਪ ਨੂੰ 'ਸਿੰਘ ਸਾਹਿਬ' ਅਖਵਾਉਣਾ ਪਸੰਦ ਕਰਦਾ ਸੀ (ਹਾਲਾਂ ਕਿ ਅਕਾਲੀ ਫੂਲਾ ਸਿੰਘ ਦੇ ਨਾਂ ਨਾਲ ਕਦੇ 'ਸਿੰਘ ਸਾਹਿਬ' ਨਹੀਂ ਸੀ ਲਾਇਆ ਗਿਆ)। ਵੀਹਵੀਂ

ਸਦੀ ਦੇ ਅਖੀਰ ਵਿਚ, ਗੁਰਦੁਆਰਿਆਂ ਦੇ ਹੈੱਡ ਗ੍ਰੰਥੀ ਅਤੇ ਤਖ਼ਤ ਸਾਹਿਬ ਦੇ ਸੇਵਾਦਾਰਾਂ (ਅਖੌਤੀ ਜਥੇਦਾਰ) ਵੀ ਆਪਣੇ ਆਪ ਨੂੰ 'ਸਿੰਘ ਸਾਹਿਬ' ਅਖਵਾਉਣ ਲਗ ਪਏ ਸਨ, ਜੋ ਕਿ ਗਲਤ ਹੈ। ਅਜਿਹਾ ਕਰਨਾ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਰਾਬਰ ਕਹਿਣਾ ਹੈ। ਪਰ ਬੇਸਮਝ ਸਿੱਖ ਚੋਧਰੀਆਂ, ਜਿਨ੍ਹਾਂ ਨੂੰ ਗ਼ਲਤ ਗੱਲਾਂ ਕਰਨ ਦਾ ਸ਼ੌਕ ਹੈ, ਉਹ 'ਸਿੰਘ ਸਾਹਿਬ' ਲ਼ਫ਼ਜ਼ ਦੀ ਨਾਜਾਇਜ਼ ਤੇ ਗ਼ਲਤ ਵਰਤੋਂ ਕਰਦੇ ਹਨ ਤੇ ਅਣਜਾਣ ਲੋਕ, ਤੇ ਕੁਝ ਅਧਪੜ੍ਹ ਲੋਕ ਵੀ, ਉਨ੍ਹਾਂ ਤੋਂ ਸੁਣ ਕੇ ਇਸ ਖ਼ਿਤਾਬ/ਸਨਮਾਨ ਨੂੰ ਅਸਲ ਮੰਨ ਲੈਂਦੇ ਹਨ। ਹੋਰ ਵੇਖੋ: **ਜਥੇਦਾਰ** 148

ਸ੍ਰੀ ਸਾਹਿਬ ਜੀ ਸਹਾਇ: 'ਸ੍ਰੀ ਸਾਹਿਬ ਜੀ' ਦਾ ਲਫ਼ਜ਼ੀ ਮਾਅਨਾ ਹੈ: "ਸਭ ਤੋਂ ਵੱਡਾ ਮਾਲਕ", ਯਾਨਿ ਰੱਬ। ਸ੍ਰੀ ਦਾ ਮਾਅਨਾ ਹੈ ਸਭ ਤੋਂ ਵੱਡਾ ਅਤੇ 'ਸਹਾਇ' ਦਾ ਮਾਅਨਾ ਹੈ: ਰੱਖਿਆ ਕਰਨ ਵਾਲਾ। ਸਿੱਖ ਧਰਮ ਵਿਚ ਇਹ ਲਫ਼ਜ਼ ਕ੍ਰਿਪਾਨ ਲਈ ਵੀ ਵਰਤਿਆ ਜਾਂਦਾ ਹੈ। ਇਹ ਨਾਂ ਕ੍ਰਿਪਾਨ ਨੂੰ ਇਸ ਕਰ ਕੇ ਦਿੱਤਾ ਗਿਆ ਹੈ ਕਿਉਂਕਿ ਇਹ (ਕ੍ਰਿਪਾਨ) ਪੰਥ ਦੀ ਰੱਖਿਅਕ ਮੰਨੀ ਜਾਂਦੀ ਹੈ। ਇਸ ਦਾ ਇਕ ਹੋਰ ਮਾਅਨਾ ਵੀ ਹੈ ਕਿ "ਹੇ ਵਾਹਿਗੁਰੂ ਸਿੱਖ ਕੌਮ ਹਮੇਸ਼ਾ ਦੀ 'ਸ੍ਰੀ ਸਾਹਿਬ (ਵਾਹਿਗੁਰੂ ਦੀ ਕ੍ਰਿਪਾਨ)' ਨਾਲ ਰੱਖਿਆ ਕਰੇ।" ਇਹ ਸਿੱਖਾਂ ਦੀ ਕੌਮੀ ਅਰਦਾਸ ਦਾ ਹਿੱਸਾ ਹੈ, ਜੋ ਸਿੱਖ ਦਿਨ ਵਿਚ ਦੋ ਵਾਰ ਕਰਦੇ ਹਨ। ਹੋਰ ਵੇਖੋ: ਸ੍ਰੀ, ਸਿਰੀ।

ਸ਼

ਸ਼ਸਤਰ: ਲਫ਼ਜ਼ੀ ਮਾਅਨਾ: ਹਥਿਆਰ। ਸਿੱਖ ਧਰਮ ਵਿਚ, ਬਚਾਉ ਲਈ (ਜਦੋਂ ਬਾਕੀ ਸਾਰੇ ਵਸੀਲੇ ਖਤਮ ਹੋ ਜਾਣ) ਹਥਿਆਰ ਦੀ ਵਰਤੋਂ ਕਰਨਾ ਜਾਇਜ਼ ਹੈ। ਸਿੱਖ ਧਰਮ ਵਿਚ, ਸ਼ਸਤਰ ਦਾ ਮਾਅਨਾ ਅਸਲੀ ਹਥਿਆਰ ਹੈ ਨਾ ਕਿ ਸਿਰਫ਼ ਕਿਰਪਾਨ। ਸਿੱਖ, ਮੌਕੇ ਮੁਤਾਬਿਕ, ਕੋਈ ਵੀ ਹਥਿਆਰ ਵਰਤ ਸਕਦਾ ਹੈ। ਪਰ ਸਿੱਖ ਫ਼ਲਸਫ਼ੇ ਮੁਤਾਬਿਕ ਸ਼ਸਤਰਾਂ ਦੀ ਵਰਤੋਂ ਸਿਰਫ਼ ਹਿਫ਼ਾਜ਼ਤ ਵਾਸਤੇ ਕੀਤੀ ਜਾ ਸਕਦਾ ਹੈ ਨਾ ਕਿ ਜੁਰਮ/ਹਮਲਾ/ਧੱਕਾ/ਪਾਪ ਕਰਨ ਵਾਸਤੇ।

ਹੋਰ ਦੇਖੋ: ਅਹਿੰਸਾ/ਹਿੰਸਾ, ਧਰਮ ਯੁੱਧ, ਕਕਾਰ, ਕ੍ਰਿਪਾਨ, ਅਮਨਪ੍ਰਸਤੀ।

ਸ਼ਸਤਰ ਨਾਮ ਮਾਲਾ: ਇਹ ਇਕ ਕਿਤਾਬ ਦਾ ਨਾਂ ਹੈ, ਜੋ ਬਚਿਤਰ ਨਾਟਕ (ਅਖੌਤੀ ਦਸਮ ਗ੍ਰੰਥ) ਦਾ ਹਿੱਸਾ ਹੈ। ਇਸ ਕਿਤਾਬ ਵਿਚ ਬਹੁਤ ਸਾਰੇ ਹਥਿਆਰਾਂ ਦੇ ਨਾਂ ਦਰਜ ਹਨ। ਇਸ ਪੱਖੋਂ ਇਹ ਇਕ ਕੀਮਤੀ ਖ਼ਜ਼ਾਨਾ ਹੈ। ਇਨ੍ਹਾਂ ਵਿਚੋਂ ਬਹੁਤੇ ਹਥਿਆਰ ਨਾ ਹੀ ਵਰਤੋਂ ਵਿਚ ਆਉਂਦੇ ਹਨ ਨਾ ਹੀ ਹੁਣ ਉਹ ਹਥਿਆਰ ਲਭਦੇ ਹਨ। ਕੁਝ ਲਿਖਾਰੀ ਇਸ ਕਿਤਾਬ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਵੀ ਜੋੜਦੇ ਹਨ, ਜੋ ਕਿ ਸਹੀ ਨਹੀਂ ਹੈ।

ਸ਼ਹੀਦ: ਸ਼ਹੀਦ ਲਫ਼ਜ਼, '**ਸ਼ਾਹਦੀ**' ਤੋਂ ਬਣਿਆ ਹੈ, ਜਿਸ ਦਾ ਲਫ਼ਜ਼ੀ ਮਾਅਨਾ ਹੈ: ਉਹ, ਜੋ (ਅਕੀਦੇ ਲਈ ਕੁਰਬਾਨੀ ਦਾ) ਸਬੂਤ/ਮਿਸਾਲ/ਗਵਾਹੀ ਹੋਵੇ। ਦੂਜੇ ਲਫ਼ਜ਼ਾਂ ਵਿਚ, ਸ਼ਹੀਦ ਉਹ ਹੁੰਦਾ ਹੈ ਜਿਸ ਨੂੰ ਧਰਮ ਵਾਸਤੇ ਕੁਰਬਾਨੀ ਦੇਣ ਦੀ ਮਿਸਾਲ ਵਜੋਂ ਪੇਸ਼ ਕੀਤਾ ਜਾਂਦਾ ਹੈ। ਯਾਨਿ, **ਸ਼ਹੀਦ** ਉਹ ਸ਼ਖ਼ਸ ਹੁੰਦਾ ਹੈ, ਜੋ ਧਰਮ ਜਾਂ ਅਕੀਦੇ ਵਾਸਤੇ ਆਪਣੀ ਜਾਨ ਵਾਰ ਦੇਂਦਾ ਹੈ। ਜੋ ਲੋਕ ਆਪਣੀ ਪਛਾਣ ਅਤੇ ਹੋਂਦ

ਨੂੰ ਬਚਾਉਣ ਖ਼ਾਤਿਰ, ਜੱਦੋਜਹਿਦ ਦੌਰਾਨ, ਮਾਰੇ ਜਾਂਦੇ ਹਨ, ਉਹ ਵੀ ਸ਼ਹੀਦ ਹੁੰਦੇ ਹਨ। ਸਿੱਖ ਕੌਮ ਉਨ੍ਹਾਂ ਕੌਮਾਂ ਵਿਚੋਂ ਇੱਕ ਹੈ, ਜਿਨ੍ਹਾਂ ਉੱਤੇ ਪੂਰੀ ਦੁਨੀਆਂ ਭਰ ਦੀ ਤਵਾਰੀਖ਼ ਵਿਚ ਸਭ ਤੋਂ ਜ਼ਿਆਦਾ ਜ਼ੁਲਮ ਕੀਤਾ ਗਿਆ ਹੈ (ਸ਼ਇਦ ਯਹੂਦੀਆਂ ਦੇ ਬਰਾਬਰ ਜਾਂ ਦੂਜੇ ਨੰਬਰ 'ਤੇ)। ਸਿੱਖਾਂ ਦੀਆਂ ਸ਼ਹੀਦੀਆਂ ਤੇ ਯਹੂਦੀਆਂ ਦੇ ਕਤਲੇਆਮ ਵਿਚ ਫ਼ਰਕ ਹੈ। ਯਹੂਦੀਆਂ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਜਾਂਦਾ ਸੀ। ਉਨ੍ਹਾਂ ਕੋਲ ਜਾਣ ਬਚਾਉਣ ਦਾ ਕੋਈ ਬਦਲ ਨਹੀਂ ਸੀ। ਸਿੱਖਾਂ ਨੂੰ ਜ਼ਿੰਦਗੀ ਅਤੇ ਧਰਮ ਵਿਚੋਂ ਇਕ ਚੁਣਨ ਲਈ ਕਿਹਾ ਜਾਂਦਾ ਸੀ ਅਤੇ ਸਾਰੇ ਸਿੱਖ ਮਰਦ, ਔਰਤਾਂ ਅਤੇ ਬੱਚੇ ਜ਼ਿੰਦਗੀ ਦੇ ਮੁਕਾਬਲੇ ਵਿਚ ਧਰਮ ਦੀ ਚੋਣ ਕਰਿਆ ਕਰਦੇ ਸਨ। ਦਸ ਗੁਰੂਆਂ ਵਿਚੋਂ ਤਿੰਨ ਗੁਰੂ ਸਾਹਿਬਾਨ (ਗੁਰੂ ਅਰਜਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸਾਹਿਬ) ਵੀ ਸ਼ਹੀਦ ਹੋਏ ਸਨ। 1606 ਤੋਂ 2008 ਤੱਕ ਲੱਖਾਂ ਸਿੱਖਾਂ ਨੇ ਆਪਣੇ ਧਰਮ ਲਈ ਜਾਨਾਂ ਵਾਰੀਆਂ ਕੀਤੀਆਂ ਹਨ। ਸਿੱਖਾਂ ਉੱਤੇ ਦੁਨੀਆਂ ਭਰ ਦੇ ਸਭ ਤੋਂ ਵਧ ਵਹਿਸ਼ੀ ਤਰੀਕੇ ਨਾਲ ਜ਼ੁਲਮ ਕੀਤੇ ਗਏ ਹਨ। ਬਹਾਦਰ ਸ਼ਾਹ, ਮੁਹੰਮਦ ਅਮੀਨ ਖ਼ਾਨ, ਫ਼ਾਰੂਖ਼ਸੀਅਰ, ਅਬਦੁਸ ਸਮਦ ਖ਼ਾਨ, ਜ਼ਕਰੀਆ ਖ਼ਾਨ, ਯਾਹੀਆ ਖ਼ਾਨ, ਲਖਪਤ ਰਾਇ, ਮੀਰ ਮੰਨੂ (ਮੁਇਨ-ਉਲ-ਮੁਲਿਕ), ਅਹਿਮਦ ਸ਼ਾਹ ਦੁੱਰਾਨੀ, ਤੈਮੂਰ, ਅਦੀਨਾ ਬੇਗ਼, ਲਾਰਡ ਡਲਹੌਜ਼ੀ, ਮਹੰਤ ਨਰੈਣੂ, ਬੀਟੀ, ਵਿਲਸਨ ਜਾਹਨਸਟਨ, ਪ੍ਰਤਾਪ ਸਿੰਘ ਕੈਰੋਂ, ਇੰਦਰਾ ਗਾਂਧੀ, ਰਾਜੀਵ ਗਾਂਧੀ, ਸੁਰਜੀਤ ਬਰਨਾਲਾ, ਰਬੈਰੋ, ਗਵਰਨਰ ਸੁਰਿੰਦਰ ਨਾਥ, ਬੇਅੰਤ ਸਿੰਹ, ਕੇ.ਪੀ. ਗਿੱਲ, ਸੁਮੇਧ ਸੈਣੀ, ਇਜ਼ਹਾਰ ਆਲਮ, ਸਵਰਨ ਘੋਟਨਾ, ਅਜੀਤ ਸੰਧੂ ਵਗ਼ੈਰਾ ਦੇ ਹੁਕਮਾਂ ਨਾਲ ਲੱਖਾਂ ਸਿੱਖਾਂ ਨੂੰ ਸ਼ਹੀਦ ਕੀਤਾ ਜਾ ਚੁਕਾ ਹੈ।

ਸ਼ਹੀਦ ਬਿਲਾਸ: ਇਕ ਕਿਤਾਬ, ਜੋ ਭਾਈ ਸੇਵਾ ਸਿੰਘ ਭੱਟ ਨੇ 1803 ਵਿਚ ਲਿਖੀ ਸੀ। ਇਸ ਵਿਚ ਭਾਈ ਮਨੀ ਸਿੰਘ, ਉਸ ਦੇ ਬਜ਼ੁਰਗਾਂ ਅਤੇ ਵਾਰਿਸਾਂ ਦਾ ਕੁਰਸੀਨਾਮਾ ਅਤੇ ਜੀਵਨੀਆਂ ਹਨ। ਇਹ ਕਿਤਾਬ ਭਾਈ ਮਨੀ ਸਿੰਘ ਦੇ ਪਰਿਵਾਰ ਦੀ ਸਿੱਖ ਕੌਮ ਲਈ ਕੀਤੀ ਗਈ ਸੇਵਾ ਅਤੇ ਕੁਰਬਾਨੀਆਂ ਬਾਰੇ ਦਰਸਾਉਂਦੀ ਹੈ। ਇਸ ਪਰਮਾਰ-ਰਾਜਪੂਤ ਪਰਿਵਾਰ ਦਾ ਇਕ ਮੁਖੀ ਮੂਲਾ (ਰਾਓ ਦਾ ਪੁੱਤਰ ਅਤੇ ਚਾਹੜ ਦਾ ਪੋਤਰਾ), ਜੋ ਕਿ ਰਿਆਸਤ ਮੁਲਤਾਨ ਦੇ ਪਿੰਡ ਅਲੀਪੁਰ (ਜ਼ਿਲ੍ਹਾ ਮੁਜ਼ੱਫ਼ਰਗੜ੍ਹ, ਪਾਕਿਸਤਾਨ) ਦਾ ਵਾਸੀ ਸੀ, ਗੁਰੂ ਅਰਜਨ ਸਾਹਿਬ ਦੇ ਸਮੇਂ ਸਭ ਤੋਂ ਪਹਿਲਾਂ ਸਿੱਖ ਧਰਮ ਵਿਚ ਸ਼ਾਮਿਲ ਹੋਇਆ ਸੀ। ਇਹ ਪ੍ਰਵਾਰ ਸੰਨ 1200 ਤਕ ਧਾਨ ਦੇਸ਼ (ਹੁਣ ਮੱਧ ਪ੍ਰਦੇਸ਼ ਦਾ ਸੈਂਟਰ) ਵਿਚ ਹਕੂਮਤ ਕਰਦਾ ਰਿਹਾ ਸੀ। ਇਸ ਮਗਰੋਂ ਇਹ ਨਾਹਨ ਦੇ ਇਲਾਕੇ ਵਿਚ ਤੇ ਫਿਰ ਮੁਲਤਾਨ ਸੂਬੇ ਵਿਚ ਅਲੀਪੁਰ ਵਿਚ ਜਾ ਕੇ ਰਹਿਣ ਲਗ ਪਏ ਸਨ। ਭਾਈ ਨਾਨੂ (ਮੂਲਾ ਦਾ ਪੁੱਤਰ) ਇਸ ਪਰਿਵਾਰ ਦਾ ਪਹਿਲਾ ਸ਼ਹੀਦ ਹੈ, ਜਿਸ ਨੇ 3 ਅਕਤੂਬਰ 1621 ਦੇ ਦਿਨ ਰੁਹੀਲਾ ਦੀ ਜੰਗ ਵਿਚ ਸ਼ਹੀਦੀ ਦਿੱਤੀ ਸੀ। ਭਾਈ ਨਾਨੂ ਦੇ ਭਰਾ ਬੱਲੂ ਨੇ 13 ਅਪ੍ਰੈਲ 1634 ਦੇ ਦਿਨ, ਅੰਮ੍ਰਿਤਸਰ ਦੀ ਜੰਗ ਵਿਚ ਸ਼ਹੀਦੀ ਹਾਸਿਲ ਕੀਤੀ ਸੀ। ਭਾਈ ਮਾਈ ਦਾਸ (ਭਾਈ ਮਨੀ ਸਿੰਘ ਦੇ ਪਿਤਾ) ਭਾਈ ਬੱਲੂ ਦੇ ਪੁੱਤਰ ਸਨ। 1716 ਤਕ ਇਸ ਪਰਿਵਾਰ ਦੇ 50 ਤੋਂ ਵੱਧ ਮੈਂਬਰਾਂ ਨੇ ਸਿੱਖ ਕੌਮ ਵਾਸਤੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ।

'ਸ਼ਹੀਦ ਬਿਲਾਸ' ਕਿਤਾਬ ਨੂੰ ਗਿਆਨੀ ਗਰਜਾ ਸਿੰਘ ਨੇ 1961 ਵਿਚ ਸੰਪਾਦਨ ਕਰ ਕੇ ਛਪਵਾਇਆ ਸੀ।

ਸ਼ਬਦ/ਸ਼ਬਦ ਗੁਰੂ: ਸ਼ਬਦ ਦੀ ਜੜ੍ਹ 'ਸਬਦ' ਵਿਚ ਹੈ ਜਿਸ ਦਾ ਮਾਅਨਾ ਹੁੰਦਾ ਹੈ: ਆਵਾਜ਼, ਬੋਲ, ਖੜਕ। ਸ਼ਬਦ ਲਫ਼ਜ਼ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਾਸਤੇ ਵੀ ਵਰਤਿਆ ਜਾਂਦਾ ਹੈ। ਯਾਨਿ, ਸਿੱਖ ਫ਼ਲਸਫ਼ੇ ਵਿਚ 'ਸ਼ਬਦ' ਦਾ ਮਾਅਨਾ 'ਗੁਰੂ ਦੀ ਆਵਾਜ਼/ਬੋਲ/ਸਿਖਿਆ' ਹੈ।

ਸਿੱਖ ਫ਼ਲਸਫ਼ੇ ਵਿਚ ਗੁਰੂ, ਸਤਿਗੁਰੂ ਅਤੇ ਵਾਹਿਗੁਰੂ ਲਫ਼ਜ਼ ਰੱਬ ਵਾਸਤੇ ਵਰਤੇ ਗਏ ਹਨ। ਗੁਰੂ ਤੇ ਸਤਿਗੁਰੂ ਲਫ਼ਜ਼ ਦਸਾਂ ਪਾਤਿਸ਼ਾਹੀਆਂ ਅਤੇ ਗੁਰੂ ਗ੍ਰੰਥ ਸਾਹਿਬ ਵਾਸਤੇ ਵੀ ਵਰਤੇ ਗਏ ਹਨ। ਸਿੱਖ ਨੂੰ ਸਿਰਫ਼ ਅਕਾਲ (ਵਾਹਿਗੁਰੂ) ਦੀ 'ਪੂਜਾ' ਕਰਨ ਦੀ ਹੀ ਇਜਾਜ਼ਤ ਹੈ ਤੇ ਵਾਹਿਗੁਰੂ ਦੇ ਦਰਸ਼ਨ 'ਸ਼ਬਦ' (ਗੁਰੂ ਗ੍ਰੰਥ ਸਾਹਿਬ ਦੀ ਬਾਣੀ) ਵਿਚੋਂ ਹੁੰਦੇ ਹਨ। ਸਿੱਖ ਧਰਮ ਵਿਚ ਗੁਰੂ ਸਾਹਿਬਾਨ (ਦਸ ਗੁਰੂ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ) ਦੀ ਪੂਜਾ ਨਹੀਂ ਹੁੰਦੀ ਬਲਕਿ ਉਨ੍ਹਾਂ ਦਾ ਅਦਬ ਤੇ ਇੱਜ਼ਤ ਕੀਤੀ ਜਾਂਦੀ ਹੈ ਤੇ ਉਨ੍ਹਾਂ ਦੀ ਸਿਖਿਆ ਨੂੰ ਮਨ ਵਿਚ ਵਸਾਇਆ ਜਾਂਦਾ ਹੈ। ਅਕਾਲ ਦੀ ਪੂਜਾ ਦਾ ਮਾਅਨਾ ਵੀ, ਗੁਰੂ ਗ੍ਰੰਥ ਸਾਹਿਬ ਨੂੰ ਸਿਰਫ਼ ਮੱਥਾ ਟੇਕਣਾ, ਉਸ ਦੀ ਰਸਮੀ ਆਰਤੀ ਕਰਨਾ/ਪੜ੍ਹਨਾ ਜਾਂ ਕੋਈ ਹੋਰ ਕਰਮ-ਕਾਂਡ ਕਰਨਾ ਨਹੀਂ ਬਲਕਿ ਉਸ ਦੇ 'ਸ਼ਬਦ' ਨੂੰ ਮਨ ਵਿਚ ਵਸਾਉਣਾ ਤੇ ਉਸ ਮੁਤਾਬਿਕ ਜ਼ਿੰਦਗੀ ਜਿਊਣਾ ਹੈ।

6 ਅਕਤੂਬਰ 1708 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪ ਕੇ 'ਸ਼ਬਦ ਗੁਰੂ' ਦਾ ਫ਼ਲਸਫ਼ਾ ਇਸ ਸਦੀਵੀ ਗ੍ਰੰਥ ਵਿਚ ਮੂਰਤੀਮਾਨ ਕਰ ਦਿੱਤਾ ਸੀ। ਪਰ ਇਸ ਦਾ ਮਤਲਬ ਇਹ ਨਹੀਂ ਕਿ ਸਿੱਖ ਧਰਮ ਵਿੱਚ ਗੁਰੂ ਗ੍ਰੰਥ ਸਾਹਿਬ ਸਿਰਫ਼ 6 ਅਕਤੂਬਰ 1708 ਦੇ ਦਿਨ ਸ਼ਬਦ ਗੁਰੂ ਵਜੋਂ ਕਾਇਮ ਹੋਇਆ ਸੀ। ਗੁਰੂ ਨਾਨਕ ਸਾਹਿਬ ਨੇ ਵੀ ਇਹ ਐਲਾਨ ਕੀਤਾ ਸੀ ਕਿ ਇਹ ਮੇਰਾ ਗੁਰੂ ਵੀ ਸ਼ਬਦ ਹੈ:

> ***ਸਬਦੁ ਗੁਰ ਪੀਰਾ*** *ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ॥ (ਸਫ਼ਾ 635)*

> *ਪਵਨ ਅਰੰਭੁ, ਸਤਿਗੁਰ ਮਤਿ ਵੇਲਾ॥* ***ਸਬਦੁ ਗੁਰੂ, ਸੁਰਤਿ ਧੁਨਿ ਚੇਲਾ॥*** *ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥ ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥ (ਸਫ਼ਾ 943)*

ਗੁਰੂ ਰਾਮਦਾਸ ਸਾਹਿਬ ਨੇ ਵੀ ਕਿਹਾ ਹੈ ਕਿ ਸ਼ਬਦ (ਬਾਣੀ) ਗੁਰੂ ਹੈ ਅਤੇ ਗੁਰੂ (ਦੀਆਂ ਸਿੱਖਿਆਵਾਂ) ਸ਼ਬਦ ਹਨ:

> ***ਬਾਣੀ ਗੁਰੂ ਗੁਰੂ ਹੈ ਬਾਣੀ*** *ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (ਸਫ਼ਾ 982)*

> *ਕਨਿਕ ਕਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ॥ ਨਾਮ ਬਿਨਾ ਸਭਿ ਫੀਕ ਫਿਕਾਨੇ ਜਨਮਿ ਮਰੈ ਫਿਰਿ ਆਵੈਗੋ॥ ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ॥ ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ॥*

ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ॥ ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ॥ ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥ ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ॥ (ਸਫ਼ਾ 1308)

ਸਿੱਖ ਫ਼ਲਸਫ਼ੇ ਵਿਚ ਗੁਰੂ ਸਾਹਿਬ, ਜਿਨ੍ਹਾਂ ਰਾਹੀਂ ਰੱਬ ਨੇ 'ਸ਼ਬਦ' ਦਿੱਤਾ ਹੈ, ਉਨ੍ਹਾਂ ਦੀ ਇੱਜ਼ਤ ਕੀਤੀ ਜਾਣੀ ਲਾਜ਼ਮੀ ਹੈ, ਪਰ ਇਹ ਸਿਰਫ਼ ਸ਼ਬਦ ਹੀ ਹੈ ਜਿਸ ਤੋਂ ਅਗਵਾਈ ਲੈਣੀ ਹੈ।

ਬਾਰ ਬਾਰ ਹਰਿ ਕੇ ਗੁਨ ਗਾਵਉ॥ ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ॥ (ਸਫ਼ਾ 344)

ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥ ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ॥ ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ॥ ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥ (ਸਫ਼ਾ 456)

ਗੁਰਬਾਣੀ ਤਾਂ ਇਹ ਵੀ ਦਸਦੀ ਹੈ ਕਿ ਇਨਸਾਨ ਦੇ ਅੰਦਰ ਅੰਮ੍ਰਿਤ ਦਾ ਖੂਹ ਹੈ ਜਿਸ ਵਿਚੋਂ ਅੰਮ੍ਰਿਤ ਨੂੰ ਕੱਢ ਕੇ ਪਿਆਸ ਬੁਝਾਈ ਜਾ ਸਕਦੀ ਹੈ:

***ਅੰਤਰਿ ਖੂਹਟਾ ਅੰਮ੍ਰਿਤ ਭਰਿਆ,** ਸਬਦੇ ਕਾਢਿ ਪੀਐ ਪਨਿਹਾਰੀ॥ (ਸਫ਼ਾ 570)*

***ਨਾਮ ਇਸਨਾਨੁ ਕਰਹਿ, ਸੇ ਜਨ ਨਿਰਮਲ, ਸਬਦੇ ਮੈਲੁ ਗਵਾਈ॥** (ਸਫ਼ਾ 909)*

ਸ਼ਬਦ ਹਜਾਰੇ:- ਸ਼ਬਦ ਹਜਾਰੇ ਨਾਂ ਗੁਰੂ ਅਰਜਨ ਸਾਹਿਬ ਦੁਆਰਾ ਲਿਖੇ ਚਾਰ ਸ਼ਬਦਾਂ ਨੂੰ ਦਿੱਤਾ ਗਿਆ ਹੈ। ਏਥੇ 'ਹਜਾਰੇ' ਦਾ ਮਤਲਬ ਹੈ: ਪ੍ਰਮੁੱਖ/ਖਾਸ। ਕੁਝ ਲਿਖਾਰੀ ਇਨ੍ਹਾਂ ਚਾਰ ਸ਼ਬਦਾਂ ਨੂੰ ਗੁਰੂ ਅਰਜਨ ਸਾਹਿਬ ਦਾ ਆਪਣੇ ਪਿਤਾ ਗੁਰੂ ਰਾਮ ਦਾਸ ਸਾਹਿਬ ਤੋਂ ਕੁਝ ਸਮੇਂ ਲਈ ਵੱਖ ਹੋਣਾ, ਅਤੇ ਇਸ ਦੌਰਾਨ ਉਨ੍ਹਾਂ ਦੇ ਗੁਰੂ ਰਾਮ ਦਾਸ ਸਾਹਿਬ ਨੂੰ ਮਿਲਣ ਦੀ ਤਾਂਘ ਦੇ ਜਜ਼ਬਾਤ ਤੇ ਬਿਹਬਲਤਾ ਨਾਲ ਜੋੜਦੇ ਹਨ, ਜੋ ਕਿ ਨਾ ਸਿਰਫ਼ ਗਲਤ ਹੈ, ਬਲਕਿ ਬਾਣੀ ਦੀ ਬੇਅਦਬੀ ਵੀ ਹੈ। ਕੁਝ ਲੋਕ ਅਖੌਤੀ 'ਦਸਮ ਗ੍ਰੰਥ' ਦੇ ਕੁਝ ਕਾਵਿ-ਹਿੱਸਿਆਂ ਨੂੰ ਵੀ 'ਸਬਦ ਹਜਾਰੇ' ਕਹਿੰਦੇ ਹਨ।

ਸ਼ਬਦਾਰਥ: ਇਹ ਪ੍ਰਿੰਸੀਪਲ ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ ਤੇ ਉਨ੍ਹਾਂ ਦਾ ਸਾਥੀਆਂ ਵੱਲੋਂ ਕੀਤਾ ਹੋਇਆ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਤਰਜਮਾ ਹੈ ਜਿਹੜਾ ਉਨ੍ਹਾਂ ਨੇ 1930ਵਿਆਂ ਵਿਚ ਕੀਤਾ ਸੀ। ਇਸ ਦਾ ਬਹੁਤਾ ਹਿੱਸਾ ਸਹੀ ਹੈ ਪਰ ਕੁਝ ਜਗਹ 'ਤੇ ਸੁਧਾਈ ਮੰਗਦਾ ਹੈ। ਉਂਞ, ਇਸ ਮਗਰੋਂ ਹੋਰ ਅੰਗਰੇਜ਼ੀ ਤਰਜਮੇ ਵੀ ਹੋਏ ਵੀ ਹੋਏ ਸਨ ਜਿਨ੍ਹਾਂ ਵਿਚੋਂ ਡਾਕਟਰ ਦਰਸ਼ਨ ਸਿੰਘ ਦਾ ਤਰਜਮਾ ਸਭ ਤੋਂ ਬੇਹਤਰ ਹੈ।

ਸ਼ਰਧਾ: ਰੱਬ ਨਾਲ ਜਾਂ ਕਿਸੇ ਸ਼ਖ਼ਸ ਨਾਲ ਮਜ਼ਬੂਤ ਸਾਂਝ ਜਾਂ ਨਿੱਘ, ਜਿਸ ਵਿਚ ਸਮਰਪਣ ਤੇ ਵਫ਼ਾਦਾਰੀ ਸ਼ਾਮਿਲ ਹੋਵੇ, ਨੂੰ ਸ਼ਰਧਾ ਕਿਹਾ ਜਾਂਦਾ ਹੈ। ਧਾਰਮਿਕ ਪੱਖੋਂ ਇਸ ਵਿਚ ਉਤਸ਼ਾਹ, ਉਮਾਹ, ਤੜਪ, ਲਗਨ, ਪਵਿੱਤਰਤਾ, ਸਮਰਪਿਤ ਹੋਣਾ ਅਤੇ ਅਰਦਾਸਿ ਸ਼ਾਮਿਲ ਹਨ। ਸਿੱਖ ਧਰਮ ਵਿਚ, ਸਿਰਫ਼ ਰੱਬ ਵਾਸਤੇ ਹੀ ਸ਼ਰਧਾ

ਰੱਖੀ ਜਾ ਸਕਦੀ ਹੈ ਕਿਉਂਕਿ ਸਿਰਫ਼ ਉਹੀ ਸਮਰਪਿਤ ਭਾਵਨਾ ਦੇ ਕਾਬਿਲ ਹੋ ਸਕਦਾ ਹੈ (ਗੁਰੂ ਸਾਹਿਬਾਨ ਦਾ ਸਿੱਖ ਅਦਬ ਕਰਦਾ ਹੈ)। ਇੱਥੇ ਵੀ, ਸਿੱਖ ਦੀ ਇਹ ਸਮਰਪਿਤ ਸੋਚ ਕਰਮਕਾਂਡੀ ਨਹੀਂ ਹੈ। ਇਹ ਰੱਬ ਦਾ ਨਾਂ ਚੇਤੇ ਕਰਾਉਂਦੀ ਹੈ; ਉਸ ਦੀ ਸਿਫ਼ਤ-ਸਲਾਹ ਵਿਚ ਗੀਤ ਗਵਾਉਂਦੀ ਹੈ; ਹਰ ਵੇਲੇ ਉਸ ਦੇ ਨਿਰਮਲ ਭਉ ਵਿਚ ਰਹਿਣਾ ਦਸਦੀ ਹੈ; ਅਤੇ ਉਸ ਦਾ ਹੁਕਮ ਮੰਨਣ ਲਈ ਤਿਆਰ ਰਹਿਣਾ ਦਰਸਾਉਂਦੀ ਹੈ।

ਸ਼ਰਾਧ: ਲਫ਼ਜ਼ੀ ਮਾਅਨਾ: ਅਜਿਹੀ ਕਾਰਵਾਈ 'ਜੋ ਸ਼ਰਧਾ ਨਾਲ ਕੀਤੀ ਜਾਵੇ। ਹਿੰਦੂ ਧਰਮ ਵਿਚ ਇਸ ਦਾ ਮਾਅਨਾ ਹੈ: ਅਜਿਹੀ ਰਸਮ, ਜੋ ਮਰ ਚੁਕੇ ਮਾਤਾ ਪਿਤਾ ਜਾਂ ਕਿਸੇ ਹੋਰ ਕਰੀਬੀ ਰਿਸ਼ਤੇਦਾਰ ਦੀ ਯਾਦ ਵਿਚ, ਹਰ ਸਾਲ, ਬ੍ਰਾਹਮਣਾਂ ਵੱਲੋਂ ਮਿੱਥੇ ਦਿਨਾਂ ਵਿਚ ਅਦਾ ਕੀਤੀ ਜਾਂਦੀ ਹੈ। ਬ੍ਰਾਹਮਣਾਂ (ਹਿੰਦੂਆਂ ਦੇ ਪੁਜਾਰੀਆਂ) ਅਤੇ ਭਿਖਾਰੀਆਂ ਵਗ਼ੈਰਾ ਨੂੰ ਭੋਜਨ ਖੁਆਉਣਾ ਅਤੇ ਉਨ੍ਹਾਂ ਨੂੰ ਦਾਨ ਦੇਣਾ ਇਸ ਰਸਮ ਦਾ ਮੁਖ ਹਿੱਸਾ ਹੈ। ਹਿੰਦੂ ਯਕੀਨ ਕਰਦੇ ਹਨ ਕਿ ਸ਼ਰਾਧ ਦੀ ਰਸਮ ਦੌਰਾਨ ਦਿੱਤਾ ਹੋਇਆ ਦਾਨ ਉਨ੍ਹਾਂ ਦੇ ਮਰੇ ਹੋਏ ਰਿਸ਼ਤੇਦਾਰਾਂ ਤੱਕ ਪਹੁੰਚ ਜਾਵੇਗਾ (ਹਾਲਾਂ ਕਿ ਇਹ ਸਿਰਫ਼ ਬ੍ਰਾਹਮਣਾਂ ਦੀ ਜੇਬ੍ਹ ਵਿਚ ਹੀ ਜਾਂਦਾ ਹੈ, ਕਿਉਂਕਿ ਮਰੇ ਹੋਏ ਲੋਕ ਤਾਂ ਖ਼ਤਮ ਹੋ ਚੁਕੇ ਹੁੰਦੇ ਹਨ ਨਾ ਕਿ ਉਹ ਕਿਤੇ ਬੈਠੇ ਹੁੰਦੇ ਹਨ)। ਸਿੱਖ ਧਰਮ ਇਸ ਫ਼ਜ਼ੂਲ ਰਸਮ ਨੂੰ ਇਕ ਕਰਮਕਾਂਡ ਮੰਨਦਾ ਹੈ ਤੇ ਪਾਖੰਡ ਗਰਦਾਨਦਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਇਨਸਾਨ ਨੂੰ ਆਪਣੇ ਮਾਤਾ-ਪਿਤਾ ਦੀ ਉਨ੍ਹਾਂ ਦੇ ਜਿਊਂਦਿਆਂ ਹੀ ਸੇਵਾ ਕਰਨੀ ਚਾਹੀਦੀ ਹੈ। ਆਮ ਤੌਰ 'ਤੇ ਲੋਕ ਆਪਣੇ ਮਾਤਾ-ਪਿਤਾ ਦੇ ਜਿਊਂਦੇ ਸਮੇਂ ਉਨ੍ਹਾਂ ਦੀ ਪਰਵਾਹ ਨਹੀਂ ਕਰਦੇ, ਪਰ ਮੌਤ ਤੋਂ ਬਾਅਦ ਧਾਰਮਿਕ ਪੱਖੋਂ ਸੱਚਾ ਬਣਨ ਵਾਸਤੇ ਸ਼ਰਾਧ ਕਰਾਉਂਦੇ ਹਨ, ਜੋ ਸਿਰਫ਼ ਪਾਖੰਡ ਹੈ। ਸਿੱਖ ਨੂੰ ਅਜਿਹੀਆਂ ਕਰਮ-ਕਾਂਡੀ ਰਸਮਾਂ ਅਦਾ ਕਰਨ ਦੀ ਸਖ਼ਤ ਮਨਾਹੀ ਹੈ।

> *ਜੀਵਤ ਪਿਤਰ ਨ ਮਾਨੈ ਕੋਊ, ਮੂਏਂ ਸਿਰਾਧ ਕਰਾਹੀ॥ ਪਿਤਰ ਭੀ ਬਪੁਰੇ, ਕਹੁ, ਕਿਉ ਪਾਵਹਿ, ਕਊਆ ਕੂਕਰ ਖਾਹੀ॥ (ਸਫ਼ਾ 332)*

> *ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥ (ਸਫ਼ਾ 472)*

ਸ਼ਰੀਅਤ: ਇਸਲਾਮ ਦੇ ਮੁਖ ਅਸੂਲਾਂ ਨੂੰ ਸ਼ਰੀਅਤ ਕਹਿੰਦੇ ਹਨ। ਇਸ ਦੇ ਮੁਖ ਪੰਜ ਨੁਕਤੇ ਹਨ: ਕਲਮਾ ਪੜ੍ਹਨਾ (ਇਕ ਫ਼ਿਕਰਾ, ਜਿਸ ਦਾ ਮਾਅਨਾ ਹੈ: ਅੱਲ੍ਹਾ ਇਕ ਹੈ ਉਹ ਸਭ ਤੋਂ ਵੱਡਾ ਹੈ ਅਤੇ ਮੁਹੰਮਦ ਉਸ ਦਾ ਨੁਮਾਇੰਦਾ ਹੈ), ਧਾਰਮਿਕ ਯਾਤਰਾ ਲਈ ਮੱਕੇ ਵਿਚ ਜਾਣਾ, ਜ਼ਕਾਤ ਅਦਾ ਕਰਨਾ (ਆਪਣੀ ਦੌਲਤ ਅਤੇ ਆਮਦਨ ਵਿਚੋਂ ਹਰ ਸਾਲ 2.5% ਦਾਨ ਕਰਨਾ), ਰਮਜ਼ਾਨ ਦੇ ਮਹੀਨੇ ਵਿਚ ਤੀਹ ਰੋਜ਼ੇ (ਦਿਨ ਦੇ ਸਮੇਂ ਦਾ ਵਰਤ) ਰੱਖਣਾ, ਅਤੇ ਦਿਨ ਵਿਚ ਘਟੋ-ਘਟ ਪੰਜ ਵਾਰ ਨਮਾਜ਼ ਪੜ੍ਹਨਾ।

ਸ਼ਿੰਗਾਰ: ਸ਼ਿੰਗਾਰ ਦਾ ਲਫ਼ਜ਼ੀ ਮਾਅਨਾ ਹੈ: ਪ੍ਰੇਮ, ਰਸੀਲਾਪਣ, ਰਸ, ਰਸਿਕਤਾ, ਸੰਧੂਰ ਦੇ ਨਿਸ਼ਾਨ, ਕਾਮ ਪੈਦਾ ਕਰਨ ਦੀ ਭਾਵਨਾ, ਕਾਮ-ਖੇਡ ਵਾਸਤੇ ਵਧੀਆ ਕਪੜੇ-ਗਹਿਣੇ ਵਗ਼ੈਰਾ। ਪਰ, ਆਮ ਤੌਰ 'ਤੇ, ਸ਼ਿੰਗਾਰ ਲਫ਼ਜ਼ ਜਿਸਮਾਨੀ ਖ਼ੂਬਸੂਰਤੀ-ਵਧਾਊ ਸਮੱਗਰੀ, ਪਹਿਰਾਵੇ ਅਤੇ ਗਹਿਣਿਆਂ ਵਗ਼ੈਰਾ ਨਾਲ ਔਰਤ ਦੀ ਜਿਸਮਾਨੀ

ਸਜਾਵਟ ਵਾਸਤੇ ਵਰਤਿਆ ਜਾਂਦਾ ਹੈ। ਬਹੁਤੀਆਂ ਔਰਤਾਂ ਘਰੋਂ ਬਾਹਰ ਨਿਕਲਣ ਵੇਲੇ, ਜਿਸਮਾਨੀ ਤੌਰ 'ਤੇ ਦਿਲਕਸ਼ ਲੱਗਣ ਵਾਸਤੇ ਸ਼ਿੰਗਾਰ ਕਰਦੀਆਂ ਹਨ। ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਅਜਿਹਾ ਕਰ ਕੇ ਔਰਤਾਂ, ਲੋਕਾਂ ਨੂੰ, 'ਖ਼ੂਬਸੂਰਤ' ਬਣ ਕੇ ਦਿਖਾਉਣਾ, ਲੁਭਾਉਣਾ ਤੇ ਉਨ੍ਹਾਂ ਅੰਦਰ ਉਸ ਵਾਸਤੇ ਕਾਮ-ਖਿੱਚ ਪੈਦਾ ਕਰਨਾ ਚਾਹੁੰਦੀਆਂ ਹਨ। ਸਿੱਖ ਧਰਮ ਇਸ ਸ਼ਿੰਗਾਰ ਨੂੰ ਇਖ਼ਲਾਕ ਦੇ ਉਲਟ ਸਮਝਦਾ ਹੈ। ਸਿੱਖ ਧਰਮ ਔਰਤ ਨੂੰ ਆਪਣੇ ਪਤੀ ਸਾਹਮਣੇ ਸੁਹਣੀ ਤੇ ਕਸ਼ਿਸ਼ ਵਾਲੀ ਲੱਗਣ ਵਾਸਤੇ, ਕੁਦਰਤੀ ਢੰਗਾਂ ਨਾਲ ਸਜਾਵਟ ਕਰਨ, ਦੀ ਇਜਾਜ਼ਤ ਦੇਂਦਾ ਹੈ; ਪਰ, ਪਰਾਏ ਮਰਦਾਂ ਨੂੰ ਲੁਭਾਉਣ ਵਾਸਤੇ ਨਹੀਂ।

ਸਿੱਖ ਧਰਮ ਮੁਤਾਬਿਕ ਸ਼ਿੰਗਾਰ ਵਿਚ ਦੰਦ ਸਾਫ਼ ਕਰਨੇ, ਇਸ਼ਨਾਨ ਕਰਨਾ, ਕੇਸਾਂ ਨੂੰ ਕੰਘਾ ਕਰਨਾ, ਚੱਜ ਦੇ ਕੱਪੜੇ ਪਹਿਨਣਾ, ਦਾੜ੍ਹੀ ਸਜਾਉਣਾ (ਜਾਂ ਬੰਨ੍ਹਣਾ, ਸੁਹਣੀ ਦਸਤਾਰ ਸਜਾਉਣਾ (ਪੱਗ ਬੰਨਣਾ) ਅਤੇ ਮੋਜੇ (ਬੂਟ) ਪਹਿਣਨਾ (ਪਾਲਿਸ਼ ਵੀ ਇਸ ਵਿਚ ਸ਼ਾਮਿਲ ਹੈ) ਸ਼ਾਮਿਲ ਹਨ। ਪਰ ਸੁਗੰਧੀ, ਪਾਊਡਰ (ਪਸੀਨੇ ਤੋਂ ਬਚਣ ਲਈ ਵਰਤਣਾ ਹੋਰ ਗੱਲ ਹੈ), ਸੁਰਖ਼ੀ (ਲਿਪਸਟਿਕ) ਲਾਉਣਾ, ਵਾਲਾਂ ਨੂੰ ਬਲੀਚ ਕਰਨਾ ਜਾਂ ਰੰਗਣਾ ਵਰਗੀਆਂ ਕਾਰਵਾਈਆਂ ਦੀ ਸਿੱਖ ਧਰਮ ਇਜਾਜ਼ਤ ਨਹੀਂ ਦੇਂਦਾ। ਸਿੱਖ ਨੂੰ ਗਹਿਣੇ ਪਹਿਣਨ ਦੀ ਖੁੱਲ੍ਹ/ਛੋਟ ਹੈ।

ਸ੍ਰੀ/ਸ੍ਰੀ: ਸ੍ਰੀ/ਸ੍ਰੀ/ਸਿਰੀ ਹਿੰਦੂਆਂ ਦੀ ਦੌਲਤ ਤੇ ਕਿਸਮਤ ਦੀ ਮਿਥਿਹਾਸਕ ਦੇਵੀ ਦਾ ਨਾਂ ਹੈ। ਉਹ ਮਿਥਿਹਾਸਕ ਦੇਵਤੇ ਵਿਸ਼ਨੂੰ ਦੀ ਘਰਵਾਲੀ ਹੈ। ਹਿੰਦੂ ਇਸ ਨੂੰ 'ਲਕਸ਼ਮੀ' ਵੀ ਕਹਿੰਦੇ ਹਨ। ਹਿੰਦੂ ਕਿਸੇ ਵੀ ਕੰਮ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ, ਮਿਸਾਲ ਵਜੋਂ ਨਵੇਂ ਘਰ ਵਿਚ ਦਾਖ਼ਿਲ ਹੋਣ ਤੋਂ ਪਹਿਲਾਂ; ਕੋਈ ਧੰਦਾ ਸ਼ੁਰੂ ਕਰਨ ਤੋਂ ਪਹਿਲਾ ਜਾਂ ਕਿਸੇ ਵੀ ਕੰਮ/ਚੀਜ਼ ਦੀ ਸ਼ੁਰੂਆਤ ਤੋਂ ਪਹਿਲਾਂ ਇਸ ਦੀ ਪੂਜਾ ਸਕਦੇ ਹਨ (ਤਾਂ ਜੋ 'ਲਕਸ਼ਮੀ' ਦੇ ਵਰ ਨਾਲ, ਉਸ ਕੰਮ ਵਿਚ, ਖ਼ੂਬ ਦੌਲਤ ਕਮਾਈ ਜਾ ਸਕੇ)। ਮਿਥਿਹਾਸਕ ਗਣੇਸ਼, ਜਿਹੜਾ ਅੱਧਾ ਹਾਥੀ ਤੇ ਅੱਧਾ ਇਨਸਾਨ ਹੈ, ਨੂੰ ਹਿੰਦੂ ਇਸ ਦੇਵੀ ਦਾ ਪੁੱਤਰ ਆਖਦੇ ਹਨ।

ਇਸ ਲਫ਼ਜ਼ 'ਸ੍ਰੀ' (ਦਰਅਸਲ ਦੌਲਤ ਦੇ ਲਾਲਚ) ਨਾਲ ਹਿੰਦੂਆਂ ਦਾ ਏਨਾ ਨਾਲ ਮੋਹ ਹੈ, ਕਿ ਹੁਣ ਉਹ ਇਸ ਲਫ਼ਜ਼ ਨੂੰ (ਇਸ ਦਾ ਮਤਲਬ ਅਤੇ ਦਰਜੇ ਦੀ ਪ੍ਰਵਾਹ ਕੀਤੇ ਬਿਨਾਂ) ਹਰੇਕ ਨਾਂ ਨਾਲ ਅਗੇਤਰ ਵਜੋਂ ਲਾਉਂਦੇ ਹਨ ਕਿਉਂਕਿ ਉਹ ਯਕੀਨ ਕਰਦੇ ਹਨ ਕਿ ਕਿਸੇ ਦੇ ਨਾਂ ਵਿਚ ਇਸ ਲਫ਼ਜ਼ ਦੀ ਵਰਤੋਂ ਕਰਨ ਨਾਲ ਉਹ ਸ਼ਖ਼ਸ 'ਸ੍ਰੀ' ਦੀ ਮਿਹਰ ਨਾਲ (ਮਿਹਨਤ ਨਾਲ ਨਹੀਂ, ਉਸ ਦੇ ਜਾਦੂ/ਵਰ/ਬਖ਼ਸ਼ਿਸ਼ ਨਾਲ) ਅਮੀਰ ਬਣ ਜਾਵੇਗਾ।

ਇਕ ਸਿੱਖ ਵਾਸਤੇ ਲਫ਼ਜ਼ ਸਿਰਦਾਰ (ਹਿੰਦੀ ਤੇ ਉਰਦੂ ਵਿਚ ਸਰਦਾਰ) ਟਾਈਟਲ ਵਜੋਂ ਵਰਤਿਆ ਜਾਂਦਾ ਹੈ। ਸ੍ਰੀ ਲਫ਼ਜ਼ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਗੁਰੂ ਸਾਹਿਬਾਨ, ਸਿੱਖਾਂ ਨਾਲ ਸਬੰਧਿਤ ਸ਼ਹਿਰਾਂ, ਗੁਰਦੁਆਰਿਆਂ, ਸਿੱਖ ਅਦਾਰਿਆਂ ਤੇ ਜਮਾਤਾਂ ਵਗ਼ੈਰਾ ਦੇ ਨਾਂਵਾਂ ਨਾਲ ਵਰਤਿਆ ਜਾਣ ਲਗਾ ਪਿਆ ਸੀ। ਅਜਿਹਾ ਜਾਪਦਾ ਹੈ ਕਿ ਇਹ ਨਿਰਮਲਿਆਂ ਅਤੇ ਸਿੱਖ ਰਾਜਿਆਂ ਦੇ ਹਿੰਦੂ ਦਰਬਾਰੀਆਂ ਦੇ ਅਸਰ ਹੇਠ ਹੋਇਆ ਹੋਵੇਗਾ। ਇਸ ਦੀ ਵਰਤੋਂ 1980 ਤੋਂ ਮਗਰੋਂ ਫੇਰ ਵਧਣੀ ਸ਼ੁਰੂ ਹੋ ਗਈ ਸੀ, ਜਦ ਪੰਜਾਬ ਵਿਚ ਦਰਬਾਰਾ ਸਿੰਘ ਦੀ ਸਰਕਾਰ ਨੇ ਸਿੱਖਾਂ ਦੇ ਨਾਂ ਨਾਲ

ਸਿਰਦਾਰ ਦੀ ਥਾਂ 'ਤੇ 'ਸ੍ਰੀ' ਲਾਉਣਾ ਦਾ ਸਰਕੂਲਰ ਜਾਰੀ ਕਰ ਦਿੱਤਾ ਸੀ।

ਗੁਰੂ ਗ੍ਰੰਥ ਸਾਹਿਬ ਵਿੱਚ, 'ਸ੍ਰੀ' ਲਫ਼ਜ਼ ਰੱਬ ਦੇ ਨਾਂ ਨਾਲ, ਮਿਥਿਹਾਸਕ ਹਿੰਦੂ ਦੇਵਤਿਆਂ ਨਾਲੋਂ ਵਖਰੇਵਾਂ ਦਰਸਾਉਣ ਲਈ, ਵਰਤਿਆ ਗਿਆ ਹੈ। (ਹਿੰਦੂ ਧਰਮ ਵਿੱਚ 35 ਕਰੋੜ ਮਿਥਹਾਸਕ ਦੇਵਤੇ ਹਨ)। ਅੱਜ-ਕੱਲ੍ਹ, ਹਿੰਦੂ ਧਰਮ ਦੇ ਅਸਰ ਹੇਠ, ਬਹੁਤ ਸਾਰੇ ਸਿੱਖ ਗ੍ਰੰਥੀ, ਬੇਸਮਝ ਆਗੂ ਅਤੇ ਕਚਘਰੜ ਲਿਖਾਰੀ ਵੀ 'ਸ੍ਰੀ' ਲਫ਼ਜ਼ ਨੂੰ ਇਸ ਦਾ ਪਿਛੋਕੜ ਜਾਣੇ ਬਿਨਾਂ ਇਸ ਦੀ ਵਰਤੋਂ ਵਧ-ਚੜ੍ਹ ਕੇ ਕਰਦੇ ਹਨ ਤੇ ਹਰ ਇਕ ਗੁਰੂ, ਹਰ ਇਕ ਬਾਣੀ, ਹਰ ਇਕ ਗੁਰੂ ਨਗਰ (ਤੇ ਹੁਣ ਤਾਂ ਸਾਧਾਂ ਦੇ ਪਿੰਡਾਂ ਦੇ ਨਾਂਵਾਂ ਨਾਲ ਵੀ) ਤੇ ਹੋਰ ਕਈ ਚੀਜ਼ਾਂ ਨਾਲ (ਜਿਵੇਂ ਸ੍ਰੀ ਅਖੰਡ ਪਾਠ, ਸ੍ਰੀ ਪੀੜ੍ਹਾ ਸਾਹਿਬ, ਸ੍ਰੀ ਰੁਮਾਲਾ ਸਾਹਿਬ, ਸ੍ਰੀ ਚੰਦੋਆ ਸਾਹਿਬ, ਸ੍ਰੀ ਚੌਰ ਸਾਹਿਬ ਵਗ਼ੈਰਾ ਨਾਲ ਵੀ) ਹਿੰਦੂ ਦੇਵੀ ਦਾ ਨਾਂ 'ਸ੍ਰੀ' ਲਾਉਣ ਲਗ ਪਏ ਹਨ। ਇਹ ਸਿੱਖੀ ਦਾ ਬ੍ਰਾਹਮਣੀਕਰਣ/ਹਿੰਦੂਕਰਣ ਹੈ।

ਸ਼੍ਰੋਮਣੀ ਅਕਾਲੀ ਦਲ: ਸ਼੍ਰੋਮਣੀ/ਸ਼ਰੋਮਣੀ/ਸ਼ਿਰੋਮਣੀ ਅਕਾਲੀ ਦਲ ਸਿੱਖਾਂ ਦੀ ਸਭ ਤੋਂ ਸੁਪਰੀਮ ਜਥੇਬੰਦੀ ਹੈ। ਅਕਾਲੀ ਦਲ ਦੀ ਕਾਇਮੀ 14 ਦਸੰਬਰ, 1920 ਦੇ ਦਿਨ 'ਗੁਰਦੁਆਰਾ ਸੇਵਕ ਦਲ' ਦੇ ਨਾਂ ਹੇਠ ਹੋਈ ਸੀ। 23 ਜਨਵਰੀ, 1921 ਦੇ ਦਿਨ ਇਸ ਦਾ ਨਾਂ 'ਅਕਾਲੀ ਦਲ' ਰੱਖ ਦਿੱਤਾ ਗਿਆ। ਅਗਲੇ ਦਿਨ ਪ੍ਰਧਾਨ ਦੀ ਚੋਣ ਹੋਈ ਜਿਸ ਵਿਚ ਸਰਮੁਖ ਸਿੰਘ ਝਬਾਲ ਪਹਿਲੇ ਜਥੇਦਾਰ ਬਣਾਏ ਗਏ ਸਨ। ਅਕਾਲੀ ਦਲ ਦੀ ਕਾਇਮੀ ਦਾ ਮਕਸਦ ਸੀ: ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਵਿਚ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਦਦ ਕਰਨਾ। 29 ਮਾਰਚ, 1922 ਦੇ ਦਿਨ ਇਸ ਦਾ ਨਾਂ 'ਸ਼ਿਰੋਮਣੀ ਅਕਾਲੀ ਦਲ' ਰੱਖ ਦਿੱਤਾ ਗਿਆ। 1921-25 ਤਕ ਸ਼ਿਰੋਮਣੀ ਅਕਾਲੀ ਦਲ ਅਤੇ ਜ਼ਿਲ੍ਹਾ ਤੇ ਸਰਕਲ ਅਕਾਲੀ ਜਥਿਆਂ ਦਾ ਵੱਡਾ ਰੋਲ ਅਕਾਲੀ ਮੋਰਚਿਆਂ ਵਿਚ ਜੱਥੇ ਭੇਜਣਾ ਅਤੇ ਫ਼ੰਡ ਇਕੱਠੇ ਕਰ ਕੇ ਮੋਰਚਾ, ਸ਼੍ਰੋਮਣੀ ਕਮੇਟੀ ਤੇ ਕੈਦੀ ਸਿੰਘਾਂ ਦੇ ਪਰਿਵਾਰਾਂ ਦੀ ਮਦਦ ਕਰਨਾ ਸੀ।

ਭਾਵੇਂ ਸੈਂਟਰਲ ਸਿੱਖ ਲੀਗ 1919 ਵਿਚ ਕਾਇਮ ਹੋ ਗਈ ਸੀ ਅਤੇ ਸਿੱਖ ਪੰਥ ਦੀ ਸਿਆਸੀ ਜਮਾਤ ਵਜੋਂ ਵਿਚਰ ਰਹੀ ਸੀ, ਪਰ ਇਸ ਦਾ ਰੋਲ ਕਿਸੇ ਮਾਅਰਕੇ ਵਾਲੀ ਕਾਰਵਾਈ ਤੋਂ ਸੱਖਣਾ ਸੀ। ਉਧਰ 1925 ਵਿਚ ਗੁਰਦੁਆਰਾ ਐਕਟ ਬਣਨ ਮਗਰੋਂ, ਤੇ ਖ਼ਾਸ ਕਰ ਕੇ 1926 ਵਿਚ ਅਕਾਲੀ ਆਗੂਆਂ ਦੀਆਂ ਰਿਹਾਈਆਂ ਮਗਰੋਂ, ਅਕਾਲੀ ਲੀਡਰਸ਼ਿਪ ਇਕ ਵਾਰ ਫੇਰ ਜਥੇਬੰਦ ਹੋ ਗਈ। ਇਸ ਨਾਲ ਉਨ੍ਹਾਂ ਦੀ ਜਥੇਬੰਦੀ ਬੜੀ ਤਾਕਤਵਾਰ ਹੋ ਗਈ। ਇਸ ਹਾਲਤ ਵਿਚ ਅਕਾਲੀ ਦਲ ਨੇ ਸਿੱਖ ਕੌਮ ਦੀ ਸਿਆਸੀ ਵਾਗਡੋਰ ਵੀ ਸੰਭਾਲ ਲਈ। ਭਾਵੇਂ ਸੈਂਟਰਲ ਸਿੱਖ ਲੀਗ ਜਥੇਬੰਦੀ ਵਜੋਂ ਤਾਂ ਕਾਇਮ ਰਹੀ, ਪਰ ਅਸਲੀ ਤਾਕਤਵਾਰ ਪਾਰਟੀ ਅਕਾਲੀ ਦਲ ਹੀ ਸੀ। 1930 ਤੋਂ ਮਗਰੋਂ ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਇਕੋ ਇਕ ਜਮਾਤ ਬਣ ਗਿਆ।

ਇਸ ਮਗਰੋਂ ਵੀ ਅਕਾਲੀ ਦਲ ਵਿਚੋਂ ਕਈ ਲੀਡਰ ਵੱਖ ਹੋਏ ਤੇ ਉਨ੍ਹਾਂ ਨੇ ਨਵੀਆਂ ਅਕਾਲੀ ਜਥੇਬੰਦੀਆਂ ਵੀ ਬਣਵਾਈਆਂ। ਇਨ੍ਹਾਂ ਵਿਚੋਂ ਖ਼ਾਸ ਆਗੂ ਸਨ: ਬਾਬਾ ਖੜਕ ਸਿੰਘ, ਗਿ: ਸ਼ੇਰ ਸਿੰਘ, ਸ.ਬ. ਮਹਿਤਾਬ ਸਿੰਘ ਵਗ਼ੈਰਾ। ਇਹ ਆਗੂ

ਪੰਥਕ ਰੋਲ ਤੋਂ ਦੂਰ ਤਾਂ ਨਾ ਗਏ ਪਰ ਪੰਥ ਦੀ ਵੱਡੀ ਗਿਣਤੀ ਨੇ ਇਨ੍ਹਾਂ ਦੀ ਅਗਵਾਈ ਕਬੂਲ ਨਾ ਕੀਤੀ ਤੇ ਅਸਲ ਜਥੇਬੰਦੀ ਦਾ ਸਾਥ ਨਾ ਛੱਡਿਆ। ਇੰਞ ਇਹ ਲੀਡਰਸ਼ਿਪ ਛੋਟੇ-ਮੋਟੇ ਨੁਕਸਾਨ ਕਰਨ ਤੋਂ ਸਿਵਾ ਕੋਈ ਨਫ਼ੀ ਦਾ ਰੋਲ ਵੀ ਅਦਾ ਨਾ ਕਰ ਸਕੀ। ਜਦੋਂ 1940 ਵਿਚ ਮੁਸਲਮ ਲੀਗ ਨੇ ਪਾਕਿਸਤਾਨ ਦੀ ਕਾਇਮੀ ਦਾ ਰੌਲਾ ਪਾਇਆ ਤਾਂ ਅਕਾਲੀ ਅਤੇ ਦੂਜੇ ਸਿੱਖ ਲੀਡਰਾਂ ਨੇ ਵੀ ਇੱਤਿਹਾਦ ਦਿਖਾਇਆ। ਪਰ ਇਹ ਇੱਤਿਹਾਦ ਬਹੁਤੀ ਦੇਰ ਨਾ ਚੱਲ ਸਕਿਆ। ਸ਼ਖ਼ਸੀਅਤਾਂ ਦੇ ਟਕਰਾਅ, ਹਉਮੈ, ਕਮ-ਅਕਲੀ ਤੇ ਸਾੜੇ ਦੀ ਵਜ੍ਹਾ ਕਰ ਕੇ ਸਿੱਖ ਲੀਡਰਸ਼ਿਪ ਵਿਚ ਜ਼ਬਰਦਸਤ ਫੁੱਟ ਪੈ ਗਈ। ਨਤੀਜੇ ਵਜੋਂ ਸਿੱਖ ਕੌਮ ਦਾ 1947 ਵਿਚ ਵੱਡਾ ਨੁਕਸਾਨ ਹੋਇਆ। ਸਿੱਖ ਆਜ਼ਾਦ ਮੁਲਕ ਹਾਸਲ ਵੀ ਨਾ ਕਰ ਸਕੇ ਅਤੇ 20 ਲੱਖ ਜਾਨਾਂ ਵੀ ਗੁਆਈਆਂ ਅਤੇ ਨਾਨਕਾਣਾ ਸਾਹਿਬ ਸਣੇ ਸਵਾ ਸੌ ਤੋਂ ਵੱਧ ਗੁਰਦੁਆਰਿਆਂ ਦਾ ਇੰਤਜ਼ਾਮ ਵੀ ਹੱਥੋਂ ਗੁਆ ਬੈਠੇ ਤੇ ਪਾਕਿਸਤਾਨ ਵਿਚ ਛੱਡ ਆਏ।

1947 ਤੋਂ ਮਗਰੋਂ ਵੀ ਵਜ਼ੀਰੀ/ਤਾਕਤ/ਦੌਲਤ ਦੀ ਭੁੱਖ ਨੇ ਬਹੁਤ ਸਾਰੀ ਅਕਾਲੀ ਲੀਡਰਸ਼ਿਪ ਨੂੰ ਕਾਂਗਰਸ ਵੱਲ ਖਿਚ ਲਿਆ। ਕਾਂਗਰਸੀ-ਬਣੇ ਅਕਾਲੀ, ਸਿੱਖਾਂ ਦੀ ਤਬਾਹੀ ਕਰਵਾ ਕੇ ਵੀ, ਆਪਣੇ ਨਿਜੀ ਤੇ ਵਕਤੀ ਫ਼ਾਇਦਿਆਂ ਦੀ ਸੋਚ ਵਲ ਟੁਰ ਪਏ। ਇਸ ਨਾਲ ਸਿੱਖਾਂ ਵਿਚ ਬੜੀ ਉਦਾਸੀ ਛਾਈ। ਉਧਰ ਹਿੰਦੂ ਲੀਡਰਸ਼ਿਪ ਅਤੇ ਅਫ਼ਸਰ-ਸ਼ਾਹੀ ਸਿੱਖਾਂ ਨਾਲ ਹਰ ਮੋੜ 'ਤੇ ਧੱਕਾ ਕਰਨ ਲੱਗ ਪਈ। ਹਾਲਾਤ ਅਜਿਹੇ ਬਣ ਗਏ ਕਿ ਸਿੱਖੀ ਬਚਾਉਣ ਵਾਸਤੇ ਪੰਥ ਨੂੰ ਪ੍ਰੋਗਰਾਮ ਉਲੀਕਣਾ ਪੈ ਗਿਆ। ਅਕਾਲੀ ਦਲ ਨੇ ਪੰਥਕ ਮੁਫ਼ਾਦ ਨੂੰ ਸਾਹਵੇਂ ਰੱਖਦਿਆਂ ਪੰਜਾਬੀ ਬੋਲੀ ਦੇ ਸੂਬੇ ਦੀ ਮੰਗ ਸ਼ੁਰੂ ਕਰ ਦਿੱਤੀ। 1955 ਤੋਂ 1960 'ਚ ਦੋ ਮੋਰਚੇ ਵੀ ਲਾਏ। ਅਖ਼ੀਰ 1966 ਵਿਚ ਪੰਜਾਬੀ ਸੂਬਾ ਬਣ ਗਿਆ ਪਰ ਇਸ ਵਿਚੋਂ ਜਾਨ ਕੱਢ ਲਈ ਗਈ। 1967 ਵਿਚ ਪੰਜਾਬ 'ਚ ਅਕਾਲੀ ਸਰਕਾਰ ਬਣ ਗਈ। ਹੁਣ ਸਿੱਖਾਂ ਵਿਚ ਇਕ ਨਵੀਂ ਜਮਾਤ ਪੈਦਾ ਹੋ ਗਈ, ਜੋ ਤਾਕਤ ਦੀ ਸੋਚ ਨਾਲ ਸਿਆਸਤ 'ਚ ਕਾਬਜ਼ ਹੋਣ ਲੱਗ ਪਈ। 1967 ਵਿਚ ਮਾਸਟਰ ਤਾਰਾ ਸਿੰਘ ਦੀ ਮੌਤ ਮਗਰੋਂ ਦੂਜੀ ਪੀੜ੍ਹੀ ਅਕਾਲੀ ਦਲ 'ਤੇ ਕਾਬਜ਼ ਹੋ ਗਈ। ਫ਼ਤਹਿ ਸਿੰਘ ਤੇ ਚੰਨਣ ਸਿੰਘ, ਜਿਹੜੇ ਕਿ ਮਾਸਟਰ ਤਾਰਾ ਸਿੰਘ ਵਿਰੁੱਧ ਸਾਜ਼ਿਸ਼ੀ ਮਾਹੌਲ ਵਿਚ ਅੱਗੇ ਆਏ ਸਨ, ਪਹਿਲੀ ਵਾਰੀ ਆਈ ਤਾਕਤ ਖੁਸਣ ਮਗਰੋਂ, ਛੇਤੀ ਹੀ (1972 ਵਿਚ) ਜ਼ਲੀਲ ਹੋ ਕੇ ਚੜ੍ਹਾਈ ਕਰ ਗਏ। ਹੁਣ ਵਾਰੀ ਸੀ ਗੁਰਚਰਨ ਸਿੰਘ ਟੌਹੜਾ, ਮੋਹਣ ਸਿੰਘ ਸਿੰਘ ਤੁੜ, ਜਗਦੇਵ ਸਿੰਘ ਤਲਵੰਡੀ ਤੇ ਪ੍ਰਕਾਸ਼ ਸਿੰਘ ਬਾਦਲ ਵਗ਼ੈਰਾ ਦੀ।

ਅਕਾਲੀ ਦਲ ਨੇ 1967 ਤੋਂ 1968, 1969 ਤੋਂ 1971 ਤਕ ਪੰਜਾਬ 'ਚ ਹਕੂਮਤ ਕੀਤੀ। 1972 ਵਿਚ ਕਾਂਗਰਸ ਨੇ ਹਕੂਮਤ ਖੋਹ ਲਈ। 1977 ਵਿਚ ਅਕਾਲੀ ਦਲ ਫੇਰ ਹਾਕਮ ਬਣ ਗਿਆ। 1980 ਵਿਚ ਕਾਂਗਰਸ ਨੇ ਅਕਾਲੀ ਸਰਕਾਰ ਤੋੜ ਦਿੱਤੀ। ਇਸ ਵੇਲੇ ਨਿਰੰਕਾਰੀਆਂ ਵਲੋਂ 13 ਸਿੱਖਾਂ ਦੇ ਕਤਲ (13 ਅਪਰੈਲ, 1978) ਦੇ ਨਾਲ ਹੀ ਜੁਝਾਰੂ ਲਹਿਰ ਸ਼ੁਰੂ ਹੋ ਚੁੱਕੀ ਸੀ। 1980 ਵਿਚ ਗੁਰਬਚਨ ਸਿੰਹ ਨਿਰੰਕਾਰੀ ਦੇ ਕਤਲ ਮਗਰੋਂ ਪੰਜਾਬ 'ਚ ਗੁਰੀਲਾ ਲੜਾਈ ਸ਼ੁਰੂ ਹੋ ਗਈ। ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਆਉਣ ਨਾਲ ਜੁਝਾਰੂ ਲੀਡਰਸ਼ਿਪ ਇਕੱਠੀ

ਹੋ ਗਈ। 1982 ਵਿਚ ਅਕਾਲੀ ਦਲ ਨੇ 'ਧਰਮ ਯੁੱਧ' ਮੋਰਚਾ ਸ਼ੁਰੂ ਕਰ ਦਿੱਤਾ। ਇੰਦਰਾ ਗਾਂਧੀ ਦੀ ਸਰਕਾਰ ਨੇ ਸਿੱਖਾਂ ਨੂੰ ਸਬਕ ਸਿਖਾਉਣ ਵਾਸਤੇ 4 ਜੂਨ 1984 ਨੂੰ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਹਜ਼ਾਰਾਂ ਸਿੱਖ ਕਤਲ ਕਰ ਦਿੱਤੇ ਗਏ। ਸਾਰੇ ਅਕਾਲੀ ਆਗੂ ਗ੍ਰਿਫ਼ਤਾਰ ਕਰ ਕੇ ਜੇਲ੍ਹੀਂ ਸੁਟ ਦਿੱਤੇ ਗਏ। 31 ਅਕਤੂਬਰ ਨੂੰ ਇੰਦਰਾ ਕਤਲ ਮਗਰੋਂ ਹੋਰ ਹਜ਼ਾਰਾਂ ਸਿੱਖ ਕਤਲ ਕੀਤੇ ਗਏ। 1985 'ਚ ਅਕਾਲੀ ਆਗੂ ਰਿਹਾਅ ਕਰ ਦਿੱਤੇ ਗਏ। ਉਨ੍ਹਾਂ ਨੇ ਭਿੰਡਰਾਂਵਾਲਿਆਂ ਦੇ ਪਿਤਾ ਨੂੰ ਲੀਡਰ ਮੰਨ ਲਿਆ ਪਰ ਇਹ ਗੱਲ ਥੋੜ੍ਹੀ ਦੇਰ ਹੀ ਚੱਲੀ। ਇਸ ਨਾਲ ਦੋ ਅਕਾਲੀ ਦਲ ਬਣ ਗਏ। ਉਧਰ ਰਾਜੀਵ ਗਾਂਧੀ ਨੇ ਸੁਰਜੀਤ ਬਰਨਾਲੇ ਨਾਲ ਗੰਢ ਤਰੁਪ ਕਰ ਕੇ ਉਸ ਨੂੰ ਚੀਫ਼ ਮਨਿਸਟਰ ਬਣਵਾ ਦਿੱਤਾ। ਪਰ ਲੌਂਗੋਵਾਲ ਅਕਾਲੀ ਦਲ 'ਚ ਅਸਲ ਤਕੜਾ ਗਰੁਪ ਬਾਦਲ ਤੇ ਟੌਹੜਾ ਦਾ ਸੀ। ਬਰਨਾਲੇ ਵੱਲੋਂ 30 ਅਪਰੈਲ 1986 ਦੇ ਦਿਨ ਦਰਬਾਰ ਸਾਹਿਬ 'ਤੇ ਹਮਲਾ ਕਰਨ ਮਗਰੋਂ ਬਾਦਲ-ਟੌਹੜਾ ਗਰੁਪ ਨੇ ਵੱਖਰਾ ਅਕਾਲੀ ਦਲ ਬਣਾ ਲਿਆ। ਬਰਨਾਲੇ ਨੂੰ ਕੁਝ ਚਿਰ ਵਰਤਣ ਮਗਰੋਂ ਰਾਜੀਵ ਨੇ ਰੱਦ ਕਰ ਦਿੱਤਾ। ਬਾਦਲ-ਟੌਹੜਾ ਗਰੁਪ ਨੂੰ ਇਸ ਨਾਲ ਹੋਰ ਤਾਕਤ ਮਿਲੀ ਪਰ ਇਸ ਵੇਲੇ ਖਾੜਕੂ ਦੌਰ ਸ਼ੁਰੂ ਹੋ ਗਿਆ। ਖਾੜਕੂ ਗਰੁਪ ਨੇ ਸਿਮਰਨਜੀਤ ਸਿੰਘ ਮਾਨ ਨੂੰ ਲੀਡਰ ਮੰਨ ਲਿਆ। 1989 ਦੀਆਂ ਚੋਣਾਂ ਵਿਚ ਖਾੜਕੂਆਂ ਦੇ ਉਮੀਦਵਾਰਾਂ ਨੇ ਪੰਜਾਬ 'ਚ ਪਾਰਲੀਮੈਂਟ ਚੋਣਾਂ 'ਚ ਹੂੰਝਾ-ਫੇਰ ਜਿੱਤ ਹਾਸਲ ਕੀਤੀ। 1992 ਤਕ ਖਾੜਕੂਆਂ ਦਾ ਦੌਰ ਭਾਰੂ ਰਿਹਾ ਤੇ ਬਾਦਲ-ਟੌਹੜਾ ਗਰੁਪ ਦੀ ਤਾਕਤ ਨਾ ਬਣ ਸਕੀ। 1992 'ਚ ਖਾੜਕੂਆਂ ਦਾ ਕਤਲੇਆਮ ਸ਼ੁਰੂ ਹੋ ਗਿਆ ਅਤੇ ਉਨ੍ਹਾਂ ਦਾ ਜ਼ਵਾਲ ਸ਼ੁਰੂ ਹੋ ਗਿਆ। 1995 ਤਕ ਖਾੜਕੂ ਲਹਿਰ ਤਕਰੀਬਨ ਮੁੱਕ ਚੁੱਕੀ ਸੀ। ਇਸ ਮਗਰੋਂ ਅਕਾਲੀ ਦਲ ਦੇ ਦੋ ਧੜੇ ਤਾਕਤਵਰ ਗਰੁਪ ਬਣ ਗਏ: ਟੌਹੜਾ-ਮਾਨ ਗਰੁਪ ਤੇ ਬਾਦਲ ਗਰੁਪ। ਕੁਝ ਚਿਰ ਮਗਰੋਂ ਬਾਦਲ ਤੇ ਟੌਹੜਾ ਨੇੜੇ ਆ ਗਏ। ਇੰਞ ਮਾਨ ਗਰੁਪ ਦੀ ਤਾਕਤ ਘੱਟ ਗਈ। ਹੌਲੀ-ਹੌਲੀ ਬਾਦਲ-ਟੌਹੜਾ ਗਰੁਪ ਵਧੇਰੇ ਤਾਕਤਵਾਰ ਹੁੰਦਾ ਗਿਆ। 1996 ਦੀਆਂ ਗੁਰਦੁਆਰਾ ਚੋਣਾਂ 'ਚ ਬਾਦਲ ਟੌਹੜਾ ਗਰੁਪ ਨੇ 95 ਫ਼ੀ ਸਦੀ ਸਿੱਟਾਂ ਜਿੱਤ ਲਈਆਂ। ਮਾਨ ਕੋਲ ਸਿਰਫ 8 ਸੀਟਾਂ ਹੀ ਰਹੀਆਂ। ਫਿਰ ਫ਼ਰਵਰੀ 1997 ਵਿਚ ਅਸੈਂਬਲੀ ਦੀਆਂ ਚੋਣਾਂ ਵਿਚ ਬਾਦਲ-ਟੌਹੜਾ ਗਰੁਪ ਨੇ ਭਾਰਤੀ ਜਨਤਾ ਪਾਰਟੀ ਨਾਲ ਰਲ ਕੇ ਚੋਣਾਂ ਲੜ ਕੇ ਦੋ-ਤਿਹਾਈ ਤੋਂ ਵੀ ਸੀਟਾਂ ਜਿੱਤ ਕੇ ਸਰਕਾਰ ਬਣਾਈ। ਫ਼ਰਵਰੀ 1998 ਵਿਚ ਪਾਰਲੀਮੈਂਟ ਦੀਆਂ ਚੋਣਾਂ ਵਿਚ ਅਕਾਲੀ ਦਲ (ਬਾਦਲ-ਟੌਹੜਾ) ਨੇ ਸਾਰੀਆਂ ਸੀਟਾਂ ਜਿੱਤ ਕੇ ਆਪਣੀ ਚੜ੍ਹਤ ਕਾਇਮ ਰੱਖੀ। ਭਾਵੇਂ ਇਸ ਵੇਲੇ ਤਕ ਕਈ ਅਕਾਲੀ ਵਰਕਰ ਸਰਕਾਰ ਤੋਂ ਬਹੁਤ ਨਿਰਾਸ਼ ਸਨ, ਪਰ ਉਨ੍ਹਾਂ ਨੇ ਅਕਾਲੀ ਦਲ ਨੂੰ ਭਰਵਾਂ ਹੁੰਗਾਰਾ ਦਿੱਤਾ ਤੇ ਪੰਜਾਬ ਵਿਚ ਕਾਂਗਰਸ ਪਾਰਟੀ ਨੂੰ ਇਕ ਵੀ ਸੀਟ ਨਾ ਜਿੱਤਣ ਦਿੱਤੀ। 1999 ਵਿਚ ਬਾਦਲ ਨੇ ਟੌਹੜਾ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ। ਇਸ ਮਗਰੋਂ 2002 ਵਿਚ ਹੋਈਆਂ ਅਸੈਂਬਲੀ ਚੋਣਾਂ ਵਿਚ ਬਾਦਲ ਧੜੇ ਨੂੰ ਬੁਰੀ ਤਰ੍ਹਾਂ ਹਾਰ ਹੋਈ। 2004 ਵਿਚ ਬਾਦਲ ਤੇ ਟੌਹੜਾ ਫਿਰ ਇਕੱਠੇ ਹੋ ਗਏ। ਅਗਲੇ ਸਾਲ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆਂ ਜਿਸ ਵਿਚ ਬਾਦਲ ਧੜੇ ਦੀਆਂ ਸੀਟਾਂ 95% ਤੋਂ ਘਟ ਕੇ 70%

ਰਹਿ ਗਈਆਂ। 2007 ਦੀਆਂ ਅਸੈਂਬਲੀ ਚੋਣਾਂ ਵਿਚ ਬਾਦਲ ਅਕਾਲੀ ਦਲ ਨੇ 117 ਵਿਚੋਂ ਸਿਰਫ਼ 46 ਸੀਟਾਂ (ਕਾਂਗਰਸ ਨੇ 41) ਜਿੱਤੀਆਂ ਤੇ 19 ਸ਼ਹਿਰੀ ਸੀਟਾਂ ਭਾਜਪਾ ਜਿੱਤ ਗਈ। ਬਾਦਲ ਨੇ ਭਾਜਪਾ ਦੀ ਮਦਦ ਨਾਲ ਚੀਫ਼ ਮਨਿਸਟਰੀ ਹਾਸਿਲ ਕੀਤੀ।

ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਸਭ ਤੋਂ ਵੱਡੀ ਜਮਾਤ ਹੈ। ਅਕਾਲੀ ਦਲ ਸਿੱਖਾਂ ਦੀ ਬਹੁਗਿਣਤੀ ਦੀ ਨੁਮਾਇੰਦਗੀ ਕਰਦਾ ਹੈ। ਪਰ 1996 ਵਿਚ, ਪ੍ਰਕਾਸ਼ ਸਿੰਘ ਬਾਦਲ ਨੇ ਇਸ ਦਾ ਧਾਰਮਿਕ ਨਿਸ਼ਾਨਾ ਬਦਲ ਦਿੱਤਾ, ਜਦੋਂ ਉਸ ਨੇ ਇਸ ਦੇ ਮੁੱਢਲੇ ਅਸੂਲਾਂ ਦਾ ਖ਼ਾਤਮਾ ਕਰਨ ਲਈ ਗ਼ੈਰ-ਸਿੱਖਾਂ ਨੂੰ ਆਪਣੇ ਧੜੇ ਦੇ ਦਲ ਵਿਚ ਸ਼ਾਮਿਲ ਕਰਨ ਦੀ ਇਜਾਜ਼ਤ ਦੇ ਦਿੱਤੀ। ਮਗਰੋਂ ਪਰਕਾਸ਼ ਬਾਦਲ ਗਰੁੱਪ ਨੇ ਇਕ-ਇਕ ਕਰ ਕੇ ਸਾਰਾ ਸਿੱਖ ਅਜੰਡਾ ਖ਼ਤਮ ਕਰ ਦਿੱਤਾ । ਖ਼ਾਸ ਕਰ ਕੇ 2005 ਤੋਂ ਮਗਰੋਂ ਤਾਂ ਬਾਦਲ ਨੇ ਐਂਟੀ-ਸਿੱਖ ਅਜੰਡਾ ਅਪਣਾ ਲਿਆ। ਅੱਜ ਬਾਦਲ ਧੜਾ ਆਰ.ਐਸ.ਐਸ. ਤੋਂ ਵਧ ਐਂਟੀ-ਸਿੱਖ ਹੈ।

ਅੱਜ 2010 ਵਿਚ ਕਈ ਹਰ ਨਿੱਕੇ-ਵੱਡੇ ਅਕਾਲੀ ਦਲ ਵੀ ਕਾਇਮ ਹਨ। ਬਾਦਲ ਗਰੁੱਪ ਤਾਂ ਸਿੱਖ-ਦੁਸ਼ਮਣ ਹੋ ਚੁਕਾ ਹੈ (ਤੇ ਬਾਕੀ ਗਰੁੱਪ ਬਸ ਜ਼ਰਾ-ਮਾਸਾ ਹੀ ਵਜੂਦ ਰਖਦੇ ਹਨ)। ਹੋਰ ਦੇਖੋ: **ਅਕਾਲੀ**।

ਸ਼੍ਰੋਮਣੀ ਅਕਾਲੀ ਦਲ (ਦਾ ਇਤਿਹਾਸ): ਇਹ ਕਿਤਾਬ ਡਾ: ਹਰਜਿੰਦਰ ਸਿੰਘ ਦਿਲਗੀਰ ਦੀ ਲਿਖੀ ਹੋਈ ਹੈ। ਇਸ ਵਿਚ 1920 ਤੋਂ 2000 ਤਕ ਦੀ ਅਕਾਲੀ ਦਲ ਦੀ ਤਵਾਰੀਖ਼ ਹੈ। ਇਸ ਵਿਚ ਦਲ ਦੇ 200 ਦੇ ਕਰੀਬ ਆਗੂਆਂ ਦੀਆਂ ਤਸਵੀਰਾਂ ਵੀ ਹਨ। ਇਹ ਕਿਤਾਬ ਸ਼੍ਰੋਮਣੀ ਅਕਾਲੀ ਦਲ ਦੇ ਜਨਮ ਬਾਰੇ ਅਤੇ ਤਵਾਰੀਖ਼ ਵਿਚ ਇਸ ਦੇ ਰੋਲ ਬਾਰੇ ਅਹਿਮ ਜਾਣਕਾਰੀ ਦੇਂਦੀ ਹੈ। ਇਸ ਕਿਤਾਬ ਦਾ ਪਹਿਲਾ ਐਡੀਸ਼ਨ 1978 ਵਿਚ ਛਾਪਿਆ ਗਿਆ ਅਤੇ ਦੂਸਰਾ (ਵਧਾ ਕੇ) 2000 ਵਿਚ ਛਾਪਿਆ ਗਿਆ ਸੀ, ਜੋ ਕਿ ਅਕਾਲੀ ਦਲ ਪਾਰਟੀ ਬਾਰੇ ਸਭ ਤੋਂ ਵਧ ਸਮੱਗਰੀ ਨਾਲ ਭਰਪੂਰ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ਼ਿਰੋਮਣੀ ਕਮੇਟੀ), ਉਹ ਅਦਾਰਾ ਹੈ, ਜੋ ਗੁਰਦੁਆਰਾ ਐਕਟ-1925 ਦੀ ਸੂਚੀ ਵਿਚ ਦਰਜ ਤਵਾਰੀਖ਼ੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਸਿੱਖ ਬਾਲਗਾਂ ਦੀਆਂ ਵੋਟਾਂ ਨਾਲ ਚੁਣੀ ਜਾਂਦੀ ਹੈ। ਇਸ ਸੂਚੀ ਵਿਚ ਪੰਜਾਬ, ਹਰਿਆਣਾ, ਹਿਮਾਂਚਲ ਅਤੇ ਚੰਡੀਗੜ੍ਹ ਦੇ ਗੁਰਦੁਆਰੇ ਸ਼ਾਮਿਲ ਹਨ। (ਪਹਿਲਾਂ ਇਸ ਵਿਚ ਉਹ ਗੁਰਦੁਆਰੇ ਵੀ ਸ਼ਾਮਿਲ ਸਨ, ਜੋ 1947 ਵਿਚ ਪਾਕਿਸਤਾਨ ਬਣਨ ਤੋਂ ਬਾਅਦ ਪੱਛਮੀ ਪੰਜਾਬ ਵਿਚ ਰਹਿ ਗਏ ਸਨ। ਇਨ੍ਹਾਂ ਗੁਰਦੁਆਰਿਆਂ 'ਤੇ ਪਾਕਿਸਤਾਨ ਸਰਕਾਰ ਔਕਾਫ਼ ਰਾਹੀਂ ਕੰਟਰੋਲ ਕਰਦੀ ਹੈ। ਪਿੱਛੇ ਜਿਹੇ ਪਾਕਿਸਤਾਨ ਨੇ ਵੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ "ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ" ਬਣਾ ਦਿੱਤੀ, ਜਿਸ ਦਾ ਪ੍ਰਧਾਨ ਪਹਿਲੋਂ ਇੱਕ ਮੁਸਲਮਾਨ ਸੀ। ਅਕਤੂਬਰ 2004 ਵਿਚ, ਮੁਸਲਿਮ ਪ੍ਰਧਾਨ ਦੀ ਥਾਂ 'ਤੇ ਇਕ ਸਿੱਖ ਨੂੰ ਰਸਮੀ ਤੌਰ 'ਤੇ ਪ੍ਰਧਾਨ ਬਣਾ ਦਿੱਤਾ ਗਿਆ ਸੀ।

ਗੁਰਦੁਆਰਾ ਐਕਟ ਬਣਾਉਣ ਵਾਸਤੇ 1920 ਤੋਂ 1925 ਤਕ ਬੜੀ ਜੱਦੋ-ਜਹਿਦ ਕਰਨੀ ਪਈ ਸੀ। ਇਸ ਦੌਰਾਨ 50 ਹਜ਼ਾਰ ਸਿੱਖ ਗ੍ਰਿਫ਼ਤਾਰ ਹੋਏ, 5 ਸੌ ਸ਼ਹੀਦ ਹੋਏ, 3 ਹਜ਼ਾਰ ਜ਼ਖ਼ਮੀ ਹੋਏ ਅਤੇ ਲੱਖਾਂ ਰੁਪਏ ਜੁਰਮਾਨੇ ਵੀ ਭਰਨੇ ਪਏ।

ਇਸ ਕਾਨੂੰਨ ਦੇ ਬਾਵਜੂਦ ਕਈ ਗੁਰਦੁਆਰੇ (ਪਾਉਂਟਾ, ਡੇਹਰਾਦੂਨ, ਬਿਹਾਰ, ਨੰਦੇੜ, ਪਟਨਾ ਸਾਹਿਬ ਵਗੈਰਾ) ਸਿੱਖਾਂ ਨੂੰ ਨਹੀਂ ਮਿਲ ਸਕੇ। 1947 ਤੋਂ ਮਗਰੋਂ ਵੀ ਇਸ ਵਿਚ ਕਈ ਤਰਮੀਮਾਂ ਕੀਤੀਆਂ ਗਈਆਂ। ਸਭ ਤੋਂ ਵੱਡੀ ਧੱਕੇਸ਼ਾਹੀ ਸੀ ਪਤਿਤ ਅਤੇ ਅਖੌਤੀ-ਸਹਿਜਧਾਰੀ ਦੇ ਨਾਂ 'ਤੇ ਹਿੰਦੂਆਂ ਦਾ ਕਮੇਟੀ ਦੀਆਂ ਚੋਣਾਂ ਵਿਚ ਵੋਟਰ ਬਣਨਾ। ਇਹ ਧੱਕਾ 2004 ਵਿਚ ਕਾਨੂੰਨੀ ਤੌਰ 'ਤੇ ਖ਼ਤਮ ਹੋਇਆ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹਰੇਕ ਪੰਜ ਸਾਲਾਂ ਬਾਅਦ ਕਰਵਾਈਆਂ ਜਾਂਦੀਆ ਹਨ ਭਾਵੇਂ 1965 ਤੋਂ ਮਗਰੋਂ, ਪਿਛਲੇ 39 ਸਾਲਾਂ ਵਿਚ ਸਿਰਫ਼ ਤਿੰਨ ਵਾਰ ਹੀ (1979, 1996 ਅਤੇ 2004 ਵਿਚ) ਚੋਣਾਂ ਕਰਵਾਈਆਂ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਹਮੇਸ਼ਾ 90% ਵੋਟਾਂ ਹਾਸਿਲ ਕਰਦਾ ਆਇਆ ਹੈ (2004 ਨੂੰ ਛੱਡ ਕੇ, ਜਦੋਂ ਪੰਥਕ ਮੋਰਚਾ ਦੇ ਸਾਰੇ ਧੜਿਆਂ ਨੇ 42% ਵੋਟਾਂ ਪ੍ਰਾਪਤ ਕੀਤੀਆਂ ਸਨ)। 1948, 1958 ਅਤੇ 1962 ਵਿਚ, ਭਾਰਤੀ ਸਰਕਾਰ ਨੇ ਮੈਂਬਰ ਖ਼ਰੀਦ ਕੇ ਸ਼੍ਰੋਮਣੀ ਕਮੇਟੀ ਉੱਪਰ ਕਬਜ਼ਾ ਤਾਂ ਕਰ ਲਿਆ ਪਰ ਅਗਲੀਆਂ ਚੋਣਾਂ ਵਿਚ ਬੁਰੀ ਤਰ੍ਹਾਂ ਹਾਰ ਖਾਧੀ।

ਸ਼੍ਰੋਮਣੀ ਕਮੇਟੀ ਦੇ ਪਹਿਲੇ ਪ੍ਰਧਾਨ ਸੁੰਦਰ ਸਿੰਘ ਮਜੀਠਿਆ, ਹਰਬੰਸ ਸਿੰਘ ਅਟਾਰੀ ਤੇ ਬਾਬਾ ਖੜਕ ਸਿੰਘ ਸਨ। 1926 ਵਿਚ 'ਗੁਰਦੁਆਰਾ ਐਕਟ' ਹੇਠ ਹੋਈਆਂ ਚੋਣਾਂ ਵਿਚ ਬਾਬਾ ਖੜਕ ਸਿੰਘ ਪਹਿਲੇ ਪ੍ਰਧਾਨ ਬਣੇ। ਉਨ੍ਹਾਂ ਤੋਂ ਮਗਰੋਂ ਮਾਸਟਰ ਤਾਰਾ ਸਿੰਘ, ਗੋਪਾਲ ਸਿੰਘ ਕੌਮੀ, ਪ੍ਰਤਾਪ ਸਿੰਘ ਸ਼ੰਕਰ, ਮੋਹਨ ਸਿੰਘ ਨਾਗੋਕੇ, ਊਧਮ ਸਿੰਘ ਨਾਗੋਕੇ, ਚੰਨਣ ਸਿੰਘ ਉਰਾੜਾ, ਨਾਹਰ ਸਿੰਘ, ਪ੍ਰੀਤਮ ਸਿੰਘ ਖੁੜੰਜ, ਈਸ਼ਰ ਸਿੰਘ ਮਝੈਲ, ਬਾਵਾ ਹਰਕਿਸ਼ਨ ਸਿੰਘ, ਪ੍ਰੇਮ ਸਿੰਘ ਲਾਲਪੁਰਾ, ਅਜੀਤ ਸਿੰਘ ਬਾਲਾ, ਕਿਰਪਾਲ ਸਿੰਘ ਚਕਸ਼ੇਰਾ, ਚੰਨਣ ਸਿੰਘ, ਗੁਰਚਰਨ ਸਿੰਘ ਟੌਹੜਾ, ਬਲਦੇਵ ਸਿੰਘ ਸਿਬੀਆ, ਜਗੀਰ ਕੌਰ, ਜਗਦੇਵ ਸਿੰਘ ਤਲਵੰਡੀ, ਕਿਰਪਾਲ ਸਿੰਘ ਬਡੂੰਗਰ, ਅਵਤਾਰ ਸਿੰਘ ਮੱਕੜ ਵਗੈਰਾ ਵੀ ਪ੍ਰਧਾਨ ਬਣੇ।

ਸ਼੍ਰੋਮਣੀ ਕਮੇਟੀ ਕੋਲ ਹਰੇਕ ਸਾਲ ਦਾ 250 ਕਰੋੜ ਰੁਪੈ ਦਾ ਬਜਟ ਹੁੰਦਾ ਹੈ। ਇਹ ਇਕ ਤਰ੍ਹਾਂ ਨਾਲ "ਰਾਜ ਦੇ ਵਿੱਚ ਰਾਜ" ਦੀ ਤਰ੍ਹਾਂ ਹੈ। ਸ਼੍ਰੋਮਣੀ ਕਮੇਟੀ "ਸਿੱਖਾਂ ਦੀ ਪਾਰਲੀਮੈਂਟ" ਬਣ ਸਕਦੀ ਹੈ ਪਰ ਇਸ ਅਕਾਲੀ ਦਲ ਵੱਲੋਂ ਨਾਮਜ਼ਦ ਕੀਤੇ ਜਾਂਦੇ ਮੈਂਬਰਾਂ ਵਿਚੋਂ ਬਹੁਤੇ ਤਾਂ ਸਹੀ ਸਿੱਖ ਵੀ ਨਹੀਂ ਹੁੰਦੇ ਇਸ ਕਰ ਕੇ ਇਸ ਦਾ ਅਸਲ ਮਕਸਦ ਖ਼ਤਮ ਹੋ ਚੁਕਾ ਹੈ। ਉਂਞ ਵੀ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਚੋਣ ਦਾ ਤਰੀਕਾ ਸਿੱਖੀ ਸਿਧਾਂਤਾਂ ਨਾਲ ਮੇਲ ਨਹੀਂ ਖਾਂਦਾ। ਇਕ ਸਿਆਸੀ ਜਮਾਤ, ਕਲਬ, ਯੂਨੀਅਨ ਅਤੇ ਗੁਰਦੁਆਰੇ ਦੀ ਸੇਵਾ ਸੰਭਾਲ ਕਰਨ ਵਾਲਿਆਂ ਦੀ ਚੋਣ ਦਾ ਢੰਗ ਵੱਖ-ਵੱਖ ਹੋਣਾ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਤੋਂ ਇਲਾਵਾ, 60 ਤੋਂ ਵੱਧ ਸਕੂਲ ਅਤੇ ਕਾਲਜ ਵੀ ਚਲਾਉਂਦੀ ਹੈ ਪਰ ਇਨ੍ਹਾਂ ਵਿਚੋਂ ਕੋਈ ਵੀ ਅਦਾਰਾ ਕੋਈ ਧਾਰਮਿਕ ਰੋਲ ਅਦਾ ਨਹੀਂ ਕਰ ਰਿਹਾ, ਕਿਉਂਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ (ਖ਼ਾਸ ਤੌਰ 'ਤੇ ਗੁਰਚਰਨ ਸਿੰਘ ਟੌਹੜਾ) ਨੇ ਜ਼ਿਆਦਾਤਰ ਨੌਕਰੀਆਂ ਕਮਿਊਨਿਸਟਾਂ, ਗੈਰ-ਸਿੱਖਾਂ ਅਤੇ ਸਿੱਖੀ ਵਿੱਚ ਯਕੀਨ ਨਾ ਰੱਖਣ ਵਾਲਿਆਂ ਨੂੰ ਦਿੱਤੀਆਂ ਸਨ। ਇੰਞ ਹੀ

ਧਰਮ ਪ੍ਰਚਾਰ ਦੇ ਕੰਮਾਂ ਦੇ ਨਾਂ 'ਤੇ ਸ਼੍ਰੋਮਣੀ ਕਮੇਟੀ ਦੇ ਕਰੋੜਾਂ ਰੁਪਿਆਂ ਦੇ ਫ਼ੰਡ ਗਬਨ ਕਰ ਲਏ ਜਾਂਦੇ ਹਨ ਤੇ ਘਾਲਾ-ਮਾਲਾ ਕਰ ਲਿਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਉੱਤੇ ਇਕ ਹੋਰ ਦਾਗ਼ ਇਹ ਵੀ ਹੈ ਸਿਆਸੀ ਅੱਡਾ ਬਣਦੀ ਜਾ ਰਹੀ ਹੈ। ਗੁਰਚਰਨ ਸਿੰਘ ਟੌਹੜਾ 25 ਸਾਲਾਂ ਤੋਂ ਵੱਧ ਇਸ ਦਾ ਪ੍ਰਧਾਨ ਰਿਹਾ ਸੀ ਇਸ ਲਈ ਇਸ ਦੀ ਕਾਰਗੁਜ਼ਾਰੀ ਵਿਚ ਖੜੋਤ ਆ ਗਈ ਸੀ। ਟੌਹੜੇ ਦੀ ਮੌਤ (30.4.2004) ਤੋਂ ਬਾਅਦ ਇਹ ਅਦਾਰਾ ਧਾਰਮਿਕ ਨਾਲੋਂ ਸਿਆਸੀ ਵਧੇਰੇ ਬਣ ਗਿਆ ਹੈ ਕਿਉਂਕਿ ਪ੍ਰਕਾਸ਼ ਬਾਦਲ ਇਸ ਨੂੰ ਪਾਰਟੀ ਅਤੇ ਨਿੱਜੀ ਫ਼ਾਇਦਿਆਂ ਲਈ ਵਰਤਦਾ ਹੈ।

ਸ਼੍ਰੋਮਣੀ ਕਮੇਟੀ ਦੀ ਹਾਲਤ ਫਿਰ 1920 ਤੋਂ ਪਹਿਲਾਂ ਮਹੰਤਾਂ ਵਾਲੀ ਹੋ ਚੁਕੀ ਹੈ। ਸ਼੍ਰੋਮਣੀ ਕਮੇਟੀ ਦਾ ਬਹੁਤਾ ਪੈਸਾ, ਕਾਬਜ਼ (ਬਾਦਲ) ਧੜੇ ਦੇ, ਸਿਆਸੀ ਤੇ ਬਾਦਲ ਧੜੇ ਦੀ ਲੀਡਰਸ਼ਿਪ ਦੇ ਨਿਜੀ ਪ੍ਰਚਾਰ ਵਾਸਤੇ ਗੁਆਇਆ ਜਾ ਰਿਹਾ ਹੈ। ਧਰਮ ਪ੍ਰਚਾਰ ਦੇ ਫ਼ੰਡ ਨੂੰ ਵੀ ਅ-ਸਿੱਖ ਕਾਰਵਾਈਆਂ ਵਾਸਤੇ ਲੁੱਟਿਆ ਜਾ ਰਿਹਾ ਹੈ। ਬਾਦਲ ਦੇ ਬਣਾਏ ਪ੍ਰਧਾਨਾਂ ਵਿੱਚੋਂ ਅਲਵਿੰਦਰਪਾਲ ਸਿੰਘ ਪੱਖੋਕੇ ਅਤੇ ਜਾਗੀਰ ਕੌਰ ਨੇ ਤਾਂ ਇਸ ਦੇ ਫ਼ੰਡਾਂ ਦੀ ਖ਼ੂਬ ਲੁੱਟ-ਖਸੁੱਟ ਮਚਾਈ ਸੀ। ਅਵਤਾਰ ਸਿੰਘ ਮੱਕੜ ਵਿਚਾਰਾ ਸਿਰਫ਼ ਬਾਦਲ ਦੇ ਹੁਕਮ 'ਤੇ ਹੀ ਚਲਦਾ ਹੈ ਅਤੇ ਬਾਦਲ ਦੀਆਂ ਹਦਾਇਤਾਂ ਵਿਚ ਸ਼੍ਰੋਮਣੀ ਕਮੇਟੀ ਕੁਰਪਸ਼ਨ, ਕੁਧਰਮ, ਵਿਭਚਾਰ ਤੇ ਪਾਪ ਦਾ ਅੱਡਾ ਬਣ ਕੇ ਰਹਿ ਗਈ ਹੈ। ਇਸ ਦੀ ਜ਼ਿੰਮੇਦਾਰੀ ਸਿਰਫ਼ ਪ੍ਰਕਾਸ਼ ਸਿੰਘ ਬਾਦਲ 'ਤੇ ਆਉਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਮ ਬਾਰੇ ਤਫ਼ਸੀਲ ਜਾਣਨ ਵਾਸਤੇ ਪੜ੍ਹੋ ਕਿਤਾਬ: **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?** ਅਤੇ 1978 ਤੋਂ 2008 ਤਕ ਦੇ ਹਾਲਤਾਂ ਵਾਸਤੇ ਪੜ੍ਹੋ: **ਸਿੱਖ ਤਵਾਰੀਖ਼** (5 ਜਿਲਦਾਂ ਵਿਚ)।

ਹਉਮੈ: ਹਉਮੈ ਲਫ਼ਜ਼ 'ਹਉਂ' (ਅਹਿਮ=ਮੈਂ) ਅਤੇ 'ਮੈਂ' ਤੋਂ ਬਣਿਆ ਹੈ, ਜਿਸ ਦਾ ਮਾਅਨਾ ਹੈ: ਮੈਂ ਅਤੇ ਮੈਂ, ਯਾਨਿ ਸਿਰਫ਼ 'ਮੈਂ ਹੀ ਮੈਂ'। ਸਿਰਫ਼ "ਮੈਂ-ਮੈਂ" ਨੂੰ ਪਹਿਲ ਦੇਣ ਨੂੰ ਹਉਮੈ ਆਖਿਆ ਜਾਂਦਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ, ਇਹ ਹਉਮੈ ਹੀ ਹੈ, ਜੋ ਰੱਬ ਅਤੇ ਇਨਸਾਨ ਦੇ ਵਿਚਕਾਰ ਰੁਕਾਵਟ ਬਣ ਕੇ ਖੜ੍ਹੀ ਰਹਿੰਦੀ ਹੈ। ਹਉਮੈ ਵਾਲਾ ਇਨਸਾਨ ਰੱਬ ਨੂੰ ਵੀ ਦੂਜੇ ਥਾਂ 'ਤੇ ਰਖਦਾ ਹੈ। ਇੱਕ ਹਉਮੈ ਭਰਿਆ ਇਨਸਾਨ ਕੁਦਰਤ, ਇਨਸਾਨੀਅਤ ਅਤੇ ਰੱਬ ਨਾਲ ਪਿਆਰ ਨਹੀਂ ਕਰ ਸਕਦਾ ਕਿਉਂ ਕਿ ਪਿਆਰ ਕਰਨ ਵਾਸਤੇ ਕੁਰਬਾਨੀ ਦਾ ਜਜ਼ਬਾ ਹੋਣਾ ਚਾਹੀਦਾ ਹੈ ਪਰ ਹਉਮੈ ਵਾਲੇ ਨੂੰ ਖ਼ੁਦ ਤੋਂ ਸਿਵਾ ਹੋਰ ਕੁਝ ਅਹਿਮ, ਵੱਡਾ, ਚੰਗਾ ਨਜ਼ਰ ਨਹੀਂ ਆਉਂਦਾ।

> *ਹਉ ਵਿਚਿ ਆਇਆ ਹਉ ਵਿਚਿ ਗਇਆ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ॥ ਹਉ ਵਿਚਿ ਦਿਤਾ ਹਉ ਵਿਚਿ ਲਇਆ॥ ਹਉ ਵਿਚਿ ਖਟਿਆ ਹਉ ਵਿਚਿ ਗਇਆ॥ ਹਉ ਵਿਚਿ ਸਚਿਆਰੁ ਕੂੜਿਆਰੁ॥ ਹਉ ਵਿਚਿ ਪਾਪ ਪੁੰਨ ਵੀਚਾਰੁ॥ ਹਉ ਵਿਚਿ ਨਰਕਿ ਸੁਰਗਿ ਅਵਤਾਰੁ॥ ਹਉ ਵਿਚਿ ਹਸੈ ਹਉ ਵਿਚਿ ਰੋਵੈ॥ ਹਉ ਵਿਚਿ ਭਰੀਐ ਹਉ ਵਿਚਿ ਧੋਵੈ॥ ਹਉ ਵਿਚਿ ਜਾਤੀ ਜਿਨਸੀ ਖੋਵੈ॥ ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ॥ ਮੋਖ ਮੁਕਤਿ ਕੀ ਸਾਰ ਨ ਜਾਣਾ॥ ਹਉ ਵਿਚਿ ਮਾਇਆ ਹਉ ਵਿਚਿ ਛਾਇਆ॥ ਹਉਮੈ ਕਰਿ ਕਰਿ ਜੰਤ ਉਪਾਇਆ॥ ਹਉਮੈ ਬੂਝੈ ਤਾ ਦਰੁ ਸੂਝੈ॥... (ਗੁਰੂ ਗ੍ਰੰਥ ਸਾਹਿਬ, ਸਫ਼ਾ 466)*

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥ ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥ (ਸਫ਼ਾ 466)

ਪਰ ਇਹ 'ਹਉਮੈ' ਵੀ ਰੱਬ ਦੀ ਹੀ ਪੈਦਾ ਕੀਤੀ ਹੋਈ ਹੈ। ਜਦੋਂ ਇਨਸਾਨ ਹਉਮੈ ਦੇ ਭਰਮ ਨੂੰ ਸਮਝ ਜਾਂਦਾ ਹੈ, ਤਾਂ ਰੱਬ ਅਤੇ ਇਨਸਾਨ ਵਿਚਕਾਰ ਦਾ ਫ਼ਾਸਲਾ ਖ਼ਤਮ ਹੋ ਜਾਦਾ ਹੈ। ਹਉਮੈ ਤੋਂ ਛੁਟਕਾਰਾ ਪਾਉਣ ਵਾਸਤੇ ਸ਼ਬਦ (ਰੱਬ ਦਾ ਨਾਂ ਜਪਣਾ) ਹੀ ਮਦਦ ਕਰ ਸਕਦਾ ਹੈ। ਜਦੋਂ ਇਨਸਾਨ ਉਸ ਵਾਹਿਗੁਰੂ ਦੇ ਹੁਕਮ ਵਿਚ ਰਹਿ ਕੇ ਜੀਣ ਦੀ ਕੋਸ਼ਿਸ਼ ਕਰਦਾ ਹੈ ਤਾਂ ਹਉਮੈ ਖਤਮ ਹੋ ਜਾਂਦੀ ਹੈ। ਹਉਮੈ ਝੂਠ/ਕੂੜ ਦਾ ਪਰਦਾ ਹੈ। ਇਹ ਰੱਬ ਦੀ ਬਜਾਏ ਆਪਣੇ ਮਨ ਦੀ ਆਵਾਜ਼ ਨੂੰ ਸੁਣਨ ਨਾਲ ਪੈਦਾ ਹੁੰਦੀ ਹੈ। ਕਿਉਂਕਿ ਹਉਮੈ ਮੁਕਤੀ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਹੈ, ਗੁਰੂ ਸਾਹਿਬਾਨ ਨੇ ਇਸ ਨੂੰ ਦੀਰਘ (ਸਭ ਤੋਂ ਵੱਡਾ) ਰੋਗ ਦਰਸਾਇਆ ਹੈ।

ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ॥ *ਸਤਿਗੁਰੁ ਮਿਲੈ ਤ ਨਦਰਿ ਹੋਇ ਮਨਮੁਖ ਅੰਧ ਅੰਧਿਆਰ॥ ਨਾਨਕ ਆਪੇ ਮੇਲਿ ਲਏ ਜਿਸ ਨੋ ਸਬਦਿ ਲਾਏ ਪਿਆਰੁ॥ (ਸਫ਼ਾ 312)*

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥ *ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥ ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥ ਰਹਾਉ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥ ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥ ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥ ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ॥ ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ॥ (ਸਫ਼ਾ 560)*

ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ॥ *ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ॥ (ਸਫ਼ਾ 589)*

ਪਰ, ਗੁਰੂ ਸਾਹਿਬਾਨ ਨੇ ਇਸ ਬਿਮਾਰੀ ਨੂੰ ਲਾ ਇਲਾਜ ਨਹੀਂ ਕਿਹਾ ਅਤੇ ਇਸ ਦਾ ਇਲਾਜ ਰੱਬ ਦਾ ਨਾਂ ਜਪਣ ਵਿਚ ਦੱਸਿਆ ਹੈ। ਹਉਮੈ ਤੋਂ ਛੁਟਕਾਰਾ ਪਾਉਣ ਲਈ ਹਰੇਕ ਨੂੰ ਆਪਣਾ ਜੀਵਨ ਰੱਬ ਦੀ ਭਗਤੀ/ਪਿਆਰ ਵਿਚ ਜੀਉਣਾ ਚਾਹੀਦਾ ਹੈ। ਇਨਸਾਨ ਸਾਧ ਸੰਗਤ ਵਿਚ ਜਾ ਕੇ ਵੀ ਇਹ ਮੁਕਾਮ ਹਾਸਿਲ ਕਰ ਸਕਦਾ ਹੈ, ਪਰ ਅਖ਼ੀਰਲਾ ਹੁਕਮ ਵਾਹਿਗੁਰੂ ਦੀ ਮਿਹਰ ਹੀ ਹੈ, ਜੋ ਹਉਮੈ ਦਾ ਖ਼ਾਤਮਾ ਕਰਦੀ ਹੈ।

ਨਾਮਿ ਰਤੇ ਮਨੁ ਨਿਰਮਲੁ ਹੋਇ॥ ***ਹਰਿ ਗੁਣ ਗਾਵੈ ਹਉਮੈ ਮਲੁ ਖੋਇ॥*** *(ਸਫ਼ਾ 841)*

ਨਾਮੇ ਰਾਤੇ, ਹਉਮੈ ਜਾਇ॥ ਨਾਮਿ ਰਤੇ, ਸਚਿ ਰਹੇ ਸਮਾਇ॥ (ਸਫ਼ਾ 941)

ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ॥ *ਜਰਾ ਜੋਹਿ ਨ ਸਕਈ*

ਸਚਿ ਰਹੈ ਲਿਵ ਲਾਇ॥ ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥ (ਸਫ਼ਾ 1009-10)

ਹਉਮੈ ਮਾਰੇ ਸਬਦਿ ਨਿਵਾਰੇ॥ ਹਰਿ ਕਾ ਨਾਮੁ ਰਖੈ ਉਰਿ ਧਾਰੇ॥ ਏਕਸੁ ਬਿਨੁ ਹਉ ਹੋਰੁ ਨ ਜਾਣਾ ਸਹਜੇ ਹੋਇ ਸੁ ਹੋਈ ਹੇ॥ ਬਿਨੁ ਸਤਿਗੁਰ ਸਹਜੁ ਕਿਨੈ ਨਹੀ ਪਾਇਆ॥ ਗੁਰਮੁਖਿ ਬੂਝੈ ਸਚਿ ਸਮਾਇਆ॥ ਸਚਾ ਸੇਵਿ ਸਬਦਿ ਸਚ ਰਾਤੇ ਹਉਮੈ ਸਬਦੇ ਖੋਈ ਹੇ॥ (ਸਫ਼ਾ 1046)

ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥ ਗੁਰਮਤਿ ਸਤ ਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮ੍ਾਲਿ॥ (ਸਫ਼ਾ 1258)

ਹਉਮੈ ਬਿਖੁ ਮਨੁ ਮੋਹਿਆ **ਲਦਿਆ ਅਜਗਰ ਭਾਰੀ** ॥ ਗਰੁੜੁ ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ॥ ਮਨ ਰੇ ਹਉਮੈ ਮੋਹੁ ਦੁਖੁ ਭਾਰੀ॥ ਇਹੁ ਭਵਜਲੁ ਜਗਤੁ ਨ ਜਾਈ ਤਰਣਾ ਗੁਰਮੁਖਿ ਤਰੁ ਹਰਿ ਤਾਰੀ॥ (ਸਫ਼ਾ 1260)

ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ॥ ਨਾਨਕ ਬਿਨੁ ਨਾਵੈ ਮੈਲਿਆ ਮੁਏ, ਜਨਮੁ ਪਦਾਰਥੁ ਖੋਇ॥ (ਸਫ਼ਾ 1415)

ਹਠ ਜੋਗ: ਹਠ ਜੋਗ ਜਿਸਮ ਨੂੰ ਨਰੋਆ ਰੱਖਣ ਵਾਸਤੇ ਇਕ ਕਿਸਮ ਦੀ ਕਸਰਤ ਹੈ। ਜੋਗ (ਯੋਗ) ਫ਼ਲਸਫ਼ੇ ਦਾ ਲੇਖਕ ਪਤੰਜਲੀ ਇਸ ਜਿਸਮਾਨੀ ਸਿਖਲਾਈ ਨੂੰ ਮੁਕਤੀ ਵਾਸਤੇ ਮਦਦਗਾਰ ਮੰਨਦਾ ਹੈ, ਇਸ ਲਈ ਉਹ ਸਖ਼ਤ ਕਸਰਤ ਉੱਤੇ ਬੜਾ ਜ਼ੋਰ ਦੇਂਦਾ ਹੈ। ਹਠ-ਜੋਗ ਸਕੂਲ ਚੌਦ੍ਹਵੀਂ ਅਤੇ ਪੰਦਰਵੀਂ ਸਦੀ ਵਿਚ ਪੰਜਾਬ ਅਤੇ ਕੇਂਦਰੀ-ਉੱਤਰੀ ਭਾਰਤ ਵਿਚ ਬਹੁਤ ਜ਼ਿਆਦਾ ਮਸ਼ਹੂਰ ਸੀ। ਸਿੱਖ ਧਰਮ ਹਠ-ਜੋਗ ਨੂੰ ਮੁਕਤੀ ਦੇ ਸਾਧਨ ਵਜੋਂ ਪੂਰੀ ਤਰ੍ਹਾਂ ਰੱਦ ਕਰਦਾ ਹੈ ਪਰ ਜਿਸਮ ਸੰਭਾਲਣ ਵਾਸਤੇ ਕਿਸੇ ਵੀ ਕਸਰਤ ਨੂੰ ਨਾਮਨਜ਼ੂਰ ਨਹੀਂ ਕਰਦਾ। ਇਸ ਵਿਚ ਜੋਗ ਅਤੇ/ ਜਾਂ ਹੋਰ ਕਸਰਤਾਂ ਦੀ ਕੋਈ ਖ਼ਾਸ ਅਹਿਮੀਅਤ ਨਹੀਂ ਹੈ। ਮੁਕਤੀ ਹਾਸਿਲ ਕਰਨ ਦੇ ਨਾਂ 'ਤੇ ਹਠ-ਜੋਗ ਜਾਂ ਹੋਰ ਅਜਿਹੇ ਹੋਰ ਸਭ ਕੁਝ ਨੂੰ ਗੁਰੂ ਨਾਨਕ ਸਾਹਿਬ ਨੇ ਪੂਰੀ ਤਰ੍ਹਾਂ ਜਪੁਜੀ ਸਾਹਿਬ ਅਤੇ ਸਿਧ ਗੋਸਟਿ ਵਿਚ ਰੱਦ ਕੀਤਾ ਹੈ। ਸਿੱਖ ਧਰਮ ਮੁਤਾਬਿਕ, ਰੱਬ ਨੂੰ ਪਿਆਰ ਕਰਨਾ, ਹਉਮੈ ਤੇ ਮੋਹ-ਮਾਇਆ ਤੋਂ ਬਚਣਾ ਅਤੇ ਸੱਚਾ ਜੀਵਨ ਜੀਣਾ ਮੁਕਤੀ ਵਾਸਤੇ ਮਦਦਗਾਰ ਹਨ।

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ਗਲੀ ਜੋਗੁ ਨ ਹੋਈ॥ **ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥** ਰਹਾਉ॥ ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥ ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥ ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ **ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ**॥ ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ॥ **ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ**॥ (ਸਫ਼ਾ 730)

ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ॥ ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ॥ ਬੇਦੁ ਬਾਦੁ ਨ ਪਾਖੰਡੁ ਅਉਧੂ ਗੁਰਮੁਖਿ ਸਬਦਿ ਬੀਚਾਰੀ॥ ਗੁਰਮੁਖਿ ਜੋਗੁ ਕਮਾਵੈ ਅਉਧੂ ਜਤੁ ਸਤੁ ਸਬਦਿ ਵੀਚਾਰੀ ॥ *(ਸਫ਼ਾ 908)*

ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ ਖਿੰਥਾ ਕਰਿ ਤੂ ਦਇਆ॥ ਆਵਣੁ ਜਾਣੁ ਬਿਭੂਤਿ ਲਾਇ ਜੋਗੀ ਤਾ ਤੀਨਿ ਭਵਣ ਜਿਣਿ ਲਇਆ॥ ਐਸੀ ਕਿੰਗੁਰੀ ਵਜਾਇ ਜੋਗੀ॥ ਜਿਤੁ ਕਿੰਗੁਰੀ ਅਨਹਦੁ ਵਾਜੈ ਹਰਿ ਸਿਉ ਰਹੈ ਲਿਵ ਲਾਇ॥ ਰਹਾਉ॥ ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ॥ ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ॥ ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ॥ ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ ਤਾ ਨਾਮੁ ਪਲੈ ਪਾਈ॥ ਇਤੁ ਕਿੰਗੁਰੀ ਧਿਆਨੁ ਨ ਲਾਗੈ ਜੋਗੀ ਨਾ ਸਚੁ ਪਲੈ ਪਾਇ ॥ ਇਤੁ ਕਿੰਗੁਰੀ ਸਾਂਤਿ ਨ ਆਵੈ ਜੋਗੀ ਅਭਿਮਾਨੁ ਨ ਵਿਚਹੁ ਜਾਇ॥ ਭਉ ਭਾਉ ਦੁਇ ਪਤ ਲਾਇ ਜੋਗੀ ਇਹੁ ਸਰੀਰੁ ਕਰਿ ਡੰਡੀ ॥ ਗੁਰਮੁਖਿ ਹੋਵਹਿ ਤਾ ਤੰਤੀ ਵਾਜੈ ਇਨ ਬਿਧਿ ਤ੍ਰਿਸਨਾ ਖੰਡੀ॥ ***ਹੁਕਮੁ ਬੁਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ॥ ਸਹਸਾ ਤੂਟੈ ਨਿਰਮਲੁ ਹੋਵੈ ਜੋਗ ਜੁਗਤਿ ਇਵ ਪਾਏ॥*** *(ਸਫ਼ਾ 909)*

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥ ***ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥*** *(ਸਫ਼ਾ 1420)*

ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ ***ਸੋ ਜੋਗੀ ਜੋ ਜੁਗਤਿ ਪਛਾਣੈ॥*** ਗੁਰ ਪਰਸਾਦੀ ਏਕੋ ਜਾਣੈ॥ *(ਸਫ਼ਾ 662)*

ਅਧਿਆਤਮ ਕਰਮ ਕਰੇ ਤਾ ਸਾਚਾ॥ ਮੁਕਤਿ ਭੇਦੁ ਕਿਆ ਜਾਣੈ ਕਾਚਾ॥ ਐਸਾ ਜੋਗੀ ਜੁਗਤਿ ਬੀਚਾਰੈ॥ ਪੰਚ ਮਾਰਿ ਸਾਚੁ ਉਰਿ ਧਾਰੈ॥ ਰਹਾਉ॥ ਜਿਸ ਕੈ ਅੰਤਰਿ ਸਾਚੁ ਵਸਾਵੈ॥ ਜੋਗ ਜੁਗਤਿ ਕੀ ਕੀਮਤਿ ਪਾਵੈ॥ ਰਵਿ ਸਸਿ ਏਕੋ ਗ੍ਰਿਹ ਉਦਿਆਨੈ॥ ਕਰਣੀ ਕੀਰਤਿ ਕਰਮ ਸਮਾਨੈ॥ ਏਕ ਸਬਦ ਇਕ ਭਿਖਿਆ ਮਾਗੈ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ॥ ਭੈ ਰਚਿ ਰਹੈ ਨ ਬਾਹਰਿ ਜਾਇ॥ ਕੀਮਤਿ ਕਉਣ, ਰਹੈ ਲਿਵ ਲਾਇ॥ ਆਪੇ ਮੇਲੇ ਭਰਮੁ ਚੁਕਾਏ॥ ਗੁਰ ਪਰਸਾਦਿ ਪਰਮ ਪਦੁ ਪਾਏ॥ *(ਸਫ਼ਾ 223)*

ਹੋਰ ਦੇਖੋ: **ਯੋਗ/ਜੋਗਾ**। 865

ਹਨੂਮਾਨ: ਹਿੰਦੂ ਕਾਲਪਨਿਕ ਕਿਤਾਬ 'ਰਾਮਾਇਣ' ਮੁਤਾਬਿਕ, ਹਨੂਮਾਨ ਬਾਂਦਰਾਂ ਦੀ ਫ਼ੌਜ ਦਾ ਮੁਖੀ ਸੀ। ਇਸ ਕਿਤਾਬ ਦੀ ਕਹਾਣੀ ਮੁਤਾਬਿਕ ਜਦ ਲੰਕਾ ਰਾਜਾ ਰਾਵਣ (ਸ੍ਰੀਲੰਕਾ ਦਾ ਕੋਈ ਰਾਜਾ ਰਾਵਣ ਸੀ ਹੀ ਨਹੀਂ, ਇਹ ਇਕ ਕਾਲਪਨਿਕ ਕਹਾਣੀ ਹੈ), ਰਾਜੇ ਰਾਮ (ਜਿਸ ਨੂੰ ਹਿੰਦੂਆਂ ਨੇ ਮਗਰੋਂ ਮਿਥਹਾਸਕ ਦੇਵਤਾ ਬਣਾ ਲਿਆ ਹੈ) ਦੀ ਘਰਵਾਲੀ ਨੂੰ ਚੁੱਕ ਕੇ ਲੈ ਗਿਆ ਤੇ ਮਗਰੋਂ ਉਸ ਨਾਲ ਹੋਈ ਲੜਾਈ ਵਿਚ, ਰਾਮ ਦਾ ਨਿੱਕਾ ਭਰਾ ਲਛਮਣ ਜ਼ਖ਼ਮੀ ਹੋ ਗਿਆ ਤਾਂ ਰਾਮ ਉਦਾਸ ਤੇ ਦੁਖੀ ਹੋ ਕੇ ਵਿਰਲਾਪ ਕਰਨ ਲਗ ਪਿਆ (ਦੂਜੇ ਪਾਸੇ ਉਸ ਨੂੰ 'ਭਗਵਾਨ' ਵੀ ਕਹੀ ਜਾਂਦੇ ਹਨ ਤੇ ਉਸ ਅਖੌਤੀ-ਪ੍ਰਮਾਤਮਾ ਨੂੰ ਵਿਰਲਾਪ ਕਰਦਾ ਵੀ ਦਿਖਾਂਦੇ ਹਨ)। ਇਸ 'ਤੇ ਹਨੂਮਾਨ ਨੇ ਰਾਮ ਦੀ ਮਦਦ ਕੀਤੀ ਤੇ ਉਸ ਦੀ ਪਤਨੀ ਨੂੰ ਵਾਪਸ ਲਿਆ ਦਿੱਤੀ। ਹਨੂਮਾਨ ਨੂੰ ਹਨਵੰਤ ਵੀ ਲਿਖਿਆ ਜਾਂਦਾ ਹੈ। ਰਾਮ, ਹਨੂਮਾਨ, ਰਾਮਾਇਣ (ਕਾਵਿ

ਨਾਵਲ) ਕਲਪਨਾ ਹਨ (ਗਲਪ/ਫ਼ਿਕਸ਼ਨ), ਮਿਥਹਾਸ ਜਾਂ ਤਵਾਰੀਖ਼ ਨਹੀਂ। ਹੋਰ ਦੇਖੋ: **ਰਾਮ**।

ਹਲਾਲ: ਹਲਾਲ ਜਾਨਵਰ ਦਾ ਉਹ ਮਾਸ ਹੈ ਜੋ ਮੁਸਲਮਾਨੀ ਤਰੀਕੇ ਨਾਲ ਵੱਢਿਆ ਗਿਆ ਹੋਵੇ (ਪੱਛਮੀ ਵਿਦਵਾਨ ਇਸ ਕਾਰਵਾਈ ਨੂੰ ਜਾਨਵਰ ਨੂੰ ਤਸੀਹੇ ਦੇਣਾ ਸਮਝਦੇ ਹਨ)। ਇੱਕ ਸਿੱਖ ਨੂੰ ਹਲਾਲ ਮਾਸ ਖਾਣ ਦੀ ਸਖ਼ਤ ਮਨਾਹੀ ਹੈ। ਸਿੱਖ ਰਹਿਤ ਮਰਿਆਦਾ ਮੁਤਾਬਿਕ ਸਿੱਖ ਨੂੰ ਮਾਸ ਖਾਣ ਦੀ ਕੋਈ ਪਾਬੰਦੀ ਨਹੀਂ ਹੈ ਅਤੇ ਸਿੱਖ ਕਿਸੇ ਵੀ ਪੰਛੀ ਜਾਂ ਜਾਨਵਰ ਦਾ ਮਾਸ ਖਾ ਸਕਦਾ ਹੈ। ਸ਼ਾਇਦ ਹਲਾਲ ਮਾਸ ਖਾਣ ਦੀ ਮਨਾਹੀ ਕਰਨ ਅਤੇ ਸਿਰਫ਼ ਝਟਕਾ ਮਾਸ ਖਾਣ ਦੀ ਹਦਾਇਤ ਪਿੱਛੇ, ਸ਼ਾਇਦ, ਸਿੱਖਾਂ ਦੀ ਨਿਵੇਕਲੀ ਪਛਾਣ ਦੀ ਸੋਚ ਹੋਵੇਗੀ। ਇਕ ਵਿਚਾਰ ਮੁਤਾਬਿਕ ਮੁਸਲਮਾਨ ਤੋਂ ਬਿਨਾਂ ਕੋਈ ਵੀ ਹਥਿਆਰ ਨਹੀਂ ਸੀ ਰੱਖ ਸਕਦਾ ਅਤੇ ਝਟਕੇ ਨਾਲ ਜਾਨਵਰ ਨੂੰ ਮਾਰਨ ਲਈ ਤਲਵਾਰ (ਕ੍ਰਿਪਾਨ) ਚਾਹੀਦੀ ਸੀ। ਇਸ ਵਿਚਾਰ ਮੁਤਾਬਿਕ, ਗੁਰੂ ਸਾਹਿਬ ਨੇ ਝਟਕਾ ਖਾਣ ਦੀ ਹਦਾਇਤ ਸ਼ਾਇਦ ਇਸ ਕਰ ਕੇ ਕੀਤੀ ਹੋ ਸਕਦੀ ਹੈ ਤਾਂ ਜੋ ਜਿਸ ਸਿੱਖ ਨੂੰ ਕਿਰਪਾਨ ਰੱਖਣੀ ਪਵੇ। ਪਰ, ਇਹ ਠੀਕ ਨਹੀਂ ਜਾਪਦਾ ਕਿਉਂ ਕਿ ਪਹਿਲੇ ਗੁਰੂ ਸਾਹਿਬਾਨ ਵੀ ਪਹਿਲਾਂ ਹੀ ਕਿਰਪਾਨ ਨੂੰ ਆਪਣੇ ਕੋਲ ਰਖਦੇ ਸਨ। ਹੋਰ ਦੇਖੋ **ਝਟਕਾ, ਵੈਸ਼ਨੋ ਭੋਜਨ**।

ਹਵਨ: ਦੇਖੋ: **ਹੋਮ**

ਹਵਨ ਕੁੰਡ: ਹਵਨ ਕੁੰਡ ਉਸ ਭੱਠੀ ਨੂੰ ਕਹਿੰਦੇ ਹਨ ਜਿਸ ਵਿਚ ਬ੍ਰਾਹਮਣ ਯੱਗ ਕਰਨ ਸਮੇਂ ਸਮੱਗਰੀ ਬਾਲਦੇ ਹਨ। ਸਿੱਖ ਤਵਾਰੀਖ਼ ਵਿਚ, ਹਵਨ ਕੁੰਡ ਦਾ ਪਿਛੋਕੜ ਸਤੰਬਰ 1965 ਦਾ ਹੈ ਜਦੋਂ ਫ਼ਤਹਿ ਸਿੰਘ, ਜੋ ਕਿ ਅਕਾਲੀ ਦਲ ਦੇ ਇਕ ਧੜੇ ਦਾ ਲੀਡਰ ਸੀ, ਨੇ ਇਹ ਐਲਾਨ ਕੀਤਾ ਸੀ ਕਿ ਜੇ ਕਰ ਮਿੱਥੀ ਤਾਰੀਖ਼ ਤਕ ਪੰਜਾਬੀ ਸੂਬਾ ਨਾ ਬਣਾਇਆ ਗਿਆ ਤਾਂ ਉਹ ਆਪਣੇ ਆਪ ਨੂੰ ਸਾੜ ਕੇ ਆਪਣੀ ਕੁਰਬਾਨੀ ਦੇ ਦੇਵੇਗਾ। ਉਸ ਨੇ ਇਸ ਮਕਸਦ ਵਾਸਤੇ ਅਕਾਲ ਤਖ਼ਤ ਸਾਹਿਬ ਵਾਲੀ ਬਿਲਡਿੰਗ ਦੀ ਸਭ ਤੋਂ ਉਪਰਲੀ ਮੰਜ਼ਿਲ 'ਤੇ ਉਚੇਚੀਆਂ ਭੱਠੀਆਂ ਵੀ ਬਣਵਾ ਲਈਆਂ ਤੇ ਇਨ੍ਹਾਂ ਨੂੰ ਹਵਨ ਕੁੰਡ ਦਾ, ਬ੍ਰਾਹਮਣਾਂ ਵਾਲਾ, ਨਾਂ ਦਿੱਤਾ। ਇਨ੍ਹਾਂ ਭੱਠੀਆਂ ਉਤੇ ਮੋਟੇ-ਮੋਟੇ ਅੱਖਰਾਂ ਵਿਚ ਹਵਨ ਕੁੰਡ ਲਿਖਿਆ ਹੋਇਆ ਸੀ ਜੋ ਕਿ ਦਰਬਾਰ ਸਾਹਿਬ ਵਿਚ ਆਉਣ ਵਾਲੇ ਹਰ ਯਾਤਰੂ ਨੂੰ ਦੂਰੋਂ ਹੀ ਨਜ਼ਰ ਆ ਜਾਂਦਾ ਸੀ। ਪਰ ਜਦੋਂ ਭਾਰਤ ਸਰਕਾਰ ਨੇ ਫ਼ਤਹਿ ਸਿੰਘ ਦੀ ਧਮਕੀ ਦੀ ਪਰਵਾਹ ਨਾ ਕੀਤੀ ਤਾਂ ਉਹ ਬਹਾਨਾ ਲਾ ਕੇ ਸੜ ਮਰਨ ਤੋਂ ਭੱਜ ਗਿਆ। ਫ਼ਤਹਿ ਸਿੰਘ ਨੇ ਇਹ ਧਮਕੀ ਦੋ ਵਾਰ ਹੋਰ ਵੀ ਦਿੱਤੀ। ਪਰ ਉਹ ਕਦੇ ਵੀ ਆਪਣੇ ਇਸ ਪ੍ਰਣ 'ਤੇ ਪੂਰਾ ਨਾ ਉਤਰਿਆ। ਸਿੱਖ ਵਿਦਵਾਨਾਂ ਨੇ ਇਨ੍ਹਾਂ ਭੱਠੀਆਂ ਦੀ ਅਕਾਲ ਤਖ਼ਤ ਸਾਹਿਬ 'ਤੇ ਮੌਜੂਦਗੀ ਦੀ ਬੜੀ ਮੁਖ਼ਾਲਫ਼ਤ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਫ਼ਤਹਿ ਸਿੰਘ ਦੀ ਬੁਜ਼ਦਿਲੀ ਦੀ ਨਿਸ਼ਾਨੀ ਹਨ। ਅਖ਼ੀਰ 1968 ਵਿਚ ਇਕ ਰਾਤ ਨੂੰ ਚੁਪਚਾਪ ਇਨ੍ਹਾਂ ਨੂੰ ਢਾਹ ਦਿੱਤਾ ਗਿਆ।

ਹਿੰਦੂ: ਹਿੰਦੂ ਲਫ਼ਜ਼ ਆਮ ਤੌਰ ਤੇ ਬ੍ਰਾਹਮਣੀ ਰਸਮਾਂ ਅਤੇ ਅਖੌਤੀ ਵੇਦਿਕ

ਕਲਚਰ ਨੂੰ ਮੰਨਣ ਵਾਲਿਆਂ ਵਾਸਤੇ ਵਰਤਿਆ ਜਾਂਦਾ ਹੈ। ਦੂਜੇ ਲਫ਼ਜ਼ਾਂ ਵਿਚ ਹਿੰਦੂ ਉਸ ਨੂੰ ਮੰਨਿਆ ਜਾਂਦਾ ਹੈ ਜੋ ਵੇਦਾਂ, ਅਖੌਤੀ ਪਵਿੱਤਰ ਸ਼ਹਿਰਾਂ, ਨਦੀਆਂ/ਦਰਿਆਵਾਂ ਦੀ ਪਵਿੱਤਰਤਾ, ਜਨੇਊ ਪਹਿਨਣ, ਮੱਥੇ 'ਤੇ ਤਿਲਕ ਲਾਉਣ ਅਤੇ ਪਿੱਪਲ ਤੇ ਗਾਂ ਦੀ ਪੂਜਾ ਕਰਨ ਵਗ਼ੈਰਾ ਵਿਚ ਯਕੀਨ ਰੱਖਦੇ ਹਨ। ਹਿੰਦੂ ਲਫ਼ਜ਼ ਸਭ ਤੋਂ ਪਹਿਲਾਂ ਉਨ੍ਹਾਂ ਵਿਦੇਸ਼ੀ ਧਾੜਵੀਆਂ ਨੇ ਵਰਤਿਆ ਸੀ ਜਿਨ੍ਹਾਂ ਨੇ ਪੰਜਾਬ ਅਤੇ ਹਿੰਦੂਸਤਾਨ ਉੱਤੇ ਹਮਲੇ ਕੀਤੇ ਸਨ। ਸ਼ਾਇਦ ਇਹ ਲਫ਼ਜ਼ 'ਸਿੰਧੂ' ਤੋਂ ਨਿਕਲਿਆ ਹੋਇਆ ਹੈ। ਅਰਬ ਤੇ ਹੋਰ ਮੁਸਲਿਮ ਮੁਲਕਾਂ ਦੇ ਲੋਕ ਇਸ ਪਾਸੇ ਵੱਲ ਹਮਲਾ ਕਰਨ ਵੇਲੇ ਸਿੰਧ ਦਰਿਆ ਪਾਰ ਕਰਿਆ ਕਰਦੇ ਸਨ। ਉਹ ਲੋਕ ਸਿੰਧ ਦਰਿਆ ਦੇ ਇਸ ਪਾਸੇ ਰਹਿੰਦੇ ਲੋਕਾਂ ਨੂੰ ਸਿੰਧੂ ਕਹਿੰਦੇ ਹੋਣਗੇ ਤੇ ਵਧੇਰੇ ਕਰ ਕੇ ਇਹ ਮੰਨਿਆ ਜਾਂਦਾ ਹੈ ਕਿ ਸਿੰਧੂ ਦੂਜੀ ਬੋਲੀ ਵਿਚ 'ਹਿੰਦੂ' ਹੈ (ਕਿਉਂਕਿ ਕਈ ਲਫ਼ਜ਼ 'ਸ' ਦੀ ਥਾਂ 'ਹ' ਨਾਲ ਬੋਲੇ ਜਾਂਦੇ ਹਨ)।

ਹਿੰਦੂ ਲਫ਼ਜ਼ ਕੋਈ ਫ਼ਲਸਫ਼ਾ ਜਾਂ ਧਰਮ ਨਹੀਂ ਹੈ ਕਿਉਂਕਿ ਹਿੰਦੂ 'ਧਰਮ' ਕਿਸੇ ਵੀ ਥਾਂ 'ਤੇ ਬਿਆਨ ਨਹੀਂ ਕੀਤਾ ਹੋਇਆ। ਅਖੌਤੀ ਹਿੰਦੂ 'ਧਰਮ' ਦਾ ਕੋਈ ਇਕ ਇਸ਼ਟ, ਪੈਗ਼ੰਬਰ, ਮੋਢੀ ਨਹੀਂ ਹੈ। ਇਹ ਲੋਕ ਅਨੇਕਾਂ ਕਾਲਪਨਿਕ ਤੇ ਮਿਥਹਾਸਕ ਦੇਵਤੇ ਅਤੇ ਦੇਵੀਆਂ ਦੀ ਪੂਜਾ ਕਰਦੇ ਹਨ। ਕੁਝ ਇਨ੍ਹਾਂ ਅਖੌਤੀ ਦੇਵੀ-ਦੇਵਤਿਆਂ ਦੀ ਗਿਣਤੀ 35 ਕਰੋੜ ਤੋਂ ਵਧ ਸਮਝਦੇ ਹਨ। ਹਿੰਦੂ ਲੋਕ ਇਨ੍ਹਾਂ ਮਿਥਹਾਸਕ ਦੇਵਤਿਆਂ ਦੀਆਂ ਮਸਨੂਹੀ ਮੂਰਤੀਆਂ ਦੀ ਪੂਜਾ ਕਰਦੇ ਹਨ ਅਤੇ ਅਜੀਬ ਤਰ੍ਹਾਂ ਦੀਆਂ ਕਰਾਮਾਤਾਂ ਵਿਚ ਯਕੀਨ ਰੱਖਦੇ ਹਨ। ਕੁਝ ਹਿੰਦੂ ਸ਼ਾਕਾ-ਹਾਰੀ/ਸਬਜ਼ੀ-ਹਾਰੀ (ਵਿਸ਼ਨੂੰ ਦੇ ਚੇਲੇ) ਹਨ ਅਤੇ ਕੁਝ ਮਾਸਾ-ਹਾਰੀ (ਸ਼ਿਵ ਦੇ ਚੇਲੇ) ਹਨ; ਪਰ ਮਾਸਾਹਾਰੀ ਹਿੰਦੂ ਗਾਂ ਦਾ ਮਾਸ ਨਹੀਂ ਖਾਂਦੇ (ਹਾਲਾਂ ਕਿ ਪਹਿਲਾਂ ਗੋਮੇਧ ਯੱਗ ਕਰ ਕੇ ਗਾਂ ਦਾ ਮਾਸ ਖਾਇਆ ਕਰਦੇ ਸੀ) ਅਤੇ ਇਨ੍ਹਾਂ ਵਿਚੋਂ ਕੁਝ ਮੰਗਲਵਾਰ ਦੇ ਦਿਨ ਕਿਸੇ ਵੀ ਕਿਸਮ ਦਾ ਮਾਸ ਨਹੀਂ ਖਾਂਦੇ (ਮੰਗਲਵਾਰ, ਮਿਥਿਹਾਸਕ ਹਿੰਦੂ ਦੇਵਤੇ ਮੰਗਲ ਦਾ ਦਿਨ ਹੈ ਜੋ ਕਿ ਹਿੰਦੂ ਧਰਮ ਮੁਤਾਬਿਕ, ਧਰਤੀ ਦਾ ਪੁੱਤਰ ਹੈ)।

ਹਿੰਦੂਆਂ ਦੀਆਂ ਮਸ਼ਹੂਰ ਕਿਤਾਬਾਂ ਰਾਮਾਇਣ, ਮਹਾਂਭਾਰਤ, ਗੀਤਾ, ਪੁਰਾਣ, ਸਮ੍ਰਿਤੀ, ਅਤੇ ਵੇਦ ਵਗ਼ੈਰਾ ਹਨ। ਪਹਿਲੇ ਦੋ ਮਹਾਂ-ਕਾਵਿ ਹਨ ਅਤੇ ਇਨ੍ਹਾਂ ਦਾ ਫ਼ਲਸਫ਼ੇ ਨਾਲ ਕੋਈ ਸਬੰਧ ਨਹੀਂ ਹੈ। ਇਨ੍ਹਾਂ ਮਹਾਂ-ਕਾਵਿ ਦੇ ਹੀਰੋ ਰਾਮ ਅਤੇ ਕ੍ਰਿਸ਼ਨ ਵੀ ਕੋਈ ਧਾਰਮਿਕ ਸ਼ਖ਼ਸ ਨਹੀਂ ਬਲਕਿ ਆਮ ਰਜਵਾੜੇ ਹੀ ਨਜ਼ਰ ਆਉਂਦੇ ਹਨ। ਦਰਅੰਸਲ ਇਹ ਦੋਵੇਂ ਹੀਰੋ ਮਥਰਾ ਅਤੇ ਕਾਸ਼ੀ (ਕਾਸ਼ੀ ਦੀ ਜਗਹ ਅਯੁੱਧਿਆ ਰਾਮਾਇਣ ਰਾਹੀਂ ਪਰਚਾਰਿਆ ਗਿਆ ਸੀ) ਦੇ ਛੋਟੇ-ਮੋਟੇ ਰਾਜੇ ਸਨ, ਜਿਨ੍ਹਾਂ ਦੇ ਨਾਂਵਾਂ ਦਾ ਇਨ੍ਹਾਂ ਕਿਤਾਬਾਂ ਵਿਚ ਜ਼ਿਕਰ ਆ ਗਿਆ। ਇਹ ਦੋਵੇਂ ਕਿਤਾਬਾਂ -200 ਤੋਂ +200 ਸੰਨ ਦੇ ਸਮੇਂ ਦੇ ਵਿਚਕਾਰ (ਅੱਜ ਤੋਂ ਤਕਰੀਬਨ 1900 ਤੋਂ 2300 ਸਾਲ ਪਹਿਲਾਂ) ਲਿਖੀਆਂ ਗਈਆਂ ਸਨ। ਕਿਉਂਕਿ ਇਹ ਕਹਾਣੀਆਂ ਖ਼ੂਬਸੂਰਤ ਤਰੀਕੇ ਨਾਲ ਲਿਖੀਆਂ ਗਈਆਂ ਸਨ, ਇਸ ਕਰ ਕੇ ਛੇਤੀ ਹੀ ਹਰਮਨ ਪਿਆਰੀਆਂ ਹੋ ਗਈਆਂ ਤੇ ਵਕਤ ਬੀਤਣ ਨਾਲ ਚਾਲਾਕ ਬ੍ਰਾਹਮਣਾਂ ਨੇ ਇਨ੍ਹਾਂ ਨੂੰ ਦੇਵਤੇ ਬਣਾ ਕੇ ਇਹ ਧਰਮ ਖੜ੍ਹਾ ਕਰ ਲਿਆ। ਇੰਞ ਇਹ ਧਰਮ ਗਲਪ, ਕਲਪਨਾ ਵਿਚੋਂ ਘੜਿਆ ਗਿਆ 'ਧਰਮ' (ਦਰਅਸਲ ਕਰਮ ਕਾਂਡ) ਹੈ।

ਹਿੰਦੂਆਂ ਦਾ ਸਮਾਜਿਕ ਢਾਂਚਾ ਮਨੂ ਸਮ੍ਰਿਤੀ 'ਤੇ ਅਧਾਰਿਤ ਹੈ, ਜੋ ਕਿ ਭਾਵੇਂ ਸੋਸ਼ਿਆਲੋਜੀ ਦਾ ਇਕ ਚੰਗਾ ਦਸਤਾਵੇਜ਼ ਹੈ ਪਰ ਇਹ ਸ਼ੂਦਰਾਂ ਨਾਲ ਨਫ਼ਰਤ ਸਿਖਾਂਦਾ ਹੈ ਤੇ ਔਰਤ ਨੂੰ ਬਹੁਤ ਨੀਵਾਂ ਦਰਜਾ ਦੇਂਦਾ ਹੈ। ਹਿੰਦੂ ਨੀਤੀ ਕੋਟਲਿਯ ਦੀ ਇਕਨਾਮਿਕਸ (ਅਰਥ ਸ਼ਾਸ਼ਤਰ) 'ਤੇ ਅਧਾਰਿਤ ਹੈ, ਜੋ ਨਿਜ਼ਾਮ ਚਲਾਉਣ ਬਾਰੇ ਘਟ ਦਸਦਾ ਹੈ ਅਤੇ ਚਾਲਾਕੀਆਂ, ਬੇਈਮਾਨੀਆਂ ਤੇ ਪਾਖੰਡ ਬਾਰੇ ਵਧੇਰੇ ਦਸਦਾ ਹੈ।

ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ॥ ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ॥ ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥ (ਸਫ਼ਾ 423)

ਹੋਰ ਵੇਖੋ: **ਰਾਮ** - 210

ਹੁਕਮ: ਹੁਕਮ ਦਾ ਮਾਅਨਾ ਹੈ: ਕਿਸੇ 'ਵੱਡੇ' ਦੀ ਦਿੱਤੀ ਹੋਈ ਹਦਾਇਤ, ਜਿਸ ਨੂੰ ਮੰਨਣਾ ਲਾਜ਼ਮੀ ਹੁੰਦਾ ਹੈ। ਸਿੱਖ ਫ਼ਲਸਫ਼ੇ ਵਿਚ ਹੁਕਮ ਦਾ ਮਾਅਨਾ ਹੈ ਰੱਬ ਦੀ ਹਦਾਇਤ। ਇਕ ਸਿੱਖ ਨੂੰ ਰੱਬ ਦਾ ਹੁਕਮ ਮੰਨਣ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਉਹ ਹਰ ਵੇਲੇ ਰੱਬ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਦਾ ਹੈ। ਸਿੱਖ ਧਰਮ ਮੁਤਾਬਿਕ ਦੁਨੀਆਂ ਦੀ ਹਰੇਕ ਚੀਜ਼ ਅਤੇ ਹਰੇਕ ਇਨਸਾਨ ਰੱਬ ਦੇ ਹੁਕਮ ਅੰਦਰ ਚਲ ਰਿਹਾ ਹੈ।

ਜਪੁਜੀ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਇਨਸਾਨੀ ਜ਼ਿੰਦਗੀ ਦੇ ਸਭ ਤੋਂ ਵੱਡੇ ਸਵਾਲ (ਅਸੀਂ ਦੁਨੀਆਂ ਵਿਚ 'ਸਚਿਆਰ', ਸੱਚਾ ਇਨਸਾਨ, ਕਿਵੇਂ ਬਣ ਸਕਦੇ ਹਾਂ?) ਦਾ ਜਵਾਬ ਦੇਣ ਸਮੇਂ ਕਹਿੰਦੇ ਹਨ ਕਿ ਉਸ ਵਾਹਿਗੁਰੂ ਦੇ ਹੁਕਮ ਮੁਤਾਬਿਕ ਜੀਅ ਕੇ ਸਚਿਆਰ ਹੋਇਆ ਜਾ ਸਕਦਾ ਹੈ। ਹਰੇਕ ਇਨਸਾਨ ਉੱਤੇ ਰੱਬ ਦਾ ਹੁਕਮ ਲਾਗੂ ਹੈ। ਇਹ ਸਾਰੀ ਕਾਇਨਾਤ, ਜ਼ਿੰਦਗੀ, ਜਨਮ, ਖ਼ੁਸ਼ੀ, ਦੁਖ, ਦਰਦ, ਜਿੱਤ, ਹਾਰ, ਕਾਮਯਾਬੀ, ਫ਼ਾਇਦੇ, ਨੁਕਸਾਨ ਸਾਰੇ ਹੀ ਉਸ ਵਾਹਿਗੁਰੂ ਦੇ ਹੁਕਮ ਦੇ ਅੰਦਰ ਹੀ ਹਨ। ਜੋ ਸ਼ਖ਼ਸ ਉਸ ਵਾਹਿਗੁਰੂ ਦੇ ਹੁਕਮ ਨੂੰ ਸਮਝ ਲੈਂਦਾ ਹੈ, ਉਸ ਨੂੰ ਦੁਖੀ ਨਹੀਂ ਹੋਣਾ ਪੈਂਦਾ। ਸਿੱਖ ਫ਼ਲਸਫ਼ੇ ਵਿਚ **ਮੁਕਤੀ** ਵੀ ਪ੍ਰਮਾਤਮਾ ਦੀ ਰਜ਼ਾ ਨਾਲ ਹੀ ਮਿਲਦੀ ਹੈ। (ਆਪਣੇ) ਹੁਕਮ ਨੂੰ ਸਮਝਣ ਦੀ ਸੂਝ ਤੇ ਜਜ਼ਬਾ ਵੀ ਸਾਡੇ ਅੰਦਰ ਉਹ ਆਪ ਹੀ ਪੈਦਾ ਕਰਦਾ ਹੈ।

ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ॥ ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ॥ (ਸਫ਼ਾ 1)

ਹੁਕਮੁ ਜਿਨਾ ਨੋ ਮਨਾਇਆ॥ ਤਿਨ ਅੰਤਰਿ ਸਬਦੁ ਵਸਾਇਆ॥ (ਸਫ਼ਾ 72)

ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥ ਗੁਰਮਤੀ ਆਪੁ ਗਵਾਇ, ਸਚੁ ਪਛਾਣਿਆ॥ (ਸਫ਼ਾ 144)

ਨਾ ਜੀਉ ਮਰੈ ਨ ਡੂਬੈ ਤਰੈ॥ ਜਿਨਿ ਕਿਛੁ ਕੀਆ, ਸੋ ਕਿਛੁ ਕਰੈ॥ ***ਹੁਕਮੇ ਆਵੈ ਹੁਕਮੇ ਜਾਇ॥ ਆਗੈ ਪਾਛੈ ਹੁਕਮਿ ਸਮਾਇ॥*** (ਸਫ਼ਾ 151)

ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ ॥ ਖਿਨ ਮਹਿ ਥਾਪਿ ਉਥਾਪਨਹਾਰਾ॥ ਅੰਤੁ ਨਹੀ ਕਿਛੁ ਪਾਰਾਵਾਰਾ ॥ ***ਹੁਕਮੇ ਧਾਰਿ ਅਧਰ ਰਹਾਵੈ ॥ ਹੁਕਮੇ***

ਉਪਜੈ ਹੁਕਮਿ ਸਮਾਵੈ ॥ ਹੁਕਮੇ ਊਚ ਨੀਚ ਬਿਉਹਾਰ ॥ ਹੁਕਮੇ ਅਨਿਕ ਰੰਗ ਪਰਕਾਰ॥
(ਸਫ਼ਾ 277)

ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ **ਹੁਕਮੇ ਹੋਇਆ, ਹੁਕਮੁ ਬੂਝਿ ਸਮਾਈ॥**
(ਸਫ਼ਾ 330)

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ॥ ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ॥ **ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥** ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥ ਤਾ ਦਰਗਹ ਪੈਧਾ ਜਾਇਸੀ॥ (ਸਫ਼ਾ 471)

ਹੁਕਮੈ ਅੰਦਰਿ ਆਇਆ ਪਿਆਰੇ ਹੁਕਮੇ ਜਾਦੋ ਜਾਇ॥ ਹੁਕਮੇ ਬੰਨ੍ਹਿ ਚਲਾਈਐ ਪਿਆਰੇ ਮਨਮੁਖਿ ਲਹੈ ਸਜਾਇ॥ ਹੁਕਮੇ ਸਬਦਿ ਪਛਾਣੀਐ ਪਿਆਰੇ ਦਰਗਹ ਪੈਧਾ ਜਾਇ॥ ਹੁਕਮੇ ਗਣਤ ਗਣਾਈਐ ਪਿਆਰੇ ਹੁਕਮੇ ਹਉਮੈ ਦੋਇ॥ ਹੁਕਮੇ ਭਵੈ ਭਵਾਈਐ ਪਿਆਰੇ ਅਵਗਣਿ ਮੁਠੀ ਰੋਇ॥ **ਹੁਕਮੁ ਸਿਞਾਪੈ ਸਾਹ ਕਾ ਪਿਆਰੇ ਸਚੁ ਮਿਲੈ ਵਡਿਆਈ ਹੋਇ॥**
(ਸਫ਼ਾ 636)

ਹੁਕਮਿ ਉਛਲੈ ਹੁਕਮੇ ਰਹੈ॥ ਹੁਕਮੇ ਦੁਖੁ ਸੁਖੁ ਸਮ ਕਰਿ ਸਹੈ॥ ਹੁਕਮੇ ਨਾਮੁ ਜਪੈ ਦਿਨੁ ਰਾਤਿ॥ ਨਾਨਕ ਜਿਸ ਨੋ ਹੋਵੈ ਦਾਤਿ॥ ਹੁਕਮਿ ਮਰੈ ਹੁਕਮੇ ਹੀ ਜੀਵੈ॥ ਹੁਕਮੇ ਨਾਨ੍ਹਾ ਵਡਾ ਥੀਵੈ॥ ਹੁਕਮੇ ਸੋਗ ਹਰਖ ਆਨੰਦ॥ ਹੁਕਮੇ ਜਪੈ ਨਿਰੋਧਰ ਗੁਰਮੰਤ॥ ਹੁਕਮੇ ਆਵਣੁ ਜਾਣੁ ਰਹਾਇ॥ ਨਾਨਕ ਜਾ ਕਉ ਭਗਤੀ ਲਾਇ॥ (ਸਫ਼ਾ 962)

ਸਚਾ ਸਉਦਾ ਵਿਰਲਾ ਕੋ ਪਾਏ॥ ਪੂਰਾ ਸਤਿਗੁਰੁ ਮਿਲੈ ਮਿਲਾਏ॥ ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ॥ ਹੁਕਮੇ ਆਇਆ ਹੁਕਮਿ ਸਮਾਇਆ॥ ਹੁਕਮੇ ਦੀਸੈ ਜਗਤੁ ਉਪਾਇਆ॥ ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ॥ ਹੁਕਮੇ ਧਰਤੀ ਧਉਲ ਸਿਰਿ ਭਾਰੰ॥ ਹੁਕਮੇ ਪਉਣ ਪਾਣੀ ਗੈਣਾਰੰ॥ ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ॥ ਹੁਕਮੇ ਆਡਾਣੇ ਆਗਾਸੀ॥ ਹੁਕਮੇ ਜਲ ਥਲ ਤ੍ਰਿਭਵਣ ਵਾਸੀ॥ ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ॥ ਹੁਕਮਿ ਉਪਾਏ ਦਸ ਅਉਤਾਰਾ ॥ ਦੇਵ ਦਾਨਵ ਅਗਣਤ ਅਪਾਰਾ ॥ ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ॥ ਹੁਕਮੇ ਜੁਗ ਛਤੀਹ ਗੁਦਾਰੇ॥ ਹੁਕਮੇ ਸਿਧ ਸਾਧਿਕ ਵੀਚਾਰੇ॥ ਆਪਿ ਨਾਥੁ ਨਥੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ॥ (ਸਫ਼ਾ 1036-37)

ਰੇ ਜਨ ਕੈ ਸਿਉ ਕਰਹੁ ਪੁਕਾਰਾ॥ **ਹੁਕਮੇ ਹੋਆ ਹੁਕਮੇ ਵਰਤਾਰਾ॥** (ਸਫ਼ਾ 1128)

ਹੁਕਮੁ ਮੰਨੇ ਸੋ ਜਨੁ ਪਰਵਾਣੁ॥ ਗੁਰ ਕੈ ਸਬਦਿ ਨਾਮਿ ਨੀਸਾਣੁ॥ (ਸਫ਼ਾ 1175)

ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ॥ **ਹੁਕਮੀ ਲਿਖੈ ਸਿਰਿ ਲੇਖੁ, ਵਿਣੁ ਕਲਮ ਮਸਵਾਣੀਐ॥** (ਸਫ਼ਾ 1280)

ਇਕਿ ਦੇ ਖਾਹਿ, ਨਿਖੁਟੈ ਨਾਹੀ, ਇਕਿ ਸਦਾ ਫਿਰਹਿ ਫਕੀਰ॥ **ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ॥** (ਸਫ਼ਾ 1289)

ਸਿੱਖ ਜੀਵਨ ਜਾਚ ਵਿਚ ਹੁਕਮ ਹੋਰ ਮਾਅਨਿਆਂ ਵਿਚ ਵੀ ਵਰਤਿਆ ਜਾਂਦਾ ਹੈ। ਇਸ ਤੋਂ ਭਾਵ ਕਿਸੇ ਖ਼ਾਸ ਮੌਕੇ ਉੱਤੇ ਗੁਰੂ ਗ੍ਰੰਥ ਸਾਹਿਬ ਤੋਂ (ਵਾਹਿਗੁਰੂ ਦਾ)

ਹੁਕਮ ਹਾਸਿਲ ਕਰਨ ਲਈ ਸ਼ਬਦ ਪੜ੍ਹਨਾ। ਇਸ ਸ਼ਬਦ ਪੜ੍ਹਨ ਨੂੰ 'ਵਾਕ ਲੈਣਾ' ਵੀ ਕਿਹਾ ਜਾਂਦਾ ਹੈ। ਹੋਰ ਦੇਖੋ: **ਵਾਕ ਲੈਣਾ**

ਹੁਕਮਨਾਮਾ: ਹੁਕਮਨਾਮੇ ਦਾ ਲਫ਼ਜ਼ੀ ਮਾਅਨਾ ਹੈ: ਹੁਕਮ ਵਾਲੀ ਚਿੱਠੀ। ਸਿੱਖ ਤਵਾਰੀਖ਼ ਵਿਚ ਹੁਕਮਨਾਮੇ ਉਹ ਖ਼ਤ ਕਹੇ ਜਾਂਦੇ ਹਨ ਜੋ ਗੁਰੂ ਸਾਹਿਬਾਨ ਨੇ ਕਿਸੇ ਇਲਾਕੇ ਦੀ ਸੰਗਤ ਜਾਂ ਕਿਸੇ ਇਕ ਸਿੱਖ ਨੂੰ ਲਿਖੇ ਸਨ। ਸਿੱਖ ਇਨ੍ਹਾਂ ਖ਼ਤਾਂ ਦਾ ਬਹੁਤ ਜ਼ਿਆਦਾ ਅਦਬ ਕਰਦੇ ਹਨ ਅਤੇ ਇਨ੍ਹਾਂ ਨੂੰ ਪਵਿੱਤਰ ਯਾਦਗਾਰ ਵਜੋਂ ਸੰਭਾਲ ਕੇ ਰੱਖਦੇ ਸਨ। ਜੋ ਇਹ ਖ਼ਤ ਵਸੂਲ ਕਰਦੇ ਸਨ ਉਹ ਆਪਣੇ ਆਪ ਨੂੰ ਬਹੁਤ ਅਹਿਮ ਸਮਝਦੇ ਸਨ ਅਤੇ ਮਾਣ ਮਹਿਸੂਸ ਕਰਦੇ ਸਨ। ਇਨ੍ਹਾਂ ਵਿਚੋਂ ਬਹੁਤ ਸਾਰੇ ਹੁਕਮਨਾਮੇ ਕਿਤਾਬ ਦੀ ਸ਼ਕਲ ਵਿੱਚ ਛਪ ਵੀ ਚੁਕੇ ਹਨ (ਵੇਖੋ: ਡਾ ਗੰਡਾ ਸਿੰਘ ਤੇ ਸ਼ਮਸ਼ੇਰ ਸਿੰਘ ਅਸ਼ੋਕ ਵੱਲੋਂ ਸੰਪਾਦਿਤ ਹੁਕਮਨਾਮਿਆਂ ਬਾਰੇ ਕਿਤਾਬਾਂ)। ਗੁਰੂ ਸਾਹਿਬਾਨ ਦੇ ਲਿਖੇ ਹੋਏ ਹੁਕਮਨਾਮਿਆਂ ਤੋਂ ਇਲਾਵਾ ਕੁਝ ਚਿੱਠੀਆਂ ਗੁਰੂ ਗੋਬਿੰਦ ਸਿੰਘ ਦੀ ਪਤਨੀ ਅਤੇ ਬਾਬਾ ਬੰਦਾ ਸਿੰਘ ਦੀਆਂ ਲਿਖੀਆਂ ਹੋਈਆਂ ਵੀ ਕਹੀਆਂ ਜਾਂਦੀਆਂ ਹਨ। ਪਰ ਗਹੁ ਨਾਲ ਵਾਚਿਆਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ 'ਹੁਕਮਨਾਮੇ' ਨਕਲੀ ਹਨ।

ਪਿਛਲੇ ਕੁਝ ਦਹਾਕਿਆਂ ਤੋਂ, ਅਕਾਲ ਤਖ਼ਤ ਦੇ ਮੁੱਖ ਸੇਵਾਦਾਰ (ਜਿਸ ਨੂੰ ਗ਼ਲਤ ਤੌਰ 'ਤੇ ਜਥੇਦਾਰ ਕਹਿਣ ਲਗ ਪਏ ਹਨ) ਵੱਲੋਂ ਜਾਰੀ ਕੀਤੇ ਖ਼ਤ ਤੇ ਬਿਆਨ ਨੂੰ ਵੀ (ਅਖੌਤੀ) ਹੁਕਮਨਾਮਾ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ। ਅਸਲ ਵਿਚ ਅਠਾਰਵੀਂ ਸਦੀ ਦੌਰਾਨ ਸਿੱਖ ਆਪਣਾ ਫੈਸਲਾ **ਗੁਰਮਤਾ** ਕਰਨ (consensus) ਦੇ ਤਰੀਕੇ ਨਾਲ ਕਰਦੇ ਸਨ। ਇਸ ਦੇ ਪਾਸ ਹੋਣ ਤੋਂ ਬਾਅਦ ਇਸ ਗੁਰਮਤਾ ਨੂੰ ਅਕਾਲ ਤਖ਼ਤ ਤੋਂ ਹੁਕਮਨਾਮੇ ਵਜੋਂ ਜਾਰੀ ਕਰ ਦਿੱਤਾ ਜਾਂਦਾ ਸੀ। ਇਹ ਅਸਲ ਵਿਚ ਸਰਬੱਤ ਖ਼ਾਲਸਾ ਦਾ ਗੁਰਮਤਾ ਹੁੰਦਾ ਸੀ ਨਾ ਕਿ ਅਕਾਲ ਤਖ਼ਤ ਸਾਹਿਬ ਦਾ। ਪੰਜ ਪਿਆਰੇ ਜਾਂ ਅਕਾਲ ਤਖ਼ਤ ਦਾ ਮੁਖ ਸੇਵਾਦਾਰ ਆਪਣੀ ਮਰਜ਼ੀ ਨਾਲ (ਅਖੌਤੀ) ਹੁਕਮਨਾਮੇ ਜਾਰੀ ਨਹੀਂ ਕਰ ਸਕਦੇ ਹਨ।1979 ਤੋਂ ਅਕਾਲ ਤਖ਼ਤ ਸਾਹਿਬ ਦੇ ਸੇਵਾਦਾਰਾਂ ਨੇ ਅਨੇਕਾਂ ਹੀ ਬਹਿਸ-ਗੋਚਰੇ ਅਖੌਤੀ ਹੁਕਮਨਾਮੇ ਜਾਰੀ ਕੀਤੇ ਹਨ। ਇਸ ਹਰਕਤ ਨੇ ਸਿੱਖ ਪੰਥ ਅਤੇ ਇਸ ਤਖ਼ਤ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਹੋਰ ਦੇਖੋ: **ਗੁਰਮਤਾ, ਅਕਾਲ ਤਖ਼ਤ ਸਾਹਿਬ**

ਹੈੱਲਮੈੱਟ: ਦੇਖੋ: **ਟੋਪੀ**

ਹੋਮ: ਹੋਮ ਦਾ ਲਫ਼ਜ਼ੀ ਮਾਅਨਾ ਹੈ (ਕਿਸੇ ਦੇਵੀ ਦੇਵਤੇ ਨੂੰ ਖ਼ੁਸ਼ ਕਰਨ ਲਈ) ਅੱਗ ਬਾਲਣਾ। ਦੂਜੇ ਲਫ਼ਜ਼ਾਂ ਵਿਚ ਇਹ 'ਅੱਗ ਵਿਚ ਬਲੀ ਦੇਣ' ਦੀ ਰਸਮ ਹੈ। ਇਸ ਵਿਸ਼ਵਾਸ ਦੇ ਅਨੁਸਾਰ ਸਾਰੀਆਂ 'ਬਲੀਆਂ' ਅੱਗ ਵਿੱਚ ਸੁੱਟ ਦਿੱਤੀਆਂ ਜਾਦੀਆਂ ਹਨ ਜੋ ਉਨ੍ਹਾਂ ਦੇਵਤਿਆਂ ਨੂੰ ਸਮਰਪਤ ਹੁੰਦੀਆਂ ਹਨ ਜੋ (ਦੇਵਤੇ) ਸੰਸਾਰ ਲਈ ਤਰੱਕੀ ਦਾ ਸਾਧਨ ਹੁੰਦੇ ਹਨ। ਹੋਮ ਅਸਲ ਵਿਚ ਯੱਗ ਦੀਆਂ ਰਸਮਾਂ ਦਾ ਹਿੱਸਾ ਹੈ। ਇਸ ਨੂੰ ਹਵਨ ਵੀ ਕਿਹਾ ਜਾਂਦਾ ਹੈ ਸਿੱਖ ਧਰਮ ਇਹਨਾਂ ਸਾਰੀਆ ਰਸਮਾਂ ਦਾ ਖੰਡਨ ਕਰਦਾ ਹੈ । ਜੋ ਸਿੱਖ ਅਜਿਹੀ ਕਿਸੇ ਵੀ ਰਸਮ ਦਾ ਛੋਟਾ ਜਿਹਾ ਹਿੱਸਾ ਵੀ ਕਰਦਾ ਹੈ, ਉਹ ਧਾਰਮਿਕ ਉਲੰਘਣਾ ਕਰਨ ਦਾ ਅਪਰਾਧੀ ਹੈ।

ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥ ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥ ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥ ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥ (ਸਫ਼ਾ 265)

ਹੋਲੀ ਤੇ ਹੋਲਾ ਮਹੱਲਾ: ਹੋਲੀ ਹਿੰਦੂਆਂ ਦਾ ਤਿਉਹਾਰ ਹੈ। ਇਹ ਹਰ ਸਾਲ ਫਗੱਣ ਸੁਦੀ 15 ਨੂੰ, ਇਕ ਮਿਥਿਹਾਸਕ ਹਿੰਦੂ ਔਰਤ, ਜਿਸ ਦਾ ਨਾਂ ਹੋਲਿਕਾ ਸੀ, ਦੀ ਮੌਤ ਦੀ ਯਾਦਗਾਰ ਵਜੋਂ ਮਨਾਇਆ ਜਾਂਦਾ ਹੈ। ਮਿਥਹਾਸ ਮੁਤਾਬਿਕ ਇਹ ਔਰਤ ਹਰਨਾਖਸ਼ ਦੀ ਭੈਣ ਸੀ। ਹਰਨਾਖ਼ਸ਼ ਦਾ ਪੁੱਤਰ ਪ੍ਰਹਿਲਾਦ ਆਪਣੇ ਬਾਪ ਨੂੰ 'ਰੱਬ' ਨਹੀਂ ਸੀ ਮੰਨਦਾ। ਪਿਓ ਨੇ ਪੁੱਤਰ ਨੂੰ ਖ਼ਤਮ ਕਰਨ ਵਾਸਤੇ ਆਪਣੀ ਭੈਣ ਹੋਲਿਕਾ ਨੂੰ ਵਰਤਣਾ ਚਾਹਿਆ। ਇਸ ਔਰਤ ਨੂੰ ਅਖੌਤੀ 'ਵਰ' ਸੀ ਕਿ ਜੇ ਉਹ ਇਕ ਚਾਦਰ ਆਪਣੇ 'ਤੇ ਲਪੇਟ ਲਵੇ ਤਾਂ ਉਸ 'ਤੇ ਅੱਗ ਅਸਰ ਨਹੀਂ ਕਰ ਸਕੇਗੀ। ਹੋਲਿਕਾ ਉਹ ਚਾਦਰ ਲਪੇਟ ਕੇ ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ ਅੱਗ ਵਿਚ ਵੜ ਗਈ। 'ਅਚਾਣਕ' (ਹੈਰੀ ਪੋਟਰ ਦੀਆਂ ਗਪੌੜ ਪਰੀ ਕਹਾਣੀਆਂ ਵਾਂਗ) ਉਹ ਚਾਦਰ ਹੋਲਿਕਾ ਤੋਂ ਸਰਕ ਕੇ ਪ੍ਰਹਿਲਾਦ 'ਤੇ ਜਾ ਪਈ। ਇੰਞ ਹੋਲਿਕਾ ਸੜ ਗਈ ਤੇ ਪ੍ਰਹਿਲਾਦ ਬਚ ਗਿਆ। ਹੋਲਿਕਾ ਦਾ ਸੜਨਾ ਹੀ 'ਹੋਲੀ' (ਹੋਲੀ-ਕਾ ਦਿਨ) ਬਣ ਗਿਆ।

ਦਰਅਸਲ ਇਨ੍ਹਾਂ ਦਿਨਾਂ ਵਿਚ ਸਰਦੀ ਦਾ ਜ਼ੋਰ ਖ਼ਤਮ ਹੁੰਦਾ ਹੈ ਤੇ ਲੋਕ ਘਰਾਂ 'ਚੋਂ ਨਿਕਲ ਕੇ ਇਕ ਦੂਜੇ ਨੂੰ ਖੁਲ੍ਹੇ ਮਾਹੌਲ ਵਿਚ ਮਿਲਣਾ ਸ਼ੁਰੂ ਕਰਦੇ ਹਨ। ਇਹ ਮੌਸਮ ਦੀ ਤਬਦੀਲੀ ਦਾ ਦਿਨ ਹੁੰਦਾ ਹੈ। ਬ੍ਰਾਹਮਣਾਂ ਨੇ ਇਸ ਮੌਸਮੀ ਤਬਦੀਲੀ ਨੂੰ ਇਸ ਮਿਥਹਾਸਕ ਦਿਨ ਵਿਚ ਬਦਲ ਲਿਆ। ਇਸ ਦਿਨ 'ਤੇ ਹਿੰਦੂ ਇਕ ਦੂਜੇ ਉੱਤੇ ਕਈ ਤਰ੍ਹਾਂ ਦੇ ਰੰਗ ਸੁੱਟਦੇ ਹਨ। ਅੱਜ ਕਲ੍ਹ ਇਹ ਤਿਓਹਾਰ ਦੀ ਬਜਾਇ ਗੁੰਡਾਗਰਦੀ ਜ਼ਿਆਦਾ ਬਣਦਾ ਜਾ ਰਿਹਾ ਹੈ। ਇਸ ਦਿਨ ਬਹੁਤ ਲੜਾਈਆਂ, ਔਰਤਾਂ ਨੂੰ ਛੇੜਨ ਦੀਆਂ ਘਟਨਾਵਾਂ, ਬਹੁਤ ਸਾਰੇ ਅਮੀਰਾਂ ਤੇ ਸਿਆਸੀ ਆਗੂਆਂ ਤੇ ਪੁਲਸੀਆਂ ਦੇ ਮੁੰਡੇ (ਤੇ ਕੁੜੀਆਂ ਵੀ) ਇਸ ਦਿਨ ਫ਼ਿਟਰਕਾਪ੍ਰਸਤੀ, ਧੱਕੇਸ਼ਾਹੀ ਤੇ ਗੁੰਡਾਗਰਦੀ ਦਿਖਾਉਣ ਨਿਕਲਦੇ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਵੀ ਕੁਝ ਲੋਕ ਇਸ ਦਿਨ ਇਕ ਦੂਜੇ 'ਤੇ ਰੰਗ ਸੁੱਟ ਕੇ ਇਕ-ਦੂਜੇ ਦੇ ਕਪੜੇ ਖ਼ਰਾਬ ਕਰਿਆ ਕਰਦੇ ਸਨ। ਗੁਰੂ ਸਾਹਿਬ ਨੇ ਇਸ ਘਟੀਆ ਰਿਵਾਜ਼ ਤੋਂ ਲੋਕਾਂ ਨੂੰ ਹਟਾਉਣ ਲਈ ਇਨ੍ਹਾਂ ਦਿਨਾਂ ਵਿਚ ਵੱਖਰੀ ਕਿਸਮ ਦਾ ਦਿਲ-ਪ੍ਰਚਾਵਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਇਸ ਦਿਨ ਘੋੜ-ਸਵਾਰੀ, ਕੁਸ਼ਤੀਆਂ, ਤਲਵਾਰ ਚਲਾਉਣਾ, ਨਕਲੀ ਲੜਾਈਆਂ ਅਤੇ ਜੰਗ ਦੀਆਂ ਮਸ਼ਕਾਂ ਦੇ ਮੁਕਾਬਲੇ ਸ਼ੁਰੂ ਕਰਵਾ ਦਿੱਤੇ ਜਿਸ ਵਿਚ ਦਿਲ ਪਰਚਾਵਾ ਵੀ ਸੀ, ਬੇਹੂਦਗੀ ਵੀ ਨਹੀਂ ਸੀ ਤੇ ਸ਼ਸਤ੍ਰ ਵਿਦਿਆ ਦੀ ਸਿਖਲਾਈ ਵੀ ਸੀ। ਗੁਰੂ ਸਾਹਿਬ ਨੇ ਇਸ ਨੂੰ ਹੱਲਾ (ਹੱਲਾ ਭਾਵ ਹਮਲਾ) ਮਹੱਲਾ ਦਾ ਨਾਂ ਦਿੱਤਾ। ਉਨ੍ਹਾਂ ਨੇ ਇਸ ਨੂੰ ਅਨੰਦਪੁਰ ਸਾਹਿਬ ਵਿਖੇ ਹਰ ਸਾਲ ਮਨਾਉਣਾ ਸ਼ੁਰੂ ਕੀਤਾ। ਹੁਣ ਵੀ ਇਹ ਗੁਰੂ ਸਾਹਿਬ ਦਾ ਸ਼ੁਰੂ ਕੀਤਾ 'ਹੱਲਾ ਮੁਹੱਲਾ' (ਹੁਣ ਇਹ ਹੋਲਾ ਮਹੱਲਾ ਬਣ ਗਿਆ ਹੈ) ਹਰ ਸਾਲ ਅਨੰਦਪੁਰ

ਸਾਹਿਬ ਵਿਚ ਮਨਾਇਆ ਜਾਂਦਾ ਹੈ। ਉਂਞ ਇਸ ਦਿਨ ਅਤੇ ਤਾਰੀਖ਼ ਦੀ ਸਿੱਖਾਂ ਲਈ ਕੋਈ ਧਾਰਮਿਕ ਅਹਿਮੀਅਤ ਨਹੀਂ ਹੈ। ਪਰ, ਹੁਣ ਕੁਝ ਸਿੱਖਾਂ ਨੇ ਇਸ ਨੂੰ ਹਿੰਦੂਆਂ ਦੀ ਹੋਲੀ ਦੀ ਤਰ੍ਹਾਂ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਦਿਨ ਉੱਤੇ ਕੁਝ ਬੇਸਮਝ ਸਿੱਖ ਵੀ ਹੋਰਨਾਂ ਉੱਤੇ ਰੰਗ ਸੁੱਟਦੇ ਹਨ, ਜੋ ਕਿ ਸਿੱਖ ਫ਼ਲਸਫ਼ੇ ਦੇ ਮੁੱਢੋਂ ਹੀ ਉਲਟ ਹੈ। ਗੁਰੂ ਸਾਹਿਬ ਨੇ ਇਸੇ ਗ਼ਲਤ ਰਿਵਾਇਤ ਨੂੰ ਰੋਕਿਆ ਸੀ ਤੇ ਕੁਝ ਹਿੰਦੂ-ਨੁਮਾ ਸਿੱਖਾਂ ਨੇ ਉਸੇ ਬੇਹੂਦਗੀ ਨੂੰ ਫਿਰ ਅਪਣਾ ਲਿਆ ਹੈ।

ਹੰਕਾਰ/ਘਮੰਡ: ਹੰਕਾਰ ਲਫ਼ਜ਼ ਦੀ ਜੜ੍ਹ ਅਹੰ+ਕਾਰ (ਵਾਰ-ਵਾਰ ਮੈਂ) ਵਿਚ ਹੈ, ਜਿਸ ਦਾ ਮਾਅਨਾ ਹੈ: ਸਿਰਫ਼ ਆਪਣੇ ਆਪ ਨੂੰ ਹੀ ਵੱਡਾ, ਉੱਚਾ, ਮਾਹਿਰ, ਨਿਪੁੰਨ ਸਮਝਣਾ। ਹੰਕਾਰ ਇਨਸਾਨ ਦੇ ਵਜੂਦ ਵਿਚ ਸਭ ਤੋਂ ਵੱਡੀਆਂ ਬੁਰਾਈਆਂ ਵਿਚੋਂ ਇਕ ਹੈ। ਸਿੱਖ ਨੂੰ ਦੁਨਿਆਵੀ ਦੌਲਤ, ਤਾਕਤ, ਹੁਸਨ, ਗਿਆਨ/ਵਿਦਿਆ ਵਗ਼ੈਰਾ ਹੋਣ ਦਾ ਹੰਕਾਰ ਨਹੀਂ ਹੋਣਾ ਚਾਹੀਦਾ। ਮੁਕਤੀ ਦੇ ਰਸਤੇ ਵਿਚ ਇਹ ਸਭ ਤੋਂ ਵੱਡੀਆਂ ਰੁਕਾਵਟਾਂ ਵਿੱਚੋਂ ਇਕ ਹੈ। ਹੰਕਾਰ ਹਉਮੈ ਤੋਂ ਵਖਰਾ ਹੈ।

ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ॥ ਪਉ ਸੰਤ ਸਰਣੀ, ਲਾਗੁ ਚਰਣੀ, ਮਿਟੈ ਦੂਖੁ ਅੰਧਾਰੁ॥ (ਸਫ਼ਾ 51)

ਸਾਜਨੁ ਮੀਤੁ ਪਿਆਰਾ ਸੋਈ॥ ਏਕੁ ਦ੍ਰਿੜਾਏ ਦੁਰਮਤਿ ਖੋਈ॥ ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ॥ (ਸਫ਼ਾ 1085)

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ॥ ਦੁਖ ਸੁਖ ਕਰਤ ਜਨਮਿ ਫੁਨਿ ਮੂਆ॥ ਚਰਨ ਕਮਲ ਗੁਰਿ ਆਸ੍ਰਮੁ ਦੀਆ॥ (ਸਫ਼ਾ 804)

ਕਰਣ ਪਲਾਵ ਕਰੇ ਨਹੀ ਪਾਵੈ ਇਤ ਉਤ ਢੂਢਤ ਥਾਕਿ ਪਰੇ॥ ਕਾਮਿ ਕ੍ਰੋਧਿ ਅਹੰਕਾਰਿ ਵਿਆਪੇ ਕੂੜ ਕੁਟੰਬ ਸਿਉ ਪ੍ਰੀਤਿ ਕਰੇ॥ (ਸਫ਼ਾ 1013-14)

ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ॥ ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ॥ (ਸਫ਼ਾ 546)

ਮਿਥਿਆ ਧ੍ਰੋਹ ਮੋਹ ਅਭਿਮਾਨੁ॥ ਮਿਥਿਆ ਆਪਸ ਊਪਰਿ ਕਰਤ ਗੁਮਾਨੁ॥ ਅਸਥਿਰੁ ਭਗਤਿ ਸਾਧ ਕੀ ਸਰਨ॥ ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ॥ (ਸਫ਼ਾ 268)

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ॥ ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ॥ ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ॥ ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥ ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ॥ (ਸਫ਼ਾ 1089)

ਜੋ ਇਨਸਾਨ ਹੰਕਾਰ ਤੋਂ ਬਚਾਅ ਕਰ ਲੈਂਦਾ ਹੈ, ਉਹ ਵੱਡਾ ਹਿੰਮਤੀ, ਬਹਾਦਰ ਹੁੰਦਾ ਹੈ:

ਨਾਨਕ ਸੋ ਸੂਰਾ ਵਰੀਆਮੁ, ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥ (ਸਫ਼ਾ 86)

ਹੋਰ ਵੇਖੋ: **ਕਾਮ, ਕ੍ਰੋਧ, ਲੋਭ, ਮੋਹ, ਹਉਮੈ।**

ਕਕਾਰ: ਕਕਾਰ, ਕ+ਕਾਰ ਤੋਂ ਬਣਿਆ ਹੈ, ਯਾਨਿ 'ਕ' ਵਾਰ-ਵਾਰ। ਇਸ ਦਾ ਲਫ਼ਜ਼ੀ ਮਾਅਨਾ ਹੈ: (ਗੁਰਮੁਖੀ) ਅੱਖਰ 'ਕ' ਨਾਲ ਸ਼ੁਰੂ ਹੋਣ ਵਾਲੇ (ਪੰਜ) ਲਫ਼ਜ਼।

ਸਿੱਖ ਪੰਥ ਦੇ ਪੰਜ ਕਕਾਰ ਹਨ:- ਕੇਸ ਤੇ ਕੇਸਕੀ, (ਵਾਲ ਤੇ ਦਸਤਾਰ), ਕੰਘਾ (ਵਾਲ ਵਾਹੁਣ ਲਈ), ਕੜਾ (ਬਾਂਹ ਵਿਚ ਪਾਉਣ ਵਾਸਤੇ, ਇਹ ਲੋਹੇ ਦਾ ਬਣਿਆ ਹੁੰਦਾ ਹੈ, ਇਹ ਚੂੜੀ/ਵੰਗ ਨਹੀਂ; ਅਤੇ ਕੜੇ ਲਈ ਕੰਗਣ ਜਾਂ ਗਜਰਾ ਸ਼ਬਦ ਵੀ ਠੀਕ ਨਹੀਂ), ਕਛਹਿਰਾ (ਇਹ ਖਾਸ ਕਿਸਮ ਦੇ ਡਿਜ਼ਾਈਨ ਦਾ ਤੇ ਖ਼ਾਸ ਤਰੀਕੇ ਨਾਲ ਸੀਤਾ ਹੋਇਆ ਹੁੰਦਾ ਹੈ), ਕਿਰਪਾਨ (ਤਲ੍ਵਾਰ)। ਹਰੇਕ ਸਿੱਖ ਲਈ ਇਹ ਸਾਰੇ ਕਕਾਰ ਹਰ ਸਮੇਂ ਪਹਿਨਣੇ ਲਾਜ਼ਮੀ ਹਨ। ਕਕਾਰ ਸਿੱਖ ਦੀ ਜ਼ਿੰਦਗੀ ਦਾ ਇੱਕ ਅਟੁੱਟ ਹਿੱਸਾ ਹਨ। ਜੋ ਪਾਹੁਲੀਆ ਸਿੱਖ ਇਨ੍ਹਾਂ ਵਿਚੋਂ ਕਿਸੇ ਇਕ ਕਕਾਰ ਨੂੰ ਵੀ ਨਹੀਂ ਪਹਿਣਦਾ ਉਹ ਸਿੱਖ ਹੋਣ ਦਾ ਦਾਅਵਾ ਨਹੀਂ ਕਰ ਸਕਦਾ ਤੇ ਨਾ ਹੀ ਅਜਿਹਾ ਸ਼ਖ਼ਸ ਗੁਰੂ ਦੀ ਮਿਹਰ ਅਤੇ ਬਖ਼ਸ਼ਿਸ਼ ਦਾ ਅਨੰਦ ਲੈ ਸਕਦਾ ਹੈ। ਇਹ ਕਕਾਰ ਨਿਸ਼ਾਨੀਆਂ (ਸੇਮਬੋਲਸ) ਨਹੀਂ ਸਗੋਂ ਸਿੱਖ ਅਕੀਦੇ ਦੀਆਂ ਚੀਜ਼ਾਂ (ੳਰਟਚਿਲਏਸ ੋਡ ਡੳਟਿਹ) ਹਨ। ਇਹ ਸਿੱਖ ਪੰਥ ਦੀ ਏਕਤਾ, ਤਾਕਤ ਅਤੇ ਭਾਈਚਾਰੇ ਦਾ ਜ਼ਾਬਤਾ (ਦਸਿਚਪਿਲਨਿਏ) ਹਨ। ਹੋਰ ਦੇਖੋ: **ਕੇਸ, ਕੇਸਕੀ, ਕੰਘਾ, ਕੜਾ, ਕਛਹਿਰਾ, ਕਿਰਪਾਨ।**

ਕੱਚੀ ਬਾਣੀ: ਅਖੌਤੀ 'ਕੱਚੀ ਬਾਣੀ' ਦਾ ਲਫ਼ਜ਼ੀ ਮਾਅਨਾ ਹੈ: ਉਹ ਕਵਿਤਾਵਾਂ ਜਿਹੜੀਆਂ ਗੁਰੂ ਦੀ ਬਾਣੀ ਨਹੀਂ ਹਨ ਅਤੇ ਜਿਨ੍ਹਾਂ ਨੂੰ 'ਬਾਣੀ' ਵਜੋਂ ਪੇਸ਼ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਗਈ ਸੀ ਜਾਂ ਜਿਹੜੀਆਂ ਕੱਵਿਤਾਵਾਂ ਨੂੰ ਗੁਰਬਾਣੀ ਵਿਚ ਰਲਾਅ ਪਾ ਕੇ ਪੇਸ਼ ਕੀਤਾ ਗਿਆ ਸੀ। ਇਨ੍ਹਾਂ ਵਿਚ ਕੁਝ ਕਵਿਤਾਵਾਂ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਦੌਰਾਨ ਪ੍ਰਿਥੀ ਚੰਦ ਮੀਣੇ ਦੇ ਪੁੱਤਰ ਮਿਹਰਬਾਨ ਨੇ ਲਿਖੀਆਂ ਸਨ। ਇਕ ਚਰਚਾ ਮੁਤਾਬਿਕ ਭਾਈ ਢਿੱਲੀ ਮੰਡਲ ਪਹਿਲਾ ਸ਼ਖ਼ਸ ਸੀ ਜਿਸ ਨੇ ਗੁਰੂ ਸਾਹਿਬ ਜੀ ਨੂੰ ਇਸ ਸਾਜ਼ਿਸ਼ ਬਾਰੇ ਦੱਸਿਆ ਸੀ ਤੇ ਸ਼ਾਇਦ ਇਸੇ ਕਾਰਨ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ (ਬੀੜ ਬੰਨ੍ਹੀ) ਸੀ। ਅਖੌਤੀ 'ਕੱਚੀ ਬਾਣੀ' ਦੀਆਂ ਕੁਝ ਤੁਕਾਂ ਇਹ ਵੀ ਹਨ: ਨਾਨਕ ਨਾਮ ਚੜ੍ਹਦੀ ਕਲਾ..., ਨਾਨਕ ਨਾਮ ਜਹਾਜ਼ ਹੈ ਚੜਹਿ ਸੋ ਉਤਰਹਿ ਪਾਰ..., ਖੰਡਾ ਜਾ ਕੇ ਹਾਥ ਮੇਂ ਕਲਗੀ ਸੋਹਹਿ ਸੀਸ..., ਚਿਤ ਚਰਨ ਕਮਲ ਕਾ ਆਸਰਾ... ਆਦਿ। ਇਹਨਾਂ ਤੋਂ ਇਲਾਵਾ ਪ੍ਰਾਣ ਸੰਗਲੀ, ਬਿਹੰਗਮ ਬਾਣੀ, ਕਕਾਰ ਵਿਚਾਰ, ਕਰਨੀ ਨਾਮਾ, ਪਾਕ ਨਾਮਾ, ਨਸੀਹਤ ਨਾਮਾ, ਪ੍ਰੇਮ ਸੁਮਾਰਗ ਗ੍ਰੰਥ, ਸਰਬ ਲੋਹ ਗ੍ਰੰਥ, ਸ਼ਸਤਰ ਨਾਮ ਮਾਲਾ ਅਤੇ ਅਖੌਤੀ ਦਸਮ ਗ੍ਰੰਥ ਦੀਆਂ ਕਵਿਤਾਵਾਂ ਵੀ ਸ਼ਾਮਿਲ ਹਨ। ਇਸ ਨੂੰ 'ਕੱਚੀ ਬਾਣੀ' ਕਹਿਣਾ ਵੀ ਗਲਤ ਹੈ, ਇਹ ਤਾਂ ਕੱਚੀਆਂ ਕਵਿਤਾਵਾਂ ਹਨ। ਦਰਅਸਲ ਇਨ੍ਹਾਂ ਨੂੰ ਸਿਰਫ਼ ਕਵਿਤਾ (ਕੁਝ ਹੱਦ ਤੱਕ ਸਾਜ਼ਸ਼ੀ ਲਿਖਤਾਂ) ਕਹਿਣਾ ਚਾਹੀਦਾ ਹੈ।

ਕੱਛ: ਇਹ ਲਫ਼ਜ਼ ਕਛਹਿਰਾ ਦਾ ਛੋਟਾ ਨਾਂ ਹੈ। ਦੇਖੋ: **ਕਛਹਿਰਾ**

ਕਛਹਿਰਾ: ਕਛਹਿਰਾ ਸਿੱਖਾਂ ਦੇ ਪੰਜ ਕਕਾਰਾਂ ਵਿਚੋਂ ਇੱਕ ਹੈ। ਕਛਹਿਰੇ ਦੀ ਸ਼ਕਲ (ਡਿਜ਼ਾਇਨ) ਕੱਛੇ ਤੇ ਜਾਂਘੀਏ ਤੋਂ ਵਖਰੀ ਹੈ ਅਤੇ ਇਹ ਵੱਖਰੇ ਤਰੀਕੇ ਨਾਲ ਸੀਤਾ ਜਾਂਦਾ ਹੈ। ਕੁਝ ਲੇਖਕਾਂ ਵੱਲੋਂ ਕਛਹਿਰੇ ਨੂੰ ਇਖ਼ਲਾਕ ਅਤੇ ਸੰਜਮ ਦਾ ਚਿੰਨ੍ਹ (ਸ਼ੇਮਬੋਲ) ਵਜੋਂ ਪੇਸ਼ ਕੀਤਾ ਜਾਂਦਾ ਹੈ। ਦਰਅਸਲ ਇਹ ਬਾਦਸ਼ਾਹੀ ਪਹਿਰਾਵਾ ਹੈ ਕਿ ਸਿੱਖ ਦਾ ਕਛਹਿਰਾ ਵੀ ਖ਼ਾਸ ਸਟਾਈਲ ਦਾ ਤੇ ਸੁਹਣਾ ਸੀਤਾ ਹੋਣਾ ਚਾਹੀਦਾ

ਹੈ। ਹੋਰ ਵੇਖੋ: **ਕਕਾਰ** ੧੩

ਕਤੇਬ: ਕਤੇਬ ਇਕ ਤੋਂ ਵਧ ਕਿਤਾਬਾਂ ਨੂੰ ਆਖਦੇ ਹਨ। ਇਸਲਾਮ ਧਰਮ ਚਾਰ ਕਿਤਾਬਾਂ ਨੂੰ ਕਬੂਲ ਕਰਦਾ ਹੈ: ਤੋਰਕ, ਜ਼ਹੂਰ, ਬਾਈਬਲ, ਕੁਰਾਨ। ਇਨ੍ਹਾਂ ਚਾਰਾਂ ਨੂੰ 'ਚਾਰ ਕਤੇਬ' ਕਿਹਾ ਜਾਂਦਾ ਹੈ। ਇਸਲਾਮ ਮੁਤਾਬਿਕ ਇਹ ਕਿਤਾਬਾਂ ਹੀ ਧਰਮ ਤੇ ਫ਼ਲਸਫ਼ੇ ਦੀਆਂ ਆਖ਼ਰੀ ਕਿਤਾਬ ਹਨ ਤੇ ਇਨ੍ਹਾਂ ਵਿਚੋਂ ਵੀ ਕੁਰਾਨ ਸਭ ਤੋਂ ਆਖ਼ਰੀ ਹੈ। ਉਨ੍ਹਾਂ ਮੁਤਾਬਿਕ ਜਿਸ ਗੱਲ ਨੂੰ ਕੁਰਾਨ ਕਬੂਲ ਕਰਦਾ ਹੈ ਸਿਰਫ਼ ਉਹ ਹੀ ਸਹੀ ਹੈ। ਸਿੱਖ ਧਰਮ ਇਸ ਸੋਚ ਨੂੰ ਕਬੂਲ ਨਹੀਂ ਕਰਦਾ।

ਕਥਾ: ਕਥਾ ਦਾ ਲਫ਼ਜ਼ੀ ਮਾਅਨਾ ਹੈ: ਕਹਿਣਾ ਜਾਂ ਕਿਸੇ ਦੱਸੀ ਹੋਈ ਗੱਲ ਨੂੰ ਬਿਆਨ ਕਰਨਾ। ਸਿੱਖ ਧਰਮ ਮੁਤਾਬਿਕ ਇਸ ਵਿਚ ਗੁਰੂ ਗ੍ਰੰਥ ਸਹਿਬ, ਸਿੱਖ ਤਵਾਰੀਖ਼ ਦੀ ਕਿਸੇ ਕਾਵਿ ਲਿਖਤ ਦਾ ਟੀਕਾ ਜਾਂ ਕਿਸੇ ਸ਼ਬਦ ਜਾਂ ਨੁਕਤੇ ਦੀ ਵਿਆਖਿਆ ਕਰਨਾ ਸ਼ਾਮਿਲ ਹੈ। ਬਹੁਤ ਸਾਰੇ ਗੁਰਦੁਆਰਿਆਂ ਵਿਚ, ਆਮ ਤੌਰ 'ਤੇ ਸ਼ਾਮ ਵੇਲੇ ਜਾਂ ਸ਼ਨੀਵਾਰਾਂ ਤੇ ਐਤਵਾਰਾਂ ਨੂੰ (ਛੁੱਟੀਆਂ ਦੇ ਦਿਨਾਂ ਵਿਚ), ਕੋਈ ਨਾ ਕੋਈ ਕਥਾ ਜ਼ਰੂਰ ਹੁੰਦੀ ਹੈ। ਇਸ ਵਿਚ ਗੁਰੂ ਗ੍ਰੰਥ ਸਹਿਬ, ਸਿੱਖ ਤਵਾਰੀਖ਼ ਜਾਂ ਸਿੱਖ ਧਾਰਮਿਕ ਗ੍ਰੰਥ ਸਾਮਿਲ ਹਨ। ਕਈ ਗੁਰਦੁਆਰਿਆਂ ਵਿਚ ਤਾਂ ਸੰਤੋਖ ਸਿੰਘ ਦੇ 'ਸੂਰਜ ਪ੍ਰਕਾਸ਼' ਦੀ ਕਥਾ, ਲਗਾਤਾਰ ਕਈ ਕਈ ਸਾਲ ਚਲਦੀ ਰਹੀ ਹੈ। (ਉਂਞ ਇਸ ਸੂਰਜ ਪ੍ਰਕਾਸ਼ ਵਿਚ ਸਿੱਖੀ ਦੇ ਉਲਟ ਸਮੱਗਰੀ ਰੱਜ ਕੇ ਭਰੀ ਹੋਈ ਹੈ। ਦਰਅਸਲ ਗੁਰਦੁਆਰਿਆਂ ਦੇ ਬਹੁਤੇ ਗ੍ਰੰਥੀ ਨਿਰਮਲੇ ਸਨ ਤੇ ਇਸ ਦਾ ਲੇਖਕ ਸੰਤੋਖ ਸਿੰਘ ਨਿਰਮਲਿਆਂ ਦਾ ਇਕ ਮੁਖ ਆਗੂ ਸੀ)। ਕੁਝ ਗੁਰਦੁਆਰਿਆਂ ਵਿਚ ਭਾਈ ਗੁਰਦਾਸ ਦੀਆਂ ਵਾਰਾਂ, ਭਾਈ ਨੰਦ ਲਾਲ ਦੇ ਕਲਾਮ ਤੇ ਭਾਈ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਦੀ ਵੀ ਕਥਾ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਸ਼ਬਦਾਂ ਦੀ ਵਿਆਖਿਆ ਤੇ ਗੁਰਬਾਣੀ ਦੀ ਕਥਾ ਵੀ ਕੀਤੀ ਜਾਂਦੀ ਹੈ। ਸੰਗਤ ਵਿਚ ਸਿੱਖ ਫ਼ਲਸਫ਼ੇ ਨੂੰ ਵਿਆਖਿਆਤਮਕ ਢੰਗ ਨਾਲ ਦਰਸਾਉਣਾ ਵੀ ਕਥਾ ਹੈ।

ਕਨਿੰਘਮ: ਜੋਸਿਫ਼ ਡੇਵੀ ਕੰਨਿਘਮ (9.6.1812-1851), ਜੋ ਐਲਨ ਕਨਿੰਘਮ ਦਾ ਪੁੱਤਰ ਸੀ, ਦਾ ਜਨਮ ਲਮਬੇਥ (ਇੰਗਲੈਂਡ) ਵਿਚ ਹੋਇਆ ਸੀ। 1832 ਵਿਚ ਉਹ ਬ੍ਰਿਟਿਸ਼ ਫ਼ੌਜ ਦਾ ਇੱਕ ਅਫਸਰ ਬਣ ਕੇ ਦਿੱਲੀ (ਭਾਰਤ) ਆ ਗਿਆ। 1837 ਵਿਚ ਉਸ ਨੂੰ ਕਰਨਲ ਕਲਾਊਡ ਵੇਡ ਦਾ ਅਸਿਸਟੈਂਟ ਬਣਾ ਦਿੱਤਾ ਗਿਆ। ਵੇਡ ਲੁਧਿਆਣਾ ਵਿਚ ਬ੍ਰਿਟਿਸ਼ ਸਰਕਾਰ ਦਾ 'ਪੋਲੀਟੀਕਲ ਏਜੰਟ' ਸੀ। ਕਨਿੰਘਮ ਨੇ ਕੁਝ ਸਮਾਂ ਬਹਾਵਲਪੁਰ ਵਿਚ 'ਪੋਲੀਟੀਕਲ ਏਜੰਟ' ਵਜੋਂ ਕੰਮ ਵੀ ਕੀਤਾ। ਪਹਿਲੀ ਅੰਗਰੇਜ਼-ਸਿੱਖ ਜੰਗ ਦੌਰਾਨ, ਉਸ ਨੂੰ ਲੁਧਿਆਣੇ ਬੁਲਾ ਲਿਆ ਗਿਆ। ਉਸ ਨੂੰ ਪਹਿਲਾਂ ਜਨਰਲ ਚਾਰਲਸ ਨੈਪੀਅਰ ਅਤੇ ਬਾਅਦ ਵਿਚ ਜਨਰਲ ਗੱਫ਼ (ਜਿਨ੍ਹਾਂ ਨੇ ਸਿੱਖਾਂ ਦੇ ਵਿਰੁੱਧ 1845-49 ਵਿਚ ਜੰਗਾਂ ਦੀ ਅਗਵਾਈ ਕੀਤੀ ਸੀ) ਨਾਲ ਤਾਈਨਾਤ ਕੀਤਾ ਗਿਆ ਸੀ। ਬੱਦੋਵਾਲ ਅਤੇ ਅਲੀਵਾਲ ਦੀਆਂ ਲੜਾਈਆਂ ਦੌਰਾਨ ਉਸ ਨੇ 'ਪੋਲੀਟੀਕਲ ਅਫ਼ਸਰ' ਵਜੋਂ ਕੰਮ ਕੀਤਾ। ਬਾਅਦ ਵਿਚ, ਸਭਰਾਓਂ (10 ਫ਼ਰਵਰੀ 1846) ਦੀ ਲੜਾਈ ਦੌਰਾਨ, ਉਹ ਗਵਰਨਰ ਜਨਰਲ ਦਾ ਅਸਿਸਟੈਂਟ ਏਡ-ਡੀ-ਕੈਂਪ (ਏ.ਡੀ.ਸੀ) ਬਣ ਗਿਆ। ਜੰਗਾਂ ਦੌਰਾਨ ਸੇਵਾ ਕਰਨ ਬਦਲੇ ਉਸ ਨੂੰ ਭੂਪਾਲ ਵਿਚ ਗਵਰਨਰ

ਜਨਰਲ ਦਾ 'ਪੋਲੀਟੀਕਲ ਏਜੰਟ' ਬਣਾ ਦਿੱਤਾ ਗਿਆ। ਇੱਥੇ ਉਸ ਨੇ ਸਿੱਖ ਕੌਮ ਦੇ ਇਤਿਹਾਸ ਉੱਤੇ ਕੰਮ ਕੀਤਾ। 1849 ਵਿਚ ਉਸ ਨੇ "ਸਿੱਖ ਇਤਿਹਾਸ: ਇਸ ਦੇ ਮੁੱਢ ਤੋਂ ਸਤਲੁਜ ਦੀਆਂ ਲੜਾਈਆਂ ਤਕ" ਕਿਤਾਬ ਛਾਪੀ। ਕੰਨਿਘਮ ਨੇ ਆਪਣੀ ਇਸ ਕਿਤਾਬ ਵਿਚ ਅੰਗਰੇਜ਼ਾਂ ਦੇ ਧੋਖੇ ਅਤੇ ਗ਼ਦਾਰਾਂ ਦੀ ਗ਼ਦਾਰੀ ਦੇ ਪਾਜ, ਖ਼ਾਸ ਕਰ ਕੇ ਰਣਜੀਤ ਸਿੰਘ ਦੇ ਦਰਬਾਰ ਦੇ ਡੋਗਰਿਆਂ ਅਤੇ ਬ੍ਰਾਹਮਣ ਹਿੰਦੁਸਤਾਨੀ ਵਜ਼ੀਰਾਂ ਤੇ ਅਫ਼ਸਰਾਂ (ਜਿਨ੍ਹਾਂ ਨੇ ਬ੍ਰਿਟਿਸ਼ ਸਰਕਾਰ ਨਾਲ ਰਲ ਕੇ ਮਹਾਰਾਜਾ ਰਣਜੀਤ ਸਿੰਘ ਦੀ ਸਲਤਨਤ ਤਬਾਹ ਕਰਨ ਲਈ ਸ਼ਰਮਨਾਕ ਗ਼ਦਾਰੀ ਕੀਤੀ) ਦੇ ਪਾਜ ਖੋਲ੍ਹੇ ਹਨ। ਜਦੋਂ ਇਹ ਕਿਤਾਬ ਛਪੀ ਗਈ, ਤਾਂ ਕੰਨਿਅਮ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਇਸ 'ਤੇ ਉਸ ਦਾ ਦਿਲ ਟੁੱਟ ਗਿਆ ਤੇ ਉਹ ਸਿਰਫ਼ 39 ਸਾਲ ਦੀ ਉਮਰ ਵਿਚ ਮਰ ਗਿਆ। ਕੰਨਿਘਮ ਐਂਗਲੋ-ਸਿੱਖ ਲੜਾਈਆਂ ਬਾਰੇ ਬੜੀ ਬਾਰੀਕੀ ਨਾਲ ਸੱਚੋ-ਸੱਚ ਬਿਆਨ ਕਰਦਾ ਹੈ ਤੇ ਇਹੀ ਇਸ ਕਿਤਾਬ ਦਾ ਕੀਮਤੀ ਹਿੱਸਾ ਹੈ। ਪਰ ਉਸ ਦੀ ਇਸ ਕਿਤਾਬ ਵਿਚ ਸਿੱਖ ਧਰਮ ਤੇ ਤਵਾਰੀਖ਼ ਬਾਰੇ ਪੇਸ਼ਕਾਰੀ ਵਿਚ ਬਹੁਤ ਵੱਡੀਆਂ ਗ਼ਲਤੀਆਂ ਹਨ, ਕਿਉਂਕਿ ਉਸ ਦਾ ਸੋਮਾ ਕੁਝ ਸਿੱਖ ਵਿਰੋਧੀ ਲਿਖਾਰੀ ਜਾਂ ਅਣਜਾਣ ਲੋਕ ਸਨ।

ਕਬਿੱਤ: ਕਬਿੱਤ ਇਕ ਕਵਿਤਾ ਦੀ ਕਿਸਮ (ਕਾਵਿ ਰੂਪ) ਹੈ। ਹਰੇਕ ਕਬਿਤ ਵਿੱਚ ਚਾਰ ਤੁਕਾਂ ਹੁੰਦੀਆਂ ਹਨ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਕਵੀਆਂ ਨੇ ਅਕਸਰ ਹੀ ਇਸ ਕਾਵਿ-ਰੂਪ ਦੀ ਵਰਤੋਂ ਕੀਤੀ ਹੈ।

ਕਮਲ: ਇਕ ਫੁੱਲ ਹੈ ਜੋ ਚਿੱਕੜ ਵਿਚ ਪੈਦਾ ਹੁੰਦਾ ਹੈ। ਗੁਰ ਸਾਹਿਬਾਨ ਦੇ ਚਰਨਾਂ (ਪੈਰਾਂ) ਦੀ ਕਮਲ ਦੇ ਫੁੱਲ ਨਾਲ ਤੁਲਨਾ ਇਸ ਕਰ ਕੇ ਕੀਤੀ ਜਾਂਦੀ ਹੈ ਕਿ ਜਿਵੇਂ ਕਮਲ ਦਾ ਫੁੱਲ ਚਿੱਕੜ ਅਤੇ ਗੰਦ ਵਿਚ ਪੈਦਾ ਹੁੰਦਾ ਹੈ ਪਰ ਇਨ੍ਹਾਂ ਦਾ ਕਮਲ ਉੱਪਰ ਕੋਈ ਅਸਰ ਨਹੀਂ ਪੈਂਦਾ। ਕਮਲ ਦੇ ਫੁੱਲ ਵਾਂਗ ਗੁਰੂ ਸਾਹਿਬ ਵੀ ਦੁਨੀਆਂ ਵਿਚ ਰਹਿੰਦੇ ਹੋਏ ਵੀ ਇਸ ਦੀ ਮੋਹ-ਮਾਇਆ ਤੋਂ ਅਸਰ-ਅੰਦਾਜ਼ ਨਹੀਂ ਹੁੰਦੇ।

ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ॥ (ਸਫ਼ਾ 938)

ਕਰਤਾ ਪੁਰਖ: ਇਸ ਦਾ ਲਫ਼ਜ਼ੀ ਮਾਅਨਾ ਹੈ: ਕੰਮ ਕਰਨ ਵਾਲਾ/ਸਿਰਜਣਾ ਕਰਨ ਵਾਲਾ ਪੁਰਖ। ਇਹ ਰੱਬ ਦੇ ਕਈ ਨਾਂਵਾਂ ਅਤੇ ਗੁਣਾਂ ਵਿਚੋਂ ਇੱਕ ਹੈ। ਸਿੱਖ ਫ਼ਲਸਫ਼ੇ ਮੁਤਾਬਿਕ, ਸਿਰਫ਼ ਰੱਬ ਇਕੱਲਾ ਹੀ ਸਿਰਜਣਹਾਰ ਹੈ ਅਤੇ ਉਸ ਨੇ ਹਰੇਕ ਚੀਜ਼ ਆਪਣੇ ਆਪ ਵਿਚੋਂ ਹੀ ਪੈਦਾ ਕੀਤੀ ਹੈ। ਸਾਂਖਯਾ ਫ਼ਲਸਫ਼ੇ ਮੁਤਾਬਿਕ ਸਾਰੀ ਦੁਨੀਆਂ ਦੀ ਇਹ ਰਚਨਾ ਪੁਰਸ਼ ਅਤੇ ਪ੍ਰਕਿਰਤੀ ਦੇ ਮਿਲਣ ਦਾ ਨਤੀਜਾ ਹੈ, ਯਾਨਿ ਇਸ ਨੂੰ ਰੱਬ (ਪੁਰਸ਼) ਨੇ ਪ੍ਰਕ੍ਰਿਤੀ ਤੋਂ ਬਣਾਇਆ ਹੈ। ਸਿੱਖ ਫ਼ਲਸਫ਼ੇ ਮੁਤਬਿਕ ਪ੍ਰਕਿਰਤੀ ਦੀ ਹੋਂਦ ਨੂੰ ਕਬੂਲ ਕਰਨ ਨਾਲ ਰੱਬ ਦੀ ਹਸਤੀ ਦੀ ਹੱਦ ਮਿੱਥੀ ਜਾਂਦੀ ਹੈ। ਸਿੱਖ ਧਰਮ ਮੁਤਾਬਿਕ, ਰੱਬ ਨੇ ਪਹਿਲਾਂ ਆਪਣੇ ਆਪ ਨੂੰ ਸਾਜਿਆ (ਪਰਗਟ ਕੀਤਾ) ਤੇ ਫਿਰ ਆਪਣੇ ਆਪ ਚੋਂ ਕੁਦਰਤ ਦੀ ਰਚਨਾ ਕੀਤੀ ਹੈ। ਇਸ ਤਰ੍ਹਾਂ ਸਿੱਖ ਧਰਮ 'ਬ੍ਰਹਮਾ' (ਹਿੰਦੂਆਂ ਦਾ ਮਿਥਿਹਾਸਕ ਦੇਵਤਾ ਜੋ ਉਨ੍ਹਾਂ ਮੁਤਾਬਿਕ 'ਰਚਨਾ' ਕਰਦਾ ਹੈ) ਦੀ ਹੋਂਦ ਨੂੰ ਵੀ ਰੱਦ ਕਰਦਾ ਹੈ। ਫਿਰ ਸਿੱਖ ਫ਼ਲਸਫ਼ਾ ਇਹ ਵੀ ਕਹਿੰਦਾ

ਹੈ ਕਿ ਉਸ (ਰੱਬ) ਨੇ ਆਪਣੇ 'ਇਕੋ ਹੁਕਮ ਨਾਲ' (ਏਕੋ ਕੁਆਓ) ਹੀ ਸਾਰੀ ਕੁਦਰਤ ਪੈਦਾ ਕਰ ਦਿੱਤੀ ਸੀ ਕਿ ਨਾ ਕਿ ਪੜਾਵਾਂ ਵਿਚ: ***ਆਪੀਨੈ ਆਪੁ ਸਾਜਿਓ*** *ਆਪੀਨੈ ਰਚਿਓ ਨਾਉ॥*

> ***ਦੁਯੀ ਕੁਦਰਤਿ ਸਾਜੀਐ*** *ਕਰਿ ਆਸਣੁ ਡਿਠੋ ਚਾਉ॥ (ਸਫ਼ਾ 463)*

> ***ਆਪੀਨੈ ਆਪੁ ਸਾਜਿ,*** *ਆਪੁ ਪਛਾਣਿਆ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ॥ ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ॥ ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ॥ ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ॥ (ਸਫ਼ਾ 1279)*

> ***ਕੀਤਾ ਪਸਾਉ, ਏਕੋ ਕਵਾਉ॥*** *ਤਿਸ ਤੇ ਹੋਏ ਲਖ ਦਰੀਆਉ॥ (ਸਫ਼ਾ 3)*

ਹੋਰ ਦੇਖੋ: **ਅਕਾਲ ਮੂਰਤਿ, ਅਕਾਲ ਪੁਰਖ, ਵਾਹਿਗੁਰੂ**

ਕਰਮ (ਸੰਸਕ੍ਰਿਤ): ਕਰਮ ਦਾ ਮਾਅਨਾ ਹੈ: ਕੰਮ, ਕਾਰਵਾਈ। ਹਿੰਦੂਆਂ ਦੇ ਕਰਮ-ਕਾਨੂੰਨ ਮੁਤਾਬਿਕ ਇਨਸਾਨ ਉਹੀ ਵੱਢਦਾ ਹੈ ਜੋ ਉਸ ਨੇ ਆਪਣੀ ਅਖੌਤੀ ਪਿਛਲੀ ਜ਼ਿੰਦਗੀ ਵਿਚ ਬੀਜਿਆ ਹੁੰਦਾ ਹੈ (ਹਿੰਦੂ ਧਰਮ ਪੁਨਰ ਜਨਮ ਨੂੰ ਪੂਰੀ ਤਰ੍ਹਾਂ ਮੰਨਦਾ ਹੈ)। ਪਰ ਸਿੱਖ ਧਰਮ ਪਿਛਲੇ ਜਨਮ ਦੇ 'ਕਰਮ' ਦੇ ਫ਼ਲਸਫ਼ੇ ਨੂੰ ਰੱਦ ਕਰਦਾ ਹੈ:

> *ਨਾ ਸੁਚਿ ਸੰਜਮੁ ਤੁਲਸੀ ਮਾਲਾ॥ ਗੋਪੀ ਕਾਨੁ ਨ ਗਊ ਗੋੁਆਲਾ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ॥* ***ਕਰਮ ਧਰਮ ਨਹੀ ਮਾਇਆ ਮਾਖੀ॥*** *ਜਾਤਿ ਜਨਮੁ ਨਹੀ ਦੀਸੈ ਆਖੀ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ॥*
> *(ਸਫ਼ਾ 1035)*

ਸਿੱਖ ਧਰਮ ਵਿਚ ਹਿੰਦੂਆਂ ਵਾਂਗ ਕਰਮ ਫ਼ਲਸਫ਼ੇ ਦਾ ਇਹ ਮਾਅਨਾ ਨਹੀਂ ਕਿ ਇਨਸਾਨ ਦੇ ਜਨਮ ਦਾ ਕਾਰਨ ਉਸ ਦੇ ਅਖੌਤੀ ਪਿਛਲੇ ਜਨਮ ਦੇ ਕਰਮ ਹਨ। ਸਿੱਖ ਫ਼ਲਸਫ਼ੇ ਮੁਤਾਬਿਕ, ਇਨਸਾਨ ਨੂੰ ਉਸ ਦੇ ਕਰਮਾਂ (ਚੰਗੀਆਂ ਜਾਂ ਮੰਦੀਆਂ ਕਰਤੂਤਾਂ) ਲਈ ਸਨਮਾਨ/ਸਜ਼ਾ ਇਸੇ ਜ਼ਿੰਦਗੀ ਵਿਚ ਹੀ ਮਿਲ ਜਾਂਦੀ ਹੈ। ਇਨਸਾਨ ਦੀ ਜ਼ਿੰਦਗੀ ਰੱਬ ਦੇ ਕਰਮ (ਮਿਹਰ, ਬਖ਼ਸ਼ਿਸ਼) ਦਾ ਨਤੀਜਾ ਹੈ। ਇੰਞ ਹੀ ਸਿੱਖ ਧਰਮ ਵਿਚ 'ਮੁਕਤੀ' ਵੀ ਉਸ ਦੇ 'ਕਰਮ' (ਮਿਹਰ, ਬਖ਼ਸ਼ਿਸ਼) ਕਾਰਨ ਹੀ ਮਿਲਦੀ ਹੈ। ਉਸ ਵਾਹਿਗੁਰੂ ਵਿਚ ਧਿਆਨ ਜੋੜਨਾ, ਹਉਮੈ ਤੋਂ ਛੁਟਕਾਰਾ ਪਾਉਣਾ ਅਤੇ ਸੱਚਾ ਜੀਵਨ ਜੀਣਾ ਮੁਕਤੀ ਹਾਸਿਲ ਕਰਨ ਦੇ ਉਮੀਦਵਾਰ ਤਾਂ ਬਣਾ ਦੇਂਦੇ ਹਨ ਪਰ ਮੁਕਤੀ ਵੀ ਉਸ ਦੇ 'ਕਰਮ' (ਮਿਹਰ) ਨਾਲ ਹੀ ਹਾਸਿਲ ਹੁੰਦੀ ਹੈ।

ਚੰਗੇ ਕਰਮ ਇਨਸਾਨ ਨੂੰ ਚੰਗਾ ਅਤੇ ਉਸ ਦੀ ਜ਼ਿੰਦਗੀ ਨੂੰ ਪਵਿੱਤਰ ਬਣਾ ਦਿੰਦੇ ਹਨ, ਜੋ ਕਿ ਮੁਕਤੀ ਦੇ ਉਮੀਦਵਾਰ ਬਣਨ ਲਈ ਜ਼ਰੂਰੀ ਸਮਝੇ ਜਾਂਦੇ ਹਨ।

ਕਰਮ (ਫ਼ਾਰਸੀ): ਕਰਮ ਫ਼ਾਰਸੀ ਦਾ ਇੱਕ ਲਫ਼ਜ਼ ਹੈ ਜਿਸ ਦਾ ਮਾਅਨਾ ਹੈ: ਰੱਬ ਦੀ ਮਿਹਰ। ਗੁਰੂ ਸਾਹਿਬ ਨੇ ਆਪਣੀਆਂ ਲਿਖਤਾਂ ਵਿਚ ਕਰਮ ਲਫ਼ਜ਼ ਨੂੰ ਬਹੁਤ ਵਾਰੀ ਵਰਤਿਆ ਹੈ। ਸਿੱਖ ਫ਼ਿਲਸਫ਼ੇ ਮੁਤਾਬਿਕ, ਇਨਸਾਨ ਦੀ ਹਰ ਕਾਮਯਾਬੀ ਤੇ ਹਰ ਹਾਸਿਲ ਵਾਹਿਗੁਰੂ ਦਾ ਕਰਮ (ਉਸ ਦੀ ਮਿਹਰ) ਹੈ। ਜ਼ਿੰਦਗੀ, ਜਨਮ,

ਮੌਤ, ਮੁਕਤੀ, ਖ਼ੁਸ਼ੀ ਅਤੇ ਗ਼ਮੀ, ਅਰਾਮ, ਸੁੱਖ ਅਤੇ ਦੁੱਖ, ਸਭ ਰੱਬ ਦੇ ਹੁਕਮ ਵਿਚ ਹਨ। ਸਿੱਖ ਵਾਸਤੇ ਰੱਬ ਦੀ ਮਿਹਰ ਵਿੱਚ ਪੂਰਾ ਯਕੀਨ ਰੱਖਣਾ ਲਾਜ਼ਮੀ ਹੈ। ਉਹ ਵਾਹਿਗੁਰੂ ਸਾਰੀ ਲੋਕਾਈ ਦੇ ਉੱਤੇ ਮਿਹਰ ਕਰਨ ਵਾਲਾ ਹੈ:

> **ਕਰਮੀ** ਆਵੈ ਕਪੜਾ, **ਨਦਰੀ** ਮੋਖੁ ਦੁਆਰੁ॥ *(ਸਫ਼ਾ 1)*
> ਜਿਨ ਕਉ **ਨਦਰਿ ਕਰਮੁ**, ਤਿਨ ਕਾਰ ॥
> ਨਾਨਕ, ਨਦਰੀ ਨਦਰਿ ਨਿਹਾਲ॥ *(ਸਫ਼ਾ 8)*

ਹੋਰ ਦੇਖੋ: **ਕਰਮ (ਸੰਸਕ੍ਰਿਤ)** ੧੭

ਕਰਮ ਇੰਦਰੀਆਂ: ਇਨਸਾਨ ਦੀਆਂ ਉਹ ਇੰਦਰੀਆਂ (ਅੰਗ) ਜੋ ਕਰਮ (ਕਾਰਵਾਈ, ਕਰਤੂਤ, ਐਕਸ਼ਨ) ਕਰਨ ਲਈ ਹਨ। ਇਨ੍ਹਾਂ ਦੀ ਗਿਣਤੀ ਪੰਜ ਮੰਨੀ ਗਈ ਹੈ: ਹੱਥ, ਪੈਰ, ਮੂੰਹ, ਮਲ ਦੁਆਰ ਅਤੇ ਕਾਮ ਅੰਗ। (ਉਂਞ ਤਾਂ ਅੱਖਾਂ ਵੀ ਵੱਡੀਆਂ ਕਾਰਵਾਈਆਂ ਕਰਦੀਆਂ ਹਨ)। ਇਨਸਾਨ ਦੀ ਜ਼ਿੰਦਗੀ ਦੀਆਂ ਬਹੁਤੀਆਂ ਕਾਰਵਾਈਆਂ (ਐਕਸ਼ਨ) ਇਨ੍ਹਾਂ ਰਾਹੀਂ ਹੀ ਹੁੰਦੀਆਂ ਹਨ। ਇਹ ਇਨਸਾਨ ਦੇ ਕਾਰਨਾਮਿਆਂ ਦੇ ਔਜ਼ਾਰ ਹਨ ਇਸ ਕਰ ਕੇ ਇਨ੍ਹਾਂ ਦੀ ਬਹੁਤ ਅਹਿਮੀਅਤ ਹੈ।

ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ: ਇਹ ਉਨ੍ਹਾਂ ਖੋਜ ਲੇਖਾਂ ਦੀ ਇਕ ਕਿਤਾਬ ਹੈ ਜੋ ਭਾਈ ਕਰਮ ਸਿੰਘ ਹਿਸਟੋਰੀਅਨ ਨੇ ਵੱਖ-ਵੱਖ ਸਮਿਆਂ 'ਤੇ ਲਿਖੇ ਸਨ। ਇਨ੍ਹਾਂ ਲੇਖਾਂ ਇਕੱਠਿਆਂ ਕਰ ਕੇ, ਇਕ ਜਿਲਦ ਵਿਚ, ਸਭ ਤੋਂ ਪਹਿਲਾਂ ਗਿਆਨੀ ਹੀਰਾ ਸਿੰਘ ਦਰਦ ਨੇ 'ਫੁਲਵਾੜੀ' ਮੈਗਜ਼ੀਨ ਵਿਚ ਛਾਪਿਆ ਸੀ। ਇਸ ਵਿਚ ਉੱਨੀਵੀਂ ਸਦੀ ਦੀ ਸਿੱਖ ਤਵਾਰੀਖ਼ ਦੀ ਬੜੀ ਅਹਿਮ ਸਮੱਗਰੀ ਸਾਂਭੀ ਪਈ ਹੈ।

ਕਰਮ ਕਾਂਡ: ਇਸ ਦਾ ਮਾਅਨਾ ਹੈ: ਰਸਮੀ (ਧਾਰਮਿਕ) ਕਾਰਵਾਈਆਂ। ਹਿੰਦੂਆਂ ਦੇ ਅਖੌਤੀ ਧਾਰਮਿਕ ਰਸਮਾਂ ਨਿਭਾਉਣ ਨੂੰ ਕਰਮ-ਕਾਂਡ ਕਿਹਾ ਜਾਂਦਾ ਹੈ। ਇਹ, ਸਿਰਫ਼ ਰਸਮੀ ਤੌਰ 'ਤੇ ਹੀ ਧਰਮ ਨਿਭਾਉਣਾ ਹੁੰਦਾ ਹੈ ਤੇ ਇਸ ਵਿਚ ਧਰਮ ਨੂੰ ਸਮਝਣਾ ਜਾਂ ਇਸ 'ਤੇ ਅਮਲ ਕਰਨਾ ਸ਼ਾਮਿਲ ਨਹੀਂ ਹੁੰਦਾ। ਸਿੱਖ ਧਰਮ ਹਰ ਕਿਸਮ ਦੀਆਂ ਰਸਮੀ ਕਾਰਵਾਈਆਂ ਨੂੰ ਰੱਦ ਕਰਦਾ ਹੈ ਅਤੇ ਇਨ੍ਹਾਂ ਨੂੰ ਬੇਮਾਅਨਾ, ਫ਼ਜ਼ੂਲ ਤੇ ਪਾਖੰਡ ਸਮਝਦਾ ਹੈ। ਸਿੱਖ ਧਰਮ ਮੁਤਾਬਿਕ ਅਖੌਤੀ ਤਪੱਸਿਆ, ਵਰਤ, ਹਵਨ-ਹੋਮ-ਯੱਗ, ਆਰਤੀ, ਪੂਜਾ, ਟੱਲ ਖੜਕਾਉਣੇ, ਮੂਰਤੀਆਂ ਨੂੰ ਭੋਗ ਲਾਉਣੇ ਵਗ਼ੈਰਾ ਸਭ ਪਖੰਡ ਹਨ। ਰੱਬ ਦੀ ਦਿਲੋਂ ਸੱਚੀ ਯਾਦ ਤੋਂ ਬਿਨ੍ਹਾਂ ਸਾਰੀਆਂ ਕਾਰਵਾਈਆਂ ਬੇਮਾਅਨਾ/ਫ਼ਜ਼ੂਲ ਹਨ:

> *ਹਰਿ ਬਿਨੁ ਅਵਰ ਕ੍ਰਿਆ ਬਿਰਥੇ॥ ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ॥ ਰਹਾਉ॥ ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ॥ ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ॥ ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥ ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ॥ ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ॥ ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ॥ ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ॥ ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ॥ (ਸਫ਼ਾ 216)*

ਅੱਜ ਕੱਲ, ਕੁਝ ਰਸਮਾਂ, ਜੋ ਕੁਝ ਬੇਸਮਝ ਸਿੱਖਾਂ ਵੱਲੋਂ (ਬ੍ਰਾਹਮਣੀ ਕਰਮ ਕਾਂਡ, ਅਖੌਤੀ ਪੂਜਾ ਤੇ ਹੋਰ ਅਡੰਬਰ) ਕੀਤੀਆਂ ਜਾਂਦੀਆਂ ਹਨ, ਇਹ ਸਭ ਕਰਮਕਾਂਡ ਹਨ। ਇਨ੍ਹਾਂ ਵਿਚ ਸ਼ਾਮਿਲ ਹਨ: ਗੁਰੂ ਗ੍ਰੰਥ ਸਾਹਿਬ ਤੋਂ ਰੁਮਾਲਾ ਚੁੱਕ ਕੇ ਦਰਸ਼ਨ ਕਰਨੇ (ਪਰ ਬਾਣੀ ਪੜ੍ਹਨ ਦੀ ਕੋਈ ਖ਼ਾਹਿਸ਼ ਨਾ ਹੋਣੀ); ਗੁਰਦੁਆਰੇ ਵਿੱਚ ਜੋਤ ਜਗਾਉਣੀ (ਪਰ, ਚਾਨਣ ਕਰਨ ਲਈ ਜੋਤ/ਮੋਮਬੱਤੀ, ਲਾਲਟੈਨ ਵੈਗ਼ਾ ਜਗਾਉਣਾ ਗ਼ਲਤ ਨਹੀਂ ਹੈ); ਗੁਰੂ ਗ੍ਰੰਥ ਸਾਹਿਬ ਕੋਲ ਨਾਰੀਅਲ ਅਤੇ ਕੁੰਭ ਰਖਣਾ (ਪਾਣੀ ਨੂੰ ਅਖੌਤੀ ਤੌਰ 'ਤੇ 'ਪਵਿੱਤਰ' ਕਰਨ ਲਈ); ਗੁਰੂ ਸਾਹਿਬ ਦੀ ਫੋਟੋ ਨੂੰ ਮੱਥਾ ਟੇਕਣਾ; ਜਿਸ ਜਗਹ/ਥੜ੍ਹਾ/ਚੌਂਕੀ ਉੱਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਉਸ ਜਗਹ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਮੁੱਠੀਆਂ ਭਰਨੀਆਂ ਜਾਂ ਮੱਥਾ ਟੇਕਣਾ; ਕਿਸੇ ਦੇ ਮਰ ਜਾਣ ਪਿੱਛੋਂ ਉਸ ਦੇ ਨਾ 'ਤੇ ਕਿਸੇ ਨੂੰ ਕੱਪੜੇ (ਜਾ ਹੋਰ ਚੀਜ਼ਾਂ) ਦਾਨ ਕਰਨੀਆਂ; ਸਸਕਾਰ ਤੋਂ ਬਾਅਦ ਅੰਗੀਠਾ (ਹੱਡੀਆਂ ਤੇ ਸੁਆਹ) ਇੱਕਠੀਆਂ ਕਰ ਕੇ ਨੇੜੇ ਦੇ ਪਾਣੀ ਵਿਚ ਜਲ ਪ੍ਰਵਾਹ ਕਰਨ ਦੀ ਜਗਹ ਉਚੇਚਾ ਕੀਰਤਪੁਰ ਸਾਹਿਬ ਲੈ ਕੇ ਜਾਣਾ; ਅਖੰਡ ਪਾਠ ਕਰਵਾਉਣਾ ਪਰ ਨਾ ਪਾਠ ਸੁਣਨਾ, ਨਾ ਸਮਝਣਾ ਤੇ ਨਾ ਬਾਣੀ 'ਤੇ ਅਮਲ ਕਰਨਾ। ਇਹ ਸਭ ਕਰਮ ਕਾਂਡ ਹਨ ਤੇ ਸਿੱਖ ਫ਼ਲਸਫ਼ੇ ਦੇ ਉਲਟ ਹਨ।

ਪਰ ਹੇਠ ਲਿਖੀਆਂ ਕਾਰਵਾਈਆਂ ਨੂੰ ਕਰਮ ਕਾਂਡ ਨਹੀਂ ਸਮਝਿਆ ਜਾ ਸਕਦਾ: ਨਿਤੇਨਮ ਕਰਨਾ, ਖੰਡੇ ਦੀ ਪਾਹੁਲ ਲੈਣੀ, ਗੁਟਕੇ ਨੂੰ ਸੁਚੱਜੀ ਸੰਭਾਲ ਵਾਸਤੇ ਕੱਪੜੇ ਵਿਚ ਲਪੇਟ ਕੇ ਰੱਖਣਾ ਅਤੇ ਬਾਕੀ ਚੀਜ਼ਾਂ ਤੋਂ ਵੱਖਰਾ ਰੱਖਣਾ, ਖਾਣ ਸਮੇਂ ਆਪਣਾ ਸਿਰ ਢੱਕਣਾ, ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਜਾਂ ਗੁਰਬਾਣੀ ਦਾ ਕੋਈ ਸਰੂਪ ਜਾਂ ਹੋਰਨਾਂ ਚੀਜਾਂ ਨੂੰ ਹੱਥ ਲਾਉਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਧੋਣਾ, ਗੁਰਦੁਆਰੇ ਵਿਚ ਜਾਣ ਤੋਂ ਪਹਿਲਾਂ ਪੈਰਾਂ ਨੂੰ ਧੋਣਾ, ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਨੰਗੇ ਪੈਰੀਂ ਬੈਠਣਾ, ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨਾ, ਪੰਜ ਕਕਾਰ ਪਹਿਣ ਕੇ ਰੱਖਣੇ।

ਕਰਮ ਖੰਡ: ਇਸ ਦਾ ਲਫ਼ਜ਼ੀ ਮਾਅਨਾ ਹੈ: ਰੱਬ ਦੀ ਮਿਹਰ ਦਾ ਖੇਤਰ/ਜ਼ੋਨ/ਰਾਜ/ਮੁਕਾਮ। ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿਚ ਰੂਹਾਨੀ ਚੜ੍ਹਾਅ ਦੇ ਜੋ ਪੰਜ ਖੰਡ (ਪੜਾਅ) ਦੱਸੇ ਹਨ ਇਹ ਉਨ੍ਹਾਂ ਵਿਚੋਂ ਚੌਥਾ ਹੈ। ਤਫ਼ਸੀਲ ਵਾਸਤੇ ਦੇਖੋ: **ਧਰਮ ਖੰਡ** – 186

ਕਰਵਾ ਚੌਥ: ਇਹ ਇਕ ਵਰਤ ਹੈ ਜੋ ਬਹੁਤ ਸਾਰੀਆਂ ਹਿੰਦੂ ਔਰਤਾਂ ਆਪਣੇ ਪਤੀ ਦੀ ਲੰਮੀ ਉਮਰ ਅਤੇ ਸਿਹਤ ਵਾਸਤੇ ਰੱਬ ਅੱਗੇ ਅਰਜ਼ ਕਰਨ ਲਈ ਰੱਖਦੀਆਂ ਹਨ। ਇਸ ਦਾ ਮਾਅਨਾ ਇਹ ਵੀ ਹੈ ਕਿ ਹਿੰਦੂ ਔਰਤਾਂ ਆਪਣੇ ਪਤੀ ਦੀ ਜ਼ਿੰਦਗੀ ਵਾਸਤੇ ਸਾਲ ਵਿਚ ਸਿਰਫ਼ ਇਕ ਦਿਨ ਹੀ ਦੁਆ ਕਰਦੀਆਂ ਹਨ। ਸਿੱਖ ਧਰਮ ਅਜਿਹੇ ਵਰਤ ਨੂੰ 'ਪਾਖੰਡ' ਗਰਦਾਨਦਾ ਹੈ। ਕਰਵਾ ਚੌਥ ਜਾਂ ਕਿਸੇ ਹੋਰ ਤਰ੍ਹਾਂ ਦਾ ਵਰਤ ਰੱਖਣਾ ਸਿੱਖੀ ਅਸੂਲਾਂ ਦੇ ਵਿਰੁੱਧ ਹੈ:

ਜਪੀਐ ਨਾਮੁ ਜਪੀਐ ਅੰਨੁ॥ ਅੰਭੈ ਕੈ ਸੰਗਿ ਨੀਕਾ ਵੰਨੁ॥
ਅੰਨੈ ਬਾਹਰਿ ਜੋ ਨਰ ਹੋਵਹਿ॥ ਤੀਨਿ ਭਵਨ ਮਹਿ ਅਪਨੀ ਖੋਵਹਿ॥
ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥ (ਸਫ਼ਾ 873)

ਹੋਰ ਦੇਖੋ: **ਵਰਤ ਰੱਖਣਾ** 274

ਕਰਾਮਾਤ:- ਕਰਾਮਾਤ ਦਾ ਲਫ਼ਜ਼ੀ ਮਾਅਨਾ ਹੈ: ਬਜ਼ੁਰਗੀਆਂ, ਇੱਜ਼ਤ, ਵਡਿਆਈ, ਮੋਅਜਜ਼ਾ। ਇਸੇ ਵਿਚੋਂ ਨਿਕਲਿਆ ਹੈ ਕਰਾਮਾਤ ਦਾ ਅਮਲੀ ਮਾਅਨਾ: 'ਕੋਈ ਅਜਿਹੀ ਕਾਰਵਾਈ ਜਿਸ ਨਾਲ ਕੋਈ ਨਾ-ਮੰਨਣ ਦੇ ਕਾਬਿਲ ਘਟਨਾ ਵਾਪਰ ਜਾਵੇ।' ਸਿੱਖ ਧਰਮ ਮੁਤਾਬਿਕ ਕਰਾਮਤ ਵਿਖਾਉਣਾ, ਰੱਬ ਦਾ ਭਾਣਾ ਮੰਨਣ ਦੇ ਫ਼ਲਸਫ਼ੇ ਦੇ ਉਲਟ ਹੈ ਅਤੇ ਇਹ ਹਉਮੈ ਦਾ ਇਜ਼ਹਾਰ ਕਰਨਾ ਤੇ ਇਕ ਤਰ੍ਹਾਂ ਨਾਲ ਰੱਬ ਨਾਲ ਬਰਾਬਰੀ ਕਰਨਾ ਜਾਂ ਉਸ ਦਾ ਹੁਕਮ ਬਦਲਣਾ ਜਾਂ ਉਸ ਤੋਂ ਉੱਚਾ ਬਣਨਾ ਹੈ। ਸਿੱਖ ਧਰਮ ਕਰਾਮਾਤਾਂ, ਮੰਤਰਾਂ, ਟੂਣਿਆਂ, ਤਵੀਤਾਂ (ਤਾਵੀਜ਼ਾਂ), ਗ਼ੈਬੀ ਤਾਕਤ, ਕਾਲਾ/ਚਿੱਟਾ ਜਾਦੂ ਵਗ਼ੈਰਾ ਨੂੰ ਰੱਦ ਕਰਦਾ ਹੈ। ਸਿੱਖ ਧਰਮ ਦੇ ਮੁਤਾਬਿਕ ਦੁਖ ਅਤੇ ਖ਼ੁਸ਼ੀ, ਹੱਸਣਾ ਤੇ ਰੋਣਾ, ਆਸ ਅਤੇ ਨਿਰਾਸਤਾ ਰੱਬ ਦੇ ਤੋਹਫ਼ੇ ਹਨ। ਸਿੱਖ ਨੂੰ ਉਸ ਵਾਹਿਗੁਰੂ ਦੇ ਹੁਕਮ ਮੁਤਾਬਿਕ ਜਿਊਣਾ ਚਾਹੀਦਾ ਹੈ। ਸਿੱਖ ਧਰਮ ਉਸ ਵਾਹਿਗੁਰੂ ਦੇ ਹੁਕਮ ਵਿਚ ਦਖ਼ਲ-ਅੰਦਾਜ਼ੀ ਕਰਨ ਨੂੰ ਰੱਦ ਕਰਦਾ ਹੈ।

ਸਿੱਖ ਧਰਮ ਵਿਚ ਸਿਰਫ਼ ਇਕ ਹੀ ਕਰਾਮਾਤ ਹੈ: ਕਿਸੇ ਵੀ ਇਨਾਮ/ਆਸ ਦੀ ਖ਼ਾਹਿਸ਼ ਤੋਂ ਬਿਨਾਂ ਰੱਬ ਦਾ ਨਾਂ ਜਪਣਾ। ਸਿਰਫ਼ ਵਾਹਿਗੁਰੂ ਹੀ ਜਾਣਦਾ ਹੈ ਕਿ ਉਸ ਨੇ ਕਿਸ ਨੂੰ, ਕਦੋਂ, ਕੀ, ਕਿੰਨਾ ਅਤੇ ਕਿੱਥੇ ਦੇਣਾ ਹੈ ਅਤੇ ਕਿਸ 'ਤੇ ਆਪਣੀ ਮੇਹਰ/ਬਖ਼ਸ਼ਿਸ਼ ਕਰਨੀ ਹੈ। ਅਸਲ ਵਿਚ ਸਿੱਖ ਧਰਮ ਇਹ ਨਹੀਂ ਮੰਨਦਾ ਕਿ ਦੁਨੀਆਂ ਵਿਚ ਰੱਬ ਤੋਂ ਇਲਾਵਾ ਕੋਈ ਅਜਿਹੀ ਤਾਕਤ ਹੈ ਜੋ ਇਹ ਸਭ ਕਾਰਵਾਈਆਂ (ਜਾਦੂ, ਕਰਾਮਾਤ) ਕਰ ਸਕਦੀ ਹੈ। ਕਰਾਮਾਤ ਅਤੇ ਅਲੌਕਿਕ ਨਜ਼ਾਰਿਆਂ ਦੀਆਂ ਗੱਪ ਕਹਾਣੀਆਂ ਜੋ ਕੁਝ ਲੇਖਕਾਂ ਨੇ ਕੁਝ ਜਨਮ ਸਾਖੀਆਂ ਵਿਚ ਪੇਸ਼ ਕੀਤੀਆਂ ਹਨ, ਸਿੱਖ ਫ਼ਲਸਫ਼ੇ ਦੇ ਉਲਟ ਹਨ। ਕਰਾਮਾਤਾਂ, ਜੋ ਜਨਮਸਾਖੀਆਂ ਵਿਚ ਪੇਸ਼ ਕੀਤੀਆਂ ਹੋਈਆਂ ਹਨ, ਕਦੇ ਨਹੀਂ ਵਾਪਰੀਆਂ ਸਨ ਤੇ ਕੁਝ ਲੇਖਕਾਂ ਨੇ ਕੁਝ ਨੁਕਤਿਆਂ ਨੂੰ ਪੇਸ਼ ਕਰਨ ਵਾਸਤੇ ਇਹ ਮਸਨੂਈ/ਕਾਲਪਨਿਕ ਕਹਾਣੀਆਂ ਘੜੀਆਂ ਸਨ।

ਆਪਿ ਨਾਥੁ, ਨਾਥੀ ਸਭ ਜਾ ਕੀ, ਰਿਧਿ ਸਿਧਿ ਅਵਰਾ ਸਾਦ॥

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ, ਲੇਖੇ ਆਵਹਿ ਭਾਗ॥ (ਸਫ਼ਾ 6)

ਰਿਧਿ ਸਿਧਿ ਨਵ ਨਿਧਿ ਹਰਿ ਜਪਿ ਜਿਨੀ ਆਤਮੁ ਜੀਤਾ॥ ਬਿਨਵੰਤਿ ਨਾਨਕੁ ਵਡਭਾਗਿ ਪਾਈਅਹਿ ਸਾਧ ਸਾਜਨ ਮੀਤਾ॥ ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥ (ਸਫ਼ਾ 593)

ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ॥ ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਜਿ ਸੁਭਾਈ॥ (ਸਫ਼ਾ 637)

ਜਿਨਿ ਏਹੁ ਚਾਖਿਆ ਰਾਮ ਰਸਾਇਣੁ ਤਿਨ ਕੀ ਸੰਗਤਿ ਖੋਜੁ ਭਇਆ॥ ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਾਇਆ ਮੁਕਤਿ ਪਦਾਰਥੁ ਸਰਣਿ ਪਇਆ॥ ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ ਹਰਖ ਸੋਗ ਤੇ ਬਿਰਕਤੁ ਭਇਆ॥ ਆਪੁ ਮਾਰਿ ਗੁਰਮੁਖਿ ਹਰਿ ਪਾਏ ਨਾਨਕ ਸਹਜਿ ਸਮਾਇ ਲਇਆ॥ (ਸਫ਼ਾ 907)

ਕਰੋਧ: ਲਫ਼ਜ਼ੀ ਮਾਅਨਾ: ਗੁੱਸਾ। ਗੁੱਸਾ ਫ਼ਾਰਸੀ ਦਾ ਲਫ਼ਜ਼ ਹੈ ਜਿਸ ਦਾ ਮਾਅਨਾ

ਹੈ: ਸਾਹ ਘੁੱਟਿਆ ਜਾਣਾ (ਕਿਸੇ ਮਾਨਸਿਕ ਹਾਲਤ ਕਾਰਨ), ਆਪੇ ਤੋਂ ਬਾਹਰ ਹੋ ਜਾਣਾ। ਇਸ ਕਾਰਵਾਈ ਵਿਚ 'ਹਮਲੇ ਵਾਲੀ ਸੋਚ' ਵੀ ਸ਼ਾਮਿਲ ਹੈ। ਗੁੱਸੇ ਦੀ ਹਾਲਤ ਵਿਚ ਇਨਸਾਨ ਦੀ ਸੋਚ ਕੰਮ ਕਰਨੋਂ ਹਟ ਜਾਂਦੀ ਹੈ। ਕਾਮ ਦੀ ਤਰ੍ਹਾਂ ਇਹ ਵੀ ਇਨਸਾਨ ਦੇ ਜਿਸਮ ਅਤੇ ਮਨ ਨੂੰ ਤਬਾਹ ਕਰ ਦੇਂਦਾ ਹੈ। ਗੁੱਸਾ ਪੰਜ ਵੱਡੇ ਵਿਕਾਰਾਂ ਵਿਚੋਂ ਇਕ ਹੈ। ਇਹ ਅੱਗੋਂ ਹੋਰ ਬੁਰਾਈਆਂ ਨੂੰ ਜਨਮ ਦੇਂਦਾ ਹੈ। ਇਹ ਇਨਸਾਨ ਦੀ ਰੂਹਾਨੀ ਤੇ ਸਮਾਜਿਕ ਸ਼ਖ਼ਸੀਅਤ ਦੀ ਤਰੱਕੀ ਅਤੇ ਰੂਹਾਨੀ ਸਫ਼ਰ ਦੇ ਰਾਹ ਵਿਚ ਰੁਕਾਵਟ ਹੈ। ਸਿੱਖ ਨੂੰ ਇਸ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

ਕਲਜੁਗ/ਕਲਯੁਗ: ਵੇਦਾਂ ਦੇ ਲੇਖਕ ਦੁਨੀਆਂ ਦੇ ਸਾਰੇ ਸਮੇਂ ਨੂੰ ਚਾਰ ਯੁਗਾਂ ਵਿਚ ਵੰਡਦੇ ਹਨ: ਸਤਯੁਗ, ਤਰੇਤਾ, ਦੁਆਪੁਰ ਅਤੇ ਕਲਯੁਗ। ਉਨ੍ਹਾਂ ਦੀ ਇਹ ਵੰਡ ਸਮੇਂ ਮੁਤਾਬਿਕ ਵੀ ਹੈ ਅਤੇ ਉਸ ਦੇ ਗੁਣਾਂ ਮੁਤਾਬਿਕ ਵੀ। ਇਸ ਵਿਚੋਂ ਸਤਯੁਗ ਨੂੰ ਸਭ ਤੋਂ ਵਧ ਅਹਿਮ ਸਮਝਿਆ ਜਾਂਦਾ ਹੈ ਅਤੇ ਦੁਨੀਆਂ ਦੇ ਬਣਨ ਤੋਂ ਮਗਰੋਂ ਦਾ ਸਭ ਤੋਂ ਪਹਿਲਾ ਸਮਾਂ ਮੰਨਿਆ ਜਾਂਦਾ ਹੈ। ਇਸ ਵੰਡ ਮੁਤਾਬਿਕ ਕਲਯੁਗ ਅਜੋਕਾ ਸਮਾਂ ਹੈ। ਇਸ ਨੂੰ ਦੁਨੀਆਂ ਦਾ ਸਭ ਤੋਂ ਮਾੜਾ ਸਮਾਂ ਮੰਨਿਆ ਜਾਂਦਾ ਹੈ। ਸਿੱਖ ਧਰਮ ਇਸ ਵੰਡ ਵਿਚ ਯਕੀਨ ਨਹੀਂ ਰੱਖਦਾ। ਸਿੱਖ ਸਾਹਿਤ ਵਿਚ ਇਨ੍ਹਾਂ ਯੁਗਾਂ ਬਾਰੇ ਜੋ ਇਸ਼ਾਰੇ ਮਿਲਦੇ ਹਨ ਉਹ ਸਿਰਫ਼ ਟਾਕਰਾ ਕਰਨ ਵਾਸਤੇ ਜਾਂ ਲੋਕ-ਗਿਆਨ ਵਿਚੋਂ ਹਵਾਲੇ ਦੇਣ ਵਾਸਤੇ ਦਿੱਤੇ ਹੋਏ ਹਨ ਪਰ ਸਿਧਾਂਤਕ ਨਹੀਂ ਹਨ। ਯਾਨਿ ਸਿੱਖ ਫ਼ਲਸਫ਼ੇ ਵਿਚ ਇਹ ਕਾਲ-ਵੰਡ ਕਬੂਲ ਨਹੀਂ ਕੀਤੀ ਹੋਈ। ਸਿੱਖ ਧਰਮ ਵਿਚ, '**ਕਲਯੁਗ**' ਦਾ ਮਾਅਨਾ **ਇਨਸਾਨ ਦੇ ਮਨ ਦੇ ਅੰਦਰ ਹਨੇਰੇ ਦਾ ਕਾਲ** ਹੁੰਦਾ ਹੈ। ਇਸੇ ਤਰ੍ਹਾਂ, '**ਸਤਯੁਗ**' **ਇਨਸਾਨ ਦੇ ਅੰਦਰ ਗਿਆਨ ਦਾ ਵੇਲਾ** ਹੈ, ਇਹ ਸਤਿ ਤੇ ਸੰਤੋਖ ਦਾ ਮੁਕਾਮ ਹੈ। ਇਨਸਾਨ ਸੱਚਾ ਜੀਵਨ ਜੀਅ ਕੇ ਅਤੇ ਰੱਬ ਦੇ ਨਾਂ ਵਿਚ ਧਿਆਨ ਜੋੜ ਕੇ 'ਸਤਯੁਗ' ਵਿਚ ਜੀਅ ਸਕਦਾ ਹੈ।

> *ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ॥ ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ॥ ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥ ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ॥ ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥ (ਸਫ਼ਾ 470)*

> *ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ ਕਿਵ ਛੂਟਹ ਹਮ ਛੁਟਕਾਕੀ॥ ਹਰਿ ਹਰਿ ਜਪੁ ਬੇੜੀ ਹਰਿ ਤੁਲਹਾ ਹਰਿ ਜਪਿਓ ਤਰੈ ਤਰਾਕੀ॥ ਹਰਿ ਜੀ ਲਾਜ ਰਖਹੁ ਹਰਿ ਜਨ ਕੀ॥ ਹਰਿ ਹਰਿ ਜਪਨੁ ਜਪਾਵਹੁ ਅਪਨਾ ਹਮ ਮਾਗੀ ਭਗਤਿ ਇਕਾਕੀ॥ (ਸਫ਼ਾ 668)*

> *ਸਤਜੁਗਿ ਸਤੁ ਸੰਤੋਖੁ ਸਰੀਰਾ॥ ਸਤਿ ਸਤਿ ਵਰਤੈ ਗਹਿਰ ਗੰਭੀਰਾ॥ ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ॥ ਸਤ ਸੰਤੋਖੀ ਸਤਿਗੁਰੁ ਪੂਰਾ॥ ਗੁਰ ਕਾ ਸਬਦੁ ਮਨੇ ਸੋ ਸੂਰਾ॥ ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ॥ ਸਤਜੁਗਿ ਸਾਚੁ ਕਹੈ ਸਭੁ ਕੋਈ ॥ ਸਚਿ ਵਰਤੈ ਸਾਚਾ ਸੋਈ॥ ਮਨਿ ਮੁਖਿ ਸਾਚੁ ਭਰਮ ਭਉ ਭੰਜਨੁ ਗੁਰਮੁਖਿ ਸਾਚੁ ਸਖਾਈ ਹੇ॥ ਤ੍ਰੇਤੈ ਧਰਮ ਕਲਾ ਇਕ ਚੂਕੀ॥ ਤੀਨਿ ਚਰਣ ਇਕ ਦੁਬਿਧਾ ਸੂਕੀ॥ ਗੁਰਮੁਖਿ ਹੋਵੈ ਸੁ ਸਾਚੁ ਵਖਾਣੈ ਮਨਮੁਖਿ ਪਚੈ ਅਵਾਈ ਹੇ॥ ਮਨਮੁਖਿ ਕਦੇ ਨ ਦਰਗਹ ਸੀਝੈ॥ ਬਿਨੁ ਸਬਦੈ ਕਿਉ ਅੰਤਰੁ ਰੀਝੈ॥ ਬਾਧੇ ਆਵਹਿ ਬਾਧੇ ਜਾਵਹਿ ਸੋਝੀ ਬੂਝ ਨ*

ਕਾਈ ਹੇ॥ ਦਇਆ ਦੁਆਪੁਰਿ ਅਧੀ ਹੋਈ॥ ਗੁਰਮੁਖਿ ਵਿਰਲਾ ਚੀਨੈ ਕੋਈ॥ ਦੁਇ ਪਗ ਧਰਮੁ ਧਰੇ ਧਰਣੀਧਰ ਗੁਰਮੁਖਿ ਸਾਚੁ ਤਿਥਾਈ ਹੇ॥ ਰਾਜੇ ਧਰਮੁ ਕਰਹਿ ਪਰਥਾਇ॥ ਆਸਾ ਬੰਧੇ ਦਾਨੁ ਕਰਾਇ॥ ਰਾਮ ਨਾਮ ਬਿਨੁ ਮੁਕਤਿ ਨ ਹੋਈ ਥਾਕੇ ਕਰਮ ਕਮਾਈ ਹੇ॥ ਕਰਮ ਧਰਮ ਕਰਿ ਮੁਕਤਿ ਮੰਗਾਹੀ ॥ ਮੁਕਤਿ ਪਦਾਰਥੁ ਸਬਦਿ ਸਲਾਹੀ॥ ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥ ਮਾਇਆ ਮਮਤਾ ਛੋਡੀ ਨ ਜਾਈ॥ ਸੇ ਛੂਟੇ ਸਚੁ ਕਾਰ ਕਮਾਈ॥ ਅਹਿਨਿਸਿ ਭਗਤਿ ਰਤੇ ਵੀਚਾਰੀ ਠਾਕੁਰ ਸਿਉ ਬਣਿ ਆਈ ਹੇ॥ ਇਕਿ ਜਪ ਤਪ ਕਰਿ ਕਰਿ ਤੀਰਥ ਨਾਵਹਿ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ॥ ਹਠਿ ਨਿਗ੍ਰਹਿ ਅਪਤੀਜੁ ਨ ਭੀਜੈ ਬਿਨੁ ਹਰਿ ਗੁਰ ਕਿਨਿ ਪਤਿ ਪਾਈ ਹੇ॥ ਕਲੀ ਕਾਲ ਮਹਿ ਇਕ ਕਲ ਰਾਖੀ॥ ਬਿਨੁ ਗੁਰ ਪੂਰੇ ਕਿਨੈ ਨ ਭਾਖੀ॥ ਮਨਮੁਖਿ ਕੂੜੁ ਵਰਤੈ ਵਰਤਾਰਾ ਬਿਨੁ ਸਤਿਗੁਰ ਭਰਮੁ ਨ ਜਾਈ ਹੇ॥ (ਸਫ਼ਾ 1023-24)

ਵੇਲਾ ਵਖਤ ਸਭਿ ਸੁਹਾਇਆ॥ ਜਿਤੁ ਸਚਾ ਮੇਰੇ ਮਨਿ ਭਾਇਆ॥ (ਸਫ਼ਾ 115)

ਕੜਾ: ਇਹ ਸਰਬ ਲੋਹ/ਲੋਹੇ/ਸਟੀਲ ਦਾ ਇਕ ਗੋਲ ਅਕਾਰ ਦਾ ਚੱਕਰ/ਰਿੰਗ ਹੁੰਦਾ ਹੈ ਜਿਸ ਨੂੰ ਸੱਜੇ ਹੱਥ ਵਿਚ ਪਾਉਣਾ ਸਿੱਖ ਵਾਸਤੇ ਲਾਜ਼ਮੀ ਹੈ। ਕੜਾ (ਇਸ ਨੂੰ ਕੰਗਣ/ਗਜਰਾ ਕਹਿਣਾ ਗ਼ਲਤ ਹੈ) ਸਿੱਖ ਅਕੀਦੇ ਦੀਆਂ ਪੰਜ ਚੀਜ਼ਾਂ ਵਿਚੋਂ ਇੱਕ ਹੈ। ਸੋਨੇ ਜਾਂ ਕਿਸੇ ਹੋਰ ਧਾਤ ਦਾ ਕੜਾ ਪਹਿਣਨਾ ਠੀਕ ਨਹੀਂ ਹੈ ਕਿਉਂ ਕਿ ਕੜਾ ਇੱਕ ਗਹਿਣਾ ਨਹੀਂ ਹੈ। ਇਕ ਸੋਚ ਮੁਤਾਬਿਕ ਮੁਤਾਬਿਕ ਇਸ ਦਾ ਪਹਿਣਨਾ ਸਿੱਖ ਨੂੰ ਇਹ ਯਾਦ ਦਿਵਾਉਂਦਾ ਹੈ ਕਿ ਉਹ ਕੋਈ ਬੁਰਾ ਕੰਮ ਨਾ ਕਰੇ। ਇਹ ਸਿੱਖ ਨੂੰ ਇਖ਼ਲਾਕ ਅਤੇ ਸਿੱਖ ਰਹਿਤ ਮਰਯਾਦਾ ਪੱਖੋਂ ਚੁਕੰਨੇ ਰੱਖਣ ਲਈ ਸੱਜੇ ਹੱਥ ਵਿਚ ਪਹਿਨਿਆ ਜਾਂਦਾ ਹੈ ਤਾਂ ਕਿ ਸਿੱਖ ਨੂੰ ਕੁਝ ਕਰਨ ਤੋਂ ਪਹਿਲਾ ਇਹ ਯਾਦ ਆ ਜਾਵੇ ਕਿ ਉਸ ਨੇ ਸਿੱਖੀ ਤੋਂ ਉਲਟ ਕੋਈ ਹਰਕਤ ਨਹੀਂ ਕਰਨੀ। ਇਕ ਹੋਰ ਵਿਚਾਰ ਅਨੁਸਾਰ ਕੜੇ ਨੂੰ ਰੱਬ ਦੇ ਚਾਰੇ ਪਾਸੇ ਹਾਜ਼ਿਰ ਹੋਣ ਦਾ ਚਿੰਨ੍ਹ ਦੱਸਿਆ ਗਿਆ ਹੈ। ਇਸ ਵਿਚਾਰ ਦੇ ਲੇਖਕਾਂ ਮੁਤਾਬਿਕ ਬ੍ਰਹਮੰਡ ਗੋਲ ਚੱਕਰ ਵਿਚ ਚਲਦਾ ਹੈ। ਤੀਜੇ ਵਿਚਾਰ ਮੁਤਾਬਿਕ ਜੰਗ ਦੇ ਸਮੇਂ ਦੁਸ਼ਮਣ ਦੀ ਤਲਵਾਰ ਦਾ ਵਾਰ, ਕੜੇ ਕਾਰਨ, ਗੁੱਟ ਨੂੰ ਵੱਢ ਨਹੀਂ ਸਕਦਾ। ਇਹ ਸਾਰੇ ਖ਼ਿਆਲ ਲੇਖਕਾਂ ਦੇ ਆਪਣੇ ਹਨ, ਦਰਅਸਲ ਕਕਾਰ ਗੁਰੂ ਸਾਹਿਬ ਦਾ ਹੁਕਮ ਹਨ ਤੇ ਕੌਮੀ ਪਹਿਰਾਵੇ ਅਤੇ ਇੱਤਹਾਦ ਦੀ ਨਿਸ਼ਾਨੀ ਹੈ, ਸੋ ਇਹ ਲਾਜ਼ਮੀ ਹਨ।

ਕੜਾਹ ਪ੍ਰਸ਼ਾਦਿ: 'ਕੜਾਹ' ਇਕ ਖ਼ਾਸ ਤਰ੍ਹਾਂ ਦਾ ਹਲਵਾ ਹੁੰਦਾ ਹੈ ਅਤੇ 'ਪ੍ਰਸ਼ਾਦਿ' ਦਾ ਮਾਅਨਾ ਹੈ: ਬਖ਼ਸ਼ਿਸ਼। ਯਾਨਿ ਕੜਾਹ ਪ੍ਰਸ਼ਾਦਿ ਉਹ ਹਲਵਾ ਜਿਸ ਵਿਚ ਵਾਹਿਗੁਰੂ ਦੀ ਅਸੀਸ ਸ਼ਾਮਿਲ ਹੈ। ਇਹ ਰੱਬ ਦਾ ਪ੍ਰਸ਼ਾਦਿ (ਬਖ਼ਸ਼ਿਸ਼) ਹੈ। ਕੜਾਹ ਪ੍ਰਸ਼ਾਦਿ ਆਟੇ, ਖੰਡ ਅਤੇ ਘਿਉ ਦੀ ਇੱਕੋ ਜਿਹੀ ਮਿਕਦਾਰ ਨਾਲ ਤਿਆਰ ਕੀਤਾ ਜਾਂਦਾ ਹੈ ਅਤੇ ਇਸ ਵਿਚ ਏਨਾ ਹੀ ਪਾਣੀ (ਤਿੰਨਾਂ ਦੇ ਕੁਲ ਜਿੰਨਾ) ਪਾਇਆ ਜਾਂਦਾ ਹੈ। ਇਸ ਨੂੰ ਤਿਆਰ ਕਰਦੇ ਸਮੇਂ ਗੁਰਬਾਣੀ ਦੇ ਸ਼ਬਦ ਪੜ੍ਹੇ ਜਾਂਦੇ ਹਨ। ਜਦੋਂ ਇਹ ਤਿਆਰ ਹੋ ਜਾਂਦਾ ਹੈ ਤਾਂ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲਿਜਾਇਆ ਜਾਂਦਾ ਹੈ। ਅੱਜ ਕਲ੍ਹ ਦੀ ਰਿਵਾਇਤ ਅਤੇ ਸ਼੍ਰੋਮਣੀ ਕਮੇਟੀ ਦੀ ਰਹਿਤ ਮਰਿਆਦਾ ਮੁਤਾਬਿਕ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਅਤੇ ਅੰਤਲੀ ਇਕ (ਚਾਲ੍ਹੀਵੀਂ) ਪਉੜੀ ਦੇ ਪਾਠ ਤੋਂ ਬਾਅਦ ਅਰਦਾਸ ਕੀਤੀ ਜਾਂਦੀ ਹੈ ਅਤੇ ਗੁਰੂ ਗ੍ਰੰਥ

ਸਾਹਿਬ ਵਿਚੋਂ ਇਕ ਸ਼ਬਦ (ਵਾਕ) ਪੜ੍ਹਿਆ ਜਾਂਦਾ ਹੈ। ਇਸ ਨੂੰ ਵਰਤਾਉਣ ਤੋਂ ਪਹਿਲਾਂ ਕ੍ਰਿਪਾਨ ਭੇਟ ਕੀਤਾ ਜਾਂਦਾ ਹੈ ਅਤੇ ਬਾਅਦ ਵਿਚ ਇਸ ਨੂੰ ਸਾਰੀ ਸੰਗਤ ਨੂੰ ਵੰਡ ਦਿੱਤਾ ਜਾਂਦਾ ਹੈ। ਕੜਾਹ ਪ੍ਰਸ਼ਾਦਿ ਲੈਣ ਸਮੇਂ ਆਪਣੇ ਦੋਵੇਂ ਹੱਥ ਫ਼ੈਲਾ ਕੇ, ਬੁੱਕ ਬਣਾ ਕੇ ਲਿਆ ਜਾਂਦਾ ਹੈ। ਕੜਾਹ ਪ੍ਰਸ਼ਾਦਿ ਇਕ ਪਕਵਾਨ ਵਜੋਂ ਪਲੇਟਾਂ ਵਿਚ ਨਹੀਂ ਵਰਤਾਇਆ ਜਾਂਦਾ ਅਤੇ ਨਾ ਹੀ ਚਮਚਿਆਂ ਨਾਲ ਖਾਧਾ ਜਾਂਦਾ ਹੈ। ਕਈ ਵਿਦਵਾਨ ਇਹ ਮਹਿਸੂਸ ਕਰਦੇ ਹਨ ਕਿ ਇਸ ਨੂੰ ਹੱਥਾਂ ਦੀ ਜਗਹ ਜੇ ਕਰ ਪਲੇਟਾਂ, ਪਿਆਲਿਆਂ ਜਾਂ ਕੱਪਾਂ ਵਿਚ ਵਰਤਾਇਆ ਜਾਵੇ ਤਾਂ ਇਹ ਜ਼ਿਆਦਾ ਵਧੀਆ ਹੋਵੇਗਾ (ਦੇਖੋ: ਭਾਈ ਕਾਨ ਸਿੰਘ ਨਾਭਾ ਲਿਖਤ **ਗੁਰਮਤਿ ਮਾਰਤੰਡ**, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਛਾਪੀ ਹੋਈ ਹੈ। ਸਫ਼ੇ 291-92, 1978 ਦੀ ਐਡੀਸ਼ਨ)।

ਕਾਦੀਆਨੀ: ਵੇਖੋ: **ਮੁਸਲਮਾਨ।** -257

ਕਾ'ਬਾ/ਕਾਅਬਾ: ਇਸਲਾਮ ਦੇ ਮੋਢੀ ਹਜ਼ਰਤ ਮੁਹੰਮਦ ਨਾਲ ਸਬੰਧਤ ਮੱਕਾ ਸ਼ਹਿਰ (ਸਾਊਦੀ ਅਰਬ ਵਿਚ) ਦੀ ਸਭ ਤੋਂ ਅਹਿਮ ਥਾਂ, ਜੋ ਮੁਸਲਮਾਨਾਂ ਵਾਸਤੇ ਬੜੀ ਰੂਹਾਨੀ ਅਹਮੀਅਤ ਰਖਦੀ ਹੈ। ਇਕ ਮੁਸਲਮਾਨ ਵਾਸਤੇ ਆਪਣੀ ਜ਼ਿੰਦਗੀ ਵਿਚ ਘਟੋ-ਘਟ ਇਕ ਵਾਰ ਕਾਬੇ ਜਾਣਾ ਜ਼ਰੂਰੀ ਹੈ।

ਕਾਮ: ਕਾਮ ਦਾ ਲਫ਼ਜ਼ੀ ਮਾਅਨਾ ਹੈ: ਔਰਤ ਨਾਲ ਭੋਗ ਕਰਨ ਦੀ ਖ਼ਾਹਿਸ਼। ਪੁਰਾਣੇ ਸਮਿਆਂ ਵਿਚ ਕਾਮ ਨੂੰ ਸਿਰਫ਼ ਬੱਚਿਆਂ ਦੀ ਪੈਦਾਇਸ਼ ਲਈ ਇਕ ਕੁਦਰਤੀ ਕਾਰਵਾਈ ਸਮਝਿਆ ਜਾਂਦਾ ਸੀ ਤੇ ਇਸ ਦਾ ਰੋਲ ਇਸ ਪੱਖੋਂ ਜਮ੍ਹਾ-ਪੱਖੀ ਸਮਝਿਆ ਜਾਂਦਾ ਸੀ। ਸਮੇਂ ਦੇ ਬੀਤਣ ਨਾਲ ਇਸ ਨੂੰ ਸ਼ਹਿਵਤ/ਹਵਸ/ਲਾਲਸਾ ਕਿਹਾ ਜਾਣ ਲਗ ਪਿਆ। ਮੈਡੀਕਲ ਪੱਖ ਤੋਂ ਕਾਮ ਇਨਸਾਨ ਦੀ ਇਕ ਅਹਿਮ ਜ਼ਰੂਰਤ ਹੈ। ਇਸ ਦੀ ਖ਼ਾਹਿਸ਼ ਨਾ ਹੋਣਾ ਜਾਂ ਵਧ ਹੋਣਾ ਇਕ ਤਰ੍ਹਾਂ ਦੀ ਬੀਮਾਰੀ ਹੈ। ਰੂਹਾਨੀ ਪੱਖੋਂ ਕਾਮ ਇਨਸਾਨ ਦੀਆਂ ਮੁੱਖ ਬੁਰਾਈਆਂ (ਵਿਕਾਰਾਂ) ਵਿਚੋਂ ਇਕ ਹੈ। ਸਿੱਖ ਧਰਮ ਆਪਣੇ ਜੀਵਨ ਸਾਥੀ ਨਾਲ ਪਿਆਰ ਕਰਨ ਜਾਂ ਕਾਮ-ਖੇਡਾਂ ਖੇਡਣ ਦੀ ਮਨਾਹੀ ਨਹੀਂ ਕਰਦਾ। ਪਰ, ਸਿੱਖ ਧਰਮ ਸਿਰਫ਼ ਹਵਸ ਪੂਰੀ ਕਰਨ ਵਾਸਤੇ ਕਿਸੇ ਗ਼ੈਰ ਨਾਲ ਹੀ ਨਹੀਂ, ਬਲਕਿ ਆਪਣੇ ਜੀਵਨ ਸਾਥੀ ਨਾਲ ਵੀ, ਕਾਮ-ਖੇਡ ਖੇਡਣ ਜਾਂ ਇਸ ਵਿਚ ਖਚਿਤ ਹੋਣ ਦੀ ਮਨਾਹੀ ਕਰਦਾ ਹੈ। ਪਰਾਏ ਸਾਥੀ ਨਾਲ ਹੱਦ ਦਰਜੇ ਦੀਆਂ ਕਾਮ ਖੇਡਾਂ, (ਔਰਤ ਜਾਂ ਮਰਦ ਨੂੰ) ਭੋਗਣ ਦੀ ਵਾਧੂ ਭੁੱਖ, ਇਖ਼ਲਾਕੀ ਤੌਰ 'ਤੇ ਬੀਮਾਰ ਇਨਸਾਨਾਂ ਦੀਆਂ ਨਿਸ਼ਾਨੀਆਂ ਹਨ। ਇਹ ਸਾਰੀਆਂ ਮੁਸ਼ਕਲਾਂ (ਦਰਅਸਲ ਅਲਾਮਤਾਂ) ਰੱਬ ਦੇ ਨਾਂ ਵਿਚ ਧਿਆਨ ਜੋੜਨ ਨਾਲ ਵੱਸ ਵਿਚ ਆ ਸਕਦੀਆਂ ਹਨ। (ਗੁਰਬਾਣੀ ਵਿਚ 'ਕਾਮ' ਤੇ 'ਕਰੋਧ' ਬਹੁਤੀ ਜਗਹ ਇਕੱਠੇ ਹੀ ਆਏ ਹਨ)।

> *ਕਾਮਿ ਕਰੋਧਿ ਨਗਰੁ ਬਹੁ ਭਰਿਆ, ਮਿਲਿ ਸਾਧੂ ਖੰਡਲ ਖੰਡਾ ਹੇ॥ ਪੂਰਬਿ ਲਿਖਤ ਲਿਖੇ ਗੁਰੁ ਪਾਇਆ, ਮਨਿ ਹਰਿ ਲਿਵ ਮੰਡਲ ਮੰਡਾ ਹੇ॥ (ਸਫ਼ਾ 13)*

> *ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ (ਸਫ਼ਾ 14)*

> *ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ॥ ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥ (ਸਫ਼ਾ 219)*

ਕਾਮਿ ਦਾਮਿ ਚਿਤੁ ਪਰ ਵਸਿ ਸੇਈ॥ ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ॥ (ਸਫ਼ਾ 226)

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥ ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥ (ਸਫ਼ਾ 633)

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥ (ਸਫ਼ਾ 932)

ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ, ਗਤਿ ਨਹੀ ਏਕੈ ਜਾਨੀ॥ ਫੂਟੀ ਆਖੈ ਕਛੂ ਨ ਸੂਝੈ, ਬੂਡਿ ਮੂਏ ਬਿਨੁ ਪਾਨੀ॥ (ਸਫ਼ਾ 1124)

ਰਾਮੁ ਬਿਸਾਰਿਓ ਹੈ ਅਭਿਮਾਨਿ॥ ਕਨਿਕ ਕਾਮਨੀ ਮਹਾ ਸੁੰਦਰੀ, ਪੇਖਿ ਪੇਖਿ ਸਚੁ ਮਾਨਿ॥ ਰਹਾਉ॥ ਲਾਲਚ ਝੂਠ ਬਿਕਾਰ ਮਹਾ ਮਦ, ਇਹ ਬਿਧਿ ਅਉਧ ਬਿਹਾਨਿ॥ ਕਹਿ ਕਬੀਰ ਅੰਤ ਕੀ ਬੇਰ, ਆਇ ਲਾਗੋ ਕਾਲੁ ਨਿਦਾਨਿ॥ (ਸਫ਼ਾ 1124)

ਹਉਮੈ ਰੋਗੁ ਮਾਨੁਖ ਕਉ ਦੀਨਾ॥ ਕਾਮ ਰੋਗਿ ਮੈਗਲੁ ਬਸਿ ਲੀਨਾ॥ ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥ ਨਾਦ ਰੋਗਿ ਖਪਿ ਗਏ ਕੁਰੰਗਾ॥ (ਸਫ਼ਾ 1140)

ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ॥ ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ॥ (ਸਫ਼ਾ 1171)

ਰਾਜੁ ਮਾਲੁ ਰੂਪੁ ਜਾਤਿ ਜੋਬਨੁ, ਪੰਜੇ ਠਗ॥ ਏਨੀ ਠਗੀਂ ਜਗੁ ਠਗਿਆ, ਕਿਨੈ ਨ ਰਖੀ ਲਜ॥ ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ ਪਾਹਿ॥ ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ॥ (ਸਫ਼ਾ 1288)

ਕਾਮਧੇਨ: ਕਾਮਧੇਨ ਦਾ ਅਸਲ ਮਾਅਨਾ ਹੈ: ਕਾਮਨਾ ਪੂਰੀ ਕਰਨ ਵਾਲੀ ਧੇਨ (ਗਾਂ)। ਇਸ ਦਾ ਪਰਚਾਰ ਕਰਨ ਵਾਲਿਆਂ ਮੁਤਾਬਿਕ ਜਿਸ ਕੋਲ ਇਹ ਗਾਂ ਹੋਵੇ, ਉਹ (ਗਾਂ) ਉਸ ਸ਼ਖ਼ਸ ਦੀਆਂ ਸਾਰੀਆਂ ਖ਼ਾਹਿਸ਼ਾਂ ਨੂੰ ਪੂਰਾ ਕਰਦੀ ਹੈ। ਇਹ ਇਕ ਕਾਲਪਨਿਕ ਗਾਂ ਹੈ (ਇਹ ਪਰੀ-ਕਹਾਣੀਆਂ ਵਾਲੀ ਗੱਪ ਹੈ)। ਸਿੱਖ ਫ਼ਲਸਫ਼ੇ ਮੁਤਾਬਿਕ, ਸਿਰਫ਼ ਰੱਬ ਹੀ ਕਾਮਧੇਨ ਹੈ ਅਤੇ ਸਿਰਫ਼ ਉਹ ਹੀ ਸਾਡੀਆਂ ਸਾਰੀਆਂ ਖ਼ਾਹਿਸ਼ਾਂ ਪੂਰੀਆਂ ਕਰ ਸਕਦਾ ਹੈ ਕੋਈ ਅਖੌਤੀ ਗਾਂ ਜਾਂ ਕੋਈ ਹੋਰ ਵਜੂਦ ਕੋਈ ਅਜਿਹੀ ਤਾਕਤ ਨਹੀਂ ਰਖਦਾ।

ਕਾਰ ਸੇਵਾ: ਕਾਰ ਲਫ਼ਜ਼ ਕਰ (ਕਰ=ਹੱਥ) ਤੋਂ ਬਣਿਆ ਹੈ ਤੇ ਕਾਰ-ਸੇਵਾ ਵਿਚ ਕਾਰ ਦਾ ਮਾਅਨਾ ਹੈ: ਹੱਥਾਂ ਨਾਲ ਕੰਮ ਕਰਨਾ ਅਤੇ ਸੇਵਾ ਦਾ ਮਾਅਨਾ ਹੈ: ਤਨਖ਼ਾਹ ਜਾਂ ਈਨਾਮ ਲਏ ਬਿਨਾਂ ਹੱਥੀਂ ਸੇਵਾ ਕਰਨਾ। ਸਿੱਖ ਧਰਮ ਵਿਚ ਕਾਰ ਸੇਵਾ ਗੁਰਦੁਆਰਿਆਂ ਜਾਂ ਹੋਰ ਧਾਰਮਿਕ ਸਮਾਜਿਕ ਅਦਾਰਿਆਂ ਦੀ ਉਸਾਰੀ ਜਾਂ ਮੁਰੰਮਤ ਵਿਚ ਹਿੱਸਾ ਪਾਉਣ ਵਾਸਤੇ ਸੇਵਾ ਕਰਨ ਨੂੰ ਕਿਹਾ ਜਾਂਦਾ ਹੈ। ਕਾਰ ਸੇਵਾ ਦੀ ਤਵਾਰੀਖ਼ ਗੁਰੂ ਸਾਹਿਬ ਦੇ ਸਮੇਂ ਦੀ ਹੈ ਜਦੋਂ ਸਿੱਖਾਂ ਨੇ ਆਪ ਹੀ ਕਈ ਗੁਰਦੁਆਰਿਆਂ (ਪਹਿਲਾਂ ਕਰਤਾਰਪੁਰ-ਰਾਵੀ, ਫਿਰ ਦਰਬਾਰ ਸਾਹਿਬ, ਅੰਮ੍ਰਿਤਸਰ, ਫਿਰ ਚੱਕ ਨਾਨਕੀ, ਫਿਰ ਅਨੰਦਪੁਰ ਵਗ਼ੈਰਾ) ਦੀ ਉਸਾਰੀ ਅਤੇ ਕਈ ਜਗਹ ਖੂਹਾਂ, ਬਾਉਲੀਆਂ ਤੇ ਤਲਾਵਾਂ ਦੀ ਉਸਾਰੀ 'ਕਾਰ ਸੇਵਾ' ਵਜੋਂ ਕੀਤੀ ਸੀ। ਸਿੱਖਾਂ ਨੇ ਅਨੇਕਾਂ ਵਾਰ ਅੰਮ੍ਰਿਤਸਰ ਸਰੋਵਰ ਅਤੇ ਹੋਰ ਸਰੋਵਰਾਂ 'ਚੋਂ ਵਿਚਲੀ ਮਿੱਟੀ/ਗਾਰ ਵਗ਼ੈਰਾ ਨੂੰ ਸਾਫ਼

ਕਰਨ ਲਈ ਕਾਰ ਸੇਵਾ ਕੀਤੀ ਹੈ। ਅੰਮ੍ਰਿਤਸਰ ਵਿਚ 1923, 1973, 1985, 2004 ਵਿਚ ਕਾਰ ਸੇਵਾ ਹੋ ਚੁਕੀ ਹੈ। ਹਰ ਸਿੱਖ ਕਾਰ ਸੇਵਾ ਵਿਚ ਹਿੱਸਾ ਲੈਣਾ ਇਕ ਮਾਣ ਵਾਲੀ ਗੱਲ ਸਮਝਦਾ ਹੈ।

ਕਿਸਮਤ: ਇਸਲਾਮ ਵਿਚ ਇਸ ਨੂੰ 'ਤਕਦੀਰ' ਕਿਹਾ ਜਾਂਦਾ ਹੈ। ਸਿੱਖ ਧਰਮ ਇਸ ਫ਼ਲਸਫ਼ੇ ਵਿਚ ਯਕੀਨ ਰਖਦਾ ਹੈ ਕਿ ਹਰੇਕ ਇਨਸਾਨ ਦੀ ਹੋਣੀ ਪਹਿਲਾਂ ਤੋਂ ਹੀ ਲਿਖੀ ਹੋਈ ਹੈ (ਸਿਰਫ਼ ਰੱਬ ਇਸ ਨੂੰ ਬਦਲ ਸਕਦਾ ਹੈ)। ਪਰ, ਸਿੱਖ ਧਰਮ ਹੋਣੀ ਨੂੰ, ਕਿਸਮਤ ਦਾ ਨਾਂ ਦੇ ਕੇ, ਢੇਰੀ ਢਾਹ ਕੇ ਬੈਠ ਜਾਣ ਨੂੰ ਰੱਦ ਕਰਦਾ ਹੈ। ਸਿੱਖ ਦਾ ਫ਼ਰਜ਼ ਹੈ ਕਿ ਸੱਚੇ ਮਾਰਗ 'ਤੇ ਚਲਦਿਆਂ ਜੱਦੋਜਹਿਦ ਕਰਦਾ ਰਹੇ, ਪਰ ਕੁਝ ਅਣਸੁਖਾਵਾਂ ਵਾਪਰ ਜਾਣ ਨੂੰ, ਕਿਸਮਤ ਸਮਝ ਕੇ, ਰੋਣ ਦੀ ਬਜਾਇ, ਉਸ ਨੂੰ ਵਾਹਿਗੁਰੂ ਦਾ ਭਾਣਾ ਸਮਝੇ (ਪਰ ਫਿਰ ਵੀ ਬੇਹਤਰੀ ਵਾਸਤੇ ਕੋਸ਼ਿਸ਼ ਕਰਦਾ ਰਹੇ)।

ਹਰਿ ਗਤਿ ਮਿਤਿ ਕਰਤਾ ਆਪੇ ਜਾਣੈ ਸਭ ਬਿਧਿ ਹਰਿ ਹਰਿ ਆਪਿ ਬਨਈਆ॥ ਜਿਸੁ ਸਤਿਗੁਰੁ ਭੇਟੇ ਸੁ ਕੰਚਨੁ ਹੋਵੈ ਜੋ ਧੁਰਿ ਲਿਖਿਆ ਸੁ ਮਿਟੈ ਨ ਮਿਟਈਆ॥ (ਸਫ਼ਾ 834)

ਹੋਰ ਵੇਖੋ: **ਚੜ੍ਹਦੀ ਕਲਾ, ਭਾਣਾ** 149

ਕਿਰਤ ਕਰਨਾ: ਕਿਰਤ ਕਰਨਾ (ਇਮਾਨਦਾਰੀ ਨਾਲ ਰੋਜ਼ੀ ਕਮਾਉਣਾ), ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਵਿਚੋਂ ਇਕ ਹੈ। ਇਕ ਸਿੱਖ ਆਪਣੀ ਰੋਜ਼ੀ ਧੋਖਾ ਕਰ ਕੇ, ਮੰਗ ਕੇ, ਚੋਰੀ ਕਰ ਕੇ ਜਾਂ ਹੋਰ ਗ਼ੈਰ-ਇਖ਼ਲਾਕੀ ਤਰੀਕਿਆਂ ਨਾਲ ਨਹੀਂ ਕਮਾ ਸਕਦਾ। ਸਿੱਖ ਲਈ ਸੱਚਾ-ਜੀਵਨ ਜੀਣਾ ਲਾਜ਼ਮੀ ਹੈ। ਪਰ, ਕਿਰਤ ਕਰਨ ਦਾ ਮਤਲਬ ਸਿਰਫ਼ ਮਜ਼ਦੂਰੀ ਜਾਂ ਜਿਸਮਾਨੀ ਕੰਮ ਨਹੀਂ (ਇਸ ਵਿਚ ਵਪਾਰ ਤੇ ਨੌਕਰੀ ਵੀ ਸ਼ਾਮਿਲ ਹੈ)। ਇਸ ਦਾ ਮਤਲਬ ਹੈ ਕਿ ਸਿੱਖ ਜਿਸ ਪੇਸ਼ੇ ਵਿਚ ਵੀ ਰੋਜ਼ੀ ਕਮਾਉਂਦਾ ਹੈ, ਉਸ ਨੂੰ ਆਪਣਾ ਕੰਮ ਈਮਾਨਦਾਰੀ ਨਾਲ ਕਰਨਾ ਚਾਹੀਦਾ ਹੈ।

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਸਫ਼ਾ 1245)

ਹੋਰ ਦੇਖੋ: **ਦਸਵੰਧ** 173

ਕਿਰਪਾਨ: ਕਿਰਪਾਨ ਦੇ ਲਫ਼ਜ਼ਾਂ ਦੇ ਸੁਮੇਲ ਤੋਂ ਬਣਿਆ ਹੈ: ਕਿਰਪਾ (ਦਇਆ) ਅਤੇ ਆਨ (ਸ਼ਾਨ, ਇੱਜ਼ਤ, ਗ਼ੈਰਤ); ਇਸ ਤਰ੍ਹਾਂ ਸਿੱਖ ਦੀ ਕ੍ਰਿਪਾਨ ਦਾ ਮਾਅਨਾ ਹੈ: "ਬੰਦੇ ਦੇ ਸਨਮਾਨ/ਇੱਜ਼ਤ ਦੀ ਰੱਖਿਆ ਕਰਨ ਵਾਲੀ।" ਸਿੱਖ ਧਰਮ ਕ੍ਰਿਪਾਨ ਨੂੰ ਬਹੁਤ ਉੱਚਾ ਰੁਤਬਾ ਦਿੰਦਾ ਹੈ। ਪਰ ਕਿਰਪਾਨ ਹਮੇਸ਼ਾ ਦਇਆ (ਤਰਸ) ਵਿਚ ਲਬਰੇਜ਼ ਰਹਿਣੀ ਚਾਹੀਦੀ ਹੈ ਤੇ ਆਪਣੀ ਤੇ ਦੂਜਿਆਂ ਦੀ ਆਨ, ਇੱਜ਼ਤ ਨੂੰ ਬਚਾਉਣ ਵਾਸਤੇ ਵਰਤੀ ਜਾਣੀ ਚਾਹੀਦੀ ਹੈ ਨਾ ਕਿ ਕਿਸੇ ਜੁਰਮ ਕਰਨ ਦੇ ਹਥਿਆਰ ਵਜੋਂ। ਕਿਰਪਾਨ ਸਿੱਖ ਵੱਲੋਂ ਗਰੀਬ ਦੀ ਰਾਖੀ ਅਤੇ ਜ਼ੁਲਮ ਨੂੰ ਖ਼ਤਮ ਕਰਨ ਵਿਚ ਰੋਲ ਅਦਾ ਕਰਨ ਦੇ ਫ਼ਰਜ਼ ਨੂੰ ਦਰਸਾਉਂਦੀ ਹੈ। ਇਕ ਪਾਹੁਲੀਏ (ਅੰਮ੍ਰਿਤਧਾਰੀ) ਸਿੱਖ ਵਾਸਤੇ ਕ੍ਰਿਪਾਨ ਹਰ ਵੇਲੇ ਉਸ ਕੋਲ ਹੋਣੀ ਲਾਜ਼ਮੀ ਹੈ। ਗੁਰੂ ਸਾਹਿਬ ਦਾ ਹੁਕਮ ਸੀ ਕਿ ਹਰ ਸਿੱਖ ਸ਼ਸਤਰਧਾਰੀ ਹੋਵੇ, ਪਰ 'ਸ਼ਸਤਰ ਗਰੀਬ ਦੀ ਰੱਖਿਆ ਜਰਵਾਣੇ ਦੀ ਭੱਖਿਆ' ਵਾਸਤੇ ਹਨ।

ਕੀਰਤਨ: ਕੀਰਤਨ ਦਾ ਲਫ਼ਜ਼ੀ ਮਾਅਨਾ ਹੈ: ਰੱਬ ਦੀ ਕੀਰਤ ਗਾਉਣੀ (ਸਿਫ਼ਤ ਸਲਾਹ ਕਰਨੀ)। ਕੀਰਤਨ ਕਰਨਾ ਰੱਬ ਨੂੰ ਯਾਦ ਕਰਨ ਅਤੇ ਉਸ ਦੀਆਂ ਖ਼ੂਬੀਆਂ ਦੀਆਂ ਸਿਫ਼ਤਾਂ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਇਹ ਰੱਬ ਨਾਲ ਗੱਲਾਂ ਕਰਨਾ ਵੀ ਹੈ। ਇਹ ਆਤਮਾ ਦਾ ਪਰਮਾਤਮਾ ਦਾ ਵਾਰਤਾਲਾਪ ਵੀ ਹੈ। ਪਿਆਰ ਦਾ ਨਿੱਘਾ ਇਜ਼ਹਾਰ ਕਰਨਾ ਇਨਸਾਨ ਦੀ ਰੂਹ ਨੂੰ ਆਨੰਦ ਦੇਂਦਾ ਹੈ। ਇਹ ਸਭ ਕੀਰਤਨ ਰਾਹੀਂ ਹੀ ਬੇਹਤਰ ਹੋ ਸਕਦਾ ਹੈ। ਕੀਰਤਨ ਆਮ ਸੰਗੀਤ ਤੋਂ ਅਲਗ ਹੈ। ਇਸਲਾਮ ਮੁਤਾਬਿਕ ਸੰਗੀਤ ਆਮ ਤੌਰ 'ਤੇ ਕਾਮ ਅਤੇ ਹੋਰ ਵਿਕਾਰੀ ਸੋਚਾਂ ਨੂੰ ਜਨਮ ਦੇਂਦਾ ਹੈ। ਪਰ, ਕੀਰਤਨ ਇਨਸਾਨ ਦੀ ਰੂਹ ਨੂੰ ਰੱਬ ਦੇ ਨੇੜੇ ਲੈ ਆਉਂਦਾ ਹੈ। ਗੁਰਬਾਣੀ ਦੇ ਬਹੁਤੇ ਸ਼ਬਦ ਮਿੱਥੇ ਰਾਗਾਂ ਦੇ ਅਨੁਸਾਰ ਗਾਏ ਜਾਣ ਵਾਸਤੇ ਹਨ। ਇਸ ਕਰ ਕੇ ਸਿੱਖ ਧਰਮ ਵਿਚ ਰਾਗ ਤੇ ਕੀਰਤਨ ਦੀ ਨਿਵੇਕਲੀ ਥਾਂ ਹੈ। ਪਰ, ਸਿੱਖ ਧਰਮ ਵਿਚ 'ਸ਼ਬਦ' (ਬਾਣੀ) ਅਹਿਮ ਹੈ, ਨਾ ਕਿ ਰਾਗ, ਅਲਾਪ, ਤਾਨ; ਜਾਂ ਰਬਾਬ, ਤਬਲਾ, (ਹੁਣ ਵਾਜਾ/ਹਾਰਮੋਨੀਅਮ) ਜਾਂ ਕੋਈ ਹੋਰ ਸਾਜ਼ । ਕੀਰਤਨ ਸਮੇਂ, ਇਸ ਤੋਂ ਪਹਿਲਾਂ ਜਾਂ ਬਾਅਦ ਵਿਚ ਨੱਚਣਾ ਜਾਂ ਤਾੜੀਆਂ ਵਜਾਉਣਾ ਗ਼ਲਤ ਹੈ, ਕਿਉਂਕਿ ਇਸ ਤਰ੍ਹਾਂ ਕੀਰਤਨ ਵਿਚ ਤਮਾਸ਼ਾ ਤੇ ਅ-ਰੂਹਾਨੀਅਤ (ਕੁਝ ਹੱਦ ਤਕ ਤਮਾਸ਼ਬੀਨੀ ਵੀ) ਸ਼ਾਮਿਲ ਹੋ ਜਾਂਦੀ ਹੈ ਜਿਸ ਨਾਲ ਕੀਰਤਨ ਦਾ ਅਸਲ ਮਕਸਦ ਖ਼ਤਮ ਹੋ ਜਾਦਾ ਹੈ। ਇੰਞ ਹੀ ਕੀਰਤਨ ਫਿਲਮੀ ਗਾਣਿਆਂ ਦੀਆਂ ਤਰਜ਼ਾਂ 'ਤੇ ਵੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਜਿਹਾ ਕਰਨ ਨਾਲ ਧਿਆਨ ਉਸ ਫ਼ਿਲਮੀ ਗਾਣੇ ਵੱਲ ਹੀ ਹੋ ਜਾਂਦਾ ਹੈ।

ਸਿੱਖ ਲਈ, ਕੀਰਤਨ ਉਸ ਦੀ ਜ਼ਿੰਦਗੀ ਦੇ ਰੋਜ਼ਨਾਮਚੇ ਦਾ ਹਿੱਸਾ ਹੈ। ਹਰੇਕ ਸਿੱਖ ਨੂੰ ਘਰ ਜਾਂ ਸੰਗਤ ਵਿਚ ਕੀਰਤਨ ਜ਼ਰੂਰ ਕਰਨਾ/ਸੁਣਨਾ ਚਾਹੀਦਾ ਹੈ। ਸਿੱਖ ਰਹਿਤ ਮਰਿਆਦਾ ਮੁਤਾਬਿਕ, ਗੁਰਦੁਆਰੇ ਵਿਚ ਕੀਰਤਨ ਸਿਰਫ਼ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਹੀ ਹੋ ਸਕਦਾ ਹੈ। ਹੋਰ ਕੋਈ ਰਚਨਾ ਜਾਂ ਕਵਿਤਾ ਗੁਰਦੁਆਰੇ ਵਿਚ ਨਹੀਂ ਗਾਈ ਜਾ ਸਕਦੀ। ਅੱਜ ਕੱਲ੍ਹ ਕੀਰਤਨ ਆਮ ਤੌਰ 'ਤੇ ਹਾਰਮੋਨੀਅਮ ਅਤੇ ਤਬਲਾ/ਢੋਲਕੀ ਨਾਲ ਹੀ ਕੀਤਾ ਜਾਦਾ ਹੈ ਅਤੇ ਕਦੇ-ਕਦੇ ਹੀ ਹੋਰਨਾਂ ਸਾਜ਼ਾਂ ਜਿਵੇਂ ਰਬਾਬ, ਸਿਤਾਰ, ਗਿਟਾਰ ਨਾਲ ਵੀ ਕੀਤਾ ਜਾਂਦਾ ਹੈ। ਸਿੱਖ ਧਰਮ ਵਿਚ ਕਿਸੇ ਵੀ ਸਾਜ਼ ਵਰਤਣ ਦੀ ਮਨਾਹੀ ਨਹੀਂ ਹੈ ਪਰ ਹਾਰਮੋਨੀਅਮ ਸਿੱਖਾਂ ਦਾ ਸੰਗੀਤਕ ਸਾਜ਼ ਨਹੀ ਹੈ। ਇਹ ਯੂਰਪ ਅਤੇ ਬਾਕੀ ਪੱਛਮੀ ਸੰਸਾਰ ਦੇ ਮੰਗਤਿਆਂ ਦਾ ਸਾਜ਼ ਹੈ। ਰਬਾਬ, ਸਰੰਦਾ, ਇਕਤਾਰਾ ਵਗ਼ੈਰਾ ਸਾਜ਼ ਗੁਰੂ ਸਾਹਿਬ ਦੇ ਸਮੇ ਦੌਰਾਨ ਵਜਾਏ ਜਾਂਦੇ ਸਨ।

ਸਿੱਖ ਰਹਿਤ ਮਰਯਾਦਾ ਦੇ ਮੁਤਾਬਿਕ ਸੰਗਤ ਲਈ ਕੀਰਤਨ ਸਿਰਫ਼ ਸਿੱਖ ਹੀ ਕਰ ਸਕਦਾ ਹੈ, ਆਪਣੇ ਵਾਸਤੇ ਕੋਈ ਵੀ ਕੀਰਤਨ ਕਰ ਸਕਦਾ ਹੈ। ਸੰਗਤ ਵਿਚ ਮਰਦ ਤੇ ਔਰਤਾਂ ਦੋਵੇਂ ਕੀਰਤਨ ਕਰ ਸਕਦੇ ਹਨ।

ਕੀਰਤਨ ਸੋਹਿਲਾ: 'ਸੋਹਿਲਾ' ਨਿਤਨੇਮ ਦੀਆਂ ਪੰਜ ਬਾਣੀਆਂ ਵਿਚੋਂ ਇਕ ਹੈ ਜਿਹੜੀ ਰਾਤ ਸੌਣ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ। ਇਸ ਨੂੰ 'ਕੀਰਤਨ ਸੋਹਿਲਾ' ਕਹਿਣਾ ਗਲਤ ਹੈ। (ਕੁਝ ਬੇਸਮਝ ਲੋਕਾਂ ਨੇ ਨਿਤਨੇਮ ਦੇ ਗੁਟਕਿਆਂ ਵਿਚ ਵੀ ਲਫ਼ਜ਼ 'ਕੀਰਤਨ

ਸੋਹਿਲਾ' ਲਿਖ ਛੱਡਿਆ ਹੈ)। ਹਾਲਾਂ ਕਿ ਕੀਰਤਨ ਦਾ ਮਤਲਬ ਵੀ ਸੋਹਿਲਾ ਗਾਉਣਾ ਹੀ ਹੈ। ਇਸ 'ਸੋਹਿਲਾ' ਵਿਚ ਪੰਜ ਸ਼ਬਦ ਸ਼ਾਮਿਲ ਹਨ। ਇਨ੍ਹਾਂ ਵਿਚੋਂ ਪਹਿਲੇ ਤਿੰਨ ਗੁਰੂ ਨਾਨਕ ਸਾਹਿਬ ਦੇ ਇਕ ਗੁਰੂ ਰਾਮਦਾਸ ਸਾਹਿਬ ਦਾ ਤੇ ਆਖ਼ਰੀ (ਪੰਜਵਾਂ) ਗੁਰੂ ਅਰਜਨ ਸਾਹਿਬ ਦੀ ਰਚਨਾ ਹੈ। ਸੋਹਿਲਾ ਦਾ ਲਫ਼ਜ਼ੀ ਮਾਅਨਾ ਰੱਬ ਦੇ 'ਸੋਹਿਲੇ' (ਕੀਰਤ) ਗਾਉਣਾ ਹੈ।

ਕੁੱਚਜੀ: ਲਫ਼ਜ਼ੀ ਮਾਅਨਾ: ਬੇਢੰਗੀ, ਭੱਦੀ, ਅਨਾੜੀ, ਨਿਪੁੰਨਤਾ ਤੋਂ ਬਿਨਾਂ (ਮਰਦ ਜਾਂ ਔਰਤ)। ਗੁਰੂ ਗ੍ਰੰਥ ਸਾਹਿਬ ਵਿਚ, ਇਹ ਕਵਿਤਾ ਦੇ ਇਕ ਰੂਪ ਵਜੋਂ ਆਈ ਹੈ।

ਕੁਦਰਤ: ਵੇਖੋ: **ਪ੍ਰਕ੍ਰਿਤੀ**। -219

ਕੁਰਹਿਤ: ਕੁਰਹਿਤ ਦਾ ਲਫ਼ਜ਼ੀ ਮਾਅਨਾ ਹੈ: ਜੋ ਰਹਿਤ ਰੱਖਣਾ/ਕਰਨਾ ਨਹੀਂ ਚਾਹੀਦਾ ਤੇ **ਬਜਰ ਕੁਰਹਿਤ** ਦਾ ਮਾਅਨਾ ਹੈ: ਜੋ ਬਿਲਕੁਲ ਨਹੀਂ ਕਰਨੀ ਚਾਹੀਦੀ, ਕਿਸੇ ਵੀ ਹਾਲਤ ਵਿਚ, ਹੋਰ ਤਾਂ ਹੋਰ ਸੁਫ਼ਨੇ ਵਿਚ ਵੀ ਨਹੀਂ (ਬਜਰ ਦਾ ਲਫ਼ਜ਼ੀ ਮਾਅਨਾ ਹੈ ਪੱਥਰ ਵਰਗੀ ਸਖ਼ਤ)। ਸਿੱਖ ਧਰਮ ਵਿਚ ਚਾਰ ਬਜਰ ਕੁਰਹਿਤਾਂ ਹਨ: (1) ਕੇਸ ਕੱਟਣੇ 2) ਹਲਾਲ ਮਾਸ ਖਾਣਾ 3) ਕਿਸੇ ਵੀ ਤਰੀਕੇ ਨਾਲ ਤੰਬਾਕੂ ਵਰਤਣਾ 4) ਪਰਾਇਆ ਸੰਗ (ਮਰਦ/ਔਰਤ) ਭੋਗਣਾ। ਇਨ੍ਹਾਂ ਚਾਰ '**ਬਜਰ**' ਕੁਰਹਿਤਾਂ ਤੋਂ ਇਲਾਵਾ ਕੁਝ ਹੋਰ (ਘਟ ਸਖ਼ਤ) ਕੁਰਹਿਤਾਂ ਵੀ ਹਨ। ਇਨ੍ਹਾਂ ਵਿਚ ਸ਼ਾਮਿਲ ਹਨ: (1) ਇਨ੍ਹਾਂ ਨਾਲ ਸਬੰਧ ਰੱਖਣਾ: ਮੀਣੇ, ਮਸੰਦਾਂ, ਧੀਰਮਲੀਏ, ਰਾਮਰਾਈਏ, ਨਿਰੰਕਾਰੀਏ {ਦਰਅਸਲ ਨਕਲੀ ਗੁਰੂ-ਡੰਮ ਚਲਾਉਣ ਵਾਲੇ ਨਾਮਧਾਰੀਏ ਵੀ ਇਸ ਵਿਚ ਸ਼ਾਮਿਲ ਹਨ} ਨਾਲ ਅਤੇ ਜਿਨ੍ਹਾਂ ਨੇ ਇਕ ਵਾਰ ਸਿੱਖ ਧਰਮ ਵਿਚ ਸ਼ਾਮਲ ਹੋਣ ਮਗਰੋਂ ਕੇਸਾਂ ਦੀ ਬੇਅਦਬੀ ਜਾਂ ਨਸ਼ਿਆਂ ਦੀ ਵਰਤੋਂ ਕੀਤੀ ਹੋਵੇ (2) ਬੇ-ਅੰਮ੍ਰਿਤੀਏ ਅਤੇ ਪਤਿਤ ਦਾ ਜੂਠਾ ਖਾਣਾ (3) ਚਿੱਟੇ ਕੇਸ ਪੁੱਟਣੇ ਜਾਂ ਰੰਗਣੇ (4) ਧੀ ਜਾਂ ਪੁੱਤਰ ਦਾ ਵਿਆਹ ਪੈਸੇ ਲੈ ਕੇ ਕਰਨਾ (5) ਨਸ਼ਿਆਂ ਜਾਂ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰਨੀ (6) ਅਜਿਹੀ ਕੋਈ ਰਸਮ ਕਰਨੀ ਜੋ ਸਿੱਖਾਂ ਦੇ ਮੁੱਢਲੇ ਅਸੂਲਾਂ ਦੀ ਉਲੰਘਣਾ ਕਰਦੀ ਹੈ (7) ਖੰਡੇ ਦੀ ਪਾਹੁਲ ਲੈਣ ਸਮੇਂ ਦੱਸੀਆਂ ਸ਼ਰਤਾਂ ਨੂੰ ਤੋੜਨਾ। ਇਕ ਸਿੱਖ ਜੋ ਚਾਰ ਬਜਰ ਕੁਰਹਿਤਾਂ ਦੀ ਉਲੰਘਣਾ ਕਰਦਾ ਹੈ ਉਹ ਪਤਿਤ ਬਣ ਜਾਂਦਾ ਹੈ ਅਤੇ ਉਸ ਨੂੰ ਦੁਬਾਰਾ ਖੰਡੇ ਦੀ ਪਾਹੁਲ ਲੈਣੀ ਪੈਂਦੀ ਹੈ। ਪਰ, ਬਾਕੀ ਸੱਤ ਕੁਰਹਿਤਾਂ ਦੀ ਉਲੰਘਣਾ ਕਰਨ ਵਾਲੇ ਨੂੰ ਤਨਖ਼ਾਹ ਲਈ ਜਾਂਦੀ ਹੈ। (ਤਨਖ਼ਾਹ ਨੂੰ ਸਜ਼ਾ ਕਹਿਣਾ ਗਲਤ ਹੈ)।

ਕੁੰਡਲਿਨੀ: ਦੇਖੋ: **ਯੋਗ** - 265

ਕੇਸ/ਕੇਸ਼: ਕੇਸ (ਨਾ ਕੱਟੇ ਹੋਏ, ਸਾਬਤ ਸੂਰਤ) ਸਿੱਖ ਦੀ ਸਭ ਤੋਂ ਮੁੱਢਲੀ ਤੇ ਲਾਸਾਨੀ ਪਛਾਣ ਹਨ। ਆਪਣੇ ਕੇਸਾਂ ਅਤੇ ਦਸਤਾਰ ਕਾਰਨ ਸਿੱਖ, ਹਜ਼ਾਰਾਂ ਅਤੇ ਸੈਂਕੜਿਆਂ ਦੀ ਗਿਣਤੀ ਵਿਚੋਂ, ਸਹਿਜੇ ਹੀ ਤੇ ਦੂਰੋਂ ਹੀ ਪਛਾਣਿਆ ਜਾ ਸਕਦਾ ਹੈ। ਸਿੱਖ ਕਲਚਰ ਵਿਚ, ਕੇਸਾਂ ਦਾ ਸਾਫ਼ ਮਾਅਨਾ ਹੈ 'ਨਾ ਕੱਟੇ ਹੋਏ ਕੇਸ'। ਇੱਕ ਸਿੱਖ ਨੂੰ ਜੇ ਕਰ ਕੇਸਾਂ ਅਤੇ ਜ਼ਿੰਦਗੀ ਵਿਚੋਂ ਇਕ ਚੀਜ਼ ਚੁਣਨ ਲਈ ਕਿਹਾ ਜਾਵੇ ਤਾਂ ਉਹ ਕੇਸ ਚੁਣੇਗਾ, ਜ਼ਿੰਦਗੀ ਨਹੀਂ। ਯਾਨਿ, ਸਿੱਖ ਵਾਸਤੇ ਕੇਸ ਜ਼ਿੰਦਗੀ ਤੋਂ ਵੀ ਵਧੇਰੇ ਕੀਮਤੀ ਹਨ। ਦੂਜੇ ਲਫ਼ਜ਼ਾਂ ਵਿਚ ਸਿੱਖ ਵਾਸਤੇ ਕੇਸ ਕੱਟਣਾ ਮੌਤ ਤੋਂ ਵੀ

ਮਾੜਾ ਹੈ। ਅਜਿਹੀਆਂ ਕਈ ਮਿਸਾਲਾਂ ਮਿਲਦੀਆਂ ਹਨ ਜਦੋਂ ਸਿੱਖਾਂ ਨੇ ਕੇਸਾਂ ਬਦਲੇ ਜ਼ਿੰਦਗੀ ਚੁਣਨ ਤੋਂ ਇਨਕਾਰ ਕਰ ਦਿੱਤਾ। ਜੂਨ 1745 ਵਿਚ, ਜਦ ਭਾਈ ਤਾਰੂ ਸਿੰਘ ਨੂੰ ਆਪਣੇ ਕੇਸ ਕਤਲ ਕਰਵਾਉਣ ਜਾਂ ਖੋਪਰੀ ਉਤਾਰਵਾਉਣ ਵਿਚੋਂ ਇੱਕ ਨੂੰ ਚੁਣਨ ਲਈ ਕਿਹਾ ਗਿਆ ਸੀ, ਤਾਂ ਉਨ੍ਹਾਂ ਨੇ ਆਪਣੀ ਖੋਪਰੀ ਉਤਰਵਾਉਣੀ ਮਨਜ਼ੂਰ ਕਰ ਲਈ ਸੀ, ਨਾ ਕਿ ਕੇਸ ਕਟਵਾਉਣੇ। ਬਾਬਾ ਆਲਾ ਸਿੰਘ ਪਟਿਆਲਾ ਦੀ ਜ਼ਿੰਦਗੀ ਦੀ ਵੀ ਇਕ ਅਜਿਹੀ ਘਟਨਾ ਹੈ, ਜਿਸ ਨੇ ਆਪਣੇ ਕੇਸਾਂ ਬਦਲੇ ਇਕ ਵੱਡਾ ਜੁਰਮਾਨਾ ਦੇਣਾ ਮਨਜ਼ੂਰ ਕਰ ਲਿਆ ਸੀ। ਜੋ ਲੋਕ ਆਪਣੇ ਕੇਸਾਂ ਜਾਂ ਆਪਣੀ ਦਾੜ੍ਹੀ ਜਾਂ ਮੁੱਛਾਂ ਨੂੰ ਕੱਟਦੇ ਹਨ ਆਪਣੇ ਸਿੱਖ ਹੋਣ ਦਾ ਦਾਅਵਾ ਨਹੀਂ ਕਰ ਸਕਦੇ। ਵਧੇਰੇ ਵੇਰਵੇ ਵਾਸਤੇ ਪੜ੍ਹੋ ਕਿਤਾਬ **ਸਿੱਖ ਕਲਚਰ** (ਅੰਗਰੇਜ਼ੀ ਵਿਚ) ਜਾਂ **ਸਿੱਖ ਫ਼ਿਲਾਸਫ਼ੀ ਕੀ ਹੈ ਤੇ ਹੋਰ ਲੇਖ** (ਪੰਜਾਬੀ ਵਿਚ)।

ਕੇਸਕੀ:- ਇਸ ਦਾ ਲਫ਼ਜ਼ੀ ਮਾਅਨਾ ਹੈ: ਜਿਹੜੀ ਕੇਸਾਂ ਦੀ ਸੰਭਾਲ ਲਈ ਹੁੰਦੀ ਹੈ। ਇਹ ਇਕ ਛੋਟੀ ਦਸਤਾਰ ਹੁੰਦੀ ਹੈ ਜੋ ਸਿੱਖ ਆਪਣੀ ਵੱਡੀ (ਮੁਖ) ਦਸਤਾਰ ਦੇ ਥੱਲੇ ਸਜਾਉਂਦੇ ਹਨ। ਭੱਟ ਵਹੀ ਪਰਗਨਾ ਥਾਨੇਸਰ ਮੁਤਾਬਿਕ ਇਹ ਉਨ੍ਹਾਂ-ਪੰਜਾਂ ਕਕਾਰਾਂ ਵਿਚ ਇਕ ਸੀ ਜਿਹੜੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪਰਗਟ ਕਰਨ ਮਗਰੋਂ ਖੰਡੇ ਦੀ ਪਾਹੁਲ ਦੇਣ ਸਮੇਂ ਲਾਜ਼ਮੀ ਕੀਤੇ ਸਨ (ਇਸ ਭੱਟ ਵਹੀ ਮੁਤਾਬਿਕ ਕੇਸ ਕਕਾਰ ਨਹੀਂ ਹਨ ਪਰ ਕੇਸ ਕੱਟਣਾ ਬਜਰ ਕੁਰਹਿਤ ਹੈ)। ਪਰ ਜੋ ਰਹਿਤ ਮਰਯਾਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਾਲ ਤਖ਼ਤ ਤੋਂ ਜਾਰੀ ਕੀਤੀ ਹੈ ਉਸ ਮੁਤਾਬਿਕ ਕੇਸ ਕਕਾਰ ਹਨ ਨਾ ਕਿ ਕੇਸਕੀ। ਕੇਸਾਂ ਦੀ ਪੂਰੀ ਸੰਭਾਲ ਕਰਨਾ ਸਿੱਖ ਲਈ ਲਾਜ਼ਮੀ ਹੈ। ਅੱਜ ਕੱਲ੍ਹ ਬੱਚਿਆਂ ਨੂੰ ਦਸਤਾਰ ਦੀ ਥਾਂ 'ਤੇ ਕੇਸਕੀ ਸਜਾਈ ਜਾਂਦੀ ਹੈ (ਇਸ ਨੂੰ ਪਟਕਾ ਕਹਿਣਾ ਗਲਤ ਹੈ)। ਇਹ ਵੱਡੀ ਦਸਤਾਰ ਦੀ ਜਗਹ ਸਜਾਈ ਜਾਂਦੀ ਹੈ। ਪਰ, ਨੌਜਵਾਨ ਜਾਂ ਹੋਰ ਵਡੇਰੀ ਉਮਰ ਦੇ ਸਿੱਖ ਦੇ ਸਿਰ 'ਤੇ ਇਹ ਪਟਕਾ ਸੋਭਾ ਨਹੀਂ ਦੇਂਦਾ। ਭਾਵ ਇੱਕਲੀ ਕੇਸਕੀ ਵੀ ਸਿੱਖ ਦੀ ਦਸਤਾਰ ਦਾ ਬਦਲ ਨਹੀਂ ਹੈ ਤੇ ਇਸ ਦੀ ਥਾਂ 'ਤੇ 'ਪਟਕਾ' ਤੇ ਇਕ ਨਵੀਂ ਚੱਲੀ 'ਪਟਕੀ' (ਜੋ ਟੋਪੀ ਦੀ ਇਕ ਨਵੀਂ ਕਿਸਮ ਹੈ) ਤਾਂ ਬਿਲਕੁਲ ਗ਼ਲਤ ਹੈ।

ਕੇਸਧਾਰੀ: ਉਹ ਸ਼ਖ਼ਸ ਜੋ ਹਰ ਤਰ੍ਹਾਂ ਦੇ ਰੋਮਾਂ (ਵਾਲਾਂ) ਨੂੰ ਸਾਬਿਤ ਰੱਖਦਾ ਹੈ ਉਸ ਨੂੰ ਕੇਸਧਾਰੀ ਕਿਹਾ ਜਾਂਦਾ ਹੈ। ਪਿੱਛੇ ਜਿਹੇ ਕੁਝ ਚਿਰ 'ਅੰਮ੍ਰਿਤਧਾਰੀ' ਤੇ ਅਖੌਤੀ 'ਸਹਿਜਧਾਰੀ' ਦਾ ਸਵਾਲ ਖੜ੍ਹਾ ਕੀਤਾ ਜਾਂਦਾ ਰਿਹਾ ਸੀ। ਇਸ ਲੇਬਲ ਹੇਠ ਹਰ ਹਿੰਦੂ ਨੂੰ ਸਹਿਜਧਾਰੀ ਆਖਣ ਦੀ ਸਾਜ਼ਿਸ਼ ਕੀਤੀ ਜਾ ਰਹੀ ਸੀ। ਦਰਅਸਲ ਕੋਈ ਵੀ ਗ਼ੈਰ-ਸਿੱਖ ਸ਼ਖ਼ਸ ਸਹਿਜਧਾਰੀ ਸਿੱਖ ਨਹੀਂ ਹੁੰਦਾ। (ਅਖੌਤੀ) ਸਹਿਜਧਾਰੀ ਤਾਂ ਉਹ ਹੈ ਜਿਹੜਾ ਸਿੱਖੀ ਜੀਵਨ ਤਾਂ ਜੀਂਦਾ ਹੈ ਪਰ ਅਜੇ ਉਸ ਨੇ ਖੰਡੇ ਦੀ ਪਾਹੁਲ ਹਾਸਿਲ ਨਹੀਂ ਕੀਤੀ। ਅੰਮ੍ਰਿਤਧਾਰੀ ਅਤੇ (ਅਖੌਤੀ) ਸਹਿਜਧਾਰੀ ਦੋਵੇਂ ਹੀ ਕੇਸਧਾਰੀ ਹਨ। ਕੇਸਧਾਰੀ ਕੋਲ ਜਮਾਂਦਰੂ ਕੇਸ ਹੁੰਦੇ ਹਨ ਭਾਵ ਉਸ ਨੇ ਆਪਣੇ ਕੇਸ ਕੱਟੇ ਨਹੀਂ ਹੁੰਦੇ। ਕੇਸਧਾਰੀ ਕੋਈ ਵੀ ਹੋ ਸਕਦਾ ਹੈ, ਉਹ ਵੀ ਜਿਸ ਦਾ ਸਿੱਖ ਪਰਿਵਾਰ ਵਿਚ ਜਨਮ ਹੋਇਆ ਹੁੰਦਾ ਹੈ ਜਾਂ ਉਹ ਜੋ ਸਿੱਖ ਧਰਮ ਵਿਚ ਸ਼ਾਮਿਲ ਹੋਣਾ ਚਾਹੁੰਦਾ ਹੈ। ਇਨ੍ਹਾਂ ਦੋਹਾਂ ਨੂੰ ਸਹਿਜਧਾਰੀ ਕਿਹਾ ਜਾ ਸਕਦਾ ਹੈ। ਪਰ ਇਸ ਦੀ ਸ਼ਰਤ

ਇਹ ਹੈ ਕਿ ਉਹ ਆਪਣੇ ਕੇਸ ਨਹੀਂ ਕੱਟਦਾ ਅਤੇ ਇੱਕ ਸਿੱਖ ਦੀ ਤਰ੍ਹਾਂ ਹੀ ਜ਼ਿੰਦਗੀ ਬਤੀਤ ਕਰਦਾ ਹੈ ਅਤੇ ਉਸ ਦਾ ਖੰਡੇ ਦੀ ਪਾਹੁਲ ਲੈਣ ਦਾ ਇਰਾਦਾ ਹੁੰਦਾ ਹੈ। ਕੋਈ ਵੀ ਸ਼ਖ਼ਸ ਲਗਾਤਾਰ ਲੰਮੇ ਸਮੇਂ ਤਕ ਸਹਿਜਧਾਰੀ ਨਹੀਂ ਰਹਿ ਸਕਦਾ; ਉਸ ਨੇ ਪਾਹੁਲ ਲੈਣੀ ਹੀ ਹੁੰਦੀ ਹੈ। ਸਹਿਜਧਾਰੀ ਉਹ ਨਹੀਂ ਹੁੰਦਾ ਜੋ ਕੇਸਾਂ ਤੋਂ ਬਿਨਾਂ ਹੋਵੇ ਤੇ ਜ਼ਬਾਨੀ ਹੀ ਖ਼ੁਦ ਨੂੰ 'ਸਿੱਖ' ਆਖੀ ਚੱਲੇ। ਇਹ ਤਾਂ ਨਿਰਾ ਧੋਖਾ ਹੈ, ਦੰਭ ਹੈ, ਬੇਈਮਾਨੀ ਹੈ। ਅਨੇਕਾਂ ਹਿੰਦੂਆਂ (ਕੁਝ ਮੁਸਲਮਾਨਾਂ ਅਤੇ ਇਸਾਈਆਂ ਵੀ) ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 1996 ਅਤੇ 2004 ਦੀਆਂ ਚੋਣਾਂ ਵਿੱਚ ਵੋਟਾਂ ਬਣਵਾਉਣ ਲਈ ਆਪਣੇ ਆਪ ਨੂੰ ਅਖੌਤੀ ਸਹਿਜਧਾਰੀ ਸਿੱਖ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ, ਜੋ ਮਗਰੋਂ ਇਕ ਕਾਨੂੰਨ ਰਾਹੀਂ ਰੱਦ ਕਰ ਦਿੱਤੀ ਗਈ ਸੀ। ਹੋਰ ਦੇਖੋ: **ਕਕਾਰ, ਕੇਸ** 107

ਕੈਲਾਸ਼: ਇਹ ਇਕ ਪਹਾੜ ਦਾ ਨਾਂ ਹੈ, ਜਿਸ ਨੂੰ ਕੁਝ ਹਿੰਦੂ ਲੇਖਕਾਂ ਨੇ ਕਾਲਪਨਿਕ/ਮਿਥਹਾਸਕ ਦੇਵਤੇ ਸ਼ਿਵ ਨਾਲ ਜੋੜਿਆ ਹੋਇਆ ਹੈ ਤੇ ਇਸ ਬਾਰੇ ਕਈ ਪਰੀ-ਕਹਾਣੀਆਂ (ਅਜੋਕੇ ਨਾਵਲ 'ਹੈਰੀ ਪੌਟਰ' ਵਰਗੀਆਂ) ਬਣਾਈਆਂ ਹੋਈਆਂ ਹਨ। ਇਹ ਪਹਾੜ ਮਾਨਸਰੋਵਰ ਨਦੀ ਦੇ ਨੇੜੇ ਹੈ ਤੇ ਹੁਣ ਚੀਨ ਦੇਸ਼ ਦੀ ਹੱਦ ਵਿਚ ਹੈ। ਗੁਰੂ ਨਾਨਕ ਸਾਹਿਬ ਵੇਲੇ ਬਹੁਤ ਸਾਰੇ ਜੋਗੀ ਇੱਥੇ ਰਿਹਾ ਕਰਦੇ ਸੀ। ਇਕ ਵਾਰ ਗੁਰੂ ਨਾਨਕ ਸਾਹਿਬ ਇਸ ਥਾਂ 'ਤੇ ਗਏ ਸਨ ਅਤੇ ਯੋਗੀਆਂ ਨਾਲ ਧਰਮ ਚਰਚਾ ਕਰ ਕੇ ਉਨ੍ਹਾਂ ਨੂੰ ਦੱਸਿਆ ਸੀ ਕਿ ਘਰੋਂ ਭੱਜ ਕੇ, ਜੰਗਲਾਂ ਵਿਚ ਰਹਿ ਕੇ ਅਤੇ ਪਹਾੜਾਂ 'ਤੇ ਚੜ੍ਹ ਕੇ ਵੱਸਣ ਨਾਲ, ਰੱਬ ਨਾਲ ਮੇਲ ਨਹੀਂ ਹੁੰਦਾ ਜਾਂ ਅਖੌਤੀ ਮੁਕਤੀ ਹਾਸਿਲ ਨਹੀਂ ਹੁੰਦੀ। 'ਸਿੱਧ ਗੋਸ਼ਟਿ' ਬਾਣੀ ਗੁਰੂ ਸਾਹਿਬ ਦੀ ਇਨ੍ਹਾਂ ਸਿੱਧਾਂ ਨਾਲ ਵਾਰਤਾ ਬਾਰੇ ਹੀ ਹੈ (ਗੁਰੂ ਗ੍ਰੰਥ ਸਾਹਿਬ, ਸਫ਼ੇ 938-946)। ਇਸ ਘਟਨਾ ਨੂੰ ਭਾਈ ਗੁਰਦਾਸ ਨੇ ਵੀ ਆਪਣੀ ਇਕ ਵਾਰ ਵਿਚ ਬਿਆਨ ਕੀਤਾ ਹੈ।

ਕੈਲੰਡਰ ਤੇ ਅਖੌਤੀ **ਨਾਨਕਸ਼ਾਹੀ ਕੈਲੰਡਰ:** ਉਸ ਸਿੱਖ ਕੈਲੰਡਰ ਨੂੰ ਨਾਨਕਸ਼ਾਹੀ ਕਿਹਾ ਜਾ ਸਕਦਾ ਹੈ, ਜੋ ਗੁਰੂ ਨਾਨਕ ਸਾਹਿਬ ਦੇ ਜਨਮ ਦੇ ਸਾਲ 1469 ਤੋਂ ਸ਼ੁਰੂ ਹੁੰਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਮਈ 1710 ਵਿਚ ਸਰਹਿੰਦ ਨੂੰ ਜਿੱਤਿਆ ਤਾਂ ਉਸ ਨੇ ਇਕ ਨਵਾਂ ਸੰਮਤ (ਕੈਲੰਡਰ) ਜਾਰੀ ਕੀਤਾ। ਉਸ ਕੈਲੰਡਰ ਮੁਤਾਬਿਕ ਸਾਲ 1710 ਖ਼ਾਲਸਾ ਰਾਜ ਦਾ ਸੰਮਤ ਪਹਿਲਾ ਬਣ ਗਿਆ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਮਹੀਨੇ ਅਤੇ ਮਹੀਨਿਆਂ ਦੇ ਦਿਨਾਂ ਦੇ ਨਾਂਵਾਂ ਨੂੰ ਬਿਕ੍ਰਮੀ ਕੈਲੰਡਰ ਵਾਲੇ ਹੀ ਰੱਖਿਆ ਸੀ। ਪਹਿਲਾਂ ਸਿੱਖ ਗੁਰੂ ਸਾਹਿਬ ਦੇ ਜਨਮ ਤੇ ਜੋਤੀ-ਜੋਤਿ ਦਿਨ ਜਾਂ ਸ਼ਹੀਦੀ ਦਿਨ ਦੀਆਂ ਤਾਰੀਖ਼ਾਂ ਕੱਢਣ ਵਾਸਤੇ ਬਿਕ੍ਰਮੀ ਸੰਮਤ ਨੂੰ ਵਰਤਦੇ ਸਨ। 1984 ਵਿਚ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਇਕ ਖ਼ਾਲਸ ਸਿੱਖ ਕੈਲੰਡਰ ਦਾ ਖ਼ਾਕਾ ਤਿਆਰ ਕੀਤਾ। ਇਸ ਕੈਲੰਡਰ ਵਿਚ ਉਨ੍ਹਾਂ ਨੇ ਗਰੇਗੋਰੀਅਨ ਮਹੀਨਿਆਂ ਦੀ ਥਾਂ 'ਤੇ ਪਹਿਲੇ ਦਸ ਮਹੀਨਿਆਂ (ਜਨਵਰੀ ਤੋਂ ਅਕਤੂਬਰ ਤਕ) ਨੂੰ ਦਸ ਗੁਰੂ ਸਾਹਿਬ ਦੇ ਨਾਂ ਉੱਤੇ (ਨਾਨਕ ਮਾਹ, ਅੰਗਦ ਮਾਹ...) ਅਤੇ ਨਵੰਬਰ ਮਹੀਨੇ ਨੂੰ ਗਰੰਥ ਮਾਹ ਤੇ ਦਸੰਬਰ ਨੂੰ ਪੰਥ ਮਾਹ ਦਾ ਨਾਂ ਰੱਖਣ ਦਾ ਸੁਝਾਅ ਦਿੱਤਾ ਸੀ। ਡਾ. ਦਿਲਗੀਰ ਨੇ ਹਫ਼ਤੇ ਦੇ ਦਿਨ ਨੂੰ ਵੀ ਸਿੱਖ ਕਲਚਰ ਦੇ ਨਾਂ ਉੱਤੇ ਰੱਖਣ

ਲਈ ਕਿਹਾ ਸੀ (ਦੇਖੋ: ਡਾ. *ਦਿਲਗੀਰ ਦਾ ਕੈਲੰਡਰ* ਜੋ ਕਿ ਡਾ. ਅਵਤਾਰ ਸਿੰਘ ਸੇਖੋਂ ਕੈਨੇਡਾ ਹਰ ਸਾਲ ਛਾਪਦੇ ਹਨ)। ਪੁਰਾਣੀਆਂ ਲਿਖਤਾਂ ਵਿਚ ਬਿਕਰਮੀ ਕੈਲੰਡਰ ਦੀ ਵਰਤੋਂ ਸੀ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਬਿਕ੍ਰਮੀ ਕੈਲੰਡਰ ਹੀ ਇੱਕੋ ਹੀ ਕੈਲੰਡਰ ਸੀ। ਅੰਗਰੇਜ਼ੀ ਕਾਲ 1849) ਤੋਂ ਮਗਰੋਂ ਸਾਰੇ ਆਲਮ ਦਾ ਸਾਂਝਾ (ਇੰਟਰਨੈਸ਼ਨਲ, ਯਾਨਿ ਗਰੈਗੋਰੀਅਨ) ਕੈਲੰਡਰ ਹੀ ਵਰਤਿਆ ਜਾਂਦਾ ਹੈ ਤੇ ਸਾਨੂੰ ਉਸ ਦਾ ਸਿੱਖ-ਰੂਪ ਹੀ ਵਰਤਣ ਚਾਹੀਦਾ ਹੈ। ਭਾਵੇਂ ਇਸ ਨੂੰ ਪੋਪ ਗਰੈਗਰ ਨੇ ਤਿਆਰ ਕੀਤਾ ਸੀ, ਪਰ ਇਸ ਗਰੈਗੋਰੀਅਨ ਕੈਲੰਡਰ ਨੂੰ ਈਸਾਈ ਕੈਲੰਡਰ ਕਹਿਣਾ ਗਲਤ ਹੈ। ਯਹੂਦੀ ਅਤੇ ਦੂਜੇ, ਜੋ ਈਸਾਈ ਨਹੀਂ ਹਨ, ਉਹ ਵੀ ਇਸ ਕੈਲੰਡਰ ਨੂੰ ਵਰਤਦੇ ਹਨ। ਜੋ ਈਸਾਈ ਨਹੀਂ ਹਨ ਉਹ ਏ.ਡੀ. (*ਐਨੋ ਡੋਮਿਨੀ*, ਜਿਸ ਦਾ ਮਾਅਨਾ ਹੈ: ਕ੍ਰਾਈਸਟ ਦਾ ਦਿਨ) ਅਤੇ ਬੀ.ਸੀ. (*ਬਿਫ਼ੋਰ ਕ੍ਰਾਈਸਟ*, ਯਾਨਿ ਈਸਾ ਤੋਂ ਪਹਿਲਾਂ) ਦੀ ਵਰਤੋਂ ਨਹੀਂ ਕਰਦੇ। ਉਹ ਸੀ.ਈ. (ਕਾਮਨ ਇਰਾ, ਮੌਜੂਦਾ ਕਾਲ) ਅਤੇ ਓ.ਈ. (ਓਲਡ ਇਰਾ, ਯਾਨਿ ਪੁਰਾਣਾ ਕਾਲ) ਲਫ਼ਜ਼ ਵਰਤਦੇ ਹਨ। ਜੋ ਕ੍ਰਿਸਚੀਅਨ ਹਨ ਉਹ ਸੰਨ 2007 ਨੂੰ 2007 ਏ.ਡੀ. (A.D.) ਲਿਖਣਗੇ ਤੇ ਸਿੱਖ ਤੇ ਦੂਜੇ ਗ਼ੈਰ-ਈਸਾਈ ਇਸ ਨੂੰ 2007 ਸੀ.ਈ. (C.E.) ਲਿਖਣਗੇ। ਇੰਞ ਹੀ -32 ਸੰਨ ਨੂੰ ਕ੍ਰਿਸਚੀਅਨ ਸੰਨ 32 ਬੀ.ਸੀ. ਲਿਖਣਗੇ ਤੇ ਸਿੱਖ ਤੇ ਦੂਜੇ ਗੈਰ-ਈਸਾਈ ਇਸ ਨੂੰ 32 ਓ.ਈ. ਲਿਖਣਗੇ। ਬਿਕਰਮੀ ਤੇ ਗਰੈਗੋਰੀਅਨ ਕੈਲੰਡਰ ਵਿਚ ਸਿਰਫ਼ ਇਹ ਫ਼ਰਕ ਹੈ ਕਿ ਬਿਕਰਮੀ ਚੰਨ 'ਤੇ ਅਧਾਰਿਤ ਹੈ ਤੇ ਗਰੈਗੋਰੀਅਨ ਸੂਰਜ 'ਤੇ। ਉਂਞ ਸਾਇੰਟਿਫ਼ਿਕ ਪੱਖ ਤੋਂ ਚੰਨ 'ਤੇ ਅਧਾਰਤ ਕੈਲੰਡਰ (ਜਿਸ ਨੂੰ ਬਿਕਮੀ ਵੀ ਕਹਿੰਦੇ ਹਨ) ਵਧੇਰੇ ਸਹੀ ਹੈ ਕਿਉਂਕਿ ਚੰਨ ਚੜ੍ਹਨ ਦਾ ਇਕ ਸਿਸਟਮ ਹੈ ਤੇ ਇਸ ਵਿਚ ਕਦੇ ਵੀ ਤਬਦੀਲੀ ਨਹੀਂ ਹੁੰਦੀ ਜਦ ਕਿ ਸੂਰਜੀ ਕੈਲੰਡਰ ਵਿਚ ਵਾਰ-ਵਾਰ ਤਬਦੀਲੀਆਂ ਕਰਨੀਆਂ ਪੈਂਦੀਆਂ ਹਨ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਈਸਾਈ (ਈਸਟਰ ਵਗੈਰਾ ਦਿਨ ਕੱਢਣ ਵਾਸਤੇ), ਮੁਸਲਮਾਨ (ਮੁਹੱਰਮ, ਈਦ ਦੇ ਦਿਨ ਕੱਢਣ ਵਾਸਤੇ) ਤੇ ਯਹੂਦੀ ਵੀ ਆਪਣੇ ਧਾਰਮਿਕ ਦਿਨ ਨੀਅਤ ਕਰਨ ਵਾਸਤੇ ਚੰਨ ਵਾਲੇ ਕੈਲੰਡਰ ਨੂੰ ਹੀ ਵਰਤਦੇ ਹਨ।

1998 ਵਿੱਚ, ਪਾਲ ਸਿੰਘ ਪੁਰੇਵਾਲ, ਜੋ ਕਿ ਕੈਨੇਡਾ ਦਾ ਵਾਸੀ ਹੈ, ਉਸ ਨੇ ਚੰਨ ਤੇ ਸੂਰਜ ਦੇ ਕੈਲੰਡਰ ਦਾ ਇਕ ਮਿਲਗੋਭਾ ਜਿਹਾ ਕੈਲੰਡਰ ਤਿਆਰ ਕੀਤਾ। ਉਂਞ ਇਹ ਬਹੁਤਾ ਕਰ ਕੇ ਭਾਰਤ ਸਰਕਾਰ ਦੇ 'ਸ਼ੱਕ ਸੰਮਤ' ਵਰਗਾ ਹੀ ਸੀ। ਉਹ ਆਪਣੇ ਇਸ ਸਿੱਖ ਵਿਰੋਧੀ ਕੈਲੰਡਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਬੇਸਮਝ ਆਗੂਆਂ ਦੀ ਬੇਵਕੂਫ਼ੀ ਕਾਰਣ ਮਨਜ਼ੂਰ ਕਰਵਾਉਣ ਵਿਚ ਕਾਮਯਾਬ ਹੋ ਗਿਆ ਪਰ ਸਹੀ ਵਿਦਵਾਨਾਂ ਨੇ ਇਸ ਨੂੰ ਰੱਦ ਕਰ ਦਿੱਤਾ। ਇਸ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੇਸਮਝ ਆਗੂਆਂ ਨੇ 2003 ਵਿੱਚ ਇਸ ਕੈਲੰਡਰ ਨੂੰ ਧੱਕੇ ਨਾਲ ਲਾਗੂ ਕਰ ਦਿੱਤਾ। ਪੁਰੇਵਾਲ ਦਾ ਕੈਲੰਡਰ ਬਿਕਰਮੀ ਕੈਲੰਡਰ ਤੋਂ ਕਿਤੇ ਜ਼ਿਆਦਾ ਐਂਟੀ-ਸਿੱਖ ਹੈ (ਸਗੋਂ ਇਹ ਸਿੱਖ ਫ਼ਲਸਫ਼ੇ ਦੇ ਉਲਟ ਹੈ)। ਇਸ ਕੈਲੰਡਰ ਦੇ ਪਿੱਛੇ ਆਰ.ਐਸ.ਐਸ. ਦਾ ਹੱਥ ਜਾਪਦਾ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਸਿੱਖ ਚੌਧਰੀਆਂ ਨੇ ਇਸ ਪਿੱਛੇ ਛੁਪੀ ਹੋਈ ਚਾਲਾਕ ਸਾਜ਼ਿਸ਼

ਨੂੰ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ। (ਅਜਿਹੀ ਬੇਵਕੂਫ਼ੀ ਸਿੱਖ ਚੌਧਰੀ ਆਮ ਤੌਰ 'ਤੇ ਕਰਿਆ ਹੀ ਕਰਦੇ ਹਨ)। ਹੋਰ ਵੇਖੋ ਕਿਤਾਬ: **ਨਾਨਕਸ਼ਾਹੀ ਕੈਲੰਡਰ**।

ਕੋਰਟ ਐਂਡ ਕੈਂਪ ਆਫ਼ ਰਣਜੀਤ ਸਿੰਘ: ਇਹ ਕਿਤਾਬ ਡਬਲਿਊ. ਜੀ. ਔਸਬੋਰਨ, ਜੋ ਕਿ ਬ੍ਰਿਟਿਸ਼ ਇੰਡੀਆ ਦੇ ਗਵਰਨਰ ਜਨਰਲ ਦਾ ਮਿਲਟਰੀ ਸੈਕਟਰੀ ਸੀ, ਨੇ 1836 ਤੇ 1842 ਦੇ ਵਿਚਕਾਰ ਲਿਖੀ ਸੀ। ਔਸਬੋਰਨ ਮਈ 1838 ਵਿੱਚ ਲਾਹੌਰ ਗਿਆ ਸੀ ਤੇ ਬਹੁਤ ਕੁਝ ਅੱਖੀਂ ਵੇਖਿਆ ਸੀ। ਇਸ ਤੋਂ ਇਲਾਵਾ ਉਸ ਨੇ ਲਾਹੌਰ ਦਰਬਾਰ ਬਾਰੇ ਅਨੇਕਾਂ ਹੋਰ ਸੋਮਿਆਂ ਤੋਂ ਵੀ ਜਾਣਕਾਰੀ ਲਈ ਹੋਈ ਸੀ। ਇਹ ਕਿਤਾਬ ਸਭ ਤੋਂ ਪਹਿਲਾਂ 1840 ਵਿੱਚ ਛਾਪੀ ਗਈ ਸੀ। ਇਸ ਵਿਚ ਲਾਹੌਰ ਦਰਬਾਰ, ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਅਤੇ ਉਸ ਦੇ ਰਾਜ ਬਾਰੇ ਬੜੀ ਕੀਮਤੀ ਜਾਣਕਾਰੀ ਦਿੱਤੀ ਹੋਈ ਹੈ। ਉੱਨੀਵੀਂ ਸਦੀ ਦੇ ਪੰਜਾਬ ਬਾਰੇ ਇਹ ਇਕ ਬੜਾ ਕੀਮਤੀ ਸੋਮਾ ਹੈ।

ਕੌਮ: ਕੌਮ ਉਨ੍ਹਾਂ ਲੋਕਾਂ ਦਾ ਜੋੜ/ਇਕੱਠ ਹੁੰਦੀ ਹੈ ਜਿਨ੍ਹਾਂ ਦਾ ਇਕ ਸਾਂਝਾ ਧਰਮ, ਕਲਚਰ (ਜੀਵਨ-ਜਾਚ), ਬੋਲੀ, ਤਵਾਰੀਖ਼, ਨਸਲ ਹੁੰਦੀ ਹੈ ਅਤੇ ਜਿਨ੍ਹਾਂ ਦਾ ਬਹੁਤਾ ਹਿੱਸਾ ਕਿਸੇ ਇਕ ਇਲਾਕੇ ਵਿਚ ਵਧੇਰੇ ਰਹਿੰਦਾ ਹੈ। ਸਿੱਖ ਇਕ ਧਰਮ ਹੈ ਅਤੇ ਜ਼ਿੰਦਗੀ ਜਿਊਣ ਦਾ ਰਸਤਾ ਵੀ ਹੈ। ਇਸ ਤੋਂ ਇਲਾਵਾ ਸਿੱਖ ਇਕ ਕੌਮ ਅਤੇ ਨਸਲ ਵੀ ਹਨ। ਉਨ੍ਹਾਂ ਕੋਲ ਉਨ੍ਹਾਂ ਦਾ ਆਪਣਾ ਲਾਸਾਨੀ ਕਲਚਰ, ਆਪਣੀ ਤਵਾਰੀਖ਼, ਆਪਣੇ ਹੀਰੋ ਅਤੇ ਜ਼ਬਾਨ ਹੈ ਅਤੇ ਇਹ ਖ਼ਾਸ ਇਲਾਕੇ, ਜੋ ਕਿ ਪੰਜ ਦਰਿਆਵਾਂ ਦੀ ਧਰਤੀ ਹੈ, ਦੇ ਰਹਿਣ ਵਾਲੇ ਹਨ। ਭਾਰਤ ਦੀ ਬਹੁਗਿਣਤੀ ਹਿੰਦੂ ਕਈ ਵਾਰ ਸਿੱਖਾਂ ਨੂੰ ਹਿੰਦੂ ਧਰਮ ਦਾ ਹਿੱਸਾ ਕਹਿਣ ਦੀ ਜ਼ਿਆਦਤੀ ਕਰਦੇ ਹਨ ਤਾਂ ਸਿੱਖ ਇਹ ਕਹਿੰਦੇ ਹਨ ਕਿ ਅਸੀਂ ਸਿਰਫ਼ ਇਕ ਵਖਰਾ ਧਰਮ ਹੀ ਨਹੀਂ ਬਲਕਿ ਵੱਖਰੀ ਕੌਮ ਤੇ ਨਸਲ ਵੀ ਹਾਂ। 1979 ਵਿਚ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੇ ਮਤਾ ਪਾਸ ਕੀਤਾ ਸੀ: ਸਿੱਖ ਇੱਕ ਕੌਮ ਹਨ। ਮਾਰਚ 15, 1981 ਨੂੰ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਨੇ ਇਸ ਨਾਲ ਮਿਲਦਾ ਜੁਲਦਾ ਮਤਾ ਪਾਸ ਕੀਤਾ ਸੀ। 21 ਅਪ੍ਰੈਲ 1981 ਨੂੰ ਅਕਾਲ ਤਖ਼ਤ ਸਾਹਿਬ ਤੋਂ ਇਹੀ ਐਲਾਨ ਕੀਤਾ ਗਿਆ ਸੀ। 1983 ਵਿਚ ਬਰਤਾਨਵੀ 'ਹਾਊਸ ਆਫ਼ ਲਾਰਡਜ਼' ਨੇ ਵੀ ਪਾਸ ਕੀਤਾ ਸੀ ਕਿ "ਸਿੱਖ ਇਕ ਵਖਰੀ ਕੌਮ ਵੀ ਹਨ ਤੇ ਨਸਲ ਵੀ"।

ਸਿੱਖਾਂ ਨੇ ਸਿੱਖ ਹੋਮਲੈਂਡ ਦੇ ਬਹੁਤ ਸਾਰੇ ਇਲਾਕੇ 'ਤੇ 1849 ਤਕ ਰਾਜ ਕੀਤਾ ਸੀ ਅਤੇ ਕੁਝ ਇਲਾਕੇ 'ਤੇ 1948 ਤਕ। ਅੰਗਰੇਜ਼ਾਂ ਨੇ 1947 ਵਿੱਚ, ਸਿੱਖਾਂ ਦਾ ਮੁਲਕ ਦੋ ਹਿੱਸਿਆਂ ਵਿਚ ਵੰਡਿਆ ਦਿੱਤਾ ਸੀ: ਇਕ ਪਾਕਿਸਤਾਨ ਦਾ ਹਿੱਸਾ ਬਣ ਗਿਆ ਅਤੇ ਦੂਸਰਾ ਇੰਡੀਆ ਨੂੰ ਦੇ ਦਿਤਾ ਗਿਆ। ਉਸ ਸਮੇਂ ਤੋਂ ਹੀ, ਸਿੱਖ ਆਪਣੀ ਖ਼ੁਦਮੁਖ਼ਤਿਆਰੀ ਵਾਸਤੇ ਫਿਰ ਜੱਦੋਜਹਿਦ ਕਰ ਰਹੇ ਹਨ।

ਕੌਮੀ ਗੀਤ/ਤਰਾਨਾ: ਸਿੱਖਾਂ ਦਾ ਕੌਮੀ ਤਰਾਨਾ ਹੈ: **ਦੇਗ-ਓ-ਤੇਗ-ਫ਼ਤਹਿ-ਓ-ਨੁਸਰਤ ਬੇਦਰੰਗ, ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ** (ਮਾਅਨਾ: ਮਾਲੀ, ਸਿਆਸੀ ਤਾਕਤ ਅਤੇ ਸਦੀਵੀ ਜਿੱਤ, ਸਿੱਖ ਕੌਮ ਨੂੰ, ਬਿਨਾਂ ਢਿੱਲ ਦੇ, ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਖ਼ਸ਼ਿਸ਼ ਸਦਕਾ ਮਿਲੀ ਹੈ)। ਕੁਝ ਸਿੱਖਾਂ ਨੇ

ਪਹਿਲੋਂ, ਗਲਤੀ ਨਾਲ ਅਤੇ ਮੂਲਵਾਦੀ ਹਿੰਦੂਆਂ ਦੇ ਪਿੱਛੇ ਲਗ ਕੇ, 'ਦੇਹ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ' ਗੀਤ ਨੂੰ ਆਪਣਾ ਕੌਮੀ ਤਰਾਨਾ ਮੰਨਣਾ ਸ਼ੁਰੂ ਕਰ ਦਿੱਤਾ ਸੀ। ਇੱਕ ਹੋਰ ਕਵਿਤਾ "ਖਗ ਖੰਡ ਬਿਹੰਡਮ.." ਨੂੰ ਵੀ ਸਿੱਖਾਂ ਦਾ ਕੌਮੀ ਤਰਾਨਾ ਬਣਾਉਣ ਦੀ ਕਸ਼ਿਸ਼ ਹੁੰਦੀ ਰਹੀ ਹੈ। ਕੌਮੀ ਤਰਾਨਾ "ਦੇਗ-ਓ-ਤੇਗ..." 1948 ਤਕ ਸਿੱਖ ਰਾਜਾਂ ਦੇ ਸਮਾਗਮਾਂ ਦੌਰਾਨ ਗਾਇਆ ਜਾਂਦਾ ਹੁੰਦਾ ਸੀ ਅਤੇ ਇਸ ਦੀ ਰਿਕਾਰਡਿੰਗ ਦਾ ਐਲ.ਪੀ. ਵੀ ਮੌਜੂਦ ਸਨ। (ਇਸ ਦਾ ਜ਼ਿਕਰ ਦੇਖੋ: **ਮਹਾਨਕੋਸ਼**, ਭਾਈ ਕਾਨ੍ਹ ਸਿੰਘ ਨਾਭਾ, ਸਫ਼ਾ 1165).

ਕੌਰ: 'ਕੌਰ' ਸਿੱਖ ਔਰਤ ਦੇ ਨਾਂ ਦਾ ਇੱਕ ਅਟੁੱਟ ਹਿੱਸਾ ਹੈ। ਇਸ ਦੀ ਵਰਤੋਂ ਤੋਂ ਬਿਨਾਂ, ਕੋਈ ਔਰਤ ਇਹ ਦਾਅਵਾ ਨਹੀਂ ਕਰ ਸਕਦੀ ਕਿ ਉਹ ਸਿੱਖ ਹੈ। ਕੌਰ ਲਫ਼ਜ਼ ਸਿੱਖ ਔਰਤ ਦੇ ਨਾਂ ਪਿੱਛੇ ਪਿਛੇਤਰ ਵਜੋਂ ਨਹੀਂ ਹੈ ਬਲਕਿ ਇਹ ਉਸ ਦੇ ਪੂਰੇ ਨਾਂ ਦਾ ਇਕ ਹਿੱਸਾ ਹੈ। ਕੌਰ ਦਾ ਲਫ਼ਜ਼ੀ ਮਾਅਨਾ ਹੈ: ਸ਼ਹਿਜ਼ਾਦਾ (ਸ਼ਹਿਜ਼ਾਦੀ ਨਹੀਂ)। ਇੱਕ ਸਿੱਖ ਕੁੜੀ ਨੂੰ ਇੱਕ ਸ਼ਹਿਜ਼ਾਦੇ ਦੀ ਤਰ੍ਹਾਂ ਬਹਾਦਰ ਤੇ ਜ਼ਿੰਮੇਵਾਰ ਬਣਨ ਲਈ ਇਹ ਦਰਜਾ ਦਿਤਾ ਗਿਆ ਹੈ। ਇਹ ਸਿੱਖ ਧਰਮ ਵਿਚ ਮਰਦ ਅਤੇ ਔਰਤ ਦੀ ਬਰਾਬਰੀ ਨੂੰ ਦਰਸਾਉਂਦਾ ਹੈ। ਇਹ ਸਿੱਖਾਂ ਦੇ ਕੌਮੀ ਇੱਤਹਾਦ ਤੇ ਭਾਈਚਾਰਕ ਸਾਂਝ ਨੂੰ ਵੀ ਦਰਸਾਉਂਦਾ ਹੈ।

ਕੰਘਾ: ਕੰਘਾ ਇਕ ਖਾਸ ਸ਼ਕਲ ਦਾ ਬਣਿਆ ਹੁੰਦਾ ਹੈ ਤਾਂ ਜੋ ਇਸ ਨੂੰ ਜੂੜੇ ਵਿਚ ਵੀ ਟਿਕਾਇਆ ਜਾ ਸਕੇ। ਪਾਹੁਲੀਏ (ਅੰਮ੍ਰਿਤਧਾਰੀ) ਸਿੱਖ ਵਾਸਤੇ ਕੰਘਾ ਹਰ ਵੇਲੇ ਨਾਲ ਰੱਖਣਾ ਲਾਜ਼ਮੀ ਹੈ। ਇਹ ਕੇਸਾਂ ਨੂੰ ਵਾਹੁਣ ਅਤੇ ਸਫ਼ਾਈ ਲਈ ਵਰਤਿਆ ਜਾਂਦਾ ਹੈ। ਸਿੱਖ ਲਈ ਦਿਨ (ਸਵੇਰੇ ਤੇ ਸੌਣ ਵੇਲੇ) ਵਿਚ ਦੋ ਵਾਰ ਸਿਰ ਵਾਹੁਣਾ ਜ਼ਰੂਰੀ ਹੈ। ਸਿੱਖ ਧਰਮ ਬਾਕੀ ਸਰੀਰ ਦੇ ਨਾਲ-ਨਾਲ ਖਾਸ ਤੌਰ ਤੇ ਕੇਸਾਂ ਦੀ ਸਫ਼ਾਈ 'ਤੇ ਵੀ ਪੂਰਾ ਜ਼ੋਰ ਦੇਂਦਾ ਹੈ।

ਕੰਨ/ਨੱਕ ਛੇਕਣਾ(ਈਅਰ/ਨੋਜ਼ ਪੀਅਰਸਿੰਗ): ਕੰਨਾਂ ਵਿੱਚ ਗਹਿਣੇ ਪਾਉਣ ਲਈ ਛੇਕ (ਛੇਦ) ਕਰਨੇ, ਸਿੱਖ ਵਾਸਤੇ ਮਨ੍ਹਾ ਹਨ। ਇਸੇ ਤਰ੍ਹਾਂ, ਨੱਕ ਜਾਂ ਜਿਸਮ ਦੇ ਹੋਰ ਕਿਸੇ ਵੀ ਹਿੱਸੇ ਵਿਚ ਗਹਿਣੇ ਪਹਿਨਣ ਲਈ ਛੇਕ ਕਰਨਾ ਵੀ ਸਿੱਖ ਧਰਮ ਵਿਚ ਮਨ੍ਹਾ ਹੈ। ਪੁਰਾਣੇ ਵੇਲਿਆਂ ਵਿਚ ਇਸ ਨੂੰ ਗ਼ੁਲਾਮੀ ਦੀ ਨਿਸ਼ਾਨੀ ਮੰਨਿਆ ਜਾਂਦਾ ਸੀ। ਉਦੋਂ ਜਾਨਵਰਾਂ ਤੇ ਗ਼ੁਲਾਮਾਂ ਦੇ ਕੰਨ/ਨੱਕ ਜਾਂ ਜਿਸਮ ਦੇ ਕਈ ਹੋਰ ਹਿੱਸੇ ਇਸੇ ਕਰ ਕੇ ਵਿੰਨ੍ਹ ਕੇ ਉਸ ਵਿਚ ਰੱਸੇ ਜਾਂ ਪਟੇ ਪਾ ਦਿੱਤੇ ਜਾਂਦੇ ਸਨ ਤਾਂ ਜੋ ਇਨ੍ਹਾਂ ਦੇ ਮਾਲਕਾਂ ਦਾ ਦੂਰੋਂ ਹੀ ਪਤਾ ਲਗ ਸਕੇ। ਹਿੰਦੂ ਵੀ ਔਰਤਾਂ ਦੇ ਨੱਕ ਵਿੰਨ੍ਹਦੇ ਸਨ ਤੇ ਇਸ ਵਿਚ ਨੱਥ ਪਾ ਦੇਂਦੇ ਸਨ। ਇਹ ਨੱਥ ਉਹੀ ਲਾਹੁੰਦਾ ਸੀ ਜਿਹੜਾ ਉਸ ਦਾ ਵਿਆਹ ਮਗਰੋਂ (ਜਾਂ ਉਸ ਨੂੰ ਖ਼ਰੀਦਣ ਮਗਰੋਂ) ਉਸ ਦਾ ਮਾਲਿਕ ਬਣਦਾ ਸੀ। ਸਿੱਖ ਧਰਮ ਵਿਚ ਔਰਤ ਗ਼ੁਲਾਮ ਨਹੀਂ ਹੈ ਇਸੇ ਕਰ ਕੇ ਉਸ ਨੂੰ ਨੱਥ ਪਾਉਣਾ ਮਨ੍ਹਾ ਹੈ। ਕਈ ਬੇਸਮਝ ਔਰਤਾਂ ਬੜੇ ਸ਼ੌਕ ਨਾਲ ਨੱਥ ਪਾਉਂਦੀਆਂ ਹਨ ਤੇ ਇਸ ਦਾ ਪਿਛੋਕੜ/ਮਤਲਬ ਨਹੀਂ ਸਮਝਦੀਆਂ।

ਕ੍ਰਿਸਚੀਅਨ (ਇਸਾਈ): ਇਸਾਈ ਉਹ ਹੈ ਜੋ ਜੀਸਸ ਕਰਾਈਸਟ (ਈਸਾ) ਦੀਆਂ ਸਿੱਖਿਆਵਾਂ ਉੱਤੇ ਯਕੀਨ ਰਖਦਾ ਹੈ। ਪਹਿਲਾਂ ਈਸਾਈ ਧਰਮ ਨੂੰ ਯਹੂਦੀ

ਮਤ ਦੀ ਇਕ ਸ਼ਾਖ਼ਾ ਸਮਝਿਆ ਜਾਂਦਾ ਸੀ। ਪਾਲ ਆਫ਼ ਟਾਰਸਸ ਦੇ ਵੇਲੇ ਦੌਰਾਨ ਇਹ ਇਕ ਅਜ਼ਾਦ ਧਰਮ ਬਣ ਗਿਆ। ਈਸਾਈ ਮਤ ਦਾ ਯਕੀਨ ਇਹ ਹੈ ਕਿ ਈਸਾ ਰੱਬ ਦਾ ਪੁੱਤਰ ਸੀ। ਇਸ ਧਰਮ ਦੇ ਤਿੰਨ ਅਹਿਮ ਨੁਕਤੇ ਹਨ: ਰੱਬ ਵਿਚ ਯਕੀਨ ਰੱਖੋ, ਈਸਾ ਨੂੰ ਰੱਬ ਦਾ ਪੁੱਤਰ ਸਮਝੋ ਅਤੇ ਟ੍ਰਿਨਟੀ (ਰੱਬ, ਰੱਬ ਦਾ ਪੁੱਤਰ ਈਸਾ ਤੇ ਪਵਿੱਤਰ ਨੂਰ) 'ਤੇ ਇਤਕਾਦ ਰੱਖੋ।

ਪਹਿਲੀਆਂ ਦੋ ਸਦੀਆਂ ਵਿਚ ਈਸਾਈ ਧਰਮ ਦਾ ਕੋਈ ਬਹੁਤਾ ਪਰਸਾਰ ਨਹੀਂ ਸੀ ਪਰ ਤੀਜੀ ਸਦੀ ਵਿਚ ਈਸਾਈ ਧਰਮ ਦੂਰ-ਦੂਰ ਤਕ ਫੈਲਣਾ ਸ਼ੁਰੂ ਗਿਆ। ਅੱਜ, ਈਸਾਈ ਦੁਨੀਆਂ ਦਾ ਸਭ ਤੋਂ ਵੱਡਾ ਧਰਮ ਹੈ। ਹੁਣ ਈਸਾਈਆਂ ਦੀਆਂ ਬਹੁਤ ਸਾਰੀਆਂ ਸੰਪ੍ਰਦਾਵਾਂ/ਮਤ ਵੀ ਬਣ ਚੁਕੀਆਂ ਹਨ, ਇਨ੍ਹਾਂ ਵਿਚੋਂ ਮੁੱਖ ਹਨ, ਪ੍ਰੋਟੈਸਟੈਂਟ ਅਤੇ ਰੋਮਨ ਕੈਥੋਲਿਕਸ (ਇਹ ਦੋਵੇਂ ਹੀ ਇਕ ਦੂਸਰੇ ਨਾਲ ਬਹੁਤ ਨਫ਼ਰਤ ਕਰਦੇ ਹਨ ਤੇ ਇਨ੍ਹਾਂ ਨੇ ਇਕ ਦੂਜੇ ਦੇ ਲੋਕਾਂ ਨੂੰ ਮਾਰਿਆ ਵੀ ਹੈ)। ਈਸਾਈਆਂ ਦੇ ਹੋਰ ਮੁੱਖ ਮਤ ਹਨ: ਲੂਥੇਰੀਅਨ, ਇਵੈਨਜਿਲਿਸਟ, ਜਿਹੋਵਾਜ਼ ਵਿਟਨੈੱਸ ਤੇ ਹੋਰ ਬਹੁਤ ਸਾਰੇ। ਬੀਤੇ ਸਮੇਂ ਵਿਚ, ਬਹੁਤੇ ਸਾਰੇ ਬੰਦੇ 'ਈਸਾ ਦਾ ਅਵਤਾਰ' ਹੋਣ ਦਾ ਦਾਅਵਾ ਕਰਦੇ ਰਹੇ ਹਨ। ਈਸਾਈਆਂ ਨੇ ਸਾਰੇ ਸੰਸਾਰ ਵਿਚ ਈਸਾਈਅਤ ਦਾ ਪ੍ਰਚਾਰ ਕਰਨ ਲਈ ਬੇਅੰਤ ਪੈਸੇ ਖਰਚ ਕੀਤੇ ਹਨ। ਪਰ, ਹੋਰਨਾਂ ਧਰਮਾਂ ਦੀ ਤਰ੍ਹਾਂ, ਬਹੁਤੇ ਈਸਾਈ ਲੋਕ ਵੀ ਆਪਣੇ ਧਰਮ 'ਤੇ ਦਿਖਾਵੇ ਦਾ ਯਕੀਨ ਰਖਦੇ ਹਨ, ਇਸ ਮੁਤਾਬਿਕ ਆਪਣੇ ਕਰਮ-ਕਾਂਡ ਕਰਦੇ ਹਨ ਤੇ ਇਸ ਦੀਆਂ ਸਿਖਿਆਵਾ 'ਤੇ ਅਮਲ ਨਹੀਂ ਕਰਦੇ। ਹੁਣ 95% ਤੋਂ ਵਧ ਈਸਾਈ (ਜਨਮ, ਵਿਆਹ, ਮੌਤ ਦੇ ਮੌਕਿਆਂ ਨੂੰ ਛੱਡ ਕੇ) ਚਰਚ ਨਹੀਂ ਜਾਂਦੇ ਪਰ ਉਹ ਗ਼ੈਰ-ਈਸਾਈਆਂ ਨਾਲ ਰੱਜ ਕੇ ਈਰਖਾ ਕਰਦੇ ਹਨ।

ਕ੍ਰਿਸਨ/ਕ੍ਰਿਸ਼ਨ: ਯਾਦਵ ਰਾਜਪੂਤ ਕੌਮ ਦਾ ਕ੍ਰਿਸ਼ਨ, ਜੋ ਬਿੰਦਰਾਬਾਨ-ਮਥਰਾ ਇਲਾਕੇ, ਸ਼ੂਰਸੈਨ ਦੇਸ਼, ਦਾ ਰਾਜਾ ਸੀ। ਉਸ ਨੇ ਕੁਰੂ ਤੇ ਪੰਚਾਲ ਦੇਸ਼ਾਂ ਦੀ ਲੜਾਈ ਵਿਚ ਚਾਲਾਕੀ ਦਾ ਰੋਲ ਕੀਤਾ ਸੀ। ਉਸ ਬਾਰੇ ਵਿਚ ਅਜ ਤੋਂ ਤਕਰੀਬਨ ਢਾਈ ਹਜ਼ਾਰ ਸਾਲ ਪਹਿਲਾਂ ਇਕ ਕਾਵਿ-ਨਾਵਲ 'ਮਹਾਂਭਾਰਤ' ਰਚਿਆ ਗਿਆ ਸੀ। ਉਸ ਵਿਚ, ਕ੍ਰਿਸ਼ਨ ਨੂੰ, ਇਕ ਹੀਰੋ ਦੇ ਨਾਲ-ਨਾਲ 'ਦੇਵਤਾ' ਵੀ ਬਣਾ ਦਿੱਤਾ ਗਿਆ। ਹੌਲੀ-ਹੌਲੀ ਹਿੰਦੂਆਂ ਨੇ ਉਸ ਦੀ ਪੂਜਾ ਸ਼ੁਰੂ ਕਰ ਦਿੱਤੀ ਤੇ ਉਸ ਨੂੰ 'ਰੱਬ' ਮੰਨਣਾ ਸ਼ੁਰੂ ਕਰ ਦਿੱਤਾ। ਗੁਰੂ ਗ੍ਰੰਥ ਸਾਹਿਬ ਵਿਚ ਇਸ ਕ੍ਰਿਸ਼ਨ ਬਾਰੇ ਕਈ ਹਵਾਲੇ ਆਏ ਹਨ ਜਿਨ੍ਹਾਂ ਵਿਚ ਉਸ ਨੂੰ ਇਕ ਆਮ ਰਾਜਾ (ਜੋ ਔਰਤਾਂ ਦਾ ਰਸੀਆ ਸੀ) ਦੱਸਿਆ ਗਿਆ ਹੈ, ਨਾ ਕਿ ਅਖੌਤੀ ਦੇਵਤਾ ਜਾਂ ਰੱਬ:

ਤੁਮ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ॥ ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ॥ ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ॥ ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥ (ਸਫ਼ਾ 339)

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥ ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥ (ਸਫ਼ਾ 470)

ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥ (ਸਫ਼ਾ 693)

ਸਗਲੀ ਥੀਤਿ ਪਾਸਿ ਡਾਰਿ ਰਾਖੀ॥ ਅਸਟਮ ਥੀਤਿ ਗੋਵਿੰਦ ਜਨਮਾਸੀ॥ ਭਰਮਿ ਭੂਲੇ ਨਰ ਕਰਤ ਕਚਰਾਇਣ॥ ਜਨਮ ਮਰਣ ਤੇ ਰਹਤ ਨਾਰਾਇਣ॥ (ਸਫ਼ਾ 1136)

ਇਨ੍ਹਾਂ ਹਵਾਲਿਆਂ ਵਿਚ ਕ੍ਰਿਸ਼ਨ ਨੂੰ ਇਕ ਰਾਜਾ ਦਰਸਾਇਆ ਗਿਆ ਹੈ ਨਾ ਕਿ ਇਕ ਰੂਹਾਨੀ ਸ਼ਖ਼ਸੀਅਤ। ਸਿੱਖ ਧਰਮ, ਹਿੰਦੂਆਂ ਦੀ ਥਿਊਰੀ ਕਿ 'ਰੱਬ ਇਨਸਾਨੀ ਜਾਮੇ ਵਿਚ ਧਰਤੀ ਉੱਤੇ ਆ ਸਕਦਾ ਹੈ', ਨੂੰ ਮੂਲੋਂ ਹੀ ਰੱਦ ਕਰਦਾ ਹੈ। ਹੋਰ ਵੇਖੋ: **ਰਾਮ**

ਖਟ ਕਰਮ: ਲਫ਼ਜ਼ੀ ਮਾਅਨਾ: ਛੇ ਕੰਮ। ਹਿੰਦੂਆਂ ਵਿਚ ਵੇਦਾਂ ਦੀ ਪੜ੍ਹਾਈ ਕਰਨੀ ਤੇ ਕਰਾਉਣੀ, ਯਗ ਕਰਨੇ ਤੇ ਕਰਾਉਣੇ, ਦਾਨ ਦੇਣਾ ਅਤੇ ਹਾਸਿਲ ਕਰਨਾ, ਛੇ ਕੰਮ ਹਨ ਜੋ ਹਰ ਬ੍ਰਾਹਮਣ ਲਈ ਕਰਨੇ ਜ਼ਰੂਰੀ ਹਨ। ਸਿੱਖ ਧਰਮ ਇਸ ਵਿਚਾਰ ਦੀ ਹਮਾਇਤ ਨਹੀਂ ਕਰਦਾ; ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਜ਼ਿਕਰ ਸਿਰਫ਼ ਲੋਕਾਂ ਵਿਚ ਜਾਣੀ ਜਾਂਦੀ ਰਸਮ ਦਾ ਹਵਾਲਾ ਦੇਣਾ ਹੈ ਨਾ ਕਿ ਇਸ ਫ਼ਲਸਫ਼ੇ ਨੂੰ ਮੰਨਣਾ।

ਆਗੈ ਰਾਖਿਓ ਸਾਲਗਿਰਾਮੁ॥ ਮਨੁ ਕੀਨੋ ਦਹਦਿਸ ਬਿਸ੍ਰਾਮੁ॥ ਤਿਲਕੁ ਚਰਾਵੈ ਪਾਈ ਪਾਇ॥ ਲੋਕ ਪਚਾਰਾ ਅੰਧੁ ਕਮਾਇ॥ ਖਟੁ ਕਰਮਾ ਅਰੁ ਆਸਣੁ ਧੋਤੀ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ॥ ਮਾਲਾ ਫੇਰੈ ਮੰਗੈ ਬਿਭੂਤ॥ ਇਹ ਬਿਧਿ ਕੋਇ ਨ ਤਰਿਓ ਮੀਤ॥ ਸੋ ਪੰਡਿਤੁ ਗੁਰ ਸਬਦੁ ਕਮਾਇ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ॥ ਚਤੁਰ ਬੇਦ ਪੂਰਨ ਹਰਿ ਨਾਇ॥ ਨਾਨਕ ਤਿਸ ਕੀ ਸਰਣੀ ਪਾਇ॥ (ਸਫ਼ਾ 888)

ਖਟ ਦਰਸ਼ਨ: ਲਫ਼ਜ਼ੀ ਮਾਅਨਾ: ਛੇ ਫ਼ਲਸਫ਼ੇ। ਦੇਖੋ: **ਛੇ ਦਰਸ਼ਨ** 147

ਖਾਰੀ ਬੀੜ: ਗੁਰੂ ਗ੍ਰੰਥ ਸਾਹਿਬ ਦੀ ਇਕ ਨਕਲ/ਉਤਾਰਾ, ਜੋ ਖਾਰਾ ਇਲਾਕੇ ਦੇ ਭਾਈ ਬੰਨੋ ਵੱਲੋਂ ਤਿਆਰ ਕੀਤੀ ਗਈ ਕਹੀ ਜਾਂਦੀ ਹੈ, ਉਸ ਅਤੇ ਉਸ ਬੰਨੋ ਵਾਲੀ ਬੀੜ ਦੇ ਉਤਾਰਿਆਂ ਨੂੰ ਖਾਰੀਆਂ ਬੀੜਾਂ ਕਿਹਾ ਜਾਂਦਾ ਹੈ। ਇਸ ਦੇ 467 ਵਰਕੇ (934 ਸਫ਼ੇ) ਸਨ। ਇਸ ਵਿਚ ਕਈ ਵਾਧੂ ਤੇ ਨਕਲੀ ਰਚਨਾਵਾਂ ਸਨ, ਇਕ ਸੋਰਠਿ ਰਾਗ ਵਿਚ, ਇਕ ਰਾਮਕਲੀ ਰਾਗ ਵਿਚ, ਇਕ ਮਾਰੂ ਰਾਗ ਵਿਚ, ਇਕ ਸਾਰੰਗ ਰਾਗ ਵਿਚ, ਤਿੰਨ ਸਲੋਕ ਗੁਰੂ ਨਾਨਕ ਸਾਹਿਬ ਦੇ ਨਾਂ ਹੇਠ ਦਰਜ ਸਨ। ਇਸ ਤੋਂ ਇਲਾਵਾ, ਸ਼ਿਵਨਾਭ ਰਾਜੇ ਬਾਰੇ ਇਕ ਕਹਾਣੀ ਵੀ ਸੀ। ਇਹ ਜਿਲਦ ਹੁਣ ਭਾਈ ਬੰਨੋ ਦੇ ਵਾਰਿਸਾਂ ਕੋਲ ਹੈ। ਇਕ ਹੋਰ ਵਿਚਾਰ ਮੁਤਾਬਿਕ, ਉਹ ਇਲਾਕਾ ਜਿਥੇ ਭਾਈ ਬੰਨੋ ਰਹਿੰਦਾ ਸੀ ਉਸ ਨੂੰ 'ਖਾਰਾ' ਕਿਹਾ ਜਾਂਦਾ ਸੀ; ਇਸ ਲਈ ਵੀ ਇਸ ਦਾ ਨਾਂ ਖਾਰੀ ਬੀੜ ਹੈ। ਇਕ ਵਿਚਾਰ ਇਹ ਵੀ ਹੈ ਕਿ ਭਾਈ ਬੰਨੋ ਨੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਜਿਲਦ ਬੰਨਵਾਉਣ ਵੇਲੇ ਇਸ ਦਾ ਉਤਾਰਾ ਕਰਵਾ ਲਿਆ ਸੀ। ਪਰ ਇਹ ਸਹੀ ਨਹੀਂ ਹੋ ਸਕਦਾ ਕਿਉਂਕਿ ਬੀੜ ਦਾ ਉਤਾਰਾ ਏਨੇ ਘਟ ਸਮੇਂ ਵਿਚ ਨਹੀਂ ਸੀ ਹੋ ਸਕਦਾ। ਇਹ ਉਤਾਰਾ ਯਕੀਨਨ ਗੁਰੂ ਅਰਜਨ ਸਾਹਿਬ ਦੀ ਮਨਜ਼ੂਰੀ ਨਾਲ ਹੀ ਨਕਲ ਕੀਤਾ ਗਿਆ ਹੋਵੇਗਾ ਤੇ ਵਾਧੂ ਰਚਨਾਵਾਂ ਮਗਰੋਂ ਪਾਈਆਂ ਗਈਆਂ ਹੋਣਗੀਆਂ। ਗੁਰੂ ਸਾਹਿਬ ਨੇ ਜਾਂ ਸਿੱਖ ਪੰਥ ਨੇ ਕਦੇ ਵੀ ਇਸ ਬੀੜ ਨੂੰ

ਕਬੂਲ ਨਹੀਂ ਕੀਤਾ। ਉਂਞ ਇਸ ਦੇ ਸੈਂਕੜੇ ਉਤਾਰੇ ਤਿਆਰ ਕੀਤੇ ਗਏ ਸਨ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਅੱਜ ਵੀ ਮੌਜੂਦ ਹਨ। ਦਰਅਸਲ ਲੋਕਾਂ ਨੂੰ ਅਸਲ ਬੀੜ ਦਾ ਪਤਾ ਨਹੀਂ ਸੀ ਹੁੰਦਾ ਤੇ ਜੇ ਕੋਈ ਉਨ੍ਹਾਂ ਨੂੰ ਕੋਈ ਵੀ ਨਕਲ ਦੇਂਦਾ ਸੀ ਤਾਂ ਉਹ ਅਸਲ ਸਮਝ ਕੇ ਹੀ ਉਸ ਨੂੰ ਅਦਬ ਦੇਂਦੇ ਸਨ। ਹੋਰ ਦੇਖੋ: ਕੱਚੀ ਬਾਣੀ।

ਖਾਲਸ: ਖਾਲਸ ਦਾ ਮਾਅਨਾ ਹੈ: ਖਰਾ, ਅਸਲ, ਸ਼ੁੱਧ। ਖਾਲਸਾ ਖਾਲਸ ਤੋਂ ਵੱਖਰਾ ਹੈ। ਖਾਲਸਾ ਉਹ ਹੁੰਦਾ ਹੈ ਜੋ ਬਾਦਸ਼ਾਹ ਦੀ ਸਿੱਧੀ ਮਲਕੀਅਤ ਹੁੰਦੀ ਸੀ/ਹੈ। ਉਂਞ ਖਾਲਸਾ ਲਫ਼ਜ਼ ਦੀ ਜੜ੍ਹ ਖਾਲਸ ਹੀ ਹੈ। ਖਾਲਸਾ ਖਾਲਿਸ ਵੀ ਹੁੰਦਾ ਹੈ ਪਰ ਜ਼ਰੂਰੀ ਨਹੀਂ ਕਿ ਹਰ ਖਾਲਿਸ ਚੀਜ਼ ਖਾਲਸਾ (ਖ਼ੁਦਮੁਖ਼ਤਿਆਰ, ਆਜ਼ਾਦ) ਵੀ ਹੋਵੇ। ਦੇਖੋ: ਖਾਲਸਾ।

ਖਾਲਸਾ: ਖਾਲਸਾ ਫ਼ਾਰਸੀ ਜ਼ਬਾਨ ਦਾ ਲਫ਼ਜ਼ ਹੈ। ਇਸ ਦਾ ਲਫ਼ਜ਼ੀ ਮਾਅਨਾ ਹੈ: ਉਹ ਜ਼ਮੀਨ ਜਾਂ ਜਾਇਦਾਦ ਜੋ ਸਿੱਧੇ ਤੌਰ ਤੇ ਬਾਦਸ਼ਾਹ ਦੀ ਆਪਣੀ ਹੋਵੇ। ਦੂਜੇ ਲਫ਼ਜ਼ਾਂ ਵਿਚ ਇਸ ਦਾ ਮਾਅਨਾ ਹੈ: ਬਾਦਸ਼ਾਹ ਦੀ ਆਪਣੀ ਨਿਜੀ ਜ਼ਮੀਨ, ਯਾਨਿ **ਖ਼ੁਦਮੁਖ਼ਤਿਆਰ**। 1698 ਤੋਂ ਪਹਿਲਾਂ ਬਹੁਤ ਸਾਰੇ ਮਸੰਦ, ਜੋ ਗੁਰੂ ਸਾਹਿਬ ਨੇ ਸਿੱਖਾਂ ਤੋਂ ਦਸਵੰਧ ਇਕੱਠਾ ਕਰਨ ਲਈ ਤਾਈਨਾਤ ਕੀਤੇ ਹੋਏ ਸਨ ਉਹ ਬੇਈਮਾਨ ਹੋ ਗਏ ਅਤੇ ਆਪਣੇ ਆਪ ਨੂੰ ਗੁਰੂ ਵਰਗਾ ਹੀ ਸਮਝਣ ਲਗ ਪਏ ਅਤੇ ਨੀਮ-ਗੁਰੂ ਵਾਂਗ ਕਾਰਵਾਈਆਂ ਕਰਨ ਲਗ ਪਏ। ਇਹ ਪਤਾ ਲਗਣ 'ਤੇ ਮਾਰਚ 1698 ਵਿਚ ਗੁਰੂ ਸਾਹਿਬ ਨੇ ਮਸੰਦ ਜਮਾਤ ਖਤਮ ਕਰ ਦਿੱਤੀ ਅਤੇ ਇਹ ਐਲਾਨ ਕੀਤਾ ਕਿ ਸਿੱਖ ਖਾਲਸਾ ਹੋਣਗੇ (ਸਿੱਧੇ ਗੁਰੂ ਨਾਲ ਸਬੰਧ ਰੱਖਣਗੇ)। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਅੱਗੇ ਤੋਂ ਖਾਲਸਾ ਗੁਰੂ ਦੇ ਖਾਲਸਾ ਨਹੀਂ ਹੋਣਗੇ ਬਲਕਿ ਸਿਰਫ਼ ਅਕਾਲ ਪੁਰਖ ਦੀ ਰਿਆਇਆ ਹੋਣਗੇ (ਖਾਲਸਾ ਅਕਾਲ ਪੁਰਖ ਦੀ ਫ਼ੌਜ, ਗੁਰੂ ਗੋਬਿੰਦ ਸਿੰਘ ਦੀ ਨਹੀਂ)।

ਗੁਰੂ ਗੋਬਿੰਦ ਸਿੰਘ ਸਾਹਿਬ ਨੇ 29 ਮਾਰਚ 1698/1699 (ਭੱਟ ਵਹੀਆਂ 1698 ਅਤੇ ਕੁਝ ਸੋਮੇ 1699 ਲਿਖਦੇ ਹਨ) ਦੇ ਦਿਨ ਅਕਾਲ ਪੁਰਖ ਦੇ ਹੁਕਮ ਹੇਠ ਖਾਲਸਾ ਪ੍ਰਗਟ ਕੀਤਾ (ਜਿਹਾ ਕਿ ਇਕ ਕਵੀ ਨੇ ਲਿਖਿਆ ਸੀ: 'ਪ੍ਰਗਟਿਓ ਖਾਲਸਾ ਪਰਮਾਤਮਾ ਕੀ ਮੌਜ')। ਇਸ ਤਰ੍ਹਾਂ ਖਾਲਸੇ ਨੂੰ ਇਕ ਖਾਸ ਵਰਦੀ ਵੀ ਦਿੱਤੀ ਗਈ ਸੀ। ਇਸ ਵਿਚ ਖਾਸ ਪਛਾਣ ਦੇ ਚਿੰਨ੍ਹ ਸਨ: ਕੇਸ (ਨਾ ਕੱਟੇ ਹੋਏ ਕੇਸ), ਕੰਘਾ, ਕੜਾ, ਕ੍ਰਿਪਾਨ, ਕਛਹਿਰਾ ਅਤੇ ਕੇਸਕੀ (ਦਸਤਾਰ)। ਇਹ ਖਾਸ ਵਰਦੀ ਖਾਲਸੇ ਦਾ ਬਾਕੀ ਸੰਸਾਰ ਤੋਂ ਵੱਖਰਾ ਸਰੂਪ ਪੇਸ਼ ਕਰਦੀ ਹੈ। ਖੰਡੇ ਦੀ ਪਾਹੁਲ ਲੈਣ ਤੋਂ ਬਾਅਦ ਖਾਲਸਾ ਇਕ ਨਵੇਂ ਭਾਈਚਾਰੇ ਦਾ ਮੈਂਬਰ ਬਣ ਜਾਂਦਾ ਹੈ ਜਿਸ ਦਾ ਮਾਅਨਾ ਇਹ ਹੈ ਕਿ ਉਸ ਦਾ ਪਿਛਲਾ ਜਨਮ, ਕਰਮ, ਧਰਮ, ਸ਼ਰਮ, ਭਰਮ ਸਭ ਖ਼ਤਮ ਹੋ ਗਏ ਹਨ। ਹੋਰ ਦੇਖੋ: **ਕੇਸ, ਕੇਸਕੀ, ਕੰਘਾ, ਕੜਾ, ਕ੍ਰਿਪਾਨ, ਕਛਹਿਰਾ, ਖੰਡੇ ਦੀ ਪਾਹੁਲ**।

ਖਾਲਸਾ ਜੀ ਦੇ ਬੋਲ ਬਾਲੇ: ਇਸ ਦਾ ਲਫ਼ਜ਼ੀ ਮਾਅਨਾ ਹੈ: ਖਾਲਸਾ ਜੀ ਦੇ ਬੋਲ ਉਚੇ/ਬਾਲੇ ਰਹਿਣ, ਯਾਨਿ ਖਾਲਸੇ ਦੀ 'ਸਿਰਦਾਰੀ' ਕਾਇਮ ਰਹੇ। ਦੂਜੇ ਲਫ਼ਜ਼ਾਂ ਵਿਚ "ਖਾਲਸੇ ਦਾ ਰਾਜ" ਜਾਂ ਸਿੱਖ ਕੌਮ ਦੀ ਆਜ਼ਾਦ/ਵੱਖਰੀ ਹਕੂਮਤ ਕਾਇਮ ਹੋਵੇ/ਰਹੇ। ਇਹ 1973 ਦੇ ਅਨੰਦਪੁਰ ਸਾਹਿਬ ਦੇ ਮਤੇ ਦਾ ਮੁਖ ਹਿੱਸਾ ਹੈ। ਮਗਰੋਂ

1978 ਵਿਚ ਅਕਾਲੀ ਦਲ ਨੇ, ਗ਼ੈਰ-ਅਕਾਲੀ ਪਾਰਟੀਆਂ ਨੂੰ ਖ਼ੁਸ਼ ਕਰਨ ਵਾਸਤੇ, ਇਸ ਮਤੇ ਨੂੰ 12 ਮੰਗਾਂ ਵਿਚ ਬਦਲ ਦਿੱਤਾ ਸੀ। 1995 ਵਿਚ ਕਾਇਮ ਹੋਏ 'ਅਕਾਲੀ ਦਲ ਅੰਮ੍ਰਿਤਸਰ' ਨੇ ਫਿਰ ਇਹੀ ਨਿਸ਼ਾਨਾ ਅਪਣਾ ਲਿਆ ਸੀ। ਇਸ ਨਵੇਂ ਦਲ ਦੇ ਕੁਝ ਸੀਨੀਅਰ ਆਗੂ ਬਾਦਲ ਦਲ ਵਿਚ ਸ਼ਾਮਿਲ ਹੋਣ ਮਗਰੋਂ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਸਿਮਰਨਜੀਤ ਸਿੰਘ ਮਾਨ ਨੇ ਫਿਰ ਸ਼ਰੇ-ਆਮ ਖ਼ਾਲਿਸਤਾਨ ਦਾ ਨਾਅਰਾ ਅਪਣਾ ਲਿਆ।

ਖ਼ਾਲਸਾ-ਸਤਾਨ: ਇਸ ਦਾ ਲਫ਼ਜ਼ੀ ਮਾਅਨਾ ਹੈ: ਖ਼ਾਲਸੇ ਦੀ ਜ਼ਮੀਨ (ਖ਼ਾਲਸਾ= ਬਾਦਸ਼ਾਹ ਦੀ ਸਿੱਧੀ ਆਪਣੀ, ਯਾਨਿ ਖ਼ੁਦਮੁਖ਼ਤਿਆਰ)। ਸਿੱਖਾਂ ਦੇ ਆਜ਼ਾਦ ਮੁਲਕ ਨੂੰ ਖ਼ਾਲਿਸਤਾਨ ਦਾ ਨਾਂ ਦੇਣਾ ਗ਼ਲਤ ਹੈ। ਖ਼ਾਲਿਸਤਾਨ ਦੋ ਲਫ਼ਜ਼ਾਂ ਦੇ ਮੇਲ ਤੋਂ ਬਣਿਆ ਹੈ: ਖ਼ਾਲੀ ਅਤੇ ਸਤਾਨ (ਧਰਤੀ)। 'ਖ਼ਾਲਸੇ ਦੇ ਮੁਲਕ' ਨੂੰ 'ਖ਼ਾਲਸਾ-ਸਤਾਨ' ਕਹਿਣਾ ਵਧੇਰੇ ਸਹੀ ਹੈ।

ਖ਼ਾਲਿਸਤਾਨ: ਖ਼ਾਲਿਸਤਾਨ ਦਾ ਲਫ਼ਜ਼ੀ ਮਾਅਨਾ ਹੈ: ਖ਼ਾਲੀ ਸਥਾਨ (ਜਗਹ)। ਉਂਵ ਇਸ ਦੇ ਘਾੜੇ ਨੇ ਇਹ ਨਾਂ 'ਖ਼ਾਲਸੇ ਦਾ ਮੁਲਕ' ਦੇ ਮਾਅਨਿਆਂ ਵਿਚ ਘੜਿਆ ਸੀ। ਇਹ ਉਸ ਆਜ਼ਾਦ/ਵੱਖਰੇ ਸਿੱਖ ਰਾਜ ਦਾ ਨਾਂ ਹੈ ਜਿਸ ਦਾ ਵਿਚਾਰ ਸਭ ਤੋਂ ਪਹਿਲਾਂ, 1940 ਵਿਚ, ਪਾਕਿਸਤਾਨ ਦੀ ਮੰਗ ਦੇ ਖ਼ਿਲਾਫ਼, ਲੁਧਿਆਣਾ ਦੇ ਡਾ. ਵੀਰ ਸਿੰਘ ਭੱਟੀ ਨੇ ਦਿੱਤਾ ਸੀ। ਭਾਵੇਂ 1943 ਵਿਚ ਆਜ਼ਾਦ ਪੰਜਾਬ ਦਾ ਨਾਅਰਾ ਲੱਗਿਆ ਸੀ ਤੇ 1946-47 ਵਿਚ ਸ਼੍ਰੋਮਣੀ ਅਕਾਲੀ ਦੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸਟੇਟ ਵਾਸਤੇ ਮਤੇ ਪਾਸ ਕਰ ਕੇ ਜੱਦੋਜਹਿਦ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਕਾਮਯਾਬ ਨਹੀਂ ਸਨ ਹੋ ਸਕੇ। ਇਸ ਮਗਰੋਂ ਡਾ. ਜਗਜੀਤ ਸਿੰਘ ਚੌਹਾਨ ਨੇ, 1971 ਵਿਚ, ਇੰਡੋ-ਪਾਕਿ ਜੰਗ ਦੌਰਾਨ ਇਸ ਨਾਅਰੇ ਨੂੰ ਮੁੜ ਚੁੱਕਿਆ ਸੀ। 1978 ਤੋਂ ਬਾਅਦ ਸਿੱਖਾਂ ਦੀਆਂ ਬਹੁਤ ਸਾਰੀਆਂ ਜਥੇਬੰਦੀਆਂ ਇੱਕ ਵੱਖਰੇ/ਆਜ਼ਾਦ ਮੁਲਕ ਦੀ ਮੰਗ ਕਰਨ ਲੱਗ ਪਈਆਂ ਸਨ। 4 ਜੂਨ 1984 ਦੇ ਦਿਨ ਭਾਰਤੀ ਫ਼ੌਜ ਦੇ ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਤਕਰੀਬਨ ਹਰ ਇਕ ਸਿੱਖ ਇਸ ਦਾ ਹਿਮਾਇਤੀ ਹੋ ਗਿਆ ਸੀ। 11 ਜੂਨ 1984 ਨੂੰ ਲੰਡਨ ਵਿਚ ਦਲ ਖ਼ਾਲਸਾ ਨੇ ਖ਼ਾਲਿਸਤਾਨ ਦੀ ਜਲਾਵਤਨ ਸਰਕਾਰ ਬਣਾਈ। ਫਿਰ 13 ਜੂਨ 1984 ਨੂੰ ਡਾ ਚੌਹਾਨ ਨੇ ਵੀ ਇਕ ਜਲਾਵਤਨ ਸਰਕਾਰ ਬਣਾਈ। ਇਸ ਤੋਂ ਪਿੱਛੋਂ 29 ਅਪ੍ਰੈਲ 1986 ਦੇ ਦਿਨ 'ਪੰਥਕ ਕਮੇਟੀ' ਨੇ ਦਰਬਾਰ ਸਾਹਿਬ ਵਿਚੋਂ ਖ਼ਾਲਿਸਤਾਨ ਦੀ ਸਰਕਾਰ ਦਾ ਐਲਾਨ ਕੀਤਾ। 7 ਅਕਤੂਬਰ 1987 ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਤੇ ਹੋਰ ਗੁੰਥੀਆਂ ਨੇ ਵੀ ਇਕ 'ਕੌਂਸਲ ਆਫ਼ ਖ਼ਾਲਿਸਤਾਨ' ਐਲਾਨੀ ਸੀ ਤੇ ਡਾ. ਗੁਰਮਤਿ ਸਿੰਘ ਔਲਖ ਨੂੰ ਇਸ ਕੌਂਸਲ ਦੇ ਚੇਅਰਮੈਨ ਬਣਾਇਆ ਸੀ। 24 ਜਨਵਰੀ 1993 ਨੂੰ ਇਸ ਨੂੰ ਯੂ.ਐਨ.ਓ. ਦੀ 'ਮੁਲਕ ਰਹਿਤ ਕੌਮਾਂ' ਨਾਂ ਦੀ ਕੌਂਸਲ ਦੀ ਮੈਂਬਰਸ਼ਿਪ ਦੇ ਦਿੱਤੀ ਗਈ ਪਰ ਸਿੱਖ ਜਥੇਬੰਦੀਆਂ ਦੀ ਆਪਸੀ ਈਰਖਾ ਕਾਰਨ ਉਹ ਛੇਤੀ ਹੀ ਵਾਪਿਸ ਲੈ ਲਈ ਗਈ ਸੀ। ਅੱਜ ਇਹ ਨਾਅਰਾ ਭਾਵੇਂ ਦਬਿਆ ਹੋਇਆ ਹੈ ਪਰ ਬਹੁਤੇ ਸਿੱਖ ਦਿਲੋਂ ਇਸ ਦੇ ਹਿਮਾਇਤੀ ਹਨ। ਹੋਰ ਦੇਖੋ: **ਖ਼ਾਲਸਾ**।

ਖ਼ਾਲਸੇ ਦੇ ਬੋਲੇ: ਖ਼ਾਲਸੇ ਦੇ ਬੋਲੇ ਦਾ ਲਫ਼ਜ਼ੀ ਮਾਅਨਾ ਹੈ: ਖ਼ਾਲਸੇ ਦੀ (ਖ਼ਾਸ

ਤੇ ਖ਼ੁਫ਼ੀਆ) ਬੋਲੀ। ਇਨ੍ਹਾਂ ਨੂੰ 'ਗੜਗੱਜ ਬੋਲੇ' (ਲਫ਼ਜ਼ੀ ਮਾਅਨਾ: ਗਰਜਵੇਂ/ਕੜਕਵੇਂ ਲਫ਼ਜ਼, ਜੋਸ਼ ਦੀ ਬੋਲੀ) ਵੀ ਕਿਹਾ ਜਾਂਦਾ ਹੈ। ਇਸ ਬੋਲੀ ਦਾ ਜਨਮ ਸ਼ਾਇਦ ਅਠਾਰ੍ਹਵੀਂ ਸਦੀ ਦੇ ਤੀਜੇ, ਚੌਥੇ ਦਹਾਕੇ ਵਿਚ ਹੋਇਆ ਸੀ ਤੇ ਮਗਰੋਂ ਇਸ ਵਿਚ ਨਵੇਂ-ਨਵੇਂ ਲਫ਼ਜ਼ ਸ਼ਾਮਿਲ ਹੁੰਦੇ ਗਏ ਸਨ। ਇਸ ਬੋਲੀ ਦੇ ਜਨਮ ਹੋਣ ਦਾ ਪਿਛੋਕੜ ਇਕ ਤਾਂ ਸਿੱਖਾਂ ਵਿਚ ਖ਼ੁਫ਼ੀਆ ਵਾਰਤਾਲਾਪ ਕਰਨਾ ਸੀ; ਦੂਜਾ, ਇਹ ਸਿੱਖਾਂ ਵਿਚ ਜੋਸ਼ ਅਤੇ ਚੜ੍ਹਦੀ ਕਲਾ ਦਾ ਅਹਿਸਾਸ ਭਰਨ ਵਿਚ ਵੀ ਮਦਦਗਾਰ ਸਾਬਿਤ ਹੋਈ ਸੀ। ਕੁਝ ਬੋਲੇ ਹੇਠ ਲਿਖੇ ਹਨ: ਸਵਾ ਲੱਖ (ਲਫ਼ਜ਼ੀ ਮਾਅਨਾ ਇੱਕ ਲੱਖ ਪੰਝੀ ਹਜ਼ਾਰ)=ਇੱਕ ਸਿੱਖ; ਬਦਾਮ=ਕਾਲੇ ਛੋਲੇ; ਕੁਤਬ ਦੀਨ (ਮੁਸਲਿਮ ਦਾ ਸਤਿਕਾਰਤ ਨਾਂ)=ਕੁੱਤਾ, ਲੜਾਕੀ (ਲੜਨ ਵਾਲੀ)=ਮਿਰਚ, ਕੱਟਾ (ਮੱਝ ਦਾ ਬੱਚਾ)=ਹਾਥੀ, ਕਾਬੁਲੀ ਕੁੱਤਾ (ਕਾਬੁਲ ਦਾ ਕੁੱਤਾ)=ਅਹਿਮਦ ਸ਼ਾਹ ਦੁੱਰਾਨੀ। ਇਨ੍ਹਾਂ ਬੋਲਿਆਂ ਦੀ ਗਿਣਤੀ ਦੋ ਸੌ ਤੋਂ ਵੀ ਵਧ ਸੀ। ਵੇਖੋ: **ਮਹਾਨ ਕੋਸ਼।** ੭੪੫

ਖਿਮਾ: 'ਖਿਮਾ' ਦਾ ਲਫ਼ਜ਼ੀ ਮਾਅਨਾ ਹੈ 'ਮੁਆਫ਼ੀ' ਅਤੇ 'ਖਿਮਾ ਕਰਨਾ' ਦਾ ਮਾਅਨਾ ਹੈ: 'ਮੁਆਫ਼ ਕਰ ਦੇਣਾ'। ਖਿਮਾ ਕਰਨਾ ਇੱਕ ਖ਼ੂਬੀ ਹੈ ਜੋ ਹਰ ਇਕ ਸਿੱਖ ਵਿਚ ਹੋਣੀ ਚਾਹੀਦੀ ਹੈ। ਇਕ ਸਿੱਖ ਕਿਸੇ ਮਾਸੂਮ/ਬੇਗੁਨਾਹ ਸ਼ਖ਼ਸ ਦੀਆਂ ਗ਼ਲਤੀਆਂ, ਭੁਲਾਂ ਤੇ ਕੁਤਾਹੀਆਂ (ਜੋ ਜਾਣ ਬੁਝ ਕੇ ਨਾ ਕੀਤੀਆਂ ਗਈਆਂ ਹੋਣ) ਨੂੰ ਮੁਆਫ਼ ਕਰ ਦੇਂਦਾ ਹੈ। ਜੇ ਕਰ ਕੋਈ ਸਿੱਖ ਨੂੰ ਬਹੁਤ ਜ਼ਿਆਦਾ ਨੁਕਸਾਨ ਵੀ ਕਰ ਦੇਂਦਾ ਹੈ ਪਰ ਉਹ ਆਪਣੀ ਗ਼ਲਤੀ ਦਿਲੋਂ ਮਹਿਸੂਸ ਕਰਦਾ ਹੈ ਤੇ ਮੁੜ ਕੇ ਨਾ ਦੁਹਰਾਉਣ ਦਾ ਵਚਨ ਦੇਂਦਾ ਹੈ ਤਾਂ ਇੱਕ ਸਿੱਖ ਉਸ ਨੂੰ ਮੁਆਫ਼ ਕਰਨ ਲੱਗਿਆ ਬਿਲਕੁਲ ਸਮਾਂ ਨਹੀਂ ਲਾਉਂਦਾ।

ਇੱਕ ਸਿੱਖ ਦਾ ਮਾਸੂਮ ਬੰਦੇ ਨੂੰ ਮੁਆਫ਼ੀ ਦੇਣ ਦਾ ਇਖ਼ਲਾਕੀ ਗੁਣ ਉਸ ਸੋਚ ਦੀ ਤਰ੍ਹਾਂ ਨਹੀਂ ਹੈ ਜੇ ਕਰ ਕੋਈ ਤੁਹਾਨੂੰ ਥੱਪੜ ਮਾਰਦਾ ਹੈ ਤਾਂ ਤੁਹਾਨੂੰ ਆਪਣੇ ਮੂੰਹ ਦੀ ਦੂਸਰੀ ਗੱਲ੍ਹ ਵੀ ਉਸ ਵੱਲ ਕਰ ਦੇਣੀ ਚਾਹੀਦੀ ਹੈ; ਯਾਨਿ ਇਕ ਤਰ੍ਹਾਂ ਨਾਲ ਉਸ ਨੂੰ ਦੂਜੀ ਗੱਲ੍ਹ ਉੱਪਰ ਵੀ ਥੱਪੜ ਮਾਰਨ ਲਈ ਕਹਿਣਾ ਚਾਹੀਦਾ ਹੈ। ਇਹ ਗੱਲ ਕਹਿਣ ਵਾਲੇ ਦੀ ਸ਼ਾਇਦ ਇਹ ਸੋਚ ਸੀ ਕਿ ਅਜਿਹਾ ਕਰਨ ਨਾਲ ਉਹ ਬੰਦਾ ਸ਼ਰਮਿੰਦਾ ਹੋ ਜਾਵੇਗਾ। ਪਰ, ਗਾਂਧੀ ਦਾ ਸੁਝਾਉ ਬੁਜ਼ਦਿਲੀ ਦੀ ਨਿਸ਼ਾਨੀ ਹੈ। ਸਿੱਖ ਧਰਮ ਵਿਚ, ਮੁਆਫ਼ ਕਰ ਦੇਣਾ ਕਾਇਰਤਾ ਨਹੀਂ; ਇਹ ਰਹਿਮਦਿਲੀ ਤੇ ਦਇਆ ਹੈ।

ਖੰਡਾ: ਖੰਡਾ ਲਫ਼ਜ਼ ਖੰਡ ਤੋਂ ਬਣਿਆ ਹੈ ਜਿਸ ਦਾ ਮਾਅਨਾ ਹੈ: ਖੰਡ (ਟੁਕੜੇ) ਕਰ ਦੇਣਾ। ਖੰਡਾ ਦੋਹਾਂ ਪਾਸਿਆਂ 'ਤੇ ਧਾਰ ਵਾਲੀ ਤਲਵਾਰ ਹੈ। ਇਹ ਭਾਰੀ ਵੀ ਹੁੰਦੀ ਹੈ ਤੇ ਤਿੱਖੀ ਵੀ। ਇਹ ਦੁਸ਼ਮਣ ਦੇ ਜਿਸਮ ਨੂੰ ਦੋ ਟੁਕੜਿਆਂ ਵਿਚ ਵੱਢ ਦੇਂਦੀ ਹੈ। ਖੰਡਾ ਬਹੁਤ ਜ਼ਿਆਦਾ ਤਾਕਤਵਰ ਹਥਿਆਰ ਮੰਨਿਆ ਗਿਆ ਹੈ। ਅਕਾਲ ਤਖ਼ਤ ਸਾਹਿਬ ਅਤੇ ਕੁਝ ਗੁਰਦੁਆਰਿਆਂ ਵਿਚ ਕੁਝ ਖੰਡੇ ਸੰਭਾਲੇ ਪਏ ਹਨ ਜਿਨ੍ਹਾਂ ਬਾਰੇ ਦਾਅਵਾ ਕੀਤਾ ਜਾਂਦਾ ਹੈ ਕਿ ਉਹ ਗੁਰੂ ਸਾਹਿਬ ਅਤੇ ਕੁਝ ਮੁਖੀ ਸਿੱਖਾਂ ਦੇ ਹਨ। ਇਨ੍ਹਾਂ ਵਿਚੋਂ ਕੁਝ ਖੰਡੇ ਬਹੁਤ ਹੀ ਭਾਰੇ ਹਨ। ਖਾਲਸਾ ਪੰਥ ਵਿਚ ਸ਼ਾਮਲ ਕਰਨ ਵਾਸਤੇ ਪਾਹੁਲ ਖੰਡੇ ਨਾਲ ਹੀ ਤਿਆਰ ਕੀਤੀ ਜਾਂਦੀ ਹੈ। ਜਿਸ ਖੰਡੇ ਨਾਲ 1698/

99 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪਹਿਲੀ ਵਾਰੀ ਪਾਹੁਲ ਤਿਆਰ ਕੀਤੀ ਸੀ, ਉਹ ਖੰਡਾ ਅੱਜ ਕਲ੍ਹ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਿਚ ਸੰਭਾਲਿਆ ਪਿਆ ਮੰਨਿਆ ਜਾਂਦਾ ਹੈ। (ਇਹ ਖੰਡਾ ਲੰਮਾ ਜ਼ਿਆਦਾ ਹੈ, ਪਰ ਅਜ ਕੱਲ੍ਹ ਪਾਹੁਲ ਦੇਣ ਵਾਲਾ ਖੰਡਾ ਚੌੜਾਈ ਵਿਚ ਵਧੇਰੇ ਹੁੰਦਾ ਹੈ)। ਹੋਰ ਦੇਖੋ: ਖੰਡੇ ਦੀ ਪਾਹੁਲ।

ਖੰਡਾ ਨਿਸ਼ਾਨ: ਖੰਡਾ ਸਿੱਖਾਂ ਦਾ ਇੱਕ ਨਿਸ਼ਾਨ/ਚਿੰਨ੍ਹ (Insignia) ਹੈ। ਇਹ ਦੋ ਕ੍ਰਿਪਾਨਾਂ ਨਾਲ ਬਣਿਆ ਹੁੰਦਾ ਹੈ, ਜਿਨ੍ਹਾਂ ਵਿਚਕਾਰ ਇੱਕ ਦੋ-ਧਾਰਾ ਖੰਡਾ ਅਤੇ ਇਕ ਚੱਕਰ ਬਣਿਆ ਹੁੰਦਾ ਹੈ। ਇਸ ਖੰਡਾ ਨਿਸ਼ਾਨ ਨੂੰ ਗੁਰੂ ਸਾਹਿਬ ਨੇ ਨਹੀਂ ਬਣਾਇਆ ਨਹੀਂ ਸੀ। ਬ੍ਰਿਟਿਸ਼ ਸਰਕਾਰ ਨੇ ਪਹਿਲੀ ਵਾਰ ਸਿੱਖ ਰੈਜੀਮੈਂਟ ਦੇ ਸਿਪਾਹੀਆਂ ਲਈ ਉੱਨੀਵੀਂ ਸਦੀ ਦੇ ਦੂਜੇ ਅੱਧ ਤੋਂ ਮਗਰੋਂ ਇਸ ਦੀ ਵਰਤੋਂ ਕੀਤੀ ਸੀ। ਪਹਿਲਾ ਖੰਡਾ ਚਿੰਨ੍ਹ ਜੋ ਬ੍ਰਿਟਿਸ਼ ਸਰਕਾਰ ਨੇ ਤਿਆਰ ਕੀਤਾ ਸੀ, ਉਸ ਵਿੱਚ ਇਕ ਚੱਕਰ ਅਤੇ ਸਿਰਫ਼ ਇਕ ਛੋਟਾ ਖੰਡਾ ਸੀ। ਬਾਅਦ ਵਿਚ, ਇਸ ਵਿਚ ਦੋ ਹੋਰ ਕ੍ਰਿਪਾਨਾਂ (ਸ਼ਾਇਦ ਮੀਰੀ-ਪੀਰੀ ਦੀਆਂ ਸੋਚ ਕੇ) ਇਸ ਚਿੰਨ੍ਹ ਵਿੱਚ ਸ਼ਾਮਿਲ ਕਰ ਦਿੱਤੀਆਂ ਗਈਆਂ ਸਨ। ਖੰਡਾ ਚਿੰਨ੍ਹ ਬ੍ਰਿਟਿਸ਼ ਲੋਕਾਂ ਨੇ ਖ਼ੁਦ ਆਪ ਤਿਆਰ ਨਹੀਂ ਕੀਤਾ ਹੋਵੇਗਾ; ਉਨ੍ਹਾਂ ਨੇ ਯਕੀਨਨ ਉਸ ਵੇਲੇ ਦੇ ਆਲਮ ਫ਼ਾਜ਼ਲ ਸਿੱਖਾਂ ਦੀ ਸਲਾਹ ਲਈ ਹੋਵੇਗੀ।

ਸਮੇਂ ਦੇ ਬੀਤਣ ਨਾਲ, ਕਈ ਸਿੱਖ ਜਮਾਤਾਂ ਨੇ ਇਸ ਨੂੰ ਕੌਮੀ ਚਿੰਨ੍ਹ ਵਜੋਂ ਕਬੂਲ ਕਰ ਲਿਆ, ਕਿਉਂਕਿ ਇਸ ਵਿਚ ਸਿੱਖ ਕੌਮ ਦੀਆਂ ਨੁਮਾਇੰਦਾ ਚੀਜ਼ਾਂ ਸਾਮਿਲ ਸਨ। ਵੱਖ-ਵੱਖ ਵਿਦਵਾਨ ਇਸ ਖੰਡੇ ਦੇ ਤਿੰਨ ਚਿੰਨ੍ਹਾਂ ਲਈ ਵੱਖ-ਵੱਖ ਮਾਅਨੇ ਪੇਸ਼ ਕਰਦੇ ਹਨ। ਇਕ ਵਿਚਾਰ ਇਹ ਹੈ ਕਿ ਦੋ ਕ੍ਰਿਪਾਨਾਂ ਰੂਹਾਨੀਅਤ ਅਤੇ ਸਿੱਖ ਕੌਮ ਦੀ ਦੁਨਿਆਵੀ ਖ਼ੁਦਮੁਖ਼ਤਿਆਰੀ (ਮੀਰੀ-ਪੀਰੀ) ਦੀ ਨੁਮਾਇੰਦਗੀ ਕਰਦੀਆਂ ਹਨ, ਚੱਕਰ ਬ੍ਰਹਿਮੰਡ ਦੇ ਘੇਰੇ, ਯਾਨਿ ਸਾਰੀ ਲੋਕਾਈ ਦੀ ਨਿਸ਼ਾਨੀ (symbol) ਹੈ ਅਤੇ ਦੋ ਧਾਰਾ ਖੰਡਾ ਵਾਲੀ ਖੰਡੇ ਦੀ ਪਾਹੁਲ ਦੀ ਨਿਸ਼ਾਨੀ ਹੈ। ਮੀਰੀ-ਪੀਰੀ (ਦੋ ਕ੍ਰਿਪਾਨਾਂ), ਕੁਲ ਆਲਮੀਅਤ (ਚੱਕਰ) ਅਤੇ ਰੂਹਾਨੀਅਤ (ਖੰਡਾ), ਸਿੱਖਾਂ ਦੇ ਕੌਮੀ ਨਿਸ਼ਾਨ ਦੇ ਤਿੰਨ ਮੁੱਢਲੇ ਪੱਖ ਹਨ।

ਖੰਡੇ ਦੀ ਪਾਹੁਲ: ਖੰਡੇ ਦੀ ਪਾਹੁਲ ਗੁਰੂ ਗੋਬਿੰਦ ਸਿੰਘ ਸਾਹਿਬ ਨੇ 29 ਮਾਰਚ 1698 ਦੇ ਦਿਨ ਅਨੰਦਪੁਰ ਸਾਹਿਬ ਵਿਚ ਸ਼ੁਰੂ ਕੀਤੀ ਸੀ ਤੇ ਕਰੀਬ ਵੀਹ ਹਜ਼ਾਰ ਸਿੱਖਾਂ ਨੇ ਪਾਹੁਲ ਲਈ ਸੀ। 29 ਮਾਰਚ 1699 ਨੂੰ ਪਹਿਲਾ ਸਰਬਤ ਖਾਲਸਾ ਸਮਾਗਮ ਹੋਇਆ ਸੀ ਜਿਸ ਵਿਚ ਬਾਕੀ ਰਹਿੰਦੇ ਸਿੱਖਾਂ ਨੇ ਵੀ ਪਾਹੁਲ ਲੈ ਲਈ ਸੀ। ਮਗਰੋਂ 1699 ਵਧੇਰੇ ਮਸ਼ਹੂਰ ਹੋ ਗਿਆ ਤੇ ਬਹੁਤ ਸਾਰੇ ਲੇਖਕਾਂ ਨੇ ਵੀ ਖਾਲਸਾ ਪਰਗਟ ਕਰਨ ਦਾ ਦਿਨ ਇਸੇ ਸਾਲ ਨੂੰ ਹੀ ਲਿਖਣਾ ਸ਼ੁਰੂ ਕਰ ਦਿੱਤਾ (ਹਾਲਾਂ ਕਿ ਪੁਰਾਣੇ ਸੋਮੇ 1698 ਹੀ ਦਸਦੇ ਹਨ)।

ਖੰਡੇ ਦੀ ਪਾਹੁਲ ਸਿੱਖ ਪੰਥ (ਜਾਂ ਖਾਲਸਾ) ਵਿਚ ਦਾਖਲਾ ਲੈਣ ਦੀ ਰਸਮ ਹੈ। ਕੋਈ ਵੀ ਸ਼ਖ਼ਸ, ਉਹ ਕਿਸੇ ਵੀ ਉਮਰ ਦਾ ਹੋਵੇ, ਜੋ ਖੰਡੇ ਦੀ ਪਾਹੁਲ ਦੀ ਅਹਿਮੀਅਤ ਨੂੰ ਸਮਝਦਾ ਹੈ, ਉਹ ਖੰਡੇ ਦੀ ਪਾਹੁਲ ਲੈ ਸਕਦਾ ਹੈ। ਖੰਡੇ ਦੀ ਪਾਹੁਲ ਦੀ ਰਸਮ ਉਸ ਥਾਂ 'ਤੇ ਕੀਤੀ ਜਾਂਦੀ ਹੈ ਜਿੱਥੇ ਆਮ ਰਸਤਾ ਨਾ ਹੋਵੇ ਭਾਵ ਲੋਕ ਉਸ ਜਗਹ

ਤੋਂ ਨਾ ਗੁਜ਼ਰਦੇ ਹੋਣ, ਜਿਥੇ ਧਿਆਨ ਹੋਰ ਪਾਸੇ ਨਾ ਜਾਵੇ ਤੇ ਕੋਈ ਰੋਕ-ਟੋਕ ਨਾ ਹੋਵੇ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਉਸ ਥਾਂ 'ਤੇ ਪੂਰੇ ਅਦਬ ਨਾਲ ਕੀਤਾ ਗਿਆ ਹੋਣਾ ਚਾਹੀਦਾ ਹੈ। ਖੰਡੇ ਦੀ ਪਾਹੁਲ ਪੰਜ ਪਿਆਰਿਆਂ ਵੱਲੋਂ ਦਿੱਤੀ ਜਾਂਦੀ ਹੈ। ਇਸ ਦੌਰਾਨ ਉਹ **ਬੀਰ-ਆਸਣ** ਲਾ ਕੇ ਪਾਠ ਕਰਦੇ ਹਨ (*ਬੀਰ ਆਸਣ, ਜੰਗ ਲਈ ਤਿਆਰੀ ਦਾ ਢੰਗ ਹੈ। ਉਨ੍ਹਾਂ ਦਿਨਾਂ ਵਿਚ ਹਮਲੇ ਦੀ ਸੂਰਤ ਵਿਚ ਇਕ ਦਮ ਜੂਝਣਾ ਵੀ ਪੈ ਸਕਦਾ ਸੀ*)। ਪਾਹੁਲ ਲੈਣ ਦਾ ਚਾਹਵਾਨ ਹਰੇਕ ਸਿੱਖ ਪੰਜਾਂ ਪਿਆਰਿਆਂ ਕੋਲ ਆਉਂਦਾ ਹੈ, ਬੀਰ ਆਸਣ ਵਿਚ ਬੈਠ ਕੇ, ਆਪਣੇ ਦੋਹਾਂ ਹੱਥਾਂ ਨੂੰ ਬੁੱਕ ਬਣਾ ਕੇ, ਪਾਹੁਲ ਲੈਂਦਾ ਅਤੇ ਪੀਂਦਾ ਹੈ। ਜਦ ਸਾਰੇ ਜਣੇ ਪਾਹੁਲ ਛਕ ਲੈਂਦੇ ਹਨ ਤਾਂ 'ਪੰਜ ਪਿਆਰੇ', ਬਚੀ ਹੋਈ ਪਾਹੁਲ ਦੀਆਂ ਚੂਲੀਆਂ ਹਰੇਕ ਨੂੰ ਦੁਬਾਰਾ ਪਿਆਉਂਦੇ ਹਨ ਤੇ ਜਦ ਤਕ ਇਹ ਖਤਮ ਨਹੀਂ ਹੋ ਜਾਂਦਾ ਇਹ ਸਿਲਸਿਲਾ ਜਾਰੀ ਰਹਿੰਦਾ ਹੈ। ਇਸ ਤੋਂ ਬਾਅਦ ਪਾਹੁਲ ਲੈ ਚੁਕਿਆ ਹਰੇਕ ਸਿੱਖ ਮੰਗਲਾਚਰਣ (ੴ ਤੋਂ ਗੁਰਪ੍ਰਸਾਦਿ ਤਕ) ਦਾ ਜਾਪ ਕਰਦਾ ਹੈ। ਅਖੀਰ ਵਿਚ ਪੰਜ ਪਿਆਰੇ ਰਹਿਤਾਂ ਅਤੇ ਕੁਰਹਿਤਾਂ ਬਾਰੇ ਦੱਸਦੇ ਹਨ। ਬਾਅਦ ਵਿਚ ਅਰਦਾਸਿ ਕੀਤੀ ਜਾਂਦੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲੈਣ ਤੋਂ ਬਾਅਦ ਇਹ ਰਸਮ ਪੂਰੀ ਹੋ ਜਾਂਦੀ ਹੈ ਅਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਂਦਾ ਹੈ। ਹੋਰ ਵੇਖੋ: **ਰਹਿਤ ਤੇ ਕੁਰਹਿਤ, ਸਿੱਖ ਰਹਿਤਾਂ, ਖੰਡਾ, ਕਕਾਰ**।

ਗਣੇਸ਼/ ਸ੍ਰੀ ਗਣੇਸ਼: ਹਿੰਦੂ ਧਰਮ ਵਿਚ, ਇਸ ਅੱਧੇ ਇਨਸਾਨੀ ਤੇ ਅੱਧੇ ਹਾਥੀ ਦੇ ਸਰੀਰ ਵਾਲੇ ਮਸਨੂਹੀ (ਕਾਲਪਨਿਕ) ਜੀਵ ਨੂੰ ਦੇਵਤਾ ਮੰਨਿਆ ਜਾਂਦਾ ਹੈ (ਅਜਿਹੇ ਅਰਧ ਜਾਨਵਰ ਅਖੌਤੀ ਦੇਵਤੇ ਹਿੰਦੂਆਂ ਵਿਚ ਹੋਰ ਵੀ ਕਈ ਹਨ)। ਹਿੰਦੂ ਕਿਸੇ ਵੀ ਕੰਮ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਇਸ ਦੀ ਪੂਜਾ ਕਰਦੇ ਹਨ। ਸਿੱਖ ਧਰਮ ਵਿਚ ਕਿਸੇ ਵੀ ਦੇਵੀ-ਦੇਵਤੇ ਦੀ ਪੂਜਾ ਦੀ ਇਜਾਜ਼ਤ ਨਹੀਂ ਹੈ। ਇਹ ਗੁਨਾਹ ਹੈ ਕਿਉਂਕਿ ਸਿੱਖ ਸਿਰਫ਼ ਵਾਹਿਗੁਰੂ ਦੀ ਹੀ ਪੂਜਾ ਕਰ ਸਕਦਾ ਹੈ। ਜੇ ਕੋਈ ਸਿੱਖ ਗਣੇਸ਼ ਦੀ ਪੂਜਾ ਬਾਰੇ ਸੋਚਦਾ ਹੈ ਜਾਂ ਉਸ ਦੀ ਤਸਵੀਰ/ਬੁੱਤ ਆਪਣੇ ਘਰ ਵਿਚ ਰੱਖਦਾ ਹੈ ਉਹ ਦੰਭੀ ਹੈ ਅਤੇ ਵੱਡਾ ਤਨਖਾਹੀਆ ਹੁੰਦਾ ਹੈ। ਦਰਅਸਲ ਅਜਿਹੇ ਬੰਦੇ ਨੂੰ 'ਸਿੱਖ' ਮੰਨਣਾ ਹੀ ਗ਼ਲਤ ਹੈ। ਹਿੰਦੂ ਤਾਂ ਕਿਸੇ ਵੀ ਕੰਮ ਨੂੰ ਸ਼ੁਰੂ ਕਰਨ ਨੂੰ ਸ਼ੁਰੂ ਕਰਨ ਨੂੰ ਵੀ 'ਸ੍ਰੀ ਗਣੇਸ਼' ਕਰਨਾ ਕਹਿੰਦੇ ਹਨ। ਜੇ ਇਕ ਸਿੱਖ ਇਸ ਲਫ਼ਜ਼ ਦੀ ਵਰਤੋਂ ਕਰਦਾ ਹੈ ਤਾਂ ਉਹ ਗੁਰੂ ਵੱਲ ਪਿੱਠ ਕਰਦਾ ਹੈ।

ਗਰਭਪਾਤ: ਗਰਭਪਾਤ ਦਾ ਮਾਅਨਾ ਹੈ: ਬੱਚੇ ਦੇ ਜਨਮ ਹੋਣ ਤੋਂ ਪਹਿਲਾਂ (ਮਾਂ ਦੇ ਪੇਟ ਵਿਚੋਂ ਬਾਹਰ ਆਉਣ ਤੋਂ ਪਹਿਲਾਂ) ਉਸ ਨੂੰ ਮਾਰ ਦੇਣਾ। ਆਮ ਤੌਰ ਤੇ ਇਹ ਬੱਚੇ ਦੇ ਲਿੰਗ ਦੀ ਚੋਣ ਕਰਨ ਲਈ ਜਾਂ ਟੱਬਰ ਛੋਟਾ ਰੱਖਣ ਵਾਸਤੇ ਜਾਂ ਰੇਪ ਕਾਰਨ ਹੋਏ ਗਰਭ ਦੀ ਹਾਲਤ ਵਿੱਚ ਕੀਤਾ ਜਾਂਦਾ ਹੈ। ਸਿੱਖ ਧਰਮ ਸੰਜਮ ਰਾਹੀਂ ਆਪਣੇ ਆਪ ਉੱਤੇ ਕਾਬੂ ਰੱਖਣ ਦੀ ਹਿਮਾਇਤ ਕਰਦਾ ਹੈ, ਪਰ ਬੱਚੇਦਾਨੀ ਵਿੱਚ ਬੱਚੇ ਨੂੰ ਮਾਰਨਾ ਸਿੱਖ ਫ਼ਲਸਫ਼ੇ ਦੇ ਖ਼ਿਲਾਫ਼ ਹੈ। ਅਸਲ ਵਿਚ ਇਹ ਰੱਬ ਦਾ ਹੁਕਮ ਮੰਨਣ ਤੋਂ ਇਨਕਾਰ ਕਰਨਾ ਹੈ। ਅਜ ਕਲ੍ਹ ਪੇਟ ਵਿਚਲੀਆਂ ਕੁੜੀਆਂ ਨੂੰ ਮਾਰਨ ਵਾਸਤੇ ਇਸ ਦੀ ਬੜੀ ਵਰਤੋਂ ਹੋ ਰਹੀ ਹੈ। ਹੋਰ ਦੇਖੋ: **ਕੁੜੀ ਮਾਰ, ਫ਼ੈਮਲੀ ਪਲਾਨਿੰਗ**।

ਗਾਇਤ੍ਰੀ: ਇਹ ਹਿੰਦੂਆਂ ਦਾ ਇਕ 'ਮੰਤਰ' ਹੈ। ਸਿਰਫ਼ ਉੱਚ-ਜਾਤੀ ਹਿੰਦੂ ਨੂੰ ਹੀ ਇਹ ਮੰਤਰ ਪੜ੍ਹਨ ਦਾ ਹੱਕ ਹੈ। ਗਾਇਤ੍ਰੀ ਇਕ ਮਿਥਿਹਾਸਕ ਲੰਗੜੀ ਗਾਂ ਦਾ ਨਾਂ ਹੈ, ਜਿਸ ਨੂੰ ਇਹ ਮੰਤਰ ਮੁਖ਼ਾਤਿਬ ਕੀਤਾ ਜਾਂਦਾ ਹੈ ਤੇ ਆਸ ਕੀਤੀ ਜਾਂਦੀ ਹੈ ਕਿ ਉਹ (ਲੰਗੜੀ) ਗਾਂ ਮੰਤਰ ਸੁਣ ਕੇ ਉਸ ਦੀ ਮਦਦ ਕਰੇਗੀ (ਉਂਞ ਉਹ ਆਪਣਾ ਲੰਗੜਾਪਣ ਤਾਂ ਦੂਰ ਨਹੀਂ ਕਰ ਸਕਦੀ)। ਭਾਵੇਂ ਕਈ ਹਿੰਦੂ ਇਸ ਮੰਤਰ ਨੂੰ ਪੜ੍ਹਨ ਦਾ ਦੰਭ ਕਰਦੇ ਹਨ ਪਰ ਸ਼ਹਿਰਾਂ ਵਿਚ ਖ਼ਾਸ ਕਰ ਕੇ ਤੇ ਪਿੰਡਾਂ ਵਿਚ ਵੀ, ਜਦ ਗਾਂ ਦੁੱਧ ਦੇਣੋਂ ਹਟ ਜਾਵੇ ਤਾਂ ਉਸ ਨੂੰ ਜੰਗਲ ਜਾਂ ਉਜਾੜ ਵਿਚ ਛੱਡ ਆਉਂਦੇ ਹਨ। ਇਸ 'ਲੰਗੜੀ' ਗਾਂ ਨੂੰ ਭਗਤ ਨਾਮਦੇਵ ਇੰਞ ਪੇਸ਼ ਕਰਦੇ ਹਨ:

ਆਜੁ ਨਾਮੇ ਬੀਠਲੁ ਦੇਖਿਆ, ਮੂਰਖ ਕੋ ਸਮਝਾਊ ਰੇ॥ ਪਾਂਡੇ ਤੁਮਰੀ ਗਾਇਤ੍ਰੀ, ਲੋਧੇ ਕਾ ਖੇਤੁ ਖਾਤੀ ਥੀ॥ ਲੈ ਕਰਿ ਠੇਗਾ ਟਗਰੀ ਤੋਰੀ, ਲਾਂਗਤ ਲਾਂਗਤ ਜਾਤੀ ਥੀ॥

(ਸਫ਼ਾ 874)

ਗਾਂ: ਗਾਂ, ਹਿੰਦੂ ਧਰਮ ਵਿਚ, ਹੁਣ, ਬਹੁਤ ਪਵਿੱਤਰ ਮੰਨੀ ਜਾਂਦੀ ਹੈ। ਕੁਝ ਸੋਮਿਆਂ ਮੁਤਾਬਿਕ, ਹਿੰਦੂਆਂ ਨੇ ਗਾਂ ਦੀ ਪੂਜਾ ਜੈਨੀਆਂ ਵੱਲ ਵੇਖ ਕੇ ਕਰਨੀ ਸ਼ੁਰੂ ਕੀਤੀ ਹੈ। ਪਹਿਲਾਂ ਤਾਂ ਹਿੰਦੂ ਗਾਂ ਦੀ ਬਲੀ ਦਿਆ ਕਰਦੇ ਸਨ ਤੇ ਗੋਮੇਧ ਯੱਗ ਕਰਿਆ ਕਰਦੇ ਸਨ ਅਤੇ ਇਸ ਦਾ ਮਾਸ ਵੀ ਖਾਂਦੇ ਸਨ। ਹੁਣ ਵੀ ਬਹੁਤ ਸਾਰੇ ਹਿੰਦੂ ਜੋ ਕਿ ਵਿਦੇਸ਼ਾਂ ਵਿਚ ਰਹਿੰਦੇ ਹਨ, ਉਹ ਗਾਂ ਦਾ ਮਾਸ ਬਰਗਰ ਅਤੇ ਪਿਤਸੇ (ਪੀਜ਼ਾ) ਵਿਚ ਖਾਂਦੇ ਹਨ। ਸਿੱਖ ਧਰਮ ਵਿਚ ਗਾਂ ਦੀ ਕੋਈ ਪਵਿੱਤਰਤਾ ਨਹੀਂ ਸਮਝੀ ਜਾਂਦੀ। ਉਹ ਸਿੱਖ, ਜੋ ਮਾਸ ਖਾਂਦਾ ਹੈ, ਉਸ ਦੇ ਲਈ ਗਾਂ ਦਾ ਮਾਸ ਖਾਣ ਦੀ ਕੋਈ ਪਾਬੰਦੀ ਨਹੀਂ ਹੈ। ਉਂਞ ਸਾਰਿਆਂ ਨੂੰ ਇਕ ਦੂਜੇ ਦੇ ਧਰਮ ਤੇ ਜਜ਼ਬਾਤ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਇਕ ਦੂਜੇ/ ਹੋਰਨਾਂ ਦੇ ਅਕੀਦੇ/ਰਸਮਾਂ/ਧਾਰਮਿਕ ਥਾਂਵਾਂ ਦੀ ਬੇਅਦਬੀ ਨਹੀਂ ਕਰਨੀ ਚਾਹੀਦੀ; ਇਸ ਕਰ ਕੇ ਭਾਰਤ ਵਿਚ ਗਾਂ ਨੂੰ ਖੁੱਲੇਆਮ ਨਹੀਂ ਮਾਰਨਾ ਚਾਹੀਦਾ। ਹੋਰ ਦੇਖੋ: **ਅਸ਼ਵਮੇਧ, ਗਾਇਤ੍ਰੀ**।

ਗਿਆਨ: ਇਸ ਦਾ ਲਫ਼ਜ਼ੀ ਮਾਅਨਾ ਹੈ: ਜਾਨਣਾ, ਇਲਮ/ਗਿਆਨ, ਸਿਰਫ਼ ਦਿਮਾਗੀ ਕਸਰਤ ਜਾਂ ਪੜ੍ਹਾਈ ਨਹੀਂ ਹੈ; ਇਸ ਦਾ ਮਤਲਬ ਹੈ: ਇਨਸਾਨ ਦੇ ਅੰਦਰ (ਰੂਹਾਨੀ) ਚਾਨਣ ਪੈਦਾ ਹੋਣਾ। ਹਰੇਕ ਸ਼ਖ਼ਸ ਨੂੰ ਰੱਬ ਦੀਆਂ ਰਮਜ਼ਾਂ, ਉਸ ਦੀ ਕੁਦਰਤ, ਬ੍ਰਹਿਮੰਡ, ਇਨਸਾਨੀ ਹੋਂਦ, ਸਿਰਜਣਾ ਦਾ ਮਕਸਦ, ਇਨਸਾਨ ਦਾ ਦੁਨੀਆਂ ਵਿਚ ਰੋਲ ਵਗ਼ੈਰਾ ਬਾਰੇ ਜਾਣਨਾ ਚਾਹੀਦਾ ਹੈ। ਬੰਦਾ ਅਨੇਕਾਂ ਕਿਤਾਬਾਂ ਪੜ੍ਹ ਸਕਦਾ ਹੈ ਅਤੇ ਕਿਤਾਬੀ ਜਾਣਕਾਰੀ ਹਾਸਿਲ ਕਰ ਸਕਦਾ ਹੈ। ਪਰ, ਅੰਦਰਲਾ ਗਿਆਨ ਅਤੇ ਅਲਾਹੀ (ਇਲਾਹੀ) ਇਲਮ ਸਿਰਫ਼ ਸ਼ਬਦ ਵਿਚ ਧਿਆਨ ਜੋੜ ਕੇ ਅਤੇ ਰੱਬ ਦੀ ਮਿਹਰ ਨਾਲ ਹੀ ਹਾਸਿਲ ਹੋ ਸਕਦਾ ਹੈ। ਹਉਮੈ ਗਿਆਨ ਦੇ ਰਸਤੇ ਵਿਚ ਰੁਕਾਵਟ ਹੈ। ਗਿਆਨ ਹਾਸਿਲ ਕਰਨ ਵਾਸਤੇ ਇਨਸਾਨ ਨੂੰ ਪਹਿਲਾਂ ਆਪਣੀ ਹਉਮੈ ਨੂੰ ਖ਼ਤਮ ਕਰਨਾ ਪੈਂਦਾ ਹੈ।

ਗਿਆਨ ਅੰਜਨ: ਅੰਜਨ ਦਾ ਲਫ਼ਜ਼ੀ ਮਾਅਨਾ ਹੈ: ਕਾਲਖ; ਪਰ ਗਿਆਨ ਅੰਜਨ ਵਿਚ ਅੰਜਨ ਦਾ ਮਾਅਨਾ ਹੈ: ਸੁਰਮਾ (ਉਹ ਵੀ ਕਾਲਾ ਹੁੰਦਾ ਹੈ), ਜੋ ਸਾਊਥ ਏਸ਼ੀਆ ਵਿਚ (ਆਮ ਤੌਰ ਤੇ ਔਰਤਾਂ ਦੁਆਰਾ) ਅੱਖਾਂ ਦੀ ਸਜਾਵਟ/ਬਣਤਰ ਵਾਸਤੇ

ਵਰਤਿਆ ਜਾਂਦਾ ਹੈ। ਪਹਿਲਾਂ ਇਹ ਵੀ ਭਰਮ ਸੀ ਕਿ ਇਹ ਅੱਖਾਂ ਦੀ ਰੌਸ਼ਨੀ/ਤਾਕਤ ਨੂੰ ਵਧਾਉਂਦਾ ਹੈ। 'ਗਿਆਨ ਅੰਜਨ', ਗਿਆਨ ਦਾ ਚਾਨਣ ਨੂੰ ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ ਇਸ ਦੀ ਵਰਤੋਂ ਇਲਾਹੀ/ਰੱਬੀ ਗਿਆਨ ਦੇ ਚਾਨਣ ਵਾਸਤੇ ਕੀਤੀ ਗਈ ਹੈ।

ਇਨ ਬਿਧਿ ਰਾਮ ਰਮਤ ਮਨੁ ਮਾਨਿਆ॥
ਗਿਆਨ ਅੰਜਨੁ *ਗੁਰ ਸਬਦਿ ਪਛਾਨਿਆ॥ (ਸਫ਼ਾ 221)*

ਗਿਆਨ ਅੰਜਨੁ *ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥*
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ (ਸਫ਼ਾ 293)

ਸਦਾ ਸਦਾ ਸਤਿਗੁਰ ਨਮਸਕਾਰ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ॥
ਮਨ ਭੀਤਰਿ ਹੋਵੈ ਪਰਗਾਸੁ॥ ***ਗਿਆਨ ਅੰਜਨੁ*** *ਅਗਿਆਨ ਬਿਨਾਸੁ॥ (ਸਫ਼ਾ 1235)*

ਗਿਆਨੀ: ਗਿਆਨੀ ਉਹ ਹੈ ਜਿਸ ਨੂੰ ਗਿਆਨ (ਰੂਹਾਨੀ ਜਾਣਕਾਰੀ) ਹੋਵੇ। ਸਿੱਖ ਫ਼ਲਸਫ਼ੇ ਵਿਚ ਇਹ ਲਫ਼ਜ਼ ਉਸ ਇਨਸਾਨ ਵਾਸਤੇ ਵਰਤਿਆ ਜਾਂਦਾ ਹੈ ਜਿਸ ਨੂੰ ਸਿੱਖ ਧਰਮ, ਗੁਰਬਾਣੀ ਤੇ ਤਵਾਰੀਖ਼ ਬਾਰੇ ਚੋਖੀ ਜਾਣਕਾਰੀ ਹੋਵੇ। ਕਈ ਵਾਰ ਗੁਰਦੁਆਰੇ ਦੇ ਗ੍ਰੰਥੀ (ਜੋ ਸੇਵਾ ਕਰਦਾ ਹੈ), ਨੂੰ ਵੀ ਗਿਆਨੀ ਕਿਹਾ ਜਾਂਦਾ ਹੈ।

ਗਿਆਨੀਆਂ ਦੀ ਇੰਸਟੀਚਿਊਸ਼ਨ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਿਨਾਂ ਤੋਂ ਚਲੀ ਆ ਰਹੀ ਕਹੀ ਜਾਂਦੀ ਹੈ। ਭਾਵੇਂ ਬਾਬਾ ਬੁੱਢਾ ਤੇ ਭਾਈ ਗੁਰਦਾਸ ਸਿੱਖ ਤਵਾਰੀਖ਼ ਤੇ ਫ਼ਲਸਫ਼ੇ ਦੇ ਵਿਦਵਾਨ ਤੇ ਕਥਾਕਾਰ ਸਨ ਪਰ ਭਾਈ ਮਨੀ ਸਿੰਘ ਸ਼ਾਇਦ ਪਹਿਲੇ ਮਸ਼ਹੂਰ 'ਗਿਆਨੀ' ਸਨ (ਉਂਞ ਉਨ੍ਹਾਂ ਨੂੰ ਵੀ ਹਰ ਥਾਂ 'ਭਾਈ' ਹੀ ਲਿਖਿਆ ਗਿਆ ਹੈ)। ਸਿੱਖ ਆਗੂਆਂ ਵਾਸਤੇ 'ਗਿਆਨੀ' ਲਫ਼ਜ਼ ਸਭ ਤੋਂ ਪਹਿਲਾਂ ਸ਼ਾਇਦ ਗਿਆਨੀ ਭਗਵਾਨ ਸਿੰਘ (ਜੋ ਜੱਸਾ ਸਿੰਘ ਰਾਮਗੜ੍ਹੀਆ ਦੇ ਪਿਤਾ ਸਨ) ਦੇ ਨਾਂ ਨਾਲ ਵਰਤਿਆ ਗਿਆ ਸੀ। ਇਹ ਲਫ਼ਜ਼ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਸਿੱਖ ਕਲਚਰ ਦਾ ਹਿੱਸਾ ਬਣ ਗਿਆ ਸੀ। ਦਰਬਾਰ ਸਾਹਿਬ ਦੇ ਗ੍ਰੰਥੀ ਸੰਤ ਸਿੰਘ ਦੇ ਵੇਲੇ ਤੋਂ 'ਗਿਆਨੀ' ਲਫ਼ਜ਼ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀਆਂ ਵਾਸਤੇ ਆਮ ਵਰਤਿਆ ਜਾਂਦਾ ਸੀ। ਹੌਲੀ-ਹੌਲੀ ਗਿਆਨੀ ਇਕ ਅਹੁਦਾ/ਹੈਸੀਅਤ ਬਣ ਗਈ ਤੇ ਇਹ ਸਿਰਫ਼ ਉਨ੍ਹਾਂ ਵਾਸਤੇ ਹੀ ਵਰਤੀ ਜਾਣ ਲਗ ਪਈ ਜੋ ਧਾਰਮਿਕ ਗ੍ਰੰਥਾਂ ਦੀ ਬਹੁਤ ਜ਼ਿਆਦਾ ਜਾਣਕਾਰੀ ਰਖਦੇ ਹੁੰਦੇ ਸਨ। ਇਹ ਲੱਫ਼ਾਜ਼ੀ ਸਿਆਸੀ ਸ਼ਖ਼ਸੀਅਤਾਂ ਤੇ ਵਿਦਵਾਨਾਂ ਦੇ ਨਾਂ ਨਾਲ ਵੀ ਵਰਤੀ ਜਾਂਦੀ ਰਹੀ ਹੈ (ਗਿਆਨੀ ਸ਼ੇਰ ਸਿੰਘ, ਗਿ: ਲਾਲ ਸਿੰਘ, ਗਿਆਨੀ ਕਰਤਾਰ ਸਿੰਘ ਵਗ਼ੈਰਾ)। ਅੰਗ੍ਰੇਜ਼ੀ ਸਕੂਲ ਸਿਸਟਮ ਅਪਣਾਉਣ ਤੋਂ ਪਹਿਲਾਂ ਇਹ ਗਿਆਨੀ ਤੇ ਗ੍ਰੰਥੀ ਹੀ ਸਨ, ਜੋ ਸਾਹਿਤ ਤੇ ਧਾਰਮਿਕ ਗ੍ਰੰਥ ਪੜ੍ਹਾਉਂਦੇ ਸਨ। ਗਿਆਨੀ ਇਕ ਪੰਜਾਬੀ ਸਾਹਿਤ ਦਾ ਇੱਕ ਡਿਪਲੋਮਾ ਵੀ ਹੈ ਜੋ 14ਵੀਂ ਜਮਾਤ ਦੀ ਪੰਜਾਬੀ ਦੇ ਦਰਜੇ (B. A. Honours level) ਦੇ ਬਰਾਬਰ ਹੈ ।

ਗਿਆਨੀ ਸਕੂਲ: ਪਿਛਲੇ ਕੁਝ ਸਮੇਂ ਤੋਂ ਇਹ ਨਾਂ ਗੁਰੂ ਗ੍ਰੰਥ ਸਾਹਿਬ ਤੇ ਸਿੱਖ ਤਵਾਰੀਖ਼ ਦੀ ਵਿਆਖਿਆ ਸਿਖਾਉਣ ਵਾਲਿਆਂ ਨੂੰ ਦਿੱਤਾ ਜਾਣ ਲਗ ਪਿਆ ਹੈ। ਉਂਞ ਇਹ ਕੋਈ ਰਸਮੀ ਜਮਾਤ (ਇੰਸਟੀਚਿਊਸ਼ਨ) ਨਹੀਂ ਹੈ। 1977 ਤੋਂ ਮਗਰੋਂ

ਭੂਤ (ਭੂਤ ਦਾ ਲਫ਼ਜ਼ੀ ਮਾਅਨਾ ਵੀ 'ਬੀਤ ਚੁਕਿਆ', ਯਾਨਿ ਮਰ ਚੁਕਿਆ ਹੈ) ਅਤੇ ਰਾਖ਼ਸ਼ ਦੇ ਵਜੂਦ ਨੂੰ ਮੰਨਿਆ ਗਿਆ ਹੈ। ਪਰ ਸਿੱਖ ਧਰਮ ਇਨ੍ਹਾਂ ਦੀ ਹੋਂਦ ਨੂੰ ਨਹੀਂ ਮੰਨਦਾ ਹੈ। ਸਿੱਖ ਧਰਮ ਦੇ ਮੁਤਾਬਿਕ, ਇਹ ਸਿਰਫ਼ ਮਨ ਦੇ ਵਹਿਮ ਹਨ। ਗੁਰੂ ਗ੍ਰੰਥ ਸਾਹਿਬ ਵਿਚ ਪਰੇਤਾਂ ਅਤ ਰਾਖ਼ਸ਼ਾਂ ਬਾਰੇ ਅਨੇਕਾਂ ਇਸ਼ਾਰੇ ਹਨ ਪਰ ਇਹ ਸਭ ਅਲੰਕਾਰਿਕ (ਲੋਕ ਜਾਣਕਾਰੀ ਦੇ ਹਵਾਲੇ ਨੂੰ ਵਰਤਣ ਵਾਸਤੇ) ਹਨ ਨਾ ਕਿ ਸਿੱਖ ਫ਼ਲਸਫ਼ੇ ਦੀ ਪੇਸ਼ਕਾਰੀ ਹਨ। ਸਿੱਖ ਫ਼ਲਸਫ਼ੇ ਮੁਤਾਬਿਕ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹੀ ਪ੍ਰੇਤ ਹਨ।

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥ ਏਹ ਜਮ ਕੀ ਸਿਰਕਾਰ ਹੈ ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ॥ (ਸਫ਼ਾ 513)

ਇਸੇ ਤਰ੍ਹਾਂ ਜੋ ਲੋਕ ਰੱਬ ਦੇ ਨਾਂ ਵਿਚ ਆਪਣਾ ਧਿਆਨ ਨਹੀਂ ਜੋੜਦੇ ਅਤੇ ਉਸ ਨੂੰ ਭੁੱਲ ਜਾਂਦੇ ਹਨ/ਵਿਸਾਰ ਦੇਂਦੇ ਹਨ, ਉਹ ਵੀ ਪ੍ਰੇਤ ਹਨ।

ਜਿਸੁ ਬਿਸਰਤ ਤਨੁ ਭਸਮ ਹੋਇ ਕਹਤੇ ਸਭਿ ਪ੍ਰੇਤੁ॥ ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ ਜਿਨ ਸਿਉ ਸੋਈ ਹੇਤੁ॥ (ਸਫ਼ਾ 706)

ਹਿੰਦੂ, ਈਸਾਈ ਅਤੇ ਇਸਲਾਮ ਧਰਮ ਵਿਚ ਭੂਤ, ਪ੍ਰੇਤ ਤੇ ਸ਼ੈਤਾਨ ਦਾ ਵਜੂਦ ਮੰਨਣ ਦਾ ਮਤਲਬ, ਰੱਬ ਦੀ ਹਸਤੀ ਨੂੰ ਪੂਰੀ ਤਰ੍ਹਾਂ ਨਾ ਮੰਨਣਾ ਹੈ। ਧਾਰਮਿਕ ਫ਼ਲਸਫ਼ੇ ਮੁਤਾਬਿਕ, ਰੱਬ ਸਾਰੀਆਂ ਤਾਕਤਾਂ ਦਾ ਮਾਲਿਕ ਹੈ ਤੇ ਇਹ ਰੱਬ ਹੀ ਹੈ ਜੋ ਜੀਵਾਂ ਨੂੰ ਅਖੌਤੀ ਸਵਰਗ ਜਾਂ ਨਰਕ ਵਿਚ ਭੇਜਦਾ ਹੈ। ਕਿਉਂਕਿ ਅਖੌਤੀ ਪ੍ਰੇਤ ਉਹ ਹਨ ਜੋ ਨਰਕ ਜਾਂ ਸਵਰਗ ਵਿਚ ਨਹੀਂ ਭੇਜੇ ਗਏ ਜਾਂ ਭੇਜੇ ਨਹੀਂ ਜਾ ਸਕੇ। ਇਸ ਨੁਕਤੇ ਦਾ ਮਤਲਬ ਇਹ ਹੈ ਕਿ ਰੱਬ ਇਹ ਫ਼ੈਸਲਾ ਨਹੀਂ ਸੀ ਕਰ ਸਕਿਆ ਕਿ ਇਨ੍ਹਾਂ ਨੂੰ ਉਹ ਕਿੱਥੇ ਭੇਜੇ (ਨਰਕ ਜਾਂ ਸਵਰਗ ਵਿਚ); ਤੇ ਜਾਂ ਫਿਰ ਇਸ ਦਾ ਮਤਲਬ ਇਹ ਵੀ ਨਿਕਲਦਾ ਹੈ ਕਿ ਰੱਬ ਕੋਲ ਵੀ ਸਹੀ ਫ਼ੈਸਲਾ ਕਰਨ ਦੀ ਪੂਰੀ ਤਾਕਤ ਨਹੀਂ ਹੈ।

ਪ੍ਰੇਮ ਸੁਮਾਰਗ: ਇਹ ਕਿਤਾਬ ਕੁਝ ਰਹਿਤਨਾਮਿਆਂ ਬਾਰੇ ਦਸਦੀ ਹੈ। ਅਜਿਹਾ ਜਾਪਦਾ ਹੈ ਕਿ ਇਹ ਕਿਤਾਬ ਕਿਸੇ ਅਣਜਾਣ ਲਿਖਾਰੀ ਦੀ ਲਿਖੀ ਹੋਈ ਹੈ ਜਾਂ ਇਸ ਦਾ ਲੇਖਕ ਕੋਈ ਬ੍ਰਾਹਮਣੀ ਸੋਚ ਦਾ ਬੰਦਾ ਹੈ ਜੋ ਸਿੱਖ ਫ਼ਲਸਫ਼ੇ ਨੂੰ ਗ਼ਲਤ ਰੰਗ ਦੇ ਕੇ, ਇਸ ਵਿਚ ਬਿਪਰਨ (ਬ੍ਰਾਹਮਣੀ) ਕਰਮ-ਕਾਂਡ ਮਿਲਾ ਕੇ, ਸਿੱਖੀ ਨੂੰ ਬ੍ਰਾਹਮਣਵਾਦੀ ਬਣਾਉਣਾ ਚਾਹੁੰਦਾ ਹੈ ਕਿਉਂਕਿ ਇਸ ਵਿਚ ਬਹੁਤ ਸਾਰੀਆਂ ਗੱਲਾਂ ਸਿੱਖ ਫ਼ਲਸਫ਼ੇ ਦੇ ਉਲਟ ਹਨ। ਇਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਜੋੜਨਾ ਗ਼ਲਤ ਹੀ ਨਹੀਂ ਜ਼ਿਆਦਤੀ ਵੀ ਹੈ। ਬਹੁਤੇ ਵਿਦਵਾਨਾਂ ਮੁਤਾਬਿਕ, ਇਹ ਕਿਤਾਬ ਪਟਨਾ ਸਾਹਿਬ ਦੇ ਸੁਮੇਰ ਸਿੰਘ ਦੀ ਲਿਖੀ ਹੋਈ ਹੈ।

ਪ੍ਰੈੱਸ, ਸਿੱਖਾਂ ਦੀ: ਕਿਸੇ ਅਖ਼ਬਾਰ, ਮੀਡੀਆ ਜਾਂ ਅਜਿਹੀ ਏਜੰਸੀ ਨੂੰ 'ਸਿੱਖ-ਪ੍ਰੈਸ' ਨਹੀਂ ਕਿਹਾ ਜਾ ਸਕਦਾ। ਦਰਅਸਲ, ਸਿੱਖ ਕਦੇ ਵੀ ਆਪਣੀ ਅਖ਼ਬਾਰ ਨੂੰ ਕਾਇਮ/ਜਾਰੀ ਰੱਖਣ ਦੇ ਕਾਬਿਲ ਨਹੀਂ ਹੋਏ। 1947 ਤੋਂ ਪਹਿਲਾਂ ਸਿੱਖਾਂ ਨੇ ਖ਼ਾਲਸਾ, ਖ਼ਾਲਸਾ ਸਮਾਚਾਰ, ਖ਼ਾਲਸਾ ਐਡਵੋਕੇਟ ਅਤੇ ਦਾ ਨੇਸ਼ਨ (Nation) ਅਖ਼ਬਾਰਾਂ ਸ਼ੁਰੂ ਕੀਤੀਆਂ ਸਨ। ਇਨ੍ਹਾਂ ਵਿਚੋਂ ਬਹੁਤੀਆਂ ਅਖ਼ਬਾਰਾਂ ਥੋੜ੍ਹਾ ਜਿਹਾ ਚਿਰ ਚਲ ਕੇ ਫਿਰ

ਹਰਨਾਮ ਸਿੰਘ ਧੁੰਮਾ ਤੇ ਦੂਜੇ ਦਾ ਮੁਖੀ ਰਾਮ ਸਿੰਘ ਬਣਿਆ। ਯਾਨਿ ਹੁਣ ਸਿਰਫ਼ ਇਕ ਇਸ ਗਰੁਪ ਦੇ ਹੀ ਤਿੰਨ ਮੁੱਖ ਹਿੱਸੇ ਹਨ: ਮੋਹਨ ਸਿੰਘ, ਹਰਨਾਮ ਸਿੰਘ ਤੇ ਰਾਮ ਸਿੰਘ। ਉਂਞ ਇਕ ਦੋ ਹੋਰ ਵੀ ਆਪਣੇ ਆਪ ਨੂੰ ਇਸ ਧੜੇ ਦਾ ਮੁਖੀ ਦਸਦੇ ਹਨ।

(ਅ) ਉਪਰਲੇ ਦੂਜੇ ਜੱਥੇ ਦੇ ਭਾਈ **ਸੂਰਤ ਸਿੰਘ** ਵਾਲੇ ਗਰੁੱਪ ਵਿਚ ਉਸ ਤੋਂ ਮਗਰੋਂ ਉਸ ਦਾ ਪੁੱਤਰ ਗੁਰਦਾਸ ਸਿੰਘ ਇਸ ਦਾ ਵਾਰਿਸ ਬਣਿਆ। ਉਸ ਤੋਂ ਪਿੱਛੋਂ ਭਾਈ ਸੰਤ ਸਿੰਘ ਨਿਰਮਲਾ (ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੌਰਾਨ ਦਰਬਾਰ ਸਾਹਿਬ ਦੇ ਗ੍ਰੰਥੀ ਸਨ) ਉਸ ਦਾ ਵਾਰਿਸ ਅਖਵਾਇਆ। ਭਾਈ ਸੰਤ ਸਿੰਘ ਦੀ ਮੌਤ ਤੋਂ ਬਾਅਦ ਇਹ ਧੜਾ ਵੀ ਦੋ ਹਿੱਸਿਆਂ ਵਿੱਚ ਵੰਡਿਆ ਗਿਆ; ਇੱਕ ਵਿਚ ਭਾਈ ਸੰਤ ਸਿੰਘ ਨਿਰਮਲਾ ਦੇ ਪੁੱਤਰ ਗੁਰਮੁਖ ਸਿੰਘ, ਪੜਪੋਤੇ ਭਾਈ ਪਰਦੁਮਨ ਸਿੰਘ ਤੇ ਅੱਗੋਂ ਉਸ ਦੇ ਪੁੱਤਰ ਗੁਰਬਖ਼ਸ਼ ਸਿੰਘ ਗਿਆਨੀ ਸਨ। ਦੂਜੇ ਪਾਸੇ ਭਾਈ ਸੰਤੋਖ ਸਿੰਘ ਤੋਂ ਮਗਰੋਂ ਭਾਈ ਮੇਘ ਸਿੰਘ, ਗਿਆਨੀ ਗਿਆਨ ਸਿੰਘ ਅਤੇ ਗਿਆਨੀ ਸਰਦੂਲ ਸਿੰਘ ਨੇ ਆਪਣਾ ਡੇਰਾ ਕਾਇਮ ਕੀਤਾ।

ਇਨ੍ਹਾਂ ਡੇਰਿਆਂ ਵਿਚੋਂ ਤਿੰਨ ਮੁਖ ਡੇਰੇ ਅਜੇ ਵੀ ਚਲ ਰਹੇ ਹਨ: ਇੱਕ ਮਹਿਤਾ ਚੌਂਕ ਵਿਚ ਹੈ, ਦੂਜਾ ਸੱਤੋਵਾਲੀ ਗਲੀ ਅੰਮ੍ਰਿਤਸਰ ਵਿਚ ਤੇ ਤੀਜਾ ਰਾਮ ਸਿੰਘ ਦਾ ਪਿੰਡ ਮਨਾਵਾਂ ਵਿਚ ਹੈ। ਇਨ੍ਹਾਂ ਕੇਂਦਰਾਂ ਨੇ ਸੈਂਕੜੇ ਗ੍ਰੰਥੀ ਪੈਦਾ ਕੀਤੇ ਹਨ। ਇਸ ਤੋਂ ਇਲਾਵਾ ਇਨ੍ਹਾਂ ਜੱਥਿਆਂ ਨੇ ਹਜ਼ਾਰਾਂ ਸਿੱਖਾਂ ਨੂੰ ਖੰਡੇ ਦੀ ਪਾਹੁਲ ਵੀ ਦਿੱਤੀ ਹੈ। ਇਨ੍ਹਾਂ ਜੱਥਿਆਂ ਦੇ ਕੁਝ ਆਗੂਆਂ ਨੇ ਸਿੱਖ ਗ੍ਰੰਥਾਂ ਦੇ ਟੀਕੇ ਵੀ ਲਿਖੇ ਹਨ, ਪਰ ਇਨ੍ਹਾਂ ਵੱਲੋਂ ਕੀਤੀ ਹੋਈ ਵਿਆਖਿਆ ਨੂੰ ਸਿੱਖ ਵਿਦਵਾਨ ਸਹੀ ਨਹੀਂ ਮੰਨਦੇ ਹਨ ਕਿਉਂ ਕਿ ਉਹ ਮਹਿਸੂਸ ਕਰਦੇ ਹਨ ਕਿ ਇਹ ਸਿੱਖੇ ਨਾਲੋਂ ਜ਼ਿਆਦਾ ਬ੍ਰਾਹਮਣੀ/ਵੇਦਾਂਤਿਕ ਵਧੇਰੇ ਹਨ।

ਗੀਤਾ: ਇਹ ਹਿੰਦੂਆਂ ਦਾ ਇਕ ਮਸ਼ਹੂਰ ਗ੍ਰੰਥ ਹੈ। ਹਿੰਦੂ ਇਹ ਯਕੀਨ ਕਰਦੇ ਹਨ ਕਿ ਇਹ ਇਕ ਨਸੀਹਤ/ਲੈਕਚਰ ਹੈ ਜੋ ਉਨ੍ਹਾਂ ਦੇ ਰਾਜੇ/ਦੇਵਤੇ ਕ੍ਰਿਸ਼ਨ ਵੱਲੋਂ ਮਹਾਂਭਾਰਤ ਦੀ ਲੜਾਈ ਸਮੇਂ ਅਰਜੁਨ ਨੂੰ ਦਿੱਤਾ ਗਿਆ ਸੀ। ਦਰਅਸਲ ਇਸ ਦਾ ਲੇਖਕ ਕੋਈ ਗੁੰਮਨਾਮ ਹੈ (ਇਹ ਸ਼ਾਇਦ ਮਹਾਂਭਾਰਤ ਦੇ ਲੇਖਕ ਵਿਆਸ ਦੀ ਹੀ ਰਚਨਾ ਹੋਵੇ) ਤੇ ਇਸ ਨੂੰ ਕ੍ਰਿਸ਼ਨ ਨਾਲ ਸਬੰਧਤ ਬਣਾ ਦਿੱਤਾ ਗਿਆ ਹੈ। ਇਹ ਕਿਤਾਬ ਸ਼ਾਇਦ -200 (ਪੁਰਾਣਾ ਕਾਲ) ਤੋਂ +200 (ਨਵਾਂ ਕਾਲ) ਸੰਨ ਵਿਚਕਾਰ ਲਿਖੀ ਗਈ ਸੀ। ਕੁਝ ਹਿੰਦੂ ਇਸ ਕਿਤਾਬ ਦੀ ਪੂਜਾ ਵੀ ਕਰਦੇ ਹਨ। ਸਿੱਖ ਧਰਮ ਵਿਚ ਇਸ ਦੀ ਕੋਈ ਅਹਿਮੀਅਤ ਨਹੀਂ ਹੈ।

ਗੁੱਸਾ: ਦੇਖੋ: **ਕ੍ਰੋਧ** 108

ਗੁਟਕਾ: ਇਸ ਨਿੱਕੇ ਸਾਈਜ਼ ਦੀ ਪੋਥੀ ਵਿਚ ਕੁਝ ਸ਼ਬਦ (ਆਮ ਤੌਰ ਤੇ ਨਿਤਨੇਮ, ਅਰਦਾਸਿ ਅਤੇ ਕੁਝ ਹੋਰ ਸ਼ਬਦ) ਇੱਕਠੇ ਕੀਤੇ ਹੁੰਦੇ ਹਨ। ਸਾਰੇ ਹੀ ਸਿੱਖਾਂ ਦੇ ਘਰਾਂ ਵਿਚ ਆਮ ਤੌਰ ਤੇ ਇੱਕ ਤੋਂ ਵੱਧ ਗੁਟਕੇ ਹੁੰਦੇ ਹਨ। ਬਾਲਗ ਅਤੇ ਬੱਚੇ ਇਨ੍ਹਾਂ ਗੁਟਕਿਆਂ ਤੋਂ ਹੀ ਪਾਠ ਕਰਦੇ ਹਨ। ਗੁਟਕੇ ਨੂੰ ਖ਼ਾਸ ਅਦਬ ਨਾਲ ਸੰਭਾਲ ਕੇ ਰੱਖਿਆ ਜਾਂਦਾ ਹੈ ਕਿਉਂਕਿ ਇਸ ਵਿਚ ਗੁਰਬਾਣੀ ਦੇ ਸ਼ਬਦ ਹੁੰਦੇ ਹਨ।

ਇਸ ਨੂੰ ਹਮੇਸ਼ਾ ਹੀ ਸਾਫ਼ ਕੱਪੜੇ ਵਿਚ, ਅਤੇ ਬਾਕੀ ਕਿਤਾਬਾਂ ਅਤੇ ਚੀਜ਼ਾਂ ਤੋਂ, ਅਲੱਗ ਥਾਂ 'ਤੇ ਰੱਖਿਆ ਜਾਂਦਾ ਹੈ। ਇਸ ਦਾ ਅਦਬ ਰੱਖਣ ਵਾਸਤੇ ਇਸ ਨੂੰ ਹੱਥ ਲਾਉਣ ਤੋਂ ਪਹਿਲਾਂ ਆਪਣੇ ਹੱਥ ਧੋਤੇ ਜਾਂਦੇ ਹਨ ਤੇ ਸਿਰ ਢੱਕਿਆ ਜਾਂਦਾ ਹੈ।

ਗੁਣ (ਤ੍ਰੈ ਗੁਣ):– ਗੁਣ ਦਾ ਮਾਅਨਾ ਹੈ: ਖ਼ੂਬੀ, ਖ਼ਾਸੀਅਤ ਵਗ਼ੈਰਾ। ਵੈਦਿਕ ਲਿਖਤਾਂ ਮੁਤਾਬਿਕ ਕੁਦਰਤ ਦੇ ਤਿੰਨ ਗੁਣ ਹਨ: ਸਤੋ, ਰਜੋ ਤੇ ਤਮੋ। ਜਦੋਂ ਇਹ ਤਿੰਨੇ ਗੁਣ ਬਰਾਬਰਤਾ ਵਿਚ ਆ ਜਾਂਦੇ ਹਨ ਤਾਂ ਮਾਇਆ ਬੇਅਸਰ ਹੋ ਜਾਂਦੀ ਹੈ। ਪਰ ਜਦੋਂ ਇਸ ਬਰਾਬਰਤਾ ਦਾ ਖ਼ਾਤਮਾ ਹੁੰਦਾ ਹੈ ਤਾਂ ਮਾਇਆ ਦਾ ਚੱਕਰ ਫਿਰ ਸ਼ੁਰੂ ਹੋ ਜਾਂਦਾ ਹੈ। ਸਿੱਖ ਧਰਮ ਮੁਤਾਬਿਕ ਇਹ ਤਿੰਨੇ ਗੁਣ ਰੱਬ ਦੀ ਮਾਇਆ ਹਨ।

ਰਜ ਗੁਣ ਤਮ ਗੁਣ ਸਤ ਗੁਣ ਕਹੀਐ, ਇਹ ਤੇਰੀ ਸਭ ਮਾਇਆ॥ ਚਉਥੇ ਪਦ ਕਉ ਜੋ ਨਰੁ ਚੀਨੈ, ਤਿਨ੍ ਹੀ ਪਰਮ ਪਦੁ ਪਾਇਆ॥ (ਸਫ਼ਾ 1123)

'ਤਮੋ' ਮੂਰਖਤਾ ਤੇ ਸੁਸਤੀ ਦਾ ਸੋਮਾ ਹੈ; 'ਰਜੋ' ਉਤਸ਼ਾਹ ਤੇ ਚੁਸਤੀ ਦਾ ਸੋਮਾ ਹੈ ਅਤੇ 'ਸਤੋ' ਖਾਲਸ-ਪਣ, ਉੱਚਾਪਣ ਤੇ ਸਾਫ਼-ਸੁਥਰਾਪਣ ਦਾ ਸੋਮਾ ਹੈ।

ਗੁਣ/ਖ਼ੂਬੀਆਂ: ਗੁਣ ਦਾ ਮਾਅਨਾ ਉਹ ਖ਼ੂਬੀਆਂ ਹਨ, ਜਿਹੜੀਆਂ ਇਨਸਾਨ ਨੂੰ ਪੰਜ ਵਿਕਾਰਾਂ/ਔਗੁਣਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਉੱਤੇ ਕਾਬੂ ਪਾਉਣ ਵਾਸਤੇ ਮਦਦਗਾਰ ਹੁੰਦੀਆਂ ਹਨ; ਜਿਵੇਂ ਧਿਆਨ ਜੋੜਨਾ ਅਤੇ ਸੱਚਾ ਜੀਵਨ ਜਿਊਣਾ। ਸਿੱਖ ਦੀਆਂ ਕੁਝ ਹੋਰ ਖ਼ੂਬੀਆਂ ਹਨ: ਸੰਤੋਖ, ਸੰਜਮ, ਰਹਿਮ ਦਿਲੀ/ਦਇਆ, ਨਿਮਰਤਾ, ਇਨਸਾਫ਼ ਕਰਨਾ, ਸਰੀਰ ਅਤੇ ਮਨ ਦੀ ਪਵਿੱਤਰਤਾ, ਹਰੇਕ ਲਈ ਪਿਆਰ ਦਾ ਜਜ਼ਬਾ, ਦੂਜਿਆਂ ਦੀ ਮਦਦ ਕਰਨਾ, ਕਿਰਤ ਕਰਨਾ, ਵੰਡ ਛਕਣਾ, ਰੱਬ ਦੀ ਸਿਫ਼ਤ-ਸਲਾਹ ਕਰਨੀ ਅਤੇ ਸੱਚ ਬੋਲਣਾ ਵਗ਼ੈਰਾ:

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥ ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥ ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥ (ਸਫ਼ਾ 766)

ਕਵਣੁ ਸੁ ਅਖਰੁ, ਕਵਣ ਗੁਣੁ, ਕਵਣੁ ਸੁ ਮਣੀਆ ਮੰਤੁ॥ ਕਵਣੁ ਸੁ ਵੇਸੋ ਹਉ ਕਰੀ, ਜਿਤੁ ਵਸਿ ਆਵੈ ਕੰਤੁ॥ ਨਿਵਣੁ ਸੁ ਅਖਰੁ, ਖਵਣੁ ਗੁਣੁ, ਜਿਹਬਾ ਮਣੀਆ ਮੰਤੁ॥ ਏ ਤ੍ਰੈ ਭੈਣੇ ਵੇਸ ਕਰਿ, ਤਾਂ ਵਸਿ ਆਵੀ ਕੰਤੁ॥ (ਸਫ਼ਾ 1384)

ਗੁਰਸਿੱਖ: ਗੁਰਸਿੱਖ ਉਹ ਇਨਸਾਨ ਹੁੰਦਾ ਹੈ ਜੋ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਮੁਤਾਬਿਕ ਆਪਣਾ ਜੀਵਨ ਬਤੀਤ ਕਰਦਾ ਹੈ। ਇਸ ਵਾਸਤੇ ਇਕ ਹੋਰ ਲਫ਼ਜ਼ ਗੁਰਮੁਖ ਵੀ ਹੈ। ਦੇਖੋ: **ਗੁਰਮੁਖ, ਮਨਮੁਖ**

ਗੁਰ ਸੋਭਾ: ਇਹ ਕਿਤਾਬ ਚੰਦਰ ਸੈਨ ਸੈਨਾਪਤੀ (ਖੰਡੇ ਦੀ ਪਾਹੁਲ ਮਗਰੋਂ ਸੈਨਾ ਸਿੰਘ) ਦੀ ਲਿਖੀ ਹੋਈ ਹੈ। 1711 ਵਿਚ ਤਿਆਰ ਹੋਈ ਇਸ ਕਿਤਾਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਖ਼ਰੀ ਸਾਲਾਂ ਦੀ ਸਹੀ ਤਵਾਰੀਖ਼ ਪੇਸ਼ ਹੈ। ਸੈਨਾਪਤੀ ਗੁਰੂ ਸਾਹਿਬ ਦਾ ਦਰਬਾਰੀ ਕਵੀ ਸੀ। ਲੇਖਕ ਇਸ ਕਿਤਾਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਕੁਝ ਲੜਾਈਆਂ, ਖ਼ਾਲਸੇ ਦਾ ਪ੍ਰਗਟ ਕਰਨਾ, ਖੰਡੇ ਦੀ ਪਾਹੁਲ, ਖ਼ਾਲਸੇ ਦੇ ਪ੍ਰਗਟ ਹੋਣ ਤੋਂ ਬਾਅਦ ਹਿੰਦੂਆਂ ਦਾ ਸਿੱਖਾਂ ਨਾਲ ਮਾੜਾ ਸਲੂਕ, ਅਨੰਦਪੁਰ

ਸਾਹਿਬ ਛੱਡਣ ਵਗੈਰਾ ਬਾਰੇ ਬਹੁਤ ਕਮਾਲ ਦੇ ਵੇਰਵੇ ਨਾਲ ਭਰਪੂਰ ਜਾਣਕਾਰੀ ਦੇਂਦਾ ਹੈ। ਭਾਵੇਂ ਕਿ ਇਹ ਕੁਝ ਨਿੱਕੀਆਂ-ਨਿੱਕੀਆਂ ਗਲਤੀਆਂ ਤੋਂ ਆਜ਼ਾਦ ਨਹੀਂ ਪਰ ਇਹ ਸਿੱਖ ਤਵਾਰੀਖ਼ ਦੇ ਉਸ ਕਾਲ ਦਾ ਸ਼ਾਇਦ ਸਭ ਤੋਂ ਵਧ ਕੀਮਤੀ ਤੇ ਅਹਿਮ ਸੋਮਾ ਹੈ।

ਗੁਰਗੱਦੀ: ਗੁਰਗੱਦੀ ਦਾ ਲਫ਼ਜ਼ੀ ਮਾਅਨਾ ਹੈ: ਗੁਰੂ ਦਾ ਤਖ਼ਤ। ਗੁਰੂ ਨਾਨਕ ਸਾਹਿਬ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਮਿਸ਼ਨ ਦਾ ਇੰਚਾਰਜ ਗੁਰੂ ਅੰਗਦ ਸਾਹਿਬ ਨੂੰ ਬਣਾਇਆ ਸੀ। ਉਸ ਮਗਰੋਂ ਦੂਜੇ ਗੁਰੂਆਂ ਨੇ ਵੀ ਆਪਣੇ ਵਾਰਿਸਾਂ ਨੂੰ ਚੁਣਿਆ ਸੀ ਅਤੇ ਗੱਦੀ ਉਨ੍ਹਾਂ ਨੂੰ ਸੰਭਾਲ ਦਿੱਤੀ ਸੀ। ਗੁਰਗੱਦੀ ਸੌਂਪਣ ਵਾਸਤੇ ਨਵੇਂ ਵਾਰਿਸ ਦੀ ਧਰਮ, ਤਵਾਰੀਖ਼, ਫ਼ਲਸਫ਼ੇ ਬਾਰੇ ਜਾਣਕਾਰੀ ਤੇ ਸਮਝ, ਉਸ ਦਾ ਇਖ਼ਲਾਕ, ਉਸ ਦੀਆਂ ਜਥੇਬੰਦਕ ਖ਼ੂਬੀਆਂ ਹੀ ਮੁਖ ਅਧਾਰ ਹੁੰਦਾ ਸੀ। ਗੁਰੂ ਰਾਮਦਾਸ ਸਾਹਿਬ ਦੇ ਸਮੇਂ ਤੋਂ ਗੁਰਗੱਦੀ ਕੁਝ ਖ਼ਾਨਦਾਨੀ ਵਾਰਿਸਾਂ ਨੂੰ ਵੀ ਦਿੱਤੀ ਗਈ ਸੀ, ਪਰ ਇਹ ਰਿਸ਼ਤੇ ਜਾਂ ਵਿਰਾਸਤ ਕਰ ਕੇ ਨਹੀਂ ਬਲਕਿ ਉਨ੍ਹਾਂ ਦੇ ਗੁਣਾਂ ਕਰ ਕੇ ਦਿੱਤੀ ਗਈ ਸੀ। ਜੇ ਕਰ ਗੁਰੂ ਸਾਹਿਬ ਨੇ ਇਸ ਨੂੰ ਚੱਲ ਜਾਂ ਅਚੱਲ ਜਾਇਦਾਦ ਵਾਂਗ ਦੇਣਾ ਹੁੰਦਾ ਤਾਂ ਉਹ ਗੱਦੀ ਸਿਰਫ਼ ਵੱਡੇ ਪੁੱਤਰ ਨੂੰ ਹੀ ਦੇਂਦੇ। ਕੁਝ ਲਿਖਾਰੀ ਇਹ ਵੀ ਲਿਖਦੇ ਹਨ ਕਿ ਗੁਰੂ ਸਾਹਿਬ ਗੁਰਗੱਦੀ ਦੀ ਰਸਮ ਸਮੇਂ ਆਪਣੇ ਵਾਰਿਸ ਅੱਗੇ ਨਾਰੀਅਲ ਅਤੇ ਪੰਜ ਪੈਸੇ ਰੱਖਦੇ ਸਨ, ਪਰ ਇਹ ਗਲਤ ਹੈ। ਇਹ ਰਸਮ ਸਿਰਫ਼ ਦਸਤਾਰ ਭੇਟ ਕਰ ਕੇ ਤੇ ਅਰਦਾਸਿ ਨਾਲ ਹੀ ਕੀਤੀ ਜਾਂਦੀ ਸੀ।

ਗੁਰਦਾਸ, ਭਾਈ: ਭਾਈ ਗੁਰਦਾਸ (1551-25.8.1636) ਈਸ਼ਰ ਦਾਸ ਦੇ ਪੁੱਤਰ ਅਤੇ ਵਿਸ਼ਨੂੰ ਦਾਸ ਭੱਲਾ ਦੇ ਪੋਤੇ ਸਨ। ਉਨ੍ਹਾਂ ਦਾ ਜਨਮ ਗੋਇੰਦਵਾਲ ਵਿਚ ਹੋਇਆ ਸੀ। ਉਹ ਗੁਰੂ ਅਮਰਦਾਸ ਸਾਹਿਬ ਦੇ ਭਤੀਜੇ ਸਨ। 12 ਸਾਲ ਦੀ ਉਮਰ ਵਿਚ ਉਨ੍ਹਾਂ ਦੇ ਪਿਤਾ ਚੜ੍ਹਾਈ ਕਰ ਗਏ ਅਤੇ ਉਨ੍ਹਾਂ ਦੀ ਦੇਖਭਾਲ ਉਨ੍ਹਾਂ ਦੇ ਚਾਚਾ ਗੁਰੂ ਅਮਰਦਾਸ ਸਾਹਿਬ ਜੀ ਨੇ ਕੀਤੀ। ਉਨ੍ਹਾਂ ਨੇ ਧਰਮ, ਮਿਥਿਹਾਸ ਅਤੇ ਫ਼ਿਲਾਸਫ਼ੀ ਦੀਆਂ ਬਹੁਤ ਸਾਰੀਆਂ ਕਿਤਾਬਾਂ ਦੀ ਪੜ੍ਹਾਈ ਕੀਤੀ। ਉਹ ਇਤਿਹਾਸ ਅਤੇ ਫ਼ਿਲਾਸਫ਼ੀ ਦੀ ਬਹੁਤ ਸੂਝ ਰਖਦੇ ਸਨ। ਜਦੋਂ ਗੁਰੂ ਅਰਜਨ ਸਾਹਿਬ ਨੇ ਗੁਰਗੱਦੀ ਸੰਭਾਲੀ ਤਾਂ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਸਿੱਖਾਂ ਤੋਂ ਦਸਵੰਧ ਅਤੇ ਹੋਰ ਚੜ੍ਹਾਵੇ ਇਕੱਠੇ ਕਰ ਕੇ ਆਪ ਸੰਭਾਲਣੇ ਸ਼ੁਰੂ ਕਰ ਦਿੱਤੇ; ਜਿਸ ਨਾਲ ਗੁਰੂ ਅਰਜਨ ਸਾਹਿਬ ਵਾਸਤੇ ਮਾਲੀ ਮੁਸ਼ਕਿਲਾਂ ਖੜ੍ਹੀਆਂ ਹੋ ਗਈਆਂ। ਜਦ ਭਾਈ ਗੁਰਦਾਸ ਨੂੰ ਇਸ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਬਾਬਾ ਬੁੱਢਾ ਤੇ ਹੋਰ ਸਿੱਖਾਂ ਦੀ ਮਦਦ ਨਾਲ ਪ੍ਰਿਥੀ ਚੰਦ ਦੀਆਂ ਸਜ਼ਿਸ਼ਾਂ ਬਾਰੇ ਸਿੱਖਾਂ ਨੂੰ ਚੌਕਸ ਕੀਤਾ। ਭਾਈ ਗੁਰਦਾਸ ਨੇ ਗੁਰੂ ਦਾ ਚੱਕ (ਅੰਮ੍ਰਿਤਸਰ) ਦੀ ਉਸਾਰੀ ਲਈ ਵੀ ਬਹੁਤ ਹਿੱਸਾ ਪਾਇਆ। ਗੁਰੂ ਅਰਜਨ ਸਾਹਿਬ ਨੇ ਭਾਈ ਗੁਰਦਾਸ ਨੂੰ ਮਿਸ਼ਨਰੀ ਪਰਚਾਰ ਲਈ ਦੂਰ-ਦੂਰ ਦੇ ਨਗਰਾਂ ਵਿਚ ਭੇਜਿਆ। ਇਨ੍ਹਾਂ ਵਿੱਚ ਕਾਬੁਲ, ਕਾਂਸ਼ੀ (ਵਾਰਾਨਸੀ) ਵੀ ਸ਼ਾਮਿਲ ਸਨ। ਭਾਈ ਗੁਰਦਾਸ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਲਿਖਾਰੀ (ਕਾਤਿਬ) ਸਨ (ਜੋ ਸਰੂਪ ਗੁਰੂ ਅਰਜਨ ਸਾਹਿਬ ਨੇ 1604 ਵਿਚ ਤਿਆਰ ਕੀਤਾ ਸੀ)। ਗੁਰੂ ਹਰਿਗੋਬਿੰਦ ਸਾਹਿਬ ਦੀਆਂ ਹਦਾਇਤਾਂ ਮੁਤਾਬਿਕ ਉਨ੍ਹਾਂ ਨੇ ਅਤੇ ਬਾਬਾ ਬੁੱਢਾ ਨੇ 1609 ਵਿਚ ਅਕਾਲ ਤਖ਼ਤ ਸਾਹਿਬ ਦੇ

ਥੜ੍ਹੇ ਦੀ ਉਸਾਰੀ ਨੂੰ ਪੂਰਾ ਕੀਤਾ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਕਿਲ੍ਹੇ ਵਿਚ (ਜਨਵਰੀ 1613 ਤੋਂ ਅਕਤੂਬਰ 1619 ਤਕ) ਕੈਦ ਸਨ, ਤਾਂ ਭਾਈ ਗੁਰਦਾਸ ਅਕਾਲ ਤਖ਼ਤ ਸਾਹਿਬ ਦੇ ਥੜ੍ਹੇ ਦੀ ਸੇਵਾ ਸੰਭਾਲ ਕਰਦੇ ਰਹੇ ਸਨ। ਬਾਬਾ ਬੁੱਢਾ ਦੀ ਤਰ੍ਹਾਂ ਭਾਈ ਗੁਰਦਾਸ ਵੀ ਗੁਰੂ ਸਾਹਿਬ ਦੇ ਘਰ ਦੇ ਮੈਂਬਰਾਂ ਵਾਂਗ ਹੀ ਸਨ। ਉਨ੍ਹਾਂ ਨੂੰ (ਗੁਰੂ ਹਰਿਗੋਬਿੰਦ ਸਾਹਿਬ ਦੇ ਤਿੰਨ ਪੁੱਤਰਾਂ) ਬਾਬਾ ਗੁਰਦਿੱਤਾ, ਬਾਬਾ ਸੂਰਜ ਮੱਲ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਵਿਆਹ ਵੇਖਣ ਦਾ ਮਾਣ ਹਾਸਿਲ ਹੋਇਆ ਸੀ। ਭਾਈ ਗੁਰਦਾਸ ਆਪ ਇਕ ਮਹਾਨ ਕਵੀ ਵੀ ਸਨ। ਉਨ੍ਹਾਂ ਨੇ 39 ਵਾਰਾਂ ਅਤੇ 556 ਕਬਿੱਤ ਲਿਖੇ ਸਨ। ਮਗਰੋਂ ਕੁਝ ਸਾਜ਼ਿਸ਼ੀ ਲੋਕਾਂ ਨੇ ਇਨ੍ਹਾਂ ਵਿਚ ਕੁਝ ਲਾਈਨਾਂ ਰਲ-ਗੱਡ ਕਰ ਦਿੱਤੀਆਂ ਸਨ। ਪਰ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਰੌਸ਼ਨੀ ਵਿਚ ਅਸੀਂ ਇਨ੍ਹਾਂ ਦੀ ਪਛਾਣ ਸੌਖਿਆਂ ਹੀ ਕਰ ਸਕਦੇ ਹਾਂ। ਭਾਈ ਗੁਰਦਾਸ ਮਿਥਿਹਾਸ ਅਤੇ ਕਲਚਰ ਦੀ ਪੇਸ਼ਕਾਰੀ ਕਰਨ ਦੇ ਉਸਤਾਦ ਸਨ। ਉਨ੍ਹਾਂ ਦੀ ਤਵਾਰੀਖ਼ ਅਤੇ ਮਿਥਿਹਾਸ ਸਬੰਧੀ ਜਾਣਕਾਰੀ ਬਹੁਤ ਹੀ ਉੱਚ-ਕੋਟੀ ਦੀ ਸੀ।

ਗੁਰਦੁਆਰਾ: ਗੁਰਦੁਆਰਾ ਦੋ ਲਫ਼ਜ਼ਾਂ ਦੇ ਮੇਲ ਤੋਂ ਬਣਿਆ ਹੈ: 'ਗੁਰੂ' ਤੇ 'ਦੁਆਰਾ' (ਦਰਵਾਜ਼ਾ)। ਯਾਨਿ ਗੁਰਦੁਆਰਾ ਦਾ ਮਾਅਨਾ ਹੈ: ਗੁਰੂ ਦਾ ਦਰ, ਜਿਸ ਤੋਂ ਅਸੀਂ ਵਾਹਿਗੁਰੂ ਦੇ ਦਰਸ਼ਨ ਕਰਨ ਵਾਸਤੇ ਤਿਆਰੀ ਕਰਦੇ ਹਾਂ। ਗੁਰਦੁਆਰਾ ਸਿੱਖ ਪੰਥ ਦਾ ਧੁਰਾ ਹੈ। ਗੁਰਦੁਆਰਾ ਉਹ ਜਗਹ ਹੈ ਜਿਥੇ ਧਰਮ ਮੁਤਾਬਿਕ ਜੀਣਾ ਸਿਖਾਇਆ ਜਾਂਦਾ ਹੈ। ਸਿੱਖ ਵਾਸਤੇ ਲਾਜ਼ਮੀ ਹੈ ਕਿ ਜਿੰਨਾ ਵੀ ਮੁਮਕਿਨ ਹੋ ਸਕੇ ਉਹ ਗੁਰਦੁਆਰੇ ਵਿਚ ਹੋਰ ਸੰਗਤਾਂ ਨਾਲ ਬੈਠ ਕੇ ਕੀਰਤਨ ਸੁਣੇ ਅਤੇ ਸੇਵਾ ਕਰੇ। ਗੁਰਦੁਆਰਾ ਸਿਰਫ਼ ਧਾਰਮਿਕ ਸੈਂਟਰ ਹੀ ਨਹੀਂ; ਇਹ ਰੂਹਾਨੀ, ਭਾਈਚਾਰਕ ਤੇ ਤਾਲੀਮੀ (ਗਿਆਨ ਤੇ ਵਿਦਿਆ ਦਾ) ਮਰਕਜ਼ ਵੀ ਹੈ।

ਆਮ ਤੌਰ 'ਤੇ ਗੁਰਦੁਆਰੇ ਦੇ ਚਾਰ ਹਿੱਸੇ ਹੁੰਦੇ ਹਨ: ਦੀਵਾਨ ਹਾਲ (ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ), ਲੰਗਰ, ਸਰਾਂ ਅਤੇ ਪੰਜਾਬੀ-ਗੁਰਮੁਖੀ, ਫ਼ਲਸਫ਼ਾ ਤੇ ਤਵਾਰੀਖ਼ ਪੜ੍ਹਾਉਣ ਵਾਸਤੇ ਸਕੂਲ। ਕੁਝ ਗੁਰਦੁਆਰਿਆਂ ਵਿਚ ਇਹ ਚਾਰੇ ਸਹੂਲਤਾਂ ਹੁੰਦੀਆਂ ਹਨ, ਪਰ ਕੁਝ ਗੁਰਦੁਆਰਿਆਂ ਵਿਚ ਇਕ ਜਾਂ ਵੱਧ ਸਹੂਲਤਾਂ ਨਹੀਂ ਵੀ ਹੁੰਦੀਆਂ। ਹਰ ਗੁਰਦੁਆਰੇ ਵਿਚ ਨਗਾਰਾ ਹੋਣਾ ਵੀ ਲਾਜ਼ਮੀ ਹੈ ਅਤੇ ਮੁਨਾਸਿਬ ਮੌਕੇ 'ਤੇ ਇਸ ਨੂੰ ਵਜਾਇਆ ਵੀ ਜਾਣਾ ਚਾਹੀਦਾ ਹੈ। ਅੱਜ-ਕਲ੍ਹ ਕਈ ਗੁਰਦੁਆਰਿਆਂ ਵੱਲੋਂ ਹਸਪਤਾਲ ਵਗ਼ੈਰਾ ਵੀ ਚਲਾਏ ਜਾਂਦੇ ਹਨ। ਬਹੁਤੇ ਗੁਰਦੁਆਰਿਆਂ ਵਿਚ ਲਾਇਬ੍ਰੇਰੀਆਂ ਵੀ ਹੁੰਦੀਆਂ ਹਨ।

ਗੁਰਦੁਆਰੇ ਦੀ ਸਭ ਤੋਂ ਮੁਖ ਜਗਹ ਦੀਵਾਨ ਹਾਲ ਹੁੰਦੀ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਸਾਫ਼ ਰੁਮਾਲਿਆਂ ਨਾਲ ਢਕਿਆ ਜਾਂਦਾ ਹੈ। ਇਸ ਦੀ ਤਾਬਿਆ ਬੈਠੇ ਜਾਂ ਖੜ੍ਹੇ ਸਿੱਖ ਦੇ ਹੱਥ ਵਿਚ ਚੌਰ ਹੁੰਦੀ ਹੈ ਜੋ ਗੁਰੂ ਗ੍ਰੰਥ ਸਾਹਿਬ ਨੂੰ ਸ਼ਹਿਨਸ਼ਾਹ ਦਾ ਅਦਬ ਦੇਣ ਵਾਸਤੇ ਹੁੰਦੀ ਹੈ (ਚੌਰ ਮੱਖੀਆਂ ਹਟਾਉਣ ਜਾਂ ਹਵਾ ਦੇਣ ਵਾਸਤੇ ਨਹੀਂ ਹੁੰਦੀ)। ਗੁਰੂ ਗ੍ਰੰਥ ਸਾਹਿਬ ਦੇ ਨੇੜੇ ਘਿਉ ਦੇ ਦੀਵੇ ਬਾਲਣਾ, ਗੁਰੂ ਦੀ ਹਜ਼ੂਰੀ ਵਿਚ ਘੰਟੀਆਂ ਵਜਾਉਣਾ, ਤਾੜੀਆਂ ਮਾਰਨਾ, ਸਿੱਖੀ ਅਸੂਲਾਂ ਦੇ ਖ਼ਿਲਾਫ਼ ਹੈ। ਕਈ ਲੋਕ ਗੁਰੂ ਗ੍ਰੰਥ ਸਾਹਿਬ ਦੇ ਨੇੜੇ

ਜਾਂ ਹੇਠਾਂ ਪਾਣੀ ਦਾ ਘੜਾ ਜਾਂ ਕੂੰਜਾ ਜਾਂ ਕੋਈ ਹੋਰ ਭਾਂਡਾ ਰੱਖ ਦੇਂਦੇ ਹਨ। ਜਿਹੜੇ ਲੋਕ ਇਸ ਨੂੰ ਪਾਕਿ (ਪਵਿੱਤਰ) ਜਲ ਜਾਂ ਅਖੌਤੀ ਅੰਮ੍ਰਿਤ ਬਣਾਉਣ ਦੀ ਸੋਚ ਨਾਲ ਕਰਦੇ ਹਨ ਉਹ ਬੇ-ਸਮਝੀ ਦਾ ਇਜ਼ਹਾਰ ਕਰਦੇ ਹਨ। ਦੀਵਾਨ ਹਾਲ ਜਿੰਨਾ ਸਾਫ਼, ਪਰ ਸਾਦਾ, ਹੋ ਸਕੇ ਬੇਹਤਰ ਹੈ। ਵਾਧੂ ਦੀ ਸਜਾਵਟ, ਚਮਕ-ਦਮਕ, ਤੜਕ-ਭੜਕ, ਰੋਸ਼ਨੀਆਂ ਵਗੈਰਾਂ ਨਾਲ ਧਿਆਨ ਆਲੇ-ਦੁਆਲੇ ਭਟਕਦਾ ਹੈ ਅਤੇ ਕੀਰਤਨ, ਪਾਠ, ਕਥਾ ਸੁਣਨ 'ਚ ਰੋਕ ਪੈਂਦੀ ਹੈ। ਦੀਵਾਨ ਹਾਲ ਵਿਚ ਤਸਵੀਰਾਂ ਲਾਉਣਾ, ਇਬਾਰਤਾਂ ਜਾਂ ਜੈਕਾਰੇ/ਨਾਅਰੇ ਲਿਖਣੇ ਵੀ ਗ਼ਲਤ ਹੈ। ਇਸ ਮਕਸਦ ਵਾਸਤੇ ਲਾਇਬ੍ਰੇਰੀ, ਲੰਗਰ-ਹਾਲ, ਦਫ਼ਤਰ, ਕੌਰੀਡੋਰ ਤੇ ਲੱਬੀ ਵਰਤੇ ਜਾਣੇ ਚਾਹੀਦੇ ਹਨ। ਗੁਰੂ ਸਾਹਿਬ ਦੀਆਂ ਜਿੰਨੀਆਂ ਤਸਵੀਰਾਂ ਮਿਲਦੀਆਂ ਹਨ, ਉਹ ਸਭ ਨਕਲੀ ਹਨ ਅਤੇ ਕੁਝ ਬੰਦਿਆਂ ਨੂੰ ਮਾਡਲ ਬਿਠਾ ਕੇ ਜਾਂ ਖ਼ਿਆਲੀ ਉਡਾਰੀਆਂ ਨਾਲ ਬਣਾਈਆਂ ਹਈਆਂ ਹਨ ਤੇ ਕੁਝ ਵਿਚ ਤਾਂ ਗੁਰੂ ਸਾਹਿਬ ਦੀ ਹਾਸੋ-ਹੀਣੀ ਸੂਰਤ ਨਜ਼ਰ ਆਉਂਦੀ ਹੈ। ਇਸ ਕਰ ਕੇ ਗੁਰਦੁਆਰਿਆਂ ਵਿਚ, ਕਿਸੇ ਵੀ ਜਗ੍ਹਾ ਗੁਰੂ ਸਾਹਿਬ ਦੀਆਂ ਨਕਲੀ ਤਸਵੀਰਾਂ ਨਹੀਂ ਲਾਉਣੀਆਂ ਚਾਹੀਦੀਆਂ। ਉਨ੍ਹਾਂ ਦੀ ਜਗਹ 'ਤੇ ਸ਼ਬਦ ਜਾਂ ਗੁਰਦੁਆਰਿਆਂ ਦੀਆਂ ਤਸਵੀਰਾਂ ਲਾਈਆਂ ਜਾ ਸਕਦੀਆਂ ਹਨ।

ਬਹੁਤੇ ਤਵਾਰੀਖ਼ੀ ਗੁਰਦੁਆਰੇ ਸਿੱਖ ਮਿਸਲਾਂ ਦੀ ਹਕੂਮਤ ਸਮੇਂ ਬਣਾਏ ਗਏ ਸਨ। ਉਸ ਤੋਂ ਪਹਿਲਾਂ, ਸਿਰਫ਼ ਕੁਝ ਹੀ ਗੁਰਦੁਆਰੇ ਸਨ, ਜੋ ਗੁਰੂ ਸਾਹਿਬ ਨੇ ਆਪ ਬਣਾਏ ਸਨ। ਮਿਸਲਾਂ ਦੇ ਸਮੇਂ ਤੋਂ ਬਾਅਦ, ਗੁਰਦੁਆਰਿਆਂ ਦਾ ਪ੍ਰਬੰਧ ਉਦਾਸੀਆਂ ਅਤੇ ਨਿਰਮਲੇ ਮਹੰਤਾਂ ਦੇ ਹੱਥਾਂ ਵਿਚ ਆ ਗਿਆ ਸੀ ਤੇ ਉਨ੍ਹਾਂ ਵਿਚੋਂ ਬਹੁਤੇ ਅਯਾਸ਼ ਹੋ ਗਏ ਸਨ। ਸਿੱਖਾਂ ਨੂੰ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਆਪਣੇ ਹੇਠ ਲੈਣ ਲਈ ਪੰਜ ਸਾਲ (1920 ਤੋਂ 1925 ਤਕ) ਜੱਦੋਜਹਿਦ ਕਰਨੀ ਪਈ ਸੀ। ਇਸ ਲਹਿਰ ਵਿਚ ਸੈਂਕੜੇ ਹੀ ਸਿੱਖਾਂ ਨੇ ਆਪਣੀਆਂ ਜਾਨਾਂ ਦਿੱਤੀਆਂ ਸਨ ਅਤੇ ਹਜ਼ਾਰਾਂ ਹੀ ਗ੍ਰਿਫ਼ਤਾਰ ਕੀਤੇ ਗਏ ਸਨ। ਹੁਣ ਵੀ ਬਹੁਤਿਆਂ ਗੁਰਦੁਆਰਿਆਂ ਦਾ ਇੰਤਜ਼ਾਮ ਪੰਥਕ ਤਰੀਕੇ ਮੁਤਾਬਿਕ ਨਹੀਂ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਕ ਕਮੇਟੀ ਦੇ ਅਨੇਕਾਂ ਹੀ ਮੈਂਬਰਾਂ ਦਾ ਜੀਵਨ ਸਿੱਖ ਫ਼ਲਸਫ਼ੇ ਦੇ ਉਲਟ ਹੈ। 1920 ਦੇ ਸਮੇਂ ਤੋਂ ਪਹਿਲਾਂ ਦੇ ਮਹੰਤਾਂ ਦੀ ਤਰ੍ਹਾਂ ਉਹ ਵੀ ਗੁਰਦੁਆਰਿਆਂ ਨੂੰ ਆਪਣੀ ਜੱਦੀ ਜਾਇਦਾਦ ਸਮਝਣ ਲੱਗ ਪਏ ਹਨ। ਅੱਜ ਗੁਰਦੁਆਰਿਆਂ ਦੇ ਚੜ੍ਹਾਵੇ ਦਾ 90% ਹਿੱਸਾ ਫ਼ਜ਼ੂਲ ਤੇ ਐਂਟੀ-ਸਿੱਖ ਕਾਰਵਾਈਆਂ ਵਾਸਤੇ ਖ਼ਰਚ ਹੁੰਦਾ ਹੈ।ਸ

ਗੁਰਬਾਣੀ: ਇਸ ਦਾ ਲਫ਼ਜ਼ੀ ਮਾਅਨਾ ਹੈ: ਗੁਰੂ ਸਾਹਿਬ ਦੀ ਬਾਣੀ, ਯਾਨਿ ਸ਼ਬਦ। ਉਹ ਸ਼ਬਦ ਜੋ ਗੁਰੂ ਸਾਹਿਬ ਨੇ ਰਚੇ ਸਨ, ਗੁਰਬਾਣੀ ਹਨ। ਗੁਰਬਾਣੀ ਨੂੰ 'ਧੁਰ ਕੀ ਬਾਣੀ' ਵੀ ਕਿਹਾ ਜਾਂਦਾ ਹੈ, ਕਿਉਂਕਿ ਇਹ ਸ਼ਬਦ ਗੁਰੂ ਸਾਹਿਬ ਨੂੰ ਅਕਾਲ ਪੁਰਖ ਵੱਲੋਂ ਇਲਹਾਮ ਹੋਏ ਸਨ। ਹੋਰ ਦੇਖੋ : **ਭਗਤ ਬਾਣੀ** 237

ਗੁਰਬਿਲਾਸ ਪਾਤਸ਼ਾਹੀ 10: ਗੁਰਬਿਲਾਸ ਦਾ ਲਫ਼ਜ਼ੀ ਮਾਅਨਾ ਹੈ: "ਗੁਰੂ ਦੀ ਖੁਸ਼ੀ"। 'ਗੁਰਬਿਲ੍ਹਾਸ' ਕਵਿਤਾ ਦੇ ਰੂਪ ਵਿਚ ਲਿਖੀ ਗਈ ਤਵਾਰੀਖ਼ ਹੈ। ਇਸ ਹਥਲੀ ਕਿਤਾਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਜ਼ਿੰਦਗੀ ਅਤੇ ਉਨ੍ਹਾਂ ਦੇ ਸਮੇਂ ਦੀ ਤਵਾਰੀਖ਼ ਨੂੰ ਕਵਿਤਾ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਨੂੰ ਸੁੱਖਾ

ਸਿੰਘ ਨੇ 1797 ਵਿਚ ਲਿਖਿਆ ਸੀ। **ਬ੍ਰਜ ਬੋਲੀ** ਵਿਚ ਲਿਖੀ ਇਸ ਕਿਤਾਬ ਦਾ ਮੁੱਢ **ਬਚਿਤਰ ਨਾਟਕ** ਵਾਲਾ ਹੀ ਹੈ। ਇਹ ਕਿਤਾਬ ਤਵਾਰੀਖ਼, ਮਨਘੜਤ ਕਹਾਣੀਆਂ ਅਤੇ ਜ਼ਬਾਨੀ ਰਿਵਾਇਤਾਂ ਦਾ ਮਿਲਗੋਭਾ ਹੈ। ਇਸ ਵਿਚਲੇ ਬਹੁਤੇ ਮਿਥਹਾਸਕ ਅਤੇ ਮਨਘੜਤ ਦ੍ਰਿਸ਼ ਸਿੱਖ ਅਕੀਦੇ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਇਹ ਕਿਤਾਬ ਅਤੇ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਸਿੱਖ ਫ਼ਲਸਫ਼ੇ ਨੂੰ ਬੁਰੀ ਤਰ੍ਹਾਂ ਤੋੜ ਮਰੋੜ ਕੇ ਪੇਸ਼ ਕਰਦੀਆਂ ਹਨ। ਹੋਰ ਦੇਖੋ: **ਗੁਰਬਿਲਾਸ ਪਾਤਸ਼ਾਹੀ ਛੇਵੀਂ**, **ਗੁਰਬਿਲਾਸ ਪਾਤਸ਼ਾਹੀ ਦਸਵੀਂ**।

ਗੁਰਬਿਲਾਸ ਪਾਤਸ਼ਾਹੀ ਛੇਵੀ: ਇਹ ਕਿਤਾਬ ਗੁਰੂ ਹਰਿਗੋਬਿੰਦ ਸਾਹਿਬ ਦੀ ਜ਼ਿੰਦਗੀ ਅਤੇ ਘਟਨਾਵਾਂ ਬਾਰੇ ਕਵਿਤਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਬਿਆਨ ਹੈ। ਇਸ ਲਿਖਤ ਵਿਚ ਜ਼ਿਕਰ ਹੈ ਕਿ ਇਸ ਨੂੰ 1718 ਵਿਚ ਲਿਖਿਆ ਗਿਆ ਸੀ। ਪਰ ਸਾਫ਼ ਦਿਸਦਾ ਹੈ ਕਿ ਇਸ ਨੂੰ ਬਹੁਤ ਜ਼ਿਆਦਾ ਬਾਅਦ ਵਿਚ ਲਿਖਿਆ ਗਿਆ ਸੀ ਕਿਉਂ ਕਿ ਇਸ ਕਿਤਾਬ ਵਿੱਚ ਜੋ ਘਟਨਾਵਾਂ ਪੇਸ਼ ਹਨ ਉਨ੍ਹਾਂ ਤੋਂ ਇਹ ਰਚਨਾ 1830 ਤੋਂ ਮਗਰੋਂ ਦੀ ਨਜ਼ਰ ਆਉਂਦੀ ਹੈ। ਇਸ ਕਿਤਾਬ ਦੇ 21 ਚੈਪਟਰ ਹਨ। ਇਸ ਕਿਤਾਬ ਦੀ ਖ਼ਾਸੀਅਤ ਇਹ ਹੈ ਕਿ ਇਸ ਵਿਚ ਅਕਾਲ ਤਖ਼ਤ ਸਾਹਿਬ ਦੇ ਪ੍ਰਗਟ ਕਰਨ, ਇਸ ਦੇ ਪਹਿਲੇ ਢਾਂਚੇ ਦੀ ਉਸਾਰੀ ਅਤੇ ਗੁਰੂ ਸਾਹਿਬ ਦੀਆਂ ਲੜਾਈਆਂ ਵਗ਼ੈਰਾ ਦਾ ਬੜੀ ਬਾਰੀਕੀ ਨਾਲ ਵੇਰਵਾ ਦਿੱਤਾ ਹੋਇਆ ਹੈ। ਪਰ ਬਹੁਤੀਆਂ ਘਟਨਾਵਾਂ/ਤਾਰੀਖ਼ਾਂ ਜੋ ਲਿਖਾਰੀ ਨੇ ਦਿੱਤੀਆਂ ਹਨ ਉਹ ਗ਼ਲਤ ਹਨ ਜਿਸ ਤੋਂ ਜਾਪਦਾ ਹੈ ਕਿ ਇਸ ਦੇ ਲਿਖਾਰੀ ਨੇ ਬਹੁਤਾ ਕੁਝ ਕਿਸੇ ਤਰਕੀਬ/ਸਾਜ਼ਿਸ਼ ਹੇਠ ਘੜਿਆ ਹੋਵੇਗਾ, ਇਸੇ ਕਰ ਕੇ ਉਨ੍ਹਾਂ ਘਟਨਾਵਾਂ ਤੇ ਤਾਰੀਖ਼ਾਂ ਸਬੰਧੀ ਵੇਰਵਾ ਕਿਸੇ ਹੋਰ ਸੋਮੇ ਵਿੱਚੋਂ ਨਹੀਂ ਮਿਲਦਾ। ਇਸ ਦੇ ਨਾਲ ਹੀ ਇਸ ਵਿਚ ਸਿੱਖ ਫ਼ਲਸਫ਼ੇ ਨੂੰ ਬੜਾ ਵਿਗਾੜ ਕੇ ਪੇਸ਼ ਕੀਤਾ ਗਿਆ ਹੈ। ਅਜਿਹਾ ਜਾਪਦਾ ਹੈ ਕਿ ਇਸ ਦਾ ਲੇਖਕ ਕੋਈ ਨਿਰਮਲਾ (ਜਾਂ ਉਦਾਸੀ) ਹੋਵੇਗਾ। ਇਸ ਦੇ ਲਿਖਾਰੀ ਦਾ ਕਹਿਣਾ ਹੈ ਕਿ ਇਹ ਕਿਤਾਬ ਉਸ ਬਿਆਨ 'ਤੇ ਅਧਾਰਿਤ ਹੈ ਜੋ ਭਾਈ ਮਨੀ ਸਿੰਘ ਨੇ ਲਿਖਾਰੀ ਨੂੰ ਸੁਣਾਇਆ ਸੀ । ਭਾਈ ਕਾਹਨ ਸਿੰਘ ਨਾਭਾ (*ਗੁਰਮਤਿ ਮਾਰਤੰਡ*, ਸਫ਼ਾ 945) ਮੁਤਾਬਿਕ ਇਸ ਦਾ ਲੇਖਕ ਕੋਈ 'ਸੋਹਨ ਕਵੀ' ਨਹੀਂ ਬਲਕਿ ਗੁਰਮੁਖ ਸਿੰਘ (ਅਕਾਲ ਤਖ਼ਤ ਸਾਹਿਬ ਦਾ ਪੁਜਾਰੀ ਜੋ ਗਿਆਨੀ ਸੰਤ ਸਿੰਘ ਨਿਰਮਲੇ ਦਾ ਪੁੱਤਰ ਸੀ) ਅਤੇ ਦਰਬਾਰਾ ਸਿੰਘ (ਦਰਬਾਰ ਸਾਹਿਬ ਦਾ ਉਦੋਂ ਦਾ ਗ੍ਰੰਥੀ) ਸਨ ਤੇ ਇਸ ਨੂੰ 1835 ਤੋਂ 1840 ਦੇ ਵਿਚ ਲਿਖਿਆ ਗਿਆ ਸੀ। ਇਸ ਕਿਤਾਬ ਨੂੰ 1998 ਵਿਚ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ (ਉਹ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਮਾਰਚ 2000 ਵਿਚ ਬਣਿਆ ਸੀ) ਨੇ ਸੰਪਾਦਿਤ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪਿਆ ਸੀ। ਇਸ ਕਿਤਾਬ ਵਿਚ ਦਰਜਨਾਂ ਘਟਨਾਵਾਂ ਅਜਿਹੀਆਂ ਹਨ, ਜੋ ਇਕ ਤਰ੍ਹਾਂ ਨਾਲ ਗੁਰੂ ਸਾਹਿਬ ਦੀ ਤੌਹੀਨ ਕਰਨ ਦੀ ਕੋਸ਼ਿਸ਼ ਹਨ। ਇਸ ਤੋਂ ਇਲਾਵਾ ਇਹ ਕਿਤਾਬ ਸਿੱਖ ਫ਼ਲਸਫ਼ੇ ਬਾਰੇ ਗ਼ਲਤੀਆਂ ਨਾਲ ਵੀ ਨੱਕੋ-ਨੱਕ ਭਰੀ ਹੋਈ ਹੈ। ਇਸ ਕਰ ਕੇ ਬਹੁਤ ਸਾਰੇ ਸਿੱਖ ਵਿਦਵਾਨਾਂ ਨੇ ਇਸ ਦੀ ਜ਼ਬਰਦਸਤ ਮੁਜ਼ੰਮਤ (ਨਿੰਦਾ) ਕੀਤੀ ਹੈ। ਹੋਰ ਦੇਖੋ: **ਗੋਇੰਦਵਾਲ ਪੋਥੀਆਂ**।

ਗੁਰਬਿਲਾਸ ਪਾਤਸ਼ਾਹੀ ਦਸਵੀਂ: ਇਹ ਕਿਤਾਬ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਦੀ ਤਵਾਰੀਖ਼ ਹੈ। ਇਸ ਨੂੰ 1840 ਵਿਚ ਕੋਇਰ ਸਿੰਘ ਨੇ ਲਿਖਿਆ ਸੀ। ਕੋਇਰ/ਕੁਇਰ ਸਿੰਘ ਦੀ ਇਸ ਰਚਨਾ ਤੋਂ ਸਾਫ਼ ਜ਼ਾਹਿਰ ਹੈ ਕਿ ਉਹ ਚੋਖਾ ਹਿੰਦੂ ਧਰਮ ਦੇ ਅਸਰ ਹੇਠ ਸੀ, ਇਸ ਕਰ ਕੇ ਉਸ ਨੇ ਸਿੱਖ ਫ਼ਿਲਾਸਫ਼ੀ ਨੂੰ ਇਸ ਕਿਤਾਬ ਵਿਚ ਤੋੜ-ਮਰੋੜ ਕੇ ਪੇਸ਼ ਕੀਤਾ ਹੈ। ਇਸ ਕਿਤਾਬ ਨੂੰ ਬਹੁਤ ਚੌਕਸੀ ਨਾਲ ਵਰਤਣਾ ਚਾਹੀਦਾ ਹੈ। ਹੋਰ ਦੇਖੋ: **ਗੋਇੰਦਵਾਲ ਪੋਥੀਆਂ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਗੁਰਬਿਲਾਸ ਪਾਤਸ਼ਾਹੀ ਦਸਵੀਂ**।

ਗੁਰਮਤਿ: ਇਸ ਦਾ ਲਫ਼ਜ਼ੀ ਮਾਅਨਾ ਹੈ: ਗੁਰੂ ਦੀ ਮਤ ਜਾਂ ਗੁਰੂ ਸਾਹਿਬ ਦੀਆਂ ਸਿਖਿਆਵਾਂ। ਇਸ ਨੂੰ ਸਿੱਖ ਜੀਵਨ-ਜਾਚ ਅਤੇ ਸਿੱਖ ਫ਼ਲਸਫ਼ਾ ਵੀ ਕਿਹਾ ਜਾ ਸਕਦਾ ਹੈ। ਇਸ ਦਾ ਉਲਟ 'ਦੁਰਮਤਿ' ਹੈ।

> *ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ॥ ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨਿ ਸੁਣੀਐ ਹਰਿ ਲਿਵ ਲਾਏ ਰਾਮ॥ ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ॥ ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ ਅਨਹਤ ਸਬਦ ਵਜਾਏ ਰਾਮ॥ (ਸਫ਼ਾ 538)*

> *ਛਾਦਨੁ ਭੋਜਨੁ ਮਾਗਤੁ ਭਾਗੈ॥ ਖੁਧਿਆ ਦੁਸਟ ਜਲੈ ਦੁਖੁ ਆਗੈ॥ ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ॥ ਗੁਰਮਤਿ ਭਗਤਿ ਪਾਵੈ ਜਨੁ ਕੋਈ॥ (ਸਫ਼ਾ 879)*

ਹੋਰ ਦੇਖੋ: **ਦੁਰਮਤਿ**

ਗੁਰਮਤਾ: ਗੁਰਮਤੇ ਦਾ ਮਾਅਨਾ ਹੈ: ਗੁਰੂ ਦੀ ਮਤ (ਸਿੱਖਿਆ) ਮੁਤਾਬਿਕ ਵਿਚਾਰ ਕਰ ਕੇ ਫ਼ੈਸਲੇ 'ਤੇ ਅਪੜਨਾ। ਕੌਮੀ ਸਿੱਖ ਨੁਕਤਿਆਂ ਦੇ ਸਬੰਧ ਵਿਚ ਜਦੋਂ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਸਾਰਿਆਂ ਦੀ ਰਜ਼ਾਮੰਦੀ ਹੋ ਜਾਂਦੀ ਹੈ, ਤਾਂ ਉਹ ਗੁਰਮਤਾ ਬਣ ਜਾਂਦਾ ਹੈ। ਗੁਰਮਤਾ ਦੀ ਰਿਵਾਇਤ ਅਠਾਰਵੀਂ ਸਦੀ ਵਿਚ ਉਦੋਂ ਸ਼ੁਰੂ ਹੋਈ ਸੀ ਜਦ ਸਿੱਖਾਂ ਨੂੰ ਕੌਮ ਦੇ ਸਿਆਸੀ, ਫ਼ੌਜੀ ਤੇ ਹੋਰ ਨੁਕਤਿਆਂ 'ਤੇ ਇਕ ਸਾਂਝੀ ਰਾਏ ਬਣਾਉਣੀ ਹੁੰਦੀ ਸੀ। ਅਜਿਹਾ ਕਰਨ ਵਾਸਤੇ ਸਾਰੇ ਸਿੱਖ ਜੱਥਿਆਂ ਦਾ ਇਕ ਸਾਂਝਾ ਇਕੱਠ ਸਰਬਤ ਖਾਲਸਾ ਦੇ ਨਾਂ ਹੇਠ ਕੀਤਾ ਜਾਂਦਾ ਸੀ ਤੇ ਇਸ ਇਕੱਠ ਵਿਚ ਬਣੀ ਸਾਂਝੀ ਰਾਏ ਨੂੰ ਗੁਰਮਤਾ ਕਿਹਾ ਜਾਂਦਾ ਸੀ। ਪਾਸ ਹੋਣ ਮਗਰੋਂ ਇਸ ਗੁਰਮਤੇ ਨੂੰ ਖਾਲਸਾ ਫ਼ੌਜਾਂ ਦੇ ਜਥੇਦਾਰ ਵੱਲੋਂ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕਰ ਦਿੱਤਾ ਜਾਦਾ ਸੀ। ਉਦੋਂ ਅਕਾਲ ਤਖ਼ਤ ਦਾ ਕੋਈ ਅਖੌਤੀ ਜਥੇਦਾਰ ਜਾਂ ਕੋਈ ਹੋਰ ਪੁਜਾਰੀ ਨਹੀਂ ਸੀ ਹੁੰਦਾ। ਖਾਲਸਾ ਫ਼ੌਜਾਂ ਦਾ ਜਥੇਦਾਰ ਖ਼ੁਦ ਆਪ ਜਾਂ ਕੋਈ ਪੰਜ ਸਿੱਖ ਮੁਖੀ/ਸਿਰਦਾਰ/ਆਗੂ (ਪੰਜ ਪਿਆਰਿਆਂ ਦੇ ਨਾਂ 'ਤੇ) ਆਪਣੀ ਮਰਜ਼ੀ ਨਾਲ ਗੁਰਮਤਾ ਜਾਂ ਅਖੌਤੀ ਹੁਕਮਨਾਮਾ ਨਹੀਂ ਸਨ ਜਾਰੀ ਕਰ ਸਕਦੇ। ਉਹ ਫੈਸਲੇ ਜੋ ਸਾਰੀ ਸਿੱਖ ਕੌਮ ਨਾਲ ਸਬੰਧਿਤ ਨਹੀਂ ਹੁੰਦੇ ਸਨ, ਉਨ੍ਹਾਂ ਨੂੰ ਸਿਰਫ਼ ਮਤਾ ਕਿਹਾ ਜਾਂਦਾ ਸੀ। ਹੋਰ ਦੇਖੋ: **ਹੁਕਮਨਾਮਾ** ਅਤੇ **ਮਤਾ**।

ਗੁਰਮੁਖ: ਇਸ ਦਾ ਲਫ਼ਜ਼ੀ ਮਾਅਨਾ ਹੈ: ਉਹ ਇਨਸਾਨ ਜਿਸ ਦਾ ਮੁੱਖ ਗੁਰੂ ਵੱਲ ਹੋਵੇ। ਦੂਜੇ ਲਫ਼ਜ਼ਾਂ ਵਿਚ ਉਹ ਜੋ ਗੁਰੂ ਦੇ ਮੁਖ (ਤੋਂ ਨਿਕਲੇ ਪੈਗ਼ਾਮ) ਵੱਲ ਦੇਖਦਾ ਹੈ, ਯਾਨਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਮੰਨਦਾ ਹੈ ਅਤੇ ਆਪਣੇ

ਮਨ ਦੀ ਥਾਂ ਗੁਰੂ ਦੀ ਸਿੱਖਿਆ ਮੁਤਾਬਿਕ ਆਪਣਾ ਜੀਵਨ ਜੀਂਦਾ ਹੈ। ਗੁਰਮੁਖ ਦੀ ਜ਼ਿੰਦਗੀ ਦੇ ਹਰ ਮੋੜ 'ਤੇ ਗੁਰੂ ਹਿਫ਼ਾਜ਼ਤ ਕਰਦਾ ਹੈ ਤੇ ਰੱਬ ਵੀ ਉਸ 'ਤੇ ਮਿਹਰਬਾਨ ਰਹਿੰਦਾ ਹੈ। ਇਸ ਦਾ ਉਲਟ **ਮਨਮੁਖ** ਹੈ, ਜਿਸ ਦਾ ਮੁਖ ਆਪਣੇ (ਮਨ) ਵੱਲ ਹੁੰਦਾ ਹੈ, ਯਾਨਿ ਜੋ ਆਪਣੇ ਮਨ ਦੀਆਂ ਖ਼ਾਹਿਸ਼ਾਵਾਂ ਪਿਛੇ ਲੱਗਦਾ ਹੈ। ਉਸ ਵਾਸਤੇ ਰੱਬ, ਧਰਮ, ਇਨਸਾਨੀਅਤ, ਪਰਉਪਕਾਰ, ਇਨਸਾਫ਼ ਦੀ ਕੋਈ ਅਹਿਮੀਅਤ ਨਹੀਂ ਹੁੰਦੀ।ਸਿੱਖ ਫ਼ਲਸਫ਼ੇ ਮੁਤਾਬਿਕ ਸਾਰੀ ਲੋਕਾਈ ਦੋ ਕਿਸਮਾਂ ਵਿਚ ਵੰਡੀ ਜਾ ਸਕਦੀ ਹੈ: ਗੁਰਮੁਖ (ਗੁਰੂ ਦੀ ਮਤਿ 'ਤੇ ਅਮਲ ਕਰਨ ਵਾਲੇ) ਅਤੇ ਮਨਮੁੱਖ (ਮਨ ਦੀਆਂ ਖ਼ਾਹਿਸ਼ਾਂ ਦੇ ਪਿੱਛੇ ਚੱਲਣ ਵਾਲੇ)।

> ***ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਜਿ ਸੁਭਾਇ॥*** *ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ ॥ ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ॥ ਮਨਮੁਖ ਊਭੇ ਸੁਕਿ ਗਏ, ਨਾ ਫਲੁ ਤਿੰਨਾ ਛਾਉ॥ ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ॥ ਕਟੀਅਹਿ ਤੈ ਨਿਤ ਜਾਲੀਅਹਿ, ਓਨ੍ਹਾ ਸਬਦੁ ਨ ਨਾਉ॥ ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ॥ ਹੁਕਮੇ ਦਰਸਨੁ ਦੇਖਣਾ, ਜਹ ਭੇਜਹਿ ਤਹ ਜਾਉ ॥ ਹੁਕਮੇ ਹਰਿ ਹਰਿ ਮਨਿ ਵਸੈ ਹੁਕਮੇ ਸਚਿ ਸਮਾਉ॥ ਹੁਕਮੁ ਨਾ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ ॥ ਮਨ ਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ॥ ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ॥* ***ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ॥*** *ਸਚੀ ਭਗਤੀ ਸਚਿ ਰਤੇ ਦਰਿ ਸਚੈ ਸਚਿਆਰ॥ ਆਏ ਸੇ ਪਰਵਾਣੁ ਹੈ ਸਭ ਕੁਲ ਕਾ ਕਰਹਿ ਉਧਾਰੁ॥*
> *(ਸਫ਼ਾ 66)*

> *ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥ ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥ ਵਾਤ ਵਜਨਿ ਟੰਮਕ ਭੇਰੀਆ॥ ਮਲ ਲਥੇ ਲੈਦੇ ਫੇਰੀਆ॥ ਨਿਹਤੇ ਪੰਜਿ ਜੁਆਨ ਮੈ, ਗੁਰਿ ਥਾਪੀ ਦਿਤੀ ਕੰਡਿ ਜੀਉ॥ ਸਭ ਇਕਠੇ ਹੋਇ ਆਇਆ॥ ਘਰਿ ਜਾਸਨਿ ਵਾਟ ਵਟਾਇਆ॥* ***ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ॥*** *(ਸਫ਼ਾ 74)*

> *ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ॥* ***ਮਨਮੁਖੁ ਰਲਾਇਆ ਨਾ ਰਲੈ, ਪਇਐ ਕਿਰਤਿ ਫਿਰਾਇ॥*** *ਲਿਵ ਧਾਤੁ ਦੁਇ ਰਾਹ ਹੈ, ਹੁਕਮੀ ਕਾਰ ਕਮਾਇ॥* ***ਗੁਰਮੁਖਿ ਆਪਣਾ ਮਨੁ ਮਾਰਿਆ, ਸਬਦਿ ਕਸਵਟੀ ਲਾਇ॥*** *ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ, ਮਨ ਹੀ ਮੰਝਿ ਸਮਾਇ॥ ਮਨੁ ਜੋ ਇਛੇ ਸੋ ਲਹੈ, ਸਚੈ ਸਬਦਿ ਸੁਭਾਇ॥ ਅੰਮ੍ਰਿਤ ਨਾਮੁ ਸਦ ਭੁੰਚੀਐ, ਗੁਰਮੁਖਿ ਕਾਰ ਕਮਾਇ॥ ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ, ਜਾਸੀ ਜਨਮੁ ਗਵਾਇ॥* ***ਮਨਮੁਖੀ ਮਨ ਹਠਿ ਹਾਰਿਆ, ਕੂੜੁ ਕੁਸਤੁ ਕਮਾਇ ॥*** *ਗੁਰ ਪਰਸਾਦੀ ਮਨੁ ਜਿਣੈ ਹਰਿ ਸੇਤੀ ਲਿਵ ਲਾਇ॥ ਨਾਨਕ* ***ਗੁਰਮੁਖਿ ਸਚੁ ਕਮਾਵੈ, ਮਨਮੁਖਿ ਆਵੈ ਜਾਇ॥*** *(ਸਫ਼ਾ 87)*

> ***ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ॥*** *ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ॥* ***ਗੁਰਮੁਖਿ ਕਾਰ ਸਚੁ ਕਮਾਵਹਿ*** *ਸਚੇ ਸਚਿ ਸਮਾਵਣਿਆ॥ ਗੁਰਮੁਖਿ ਥਾਪੇ ਥਾਪਿ ਉਥਾਪੇ॥ ਗੁਰਮੁਖਿ ਜਾਤਿ ਪਤਿ ਸਭੁ ਆਪੇ॥ ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ॥ (ਸਫ਼ਾ 117)*

> ***ਗੁਰਮੁਖਿ ਸੇਵਾ ਪ੍ਰਾਨ ਅਧਾਰਾ॥*** *ਹਰਿ ਜੀਉ ਰਾਖਹੁ ਹਿਰਦੈ ਉਰਧਾਰਾ॥ ਗੁਰਮੁਖਿ ਸੋਭਾ*

ਸਾਚ ਦੁਆਰਾ॥ ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥ ਗੁਰਮੁਖਿ ਭਉਜਲੁ ਉਤਰਹੁ ਪਾਰਾ॥ ਰਹਾਉ॥ ਗੁਰਮੁਖਿ ਵਿਚਹੁ ਹਉਮੈ ਜਾਇ॥ ਗੁਰਮੁਖਿ ਮੈਲੁ ਨ ਲਾਗੈ ਆਇ॥ ਗੁਰਮੁਖਿ ਨਾਮੁ ਵਸੈ ਮਨਿ ਆਇ॥ ***ਗੁਰਮੁਖਿ ਕਰਮ ਧਰਮ ਸਚਿ ਹੋਈ॥ ਗੁਰਮੁਖਿ ਅਹੰਕਾਰੁ ਜਲਾਏ ਦੋਈ॥*** *ਗੁਰਮੁਖਿ ਨਾਮਿ ਰਤੇ ਸੁਖੁ ਹੋਈ॥ ਆਪਣਾ ਮਨੁ ਪਰਬੋਧਹੁ ਬੂਝਹੁ ਸੋਈ॥ ਲੋਕ ਸਮਝਾਵਹੁ ਸੁਣੇ ਨ ਕੋਈ॥ ਗੁਰਮੁਖਿ ਸਮਝਹੁ ਸਦਾ ਸੁਖੁ ਹੋਈ॥ (ਸਫ਼ਾ 230)*

ਹੋਰ ਵੇਖੋ: ਗੁਰੂ ਗ੍ਰੰਥ ਸਾਹਿਬ ਦੇ ਸਫ਼ੇ 232, 429, 512, 590, 647, 649, 653, 757, 941, 1073, 1250, 1414 ਵਗ਼ੈਰਾ) ਅਤੇ ਭਾਈ ਗੁਰਦਾਸ ਦੀਆਂ ਵਾਰਾਂ (6, 7, 12, 13, 19, 22 ਵਗ਼ੈਰਾ)।

ਗੁਰਮੁਖੀ ਦਸਤਾਰਾ: ਕੋਣ ਵਾਲੀ ਦਸਤਾਰ ਦੇ ਮੁਕਾਬਲੇ ਵਿਚ ਗੋਲ ਦਸਤਾਰ ਨੂੰ ਆਮ ਤੌਰ 'ਤੇ ਗੁਰਮੁਖੀ ਦਸਤਾਰਾ ਕਿਹਾ ਜਾਂਦਾ ਹੈ। ਇਹ ਸਾਦਗੀ ਵੱਲ ਇਸ਼ਾਰਾ ਕਰਦੀ ਹੈ, ਜੋ ਅੱਜ ਕਲ੍ਹ ਬਹੁਤ ਜਿਆਦਾ ਪ੍ਰਚਲਿਤ ਹੈ। ਉੱਨੀਵੀਂ ਸਦੀ ਦੇ ਪਹਿਲੇ ਅੱਧ ਤੋਂ ਪਹਿਲਾਂ ਸਿੱਖਾਂ ਵਿਚ ਗੋਲ ਦਸਤਾਰ ਦਾ ਰਿਵਾਜ਼ ਸੀ। ਉਂਞ ਸਿੱਖ ਨੂੰ ਕੋਈ ਹਦਾਇਤ/ਪਾਬੰਦੀ ਨਹੀਂ ਕਿ ਉਹ ਦਸਤਾਰ ਕਿਸ ਤਰੀਕੇ ਨਾਲ ਸਜਾਵੇ।

ਗੁਰਮੁਖੀ ਲਿੱਪੀ: ਗੁਰਮੁਖੀ ਦਾ ਲਫ਼ਜ਼ੀ ਮਾਅਨਾ ਹੈ: "ਗੁਰੂ ਦੇ ਮੁਖ ਤੋਂ (ਨਿਕਲੀ ਹੋਈ)" ਇਹ ਪੰਜਾਬੀ ਜ਼ਬਾਨ ਦੀ ਆਪਣੀ ਨਿਵੇਕਲੀ ਲਿਪੀ ਹੈ। ਪਾਕਿਸਤਾਨ ਵਿਚ, ਪੰਜਾਬੀ, ਆਮ ਤੌਰ 'ਤੇ, ਫ਼ਾਰਸੀ ਖ਼ਤ (ਲਿੱਪੀ) ਵਿਚ ਲਿਖੀ ਜਾਂਦੀ ਹੈ, ਜੋ ਪੰਜਾਬੀ ਜ਼ਬਾਨ ਵਾਸਤੇ ਪੂਰੀ ਤਰ੍ਹਾਂ ਢੁਕਵੀਂ ਨਹੀਂ ਹੈ। ਮੌਜੂਦਾ ਗੁਰਮੁਖੀ ਲਿੱਪੀ, ਪ੍ਰਾਚੀਨ ਲਿੱਪੀਆਂ ਬ੍ਰਹਮੀ, ਸ਼ਾਰਦਾ, ਲੰਡੇ, ਟਾਕਰੀ ਲਿੱਪੀਆਂ ਤੋਂ ਅੱਠਵੀਂ ਅਤੇ ਨੌਵੀਂ ਸਦੀਆਂ ਵਿਚ ਵਿਕਸਤ ਹੋਣੀ ਸ਼ੁਰੂ ਹੋਈ ਸੀ। ਇਸ ਲਿੱਪੀ ਨੂੰ ਗੁਰਮੁਖੀ ਦੇ ਨਾਂ ਨਾਲ ਇਸ ਕਰ ਕੇ ਜਾਣਿਆ ਜਾਣ ਲੱਗਾ ਸੀ, ਕਿਉਂਕਿ ਗੁਰੂ ਨਾਨਕ ਸਾਹਿਬ ਨੇ ਇਸ ਨੂੰ ਆਮ ਲੋਕਾਂ ਦੀ ਲਿੱਪੀ ਬਣਾ ਦਿੱਤਾ ਸੀ। ਫਿਰ ਗੁਰੂ ਅੰਗਦ ਸਾਹਿਬ ਨੇ ਤਾਂ ਬੱਚਿਆਂ ਨੂੰ ਪੜ੍ਹਾਈ ਵੀ ਇਸ ਲਿੱਪੀ ਵਿਚ ਕਰਵਾਉਣੀ ਸ਼ੁਰੂ ਕਰ ਦਿੱਤੀ ਸੀ। ਉੱਨੀਵੀਂ ਸਦੀ ਵਿਚ ਛਾਪੇ ਦੀ ਸ਼ੁਰੂਆਤ ਤੋਂ ਮਗਰੋਂ ਇਸ ਦਾ ਮੁਹਾਂਦਰਾ ਹੋਰ ਵੀ ਸੁਧਰ ਗਿਆ ਸੀ। ਗੁਰਮੁਖੀ ਲਿੱਪੀ ਦੇ 35 ਅੱਖਰ ਹਨ ਜਿਨ੍ਹਾਂ ਵਿਚ ਤਿੰਨ ਸੂਰ ਹਨ। ਇਸ ਤੋਂ ਇਲਾਵਾ ਹੁਣ ਪੰਜ ਅੱਖਰਾਂ (ਸ, ਖ, ਗ, ਜ, ਫ) ਦੇ ਪੈਰਾਂ ਵਿਚ ਫ਼ਾਰਸੀ ਆਵਾਜ਼ ਬਣਾਉਣ ਵਾਸਤੇ ਉਸ ਅੱਖਰ ਦੇ ਪੈਰ ਵਿਚ ਬਿੰਦੀ ਲਾਈ ਜਾਂਦੀ ਹੈ, ਜਿਵੇਂ 'ਸ' ਦੇ ਪੈਰ ਵਿਚ ਬਿੰਦੀ ਲਾਉਣ ਨਾਲ ਇਹ 'ਸ਼' ਬਣ ਜਾਦਾ ਹੈ। ਇਸ ਤੋ ਇਲਾਵਾ ਕੁਝ ਵਿਦਵਾਨ 'ਕ' ਅਤੇ 'ਲ' ਦੇ ਪੈਰ ਵਿਚ ਵੀ ਬਿੰਦੀ ਪਾਉਂਦੇ ਹਨ ਕਿਉਂ ਕਿ ਫ਼ਾਰਸੀ ਦੇ ਕੁਝ ਲਫ਼ਜ਼ਾਂ ਵਿਚ ਬਿੰਦੀ ਵਾਲਾ 'ਕ' ਲਗਦਾ ਹੈ ਜਿਵੇਂ ਮੁਕੱਦਰ ਵਿਚ ਕ। ਇੰਞ ਹੀ ਪੰਜਾਬੀ ਵਿਚ ਕਈ ਲਫ਼ਜ਼ਾਂ ਵਿਚ ਪੈਰਾਂ ਵਿਚ ਬਿੰਦੀ ਵਾਲਾ 'ਲ' ਹੀ ਠੀਕ ਆਵਾਜ਼ ਦੇਂਦਾ ਹੈ ਜਿਵੇਂ ਮੇਲ। ਸਿੱਖ-ਵਿਰੋਧੀ ਤੇ ਪੰਜਾਬੀ-ਵਿਰੋਧੀ ਫ਼ਿਰਕੂ ਹਿੰਦੂਆਂ ਵੱਲੋਂ ਕਈ ਵਾਰ ਪੰਜਾਬੀ ਨੂੰ ਦੇਵਨਾਗਰੀ (ਸੰਸਕ੍ਰਿਤ-ਹਿੰਦੀ ਦੀ) ਲਿੱਪੀ ਵਿਚ ਲਿਖਣ ਦੀ ਸਾਜਿਸ਼ ਵੀ ਹੁੰਦੀ ਰਹੀ ਹੈ ਪਰ ਉਹ ਕਾਮਯਾਬ ਨਹੀਂ ਹੋ ਸਕੇ। ਉਂਞ ਵੀ ਗੁਰਮੁਖੀ ਤੋਂ ਇਲਾਵਾ ਕੋਈ ਵੀ ਹੋਰ ਲਿੱਪੀ ਪੰਜਾਬੀ ਜ਼ਬਾਨ ਵਾਸਤੇ ਢੁਕਵੀਂ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਭਾਵੇਂ ਅਨੇਕਾਂ ਜ਼ਬਾਨਾਂ ਹਨ ਪਰ ਉਹ ਸਾਰੀਆਂ

ਗੁਰਮੁਖੀ ਲਿੱਪੀ ਵਿਚ ਲਿਖੀਆਂ ਹੋਈਆਂ ਹਨ। ਗੁਰਮੁਖੀ ਲਿੱਪੀ ਦੀ ਇਕ ਖ਼ਾਸੀਅਤ ਇਹ ਹੈ ਕਿ ਦੁਨੀਆਂ ਦੀ ਤਕਰੀਬਨ ਹਰ ਜ਼ਬਾਨ ਇਸ ਖ਼ਤ (ਲਿੱਪੀ) ਵਿਚ ਲਿਖੀ ਜਾ ਸਕਦੀ ਹੈ।

1947 ਤੋਂ ਬਾਅਦ ਪੂਰਬੀ ਪੰਜਾਬ ਦੇ ਫ਼ਿਰਕਾਪ੍ਰਸਤ ਹਿੰਦੂਆਂ ਅਤੇ ਪੱਛਮੀ ਪੰਜਾਬ ਦੇ ਫ਼ਿਰਕੂ ਮੁਸਲਮਾਨਾਂ ਨੇ, ਪੰਜਾਬੀ ਨਾਲ਼ ਨਫ਼ਰਤ ਹੋਣ ਕਾਰਨ, ਪੰਜਾਬੀ ਜ਼ਬਾਨ ਅਤੇ ਗੁਰਮੁਖੀ ਲਿੱਪੀ ਨੂੰ ਅਪਣਾਉਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਇਹ ਪ੍ਰਚਾਰ ਕੀਤਾ ਸੀ ਕਿ ਪੰਜਾਬੀ ਜ਼ਬਾਨ ਅਤੇ ਗੁਰਮੁਖੀ ਲਿੱਪੀ ਸਿਰਫ਼ ਸਿੱਖਾਂ ਦੀ ਹੈ।

ਗੁਰ ਪ੍ਰਤਾਪ ਸੂਰਜ ਗ੍ਰੰਥ: ਭਾਈ ਸੰਤੋਖ ਸਿੰਘ ਵੱਲੋਂ ਲਿਖਿਆ ਗਿਆ ਇਹ 'ਗ੍ਰੰਥ' (ਕਿਤਾਬ) ਕਵਿਤਾ ਵਿਚ ਸਿੱਖ ਤਵਾਰੀਖ਼ ਹੈ। 1843 ਵਿਚ ਮੁਕੰਮਲ ਹੋਈ ਇਸ ਲਿਖਤ ਨੂੰ 'ਸੂਰਜ ਪ੍ਰਕਾਸ਼' ਵੀ ਕਿਹਾ ਜਾਂਦਾ ਹੈ। ਤਵਾਰੀਖ਼ੀ ਨਜ਼ਰੀਏ ਤੋਂ ਦੇਖਣ ਨਾਲ ਇਹ ਗ਼ਲਤ ਤੱਥਾਂ ਅਤੇ ਫ਼ਿਲਾਸਫ਼ੀ ਦੀਆਂ ਬੇਹਿਸਾਬ ਗ਼ਲਤੀਆਂ ਨਾਲ ਭਰਿਆ ਹੋਇਆ ਹੈ। ਸੰਤੋਖ ਸਿੰਘ ਦੇ ਹਿਮਾਇਤੀਆਂ ਮੁਤਾਬਿਕ ਇਹ ਗਲਤੀਆਂ ਉਸ ਦੇ ਉਨ੍ਹਾਂ ਹਿੰਦੂ ਚੇਲਿਆਂ ਨੇ ਕੀਤੀਆਂ ਸਨ ਜੋ ਉਸ ਨੇ ਮਦਦ ਕਰਨ ਵਾਸਤੇ ਰੱਖੇ ਹੋਏ ਸਨ। ਪਰ ਬਹੁਤੇ ਵਿਦਵਾਨ ਤੇ ਖੋਜੀਆਂ ਮੁਤਾਬਿਕ ਸੰਤੋਖ ਸਿੰਘ ਖ਼ੁਦ ਇਕ ਨਿਰਮਲਾ ਲੇਖਕ ਸੀ ਤੇ ਉਸ ਨੇ ਸਾਰਾ ਕੁਝ ਜਾਣ ਬੁਝ ਕੇ ਲਿਖਿਆ ਸੀ। ਸੰਤੋਖ ਸਿੰਘ ਦੀ ਇਹ ਰਚਨਾ ਚੌਕਸੀ ਨਾਲ ਪੜ੍ਹਨੀ ਚਾਹੀਦੀ ਹੈ। ਕਿਉਂਕਿ ਆਮ ਲੋਕ ਸੱਚ ਤੇ ਝੂਠ ਨੂੰ ਵੱਖਰਿਆਂ ਨਹੀਂ ਸਕਦੇ ਇਸ ਕਰ ਕੇ ਇਸ ਨੂੰ ਆਮ ਲੋਕਾਂ ਤੋਂ ਦੂਰ ਰੱਖਣ ਦੀ ਲੋੜ ਹੈ। ਪਰ ਅਜੀਬ ਗੱਲ ਇਹ ਹੈ ਕਿ, 20ਵੀਂ ਸਦੀ ਦੇ ਪਹਿਲੇ ਅੱਧ ਤਕ, ਹਰ ਰੋਜ਼ ਸ਼ਾਮ ਦੇ ਸਮੇਂ ਬਹੁਤ ਸਾਰੇ ਗੁਰਦੁਆਰਿਆਂ ਵਿਚ ਇਸ ਕਿਤਾਬ ਦਾ 'ਪਾਠ' ਅਤੇ ਵਿਆਖਿਆ ਕੀਤੀ ਜਾਂਦੀ ਹੈ, ਜਿਸ ਨਾਲ ਸਿੱਖ ਤਵਾਰੀਖ਼ ਦੀਆਂ ਬਹੁਤ ਸਾਰੀਆਂ ਗ਼ਲਤੀਆਂ ਨੂੰ ਕੁਝ ਭੋਲੇ ਲੋਕ 'ਅਸਲ' ਤਵਾਰੀਖ਼ ਮੰਨਣ ਲਗ ਪਏ ਸਨ ਤੇ ਅੱਜ ਉਸ ਕੂੜ ਨੂੰ ਰੱਦ ਕਰ ਕੇ ਸੱਚ ਪੇਸ਼ ਕਰਨ ਤੋਂ ਸਿਰਫ਼ ਲੀਡਰ ਹੀ ਨਹੀਂ ਬਲਕਿ ਕਮਜ਼ੋਰ ਲਿਖਾਰੀ ਵੀ ਤਰਾਹੁੰਦੇ ਹਨ। ਕੁਝ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਨੇ ਡਾਕਟਰ ਕਿਰਪਾਲ ਸਿੰਘ ਨੂੰ ਇਸ ਕਿਤਾਬ ਦੀ 'ਸੁਧਾਈ' 'ਤੇ ਲਾ ਦਿੱਤਾ ਸੀ, ਪਰ ਕਈ ਲੱਖ ਰੁਪੇ ਖ਼ਰਚ ਕਰਨ ਦੇ ਬਾਵਜੂਦ ਇਸ ਦਾ ਕੋਈ ਫ਼ਾਇਦਾ ਨਹੀਂ ਹੋਇਆ।

ਗੁਰਪੁਰਬ: ਉਹ ਦਿਨ, ਜੋ ਗੁਰੂ ਸਾਹਿਬਾਂ ਦੇ ਜਨਮ ਦਿਨਾਂ ਨਾਲ ਸਬੰਧਤ ਹੁੰਦੇ ਹਨ ਉਨ੍ਹਾਂ ਨੂੰ ਗੁਰਪੁਰਬ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਗੁਰੂ ਸਾਹਿਬਾਨ ਦੇ ਗੁਰਗੱਦੀ ਦਿਨ ਤੇ ਸ਼ਹੀਦੀ ਦਿਨ ਵੀ ਸ਼ਾਮਿਲ ਹਨ। ਗੁਰਪੁਰਬ ਦੇ ਮੌਕੇ 'ਤੇ ਸਿੱਖ ਗੁਰਦੁਆਰਿਆਂ ਵਿਚ ਇਕੱਠੇ ਹੁੰਦੇ ਹਨ ਤੇ ਕੀਰਤਨ ਕਰਦੇ ਹਨ। ਸਿੱਖ ਤਵਾਰੀਖ਼ ਅਤੇ ਸਿੱਖ ਫਿਲਾਸਫੀ ਦੇ ਲੈਕਚਰ ਅਤੇ ਸ਼ਬਦਾਂ ਦੀ ਕਥਾ ਵੀ ਇਨ੍ਹਾਂ ਪ੍ਰੋਗਰਾਮਾਂ ਦਾ ਹਿੱਸਾ ਹੁੰਦੀ ਹੈ। ਕੁਝ ਮੌਕਿਆਂ 'ਤੇ, ਕੁਝ ਥਾਵਾਂ 'ਤੇ, ਜਲੂਸ (ਜਿਸ ਨੂੰ ਨਗਰ ਕੀਰਤਨ ਕਿਹਾ ਜਾਂਦਾ ਹੈ) ਵੀ ਕੱਢੇ ਜਾਂਦੇ ਹਨ। ਗੁਰੂ ਸਾਹਿਬਾਂ ਨਾਲ ਸਬੰਧਿਤ ਦਿਨਾਂ ਤੋਂ ਇਲਾਵਾ, ਸਿੱਖ ਆਪਣੇ ਜਰਨੈਲਾਂ ਅਤੇ ਸ਼ਹੀਦਾਂ ਦੇ ਸ਼ਹੀਦੀ ਦਿਹਾੜੇ ਵੀ ਮਨਾਉਂਦੇ ਹਨ। ਸਿੱਖ ਗੁਰਪੁਰਬ

ਅਤੇ ਆਮ ਤਿਓਹਾਰ ਵਿਚ ਚੋਖਾ ਫ਼ਰਕ ਹੈ। (ਵਧੇਰੇ ਜਾਣਕਾਰੀ ਵਾਸਤੇ ਪੜ੍ਹੋ ਕਿਤਾਬ: 'ਸਿੱਖ ਫ਼ਿਲਾਸਫ਼ੀ ਕੀ ਹੈ ਤੇ ਹੋਰ ਲੇਖ' ਵਿਚਲਾ ਲੇਖ 'ਸਿੱਖ ਤਿਓਹਾਰ')। ਹੋਰ ਦੇਖੋ: **ਤਿਉਹਾਰ**

ਗੁਰਮੰਤਰ: ਦੇਖੋ: **ਮੂਲ ਮੰਤਰ**

ਗੁਰੂ: ਸਿੱਖ ਅਕੀਦੇ ਵਿਚ, ਗੁਰੂ ਸ਼ਬਦ ਅਕਾਲ ਪੁਰਖ (ਰੱਬ), ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਵਾਸਤੇ ਵਰਤਿਆ ਜਾਂਦਾ ਹੈ। 'ਗੁਰੂ' ਦਾ ਲਫ਼ਜ਼ੀ ਮਾਅਨਾ ਹੈ: 'ਗੁ' (ਹਨੇਰਾ) ਨੂੰ 'ਰੂ' (ਦੂਰ) ਕਰਨ ਵਾਲਾ। ਸਿੱਖ ਧਰਮ ਵਿਚ ਇਹ ਲਫ਼ਜ਼ ਕਿਸੇ ਵੀ ਇਨਸਾਨ ਵਾਸਤੇ ਨਹੀਂ ਵਰਤਿਆ ਜਾ ਸਕਦਾ। ਸਿੱਖ ਧਰਮ ਮੁਤਾਬਿਕ ਗੁਰੂ ਅਤੇ ਰੱਬ ਇੱਕ ਹਨ। ਗੁਰੂ ਰੱਬ ਹੈ ਅਤੇ ਰੱਬ ਗੁਰੂ ਹੈ। ਸਿੱਖ ਧਰਮ ਵਿਚ, ਗੁਰੂ ਮੁਕਤੀ ਦਾ ਰਸਤਾ ਦੱਸਣ ਵਾਲਾ ਹੈ। ਗੁਰੂ, ਰੱਬ ਬਾਰੇ, ਉਸ ਦੀ ਰਚਨਾ (ਦੁਨੀਆਂ) ਬਾਰੇ, ਅਤੇ ਇਨਸਾਨ ਦੀ ਹੋਂਦ ਬਾਰੇ ਰਹੱਸਮਈ ਗਿਆਨ ਦਿੰਦਾ ਹੈ।

ਸਿੱਖ ਧਰਮ ਵਿਚ ਸ਼ਬਦ (ਗੁਰੂ ਗ੍ਰੰਥ ਸਾਹਿਬ ਦੀ ਬਾਣੀ) ਸਦੀਵੀ ਗੁਰੂ ਹੈ। ਗੁਰੂ ਲਫ਼ਜ਼ ਦਸ ਗੁਰੂਆਂ ਵਾਸਤੇ ਵੀ ਵਰਤਿਆ ਜਾਂਦਾ ਹੈ। ਸਾਰੇ ਦਸ ਗੁਰੂਆਂ ਇੱਕ ਜੋਤ/ਰੂਹ ਸੀ ਭਾਵੇਂ ਉਹ ਸਰੀਰਕ ਤੌਰ ਤੇ ਅਲੱਗ ਵਜੂਦ ਸਨ। ਜਦ ਇਕ ਗੁਰੂ ਆਪਣੇ ਵਾਰਿਸ ਨੂੰ ਗੱਦੀ ਦਿੰਦਾ ਸੀ ਤਾਂ ਉਹ ਆਪਣੀ ਜੋਤਿ (ਰੌਸ਼ਨੀ, ਗਿਆਨ, ਤਜਰਬਾ, ਸੂਝ) ਵੀ ਉਸ ਵਿਚ ਟਿਕਾ ਦੇਂਦਾ ਸੀ। ਸਿੱਖ ਦਸ ਗੁਰੂਆਂ ਦਾ ਸਤਿਕਾਰ ਕਰਦੇ ਹਨ ਪਰ ਪੂਜਾ ਸਿਰਫ਼ ਸ਼ਬਦ ਦੀ ਹੀ ਕਰਦੇ ਹਨ।

ਸਿੱਖ ਧਰਮ ਵਿਚ **ਵਾਹਿਗੁਰੂ, ਸਤਿਗੁਰੂ** ਅਤੇ **ਗੁਰੂ** ਦੇ ਸਤਿਕਾਰ (ਇੱਜ਼ਤ ਤੇ ਪਿਆਰ) ਦਾ ਮਤਲਬ ਉਸ ਦੀ ਸਿਖਿਆ 'ਤੇ ਅਮਲ ਕਰਨਾ ਹੈ ਨਾ ਕਿ ਕਰਮ-ਕਾਂਡ ਵਾਲੀ ਕੋਈ ਕਾਰਵਾਈ ਕਰਨਾ।ਸਿੱਖ ਫ਼ਲਸਫ਼ੇ ਮੁਤਾਬਿਕ ਗੁਰੂ ਸਾਹਿਬਾਨ ਰੱਬ ਦੇ ਅਵਤਾਰ ਨਹੀਂ ਸਨ ਤੇ ਨਾ ਹੀ ਰੱਬ ਦੇ ਪੁੱਤਰ। ਉਹ ਤਾਂ ਇਨਸਾਨ ਸਨ ਜੋ ਲੋਕਾਈ ਨੂੰ ਰੱਬ ਦਾ ਸੁਨੇਹਾ ਦੇਣ ਲਈ ਆਏ ਸਨ। ਸਿੱਖ ਧਰਮ ਰੱਬ ਦੇ ਇਨਸਾਨੀ ਜਾਮੇ ਵਿਚ ਆਉਣ ਦੇ ਵਿਚਾਰ ਨੂੰ ਰੱਦ ਕਰਦਾ ਹੈ। ਦਸ ਗੁਰੂ ਸਾਹਿਬ ਲਈ ਇੱਜ਼ਤ ਅਤੇ ਅਦਬ, ਪੂਜਾ ਦੀ ਤਰ੍ਹਾਂ ਨਹੀਂ ਹੋਣੇ ਚਾਹੀਦੇ। ਗੁਰੂ ਸਾਹਿਬ ਦੀਆਂ ਫ਼ੋਟੋਆਂ ਦੀ ਪੂਜਾ (ਉਨ੍ਹਾਂ ਅੱਗੇ ਮੱਥਾ ਟੇਕਣਾ) ਵੀ ਸਿੱਖ ਫ਼ਿਲਾਸਫ਼ੀ ਦੇ ਵਿਰੁੱਧ ਹੈ। ਗੁਰੂ ਸਾਹਿਬ ਦੀਆਂ ਇਹ ਕਲਪਿਤ ਫ਼ੋਟੋਆਂ ਗੁਰਦੁਆਰਿਆਂ ਵਿਚ ਨਹੀਂ ਰੱਖਣੀਆਂ ਚਾਹੀਦੀਆਂ ਪਰ ਬਹੁਤ ਸਾਰੇ ਬੇਸਮਝ ਸਿੱਖ ਇਨ੍ਹਾਂ ਫ਼ੋਟੋਆਂ ਨੂੰ ਆਪਣੇ ਘਰਾਂ ਵਿਚ ਵੀ ਰੱਖਦੇ ਹਨ।

ਗੁਰੂ ਲਫ਼ਜ਼ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਾਸਤੇ ਵੀ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਸਦੀਵੀ ਗੁਰੂ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ 6 ਅਕਤੂਬਰ 1708 ਨੂੰ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦੇ ਸਦੀਵੀ ਗੁਰੂ ਦੇ ਤੌਰ ਤੇ ਗੁਰਗੱਦੀ ਸੌਂਪ ਦਿੱਤੀ ਸੀ।

ਗੁਰਬਾਣੀ ਵਿਚ ਲਫ਼ਜ਼ ਗੁਰੂ ਕਈ ਥਾਂਈਂ ਤੇ ਕਈ ਰੂਪਾਂ ਵਿਚ (ਵਾਹਿਗੁਰੂ, ਸਤਿਗੁਰੂ ਅਤੇ ਗੁਰੂ ਵਾਸਤੇ) ਆਇਆ ਹੈ:

ਵਾਹਿਗੁਰੂ ਵਾਸਤੇ:

ਬਲਿਹਾਰੀ **ਗੁਰ** ਆਪਣੇ ਦਿਉਹਾੜੀ ਸਦ ਵਾਰ ॥ ***ਜਿਨਿ ਮਾਣਸ ਤੇ ਦੇਵਤੇ ਕੀਏ*** ਕਰਤ ਨ ਲਾਗੀ ਵਾਰ ॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥ (ਸਫ਼ਾ 462-63)

ਗੁਰੁ ਦਾਤਾ, ਸਮਰਥੁ ਗੁਰੁ, ਗੁਰੁ ਸਭ ਮਹਿ ਰਹਿਆ ਸਮਾਇ॥ **ਗੁਰੁ ਪਰਮੇਸਰੁ ਪਾਰਬ੍ਰਹਮ,** ਗੁਰੁ ਡੁਬਦਾ ਲਏ ਤਰਾਇ॥ ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ॥ ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ ॥ ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ॥ ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ॥ ਸਤਿਗੁਰੁ ਗਹਿਰ ਗੰਭੀਰੁ ਹੈ ਸੁਖ ਸਾਗਰੁ ਅਘ ਖੰਡੁ॥ ਜਿਨ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ॥ ਗੁਰ ਨਾਲਿ ਤੁਲਿ ਨਾ ਲਗਈ ਖੋਜਿ ਡਿਠਾ ਬ੍ਰਹਮੰਡੁ॥ ਨਾਮੁ ਨਿਧਾਨੁ ਸਤਿਗੁਰ ਦੀਆ ਸੁਖੁ ਨਾਨਕ ਮਨ ਮਹਿ ਮੰਡੁ॥ (ਸਫ਼ਾ 49-50)

ਗੁਰੂ ਵਾਸਤੇ:

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥ ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥ ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥ ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥ ਜਗ ਜੀਵਨੁ ਦਾਤਾ ਪਾਇਆ॥ (ਸਫ਼ਾ 466)।

ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ॥ ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ॥ (ਸਫ਼ਾ 49)

ਭਾਈ ਰੇ, ਸਾਚੀ ਸਤਿਗੁਰ ਸੇਵ॥ ਸਤਿਗੁਰ ਤੁਠੈ ਪਾਈਐ ਪੂਰਨ ਅਲਖ ਅਭੇਵ॥ ਰਹਾਉ॥ ਸਤਿਗੁਰ ਵਿਟਹੁ ਵਾਰਿਆ ਜਿਨਿ ਦਿਤਾ ਸਚੁ ਨਾਉ॥ ਅਨਦਿਨੁ ਸਚੁ ਸਲਾਹਣਾ ਸਚੇ ਕੇ ਗੁਣ ਗਾਉ॥ ਸਚੁ ਖਾਣਾ ਸਚੁ ਪੈਨਣਾ ਸਚੇ ਸਚਾ ਨਾਉ॥ ਸਾਸਿ ਗਿਰਾਸਿ ਨ ਵਿਸਰੈ ਸਫਲ ਮੂਰਤਿ ਗੁਰੁ ਆਪਿ॥ **ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ॥** ਨਦਰਿ ਕਰੇ ਤਾ ਪਾਈਐ ਸਚੁ ਨਾਮੁ ਗੁਣਤਾਸਿ॥ **ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥ ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ॥ ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ॥** (ਸਫ਼ਾ 53)

ਬਿਨੁ ਸਤਿਗੁਰ, ਨਾਉ ਨ ਪਾਈਐ, ਬਿਨੁ ਨਾਵੈ ਕਿਆ ਸੁਆਉ॥ ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ॥ (ਸਫ਼ਾ 58)

ਭਡੈ ਕਦੇ ਨ ਭੁਰਹਿ ਮੂੜੇ, ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ॥ ਸਤਿਗੁਰ ਬਾਝਹੁ ਗੁਰੁ ਨਹੀ ਕੋਈ, ***ਨਿਗੁਰੇ ਕਾ ਹੈ ਨਾਉ ਬੁਰਾ***॥ (ਸਫ਼ਾ 435)

ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ॥ ਮਹਾ ਅਨੰਦੁ ਸਹਜੁ ਭਇਆ ਮਨਿ ਤਨਿ ਸੁਖੁ ਪਾਇਆ॥ (ਸਫ਼ਾ 441)

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥ **ਗੁਰ ਗੋਵਿੰਦੁ, ਗੋਵਿੰਦੁ ਗੁਰੂ ਹੈ, ਨਾਨਕ, ਭੇਦੁ ਨ ਭਾਈ**॥ (ਸਫ਼ਾ 422)

ਹੋਰ ਦੇਖੋ: ਗੁਰੂ ਗ੍ਰੰਥ ਸਾਹਿਬ ਦੇ ਸਫ਼ੇ 592, 635, 650, 722, 763,

802, 878, 942-93, 951, 966, 982, 1332 ਵਗ਼ੈਰਾ।

ਵਧੇਰੇ ਵੇਰਵੇ ਵਾਸਤੇ ਵੇਖੋ ਕਿਤਾਬ: *'ਸਿੱਖ ਕਲਚਰ'* (ਅੰਗਰੇਜ਼ੀ ਵਿਚ) ਅਤੇ *'ਸਿੱਖ ਫ਼ਿਲਾਸਫ਼ੀ ਕੀ ਹੈ ਤੇ ਹੋਰ ਲੇਖ'* (ਪੰਜਾਬੀ ਵਿਚ)।

ਗੁਰੂ ਗ੍ਰੰਥ ਸਾਹਿਬ: ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਧਾਰਮਿਕ ਗ੍ਰੰਥ ਹੈ। ਇਸ ਵਿਚ ਗੁਰੂ ਸਾਹਿਬ, ਭਗਤਾਂ, ਸੂਫ਼ੀਆਂ, ਭੱਟ ਕਵੀਆਂ ਅਤੇ ਤਿੰਨ ਦੂਜੇ ਸਿੱਖਾਂ ਦੀ ਬਾਣੀ ਹੈ। ਇਸ ਗ੍ਰੰਥ ਦਾ ਪਹਿਲਾ ਸਰੂਪ ਗੁਰੂ ਅਰਜਨ ਸਾਹਿਬ ਨੇ ਸੰਪਾਦਿਤ ਕੀਤਾ ਸੀ ਅਤੇ ਭਾਈ ਗੁਰਦਾਸ ਨੇ ਆਪਣੇ ਹੱਥੀਂ ਲਿਖਿਆ ਸੀ। ਇਹ ਸਰੂਪ 31 ਜੁਲਾਈ 1604 ਨੂੰ ਅੰਮ੍ਰਿਤਸਰ ਵਿਚ ਮੁਕੰਮਲ ਹੋਇਆ ਸੀ ਅਤੇ ਇਸ ਦਾ ਪਹਿਲਾ ਪ੍ਰਕਾਸ਼ 16 ਅਗਸਤ 1604 ਦੇ ਦਿਨ ਦਰਬਾਰ ਸਾਹਿਬ ਵਿਚ ਕੀਤਾ ਗਿਆ। ਇਹ ਪਹਿਲਾ ਸਰੂਪ 1757 ਤਕ ਕਰਤਾਰਪੁਰ ਵਿਚ ਸੰਭਾਲ ਕੇ ਰੱਖਿਆ ਹੋਇਆ ਸੀ, ਜਦੋਂ ਇਹ ਅਫ਼ਗਾਨਾਂ ਵੱਲੋਂ ਕਰਤਾਰਪੁਰ 'ਤੇ ਕੀਤੇ ਗਏ ਹਮਲੇ ਦੌਰਾਨ ਸੜ ਗਿਆ ਸੀ। ਉਸ ਵੇਲੇ ਤਕ ਇਸ ਗ੍ਰੰਥ ਦੀਆਂ ਅਨੇਕਾਂ ਕਾਪੀਆਂ ਬਣ ਚੁੱਕੀਆਂ ਸਨ। ਗੁਰੂ ਗ੍ਰੰਥ ਸਾਹਿਬ ਨੂੰ ਆਖ਼ਰੀ ਰੂਪ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਿੱਤਾ ਸੀ (ਜਦੋਂ ਉਨ੍ਹਾਂ ਨੇ ਇਸ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਸ਼ਾਮਿਲ ਕੀਤੀ ਸੀ) ਤੇ ਇਹ ਸਰੂਪ ਭਾਈ ਮਨੀ ਸਿੰਘ ਨੇ 1678 ਵਿਚ, ਦਮਦਮਾ ਸਾਹਿਬ (ਅਨੰਦਪੁਰ ਸਾਹਿਬ) ਵਿਚ ਤਿਆਰ ਕੀਤਾ ਸੀ, ਜਿਸ ਕਰ ਕੇ ਇਸ ਨੂੰ 'ਦਮਦਮੀ ਬੀੜ' ਵੀ ਕਿਹਾ ਜਾਂਦਾ ਹੈ। 1706 ਵਿਚ, ਇਸ ਆਖ਼ਰੀ ਸਰੂਪ ਦੀਆਂ ਚਾਰ ਕਾਪੀਆਂ (ਉਤਾਰੇ) ਤਲਵੰਡੀ ਸਾਬੋ ਵਿਚ ਤਿਆਰ ਕੀਤੀਆਂ ਗਈਆਂ ਸਨ। ਇਕ ਚਰਚਾ ਮੁਤਾਬਿਕ ਇਹ ਉਤਾਰੇ ਬਾਬਾ ਦੀਪ ਸਿੰਘ ਨੇ ਕੀਤੇ ਸਨ (ਭਾਵੇਂ ਕੋਈ ਤਵਾਰੀਖ਼ੀ ਸੋਮਾ ਇਸ ਦੀ ਤਾਈਦ ਨਹੀਂ ਕਰਦਾ)। 6 ਅਕਤੂਬਰ 1708 ਨੂੰ ਇਸ ਨੂੰ ਸਦੀਵੀ ਗੁਰੂ ਵਜੋਂ ਗੁਰਗੱਦੀ ਦਿੱਤੀ ਸੀ ਤੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਕਿਹਾ ਜਾਣ ਲੱਗਾ ਸੀ।

ਗੁਰੂ ਗ੍ਰੰਥ ਸਾਹਿਬ, ਰੱਬ ਦੀ ਸਿਫ਼ਤ ਦੀਆਂ ਬਾਣੀਆਂ ਦਾ ਗ੍ਰੰਥ ਹੈ। ਇਸ ਵਿਚ ਛੇ ਗੁਰੂ ਸਾਹਿਬ, 15 ਭਗਤਾਂ ਅਤੇ ਸੂਫ਼ੀਆਂ, 11 ਭੱਟਾਂ ਅਤੇ 3 ਹੋਰ ਸਿੱਖਾਂ ਦੀਆਂ ਲਿਖੀਆਂ ਰਚਨਾਵਾਂ ਹਨ, ਜਿਨ੍ਹਾਂ ਦੇ ਸ਼ਬਦਾਂ ਦੀ ਗਿਣਤੀ ਇੰਞ ਹੈ: (ਗੁਰੂ ਸਾਹਿਬਾਨ:) ਗੁਰੂ ਨਾਨਕ ਸਾਹਿਬ 977, ਗੁਰੂ ਅੰਗਦ ਸਾਹਿਬ 62, ਗੁਰੂ ਅਮਰਦਾਸ ਸਾਹਿਬ 907 ਗੁਰੂ ਰਾਮਦਾਸ ਸਾਹਿਬ 679, ਗੁਰੂ ਅਰਜਨ ਸਾਹਿਬ 2218, ਗੁਰੂ ਤੇਗ਼ ਬਹਾਦਰ ਸਾਹਿਬ 116; (ਭਗਤ ਤੇ ਸੂਫ਼ੀ:) ਕਬੀਰ 467, ਫ਼ਰੀਦ 134, ਨਾਮਦੇਵ 61, ਬਾਬਾ ਰਵੀਦਾਸ 40, ਤ੍ਰਿਲੋਚਨ 4, ਧੰਨਾ 3, ਬੇਣੀ, ਜੈਦੇਵ 2, ਭੀਖਨ 2, ਸੂਰਦਾਸ 1 (ਇਕ ਤੁਕ), ਸੈਣ 1, ਪੀਪਾ 1, ਸਦਨਾ 1, ਰਾਮਾਨੰਦ 1, ਪਰਮਾਨੰਦ 1; (ਗੁਰਸਿੱਖ:) ਸੱਤਾ ਅਤੇ ਬਲਵੰਡ (315), ਸੁੰਦਰ 6। ਇਸ ਤੋਂ ਇਲਾਵਾ 11 ਭੱਟਾਂ ਦੇ 123 ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਜੋ ਹੇਠ ਲਿਖੀ ਗਿਣਤੀ ਵਿਚ ਹਨ: ਕੱਲ੍ਹ/ਕਲਸਹਾਰ (54), ਨਲ੍ਹ (16), ਮਥੁਰਾ (14), ਗਯੰਦ (13), ਕੀਰਤ (8), ਜਾਲਪ (5), ਸਲ੍ਹ (3) ਭਿਖਾ (2) ਬਲ੍ਹ ਹਰਿਬੰਸ (2) ਭੱਲ੍ਹ (1)। ਕੁਝ ਲਿਖਾਰੀ ਸਮਝਦੇ ਹਨ ਕਿ ਤਿੰਨ ਸਲੋਕ ਭਾਈ ਮਰਦਾਨਾ ਦੇ ਲਿਖੇ ਹੋਏ ਹਨ ਪਰ ਅਸਲ ਵਿਚ ਇਹ ਸਲੋਕ ਗੁਰੂ ਨਾਨਕ ਸਾਹਿਬ ਨੇ ਬਾਈ ਮਰਦਾਨੇ ਨੂੰ ਮੁਖ਼ਾਤਿਬ

ਕਰ ਕੇ ਕਹੇ ਹਨ (ਜਿਵੇਂ ਕੁਝ ਸ਼ਬਦਾਂ ਵਿਚ 'ਕਬੀਰਾ' ਵੀ ਆਇਆ ਹੈ)।

ਭਗਤ ਕਵੀਆਂ ਦੇ ਕੁਝ ਕਦਰਦਾਨ ਭਗਤਾਂ ਨੂੰ ਵੀ ਗੁਰੂ ਸਮਝਦੇ ਹਨ ਕਿਉਂਕਿ ਉਹ ਇਹ ਦਲੀਲ ਦਿੰਦੇ ਹਨ ਕਿ ਜਿਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ ਵੀ ਗੁਰੂ ਹੀ ਹੈ। ਜੇ ਕਰ ਅਸੀ ਇਸ ਦਲੀਲ ਨੂੰ ਮੰਨੀਏ ਤਾਂ ਸੱਤਾ ਅਤੇ ਬਲਵੰਤ ਢਾਡੀ, ਗੁਰੂ ਅਮਰਦਾਸ ਸਾਹਿਬ ਦੇ ਪੋਤੇ ਸੁੰਦਰ ਅਤੇ ਭੱਟ ਕਵੀ ਵੀ ਫਿਰ ਗੁਰੂ ਕਹੇ ਜਾਣਗੇ, ਜੋ ਕਿ ਸਹੀ ਨਹੀਂ ਹੈ। ਗੁਰੂ ਸਾਹਿਬ ਨੇ ਆਪ ਹੀ ਭਗਤ ਕਵੀਆਂ ਦੀ ਬਾਣੀ ਵਾਸਤੇ ਲਫ਼ਜ਼ 'ਭਗਤ ਬਾਣੀ' ਵਰਤਿਆ ਹੈ। ਗੁਰੂ ਲਫ਼ਜ਼ ਸਿਰਫ਼ ਦਸ ਗੁਰੂ ਸਾਹਿਬਾਨਾਂ ਅਤੇ ਗੁਰੂ ਗ੍ਰੰਥ ਸਾਹਿਬ ਵਾਸਤੇ ਹੀ ਵਰਤਿਆ ਜਾ ਸਕਦਾ ਹੈ ਕਿਉਂਕਿ ਉਨ੍ਹਾਂ ਨੂੰ ਗੁਰਗੱਦੀ ਹਾਸਿਲ ਹੋਈ ਸੀ।

ਗੁਰੂ ਗ੍ਰੰਥ ਸਾਹਿਬ ਦੇ 1429 ਸਫ਼ਿਆਂ ਵਿਚ 5867 ਸ਼ਬਦ ਹਨ (ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੇ ਦੂਜੇ ਰਚਨਹਾਰਾਂ ਦੇ ਸ਼ਬਦਾਂ ਦੀ ਗਿਣਤੀ ਵੱਖ-ਵੱਖ ਲੇਖਕਾਂ ਨੇ ਵੱਖ-ਵੱਖ ਦਿੱਤੀ ਹੈ)। ਬਹਿਸ-ਗੋਚਰੀ ਕਵਿਤਾ 'ਰਾਗਮਾਲਾ' (ਜੋ ਕਵੀ ਆਲਮ ਦੀ ਲਿਖੀ ਹੋਈ ਹੈ ਤੇ ਕਾਫ਼ੀ ਮਗਰੋਂ ਸ਼ਾਮਿਲ ਕੀਤੀ ਗਈ ਸੀ) ਸਫ਼ਾ ਨੰਬਰ 1429 ਤੋਂ ਸ਼ੁਰੂ ਹੋ ਕੇ 1430 ਤੇ ਖ਼ਤਮ ਹੁੰਦੀ ਹੈ। ਗੁਰੂ ਗ੍ਰੰਥ ਸਹਿਬ ਵਿਚ ਪੰਜਾਬੀ, ਸਧੁਕੜੀ, ਸਿੰਧੀ, ਸਹਿਸਕ੍ਰਿਤ, ਹਿੰਦੀ, ਅਪਭ੍ਰੰਸ਼, ਫ਼ਾਰਸੀ, ਪ੍ਰਾਕਿਤ ਅਤੇ ਮਰਾਠੀ ਆਦਿ ਜ਼ਬਾਨਾਂ ਦੀ ਵਰਤੋਂ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਦੀ ਤਕਰੀਬਨ ਸਾਰੀ ਬਾਣੀ ਵੱਖਰੇ-ਵੱਖਰੇ ਰਾਗਾਂ ਵਿਚ ਗਾਈ ਜਾਣ ਵਾਸਤੇ ਹੈ। ਜਪੁਜੀ , ਭੱਟਾਂ ਦੇ ਸਵੱਯੇ ਅਤੇ ਕੁਝ ਹੋਰ ਬਾਣੀਆਂ ਤੋਂ ਬਿਨਾਂ, ਸਾਰੇ ਹੀ ਸ਼ਬਦ 31 ਰਾਗਾਂ ਵਿਚ ਪੇਸ਼ ਕੀਤੇ ਗਏ ਹਨ। ਇਹ ਰਾਗ ਹੇਠ ਲਿਖੇ ਹਨ: ਸ੍ਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ, ਮਾਲੀਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ ਤੇ ਜੈਜਾਵੰਤੀ। ਗੁਰੂ ਗ੍ਰੰਥ ਸਾਹਿਬ ਸਿੱਖ ਫ਼ਿਲਾਸਫ਼ੀ, ਇਖ਼ਲਾਕ, ਕਲਚਰ, ਜੀਵਨ ਜਾਚ ਦਾ ਗ੍ਰੰਥ ਹੈ। ਇਸ ਦੇ ਸਾਰੇ ਸਫ਼ੇ ਰੱਬ ਦੇ ਪਿਆਰ ਅਤੇ ਉਸ ਦੀ ਸਿਫ਼ਤ-ਸਲਾਹ ਨਾਲ ਭਰੇ ਹੋਏ ਹਨ। ਇਹ ਕਮਾਲ ਦੀ ਗੱਲ ਹੈ ਕਿ ਗੁਰੂ ਸਾਹਿਬ ਨੇ ਰੱਬ ਦੀ ਸਿਫ਼ਤ-ਸਲਾਹ ਲਈ ਸੈਂਕੜੇ ਵੱਖ-ਵੱਖ ਲਫ਼ਜ਼, ਅੰਦਾਜ਼, ਤਰੀਕੇ, ਬਣਤਰ ਅਤੇ ਕਾਵਿ-ਰੂਪ ਵਰਤੇ ਹਨ। ਗੁਰੂ ਗ੍ਰੰਥ ਸਾਹਿਬ ਦਾ ਮੁੱਖ ਭਾਵ ਹੈ: ਰੱਬ ਦੀ ਮਹਾਨਤਾ, ਰੱਬ ਨਾਲ ਮਿਲਾਪ ਕਿਵੇਂ ਕਰਨਾ ਹੈ; ਚੰਗੇ ਇਖ਼ਲਾਕ ਤੇ ਹੋਰ ਖ਼ੂਬੀਆਂ ਵਾਲਾ ਇਨਸਾਨ ਕੌਣ ਹੈ ਤੇ ਕਿਵੇਂ ਬਣਿਆ ਜਾ ਸਕਦਾ ਹੈ; ਇਨਸਾਨ ਦੀ ਜ਼ਿੰਦਗੀ ਦਾ ਮਕਸਦ ਕੀ ਹੈ ਵਗ਼ੈਰਾ।

ਸਿੱਖ ਇਖ਼ਲਾਕ ਦੇ ਅਟੁੱਟ ਅੰਗ ਹਨ: ਪਿਆਰ, ਸਚਾਈ, ਨਿਮਰਤਾ, ਸੰਤੋਖ, ਸੇਵਾ, ਮਨ ਦੀਆਂ ਖ਼ਾਹਿਸ਼ਾਂ ਉੱਤੇ ਕੰਟਰੋਲ, ਔਰਤਾਂ ਸਮੇਤ ਸਾਰਿਆਂ ਦਾ ਅਦਬ ਕਰਨਾ, ਸਾਰੇ ਇਨਸਾਨਾਂ ਲਈ ਤਰਸ ਦੀ ਭਾਵਨਾ, ਸਾਦਾ ਅਤੇ ਸੱਚਾ ਜੀਵਨ ਜਿਉਣਾ, ਰੱਬ ਵਿਚ ਪੂਰਾ ਯਕੀਨ, ਭਾਈਚਾਰਕ ਸਾਂਝ, ਮਨ ਦੀ ਸ਼ੁੱਧਤਾ ਵਗ਼ੈਰਾ ਤੇ ਇਹ ਸਾਰੇ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਵਿਚਾਰ ਵੀ ਹਨ।

ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰੇਕ ਗੁਰਦੁਆਰੇ ਵਾਸਤੇ ਲਾਜ਼ਮੀ ਹੈ। ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਪਿਆਰ ਕਰਦੇ ਹਨ ਪਰ ਇਸ ਦੀ ਪੂਜਾ ਨਹੀਂ ਕਰਦੇ ਹਨ। ਪੂਜਾ ਦਾ ਫ਼ਲਸਫ਼ਾ ਗੁਰੂ ਗ੍ਰੰਥ ਸਾਹਿਬ ਵਿਚ ਕਬੂਲ ਨਹੀਂ ਹੈ, ਇਸ ਨੂੰ ਸਿਰਫ਼ ਕਰਮ ਕਾਂਡ ਸਮਝਿਆ ਗਿਆ ਹੈ। ਸਿੱਖ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਕਿਉਂ ਨਹੀਂ ਕਰਦੇ? ਸਿੱਖ ਲਈ ਗੁਰੂ ਗ੍ਰੰਥ ਸਾਹਿਬ, ਹਿੰਦੂਆਂ ਦਾ ਪੱਥਰ ਦਾ ਦੇਵਤਾ ਨਹੀਂ ਹੈ ਤੇ ਨਾ ਹੀ ਬਾਈਬਲ ਜਾਂ ਕੁਰਾਨ ਦੀ ਤਰ੍ਹਾਂ ਕਿਤਾਬ ਹੈ। ਗੁਰੂ ਗ੍ਰੰਥ ਸਾਹਿਬ ਨੂੰ ਖ਼ਾਸ ਅਦਬ ਇਸ ਲਈ ਦਿੱਤਾ ਜਾਂਦਾ ਹੈ ਕਿਉਂਕਿ ਇਹ ਸ਼ਬਦ ਨੂੰ ਆਪਣੇ ਵਿਚ ਸਮਾਈ ਬੈਠਾ ਹੈ। ਇਹ ਗੁਰੂ ਸਾਹਿਬਾਨ ਦੀ ਦੇਹ (ਰੂਹ ਹੈ, ਜਿਸਮ ਨਹੀਂ) ਹੈ।

ਗੁਰੂ ਗ੍ਰੰਥ ਸਾਹਿਬ ਦਰਪਣ: ਇਹ ਗੁਰੂ ਗ੍ਰੰਥ ਸਾਹਿਬ ਦਾ ਪੰਜਾਬੀ ਵਿਚ ਟੀਕਾ ਹੈ ਜੋ ਦਸਾ ਜਿਲਦਾਂ ਵਿਚ ਪ੍ਰਿੰ: ਸਾਹਿਬ ਸਿੰਘ ਨੇ ਕੀਤਾ ਹੈ। ਹੁਣ ਤਕ ਦੇ ਗੁਰੂ ਗ੍ਰੰਥ ਸਾਹਿਬ ਦੇ ਪੰਜਾਬੀ ਟੀਕਿਆਂ ਵਿੱਚੋਂ ਇਹ ਸਭ ਤੋਂ ਵਧ ਸਿੱਕੇਬੰਦ ਹੈ। ਪਰ, ਇਸ ਵਿਚ ਪੇਸ਼ ਕੁਝ ਨੁਕਤਿਆਂ ਦੀ ਸੁਧਾਈ ਦੀ ਲੋੜ ਹੈ। ਇਸ ਟੀਕੇ ਤੋਂ ਬਿਨਾਂ (ਭਾਈ ਵੀਰ ਸਿੰਘ ਦਾ, ਗਿਆਨੀ ਮਨੀ ਸਿੰਘ ਦਾ, ਫ਼ਰੀਦਕੋਟੀ ਟੀਕਾ, ਹਰਬੰਸ ਸਿੰਘ ਦਾ ਟੀਕਾ) ਤੇ ਕੁਝ ਹੋਰ ਟੀਕੇ ਵੀ ਮਿਲਦੇ ਹਨ ਪਰ ਉਨ੍ਹਾਂ ਦੇ ਆਪਣੇ-ਆਪਣੇ ਖ਼ਾਸ ਨੁਕਸ ਹਨ, ਜਿਨ੍ਹਾਂ ਕਰ ਕੇ ਉਨ੍ਹਾਂ ਨੂੰ ਮਨਜ਼ੂਰ ਨਹੀਂ ਕੀਤਾ ਜਾ ਸਕਦਾ।

ਅੰਗਰੇਜ਼ੀ ਵਿਚ ਵੀ ਤੇਜਾ ਸਿੰਘ-ਬਾਵਾ ਹਰਿਕਿਸ਼ਨ ਸਿੰਘ, ਗੋਪਾਲ ਸਿੰਘ ਦਰਦੀ, ਗੁਰਬਚਨ ਸਿੰਘ ਤਾਲਿਬ, ਮਨਮੋਹਨ ਸਿੰਘ ਅਤੇ ਡਾ: ਦਰਸ਼ਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਾ ਤਰਜਮਾ ਕੀਤਾ ਹੋਇਆ ਹੈ। ਇਨ੍ਹਾਂ ਵਿੱਚੋਂ ਤੇਜਾ ਸਿੰਘ ਤੇ ਡਾ. ਦਰਸ਼ਨ ਸਿੰਘ ਵਾਲੇ ਟੀਕੇ ਵਧੇਰੇ ਕਾਬਲੇ-ਇਤਬਾਰ ਹਨ।

ਗੁਰੂ ਕੀਆਂ ਸਾਖੀਆਂ: ਇਹ ਕਿਤਾਬ ਭੱਟ ਵਹੀਆਂ 'ਤੇ ਅਧਾਰਿਤ ਹੈ, ਜੋ 1790 ਵਿਚ ਭਾਈ ਸਰੂਪ ਸਿੰਘ (ਪੁੱਤਰ ਭਾਈ ਕੇਸਰ ਸਿੰਘ ਭੱਟ) ਨੇ ਤਿਆਰ ਕੀਤੀ ਸੀ। ਗਿਆਨੀ ਗਰਜਾ ਸਿੰਘ (ਅਤੇ ਪਿਆਰਾ ਸਿੰਘ ਪਦਮ) ਨੇ ਇਸ ਨੂੰ ਸੰਪਾਦਿਤ ਕਰ ਕੇ 1986 ਵਿਚ ਛਾਪਿਆ ਸੀ। ਇਹ ਗੁਰੂ ਕਾਲ ਦੀ, 1590 ਤੋਂ 1708 ਤਕ ਦੀ, ਸਿੱਖ ਤਵਾਰੀਖ਼ ਦਾ ਸਭ ਤੋਂ ਅਹਿਮ ਸੋਮਾ ਹੈ ਅਤੇ ਇਸ ਵਿਚ ਹੁਣ ਤੱਕ ਅਣਜਾਣੇ ਬਹੁਤ ਸਾਰੇ ਤੱਥਾਂ ਬਾਰੇ ਕੀਮਤੀ ਜਾਣਕਾਰੀ ਦਿੱਤੀ ਹੋਈ ਹੈ।

ਗੁਰੂ ਦੇ ਸ਼ੇਰ:- ਡਾ. ਹਰਜਿੰਦਰ ਸਿੰਘ ਦਿਲਗੀਰ ਦੀ ਲਿਖੀ ਇਸ ਕਿਤਾਬ ਵਿਚ ਗੁਰੂ ਸਾਹਿਬ ਦੇ ਸਮੇਂ ਦੀ 225 ਤੋਂ ਵੱਧ ਜਾਣੇ ਤੇ ਅਣਜਾਣੇ ਸ਼ਹੀਦਾਂ ਦੀਆਂ ਜੀਵਨੀਆਂ ਹਨ। ਇਨ੍ਹਾਂ ਵਿਚੋਂ ਬਹੁਤੇ ਭਾਈ ਮਨੀ ਸਿੰਘ, ਭਾਈ ਆਲਮ ਸਿੰਘ ਨੱਚਣਾ, ਭਾਈ ਸੁਖੀਆ ਰਾਠੌਰ, ਭੱਟ ਪਰਿਵਾਰ ਅਤੇ ਉਹਨਾਂ ਦੇ ਵੱਡੇ ਵਡੇਰਿਆਂ ਦੇ ਪਰਿਵਾਰਾਂ ਨਾਲ ਸਬੰਧਿਤ ਹਨ। ਲਿਖਾਰੀ ਨੇ 45 ਸ਼ਹੀਦ ਪਰਿਵਾਰਾਂ ਦੇ ਕੁਰਸੀਨਾਮੇ ਵੀ ਦਿੱਤੇ ਹਨ। ਇਹ ਕਿਤਾਬ ਭੱਟ ਵਹੀਆਂ 'ਤੇ ਅਧਾਰਿਤ ਹੈ ਤੇ ਇਸ ਵਿਚਲੀ ਸਮੱਗਰੀ 'ਚੋਂ ਬਹੁਤੀ ਪਹਿਲਾਂ ਕਿਸੇ ਸੋਮੇ ਵਿਚ ਨਹੀਂ ਮਿਲਦੀ।

ਗੁਰੂ ਸ਼ਬਦ ਰਤਨ ਪਰਕਾਸ਼: ਇਹ ਕਿਤਾਬ ਅਕਾਲੀ ਕੌਰ ਸਿੰਘ (1890-1953) ਨੇ 1923 ਵਿਚ ਛਾਪੀ ਸੀ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਤੁਕ ਤਤਕਰਾ ਹੈ। ਇਸ ਨਾਲ ਤੁਕ ਦਾ ਪਹਿਲਾ ਸ਼ਬਦ ਪਤਾ ਹੋਣ ਨਾਲ ਉਸ ਦਾ ਸਫ਼ਾ ਲੱਭਣ

ਵਿਚ ਆਸਾਨੀ ਹੋ ਜਾਂਦੀ ਹੈ। ਇਹ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਤੁਕ ਤਤਕਰਾ ਸੀ; ਪਰ ਹੁਣ ਇਕ ਹੋਰ ਵੀ ਤੁਕ ਤਤਕਰਾ, ਅਮਰ ਸਿੰਘ ਦਾ ਵੀ ਛਪ ਚੁਕਾ ਹੈ, ਜੋ ਇਸ ਤੋਂ ਕੁਝ ਬੇਹਤਰ ਹੈ।

ਗੋਇੰਦਵਾਲ ਪੋਥੀ: ਇਹ ਨਾਂ ਉਨ੍ਹਾਂ ਸ਼ਬਦਾਂ ਦੀਆਂ ਦੋ ਪੋਥੀਆਂ ਨੂੰ ਦਿੱਤਾ ਗਿਆ ਹੈ ਜਿਹੜੀਆਂ ਗੋਇਦਵਾਲ ਵਿਚ ਗੁਰੂ ਅਮਰਦਾਸ ਸਾਹਿਬ ਦੇ ਵਾਰਿਸਾਂ ਵੱਲੋਂ ਸੰਭਾਲ ਕੋਲ ਸਨ। ਹੁਣ, ਇਨ੍ਹਾਂ ਵਿਚੋਂ ਇਕ ਪੋਥੀ ਪਿੰਡ ਅਹੀਆਪੁਰ (ਜ਼ਿਲ੍ਹਾ ਜਲੰਧਰ) ਵਿਚ ਹੈ ਅਤੇ ਦੂਜੀ ਪਿੰਜੌਰ ਦੇ ਨੇੜੇ (ਤਹਿਸੀਲ ਕਾਲਕਾ, ਜ਼ਿਲਾ ਪੰਚਕੂਲਾ, ਹਰਿਆਣਾ) ਇਕ ਪਿੰਡ ਵਿਚ ਸੰਭਾਲੀ ਹੈ ਪਰ ਇਹ ਹੁਣ ਪੜ੍ਹੀਆਂ ਨਹੀਂ ਜਾ ਸਕਦੀਆਂ। ਇਨ੍ਹਾਂ ਨੂੰ ਬਾਬਾ ਮੋਹਨ ਵਾਲੀਆਂ ਪੋਥੀਆਂ ਵੀ ਕਿਹਾ ਜਾਂਦਾ ਹੈ। ਇਹ ਪੋਥੀਆਂ ਨਾ ਤਾਂ ਗੁਰੂ ਅਮਰ ਦਾਸ ਸਾਹਿਬ ਦੇ ਵੇਲੇ ਦੀਆਂ ਹਨ ਤੇ ਨਾ ਬਾਬਾ ਮੋਹਨ ਦੇ ਵੇਲੇ ਦੀਆਂ। ਇਹ ਪੋਥੀਆਂ ਅਠਾਰ੍ਹਵੀਂ ਸਦੀ ਵਿਚ ਕਿਸੇ ਸਮੇਂ ਬਣਾਈਆਂ ਗਈਆ ਹੋਣਗੀਆਂ। ਜੇ ਇਹ ਗੁਰੂ ਕਾਲ ਦੀਆਂ ਹੁੰਦੀਆਂ ਤਾਂ ਭਾਈ ਗੁਰਦਾਸ (1551-1536) ਇਨ੍ਹਾਂ ਪੋਥੀਆਂ ਦੀ ਹੋਂਦ ਦਾ ਕੋਈ ਜ਼ਿਕਰ ਜ਼ਰੂਰ ਕਰਦੇ। ਭਾਈ ਕੇਸਰ ਸਿੰਘ ਛਿੱਬਰ ਨੇ ਵੀ ਆਪਣੀ ਕਿਤਾਬ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ' (1769) ਵਿਚ ਇਨ੍ਹਾਂ ਪੋਥੀਆਂ ਦਾ ਕੋਈ ਜ਼ਿਕਰ ਨਹੀਂ ਕੀਤਾ। ਸਰੂਪ ਦਾਸ ਭੱਲਾ ਪਹਿਲਾ ਸ਼ਖ਼ਸ ਹੈ ਜਿਸ ਨੇ ਆਪਣੀ ਕਿਤਾਬ 'ਮਹਿਮਾ ਪ੍ਰਕਾਸ਼' (1776) ਵਿਚ ਇਨ੍ਹਾਂ ਦਾ ਜ਼ਿਕਰ ਕੀਤਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਪੋਥੀਆਂ 1776 ਤੋਂ ਬਹੁਤ ਪਹਿਲਾਂ ਵਜੂਦ ਵਿਚ ਨਹੀਂ ਸਨ ਅਤੇ ਸਿਰਫ਼ ਸਰੂਪ ਦਾਸ ਭੱਲਾ ਅਤੇ ਗੋਇੰਦਵਾਲ ਦੇ ਭੱਲਾ ਪਰਿਵਾਰ ਨੂੰ ਹੀ ਇਨ੍ਹਾਂ ਬਾਰੇ ਪਤਾ ਸੀ। ਇਹ ਵੀ ਹੋ ਸਕਦਾ ਹੈ ਕਿ ਅਜੋਕੀ ਜਨਮ ਸਾਖੀ (ਨਕਲੀ ਭਾਈ ਬਾਲਾ ਵਾਲੀ ਜਨਮਸਾਖੀ), ਗੁਰਬਿਲਾਸ ਪਾਤਸ਼ਾਹੀ ਛੇਵੀਂ, ਗੁਰਬਿਲਾਸ ਪਾਤਸ਼ਾਹੀ ਦਸਵੀਂ ਅਤੇ ਗੁਰਬਿਲਾਸ ਪਾਤਸ਼ਾਹੀ 10 ਇੱਕੋ ਕਾਲ ਵਿਚ ਹੀ, ਸ਼ਾਇਦ ਆਪਸੀ ਮਿਲਵਰਤਣ ਨਾਲ ਤਿਆਰ ਕੀਤੇ ਗਏ ਹੋਣ।

ਐਂਟੀ-ਸਿੱਖ ਸਕੂਲ, ਜੋ ਡਬਲਿਊ. ਐਚ. ਮਕਲਾਊਡ (ਜੋ ਜੁਲਾਈ 2009 ਵਿਚ ਮਰ ਗਿਆ ਸੀ) ਦੀ ਅਗਵਾਈ ਹੇਠ ਸਿੱਖ-ਵਿਰੋਧੀ ਪ੍ਰਚਾਰ ਵਿਚ ਰੁਝਾ ਹੋਇਆ ਹੈ, ਉਹ ਇਹਨਾਂ ਪੋਥੀਆਂ ਨੂੰ 1604 ਦੇ ਸਮੇਂ ਤੋਂ ਪਹਿਲਾਂ ਦਾ ਦੱਸ ਕੇ ਇਸ ਨੂੰ ਗੁਰੂ ਗ੍ਰੰਥ ਦੇ ਬਰਾਬਰ ਖੜਾ ਕਰਨ ਦੀ ਕੋਸ਼ਿਸ਼ ਕਰਨੀ ਚਾਹੁੰਦੇ ਹਨ। ਗੁਰਿੰਦਰ ਮਾਨ, ਜੋ ਕਿ ਇਸ ਮਕਲਾਊਡ ਦਾ ਇਕ ਚੇਲਾ ਹੈ, ਨੇ ਐਂਟੀ-ਸਿੱਖ ਸਕੂਲ ਦੀ ਮਦਦ ਨਾਲ ਇਕ ਖੋਜ ਡਿਗਰੀ ਲਈ ਹੈ, ਜਿਸ ਵਿਚ ਉਸ ਨੇ ਇਨ੍ਹਾਂ ਪੋਥੀਆਂ ਨੂੰ ਪ੍ਰਾਚੀਨ ਦੱਸਣ ਦੀ ਨਾਕਾਮ ਕੋਸ਼ਿਸ਼ ਕੀਤੀ ਹੈ, ਇਹ ਵੀ ਐਂਟੀ-ਸਿੱਖ ਸਾਜ਼ਿਸ਼ ਦਾ ਇਕ ਹਿੱਸਾ ਹੈ।

ਗੋਸਾਂਈਂ:- ਸਾਂਈਂ (ਛਾਂ ਤੋਂ ਬਣਿਆ ਹੈ, ਯਾਨਿ ਜਿਸ ਦੀ ਕਿਸੇ 'ਤੇ ਛਾਂ ਹੁੰਦੀ ਹੈ; ਦੂਜੇ ਲਫ਼ਜ਼ਾਂ ਵਿਚ ਮਾਲਿਕ) ਦਾ ਮਾਅਨਾ ਹੈ 'ਮਾਲਿਕ' ਅਤੇ **ਗੋ** ਦਾ ਮਾਅਨਾ ਹੈ 'ਧਰਤੀ'; ਇਸ ਤਰ੍ਹਾਂ ਗੋਸਾਈ ਦਾ ਮਾਅਨਾ ਹੈ: 'ਜਿਸ ਦੀ ਧਰਤੀ 'ਤੇ ਛਾਂ ਹੈ', ਯਾਨਿ ਧਰਤੀ ਦਾ ਮਾਲਿਕ। ਇਹ ਵੀ ਰੱਬ ਦੇ ਕਈ ਨਾਂਵਾਂ ਵਿਚੋਂ ਇਕ ਨਾਂ ਹੈ। ਇਸ 'ਗੋ' ਦਾ 'ਗਾਇ' (ਗਾਂ, ਗਊ) ਨਾਲ ਕੋਈ ਸਬੰਧ ਨਹੀਂ।

ਗ੍ਰਹਿਸਤੀ: ਗ੍ਰਹਿਸਤੀ ਦਾ ਮਾਅਨਾ ਹੈ: ਘਰ ਦੀ ਜ਼ਿੰਮੇਦਾਰੀ ਸੰਭਾਲਣ ਵਾਲਾ। ਸਿੱਖੀ ਜੀਵਨ 'ਪਰਵਿਰਤੀ' ਦਾ ਰਸਤਾ ਹੈ, ਯਾਨਿ ਕੁਝ ਕਰਨ ਦਾ, ਨਾ ਕਿ 'ਭੱਜਣ' ਦਾ। ਸਿੱਖ ਨੂੰ ਹਦਾਇਤ ਹੈ ਕਿ ਉਹ ਗ੍ਰਹਿਸਤੀ ਦੀ ਜ਼ਿੰਦਗੀ ਜੀਵੇ। ਸਿੱਖ ਦੁਨੀਆਂ ਦਾ ਤਿਆਗ ਨਹੀਂ ਕਰ ਸਕਦਾ। ਗ੍ਰਹਿਸਤੀ ਸਿੱਖ ਭਾਈਚਾਰੇ ਦਾ ਅਹਿਮ ਅਤੇ ਜਮ੍ਹਾ (ਫ਼ਾਇਦੇ) ਵਾਲਾ ਹਿਸਾ ਹੈ। ਜੋਗੀਆਂ ਅਤੇ ਬੈਰਾਗੀਆਂ ਵੱਲ ਇਸ਼ਾਰਾ ਕਰਦੇ ਹੋਏ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਪਹਿਲਾਂ ਤਾਂ ਇਹ ਲੋਕ ਜ਼ਿੰਦਗੀ ਦੀ ਅਸਲੀਅਤ ਤੋਂ ਭੱਜਦੇ ਹਨ ਤੇ ਫਿਰ ਇਹ ਗ੍ਰਹਿਸਤੀਆਂ ਤੋਂ ਹੀ ਖਾਣਾ ਮੰਗ ਕੇ ਖਾਂਦੇ ਹਨ। ਸਿੱਖ ਫ਼ਲਸਫ਼ੇ ਮੁਤਾਬਿਕ ਇਨਸਾਨ ਇਸ ਦੁਨੀਆਂ ਵਿਚ ਹਸਦਿਆਂ-ਖੇਡਦਿਆਂ, ਖਾਂਦਿਆਂ-ਪੀਂਦਿਆਂ, ਹੰਢਾਂਦਿਆਂ ਹੋਇਆ ਵੀ ਸੱਚਾ ਜੀਵਨ ਜੀਅ ਕੇ ਹੀ 'ਸਚਿਆਰ' ਬਣ ਸਕਦਾ ਹੈ (ਮੁਕਤੀ ਹਾਸਿਲ ਕਰ ਸਕਦਾ ਹੈ)। ਇਨਸਾਨ ਨੂੰ ਇਸ ਦੁਨੀਆਂ ਇਸ ਦੁਨੀਆਂ ਦੇ 'ਮੋਹ-ਮਾਇਆ ਤੋਂ ਦਿਲਗੀਰ' ਰਹਿ ਕੇ, ਇਕ ਆਮ ਗ੍ਰਹਿਸਤੀ ਜੀਅ ਬਣ ਕੇ ਜੀਣਾ ਚਾਹੀਦਾ ਹੈ।

> *ਨਾਮਿ ਰਤੇ ਸਦਾ ਬੈਰਾਗੀ॥* ***ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ॥*** *ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ॥ (ਸਫ਼ਾ 230)*

> *ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ॥* ***ਵਿਚੇ ਗ੍ਰਿਸਤ ਉਦਾਸ ਰਹਾਈ॥***
> *(ਸਫ਼ਾ 494)*

> *ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥* ***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥*** *(ਸਫ਼ਾ 522)*

> *ਅੰਦਰਿ ਸਹਜੁ ਨ ਆਇਓ ਸਹਜੇ ਹੀ ਲੈ ਖਾਇ॥ ਮਨ ਹਠਿ ਜਿਸ ਤੇ ਮੰਗਣਾ ਲੈਣਾ ਦੁਖ ਮਨਾਇ॥* ***ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ॥*** *(ਸਫ਼ਾ 587)*

ਗ੍ਰੰਥ:- ਇਸ ਦਾ ਲਫ਼ਜ਼ੀ ਮਾਅਨਾ ਹੈ ਪੋਥੀ ਜਾਂ ਕਿਤਾਬ। ਇਹ ਗੁਰੂ ਗ੍ਰੰਥ ਸਾਹਿਬ ਵਾਸਤੇ ਵੀ ਵਰਤਿਆ ਜਾਂਦਾ ਹੈ। 1746 ਵਿਚ, ਲਖਪਤ ਰਾਇ (ਜੋ ਕਿ ਮੁਗਲ ਸਰਕਾਰ ਦਾ ਇਕ ਹਿੰਦੂ ਵਜ਼ੀਰ ਸੀ) ਨੇ ਸਿੱਖਾਂ ਤੇ ਉਨ੍ਹਾਂ ਨਾਲ ਸਬੰਧਤ ਹਰ ਗੱਲ ਦਾ ਵਜੂਦ ਖ਼ਤਮ ਕਰਨ ਦੀ ਸੋਚ ਨਾਲ 'ਗ੍ਰੰਥ' ਲਫ਼ਜ਼ ਦੀ ਵਰਤੋਂ ਕਰਨ ਦੀ ਮਨਾਹੀ ਕਰ ਦਿੱਤੀ ਕਿਉਂ ਕਿ ਗ੍ਰੰਥ ਤੋਂ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਦੀ ਯਾਦ ਆਉਂਦੀ ਹੈ। ਹੋਰ ਦੇਖੋ: **ਗੁਰੂ ਗ੍ਰੰਥ ਸਾਹਿਬ**।

ਗ੍ਰੰਥੀ: ਗ੍ਰੰਥੀ ਉਹ ਸ਼ਖ਼ਸ ਹੈ ਜੋ ਗ੍ਰੰਥ ਤੋਂ ਪਾਠ ਕਰਦਾ/ਸੁਣਾਉਂਦਾ ਹੈ। ਅੱਜ-ਕਲ੍ਹ ਗ੍ਰੰਥੀ ਲਫ਼ਜ਼ ਗੁਰਦੁਆਰੇ ਦੀ ਸੇਵਾ-ਸੰਭਾਲ ਕਰਨ ਵਾਲੇ ਵਾਸਤੇ ਵਰਤਿਆ ਜਾਂਦਾ ਹੈ। ਸਿੱਖ ਗ੍ਰੰਥੀ ਨੂੰ ਈਸਾਈ ਗਿਰਜੇ ਦੇ ਪਾਦਰੀ ਵਾਂਙ ਮੰਨਣਾ ਠੀਕ ਨਹੀਂ ਹੈ। ਸਿੱਖ ਧਰਮ ਵਿਚ, 'ਪਾਦਰੀ' ਜਾਂ 'ਪੁਜਾਰੀ' ਕੋਈ ਅਹੁਦਾ ਜਾਂ ਜਮਾਤ ਨਹੀਂ ਹੈ। ਕੋਈ ਵੀ ਸਿੱਖ, ਜਿਸ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਰਹਿਤ ਮਰਿਆਦਾ ਦੀ ਜਾਣਕਾਰੀ ਹੈ, ਉਹ ਗੁਰਦੁਆਰੇ ਵਿਚ ਸੇਵਾ ਕਰ ਸਕਦਾ ਹੈ। ਅਠਾਰ੍ਹਵੀਂ ਸਦੀ ਦੇ ਅੱਧ ਤੋਂ ਬਾਅਦ, ਸਿੱਖ ਹੋਮਲੈਂਡ ਵਿਚ ਸਿੱਖਾਂ ਦੇ ਹੱਥ ਹਕੂਮਤ ਆਉਣ ਮਗਰੋਂ ਅਨੇਕਾਂ ਵੱਡੇ ਅਤੇ ਛੋਟੇ ਗੁਰਦੁਆਰੇ ਬਣਾਏ ਗਏ ਅਤੇ ਉਨ੍ਹਾਂ ਦੀ ਸੇਵਾ ਸੰਭਾਲ ਵਾਸਤੇ, ਪੂਰਾ ਸਮਾਂ

ਰਹਿਣ ਵਾਲੇ ਸੇਵਾਦਾਰਾਂ ਨੂੰ ਤਾਈਨਾਤ ਕੀਤਾ ਗਿਆ। ਸਮੇਂ ਦੇ ਬੀਤਣ ਨਾਲ ਇਹ ਸੇਵਾਦਾਰ ਗ੍ਰੰਥੀ ਦੇ ਨਾਂ ਨਾਲ ਜਾਣੇ ਜਾਣ ਲਗ ਪਏ। 20 ਵੀਂ ਸਦੀ ਵਿਚ, ਸਿੱਖ ਚੌਧਰੀਆਂ ਨੇ, ਈਸਾਈਆਂ ਦੇ ਪਾਦਰੀ, ਫ਼ਾਦਰ, ਕਲਰਜੀ ਦੇ ਪੈਟਰਨ 'ਤੇ ਨਵੇਂ ਅਹੁਦੇ 'ਹੈੱਡ ਗ੍ਰੰਥੀ' ਤੇ 'ਸਿੰਘ ਸਾਹਿਬ' ਦੇ ਵੀ ਖੜ੍ਹੇ ਕਰ ਲਏ ਹਨ।

ਘਰੁ: ਘਰੁ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਨੁਕਤਿਆਂ ਵਾਸਤੇ ਵਰਤਿਆ ਗਿਆ ਹੈ: (1) ਘਰ ਇਕ ਤਾਲ (ਰਿਦਮ/rhythm) ਹੈ ਜੋ ਕਿਸੇ ਖ਼ਾਸ ਰਾਗ ਵਿਚ ਵਰਤੀ ਜਾਂਦੀ ਹੈ।

(2) ਘਰ ਦਾ ਮਾਅਨਾ ਸੁਰ-ਚਿੰਨ੍ਹ ਤੋਂ ਵੀ ਹੈ ਜੋ ਸੰਗੀਤ ਦੇ ਸਾਜ਼ਾਂ ਵਿੱਚ ਵਰਤਿਆ ਜਾਂਦਾ ਹੈ, ਜਿਵੇਂ: ਹਰਮੋਨੀਅਮ ਦੇ 12 ਸੁਰ-ਚਿੰਨ੍ਹ ਹਨ ਅਤੇ ਰਬਾਬ ਦੇ 17 ਹਨ।

(3) ਗੁਰਬਾਣੀ ਵਿਚ 'ਘਰੁ' ਰੂਹ ਤੇ ਮਨ ਵਾਸਤੇ ਵੀ ਵਰਤਿਆ ਗਿਆ ਹੈ:

ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ (ਸਫ਼ਾ 2)
ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥
***ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ** ਬਹੁਰਿ ਨ ਹੋਇਗੋ ਫੇਰਾ ॥ਸਫ਼ਾ 13)*

ਚਉਪਦਾ: ਚਉਪਦਾ ਚਾਰ ਲਾਈਨਾਂ ਦੀ ਕਵਿਤਾ ਹੁੰਦੀ ਹੈ। ਗੁਰੂ ਸਾਹਿਬ ਨੇ ਇਸ ਕਾਵਿ-ਰੂਪ ਨੂੰ ਅਕਸਰ ਹੀ ਵਰਤਿਆ ਹੈ।

ਚਕਵੀ: ਚਕਵੀ ਚਕਵਾ (ਨਰ) ਪੰਛੀ ਦਾ ਮਾਦਾ (ਡਇਮਓਲਿਣ) ਹੈ। ਇਹ ਸਾਰੀ ਰਾਤ ਸੂਰਜ ਚੜ੍ਹਨ ਦੀ ਉਡੀਕ ਕਰਦੀ ਰਹਿੰਦੀ ਹੈ ਕਿਉਂਕਿ ਇਹ ਹਨੇਰੇ ਵਿਚ ਆਪਣੇ ਸਾਥੀ ਨੂੰ ਵੇਖ ਨਹੀਂ ਸਕਦੀ। ਚਕਵੇ-ਚਕਵੀ ਦਾ ਪਿਆਰ, ਪਿਆਰ ਵਿਚ ਅਲੱਗ ਹੋਣ ਦੇ ਦਰਦ ਦੀ ਸ਼ਿੱਦਤ ਨੂੰ ਦਰਸਾਉਂਦਾ ਹੈ। ਗੁਰਬਾਣੀ ਮੁਤਾਬਿਕ ਇਸੇ ਤਰ੍ਹਾਂ ਦਾ ਪਿਆਰ ਰੱਬ ਅਤੇ ਬੰਦੇ ਵਿਚਕਾਰ ਵੀ ਹੋਣਾ ਚਾਹੀਦਾ ਹੈ।

ਚਤੁਰਾਈ: ਇਸ ਦਾ ਲਫ਼ਜ਼ੀ ਮਾਅਨਾ ਹੈ: ਚਾਲਾਕੀ। ਗੁਰਬਾਣੀ ਵਿਚ ਚਤੁਰਾਈ ਨੂੰ ਇਹ ਦੱਸਣ ਵਾਸਤੇ ਵਰਤਿਆ ਗਿਆ ਹੈ ਕਿ ਰੂਹਾਨੀ ਰਸਤੇ ਉੱਤੇ ਚਲਦਿਆਂ ਕੋਈ ਚਾਲਾਕੀ (ਜਿਵੇਂ ਰੱਬ ਵਾਸਤੇ ਦਿਖਾਵੇ ਦਾ ਪਿਆਰ, ਦਿਖਾਵੇ ਦੀ ਲੋਕ ਸੇਵਾ, ਦਿਖਾਵੇ ਦੀ ਇਨਸਾਨੀਅਤ ਤੇ ਹੋਰ ਚਾਲਾਕੀਆਂ) ਕੰਮ ਨਹੀਂ ਆਉਂਦੀ। ਸਿਆਣਪ ਜਿੱਥੇ ਜਮ੍ਹਾ-ਪੱਖੀ ਹੈ ਉੱਥੇ ਚਤੁਰਾਈ ਤੇ ਚਾਲਾਕੀ ਨਫ਼ੀ-ਪੱਖੀ ਹਨ।

ਰੇ ਜਨ, ਮਨੁ ਮਾਧਉ ਸਿਉ ਲਾਈਐ॥ ਚਤੁਰਾਈ ਨ ਚਤੁਰਭੁਜੁ ਪਾਈਐ॥ (ਸਫ਼ਾ 324)

ਚਰਨ ਅੰਮ੍ਰਿਤ: ਹਿੰਦੂ ਧਾਰਮਿਕ ਕਲਚਰ ਵਿਚ ਚਰਨਾਂਮ੍ਰਿਤ (ਚਰਨ-ਅੰਮ੍ਰਿਤ) ਉਹ ਪਾਣੀ ਜਿਸ ਵਿਚ ਕਿਸੇ ਸਾਧੂ ਦੇ ਸੱਜੇ ਪੈਰ ਦਾ ਅੰਗੂਠਾ ਧੋਤਾ/ਡੁਬੋਇਆ ਹੋਵੇ। ਹਿੰਦੂ ਧਰਮ ਮੁਤਾਬਿਕ ਕਿਸੇ ਮੱਤ ਵਿਚ ਸ਼ਾਮਿਲ ਹੋਣ ਵਾਸਤੇ ਉਸ ਮੱਤ ਦੇ ਆਗੂ ਦਾ ਚਰਨਾਂਮ੍ਰਿਤ ਪੀਣਾ ਲਾਜ਼ਮੀ ਹੈ। ਉਨ੍ਹਾਂ ਮੁਤਾਬਿਕ ਇਹ ਪਾਣੀ ਪਵਿੱਤਰ ਹੁੰਦਾ ਹੈ। ਸਿੱਖ ਜੀਵਨ ਜਾਚ ਵਿਚ ਇਹ ਲਫ਼ਜ਼ ਗੁਰੂ ਸਾਹਿਬਾਨ ਦੀ ਅਸੀਸ ਵਾਸਤੇ ਵਰਤਿਆ

ਜਾਂਦਾ ਹੈ। ਕੁਝ ਲਿਖਾਰੀਆਂ ਮੁਤਾਬਿਕ ਚਰਨ ਅੰਮ੍ਰਿਤ ਪਹਿਲੇ ਨੌਂ ਗੁਰੂਆਂ ਤਕ, ਸਿੱਖਾਂ ਵਿਚ ਪ੍ਰਚਲਿਤ ਸੀ ਅਤੇ ਗੁਰੂ ਗੋਬਿੰਦ ਸਿੰਘ ਨੇ ਖੰਡੇ ਦੀ ਪਾਹੁਲ ਸ਼ੁਰੂ ਕਰ ਦਿੱਤੀ ਸੀ। ਇਹ ਗ਼ਲਤ ਹੈ ਕਿ ਚਰਨ ਅੰਮ੍ਰਿਤ ਗੁਰੂ ਗੋਬਿੰਦ ਸਿੰਘ ਤੋਂ ਪਹਿਲੇ ਸਿੱਖਾਂ ਵਿਚ ਪ੍ਰਚਲਿਤ ਸੀ। ਸਿੱਖ ਫ਼ਲਸਫ਼ੇ ਮੁਤਾਬਿਕ, 'ਚਰਨ ਅੰਮ੍ਰਿਤ' ਦਾ ਮਾਅਨਾ ਹੈ: ਗੁਰੂ ਦੇ ਚਰਨਾਂ ਰਸਤੇ ਦਾ ਅੰਮ੍ਰਿਤ (ਰਸ), ਯਾਨਿ ਕਿ ਗੁਰੂ ਦਾ ਸ਼ਬਦ; ਅਤੇ ਇਸ ਸ਼ਬਦ ਨੂੰ ਸਮਝਣ ਲਈ ਚਰਨ ਅੰਮ੍ਰਿਤ ਪੀਣ ਦਾ ਮਾਅਨਾ ਹੈ: ਗੁਰੂ ਸਾਹਿਬ ਦੇ ਚਰਨਾਂ ਦੇ ਅੰਮ੍ਰਿਤ (ਗੁਰੂ ਦੀ ਸਿਖਿਆ ਦਾ ਰਸ ਪੀਣਾ) ਯਾਨਿ ਗੁਰੂ ਦੀਆਂ ਸਿੱਖਿਆਵਾਂ ਮੁਤਾਬਿਕ ਜੀਵਨ ਜਿਊਣ ਦੀ ਕੋਸ਼ਿਸ਼ ਕਰਨਾ। ਚਰਨ ਪਾਹੁਲ, ਚਰਨ ਪਾਦਕਾ ਤੇ ਚਰਨ ਅੰਮ੍ਰਿਤ (ਚਰਨਾਮ੍ਰਿਤ) ਦੇ ਮਾਅਨੇ ਵੀ ਇਹੀ ਹਨ। ਗੁਰੂ ਸਾਹਿਬ ਦੇ ਸ਼ਬਦਾਂ ਨੂੰ ਵੀ ਚਰਨ ਅੰਮ੍ਰਿਤ ਕਿਹਾ ਜਾਂਦਾ ਹੈ। ਹੋਰ ਦੇਖੋ: **ਚਰਨ ਕਮਲ**

ਚਰਨ ਕਮਲ: 'ਚਰਨ' ਪੰਜਾਬੀ ਵਿਚ ਪੈਰ ਹੁੰਦਾ ਹੈ ਅਤੇ 'ਕਮਲ' (ਕੰਵਲ) ਇਕ ਫੁੱਲ ਦਾ ਨਾਂ ਹੈ। ਚਰਨ ਕਮਲ ਦਾ ਪਿਛੋਕੜ ਕਮਲ ਫੁੱਲ ਵਿਚ ਹੈ ਜੋ ਚਿੱਕੜ/ਗੰਦੇ ਪਾਣੀ ਵਿੱਚ ਹੀ ਖਿੜਦਾ ਹੈ ਅਤੇ ਖ਼ਤਮ ਹੁੰਦਾ ਹੈ ਪਰ ਚਿਕੱੜ/ਗੰਦੇ ਪਾਣੀ, ਗੰਦਗੀ ਜਾਂ ਬਦਬੋ ਦਾ ਇਸ ਉਤੇ ਕੋਈ ਅਸਰ ਨਹੀਂ ਪੈਂਦਾ। ਕਮਲ ਦਾ ਫੁੱਲ ਗੁਰੂ ਸਾਹਿਬ ਦੇ ਪਵਿੱਤਰ/ਨੇਕ ਪੈਰਾਂ ਲਈ ਇੱਕ ਅਲੰਕਾਰ ਵਜੋਂ ਵਰਤਿਆ ਗਿਆ ਹੈ। ਗੁਰੂ ਸਾਹਿਬ ਦੇ ਪੈਰ ਕਮਲ ਦੀ ਤਰ੍ਹਾਂ ਹਨ ਜਿਹੜੇ ਇਹ ਦੁਨੀਆਂ ਦੀਆਂ ਬੁਰਾਈਆਂ ਵਿਚ ਵਿਚਰਦੇ ਹੋਣ ਦੇ ਬਾਵਜੂਦ ਵੀ ਇਸ ਦੇ ਅਸਰ ਤੋਂ ਬਚੇ ਰਹਿੰਦੇ ਹਨ; ਇਸ ਲਈ ਇਸ ਨੂੰ ਚਰਨ ਕਮਲ (ਕਮਲ ਫੁੱਲ ਵਰਗੇ ਪੈਰ) ਕਿਹਾ ਜਾਂਦਾ ਹੈ। ਇਕ ਸਿੱਖ ਗੁਰੂ ਸਾਹਿਬ ਦੇ ਚਰਨ ਕਮਲਾਂ ਵਿਚ ਜੀਊਣ ਦੀ ਲਾਲਸਾ ਰੱਖਦਾ ਹੈ, ਯਾਨਿ ਗੁਰੂ ਦੀ ਸਿਖਿਆ ਮੁਤਾਬਿਕ ਜੀਣਾ ਲੋਚਦਾ ਹੈ। ਇੰਞ ਹੀ 'ਚਰਨ ਕਵਲ **ਹਿਰਦੈ ਗਹਿ**, ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ (ਸਫ਼ਾ 203)' ਅਤੇ 'ਚਰਨ ਕਮਲ **ਰਿਦ ਮਹਿ ਉਰਿ ਧਾਰਹੁ** (ਸਫ਼ਾ 288) ਵਿਚ ਚਰਨ ਕਮਲ ਮਨ (ਹਿਰਦੈ) ਵਿਚ ਫੜਨੇ (ਗਹਿ) ਜਾਂ ਟਿਕਾਉਣੇ (ਧਾਰਹੁ) ਦਾ ਮਤਲਬ ਪੈਰ ਦਿਲ ਵਿਚ ਫਸਾ ਕੇ ਰੱਖਣਾ ਨਹੀਂ, ਬਲਕਿ ਗੁਰੂ ਦੀ ਸਿਖਿਆ ਨੂੰ ਮਨ ਵਿਚ ਵਸਾਉਣਾ ਹੈ।

ਚਰਨ ਪਾਦੁਕਾ: ਦੇਖੋ: **ਚਰਨ ਅੰਮ੍ਰਿਤ, ਚਰਨ ਕਮਲ**

ਚਰਨ ਪਾਹੁਲ: ਦੇਖੋ: **ਚਰਨ ਅੰਮ੍ਰਿਤ,ਚਰਨ ਕਮਲ**

ਚਰਿਤਰੋ ਪਾਖਿਆਨ: ਚਰਿੱਤਰੋ ਪਾਖਿਆਨ ਨੂੰ ਸਿਰਫ਼ 'ਚਰਿੱਤਰ', ਤ੍ਰਿਆ ਚਰਿਚਰ ਤੇ 'ਚਲਿੱਤਰ' ਵੀ ਕਿਹਾ ਜਾਂਦਾ ਹੈ। ਇਹ ਇਕ ਅਜਿਹੀ ਕਿਤਾਬ ਹੈ ਜੋ ਔਰਤਾਂ ਦੀਆਂ ਚਾਲਾਕੀਆਂ, ਦਾਅ-ਪੇਚਾਂ, ਚਾਲਾਂ ਬਾਰੇ ਬਿਆਨ ਕਰਦੀ ਹੈ, ਜਿਹੜੀਆਂ ਉਹ ਆਪਣੀ ਕਾਮ (ਸੈਕਸ) ਦੀ ਭੁੱਖ ਨੂੰ ਦੂਰ ਕਰਨ ਵਾਸਤੇ ਕੀਤੀਆਂ ਆਪਣੀਆਂ ਕਰਤੂਤਾਂ ਤੇ ਹੋਰ ਗੁਨਾਹਾਂ ਨੂੰ ਅਪਣੇ ਪਤੀਆਂ ਤੋਂ ਛੁਪਾਉਣ ਤੇ ਆਪ ਸੱਚੇ ਹੋਣ ਵਾਸਤੇ ਕਰਦੀਆਂ ਹਨ। ਇਹ ਕਿਤਾਬ ਅਜਿਹੀਆਂ 400 ਤੋਂ ਜ਼ਿਆਦਾ ਸਾਜ਼ਿਸ਼ਾਂ, ਚਾਲਾਂ ਦਾ ਵੇਰਵਾ ਦਸਦੀ ਹੈ, ਜੋ ਚਲਾਕ ਔਰਤਾਂ ਆਪਣੇ ਪਤੀਆਂ/ਪ੍ਰੇਮੀਆਂ ਨੂੰ ਬੇਵਕੂਫ਼ ਬਣਾਉਣ ਲਈ ਵਰਤ ਸਕਦੀਆਂ ਹਨ। ਅਖੌਤੀ ਦਸਮ ਗ੍ਰੰਥ (ਅਸਲ ਨਾਂ ਬਚਿਤਰ ਨਾਟਕ) ਦੇ ਹਿਮਾਇਤੀ ਇਹ ਕਹਿੰਦੇ ਹਨ ਕਿ ਇਸ ਕਿਤਾਬ ਦੇ ਲਿਖਾਰੀ ਗੁਰੂ ਗੋਬਿੰਦ

ਸਿੰਘ ਸਾਹਿਬ ਸਨ। ਅਜਿਹਾ ਕਹਿਣਾ ਗੁਰੂ ਸਾਹਿਬ ਦੀ ਘੋਰ ਬੇਅਦਬੀ ਕਰਨਾ ਹੈ। ਅਜਿਹੇ ਗੁਰ-ਨਿੰਦਕ ਸਿੱਖ ਨਹੀਂ ਅਖਵਾ ਸਕਦੇ। ਗੁਰੂ ਸਾਹਿਬ ਇਸ ਤਰ੍ਹਾਂ ਦੀ ਕਾਮੁਕਤਾ ਤੇ ਹੋਰ ਗੰਦ-ਮੰਦ ਸਬੰਧੀ ਕਿਤਾਬ ਲਿਖ ਤਾਂ ਕੀ ਸੁਣ ਵੀ ਨਹੀਂ ਸਨ ਸਕਦੇ। ਇਹ ਕਿਤਾਬ ਸਾਕਤ ਮਤ ਦੇ ਕਿਸੇ ਲੇਖਕ ਦੀ ਲਿਖੀ ਹੋਈ ਹੈ।

ਚੜ੍ਹਦੀ ਕਲਾ: ਚੜ੍ਹਦੀ ਕਲਾ ਦਾ ਮਾਅਨਾ ਹੈ: ਉੱਪਰ ਵੱਲ ਜਾਣ ਦਾ ਹੁਨਰ/ਤਾਕਤ। ਇਹ ਸਿੱਖ ਕੌਮ ਦਾ ਇਕ ਲਾਸਾਨੀ ਫ਼ਲਸਫ਼ਾ ਹੈ। ਸਿੱਖ ਨੂੰ ਹਮੇਸ਼ਾ ਪੁਰ-ਉਮੀਦ ਰਹਿਣਾ ਚਾਹੀਦਾ ਹੈ। ਸਿੱਖ ਨੂੰ ਹਰ ਵੇਲੇ ਜਮ੍ਹਾਂ-ਪੱਖੀ ਸੋਚਣ ਲਈ ਕਿਹਾ ਗਿਆ ਹੈ। ਉੱਚੇ ਹੌਸਲੇ, ਜੋਸ਼, ਖ਼ੁਸ਼ੀ, ਜਮ੍ਹਾਂ-ਪੱਖੀ ਸੋਚ, ਹਿੰਮਤ, ਦ੍ਰਿੜਤਾ, ਨਿਡਰਤਾ, ਭਰੋਸਾ, ਉਮੀਦ ਵਗ਼ੈਰਾ ਚੜ੍ਹਦੀ ਕਲਾ ਦੀਆਂ ਨਿਸ਼ਾਨੀਆਂ ਹਨ।

ਸਿੱਖ ਸਿਰਫ਼ ਰੱਬ ਦੀ ਮਿਹਰ ਨਾਲ ਹੀ ਚੜ੍ਹਦੀ ਕਲਾ ਹਾਸਿਲ ਕਰ ਸਕਦਾ ਹੈ, ਇਸ ਲਈ ਰੂਹਾਨੀਅਤ ਵੀ ਇਸ ਫ਼ਲਸਫ਼ੇ ਦਾ ਇਕ ਹਿੱਸਾ ਹੈ। ਸਿੱਖ ਨੂੰ ਰੱਬ ਉੱਤੇ ਪੂਰਾ ਭਰੋਸਾ ਹੋਣਾ ਚਾਹੀਦਾ ਹੈ ਅਤੇ ਇਹ ਯਕੀਨ ਇਕ ਸਿੱਖ ਵਿਚ ਤਾਕਤ, ਕਾਬਲੀਅਤ, ਜੁਰਅਤ ਅਤੇ ਹੌਸਲੇ ਨੂੰ ਵਧਾਉਂਦਾ ਹੈ। 'ਚੜ੍ਹਦੀ ਕਲਾ' ਅਤੇ 'ਭਾਣਾ ਮੰਨਣਾ' ਦੋਵੇਂ ਹੀ ਇਕ ਦੂਜੇ ਦਾ ਤਾਣਾ-ਪੇਟਾ ਹਨ। ਸਿੱਖ ਹਰ ਵੇਲੇ ਰੱਬ ਦੇ ਭਾਣੇ ਅੱਗੇ ਸਿਰ ਝੁਕਾਉਂਦਾ ਹੈ ਤੇ ਇਹ ਵੀ ਯਕੀਨ ਰਖਦਾ ਹੈ ਕਿ ਵਾਹਿਗੁਰੂ ਹਮੇਸ਼ਾ ਮਿਹਰਬਾਨ ਹੁੰਦਾ ਹੈ। ਸਿੱਖ ਲਈ ਰੱਬ ਦੇ ਹੁਕਮ ਅੱਗੇ ਸਿਰ ਝੁਕਾਉਣਾ ਲਾਜ਼ਮੀ ਹੈ ਪਰ ਉਸ ਨੂੰ ਆਪਣੇ ਆਉਣ ਵਾਲੇ ਭਲਕ ਨੂੰ ਵਧੀਆ ਬਣਾਉਣ ਲਈ ਜੱਦੋਜਹਿਦ ਵੀ ਜ਼ਰੂਰ ਕਰਨੀ ਚਾਹੀਦੀ ਹੈ। ਸਿੱਖ ਸਿਰਫ਼ ਰੱਬ ਦੀ ਮਿਹਰ ਨਾਲ ਹੀ ਚੜ੍ਹਦੀ ਕਲਾ ਹਾਸਿਲ ਕਰ ਸਕਦਾ ਹੈ; ਅਤੇ ਰੱਬ ਦੀ ਮਿਹਰ ਨੂੰ ਨਾਮ ਸਿਮਰਨ ਨਾਲ ਹੀ ਹਾਸਿਲ ਕੀਤਾ ਜਾ ਸਕਦਾ ਹੈ। ਨਾਂ ਸਿਮਰਨ ਦਾ ਮਾਅਨਾ ਹੈ: ਰੱਬ ਨੂੰ ਹਰ ਵੇਲੇ ਦਿਲ ਵਿਚ ਚੇਤੇ ਰੱਖਣਾ।

ਚਾਤ੍ਰਿਕ: ਇਸ ਪੰਛੀ ਨੂੰ ਸਾਰੰਗਾ, ਬਬੀਹਾ ਅਤੇ ਪਪੀਹਾ ਵੀ ਕਿਹਾ ਜਾਂਦਾ ਹੈ। ਇਹ ਯਕੀਨ ਕੀਤਾ ਜਾਂਦਾ ਹੈ ਕਿ ਇਹ ਓਨੇ ਸਮੇਂ ਤੱਕ ਪਿਆਸਾ ਰਹਿੰਦਾ ਹੈ ਜਦੋਂ ਤੱਕ ਇਸ ਨੂੰ ਮੀਂਹ ਦੇ ਪਾਣੀ ਦੀਆਂ ਬੂੰਦਾਂ ਬੱਦਲਾਂ ਤੋਂ ਹਾਸਿਲ ਨਹੀਂ ਹੁੰਦੀਆਂ। ਇਸ ਕਰ ਕੇ ਇਹ ਮੀਂਹ ਦੇ ਪਾਣੀ ਲਈ ਤੜਫ਼ਦਾ ਹੈ ਤੇ 'ਪੀਹੂ ਪੀਹੂ' ਦੀਆਂ ਆਵਾਜ਼ਾਂ ਕੱਢਦਾ ਰਹਿੰਦਾ ਹੈ। ਚਾਤ੍ਰਿਕ ਨੂੰ ਗੁਰੂ ਸਾਹਿਬ ਨੇ ਰੱਬ ਵਾਸਤੇ ਸਿੱਖ ਦੇ ਪਿਆਰ ਦੀ ਤੀਬਰਤਾ ਦੱਸਣ ਵਾਸਤੇ ਵਰਤਿਆ ਹੈ ਤੇ ਮੀਂਹ ਦੇ ਪਾਣੀ ਨੂੰ ਸ਼ਬਦ ਦਾ ਚਿੰਨ੍ਹ ਬਣਾਇਆ ਹੈ।

ਚਾਰ ਪਦਾਰਥ: ਪੂਰਬੀ ਵਿਦਵਾਨਾਂ ਦੇ ਅਨੁਸਾਰ ਮਨੁੱਖ ਦੇ ਚਾਰ ਕਰਮ ਹਨ: ਧਰਮ (ਫ਼ਰਜ਼), ਅਰਥ (ਮਾਲੀ ਖ਼ੁਸ਼ਹਾਲੀ), ਕਾਮ (ਜਿਸਮਾਨੀ ਖ਼ੁਸ਼ੀ/ਅਨੰਦ ਜਾਂ ਅਗਲੀ ਨਸਲ ਦੀ ਪੈਦਾਇਸ਼) ਅਤੇ ਮੋਕਸ਼ (ਮੁਕਤੀ)। ਇਹਨਾਂ ਚੌਹਾਂ ਵਿਚੋਂ 'ਮੋਕਸ਼' ਇਕ ਹਿੰਦੂ ਵਾਸਤੇ ਬਹੁਤ ਉੱਚੀ ਪ੍ਰਾਪਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦਾ ਜ਼ਿਕਰ ਵੱਖਰੇ ਅਰਥਾਂ ਵਿਚ ਆਉਂਦਾ ਹੈ। ਵੇਖੋ: **ਮੁਕਤੀ** 258

ਚਾਰ ਬਾਗ-ਏ-ਪੰਜਾਬ: 'ਚਾਰ ਬਾਗ-ਏ-ਪੰਜਾਬ', ਗਣੇਸ਼ ਦਾਸ ਵਡ੍ਹੇਰਾ ਲਿਖਤ, 1835 ਵਿਚ ਤਿਆਰ ਹੋਈ, ਪੰਜਾਬ ਦੀ ਤਵਾਰੀਖ਼ ਦੀ ਇਕ ਕਿਤਾਬ ਹੈ। ਗਣੇਸ਼

ਦਾਸ ਲਾਹੌਰ ਦਰਬਾਰ ਦੇ ਖਜ਼ਾਨਾ ਮਹਿਕਮੇ ਦਾ ਇਕ ਅਫ਼ਸਰ ਸੀ। ਇਹ ਕਿਤਾਬ ਉਨ੍ਹੀਂਵੀ ਸਦੀ ਦੇ ਪਹਿਲੇ ਅੱਧ ਦੇ ਪੰਜਾਬ ਦੇ ਮਾਲੀ, ਸਿਆਸੀ ਨਿਜ਼ਾਮ ਅਤੇ ਭੂਗੋਲਕ ਤੇ ਵਪਾਰਿਕ ਹਾਲਾਤਾਂ ਬਾਰੇ ਕੀਮਤੀ ਜਾਣਕਾਰੀ ਨਾਲ ਭਰਪੂਰ ਹੈ। ਇਸ ਵਿਚ ਪੰਜਾਬ ਦੀ ਤਵਾਰੀਖ਼ ਬਾਰੇ ਬੜੀ ਕੀਮਤੀ, ਅਣਜਾਣੀ ਜਾਣਕਾਰੀ ਦਿੱਤੀ ਗਈ ਹੈ ਪਰ ਇਸ ਵਿਚ ਪੇਸ਼ ਸਿੱਖ ਤਵਾਰੀਖ਼ ਨਾ ਸਿਰਫ਼ ਬਜਰ ਗ਼ਲਤੀਆਂ ਨਾਲ ਭਰੀ ਹੋਈ ਹੈ ਸਗੋਂ ਸਾਜ਼ਿਸ਼ੀ ਪ੍ਰਾਪੇਗੰਡਾ ਤੇ ਬਦਨੀਅਤੀ ਨਾਲ ਭਰੀ ਵੀ ਜਾਪਦੀ ਹੈ। ਇਸ ਕਰ ਕੇ ਇਸ ਨੂੰ ਬੜੀ ਚੌਕਸੀ ਨਾਲ ਪੜ੍ਹਨਾ ਚਾਹੀਦਾ ਹੈ।

ਚਾਰ ਵਰਣ: ਹਿੰਦੂ ਧਰਮ ਮੁਤਾਬਿਕ, ਸਮਾਜ ਵਿਚ ਲੋਕਾਂ ਦੇ ਚਾਰ ਵਰਣ (ਮੁਖ ਹਿੱਸੇ/ਜਾਤਾਂ) ਹਨ: ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ। ਹਿੰਦੂ ਬ੍ਰਾਹਮਣ ਨੂੰ ਸਭ ਤੋਂ ਉੱਚਾ ਮੰਨਦੇ ਹਨ ਅਤੇ ਸ਼ੂਦਰ ਨੂੰ ਸਮਾਜਿਕ ਦਰਜੇ ਵਿਚ ਸਭ ਤੋਂ ਨੀਵਾਂ। ਇਨ੍ਹੇਂ ਮੁਤਾਬਿਕ ਅਖੌਤੀ ਸ਼ੂਦਰਾਂ ਨੂੰ ਕੋਈ ਧਾਰਮਿਕ ਜਾਂ ਰੂਹਾਨੀ ਹੱਕ ਨਹੀਂ ਹਨ। ਸਿੱਖ ਧਰਮ ਇਸ ਵੰਡ ਨੂੰ ਮੂਲੋਂ ਹੀ ਰੱਦ ਕਰਦਾ ਹੈ। ਸਿੱਖ ਧਰਮ ਵਿਚ ਕੋਈ ਵੀ ਨੀਵੀਂ ਜਾਂ ਉੱਚੀ ਜਾਤ ਨਹੀਂ ਹੈ। ਸਿੱਖ ਧਰਮ ਲੋਕਾਂ ਦੇ ਕਿਸੇ ਅਖੌਤੀ ਉੱਚੇ ਘਰ ਵਿਚ ਜਨਮ ਲੈਣ ਨਾਲ ਜਾਂ ਵਿਰਸੇ ਵਿਚ ਹਾਸਿਲ ਹੋਏ ਇਲਮੀ ਜਾਂ ਰੂਹਾਨੀ ਹੱਕਾਂ ਨੂੰ ਰੱਦ ਕਰਦਾ ਹੈ। ਕਿਸੇ ਅਮੀਰ ਘਰ ਵਿਚ ਜਨਮ ਲੈਣ ਨਾਲ ਕੋਈ ਦੌਲਤ ਪੱਖੋਂ ਅਮੀਰ ਤਾਂ ਬਣ ਸਕਦਾ ਹੈ ਪਰ, ਉਸ ਨੂੰ ਆਪਣੇ ਆਪ, ਦੂਜਿਆਂ ਤੋਂ ਸਮਾਜਿਕ, ਧਾਰਮਿਕ ਜਾਂ ਰੂਹਾਨੀ ਪੱਖੋਂ ਉੱਚਾ ਦਰਜਾ ਨਹੀਂ ਮਿਲ ਜਾਂਦਾ। ਹੋਰ ਵੇਖੋ: **ਜਾਤ ਪਾਤ**

ਚਾਰ ਵੇਦ: ਚਾਰ ਵੇਦ ਹਨ: ਰਿਗ, ਸਾਮ, ਯਜੁਰ ਅਤੇ ਅਥਰਵ। ਇਨ੍ਹਾਂ ਕਿਤਾਬਾਂ ਵਿਚ, ਉਸ ਵੇਲੇ ਦੀਆਂ, ਸਮਾਜਿਕ ਅਤੇ ਸੱਭਿਆਚਾਰਕ ਕੀਮਤਾਂ ਅਤੇ ਕਰਮ ਕਾਂਡੀ ਕਾਰਵਾਈਆਂ (ਯੱਗ, ਪੂਜਾ, ਜੋਤਸ਼, ਜਾਦੂ, ਤੰਤ੍ਰ ਮੰਤ੍ਰ ਵਗੈਰਾ) ਬਾਰੇ ਕਾਫ਼ੀ ਸਮੱਗਰੀ ਦਿੱਤੀ ਗਈ ਹੈ।

ਚਿੰਤਾ: ਇਸ ਦਾ ਲਫ਼ਜ਼ੀ ਮਾਅਨਾ ਹੈ: ਫ਼ਿਕਰ/ਪਰੇਸ਼ਾਨੀ। ਇਹ ਆਮ ਤੌਰ 'ਤੇ ਮਾਇਆ (ਦੌਲਤ) ਜਾਂ ਦੁਨਿਆਵੀ ਮਸਲਿਆਂ ਦੀ ਪਰੇਸ਼ਾਨੀ ਵਾਸਤੇ ਵਰਤਿਆ ਜਾਂਦਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਇਨਸਾਨ ਕੋਲ ਦੌਲਤ ਏਨੀ ਕੁ ਹੀ ਹੋਣੀ ਚਾਹੀਦੀ ਹੈ ਕਿ ਇਨਸਾਨ ਦਾ ਸਹੀ ਗੁਜ਼ਾਰਾ ਚੱਲ ਸਕੇ। ਜਿਨ੍ਹਾਂ ਕੋਲ ਜ਼ਿਆਦਾ ਜਾਂ ਥੋੜ੍ਹਾ ਧਨ ਹੁੰਦਾ ਹੈ, ਉਹ ਹਰ ਵੇਲੇ ਚਿੰਤਾ ਵਿਚ ਡੁੱਬੇ ਰਹਿੰਦੇ ਹਨ। ਜਿਨ੍ਹਾਂ ਕੋਲ ਘਟ ਧਨ ਹੋਵੇ ਉਹ ਥੁੜਾਂ ਵਿਚ ਝੁਰਦੇ ਰਹਿੰਦੇ ਹਨ। ਇੰਞ ਹੀ ਜੋ ਜ਼ਿਆਦਾ ਤੋਂ ਜ਼ਿਆਦਾ ਕਮਾਉਣ ਦੀ ਤਾਂਘ ਰਖਦੇ ਹਨ ਉਹ ਕਦੇ ਵੀ ਤ੍ਰਿਪਤ ਨਹੀਂ ਹੁੰਦੇ ਅਤੇ ਸਦਾ ਹੀ ਚਿੰਤਾ ਦੇ ਬੋਝ ਹੇਠ ਦੱਬੇ ਰਹਿੰਦੇ ਹਨ। ਸਿੱਖ ਧਰਮ ਮੁਤਾਬਿਕ ਇਨਸਾਨ ਨੂੰ ਸਬਰ ਰੱਖਣ ਦੀ ਆਦਤ ਪਾਉਣੀ ਚਾਹਦੀ ਹੈ ਤੇ ਜਿਹੜਾ ਮਸਲਾ ਉਹ ਹੱਲ ਨਹੀਂ ਕਰ ਸਕਦਾ ਉਸ ਦਾ ਬਹੁਤਾ ਫ਼ਿਕਰ ਨਹੀਂ ਕਰਨਾ ਚਾਹੀਦਾ (ਅਕਾਲ ਪੁਰਖ ਆਪੇ ਫ਼ਿਕਰ ਕਰੇਗਾ)।

ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੁੋਆਨੀ॥
ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈਆਨੀ॥

ਆਗੈ ਦਰਗਹਿ ਕਾਮਿ ਨ ਆਵੈ ਛੋਡਿ ਚਲੈ ਅਭਿਮਾਨੀ॥ (ਸਫ਼ੇ 379-80)
ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ॥ (ਸਫ਼ਾ188)
ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥ (ਸਫ਼ਾ 495)

ਚਿੱਤਰ ਗੁਪਤ: ਦੇਖੋ: **ਧਰਮਰਾਜ**

ਚੁਰਾਸੀ/ਚੌਰਾਸੀ ਲੱਖ ਜੂਨ:- ਹਿੰਦੂਆਂ ਦਾ ਯਕੀਨ ਹੈ ਕਿ ਇਸ ਧਰਤੀ ਵਿਚ 84 ਲੱਖ (8.4 ਮਿਲੀਅਨ) ਕਿਸਮ ਦੇ ਜੀਵ-ਜੰਤੂ ਹਨ। ਇਸ ਥਿਊਰੀ ਮੁਤਾਬਿਕ, ਇਨ੍ਹਾਂ ਦੀ ਵੰਡ ਇੰਞ ਹੈ: ਨੌ ਲੱਖ ਸਮੁੰਦਰ (ਪਾਣੀ) ਵਿਚ, ਦਸ ਲੱਖ ਪੰਛੀ, ਵੀਹ ਲੱਖ ਪੌਦੇ, ਯਾਰ੍ਹਾਂ ਲੱਖ ਰੀਂਗਣ ਵਾਲੇ, ਤੀਹ ਲੱਖ ਚੌਪਾਏ (ਚਾਰ ਲੱਤਾਂ ਵਾਲੇ), ਚਾਰ ਲੱਖ ਮਨੁੱਖਾਂ ਵਰਗੇ (ਜਿਵੇ: ਬਾਂਦਰ ਵਗ਼ੈਰਾ)। ਜੈਨ ਧਰਮ ਦੀ ਵੰਡ ਇਸ ਤੋਂ ਵੱਖਰੀ ਕਿਸਮ ਦੀ ਹੈ। ਸਿੱਖ ਸਾਹਿਤ ਵਿੱਚ ਚੋਰਾਸੀ ਲੱਖ ਜੂਨ ਦਾ ਜ਼ਿਕਰ ਪ੍ਰਮਾਤਮਾ ਦੀ ਰਚਨਾ ਦੀ ਅਪਾਰਤਾ/ਬੇਅੰਤਤਾ ਦੱਸਣ ਵਾਸਤੇ ਵਰਤਿਆ ਗਿਆ ਹੈ, ਯਾਨਿ ਰੱਬ ਦੇ ਜੀਵਾਂ ਦੀ ਗਿਣਤੀ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਸਿੱਖ ਧਰਮ ਦਾ ਯਕੀਨ ਹੈ ਕਿ ਉਸ ਦੇ ਪੈਦਾ ਕੀਤੇ ਹੋਏ ਜੀਵ, ਉਸ ਦੀ ਰਚਨਾ, ਗਿਣਤੀ ਤੋਂ ਪਰ੍ਹੇ ਹੈ। ਇੱਥੇ ਸੈਂਕੜੇ ਜਾਂ ਹਜ਼ਾਰਾਂ ਨਹੀਂ ਲੱਖਾਂ ਹੀ ਧਰਤੀਆਂ ਹਨ ਅਤੇ ਹਰ ਧਰਤੀ ਉੱਤੇ ਅਣਗਿਣਤ ਹੀ ਜੀਵ-ਜੰਤੂ ਹਨ। ਸਿੱਖ ਧਰਮ ਹਿੰਦੂਆਂ ਦੇ ਇਸ ਯਕੀਨ ਨੂੰ ਵੀ ਰੱਦ ਕਰਦਾ ਹੈ ਕਿ ਇਨਸਾਨ ਬਣਨ ਤੋਂ ਪਹਿਲਾਂ 84 ਲੱਖ ਜੂਨਾਂ ਵਿਚ ਜਨਮ ਲੈਣਾ ਪੈਂਦਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ, 84 ਲੱਖ ਜੂਨਾਂ ਅਤੇ ਇਨਸਾਨੀ ਜ਼ਿੰਦਗੀ ਦਾ ਮਤਲਬ ਇਹ ਹੈ ਕਿ ਇਨਸਾਨ 84 ਲੱਖ (ਸਾਰੀਆਂ ਜਾਣੀਆਂ-ਅਣਜਾਣੀਆਂ, ਯਾਨਿ ਬੇਅੰਤ) ਜੂਨਾਂ ਵਿਚੋਂ ਸਭ ਤੋਂ ਉੱਪਰ ਹੈ। ਯਾਨਿ, ਰੱਬ ਨੇ ਇਨਸਾਨਾਂ ਨੂੰ ਜੋ ਜ਼ਿੰਦਗੀ ਦਿੱਤੀ ਹੈ ਜੋ ਬਾਕੀ ਸਾਰੀਆਂ ਜੂਨਾਂ ਤੋਂ ਵਧੀਆ ਹੈ। ਇਹ ਜ਼ਿੰਦਗੀ 8.4 ਮਿਲੀਅਨ ਜੂਨਾਂ ਤੋਂ ਬਾਅਦ ਨਹੀਂ ਮਿਲਦੀ ਪਰ ਇਹ ਸਭ ਤੋਂ ਉੱਚੀ ਜ਼ਿੰਦਗੀ ਹੈ।:

ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥
(ਸਫ਼ਾ 1075)

ਚੁੰਨੀ: ਚੁੰਨੀ ਲਫ਼ਜ਼ ਪੰਜਾਬੀ ਔਰਤਾਂ ਦੇ ਉਸ ਲੰਮੇ 'ਸਕਾਰਫ਼' (ਰੁਮਾਲ) ਵਾਸਤੇ ਵਰਤਿਆ ਜਾਂਦਾ ਹੈ, ਜੋ ਉਹ ਆਪਣਾ ਸਿਰ ਢੱਕਣ ਲਈ ਲੈਂਦੀਆਂ ਹਨ। ਇਸ ਨੂੰ ਦੁਪੱਟਾ ਵੀ ਕਿਹਾ ਜਾਂਦਾ ਹੈ। ਬਹੁਤ ਸਾਰੀਆਂ ਸਿੱਖ ਔਰਤਾਂ ਚੁੰਨੀ ਦੀ ਥਾਂ ਦਸਤਾਰ/ਕੇਸਰੀ (ਛੋਟੀ ਦਸਤਾਰ) ਸਜਾਉਂਦੀਆਂ ਹਨ ਤੇ ਕੁਝ ਦਸਤਾਰ ਸਜਾ ਕੇ ਉੱਪਰ ਚੁੰਨੀ/ਦੁਪੱਟਾ ਲੈਂਦੀਆਂ ਹਨ।

ਚੋਲਾ: ਚੋਲਾ ਇਕ ਕੱਪੜਾ ਹੁੰਦਾ ਹੈ ਜੋ ਝੰਡੇ (ਨਿਸ਼ਾਨ ਸਾਹਿਬ) ਅਤੇ ਇਸ ਦੇ ਥੰਮ ਨੂੰ ਢੱਕਦਾ ਹੈ। ਇਹ ਲਫ਼ਜ਼ ਪਰਦਾ/ਓਹਲਾ ਵਾਸਤੇ ਵੀ ਵਰਤਿਆ ਜਾਂਦਾ ਹੈ। ਕਈ ਥਾਂਈਂ ਵੱਡੇ/ਲੰਮੇ ਝੱਗੇ/ਕਮੀਜ਼ ਨੂੰ ਵੀ ਚੋਲਾ (ਤੇ ਚੋਗਾ ਵੀ) ਲਿਖਿਆ ਜਾਂਦਾ ਹੈ। ਹੋਰ ਦੇਖੋ: **ਨਿਸ਼ਾਨ ਸਾਹਿਬ**

ਚੌਥਾ ਪਦ: ਕੁਝ ਲੇਖਕਾਂ ਮੁਤਾਬਿਕ ਇਨਸਾਨ ਹਰ ਵੇਲੇ ਇਨ੍ਹਾਂ ਚਾਰ ਹਾਲਤਾਂ ਵਿਚੋਂ ਇਕ ਵਿਚ ਰਹਿੰਦਾ ਹੈ: ਜਾਗਣਾ/ਸੁਚੇਤ ਰਹਿਣਾ, ਸੁਫ਼ਨੇ-ਰਹਿਤ ਨੀਂਦ, ਨੀਂਦ

ਅਤੇ ਸਹਿਜ (ਜੋ ਸਭ ਤੋਂ ਉੱਚਾ ਮੁਕਾਮ ਹੈ)। ਹੋਰ ਦੇਖੋ: **ਅਮਰਪਦ, ਸਹਿਜ।**

ਚੌਪਈ:- ਉਹ ਕਵਿਤਾ ਜੋ ਚਾਰ ਲਾਈਨਾਂ ਦੀ ਹੋਵੇ। ਇਸ ਨਾਂ ਦੀ ਇਕ ਕਵਿਤਾ ਵੀ ਹੈ ਜਿਸ ਨੂੰ 'ਕਬਯੋਵਾਚ ਬੇਨਤੀ ਚੌਪਈ' ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਕਵੀ ਵੱਲੋਂ ਬੇਨਤੀ (ਅਰਜ਼) ਕੀਤੀ ਹੋਈ ਹੈ (ਬੇਨਤੀ= ਅਰਜ਼ ਕਰਨੀ, ਚੌਪਈ= ਚਾਰ ਤੁਕਾਂ)। ਇਸ ਰਚਨਾ ਦੀ ਮੁੱਖ ਸੁਰ ਇਕ ਮਸਨੂਹੀ ਦੇਵੀ (ਜਗ ਮਾਤਾ) ਤੋਂ ਕੁਝ ਹਾਸਿਲ ਅਤੇ ਉਸ ਅੱਗੇ ਜ਼ਿੰਦਗੀ ਦੇ ਹਰੇਕ ਮੌਕੇ 'ਤੇ ਰੱਖਿਆ ਕਰਨ ਲਈ ਅਰਜ਼ ਕਰਨੀ ਹੈ। ਕੁਝ ਲੋਕ ਇਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਲਿਖੀ ਹੋਈ ਆਖਦੇ ਹਨ, ਪਰ ਸਿੱਖ ਵਿਦਵਾਨ ਮਹਿਸੂਸ ਕਰਦੇ ਹਨ ਕਿ ਇਸ ਦੀ ਮੁਖ ਸੁਰ ਸਿੱਖ ਫ਼ਲਸਫ਼ੇ ਨਾਲ ਮੇਲ ਨਹੀਂ ਖਾਂਦੀ ਇਸ ਕਰ ਕੇ ਇਹ ਗੁਰੂ ਦੀ ਰਚਨਾ ਨਹੀਂ ਹੋ ਸਕਦੀ (ਇਹ ਅਖੌਤੀ ਦਸਮ ਗ੍ਰੰਥ ਦੀ ਇਕ ਅਸ਼ਲੀਲ ਰਚਨਾ 'ਚਰਿਤਰੋਪਾਖਯਾਨ' ਵਿਚੋਂ ਲਈ ਗਈ ਹੈ) (ਵੇਖੋ: **ਚਰਿਤਰੋ ਪਾਖਿਆਨ**)। ਇਸ ਦਾ 'ਪਾਠ' ਖੰਡੇ ਦੀ ਪਾਹੁਲ ਦੇਣ ਵੇਲੇ ਵੀ ਕੀਤਾ ਜਾਂਦਾ ਹੈ ਤੇ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਨਜ਼ੂਰ-ਸ਼ੁਦਾ 'ਰਹਿਰਾਸ' ਦਾ ਵੀ ਇਕ ਹਿੱਸਾ ਹੈ। ਅਜਿਹਾ ਜਾਪਦਾ ਹੈ ਕਿ ਇਹ ਰਚਨਾ ਨਿਤਨੇਮ ਜਾਂ ਪਾਹੁਲ ਦੀਆਂ ਬਾਣੀਆਂ ਵਿਚ ਸਿੰਘ ਸਭਾ ਲਹਿਰ ਤੋਂ ਕੁਝ ਚਿਰ ਪਹਿਲਾਂ ਨਿਰਮਲਿਆਂ ਜਾਂ ਹੋਰ ਪੁਜਾਰੀਆਂ ਨੇ ਸ਼ਾਮਿਲ ਕੀਤੀ ਗਈ ਸੀ ਪਰ ਉਦੋਂ ਅਕਾਲੀ ਲਹਿਰ ਵੇਲੇ ਸਿੱਖ ਵਿਦਵਾਨ ਤੇ ਆਗੂ ਇਸ ਬਾਰੇ ਸੋਚ ਹੀ ਨਹੀਂ ਸਨ ਸਕੇ। ਹਣ ਸਿੱਖ ਮਿਸ਼ਨਰੀਆਂ ਨੇ ਇਸ ਨੂੰ ਰੱਦ ਕਰ ਦਿੱਤਾ ਹੈ। ਹੋਰ ਤਾਂ ਹੋਰ ਪ੍ਰੋ: ਸਾਹਿਬ ਸਿੰਘ ਨੇ ਵੀ ਇਸ ਨੂੰ ਰੱਦ ਕੀਤਾ ਸੀ ਤੇ ਆਪਣੇ ਨਿਤਨੇਮ ਦੇ ਟੀਕੇ ਵਿਚ ਇਸ ਦੇ ਅਰਥ ਨਹੀਂ ਸਨ ਕੀਤੇ। ਉਨ੍ਹਾਂ ਦੇ ਨਾਂ ਹੇਠ ਛਪੇ ਨਿਤਨੇਮ ਦੇ ਟੀਕੇ ਵਿਚ ਇਸ 'ਚੌਪਈ' ਦੇ ਅਰਥ ਗਿ: ਜੋਗਿੰਦਰ ਸਿੰਘ ਤਲਵਾੜਾ ਦੇ ਕੀਤੇ ਛਾਪੇ ਜਾ ਰਹੇ ਹਨ।

ਚੌਬੀਸ ਅਵਤਾਰ: ਚੌਬੀਸ ਅਵਤਾਰ ਕਿਤਾਬ 24 ਮਿਥਹਾਸਕ ਅਖੌਤੀ ਅਵਤਾਰਾਂ ਦੀਆਂ ਕਹਾਣੀਆਂ ਬਾਰੇ ਹੈ। ਇਨ੍ਹਾਂ ਵਿਚੋਂ ਰਾਮ ਅਤੇ ਕ੍ਰਿਸ਼ਨ ਮੁੱਖ ਹਨ। 4371 ਬੰਦਾਂ ਦੀ ਇਸ ਕਿਤਾਬ ਵਿਚ ਰਾਮ ਅਵਤਾਰ (੪64 ਬੰਦ) ਅਤੇ ਕ੍ਰਿਸ਼ਨ ਅਵਤਾਰ (2492 ਬੰਦ), ਇਹ ਦੋਵੇਂ ਹਿੱਸੇ ਹੀ ਕਿਤਾਬ ਦਾ 3/4 ਹਿੱਸਾ ਖ਼ਤਮ ਕਰ ਦਿੰਦੇ ਹਨ। ਅਖੌਤੀ ਦਸਮ ਗ੍ਰੰਥ ਦੇ ਹਿਮਾਇਤੀ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਇਸ ਦੇ ਲਿਖਾਰੀ ਹਨ, ਪਰ ਇਹ ਰਚਨਾ ਸਿੱਖ ਫ਼ਲਸਫ਼ੇ ਨਾਲ ਹਰਗਿਜ਼ ਮੇਲ ਨਹੀਂ ਖਾਂਦੀ। ਇਸ ਦੇ ਲੇਖਕ ਦਰਅਸਲ ਰਾਮ ਤੇ ਸ਼ਯਾਮ ਦੋ ਕਵੀ ਹਨ। ਇਨ੍ਹਾਂ ਦੇ ਨਾਂ ਕਈ ਅਖੌਤੀ ਦਸਮ ਗ੍ਰੰਥ ਵਿਚ ਸ਼ਰੇਆਮ ਮਿਲਦੇ ਹਨ। ਹੋਰ ਦੇਖੋ: **ਅਵਤਾਰ, ਰਾਮ।**

ਚੌਰ: ਚੌਰ, ਚੰਦਨ ਜਾਂ ਕਿਸੇ ਹੋਰ ਲੱਕੜ ਦੇ ਰੇਸ਼ਿਆਂ ਜਾਂ ਨਕਲੀ ਰੇਸ਼ਿਆਂ ਦਾ ਬਣਿਆ ਹੁੰਦਾ ਹੈ ਅਤੇ ਇਸ ਉੱਪਰ ਲੱਕੜ ਦੀ ਮੁੱਠ ਲੱਗੀ ਹੁੰਦੀ ਹੈ। ਯਾਨਿ ਇਨ੍ਹਾਂ ਰੇਸ਼ਿਆਂ ਨੂੰ ਲੱਕੜ ਦੀ ਮੁੱਠ ਵਿਚ ਇਕੱਠਾ ਕੀਤਾ ਹੁੰਦਾ ਹੈ। ਜਦੋਂ ਵੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੋਈ ਪਾਠੀ ਕਰ ਰਿਹਾ ਹੁੰਦਾ ਹੈ ਤਾਂ ਉਹ ਆਪ ਜਾਂ ਕੋਈ ਹੋਰ ਜਣਾ ਪਾਠੀ ਦੇ ਪਿੱਛੇ ਖਲੋ (ਖੜ੍ਹੇ ਹੋ ਕੇ) ਕੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਝੁਲਾਉਂਦਾ ਹੈ। ਚੌਰ ਬਾਦਸ਼ਾਹੀ ਜਾਂ ਖ਼ੁਦਮੁਖ਼ਤਾਰੀ ਦਾ ਚਿੰਨ੍ਹ ਹੈ। ਬੇਸਮਝ

ਲਿਖਾਰੀ (ਖਾਸ ਕਰ ਕੇ ਪੱਛਮੀ ਲੇਖਕ) ਇਸ ਦਾ ਮਕਸਦ ਨਹੀਂ ਸਮਝਦੇ ਤੇ ਇਸ ਨੂੰ 'ਮੱਖੀਆਂ ਉਡਾਉਣ ਵਾਲਾ ਨਰਮ ਝਾੜੂ' ਆਖ ਦੇਂਦੇ ਹਨ। ਇਹ ਸਿਰਫ਼ ਬੇਸਮਝੀ ਹੀ ਨਹੀਂ ਬਲਕਿ ਬੇਵਕੂਫ਼ੀ (ਜਾਂ ਸ਼ਰਾਰਤ) ਵੀ ਹੈ ਕਿ ਇਸ ਸ਼ਾਹੀ ਨਿਸ਼ਾਨ ਨੂੰ 'ਮੱਖੀਆਂ ਉਡਾਉਣ' ਵਾਲੀ ਚੀਜ਼ ਕਿਹਾ ਜਾਵੇ।

ਗੁਰੂ ਗ੍ਰੰਥ ਸਾਹਿਬ ਦੇ ਅਦਬ ਵਾਸਤੇ ਸਿੱਖਾਂ ਨੇ ਬੜੇ-ਬੜੇ ਕੀਮਤੀ ਚੌਰ ਭੇਟ ਕੀਤੇ ਹੋਏ ਹਨ। ਅਜਿਹਾ ਹੀ ਇਕ ਬਹੁਤ ਹੀ ਜ਼ਿਆਦਾ ਕੀਮਤੀ ਚੌਰ ਦਰਬਾਰ ਸਾਹਿਬ ਦੇ ਤੋਸ਼ਾਖਾਨੇ (ਖ਼ਜ਼ਾਨੇ) ਵਿਚ ਪਿਆ ਹੋਇਆ ਹੈ। ਇਕ ਮੁਸਲਮਾਨ ਹਾਜੀ ਮੁਹੰਮਦ ਮਸਕੀਨ ਸ਼ਾਹ ਨੇ ਇਸ ਨੂੰ ਬਹੁਤ ਹੀ ਮਿਹਨਤ ਨਾਲ ਬਣਾਇਆ ਸੀ ਅਤੇ ਮਦੀਨਾ (ਸਾਊਦੀ ਅਰਬ) ਤੋਂ ਅੰਮ੍ਰਿਤਸਰ ਆ ਕੇ 31 ਦਸੰਬਰ 1925 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਭੇਟ ਕੀਤਾ ਸੀ। ਹਾਜੀ ਮੁਹੰਮਦ ਮਸਕੀਨ ਸ਼ਾਹ ਨੇ ਇਸ ਦੇ 145,000 ਰੇਸ਼ਿਆਂ ਨੂੰ 350 ਕਿਲੋਗਰਾਮ ਚੰਦਨ ਦੀ ਲਕੜੀ ਵਿੱਚੋਂ ਕੱਢ ਕੇ ਬਣਾਇਆ ਸੀ। ਇਸ ਨੂੰ ਬਣਾਉਣ ਲਈ ਉਸ ਨੂੰ 5 ਸਾਲ 7 ਮਹੀਨੇ ਦਾ ਸਮਾਂ ਲੱਗਾ ਸੀ। ਹਾਜੀ ਸ਼ਾਹ ਨੇ ਕੁਲ ਦੋ ਚੌਰ ਬਣਾਏ ਸਨ, ਦੂਜਾ ਉਸ ਨੇ ਮੁਸਲਮਾਨਾਂ ਦੇ ਮੁਕੱਦਸ (ਪਵਿੱਤਰ) ਥਾਂ ਮਦੀਨਾ ਵਿਖੇ ਭੇਂਟ ਕੀਤਾ ਸੀ। ਇਸ ਤੋਹਫ਼ੇ ਬਦਲੇ ਹਾਜੀ ਨੂੰ ਦਰਬਾਰ ਸਾਹਿਬ ਤੋਂ ਕੀਮਤੀ ਸਿਰੋਪਾ ਭੇਂਟ ਕੀਤਾ ਗਿਆ ਸੀ।

ਚੰਡੀ ਦੀ ਵਾਰ: ਜਿਵੇਂ ਕਿ ਇਸ ਦੇ ਨਾਂ ਤੋਂ ਹੀ ਨਜ਼ਰ ਆਉਂਦਾ ਹੈ ਇਹ ਵਾਰ ਹਿੰਦੂਆਂ ਦੀ ਮਸਨੂਹੀ ਦੇਵੀ ਚੰਡੀ/ਭਗਉਤੀ ਦੇ ਬਾਰੇ ਹੈ। ਕਝ ਲੋਕ ਇਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਲਿਖੀ ਹੋਈ ਕਹਿੰਦੇ ਹਨ। ਪਰ ਸਿੱਖ ਵਿਦਵਾਨਾਂ ਮੁਤਾਬਿਕ ਇਹ ਗੁਰੂ ਜੀ ਦੀ ਲਿਖੀ ਨਹੀਂ ਹੋ ਸਕਦੀ ਕਿਉਂ ਕਿ ਗੁਰੂ ਸਾਹਿਬ ਇਕ ਮਸਨੂਹੀ ਦੇਵੀ 'ਤੇ ਵਾਰ ਨਹੀਂ ਸਨ ਲਿਖ ਸਕਦੇ। ਇਸ ਵਾਰ ਦੇ ਹਿਮਾਇਤੀਆਂ ਮੁਤਾਬਿਕ, ਚੰਡੀ ਦੀ ਵਾਰ ਉਹਨਾਂ ਬਹਾਦਰ ਯੋਧਿਆਂ ਦੀ ਸੂਰਬੀਰਤਾ ਬਾਰੇ ਦੱਸਦੀ ਹੈ ਜਿਨ੍ਹਾਂ ਨੇ ਕਿਸੇ ਕਾਰਨ ਆਪਣੀ ਜ਼ਿੰਦਗੀ ਦੀ ਕੁਰਬਾਨੀ ਦੇ ਦਿੱਤੀ। ਚੰਡੀ ਦੀ ਵਾਰ ਠੇਠ ਪੰਜਾਬੀ ਜ਼ਬਾਨ ਵਿੱਚ ਲਿਖੀ ਗਈ ਹੈ। ਭਾਵੇਂ ਇਹ ਗੁਰੂ ਲਿਖਤ ਨਹੀਂ ਪਰ ਇਹ ਤਗੜੇ, ਸ਼ਾਨਦਾਰ, ਟੁੰਬਵੇਂ ਅਤੇ ਦਿਲ-ਖਿੱਚਵੇਂ ਅਲੰਕਾਰਾਂ ਨਾਲ ਭਰਪੂਰ ਹੈ। ਅਜਿਹਾ ਜਾਪਦਾ ਹੈ ਕਿ ਬਾਕੀ ਅਖੌਤੀ ਦਸਮ ਗ੍ਰੰਥ ਵਾਂਗ ਇਹ ਵੀ ਅਠ੍ਹਾਰਵੀਂ ਸਦੀ ਦੇ ਅਖ਼ੀਰ ਵਿਚ ਲਿਖੀ ਗਈ ਸੀ।

ਚੰਦੋਆ: ਚੰਦੋਆ (ਲਫ਼ਜ਼ੀ ਮਾਅਨਾ ਚੰਗ/ਚੰਨ ਦਾ) ਉਹ ਪਰਦਾ ਹੈ ਜਿਸ ਉੱਪਰ ਚੰਦ/ਚੰਨ ਦਾ ਨਿਸ਼ਾਨ ਹੋਵੇ। ਇਸ ਦਾ ਮੁੱਢ ਸਿਆਸੀ ਕਲਚਰ ਵਿਚ ਹੈ, ਜਿਸ ਦਾ ਮਾਅਨਾ ਹੈ ਕਿ ਜਿਸ ਦੇ ਸਿਰ 'ਤੇ ਇਹ ਚੰਦੋਆ ਹੈ ਉਸ ਨੂੰ ਚੰਦ/ਚੰਨ (ਰੱਬ) ਵੱਲੋਂ ਹਿਫ਼ਾਜ਼ਤ ਮਿਲੀ ਹੋਈ ਹੈ। ਪਹਿਲੋਂ ਇਹ ਇੱਕ ਛਤਰ ਸੀ ਜੋ ਮੁਸਲਮਾਨ ਰਾਜਿਆਂ ਅਤੇ ਸਮਰਾਟਾਂ ਦੇ ਤਖ਼ਤ ਉੱਪਰ ਤਾਣਿਆ ਜਾਂਦਾ ਸੀ। (ਇਸਲਾਮ ਵਿਚ, ਚੰਦਰਮਾ ਅਲ੍ਹਾ ਦਾ ਨਿਸ਼ਾਨ ਹੈ, ਇਹ ਰੱਬ ਦੇ ਇਸਲਾਮਿਕ ਨਾਂਵਾਂ ਵਿੱਚੋਂ ਇਕ ਨਾਂ ਵੀ ਹੈ)। ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਜੋ ਛਤਰ/ਚਾਨਣੀ ਹੁੰਦੀ, ਉਸ ਦਾ ਪਿਛੋਕੜ ਵੀ ਇਹੀ ਹੈ ਪਰ ਉਸ 'ਤੇ ਚੰਨ ਉਕਰਿਆ ਨਹੀਂ ਹੁੰਦਾ। ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਵਾਹਿਗੁਰੂ ਦਾ ਸ਼ਬਦ ਮੰਨਦੇ ਹਨ ਇਸ ਕਰ ਕੇ ਇਸ ਨੂੰ ਸ਼ਹਿਨਸ਼ਾਹ

ਵਜੋਂ ਅਦਬ ਦੇਂਦੇ ਹਨ। ਕੁਝ ਲਿਖਾਰੀ ਯਕੀਨ ਕਰਦੇ ਹਨ ਕਿ ਚੰਦੋਆ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਸੂਰਜ, ਮੀਂਹ ਅਤੇ ਹਵਾ ਵਗੈਰਾ ਤੋਂ ਹਿਫ਼ਾਜ਼ਤ ਕਰਨ ਵਾਸਤੇ ਵਰਤਿਆ ਜਾਂਦਾ ਹੈ।

ਚੰਦੋਆ ਆਮ ਤੌਰ 'ਤੇ ਕਿਸੇ ਵਧੀਆ ਕਪੜੇ ਤੋਂ ਬਣਦਾ ਹੈ ਤੇ ਕਈ ਵਾਰ ਸਿਲਕ ਜਾਂ ਕਢਾਈ ਦਾ ਵੀ ਹੁੰਦਾ ਹੈ। ਫਿਰ ਵੀ ਰੂਹਾਨੀ ਜਾਂ ਧਾਰਮਿਕ ਪੱਖ ਤੋਂ ਇਕ ਸਾਦਾ ਕਪੜੇ ਦਾ ਚੰਦੋਆ ਅਤੇ ਕਢਾਈ ਕੀਤੇ ਹੋਏ ਮਹਿੰਗੇ ਚੰਦੋਏ ਦੀ ਇਕੋ ਜਿਹੀ ਅਹਿਮੀਅਤ ਹੈ। ਚੰਦੋਆ ਵਾਸਤੇ ਲਫ਼ਜ਼ ਚਾਨਣੀ ਤੇ ਚਾਂਦਨੀ ਵੀ ਵਰਤੇ ਜਾਂਦੇ ਹਨ। (ਇਨ੍ਹਾਂ ਤਿੰਨਾਂ ਲਫ਼ਜ਼ਾਂ ਦਾ ਮੁੱਢ ਚੰਦਰਮਾ ਵਿਚ ਹੈ। ਪੰਜਾਬੀ ਦਾ 'ਚੰਨ' ਤੇ ਹਿੰਦੀ ਵਿਚ 'ਚੰਦ/ਚਾਂਦ' ਹੁੰਦਾ ਹੈ।

ਚੰਦ੍ਰਾਵਲ:- ਮਹਾਂਭਾਰਤ ਕਾਵਿ-ਨਾਵਲ ਮੁਤਾਬਿਕ ਇਹ ਗੋਕਲ ਦੇ ਗਵਾਲੇ ਚੰਦਰ ਭਾਨ ਦੀ ਧੀ ਅਤੇ ਗੋਵਰਧਨ ਦੀ ਬੀਵੀ ਸੀ। ਚੰਦਰਭਾਨ ਦਾ ਭਣੇਵਾਂ ਕ੍ਰਿਸ਼ਨ (ਹਿੰਦੂਆਂ ਦਾ ਮਸਨੂਹੀ/ਮਿਥਹਾਸਕ ਦੇਵਤਾ) ਉਸ ਨੂੰ ਉਸ ਦੇ ਪਤੀ ਕੋਲੋਂ ਜ਼ਬਰਦਸਤੀ ਛਲ ਕੇ/ਖੋਹ ਕੇ/ਉਧਾਲ ਕੇ ਲੈ ਗਿਆ ਅਤੇ ਉਸ (ਆਪਣੀ ਮਾਮੀ) ਦੇ ਜਿਸਮ ਨੂੰ ਭੋਗਿਆ। ਇਹ ਕਹਾਣੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਮਿਥਹਾਸਕ ਹਵਾਲਿਆਂ ਦਾ ਇਕ ਹਿੱਸਾ ਹੈ। ਇਹ ਕਹਾਣੀ ਦੱਸਦੀ ਹੈ ਕਿ 'ਕ੍ਰਿਸ਼ਨ' ਰੱਬ ਜਾਂ ਦੇਵਤਾ ਨਹੀਂ ਸੀ ਪਰ ਇਕ ਆਮ, ਈਰਖਾ ਕਰਨ ਵਾਲਾ ਰਾਜਾ ਸੀ ਅਤੇ ਖ਼ੂਬਸੂਰਤ ਔਰਤਾਂ ਉਸ ਦੀ ਕਮਜ਼ੋਰੀ ਸਨ ਅਤੇ ਉਸ ਨੇ ਆਪਣੀ ਜਿਸਮਾਨੀ ਅਤੇ ਫ਼ੌਜੀ ਤਾਕਤ ਨਾਲ ਹਕੂਮਤ ਕੀਤੀ ਸੀ। ਕਿਉਂਕਿ ਉਹ ਆਪਣੀ ਰਿਆਇਆ (ਪਰਜਾ) ਦੀਆਂ ਔਰਤਾਂ ਉਧਾਲ ਕੇ ਲੈ ਜਾਂਦਾ ਸੀ, ਇਸ ਕਰ ਕੇ ਉਹ ਇਕ ਇਨਸਾਫ਼ਪਸੰਦ, ਈਮਾਨਦਾਰ ਅਤੇ ਚੰਗਾ ਰਾਜਾ ਵੀ ਨਹੀਂ ਸੀ। ਉਹ ਚੰਗਾ ਇਨਸਾਨ ਵੀ ਨਹੀਂ ਸੀ ਜੋ ਆਪਣੀ ਸੱਕੀ ਮਾਮੀ ਨੂੰ ਭੋਗਣ ਵਾਸਤੇ ਉਧਾਲ ਕੇ ਲੈ ਗਿਆ ਸੀ। ਕ੍ਰਿਸ਼ਨ ਦੇ ਰਾਜ ਦਾ ਅਸਲ ਪਿਛੋਕੜ ਜਾਣਨ ਵਾਸਤੇ ਪੜ੍ਹੋ:ਕਿਤਾਬ **ਸਿੱਖ ਤਵਾਰੀਖ਼** (ਪੰਜ ਜਿਲਦਾਂ ਵਿਚ) ਦੀ ਪਹਿਲੀ ਜਿਲਦ।

ਛਤੀਹ ਅੰਮ੍ਰਿਤ/ਪਦਾਰਥ: ਛਤੀਹ (36) ਅੰਮ੍ਰਿਤ/ਪਦਾਰਥ ਤੋਂ ਮਤਲਬ ਛੱਤੀ ਕਿਸਮ ਦਾ ਖਾਣਾ। 36 ਨੰਬਰ ਉਸ ਹਿੰਦੂ ਵਿਚਾਰ ਤੋਂ ਲਿਆ ਗਿਆ ਹੈ ਜਿਸ ਮੁਤਾਬਿਕ ਇਸ ਬ੍ਰਹਮੰਡ ਦੇ 36 ਯੁਗ (ਚਾਰ ਕਾਲਾਂ ਦੇ ਨੌਂ-ਨੌਂ ਹਿੱਸੇ) ਹਨ। ਇਨ੍ਹਾਂ ਸਾਰੇ ਯੁਗਾਂ ਦਾ ਇਕ-ਇਕ ਭੋਜਨ ਸ਼ਾਮਿਲ ਕਰ ਕੇ 36 ਖਾਣੇ ਬਣ ਜਾਂਦੇ ਹਨ। ਪੁਰਾਣੇ ਸਮਿਆਂ ਵਿਚ ਕੁੜੀਆਂ 36 ਕਿਸਮ ਦੇ (ਦਰਅਸਲ ਬਹੁਤ ਕਿਸਮ ਦੇ) ਖਾਣੇ ਬਣਾਉਣਾ ਸਿੱਖਦੀਆਂ ਸਨ ਤਾਂ ਕਿ ਵਿਆਹ ਤੋਂ ਬਾਅਦ ਉਹ ਸਹੁਰੇ ਘਰ ਵਧੀਆ ਤੋਂ ਵਧੀਆ ਖਾਣੇ ਬਣਾ ਸਕਣ। ਅਜ-ਕਲ੍ਹ ਛਤੀਹ ਪਦਾਰਥ ਦਾ ਮਾਅਨਾ ਹੈ ਵਧੀਆ, ਸੁਆਦਲਾ ਤੇ ਵਿਲਾਸੀ ਖਾਣਾ।

ਛੇ ਘਰ: ਦੇਖੋ: ਛੇ ਦਰਸ਼ਨ 147

ਛੇ ਦਰਸ਼ਨ: ਇਹ ਲੱਫ਼ਜ਼ ਭਾਰਤੀ ਫ਼ਿਲਾਸਫ਼ੀ ਦੇ ਛੇ ਵਿਚਾਰਾਂ ਵਾਸਤੇ ਵਰਤਿਆ ਜਾਂਦਾ ਹੈ। ਇਹ ਹਨ: ਨਿਆਏ, ਵਿਸ਼ੇਸ਼ਕ, ਸਾਂਖਯ, ਯੋਗਾ, ਪੂਰਵ ਮੀਮਾਂਸਾ ਅਤੇ ਵੇਦਾਂਤ। ਇਨ੍ਹਾਂ ਵਾਸਤੇ ਛੇ ਘਰ, ਖਟ ਸ਼ਾਸ਼ਤਰ ਲਫ਼ਜ਼ ਵੀ ਵਰਤੇ ਜਾਂਦੇ ਹਨ। ਇਨ੍ਹਾਂ

ਛੇਆਂ ਵਿਚ ਗਿਆਨ ਦੇ ਫ਼ਲਸਫ਼ੇ ਬਾਰੇ ਤਾਂ ਦੱਸਿਆ ਹੋਇਆ ਹੈ ਪਰ ਧਰਮ ਜਾਂ ਰੂਹਾਨੀਅਤ ਬਾਰੇ ਨਹੀਂ।ਦੇਖੋ: ਖਟ ਸ਼ਾਸਤਰ।

ਜੱਥੇਦਾਰ: ਜੱਥੇਦਾਰ ਦਾ ਲਫ਼ਜ਼ੀ ਮਾਅਨਾ ਹੈ : **ਜੱਥੇ** (ਕੁਝ ਲੋਕਾਂ ਦਾ ਇਕੱਠ) ਦਾ **ਦਾਰ** (**ਦਾਰ ਸਰਦਾਰ** ਦਾ ਛੋਟਾ ਰੂਪ ਹੈ, ਯਾਨਿ ਆਗੂ/ਮੁਖੀ। ਉਂਞ ਦਾਰ ਦਾ ਇਕ ਹੋਰ ਮਾਅਨਾ ਸੂਲੀ ਵੀ ਹੁੰਦਾ ਹੈ ਜੋ ਇਥੇ ਲਾਗੂ ਨਹੀਂ ਹੁੰਦਾ), ਯਾਨਿ ਜੋ ਜੱਥੇ ਦੀ ਵਾਗਡੋਰ ਸੰਭਾਲਦਾ ਹੈ। ਸਿੱਖ ਜਥੇਬੰਦੀਆਂ, ਜਿਵੇਂ ਸ਼ਰੋਮਣੀ ਅਕਾਲੀ ਦਲ, ਦੇ ਪ੍ਰਧਾਨ/ਮੁਖੀ ਨੂੰ ਜੱਥੇਦਾਰ ਆਖਿਆ ਜਾਂਦਾ ਹੈ। ਮੋਰਚਿਆਂ ਦੇ ਸਮੇਂ, ਹਰੇਕ ਜੱਥੇ ਦਾ ਮੁਖੀ ਹੁੰਦਾ ਹੈ, ਜਿਸ ਨੂੰ ਜੱਥੇਦਾਰ ਆਖਿਆ ਜਾਂਦਾ ਹੈ। ਸਿੱਖ ਤਵਾਰੀਖ਼ ਵਿਚ ਇਹ ਲਫ਼ਜ਼ ਅਠਾਰ੍ਹਵੀਂ ਸਦੀ ਤੋਂ ਵਰਤਿਆ ਜਾਣ ਲੱਗਾ ਹੈ। ਜਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਿਆ ਤਾਂ ਉਸ ਨੂੰ ਸਿੱਖ ਫ਼ੌਜਾਂ ਦਾ ਜਥੇਦਾਰ ਬਣਾ ਕੇ ਭੇਜਿਆ ਸੀ। ਅਠਾਰ੍ਹਵੀਂ ਸਦੀ ਵਿਚ, ਸਾਰੀ ਸਿੱਖ ਫ਼ੌਜ ਜੱਥਿਆਂ ਵਿੱਚ ਵੰਡੀ ਹੋਈ ਸੀ, ਜਿਨ੍ਹਾਂ ਦੇ ਮੁਖੀਆਂ ਨੂੰ ਜੱਥੇਦਾਰ ਕਿਹਾ ਜਾਂਦਾ ਸੀ।

12 ਅਕਤੂਬਰ,1920 ਨੂੰ, ਜਦੋਂ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਅਕਾਲ ਤਖ਼ਤ ਸਾਹਿਬ ਨੂੰ ਸੁੰਞਾ ਛੱਡ ਕੇ ਚਲੇ ਗਏ ਸਨ ਤਾਂ ਉਥੇ ਹਾਜ਼ਿਰ ਸਿੱਖਾਂ ਨੇ ਅਕਾਲ ਤਖ਼ਤ ਸਾਹਿਬ ਜੀ ਦੀ ਸੇਵਾ-ਸੰਭਾਲ ਕਰਨ ਲਈ 25 ਸਿੱਖਾਂ ਦਾ ਇੱਕ ਜਥਾ ਚੁਣਿਆ ਸੀ ਤੇ ਭਾਈ ਤੇਜਾ ਸਿੰਘ ਭੁੱਚਰ ਉਸ ਸੇਵਾ ਸੰਭਾਲ ਵਾਲੇ '**ਜਥੇ ਦੇ ਜਥੇਦਾਰ**' ਬਣਾਏ ਗਏ ਸਨ। ਕੁਝ ਬੇਸਮਝ ਸਿੱਖ ਆਗੂਆਂ ਨੇ ਇਸ ਤੋਂ 'ਜਥੇਦਾਰ' ਦਾ ਇਕ ਨਵਾਂ ਅਹੁਦਾ ਖੜ੍ਹਾ ਕਰ ਲਿਆ। ਅਕਾਲ ਤਖ਼ਤ ਦੇ ਜਥੇਦਾਰ ਦਾ ਅਹੁਦਾ ਨਾ ਤਾਂ ਸਿੱਖ ਤਵਾਰੀਖ਼ ਵਿਚ ਕਿਤੇ ਨਜ਼ਰ ਆਉਂਦਾ ਹੈ ਤੇ ਨਾ ਹੀ ਸਿੱਖ ਫ਼ਲਸਫ਼ੇ ਮੁਤਾਬਿਕ ਸਹੀ ਹੈ। (ਵਧੇਰੇ ਤਫ਼ਸੀਲ ਵਾਸਤੇ ਪੜ੍ਹੋ ਕਿਤਾਬ: **ਸਿੱਖ ਤਵਾਰੀਖ਼ ਵਿਚ ਅਕਾਲ ਤਖ਼ਤ ਸਾਹਿਬ ਦਾ ਰੋਲ**)।ਹੋਰ ਦੇਖੋ: **ਅਕਾਲ ਤਖ਼ਤ ਸਾਹਿਬ।**

ਜਨਮ ਸਾਖੀਆਂ: ਇਸ ਦਾ ਲਫ਼ਜ਼ੀ ਮਾਅਨਾ ਹੈ: ਜਨਮ ਦੀ ਗਵਾਹੀ। ਸਿੱਖਾਂ ਵਿਚ ਇਸ ਲਫ਼ਜ਼ ਨੂੰ ਗੁਰੂ ਨਾਨਕ ਸਾਹਿਬ ਦੀ ਜੀਵਨੀ ਬਾਰੇ ਲਿਖੀਆਂ ਕਿਤਾਬਾਂ ਵਾਸਤੇ ਵਰਤਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਜੀਵਨ ਦੇ ਬਾਰੇ ਘਟ ਤੋਂ ਘਟ ਪੰਜ ਜਨਮ ਸਾਖੀਆਂ ਮਿਲਦੀਆਂ ਹਨ: ਭਾਈ ਮਨੀ ਸਿੰਘ ਦੇ ਨਾਂ ਨਾਲ ਜੋੜੀ ਜਾਂਦੀ, ਵਲਾਇਤ ਵਾਲੀ, ਸੋਢੀ ਮੇਹਰਬਾਨ ਵਾਲੀ, ਬਾਲੇ ਵਾਲੀ, ਪ੍ਰਾਚੀਨ ਜਨਮਸਾਖੀ ਵਗੈਰਾ। ਅਜਿਹਾ ਜਾਪਦਾ ਹੈ ਕਿ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਬਾਰੇ ਇਕ ਜਨਮਸਾਖੀ ਲਿਖਵਾਈ ਸੀ (ਜਿਹੜੀ ਅੱਜ ਕਲ੍ਹ ਮਿਲਦੀ ਨਹੀਂ)। ਉਸ ਜਨਮਸਾਖੀ ਨੂੰ ਵਰਤ ਕੇ, ਉਸ ਵਿਚ ਆਪਣੀ ਮਰਜ਼ੀ ਦੀਆਂ ਸਾਜ਼ਸ਼ੀ ਤਬਦੀਲੀਆਂ ਤੇ ਵਾਧੇ ਕਰ ਕੇ, ਨਵੀਆਂ ਜਨਮਸਾਖੀਆਂ ਲਿਖਵਾਈਆਂ ਗਈਆਂ ਸਨ।

ਸਿੱਖ ਕੌਮ ਦੇ ਔਖੇ ਦਿਨਾਂ ਦੌਰਾਨ, ਜੰਡਿਆਲੇ ਦੇ ਸਾਧੂ ਹੰਦਾਲ ਦੇ ਪੁੱਤਰ ਬਿਧੀਚੰਦ ਨੇ, ਹੰਦਾਲ ਦੀ ਵਡਿਆਈ ਕਰਨ ਦੇ ਨਿਸ਼ਾਨੇ ਨਾਲ, ਅਸਲੀ ਜਨਮ ਸਾਖੀ ਨੂੰ ਤੋੜ-ਮਰੋੜ ਕੇ, ਇਕ ਨਵੀਂ ਜਨਮਸਾਖੀ ਲਿਖਵਾਈ ਸੋ, ਜੋ ਅਜ-ਕਲ੍ਹ ਬਾਲੇ ਵਾਲੀ ਜਨਮਸਾਖੀ ਦੇ ਨਾਂ 'ਤੇ ਜਾਣੀ ਜਾਂਦੀ ਹੈ। ਇਸ ਬਾਰੇ ਸਭ ਤੋਂ ਪਹਿਲਾਂ ਰਤਨ ਸਿੰਘ ਭੰਗੂ ਨੇ

ਰਾਜ਼ ਖੋਲ੍ਹਿਆ ਸੀ ਤੇ ਫਿਰ ਭਾਈ ਕਰਮ ਸਿੰਘ ਹਿਸਟੋਰੀਅਨ ਨੇ ਸਾਬਿਤ ਕੀਤਾ ਕਿ ਦਿੱਤਾ ਕਿ ਉਹ ਜਨਮ ਸਾਖੀ ਹੰਦਾਲੀਆਂ ਦੀ ਲਿਖਵਾਈ ਹੋਈ ਸੀ ਤੇ ਅਸਲੀ ਜਨਮ ਸਾਖੀ ਨਹੀਂ ਸੀ।

ਇੰਞ ਹੀ ਪ੍ਰਿਥੀ ਚੰਦ ਮੀਣਾ ਪਰਿਵਾਰ ਨੇ ਵੀ ਇਕ ਨਵੀਂ ਜਨਮਸਾਖੀ ਲਿਖਵਾਈ ਸੀ ਜਿਸ ਨੂੰ 'ਮਿਹਰਬਾਨ ਵਾਲੀ ਜਨਮਸਾਖੀ' ਕਿਹਾ ਜਾਂਦਾ ਹੈ। ਉਨ੍ਹਾਂ ਨੇ ਇਸ ਜਨਮਸਾਖੀ ਵਿਚ ਗੁਰੂ ਨਾਨਕ ਸਾਹਿਬ ਦੀ ਜਨਮ ਤਾਰੀਖ਼ ਹੀ ਬਦਲ ਦਿੱਤੀ ਤੇ ਸਿੱਖਾਂ ਵਿਚ ਕੱਤਕ ਦੀ ਥਾਂ 'ਤੇ ਵਿਸਾਖ ਦਾ ਨਵਾਂ ਭੁਲੇਖਾ ਖੜ੍ਹਾ ਕਰ ਦਿੱਤਾ। ਸ. ਕਰਮ ਸਿੰਘ ਹਿਸਟੋਰੀਅਨ ਹੰਦਾਲੀਆਂ ਦੀ ਜਨਮਸਾਖੀ ਨੂੰ ਰੱਦ ਕਰਦਾ ਇਸ ਮੀਣਿਆਂ ਦੀ ਜਨਮਸਾਖੀ ਨੂੰ ਠੀਕ ਸਮਝ ਬੈਠਾ ਤੇ ਉਸ ਨੇ ਗੁਰੂ ਨਾਨਕ ਸਾਹਿਬ ਦੀ ਜਨਮ ਤਾਰੀਖ਼ ਕੱਤਕ ਦੀ ਥਾਂ ਵਿਸਾਖ ਮੰਨਣ ਦਾ ਭੁਲੇਖਾ ਖਾ ਲਿਆ।

ਜਨਮ ਸਾਖੀਆਂ ਸਿੱਖ ਤਵਾਰੀਖ਼ ਦੇ ਕੀਮਤੀ ਸੋਮੇ ਹਨ, ਪਰ ਇਨ੍ਹਾਂ ਵਿਚਲੀ ਸ਼ਰਾਰਤ ਨੂੰ ਪਛਾਣਨ ਦੀ ਲੋੜ ਹੈ। ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਇੱਕ ਈਸਾਈ ਮਿਸ਼ਨਰੀ ਡਬਲਿਊ. ਐਚ. ਮਕਲਾਊਡ ਨੇ ਜਨਮ ਸਾਖੀਆਂ ਦੇ ਖ਼ਿਲਾਫ਼ ਬੜਾ ਸਾਜ਼ਸ਼ੀ ਪ੍ਰਚਾਰ ਕੀਤਾ ਤੇ ਇਨ੍ਹਾਂ ਨੂੰ ਮਸਨੂਹੀ ਸਾਬਿਤ ਕਰਨ ਦੇ ਨਾਂ ਹੇਠ ਗੁਰੂ ਨਾਨਕ ਸਾਹਿਬ ਦੀਆਂ ਸਾਰੀਆਂ ਉਦਾਸੀਆਂ ਵੀ ਰੱਦ ਕਰ ਦਿੱਤੀਆਂ। ਪਰ ਸਿੱਖ ਵਿਦਵਾਨਾਂ ਨੇ, ਅਮਰੀਕਾ ਦੇ ਡਾ: ਜਸਬੀਰ ਸਿੰਘ ਮਾਨ ਦੀ ਅਗਵਾਈ ਹੇਠ, ਜਲਦੀ ਹੀ ਉਸ ਦੇ ਇਰਾਦਿਆਂ ਦੇ ਪਾਜ ਖੋਲ੍ਹ ਦਿੱਤੇ। ਮਕਲਾਊਡ ਨੂੰ ਉਸ ਦੇ ਵਿਦਿਆਰਥੀਆਂ ਹਰਜੋਤ ਉਬਰਾਏ, ਪਸ਼ੌਰਾ ਸਿੰਘ, ਗੁਰਿੰਦਰ ਮਾਨ ਅਤੇ ਹੋਰ ਐਂਟੀ ਸਿੱਖ ਸੋਚ ਵਾਲੇ ਲੇਖਕਾਂ (ਜੇ. ਐੱਸ. ਗਰੇਵਾਲ, ਸੁਰਜੀਤ ਹਾਂਸ ਵਗੈਰਾ) ਅਤੇ ਆਈ.ਜੇ ਸਿੰਘ (ਅਮਰੀਕਾ), ਡੀ.ਐਸ.ਤਾਤਲਾ (ਇੰਗਲੈਂਡ), ਮਹਿੰਦਰ ਸਿੰਘ ਦਿੱਲੀ (ਭਾਈ ਵਰਿ ਸਿੰਘ ਸਦਨ) ਨੇ ਬੜਾ ਸਾਥ ਦਿੱਤਾ ਤੇ ਇਸ ਸਾਜ਼ਿਸ਼ ਵਿਚ ਭਰਪੂਰ ਹਿਸਾ ਪਾਇਆ। ਦੇਖੋ: **ਮਕਲਾਊਡ, ਐਂਟੀ-ਸਿੱਖ ਸਕੂਲ।** 34

ਜਨਮ ਸੰਸਕਾਰ: ਸਿੱਖ ਫ਼ਲਸਫ਼ੇ ਵਿਚ ਕੋਈ ਵੀ ਖ਼ਾਸ/ਉਚੇਚੀ ਰਸਮ ਨਹੀਂ ਹੈ ਜਿਸ ਨੂੰ ਬੱਚੇ ਦੀ ਜਨਮ ਤੋਂ ਬਾਅਦ 'ਕਰਮ ਕਾਂਡ' ਵਜੋਂ ਕੀਤਾ ਜਾਏ। ਉਂਞ ਸਿੱਖ ਦਾ ਇਹ ਫ਼ਰਜ਼ ਹੈ ਕਿ ਉਹ ਆਪਣੇ ਬੱਚੇ ਨੂੰ ਜਨਮ ਤੋਂ ਬਾਅਦ ਕਿਸੇ ਵੀ ਗੁਰਦੁਆਰੇ ਵਿਚ ਲੈ ਕੇ ਜਾਵੇ ਅਤੇ ਰੱਬ ਵੱਲੋਂ ਬੱਚੇ ਦੀ ਬਖ਼ਸ਼ਿਸ਼ ਕਰਨ 'ਤੇ ਸ਼ੁਕਰੀਆ ਅਦਾ ਕਰੇ। ਇੱਥੇ ਸਮੇਂ ਦੀ ਕੋਈ ਹੱਦ ਨਹੀਂ ਹੈ ਕਿ ਬੱਚੇ ਨੂੰ ਪਹਿਲੀ ਵਾਰ ਕਦੋਂ ਗੁਰਦੁਆਰੇ ਲਿਜਾਇਆ ਜਾਵੇ। ਇਹ ਬੱਚੇ/ਮਾਂ ਦੀ ਸਿਹਤ, ਮੌਸਮ ਜਾਂ ਹੋਰਨਾਂ ਹਾਲਤਾਂ ਉੱਤੇ ਮੁਨੱਸਰ ਕਰਦਾ ਹੈ।

ਜਪਮਾਲਾ: ਦੇਖੋ: **ਮਾਲਾ** 253

ਜਪੁ(ਜੀ) ਸਾਹਿਬ: ਜਪੁ(ਜੀ) ਗੁਰੂ ਨਾਨਕ ਸਾਹਿਬ ਦੁਆਰਾ ਰਚੀ ਹਈ ਇਕ ਲੰਮੀ ਬਾਣੀ ਹੈ। ਇਹ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬਾਣੀ ਵੀ ਹੈ। ਜਪੁ(ਜੀ) ਸਿੱਖਾਂ ਦੇ ਨਿਤਨੇਮ ਦਾ ਇੱਕ ਹਿੱਸਾ ਹੈ। ਕੁਝ ਵਿਦਵਾਨ ਜਪੁ(ਜੀ) ਸਾਹਿਬ ਨੂੰ ਸਾਰੀ ਸਿੱਖ ਫ਼ਿਲਾਸਫ਼ੀ ਦਾ ਸਾਰ/ਨਿਚੋੜ ਮੰਨਦੇ ਹਨ (ਜੋ ਸਹੀ ਨਹੀਂ ਹੈ)। ਇਸ ਦੀਆਂ ੩੮ ਪਉੜੀਆਂ ਅਤੇ ਇਕ ਸਲੋਕ ਹਨ। ਜਪੁਜੀ ਸਾਹਿਬ ਵਿਚ ਰੱਬ ਦੇ ਸਰੂਪ ਦੇ

ਸਿੱਖ ਫ਼ਲਸਫ਼ੇ, ਇਨਸਾਨੀ ਜ਼ਿੰਦਗੀ ਦਾ ਮਕਸਦ, ਰੱਬ ਦੀ ਰਮਜ਼, ਉਸ ਨਾਲ ਮਿਲਾਪ ਦੇ ਤਰੀਕੇ ਵਗ਼ੈਰਾ ਬਾਰੇ ਦਰਸਾਇਆ ਗਿਆ ਹੈ।

ਜਲੂਸ: ਜਲੂਸ ਜਲੌਅ ਲਫ਼ਜ਼ ਤੋਂ ਬਣਿਆ ਹੈ, ਜਿਸ ਦਾ ਮਾਅਨਾ ਹੈ ਜਲਵੇ ਦੀ ਨੁਮਾਇਸ਼' ਕਰਨਾ। ਵਕਤ ਬੀਤਣ ਨਾਲ ਕਿਸੇ ਦਿਨ, ਮੌਕੇ, ਘਟਨਾ ਸਬੰਧੀ, ਇਕੱਠੇ ਹੋ ਕੇ, ਆਪਣੀ ਖ਼ੁਸ਼ੀ, ਗੁੱਸੇ ਜਾਂ ਜਜ਼ਬਾਤ ਦਾ ਇਜ਼ਹਾਰ ਕਰਨ ਜਾਂ ਉਸ ਦਿਨ ਦੀ ਤਵਾਰੀਖ਼ ਨੂੰ ਚੇਤੇ ਰੱਖਣ ਵਾਸਤੇ ਵੀ ਜਲੂਸ ਕੱਢੇ ਜਾਣ ਲਗ ਪਏ ਸਨ। ਸਿੱਖਾਂ ਵਿਚ ਗੁਰਪੁਰਬਾਂ ਸਬੰਧੀ, ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ, ਇਕੱਠੇ ਹੋ ਕੇ ਗਲੀਆਂ ਬਾਜ਼ਾਰਾਂ ਵਿਚੋਂ ਕੀਰਤਨ ਕਰਦੇ ਹੋਏ ਲੰਘਣ ਨੂੰ ਵੀ ਜਲੂਸ ਕਿਹਾ ਜਾਂਦਾ ਹੈ। ਸਿੱਖ ਇਸ ਵਾਸਤੇ ਨਗਰ ਕੀਰਤਨ ਲਫ਼ਜ਼ ਵਧੇਰੇ ਵਰਤਦੇ ਹਨ। ਇਹ ਆਮ ਤੌਰ ਤੇ ਗੁਰਪੁਰਬ ਨੂੰ ਮਨਾਉਣ ਦਾ ਇੱਕ ਹਿੱਸਾ ਹੈ। ਸਿੱਖ, ਵੱਡੇ ਸ਼ਹਿਰਾਂ ਅਤੇ ਨਗਰਾਂ ਵਿਚ, ਇਸ ਤਰ੍ਹਾਂ ਦੇ ਜਲੂਸ, ਗੁਰੂ ਨਾਨਕ ਸਾਹਿਬ ਦੇ ਜਨਮ (20 ਅਕਤੂਬਰ 1469), ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜਨਮ (18 ਦਸੰਬਰ 1661), ਖ਼ਾਲਸੇ ਦੇ ਪ੍ਰਗਟ ਦਿਵਸ (29 ਮਾਰਚ 1698/1699), ਗੁਰੂ ਅਰਜਨ ਸਾਹਿਬ ਦੀ ਸ਼ਹੀਦੀ (30 ਮਈ 1606) ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ (11 ਨਵੰਬਰ 1675) ਦੇ ਸਬੰਧ ਵਿਚ ਕੱਢਿਆ ਕਰਦੇ ਹਨ। ਸਿਆਸੀ ਜਾਂ ਹੋਰ ਮੰਗਾਂ 'ਤੇ ਜ਼ੋਰ ਦੇਣ ਵਾਸਤੇ ਜਾਂ ਕਿਸੇ ਹੋਰ ਮਸਲੇ ਬਾਰੇ ਜਾਂ ਪ੍ਰੋਟੈਸਟ ਕਰਨ ਵਾਸਤੇ ਜਲੂਸ ਵੀ ਕੱਢੇ ਜਾਂਦੇ ਹਨ। ਜੂਨ 1984 ਵਿਚ ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਕੀਤੇ ਹੋਏ ਹਮਲੇ ਦੇ ਖ਼ਿਲਾਫ਼ ਪ੍ਰੋਟੈਸਟ ਵਜੋਂ ਸਿੱਖਾਂ ਨੇ ਦੁਨੀਆਂ ਭਰ ਵਿਚ ਰੋਸ ਜਲੂਸ ਕੱਢੇ ਸਨ ਤੇ ਕਈ ਥਾਂਈਂ ਹੁਣ ਵੀ ਕੱਢਦੇ ਹਨ। ਹੋਰ ਦੇਖੋ: **ਜਲੌਅ**

ਜਲੌਅ: ਜਲੌਅ ਦਾ ਲਫ਼ਜ਼ੀ ਮਾਅਨਾ ਹੈ: ਜਲਵੇ, ਸ਼ਾਨ ਵਾਲੀਆਂ, ਕੀਮਤੀ ਚੀਜ਼ਾਂ। ਆਮ ਵਰਤੋਂ ਵਿਚ ਇਸ ਨੂੰ ਕੀਮਤੀ ਚੀਜ਼ਾਂ ਦੀ ਨੁਮਾਇਸ਼ ਲਾਉਣ ਵਾਸਤੇ ਵਰਤਿਆ ਜਾਦਾ ਹੈ। ਸਿੱਖਾਂ ਵਿਚ ਜਲੌਅ ਲਫ਼ਜ਼ ਦੀ ਜ਼ਿਆਦਾ ਵਰਤੋਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਵਿਚ ਪਏ ਤੋਸ਼ਾਖਾਨੇ (ਖ਼ਜ਼ਾਨੇ) ਦੀ ਨੁਮਾਇਸ਼ (ਜੋ ਸੰਗਤਾਂ ਵਾਸਤੇ ਸਾਲ ਵਿਚ ਚਾਰ ਵਾਰ ਲਾਈ ਜਾਂਦੀ ਹੈ) ਵਾਸਤੇ ਵਰਤਿਆ ਜਾਂਦਾ ਹੈ। ਜਲਵਾ ਅਤੇ ਜਲੂਸ ਲਫ਼ਜ਼ ਵੀ ਜਲੌਅ ਵਿਚੋਂ ਹੀ ਪੈਦਾ ਹੋਏ ਹਨ ਤੇ ਇਨ੍ਹਾਂ ਦੇ ਮਾਅਨੇ ਵੀ ਇਸ ਵਾਲੇ ਹੀ ਹਨ। ਹੋਰ ਦੇਖੋ: **ਜਲੂਸ**।

ਜਾਪ: ਆਮ ਬੋਲ-ਚਾਲ ਵਿਚ ਇਸ ਦਾ ਲਫ਼ਜ਼ੀ ਮਾਅਨਾ ਹੈ: ਵਾਹਿਗੁਰੂ ਦੇ ਨਾਂ ਨੂੰ ਦੁਹਰਾਉਣਾ, ਯਾਨਿ ਉਸ ਦਾ ਨਾਂ ਵਾਰ-ਵਾਰ ਲੈਣਾ। (ਵਾਹਿਗੁਰੂ ਰੱਬ ਦੇ ਬਹੁਤ ਸਾਰੇ ਨਾਂਵਾਂ ਵਿਚੋਂ ਇਕ ਹੈ ਤੇ ਸਿੱਖਾਂ ਵੱਲੋਂ ਸਭ ਤੋਂ ਵਧ ਵਰਤਿਆ ਜਾਂਦਾ ਹੈ)। ਇਸ ਤਰ੍ਹਾਂ ਦਾ ਜਾਪ ਤਿੰਨ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ: (ੳ) ਬੋਲ-ਬੋਲ ਕੇ, ਤਾਂ ਜੋ ਹੋਰਨਾਂ ਨੂੰ ਸੁਣਾਇਆ ਜਾ ਸਕੇ; (2) ਇਸ ਨੂੰ ਹੌਲੀ-ਹੌਲੀ ਦੁਹਰਾਉਣਾ ਤਾਂ ਜੋ ਦੂਜਿਆਂ ਨੂੰ ਨਾ ਸੁਣੇ; (3) ਆਪਣੇ ਮਨ ਦੇ ਅੰਦਰ ਹੀ, ਬਿਨਾਂ ਬੋਲਿਓਂ, ਉਚਾਰਿਆ ਜਾਵੇ। ਇਨ੍ਹਾਂ ਵਿਚੋਂ ਅਖੀਰਲੇ ਨੂੰ **'ਅਜਪਾ-ਜਪ'** ਵੀ ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ, 'ਜਾਪ ਕਰਨਾ' ਸਿਰਫ਼ ਰੱਬ ਦੇ ਨਾਂ ਨੂੰ ਸਿਰਫ਼ ਵਾਰ-ਵਾਰ ਦੁਹਰਾਉਣਾ ਨਹੀਂ ਸਗੋਂ ਆਪਣੇ ਮਨ ਅੰਦਰ ਸਦਾ ਹੀ ਰੱਬ ਦਾ 'ਨਿਰਮਲ'

ਭਉ ਰੱਖਣਾ ਹੈ ਤਾਂ ਜੋ ਅਜਿਹਾ ਕਰਨ ਵਾਲੇ ਕੋਲੋਂ ਰੱਬ ਦੇ ਹੁਕਮ, ਯਾਨਿ ਉਸ ਦੀ ਰਜ਼ਾ ਦੇ ਉਲਟ ਕੁਝ ਨਾ ਹੋਵੇ। ਵਾਹਿਗੁਰੂ ਦਾ ਨਾਂ ਕੋਈ ਮੰਤਰ ਜਾਂ ਜਾਦੂ ਨਹੀਂ। ਰੱਬ ਦੇ ਨਾਂ (ਜਾਂ ਕਿਸੇ ਇਕ ਸ਼ਬਦ) ਨੂੰ ਕਿਸੇ ਮੰਤਰ ਦੇ ਤੌਰ 'ਤੇ ਵਾਰ-ਵਾਰ ਦੁਹਰਾਉਣਾ ਜਾਂ ਉਸ ਨੂੰ ਕੋਈ ਜਾਦੂਈ ਤਾਕਤ ਸਮਝਣਾ, ਅਜਿਹਾ ਸਿੱਖ ਫ਼ਲਸਫ਼ੇ ਮੁਤਾਬਿਕ ਠੀਕ ਨਹੀਂ ਹੈ। ਹਾਂ ਕਿਸੇ ਵਕਤੀ ਪ੍ਰੇਸ਼ਾਨੀ, ਦੁਬਿਧਾ ਵੇਲੇ ਆਪਣੇ ਆਪ ਨੂੰ ਸਹਿਜ ਵਿਚ ਲਿਆਉਣ ਵਾਸਤੇ, ਕੁਝ ਚਿਰ ਵਾਸਤੇ, ਵਾਹਿਗੁਰੂ ਦੇ ਨਾਂ ਦਾ ਜਾਂ ਕਿਸੇ ਸ਼ਬਦ ਦਾ ਜਾਪ ਕਰ ਲੈਣਾ ਹੋਰ ਗੱਲ ਹੈ।

ਜਾਪੁ (ਸਾਹਿਬ): ਜਾਪੁ (ਸਾਹਿਬ) 'ਅਕਾਲ ਤਖ਼ਤ ਤੋਂ ਲਾਗੂ ਰਹਿਤ ਮਰਿਆਦਾ ਮੁਤਾਬਿਕ ਨਿਤਨੇਮ' ਦਾ ਇਕ ਹਿੱਸਾ ਹੈ। ਕੁਝ ਲੋਕ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਮੰਨਦੇ ਹਨ ਜਦ ਕਿ ਬਹੁਤੇ ਵਿਦਵਾਨ ਇਹ ਨਹੀਂ ਮੰਨਦੇ। ਉਨ੍ਹਾਂ ਮੁਤਾਬਿਕ ਇਸ ਦਾ ਲੇਖਕ ਗੁਰੂ ਸਾਹਿਬ ਦਾ ਕੋਈ ਦਰਬਾਰੀ ਕਵੀ ਸੀ। ਉਨ੍ਹਾਂ ਦਾ ਵਿਚਾਰ ਹੈ ਕਿ ਇਹ ਰਚਨਾ 'ਖੰਡੇ ਦੀ ਪਾਹੁਲ' ਦੀ ਰਸਮ ਅਤੇ ਨਿਤਨੇਮ ਦਾ ਹਿੱਸਾ ਸਿੰਘ ਸਭਾ ਲਹਿਰ ਤੋਂ ਕੁਝ ਚਿਰ ਪਹਿਲਾਂ ਨਿਰਮਲਿਆਂ ਨੇ ਬਣਾਈ ਸੀ। ਉਨ੍ਹਾਂ ਮੁਤਾਬਿਕ ਗੁਰੂ ਸਾਹਿਬ ਨੇ 'ਖੰਡੇ ਦੀ ਪਾਹੁਲ' ਦੇਣ ਵੇਲੇ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਸਫ਼ਿਆਂ ਦਾ ਪਾਠ ਕੀਤਾ ਸੀ ਜਿਹੜਾ ਕਿ 'ਅਸਲ ਨਿਤਨੇਮ' ਹੈ।

ਜਾਪ (ਸਾਹਿਬ) ਦੇ 199 ਬੰਦ ਹਨ, ਜਿਨ੍ਹਾਂ ਨੂੰ ਕਵਿਤਾ ਦਾ ਵੱਖ-ਵੱਖ ਦਸ ਰੂਪਾਂ ਵਿਚ ਰਚਿਆ ਗਿਆ ਹੈ। ਇਸ ਵਿਚ ਭਾਵੇਂ ਰੱਬ ਦੇ ਅਨੇਕਾਂ ਨਾਵਾਂ ਅਤੇ ਗੁਣਾਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਨਾਲ ਹੀ ਇਸ ਦਾ ਨਿਚੋੜ ਇਹ ਕੱਢਿਆ ਹੈ ਕਿ ਭਾਵੇਂ ਲੋਕ ਰੱਬ ਨੂੰ ਵੱਖ-ਵੱਖ ਨਾਂਵਾਂ ਨਾਲ ਯਾਦ ਕਰਦੇ ਹਨ ਪਰ ਰੱਬ ਦੀ ਮਹਾਨਤਾ, ਵਡਿਆਈ ਅਤੇ ਗੁਣ ਲਫ਼ਜ਼ਾਂ ਵਿੱਚ ਬਿਆਨ ਨਹੀਂ ਕੀਤੇ ਜਾ ਸਕਦੇ। (ਉਂਞ ਇਸ ਲਿਖਤ ਵਿਚ ਰੱਬ ਨੂੰ ਢੀਠ, ਕਰੂਰ ਤੇ ਹੋਰ ਬਹੁਤ ਸਾਰੇ ਨਫ਼ੀ ਨਾਂਵਾਂ ਤੇ ਖ਼ੂਬੀਆਂ ਵਾਲਾ ਵੀ ਦਰਸਾਇਆ ਗਿਆ ਹੈ)।

ਜੀਵਨ ਮੁਕਤੀ: ਜੀਵਨ ਮੁਕਤੀ ਦਾ ਮਾਅਨਾ ਹੈ: ਜਨਮ ਅਤੇ ਮਰਨ ਦੇ ਚੱਕਰ ਤੋਂ ਮੁਕਤੀ (ਛੁਟਕਾਰਾ) ਪਾਉਣਾ। ਸਿੱਖ ਧਰਮ ਵਿਚ ਮੁਕਤੀ ਦਾ ਫ਼ਲਸਫ਼ਾ ਦੂਜੇ ਧਰਮਾਂ ਤੋਂ ਬਿਲਕੁਲ ਵੱਖਰਾ ਹੈ। ਸਿੱਖੀ ਮੁਤਾਬਿਕ, ਇਨਸਾਨ ਜੀਵਨ ਮੁਕਤੀ ਨੂੰ ਮਰਨ ਤੋਂ ਬਾਅਦ ਨਹੀਂ ਬਲਕਿ ਆਪਣੀ ਜ਼ਿੰਦਗੀ ਦੇ ਦੌਰਾਨ ਹੀ ਪਾਉਂਦਾ ਹੈ। ਰੱਬ ਦੇ ਨਾਂ ਵਿਚ ਧਿਆਨ ਜੋੜਨਾ, ਹਉਮੈ ਤੋਂ ਛੁਟਕਾਰਾ ਪਾਉਣਾ, ਸੱਚਾ ਜੀਵਨ ਜੀਣਾ, ਜੀਵਨ ਮੁਕਤੀ ਦਾ ਉਮੀਦਵਾਰ ਬਣਨ ਲਈ ਪਹਿਲੀਆਂ ਸ਼ਰਤਾਂ ਹਨ। ਪਰ, ਇਸ ਦੇ ਬਾਵਜੂਦ, ਇਨਸਾਨ ਸਿਰਫ਼ ਰੱਬ ਦੀ ਮਿਹਰ ਨਾਲ ਹੀ ਜੀਵਨ ਮੁਕਤੀ ਹਾਸਿਲ ਕਰ ਸਕਦਾ ਹੈ।

> *ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ॥ ਆਪਿ ਤਰੈ ਸਗਲੇ ਕੁਲ ਉਧਾਰਾ॥ (ਸਫ਼ਾ 160)*

> *ਸਬਦਿ ਮਰੈ ਤਾਂ ਏਕ ਲਿਵ ਲਾਏ॥ ਅਚਰੁ ਚਰੈ ਤਾਂ ਭਰਮੁ ਚੁਕਾਏ॥* ***ਜੀਵਨ ਮੁਕਤੁ ਮਨਿ ਨਾਮੁ ਵਸਾਏ॥*** *ਗੁਰਮੁਖਿ ਹੋਇ ਤ ਸਚਿ ਸਮਾਏ॥ (ਸਫ਼ਾ 412)*

> *ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥* ***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥*** *(ਸਫ਼ਾ 522)*

*ਕਈ ਬੈਕੁੰਠ ਨਾਹੀ ਲਵੈ ਲਾਗੈ॥ **ਮੁਕਤਿ ਬਪੁੜੀ** ਭੀ ਗਿਆਨੀ ਤਿਆਗੇ॥ (ਸਫ਼ਾ 1078)*

*ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ॥ ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥ **ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥** (ਸਫ਼ਾ 449)*

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥ (ਸਫ਼ਾ 534)

ਹੋਰ ਦੇਖੋ: **ਸਵਰਗ, ਨਰਕ, ਪੁਨਰ ਜਨਮ**

ਜੂਆ: ਜੂਆ, ਆਮ ਤੌਰ 'ਤੇ, ਇਕ ਲਾਟਰੀ ਹੁੰਦਾ ਹੈ। ਉਂਞ ਕਈ ਵਾਰ ਇਹ ਚਾਲਾਕੀ ਨਾਲ ਜਿੱਤਣਾ ਵੀ ਹੁੰਦਾ ਹੈ। ਸਿੱਖ ਧਰਮ ਜੁਏਬਾਜ਼ੀ ਨੂੰ ਰੱਦ ਕਰਦਾ ਹੈ ਕਿਉਂਕਿ ਇਹ ਅਣਕਮਾਈ ਦੌਲਤ ਹੁੰਦੀ ਹੈ ਤੇ ਆਮ ਤੌਰ 'ਤੇ ਇਹ ਅੱਗੋਂ ਹੋਰ ਐਬਾਂ (ਰੰਡੀਬਾਜ਼ੀ, ਨਸ਼ੇ, ਲੜਾਈਆਂ, ਪਾਪ) ਨੂੰ ਜਨਮ ਦੇਂਦੀ ਹੈ।

ਜੂਠ/ਜੂਠਾ: ਇਸ ਲਫ਼ਜ਼ ਦੀ ਜੜ੍ਹ ਝੂਠ/ਝੂਠਾ ਵਿਚ ਹੈ। ਪਰ ਲਫ਼ਜ਼ 'ਜੂਠਾ' ਦੀ ਵਰਤੋਂ ਉਸ ਵਾਸਤੇ ਕੀਤੀ ਜਾਂਦੀ ਹੈ ਜਿਹੜਾ ਅਪਵਿੱਤਰ ਹੋਵੇ ਜਾਂ ਜਿਹੜਾ ਸਾਫ਼ ਨਾ ਹੋਵੇ। ਕਿਸੇ ਵੱਲੋਂ ਖਾਂਦਿਆਂ ਵਿਚੇ ਛੱਡੇ ਖਾਣੇ ਨੂੰ ਵੀ ਜੂਠਾ ਕਿਹਾ ਜਾਂਦਾ ਹੈ। ਇੰਞ ਹੀ ਕਿਸੇ ਵੱਲੋਂ ਵਰਤਿਆ ਭਾਂਡਾ, ਭਾਵੇਂ ਉਸ ਵਿਚ ਕੁਝ ਵੀ ਨਾ ਪਿਆ ਹੋਵੇ ਤੇ ਬਿਲਕੁਲ ਸਾਫ਼ ਹੋਵੇ, ਨੂੰ ਵੀ ਹਿੰਦੂ ਜੂਠਾ ਮੰਨਦੇ ਹਨ। ਹਿੰਦੂ ਧਰਮ ਮੁਤਾਬਿਕ, ਜੇ ਕਰ ਕਿਸੇ ਅਖੌਤੀ ਨੀਵੀਂ ਜ਼ਾਤ ਦਾ ਬੰਦਾ ਕਿਸੇ ਭਾਂਡੇ ਜਾਂ ਚੀਜ਼ ਨੂੰ ਹੱਥ ਲਾ ਦਿੰਦਾ ਹੈ ਤਾਂ ਉਹ ਜੂਠੀ (ਅਪਵਿੱਤਰ) ਬਣ ਜਾਂਦੀ ਹੈ। ਸਿੱਖ ਧਰਮ ਇਸ ਹਿੰਦੂ ਵਿਚਾਰ ਨੂੰ ਮਨਜ਼ੂਰ ਨਹੀਂ ਕਰਦਾ। ਸਿੱਖ ਧਰਮ ਵਿਚ, ਹਿੰਦੂਆਂ ਦਾ ਅਖੌਤੀ ਉੱਚੀ-ਨੀਵੀਂ ਜ਼ਾਤ-ਪਾਤ ਵਾਲਾ ਅਜਿਹਾ ਕੋਈ ਵਿਤਕਰਾ ਨਹੀਂ ਹੈ। ਗੁਰਦੁਆਰੇ ਵਿਚ ਕਿਸੇ ਵੀ ਜ਼ਾਤ, ਜਨਮ, ਰੰਗ, ਲਿੰਗ ਜਾਂ ਹੋਰ ਕਿਸੇ ਵਖਰੇਵੇਂ ਦੇ ਬਾਵਜੂਦ ਵੀ ਕੋਈ ਸ਼ਖ਼ਸ ਵੀ ਖਾਣਾ ਤਿਆਰ ਕਰ, ਵਰਤਾ ਅਤੇ ਖਾ ਸਕਦਾ ਹੈ। ਸਿੱਖ ਧਰਮ ਮੁਤਾਬਿਕ:

ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ॥ ਮੁਖਿ ਝੂਠੈ ਝੂਠੁ ਬੋਲਣਾ ਕਿਉਕਰਿ ਸੂਚਾ ਹੋਇ॥ (ਸਫ਼ਾ 56)

ਅੰਤਰਿ ਜੂਠਾ ਕਿਉ ਸੁਚਿ ਹੋਇ॥ ਸਬਦੀ ਧੋਵੈ ਵਿਰਲਾ ਕੋਇ॥ (ਸਫ਼ਾ 1344)

ਹੋਰ ਦੇਖੋ : **ਸੁੱਚਾ, ਸੁੱਚ-ਜੂਠ, ਸੂਤਕ**

ਜੂਨ/ਜੂਨੀ: ਦੇਖੋ: **ਚੌਰਾਸੀ ਲੱਖ ਜੂਨ**

ਜੇਲ੍ਹ ਚਿੱਠੀਆਂ: ਇਹ ਕਿਤਾਬ ਅਖੰਡ ਕੀਰਤਨੀ ਜਥੇ ਦੇ ਮੋਢੀ ਭਾਈ ਰਣਧੀਰ ਸਿੰਘ ਦੀ ਲਿਖਤ ਹੈ। ਇਹ 1915-1930 ਦੇ ਸਮੇਂ ਦੌਰਾਨ ਬ੍ਰਿਟਿਸ਼ ਜੇਲਾਂ ਵਿਚਲੀ ਜ਼ਿੰਦਗੀ ਬਾਰੇ ਦਸਦੀ ਹੈ। ਲਿਖਾਰੀ ਨੇ ਆਪਣੀ ਜ਼ਿੰਦਗੀ ਦੇ ਪੰਦਰਾਂ ਸਾਲ ਵੱਖ-ਵੱਖ ਜੇਲ੍ਹਾਂ ਵਿਚ ਬਿਤਾਏ ਸਨ। ਭਾਵੇਂ ਇਹ ਕਿਤਾਬ ਵਧੇਰੇ ਕਰ ਕੇ ਨਿਜੀ ਜ਼ਿੰਦਗੀ ਬਾਰੇ ਹੈ ਪਰ ਆਪਣੇ ਵੇਲੇ ਦੀ ਸਿੱਖ ਤਵਾਰੀਖ਼ ਦਾ ਇਹ ਇਕ ਕੀਮਤੀ ਸੋਮਾ ਵੀ ਹੈ। ਭਾਈ ਰਣਧੀਰ ਸਿੰਘ ਤੇ ਭਗਤ ਸਿੰਘ ਦੀ ਲਾਹੌਰ ਜੇਲ੍ਹ ਵਿਚ ਹੋਈ ਮੁਲਾਕਾਤ ਦਾ ਜ਼ਿਕਰ ਇਸੇ ਕਿਤਾਬ ਵਿਚ ਹੀ ਹੈ।

ਜੈਕਾਰਾ: ਜੈਕਾਰਾ ਦੋ ਲਫ਼ਜ਼ਾਂ ਦਾ ਜੋੜ ਹੈ: ਜੈ (ਲਫ਼ਜ਼ੀ ਮਾਅਨਾ ਜਿੱਤ)+ਕਾਰ,

ਯਾਨਿ "ਵਾਰ-ਵਾਰ ਜੈ ਬੋਲਣਾ"। ਇਹ ਹੇਠ ਲਿਖੀਆਂ ਹਾਲਤਾਂ ਵਿਚ ਗਜਾਇਆ (ਉੱਚੀ ਬੋਲਿਆ) ਜਾਂਦਾ ਹੈ: ਕਿਸੇ ਜਿੱਤ ਦੇ ਮੌਕੇ 'ਤੇ ਖ਼ੁਸ਼ੀ ਦਾ ਇਜ਼ਹਾਰ ਕਰਨਾ; ਕਿਸੇ ਸ਼ਖ਼ਸੀਅਤ (ਜਾਂ ਉਸ ਦੇ ਕਿਸੇ ਖ਼ਾਸ ਕਾਰਨਾਮੇ) ਦੀ ਤਾਰੀਫ਼ ਕਰਨਾ, ਕਿਸੇ ਗੁਰਮਤੇ ਦੀ ਮਨਜ਼ੂਰੀ ਦੇਣਾ, ਕਿਸੇ ਸਮਾਗਮ ਦਾ ਭੋਗ ਪੈਣ ਵੇਲੇ ਵਗ਼ੈਰਾ। ਸਿੱਖ ਧਰਮ ਵਿਚ ਜੈਕਾਰਾ ਰੂਹਾਨੀਅਤ, ਜੋਸ਼, ਉਮੀਦ, ਹੌਸਲੇ, ਚੜ੍ਹਦੀ ਕਲਾ ਅਤੇ ਜ਼ੋਰਦਾਰ ਉਮਾਹ ਦਾ ਮੁਜੱਸਮਾ ਹੈ। ਸਿੱਖ ਜੈਕਾਰੇ ਦੇ ਬੋਲ ਹਨ: *ਜੋ ਜੈਕਾਰਾ ਬੁਲਾਵੇ, ਗੁਰੂ ਦੇ ਮਨ ਨੂੰ ਭਾਵੇ, ਨਿਹਾਲ ਹੋ ਜਾਵੇ, ਗੱਜ ਕੇ ਬੋਲਣਾ ਜੀ: ਅਕਾਲ! ਅਕਾਲ! ਅਕਾਲ!* ਪਰ ਅਜ-ਕਲ੍ਹ ਵਧੇਰੇ ਵਰਤਿਆ ਜਾਣ ਵਾਲਾ ਜੈਕਾਰਾ ਹੈ: (ਜੋ) *ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।* ਸਿੱਖ, ਇਕ ਦੂਸਰੇ ਨੂੰ ਮਿਲਣ ਸਮੇਂ, '*ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਦੀ ਫ਼ਤਹਿ*' ਕਹਿ ਕੇ ਮੁਖ਼ਾਤਿਬ ਹੁੰਦੇ ਹਨ।

ਜੈਨ: ਵਰਧਮਾਨ ਮਹਾਂਵੀਰ ਜੈਨ ਧਰਮ ਦੇ ਮੋਢੀ ਸਨ। ਇਸ ਅਕੀਦੇ ਦੇ ਮੁੱਖ ਸਿਧਾਂਤ ਹਨ: ਅਹਿੰਸਾ, ਸੱਚ ਬੋਲਣਾ, ਚੋਰੀ ਨਾ ਕਰਨਾ, ਜਤ ਸਤ ਰਖਣਾ, ਮੋਹ ਨਹੀਂ ਕਰਨਾ, ਸਨੇਹ/ਸਾਂਝ ਨਹੀਂ ਰੱਖਣੀ ਵਗ਼ੈਰਾ। ਜੈਨ ਧਰਮ ਰੱਬ ਦੀ ਹੋਂਦ ਵਿਚ ਯਕੀਨ ਨਹੀਂ ਰਖਦਾ। ਇਨ੍ਹਾਂ ਦਾ 'ਅਹਿੰਸਾ' ਦਾ ਸਿਧਾਂਤ ਇੱਥੋਂ ਤਕ ਸਖ਼ਤ ਹੈ ਕਿ ਜੈਨ ਧਰਮ ਨੂੰ ਪੂਰੀ ਤਰ੍ਹਾਂ ਮੰਨਣ ਵਾਲੇ ਨੰਗੇ ਪੈਰੀਂ ਤੁਰਦੇ ਹਨ ਤਾਂ ਕਿ ਉਨ੍ਹਾਂ ਦੀਆਂ ਜੁੱਤੀਆਂ ਆਦਿ ਥੱਲੇ ਕੋਈ ਕੀੜਾ ਵੀ ਨਾ ਮਾਰਿਆ ਜਾਵੇ। ਉਹ ਆਪਣੇ ਮੂੰਹ ਨੂੰ ਕੱਪੜੇ ਦੇ ਟੁਕੜੇ ਨਾਲ ਢਕ ਕੇ ਰੱਖਦੇ ਹਨ ਤਾਂ ਜੋ ਕਈ ਨਿੱਕਾ ਜਿਹਾ ਜੀਵ ਵੀ ਉਨ੍ਹਾਂ ਦੇ ਅੰਦਰ ਨਾ ਚਲਾ ਜਾਵੇ। ਉਹ ਪਾਖ਼ਾਨਾ (ਟੱਟੀ) ਕਰਨ ਮਗਰੋਂ ਉਸ ਨੂੰ ਫਰੋਲ ਕੇ ਖਿੰਡਾ ਦੇਂਦੇ ਹਨ ਤਾਂ ਜੋ ਉਸ ਵਿਚ ਕੀੜੇ ਨਾ ਪੈਦਾ ਹੋ ਸਕਣ। ਇਸ ਵਕਤ ਇਸ ਧਰਮ ਦੇ ਵੀ ਦੋ ਹਿੱਸੇ ਹਨ : ਸੁਵੇਤਾਂਬਰ ਅਤੇ ਕਿ ਦਿਗੰਬਰ। ਬੁਧ ਧਰਮ ਵਾਂਗ ਜੈਨੀਆਂ ਨੂੰ ਵੀ ਬ੍ਰਾਹਮਣਾਂ ਦੇ ਜ਼ੁਲਮ ਨੇ ਤਕਰੀਬਨ ਖ਼ਤਮ ਜਿਹੇ ਕਰ ਦਿੱਤਾ ਸੀ ਤੇ ਉਨ੍ਹਾਂ ਦੇ ਸਾਰੇ ਮੰਦਰ ਕਬਜ਼ੇ ਵਿਚ ਕਰ ਕੇ ਉੱਥੇ ਕਾਲਪਨਿਕ ਦੇਵਤੇ ਵਿਸ਼ਨੂ ਦੀਆਂ (ਤੇ ਮਗਰੋਂ ਰਾਮਾਇਣ ਤੇ ਮਹਾਂਭਾਰਤ ਕਾਵਿ-ਨਾਵਲਾਂ ਦੇ ਹੀਰੋਆਂ, ਰਾਮ ਤੇ ਕ੍ਰਿਸ਼ਨ ਦੀਆਂ ਵੀ) ਮੂਰਤੀਆਂ ਰਖ ਦਿੱਤੀਆਂ ਸਨ। ਹਿੰਦੂਆਂ ਦੇ ਬਹੁਤੇ ਵੱਡੇ ਮੰਦਰ ਦਰਅਸਲ ਕਦੇ ਜੈਨੀਆਂ ਤੇ ਬੋਧੀਆਂ ਦੇ ਮੰਦਰ ਸਨ।

ਜੈਨ ਧਰਮ 1947 ਤੋਂ ਬਾਅਦ ਆਪਣੀ ਆਜ਼ਾਦ/ਵੱਖਰੀ ਪਛਾਣ ਬਿਲਕੁਲ ਗੁਆ ਬੈਠਾ ਸੀ ਤੇ ਹੁਣ ਇਸ ਨੂੰ ਹਿੰਦੂ ਧਰਮ ਦਾ ਹਿੱਸਾ ਹੀ ਮੰਨਿਆ ਜਾਣ ਲਗ ਪਿਆ ਸੀ (ਪਰ ਹੁਣ ਬਹੁਤ ਸਾਰੇ ਜੈਨੀ ਆਪਣੀ ਵੱਖਰੀ ਹੋਂਦ ਦਾ ਇਜ਼ਹਾਰ ਕਰਨ ਲਗ ਪਏ ਹਨ ਤੇ ਆਪਣੇ ਆਪ ਨੂੰ ਹਿੰਦੂ ਨਹੀਂ ਮੰਨਦੇ)। ਦਰਅਸਲ ਆਪਣੇ ਡਰੂ (ਸਿਖਰ ਦੀ ਅਹਿੰਸਾ) ਸੋਚ ਕਾਰਨ, ਉਹ ਫ਼ਿਰਕੂ ਤੇ ਦਹਿਸ਼ਤਗਰਦ ਹਿੰਦੂਆਂ ਤੋਂ ਡਰ ਕੇ ਉਨ੍ਹਾਂ ਦੀ ਗ਼ੁਲਾਮੀ ਕਬੂਲ ਕਰ ਬੈਠੇ ਸਨ ਤੇ ਜਦ ਹਿੰਦੂਆਂ ਨੇ ਉਨ੍ਹਾਂ ਨੂੰ ਆਪਣਾ ਫ਼ਿਰਕਾ ਕਹਿਣਾ ਸ਼ੁਰੂ ਕੀਤਾ ਤਾਂ ਉਹ (ਜੈਨੀ) ਡਰਦੇ ਚੁਪ ਰਹੇ (ਹਾਲਾਂ ਕਿ ਜੈਨ ਧਰਮ ਹਿੰਦੂ/ਬ੍ਰਾਹਮਣ ਧਰਮ ਤੋਂ ਬਹੁਤ ਵਧ ਪੁਰਾਣਾ ਹੈ)। ਗੁਰੂ ਨਾਨਕ ਸਾਹਿਬ ਦਾ ਕਈ ਜੈਨੀ ਸਾਧੂਆਂ ਨਾਲ ਧਰਮ ਚਰਚਾ ਹੋਇਆ ਸੀ। ਗੁਰੂ ਗ੍ਰੰਥ ਸਾਹਿਬ ਵਿਚ ਜੈਨੀਆਂ ਦੇ 'ਅਹਿੰਸਾ' ਦੀ ਹੱਦ ਬਾਰੇ ਗੁਰੂ ਨਾਨਕ ਸਾਹਿਬ ਦੇ ਸ਼ਬਦ ਮੌਜੂਦ ਹਨ।

ਸਿਰੁ ਖੋਹਾਇ ਪੀਅਹਿ ਮਲਵਾਣੀ, ਜੂਠਾ ਮੰਗਿ ਮੰਗਿ ਖਾਹੀ ॥ ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥ ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥ ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥ ਓਨਾ ਪਿੰਡੁ ਨ ਪਤਲਿ, ਕਿਰਿਆ ਨ ਦੀਵਾ, ਮੁਏ ਕਿਥਾਊ ਪਾਹੀ॥ ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ॥ ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ॥ ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ॥ ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥ ਨਾ ਓਇ ਜੋਗੀ ਨ ਓਇ ਜੰਗਮ ਨ ਓਇ ਕਾਜੀ ਮੁੰਲਾ॥ ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ॥ (ਸਫ਼ਾ 149)

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ॥ ਤਿਨ ਮੁਖਿ ਨਾਹੀ ਨਾਮੁ, ਨ ਤੀਰਥਿ ਨਾਇਆ॥ ਹਥੀ ਸਿਰ ਖੋਹਾਇ ਨ ਭਦੁ ਕਰਾਇਆ॥ ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ॥ ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ॥ ਮਨਿ ਜੂਠੈ ਵੇਜਾਤਿ ਜੂਠਾ ਖਾਇਆ॥ ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ॥ ਗੁਰਮੁਖਿ ਓਅੰਕਾਰਿ ਸਚਿ ਸਮਾਇਆ॥ (ਸਫ਼ਾ 1209)

ਜੈਮਾਲਾ: ਜੈਮਾਲਾ ਦੋ ਲਫ਼ਜ਼ਾਂ ਦਾ ਜੋੜ ਹੈ: ਜੈ=ਵਿਜੈ ਦਾ ਛੋਟਾ ਰੂਪ ਹੈ ਯਾਨਿ ਜਿੱਤ, ਮਾਲਾ=ਹਾਰ, ਯਾਨਿ ਜਿੱਤ ਦਾ ਹਾਰ। ਮੱਧ ਕਾਲ ਤਕ ਹਿੰਦੂਆਂ ਵਿਚ ਵਿਆਹ ਲਾੜੇ ਦੇ ਗਲ ਵਿਚ ਜੈਮਾਲਾ ਪਾ ਕੇ ਕੀਤੇ ਜਾਂਦੇ ਹਨ। ਇਸ ਦਾ ਪਿਛੋਕੜ ਇਹ ਹੈ ਕਿ ਰਾਜਪੂਤਾਂ (ਤੇ ਸ਼ਾਹੀ/ਜਗੀਰਦਾਰ ਪਰਿਵਾਰਾਂ) ਵੱਲੋਂ ਧੀਆਂ ਵਾਸਤੇ ਬਹਾਦਰ ਤੇ ਸੂਝਵਾਨ ਜਵਾਨ ਚੁਣਨ ਵਾਸਤੇ ਮੁਕਾਬਲਿਆਂ ਦਾ ਇੰਤਜ਼ਾਮ ਕੀਤਾ ਜਾਂਦਾ ਸੀ। ਇਨ੍ਹਾਂ ਮੁਕਾਬਲਿਆਂ ਵਿਚ ਆਮ ਤੌਰ 'ਤੇ ਬੀਰ ਰਸੀ, ਜੁਝਾਰੂ ਜਾਂ ਬਹਾਦਰੀ ਦੇ ਮੁਕਾਬਲੇ ਹੁੰਦੇ ਹਨ। ਇਨ੍ਹਾਂ ਵਿਚੋਂ ਅੱਵਲ ਰਹਿਣ ਵਾਲੇ ਜਾਂ ਕਿਸੇ ਖ਼ਾਸ ਇਮਤਿਹਾਨ ਨੂੰ ਪਾਸ ਕਰਨ ਵਾਲੇ ਜਵਾਨ ਨੂੰ ਕੁੜੀ 'ਜਿੱਤ ਦਾ ਹਾਰ' (ਜੈਮਾਲਾ) ਪਾ ਦੇਂਦੀ ਸੀ। ਇਸ ਨਾਲ ਹੀ ਵਿਆਹ ਦੀ ਰਸਮ ਪੂਰੀ ਹੋ ਜਾਂਦੀ ਸੀ। ਅੱਜ ਕੱਲ ਹਿੰਦੂ ਵਿਆਹ (ਵੇਦੀ ਦੀਆਂ ਲਾਂਵਾਂ) ਦੀਆਂ ਬ੍ਰਾਹਮਣੀ ਰਸਮਾਂ ਤੋਂ ਪਹਿਲਾਂ ਜੈਮਾਲਾ ਦੀ ਰਸਮ ਨੂੰ ਨਿਭਾਉਂਦੇ ਹਨ (ਯਾਨਿ ਦੋ ਵਾਰ ਵਿਆਹ ਕਰਦੇ ਹਨ)। ਸਿੱਖ ਧਰਮ ਵਿੱਚ, ਸਿਰਫ਼ ਅਨੰਦ ਕਾਰਜ ਹੀ ਵਿਆਹ ਦੀ ਪੂਰੀ ਤੇ ਇੱਕੋ-ਇਕ ਰਸਮ ਹੈ। ਸਿੱਖ ਜੈਮਾਲਾ ਪਾ ਕੇ ਵਿਆਹ ਨਹੀਂ ਕਰ ਸਕਦਾ, ਕਿਉਂਕਿ ਇਸ ਹਿੰਦੂ-ਵਿਆਹ ਦੀ ਰਸਮ ਤੋਂ ਬਾਅਦ ਅਨੰਦ ਕਾਰਜ (ਵਿਆਹ ਦੀ ਦੂਹਰੀ ਰਸਮ) ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

ਜੋਗ: ਵੇਖੋ: **ਯੋਗ/ਯੋਗਾ**। 265

ਜੋਤਿ: ਜੋਤਿ ਦਾ ਲਫ਼ਜ਼ੀ ਮਾਅਨਾ ਹੈ: ਰੌਸ਼ਨੀ/ਲਾਟ। ਸਿੱਖ ਫ਼ਲਸਫ਼ੇ ਵਿਚ ਇਸ ਦਾ ਮਾਅਨਾ ਹੈ: ਰੂਹਾਨੀ ਰੌਸ਼ਨੀ, ਗਿਆਨ, ਇਲਮ। ਜਿਵੇਂ ਗੁਰੂ ਨਾਨਕ ਸਾਹਿਬ ਜੀ ਨੇ ਗੁਰੂ ਅੰਗਦ ਸਾਹਿਬ ਜੀ ਨੂੰ ਆਪਣੀ ਜੋਤਿ ਦਿੱਤੀ ਅਤੇ ਇਸੇ ਤਰ੍ਹਾਂ ਹਰ ਗੁਰੂ ਨੇ ਅਗਲੇ ਵਾਰਿਸ ਨੂੰ ਦਿੱਤੀ ਸੀ। ਇੱਥੇ ਜੋਤਿ ਦਾ ਮਾਅਨਾ ਕੋਈ ਅੱਗ, ਦੀਵੇ ਦੀ ਲਾਟ ਜਾਂ ਸੂਰਜੀ ਰੌਸ਼ਨੀ ਨਹੀਂ ਬਲਕਿ ਰੂਹਾਨੀ ਇਲਮ/ਗਿਆਨ/ਰੌਸ਼ਨੀ ਹੈ, ਜੋ ਸਾਰੇ ਗੁਰੂ ਸਾਹਿਬ ਆਪਣੇ ਵਾਰਿਸ ਨੂੰ ਦੇਂਦੇ ਸਨ।

ਸਿੱਖਾਂ ਵਿਚ ਗੁਰੂ ਸਾਹਿਬਾਨ ਦੇ ਚੜ੍ਹਾਈ ਕਰ ਜਾਣ ਨੂੰ ਵੀ ਜੋਤੀ-ਜੋਤਿ ਸਮਾਉਣਾ

ਕਿਹਾ ਜਾਂਦਾ ਹੈ, ਯਾਨਿ ਚੜ੍ਹਾਈ ਕਰ ਗਏ ਗੁਰੂ ਦੀ ਜੋਤਿ ਦਾ ਅਕਾਲ ਪੁਰਖ ਦੀ ਜੋਤਿ (ਪਰਮ ਜੋਤਿ, ਪਰਮਾਤਮਾ) ਵਿਚ ਸਮਾਉਣਾ।

ਜੋਤਿ ਦਾ ਇਕ ਹੋਰ ਮਾਅਨਾ ਅੱਗ ਦੀ 'ਲਾਟ' ਹੈ। ਗੁਰਦੁਆਰੇ ਵਿਚ ਬਲਣ ਵਾਲੀ ਬੈਟਰੀ, ਮਸ਼ਾਲ ਜਾਂ ਲਾਟ ਦਾ ਗੁਰਬਾਣੀ ਵਾਲੀ ਜੋਤਿ ਨਾਲ ਕੋਈ ਸਬੰਧ ਨਹੀਂ ਹੈ। ਕਿਸੇ ਵੀ ਤਰ੍ਹਾਂ ਦੀ ਲਾਟ ਦਾ, ਰੌਸ਼ਨੀ ਤੋਂ ਇਲਾਵਾ ਕਿਸੇ ਹੋਰ ਮਕਸਦ ਲਈ ਗੁਰਦੁਆਰੇ ਵਿਚ ਜਗਾਉਣਾ, ਸਿੱਖ ਫ਼ਲਸਫ਼ੇ ਦੇ ਉਲਟ ਹੈ, ਉਂਞ ਬਹੁਤ ਸਾਰੇ ਗੁਰਦੁਆਰਿਆਂ ਵਿਚ, ਸਣੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ, ਇਹ ਮਨਮਤਿ ਚਲ ਰਹੀ ਹੈ।

ਜੋਤਿਸ਼: ਇਸ ਦਾ ਮਤਲਬ ਹੈ: ਭਵਿੱਖ (ਜਾਂ ਬੀਤੇ ਬਾਰੇ) ਜਾਣਨਾ। ਸਿੱਖ ਧਰਮ ਇਸ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਹੈ, ਕਿਉਂਕਿ ਇਹ ਸਭ ਕੁਝ ਸਿਰਫ਼ ਰੱਬ ਹੀ ਜਾਣਦਾ ਹੈ ਕਿ ਅੱਗੋਂ ਕੀ ਹੋਣਾ ਹੈ। ਜੋਤਿਸ਼ ਤਾਂ ਬ੍ਰਾਹਮਣਾਂ ਨੇ ਕਮਾਈ (ਦਰਅਸਲ ਠੱਗੀ) ਦਾ ਇਕ ਤਰੀਕਾ ਬਣਾਇਆ ਹੋਇਆ ਹੈ। ਗੁਰਬਾਣੀ ਮੁਤਾਬਿਕ:

> *ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥ ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ॥ ਗੁਰਮਤਿ ਹੋਇ ਤ ਹੁਕਮੁ ਪਛਾਣੈ॥ ਝੂਠੁ ਨ ਬੋਲਿ ਪਾਡੇ ਸਚੁ ਕਹੀਐ॥ ਹਉਮੈ ਜਾਇ ਸਬਦਿ ਘਰੁ ਲਹੀਐ॥ ਗਣਿ ਗਣਿ ਜੋਤਕੁ ਕਾਂਡੀ ਕੀਨੀ॥ ਪੜੈ ਸੁਣਾਵੈ ਤਤੁ ਨ ਚੀਨੀ ॥ ਸਭਸੈ ਊਪਰਿ ਗੁਰ ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ, ਸਗਲੀ ਛਾਰੁ॥ਨਾਵਹਿ ਧੋਵਹਿ ਪੂਜਹਿ ਸੈਲਾ॥ ਬਿਨੁ ਹਰਿ ਰਾਤੇ ਮੈਲੋ ਮੈਲਾ ॥ ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ॥ ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ॥ ਵਾਚੈ ਵਾਦੁ ਨ ਬੇਦੁ ਬੀਚਾਰੈ॥ ਆਪਿ ਡੁਬੈ ਕਿਉ ਪਿਤਰਾ ਤਾਰੈ॥ ਘਟਿ ਘਟਿ ਬ੍ਰਹਮੁ ਚੀਨੈ ਜਨੁ ਕੋਇ॥ ਸਤਿਗੁਰੁ ਮਿਲੈ ਤ ਸੋਝੀ ਹੋਇ॥ ਗਣਤ ਗਣੀਐ ਸਹਸਾ ਦੁਖੁ ਜੀਐ॥ ਗੁਰ ਕੀ ਸਰਣਿ ਪਵੈ ਸੁਖੁ ਥੀਐ॥ ਕਰਿ ਅਪਰਾਧ ਸਰਣਿ ਹਮ ਆਇਆ॥ ਗੁਰ ਹਰਿ ਭੇਟੇ ਪੁਰਬਿ ਕਮਾਇਆ॥ ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ॥ ਭਰਮਿ ਭੁਲਾਈਐ ਜਨਮਿ ਮਰਿ ਆਈਐ॥ ਜਮ ਦਰਿ ਬਾਧਉ ਮਰੈ ਬਿਕਾਰੁ॥ ਨਾ ਰਿਦੈ ਨਾਮੁ ਨ ਸਬਦੁ ਅਚਾਰੁ॥ ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ ਮਹਲੁ ਨ ਪਾਵਹਿ॥ ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ॥ ਏਕੁ ਬੁਰਾ ਭਲਾ ਸਚੁ ਏਕੈ॥ ਬੂਝੁ ਗਿਆਨੀ ਸਤਗੁਰ ਕੀ ਟੇਕੈ॥ ਗੁਰਮੁਖਿ ਵਿਰਲੀ ਏਕੋ ਜਾਣਿਆ॥ ਆਵਣੁ ਜਾਣਾ ਮੇਟਿ ਸਮਾਣਿਆ॥ ਜਿਨ ਕੈ ਹਿਰਦੈ ਏਕੰਕਾਰੁ॥ ਸਰਬ ਗੁਣੀ ਸਾਚਾ ਬੀਚਾਰੁ॥ ਗੁਰ ਕੈ ਭਾਣੈ ਕਰਮ ਕਮਾਵੈ॥ ਨਾਨਕ ਸਾਚੇ ਸਾਚਿ ਸਮਾਵੈ॥ (ਸਫ਼ਾ 904-905)*

ਜੰਗਨਾਮਾ: ਇਹ ਕਾਜ਼ੀ ਨੂਰ ਮੁੰਹਮਦ ਦੀ ਲਿਖਤ ਹੈ।ਜਿਸ ਵਿਚ ਉਸ ਨੇ ਅਕਾਲ ਤਖ਼ਤ ਸਾਹਿਬ ਦੇ ਬਾਹਰ ਹੋਈ, ਪਹਿਲੀ ਦਸੰਬਰ 1764 ਦੀ, ਇਕ ਲੜਾਈ ਦਾ ਅੱਖੀਂ ਡਿੱਠਾ ਹਾਲ ਬਿਆਨ ਕੀਤਾ ਹੈ, ਜਿਸ ਵਿਚ 30 ਸਿੱਖਾਂ ਨੇ ਅਹਿਮਦ ਸ਼ਾਹ ਦੁੱਰਾਨੀ ਦੇ 30 ਹਜ਼ਾਰ ਸਿਪਾਹੀਆਂ ਨਾਲ ਇਕ ਅਸਾਂਵੀਂ ਲੜਾਈ ਲੜ ਕੇ ਸ਼ਹੀਦੀਆਂ ਹਾਸਿਲ ਕੀਤੀਆਂ ਸਨ। ਇਸ ਲਿਖਤ ਵਿਚ ਉਸ ਨੇ ਸਿੱਖਾਂ ਨੂੰ ਲਾਸਾਨੀ, ਪਰ ਅਸਿੱਧੀ, ਅਕੀਦਤ (ਸ਼ਰਧਾਂਜਲੀ) ਭੇਟ ਕੀਤੀ ਹੈ। ਲਿਖਾਰੀ ਸਿੱਖਾਂ ਵਾਸਤੇ ਕੋਈ ਚੰਗੇ ਜਜ਼ਬਾਤ ਨਹੀਂ ਰੱਖਦਾ ਪਰ ਉਸ ਕੋਲੋਂ, ਸ਼ਾਇਦ ਨਾ ਚਾਹੁੰਦਿਆਂ ਹੋਇਆ ਵੀ, ਸਿੱਖਾਂ ਦੇ ਮਹਾਨ ਇਖ਼ਲਾਕ, ਉੱਚੇ ਨਿਸ਼ਾਨੇ, ਬਹਾਦਰੀ ਅਤੇ ਕੁਰਬਾਨੀਆਂ ਬਾਰੇ

ਦੱਸਿਆ ਗਿਆ ਹੈ। ਅਸਲੀ ਰਚਨਾ ਫ਼ਾਰਸੀ ਜ਼ਬਾਨ ਵਿਚ ਹੈ। ਸ. ਕਰਮ ਸਿੰਘ ਹਿਸਟੋਰੀਅਨ ਨੇ ਇਸ ਦਸਤਾਵੇਜ਼ ਦੀ ਖੋਜ ਕੀਤੀ ਸੀ ਤੇ ਡਾ. ਗੰਡਾ ਸਿੰਘ ਨੇ ਇਸ ਦਾ ਪੰਜਾਬੀ ਤਰਜਮਾ ਛਾਪਿਆ ਸੀ।

ਜੰਗਨਾਮਾ ਸਿੰਘਾਂ ਅਤੇ ਫ਼ਰੰਗੀਆਂ: ਰਣਜੀਤ ਸਿੰਘ ਦੇ ਸਮੇਂ ਦੇ ਕਵੀ ਸ਼ਾਹ ਮੁਹੰਮਦ ਦਾ ਲਿਖਿਆ ਹੋਇਆ ਇਹ ਜੰਗਨਾਮਾ ਅੰਗਰੇਜ਼ਾਂ ਤੇ ਸਿੱਖਾਂ ਵਿਚ ਹੋਈਆਂ ਲੜਾਈਆਂ (1845-46) ਦੀ ਲੋਕ-ਤਵਾਰੀਖ਼ ਹੈ। 'ਸ਼ਾਹ ਮੁਹੰਮਦ ਨੇ ਇਸ ਲੜਾਈ ਵਿਚ ਹਿੱਸਾ ਲੈਣ ਵਾਲਿਆਂ ਸਿੱਖ ਫ਼ੌਜੀਆਂ ਦੀ ਰੱਜ ਕੇ ਤਾਰੀਫ਼ ਕੀਤੀ ਹੈ ਤੇ ਨਾਲ ਹੀ ਬ੍ਰਾਹਮਣਾਂ (ਤੇਜਾ ਸਿੰਹ, ਲਾਲ ਸਿੰਹ) ਦੀਆਂ ਗ਼ਦਾਰੀਆਂ ਦਾ ਜ਼ਿਕਰ ਵੀ ਕੀਤਾ ਹੈ। ਇਸ ਲਿਖਤ ਵਿਚ ਤਵਾਰੀਖ਼ ਦੀਆਂ ਬਹੁਤ ਸਾਰੀਆਂ ਗਲਤੀਆਂ ਵੀ ਹਨ, ਜਿਵੇਂ ਰਾਣੀ ਜਿੰਦਾਂ ਬਾਰੇ ਲੇਖਕ ਨੇ ਠੀਕ ਨਹੀਂ ਲਿਖਿਆ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਡੋਗਰਿਆਂ, ਬ੍ਰਾਹਮਣਾਂ ਤੇ ਅੰਗਰੇਜ਼ਾਂ ਨੇ ਰਾਣੀ ਜਿੰਦਾਂ ਦੇ ਖ਼ਿਲਾਫ਼ ਸਾਜ਼ਸ਼ੀ ਪ੍ਰਚਾਰ ਕਰਨਾ ਸ਼ੁਰੂ ਕੀਤਾ ਹੋਇਆ ਸੀ। ਕਈ ਗ਼ਲਤੀਆਂ ਹੋਣ ਦੇ ਬਾਵਜੂਦ ਵੀ ਇਹ ਸਿੱਖ ਤਵਾਰੀਖ਼ ਦਾ ਇੱਕ ਕੀਮਤੀ ਸੋਮਾ ਹੈ ਅਤੇ ਇਸ ਵਿਚ ਸ਼ਾਹ ਮੁਹੰਮਦ ਦੇ ਅੰਦਰ ਬੈਠੇ ਇਕ ਸੱਚੇ-ਸੁੱਚੇ ਪੰਜਾਬੀ ਦਾ ਦੇਸ਼ ਪਿਆਰ ਡੁਲ੍ਹ-ਡੁਲ੍ਹ ਪੈਂਦਾ ਨਜ਼ਰ ਆਉਂਦਾ ਹੈ।।

ਜ਼

ਜ਼ਫ਼ਰਨਾਮਾ: ਇਹ ਫ਼ਾਰਸੀ ਬੋਲੀ ਵਿਚ ਇਕ ਲੰਮੀ ਕਵਿਤਾ ਹੈ। ਜ਼ਫ਼ਰਨਾਮਾ ਦਾ ਲਫ਼ਜ਼ੀ ਮਾਅਨਾ ਹੈ: "ਜਿੱਤ ਦੀ ਚਿੱਠੀ"। ਇੱਕ ਵਿਚਾਰ ਮੁਤਾਬਿਕ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਹ ਇਕ ਖ਼ਤ ਹੈ ਜੋ ਉਨ੍ਹਾਂ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ, ਪਿੰਡ ਦੀਨਾ-ਕਾਂਗੜ ਵਿਖੇ 22 ਦਸੰਬਰ 1705 ਨੂੰ ਲਿਖਿਆ ਸੀ। ਪਿੰਡ ਦਿਆਲਪੁਰਾ ਭਾਈਕਾ ਵਿਚ 'ਜ਼ਫ਼ਰਨਾਮਾ ਸਾਹਿਬ' ਨਾਂ ਦਾ ਇਕ ਗੁਰਦੁਆਰਾ ਹੈ ਜਿਸ ਬਾਰੇ ਦਾਅਵਾ ਕੀਤਾ ਜਾਂਦਾ ਹੈ ਕਿ ਜ਼ਫ਼ਰਨਾਮਾ ਉੱਥੇ ਲਿਖਿਆ ਗਿਆ ਸੀ। ਬਹੁਤ ਸਾਰੇ ਵਿਦਵਾਨ ਇਸ ਨੂੰ ਗੁਰੂ ਸਾਹਿਬ ਦੀ ਰਚਨਾ ਨਹੀਂ ਮੰਨਦੇ। ਉਨ੍ਹਾਂ ਮੁਤਾਬਿਕ ਗੁਰੂ ਸਾਹਿਬ ਦਾ ਖ਼ਤ ਪੜ੍ਹ ਕੇ ਔਰੰਗਜ਼ੇਬ ਨੇ ਜੋ ਹਦਾਇਤਾਂ ਸਾਹਰਿੰਦ ਤੇ ਲਾਹੌਰ ਦੇ ਸੂਬੇਦਾਰਾਂ ਨੂੰ ਭੇਜੀਆਂ ਸਨ, ਇਸ ਜ਼ਫ਼ਰਨਾਮੇ ਨੂੰ ਪੜ੍ਹ ਕੇ ਭੇਜੀਆਂ ਨਹੀਂ ਹੋ ਸਕਦੀਆਂ। ਉਹ ਖ਼ਤ ਯਕੀਨਨ ਹੋਰ ਹੋਵੇਗਾ। ਇਹ ਲਿਖਤ ਮਗਰੋਂ ਕਿਸੇ ਕਵੀ ਨੇ ਲਿਖੀ ਹੋਵੇਗੀ।

ਭਾਵੇਂ ਇਸ ਦਾ ਲੇਖਕ ਕੋਈ ਵੀ ਹੋਵੇ ਇਸ ਵਿਚ ਕੁਝ ਬਹੁਤ ਚੰਗੇ ਫ਼ਿਕਰੇ ਮੌਜੂਦ ਹਨ। ਮਿਸਾਲ ਵਜੋਂ ਕਦੇ ਵੀ ਬੇਇਨਸਾਫ਼ੀ ਅਤੇ ਜ਼ੁਲਮ ਅੱਗੇ ਹਥਿਆਰ ਨਹੀਂ ਸੁੱਟਣੇ ਚਾਹੀਦੇ ਤੇ ਆਪਣੀ ਜਿੱਤ ਤੱਕ ਲੜਨਾ ਚਾਹੀਦਾ ਹੈ; ਕਦੇ ਵੀ ਦਿਲ ਥੋੜ੍ਹਾ ਨਹੀਂ ਕਰਨਾ ਚਾਹੀਦਾ, ਲੜਾਈ ਵਿਚ ਦਿਲ ਹਾਰਨਾ ਹੀ ਅਸਲੀ ਹਾਰ ਹੈ (ਜੰਗ ਵਿਚ ਮਰਨਾ ਹਾਰ ਨਹੀਂ ਸ਼ਹੀਦੀ ਹੈ)। ਜਦੋਂ ਲੜਾਈ ਵਿਚ ਸਾਰੇ ਪੁਰਅਮਨ ਤਰੀਕੇ/ ਵਸੀਲੇ ਵਰਤ ਲਏ ਜਾਣ ਤਾਂ ਤਲਵਾਰ ਉਠਾਉਣੀ (ਤਾਕਤ ਵਰਤਣੀ) ਜਾਇਜ਼ ਹੈ।

ਜ਼ਾਤ-ਪਾਤ: ਹਿੰਦੂ ਸਮਾਜ ਵਿਚ ਜ਼ਾਤ ਜਾਂ ਜਨਮ ਵਾਲਾ ਪਰਿਵਾਰ ਇਸ ਦੇ ਢਾਂਚੇ ਦਾ ਅਹਿਮ ਧੁਰਾ ਹਨ। ਇਸ ਢਾਂਚੇ ਵਿਚ ਬ੍ਰਾਹਮਣ ਹਿੰਦੂ ਸਮਾਜ ਵਿਚ ਸਭ

ਤੋਂ ਉੱਚੇ ਹਨ ਤੇ ਅਖੌਤੀ ਦਲਿਤ (ਜੁਲਾਹੇ, ਚਮਾਰ ਤੇ ਚੂੜ੍ਹੇ ਵਗੈਰਾ, ਜਿਨ੍ਹਾਂ ਨੂੰ ਬ੍ਰਾਹਮਣ ਲੋਕ ਅਛੂਤ ਕਹਿੰਦੇ ਹਨ) ਸਾਰੇ ਇਨਸਾਨਾਂ ਨਾਲੋਂ ਨੀਵੇਂ ਹਨ। ਸਿੱਖ ਧਰਮ ਵਿਚ ਕਿਸੇ ਨਾਲ ਉਸ ਦੇ ਜਨਮ ਵਾਲੇ ਪਰਿਵਾਰ ਦੇ ਦਰਜੇ ਦੇ ਨਾਂ 'ਤੇ ਵਿਤਕਰਾ ਕਰਨਾ ਸਖ਼ਤ ਮਨ੍ਹਾ ਹੈ। ਅੱਜ-ਕਲ੍ਹ ਬਹੁਤ ਸਾਰੇ ਸਿੱਖ, ਗੁਰੂ ਸਾਹਿਬ ਦੇ ਇਸ ਹੁਕਮ ਦੀ ਪਾਲਣਾ ਨਹੀਂ ਕਰਦੇ; ਇਸ ਕਰ ਕੇ ਉਨ੍ਹਾਂ ਨੂੰ ਕੋਈ ਹੱਕ ਨਹੀਂ ਕਿ ਉਹ ਸਿੱਖ ਅਖਵਾਉਣ। ਇਸ ਦਾ ਮਤਲਬ ਇਹ ਨਹੀਂ ਕਿ ਸਿੱਖ ਫ਼ਲਸਫ਼ਾ ਵੱਖ-ਵੱਖ ਬਿਰਾਦਰੀਆਂ ਦੇ ਜਿਊਣ ਢੰਗ ਦੇ ਵਖਰੇਵੇਂ ਤੋਂ ਇਨਕਾਰੀ ਹੈ ਜਾਂ ਜਨਮ ਦੇਣ ਵਾਲੇ ਪਰਿਵਾਰ ਦੇ ਜੀਵਨ-ਜਾਚ, ਸੁਭਾਅ ਤੇ ਉਸ ਦੇ ਜੀਆਂ ਦੀਆਂ ਖ਼ਾਸੀਅਤਾਂ ਨੂੰ ਨਹੀਂ ਮੰਨਦਾ। ਇੰਞ ਹੀ ਸਿਰਫ਼ ਆਪਣੀ ਬਿਰਾਦਰੀ ਵਿਚ ਜਾਂ ਆਪਣੀ ਜੀਵਨ ਜਾਚ ਵਾਲੇ ਵਿਆਹ ਕਰਵਾਉਣਾ ਨੂੰ ਵੀ ਸਿੱਖ ਧਰਮ ਗ਼ਲਤ ਨਹੀਂ ਕਹਿੰਦਾ। ਸਿੱਖ ਫ਼ਲਸਫ਼ਾ ਤਾਂ ਜਨਮ ਵਾਲੇ ਪਰਵਾਰ ਜਾਂ ਜ਼ਾਤ-ਵਰਣ ਦੇ ਨਾਂ 'ਤੇ ਉਸ ਨੂੰ ਨੀਵਾਂ ਸਮਝਣ, ਨਫ਼ਰਤ ਕਰਨ ਜਾਂ ਉਸ ਨਾਲ ਵਿਤਕਰਾ ਕਰਨ ਨੂੰ ਰੱਦ ਕਰਦਾ ਹੈ ਕਿਉਂਕਿ ਸਾਰੇ ਇਨਸਾਨ ਰੱਬ ਦੇ ਬਣਾਏ ਹੋਏ ਹਨ ਤੇ ਉਸ ਦਾ ਹੀ ਰੂਪ ਹਨ। ਕਿਸੇ ਇਨਸਾਨ ਨੂੰ ਮਾੜਾ ਜਾਣਨਾ ਰੱਬ ਦੀ ਹਸਤੀ 'ਤੇ ਸ਼ੱਕ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਹੀ ਹਵਾਲੇ ਹਨ ਜੋ ਹਿੰਦੂ ਸਮਾਜ ਦੀ ਜ਼ਾਤ-ਪਾਤ ਨੂੰ ਰੱਦ ਕਰਦੇ ਹਨ। ਸਿੱਖੀ ਮੁਤਾਬਿਕ ਨੀਵੀਂ ਜ਼ਾਤ ਤਾਂ ਉਸ ਦੀ ਹੈ ਜੋ ਰੱਬ ਨੂੰ ਯਾਦ ਨਹੀਂ ਕਰਦਾ/ਰੱਖਦਾ ਜਾਂ ਜਿਸ ਦੀ ਸੋਚਣੀ ਜਾਂ ਕਰਤੂਤਾਂ ਮਾੜੀਆਂ ਹਨ। ਗੁਰੂ ਸਾਹਿਬ ਤਾਂ ਖ਼ੁਦ ਆਪਣੇ ਆਪ ਨੂੰ 'ਨੀਵੀਂ ਜ਼ਾਤ' ਦਾ ਆਖਦੇ ਹਨ:

> *ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥ ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ ਰਹਾਉ ॥ ਚਾਰੇ ਵਰਨ ਆਖੈ ਸਭੁ ਕੋਈ॥ ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥* ***ਮਾਟੀ ਏਕ ਸਗਲ ਸੰਸਾਰਾ॥ ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥*** *(ਸਫ਼ਾ 1127-28)*

> *ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥ ਆਪਹੁ ਜੇ ਕੋ ਭਲਾ ਕਹਾਏ॥ ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਇ॥ (ਸਫ਼ਾ 83)*

> ***ਖਸਮੁ ਵਿਸਾਰਹਿ ਤੇ ਕਮਜਾਤਿ॥*** *ਨਾਨਕ ਨਾਵੈ ਬਾਝੁ ਸਨਾਤਿ॥ (ਸਫ਼ਾ 349)*
> ***ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ॥*** *ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥*
> *(ਸਫ਼ਾ 15)*

ਹੋਰ ਵੇਖੋ: **ਚਾਰ ਵਰਣ**। 143

ਜ਼ਿੰਦਗੀ ਦਾ ਮਕਸਦ: ਮਨੁੱਖੀ ਜ਼ਿੰਦਗੀ ਦਾ ਮਕਸਦ ਰੱਬ ਨਾਲ ਮਿਲਾਪ ਕਰਨਾ ਹੈ। ਜੀਵ ਦੀ ਆਤਮਾ ਪ੍ਰਮਾਤਮਾ ਦਾ ਹਿੱਸਾ ਹੈ ਤੇ ਅਖ਼ੀਰ ਇਸ ਨੇ ਉਸੇ ਵਿਚ ਸ਼ਾਮਲ ਹੋਣਾ ਹੈ। ਇਨਸਾਨ ਨੇ ਉਸ ਰੂਹ ਨੂੰ ਪਾਕਿ (ਪਵਿੱਤਰ) ਰੱਖਣ ਵਾਸਤੇ ਆਪਣੀ ਜ਼ਿੰਦਗੀ ਨੂੰ ਇਕ ਜ਼ਾਬਤੇ (ਧਸਿਚਪਲਿਨਿਏ) ਵਿਚ ਰੱਖ ਕੇ ਜੀਣਾ ਹੈ। ਇਹ ਜ਼ਾਬਤਾ ਰੱਬ ਦੇ ਨਾਂ ਵਿਚ ਧਿਆਨ ਜੋੜਨ ਨਾਲ ਹੀ ਸਹੀ ਚਲਦਾ ਹੈ। ਇਸ ਜ਼ਾਬਤੇ ਵਿਚ ਇਹ ਵੀ ਸ਼ਾਮਿਲ ਹੈ ਕਿ ਸਿੱਖ ਇਕ ਚੰਗਾ ਗ੍ਰਿਹਸਤੀ ਬਣੇ (ਚੰਗਾ ਪਤੀ/ਪਤਨੀ,

ਪਿਤਾ/ਮਾਂ, ਪੁੱਤਰ/ਧੀ), ਲੋਕਾਈ ਦੇ ਭਲੇ ਵਿਚ ਹਿੱਸਾ ਪਾਵੇ ਅਤੇ ਰੱਬ ਦਾ ਨਾਂ ਜਪੇ। ਇਸ ਨੂੰ "ਚੰਗਾ ਗ੍ਰਹਿਸਤੀ ਬਣਨਾ, ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ" ਵੀ ਕਿਹਾ ਜਾ ਸਕਦਾ ਹੈ। ਇਹ ਸਭ ਰੱਬ ਤਕ ਪਹੁੰਚਣ ਦੇ ਰਸਤੇ ਹਨ ਜੋ ਕਿ ਇਨਸਾਨ ਦੀ ਮੰਜ਼ਿਲ ਹੈ।

ਭਲਕੇ ਉਠਿ ਪਪੋਲੀਐ, ਵਿਣੁ ਬੁਝੇ ਮੁਗਧ ਅਜਾਣਿ॥ ਸੋ ਪ੍ਰਭੁ ਚਿਤਿ ਨ ਆਇਓ ਛੁਟੈਗੀ ਬੇਬਾਣਿ॥ ਸਤਿਗੁਰ ਸੇਤੀ ਚਿਤੁ ਲਾਇ, ਸਦਾ ਸਦਾ ਰੰਗੁ ਮਾਣਿ॥ ***ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ, ਸਭ ਮੁਕਦੀ ਚਲੀ ਰੈਣਿ॥*** *ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ॥ ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ॥ ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ॥ ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ॥ ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ॥ ਫਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ॥ ਕੋਈ ਰਖਿ ਨ ਸਕਈ ਦੂਜਾ ਕੋ ਨ ਦਿਖਾਇ॥ ਚਾਰੇ ਕੁੰਡਾ ਭਾਲਿ ਕੈ ਆਇ ਪਇਆ ਸਰਣਾਇ॥ ਨਾਨਕ ਸਚੈ ਪਾਤਿਸਾਹਿ ਡੁਬਦਾ ਲਇਆ ਕਢਾਇ॥*

(ਸਫ਼ਾ 43)

ਏ ਸਰੀਰਾ ਮੇਰਿਆ, ਇਸੁ ਜਗ ਮਹਿ ਆਇ ਕੈ, ਕਿਆ ਤੁਧੁ ਕਰਮ ਕਮਾਇਆ॥ ਕਿ ਕਰਮ ਕਮਾਇਆ ਤੁਧੁ ਸਰੀਰਾ, ਜਾ ਤੂ ਜਗ ਮਹਿ ਆਇਆ॥ ***ਜਿਨਿ ਹਰਿ ਤੇਰਾ ਰਚਨੁ ਰਚਿਆ, ਸੋ ਹਰਿ ਮਨਿ ਨ ਵਸਾਇਆ॥*** *ਗੁਰ ਪਰਸਾਦੀ ਹਰਿ ਮੰਨਿ ਵਸਿਆ, ਪੂਰਬਿ ਲਿਖਿਆ ਪਾਇਆ॥ ਕਹੈ ਨਾਨਕੁ,* ***ਏਹੁ ਸਰੀਰੁ ਪਰਵਾਣੁ ਹੋਆ, ਜਿਨਿ ਸਤਿਗੁਰ ਸਿਉ ਚਿਤੁ ਲਾਇਆ॥*** *(ਸਫ਼ਾ 922)*

ਝਟਕਾ: ਝਟਕੇ ਦਾ ਮਾਅਨਾ ਹੈ: ਡੇਗ ਦੇਣਾ। ਮਾਸ ਸਬੰਧੀ ਝਟਕੇ ਦਾ ਮਾਅਨਾ ਹੈ: ਜਾਨਵਰ ਨੂੰ (ਤਲਵਾਰ ਦੇ) ਸਿਰਫ਼ ਇਕ ਵਾਰ ਨਾਲ ਡੇਗ ਦੇਣਾ/ਮਾਰਨਾ। ਸਿੱਖਾਂ ਨੂੰ ਹਲਾਲ (ਮੁਸਲਮਾਨੀ ਤਰੀਕੇ ਨਾਲ ਕੱਟਿਆ) ਮਾਸ ਖਾਣ ਦੀ ਮਨਾਹੀ ਹੈ। ਜੇ ਕਰ ਸਿੱਖ ਮੀਟ ਖਾਣਾ ਚਾਹੁੰਦਾ ਹੈ, ਤਾਂ ਉਹ ਸਿਰਫ਼ ਝਟਕਾ ਹੀ ਖਾ ਸਕਦਾ ਹੈ। (ਝਟਕਾ ਕਿਸੇ ਜਾਨਵਰ ਨਾਲ ਹਮਦਰਦੀ ਜਾਂ ਤਰਸ ਦੇ ਜਜ਼ਬੇ ਕਾਰਨ ਨਹੀਂ ਕੀਤਾ ਜਾਂਦਾ, ਕਿਉਂਕਿ ਇਕ ਵਾਰ ਨਾਲ ਜਾਂ ਹੌਲੀ-ਹੌਲੀ ਮਾਰਨ ਨਾਲ ਉਸ ਦੀ ਮੌਤ ਤਾਂ ਹੋਣੀ ਹੀ ਹੈ)। ਇਸ ਦੇ ਨਾਲ ਹੀ ਸਿੱਖ ਧਰਮ ਵਿਚ ਕੋਈ ਵੀ ਜਾਨਵਰ ਪਵਿੱਤਰ ਜਾਂ ਅਪਵਿੱਤਰ ਨਹੀਂ ਹੈ ਅਤੇ ਸਿੱਖ, ਜੇ ਉਹ ਮਾਸ ਖਾਣਾ ਚਾਹਵੇ ਤਾਂ, ਕਿਸੇ ਵੀ ਜਾਨਵਰ ਦਾ ਮਾਸ ਖਾ ਸਕਦਾ ਹੈ। ਇਸ ਵਿਚ ਗਾਂ, ਬੱਕਰੀ, ਸੂਰ, ਸ਼ੇਰ, ਹਿਰਨ ਵਗ਼ੈਰਾ ਸਾਰੇ ਹੀ ਸ਼ਾਮਿਲ ਹਨ। ਪਰ, ਸਿੱਖਾਂ ਦਾ ਬਹੁਤ ਵੱਡਾ ਹਿੱਸਾ ਕਿਸੇ ਵੀ ਤਰ੍ਹਾਂ ਦਾ ਮਾਸ ਨਹੀਂ ਖਾਂਦਾ। ਸਿੱਖ ਤਵਾਰੀਖ਼ ਵਿਚ, ਵੱਖ-ਵੱਖ ਗੁਰੂ ਸਾਹਿਬਾਨ ਵੱਲੋਂ ਸ਼ਿਕਾਰ ਸਬੰਧੀ ਦੌਰਿਆਂ 'ਤੇ ਜਾਣ ਦੀਆਂ ਬਹੁਤ ਸਾਰੀਆਂ ਮਿਸਾਲਾਂ ਮਿਲਦੀਆਂ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਹਰਿ ਰਾਇ ਸਾਹਿਬ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪਹਾੜੀ ਜੰਗਲਾਂ ਵਿਚ ਸ਼ਿਕਾਰ ਕਰਦੇ ਹੁੰਦੇ ਸਨ। ਗੁਰੂ ਨਾਨਕ ਸਾਹਿਬ ਨੇ ਵੀ ਕੁਰੂਕਸ਼ੇਤਰ ਵਿਚ ਹਿਰਨ ਦਾ ਮਾਸ ਰਿੰਨ੍ਹਿਆ ਸੀ। ਇਨ੍ਹਾਂ ਮਿਸਾਲਾਂ ਦਾ ਇਹ ਮਤਲਬ ਇਹ ਵੀ ਨਹੀਂ ਕਿ ਸਿੱਖ ਨੂੰ ਮਾਸ 'ਜ਼ਰੂਰ' ਖਾਣਾ ਚਾਹੀਦਾ ਹੈ। ਇਹ ਸਿਰਫ਼ ਆਪਣੀ ਚੋਣ ਹੈ, ਪਰ

ਸਿੱਖ ਵਾਸਤੇ ਮਾਸ ਖਾਣ ਜਾਂ ਮਾਸ ਨਾ ਖਾਣ ਦੀ ਕੋਈ ਪਾਬੰਦੀ/ਮਨਾਹੀ ਨਹੀਂ ਹੈ। ਮਾਸ ਬਾਰੇ ਗੁਰਬਾਣੀ ਵਿਚ ਇੰਞ ਲਿਖਿਆ ਹੈ:

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ॥ ***ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥*** *ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ॥ ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ॥ ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ॥ ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ॥ ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ॥ ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥ ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ॥ ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ॥ ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥ ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ॥ ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ॥ ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ॥ ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨੑ ਕਾ ਦਾਨੁ ਨ ਲੈਣਾ॥ ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ॥ ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ॥ ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ॥ ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ॥ ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ॥ ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ॥ (ਸਫ਼ਾ 1289)*

ਝੂਲਦੇ ਨਿਸ਼ਾਨ ਰਹਿਣ ਪੰਥ ਮਹਾਰਾਜ ਦੇ: ਇਹ ਲਾਈਨ ਭਾਈ ਨਿਹਾਲ ਸਿੰਘ ਦੀ ਲਿਖੀ ਹੋਈ ਲੰਮੀ ਕਵਿਤਾ ਵਿਚੋਂ ਲਈ ਗਈ ਹੈ। ਇਸ ਦਾ ਲਫ਼ਜ਼ੀ ਮਾਅਨਾ ਹੈ: ਸਿੱਖ ਕੌਮ ਦੇ ਝੰਡੇ ਸਦਾ ਹੀ ਉੱਚੇ ਝੂਲਦੇ ਰਹਿਣ। ਇਹ ਸਿੱਖਾਂ ਦੀ ਕੌਮੀ ਅਰਜ਼ੋਈ ਹੈ ਕਿ ਸਿੱਖ ਕੌਮ ਹਮੇਸ਼ਾ ਹੀ ਆਜ਼ਾਦ ਰਹੇ ਅਤੇ ਸਿੱਖ ਕੌਮ ਦੀ ਨਿਆਰੀ ਤੇ ਨਿਵੇਕਲੀ ਪਛਾਣ ਅਤੇ ਹੋਂਦ ਸਦਾ ਹੀ, ਰੱਬ ਦੀ ਮਿਹਰ ਨਾਲ, ਮਹਿਫ਼ੂਜ਼ ਰਹੇ। 'ਖਾਲਸਾ ਜੀ ਦੇ ਬੋਲ ਬਾਲੇ' ਦਾ ਮਾਅਨਾ ਵੀ ਇਹੀ ਹੈ। ਨਗਰ ਕੀਰਤਨਾਂ (ਜਲੂਸਾਂ) ਵਿਚ ਇਹ ਨਾਅਰੇ/ਬੋਲ ਅਕਸਰ ਸੁਣਾਈ ਦੇਂਦੇ ਹਨ ਤੇ ਸਾਰੇ ਸਿੱਖ ਇਸ ਨੂੰ ਜੋਸ਼ ਭਰੇ ਨਾਅਰੇ/ ਜੈਕਾਰੇ ਵਜੋਂ ਵਾਰ-ਵਾਰ ਦੁਹਰਾਉਂਦੇ ਹਨ। ਇਸ ਨਾਲ ਕੌਮ ਵਿਚ ਉਤਸ਼ਾਹ ਭਰਦਾ ਹੈ।

ਝੰਡਾ: ਇਹ ਨਿਸ਼ਾਨ ਸਾਹਿਬ ਦਾ ਹੀ ਇਕ ਹੋਰ ਨਾਂ ਹੈ। ਦੇਖੋ: **ਨਿਸ਼ਾਨ ਸਾਹਿਬ** 200

ਟੀਕਾ:- ਟੀਕਾ ਦੀ ਜੜ੍ਹ ਲਫ਼ਜ਼ 'ਟਿੱਕਾ' ਵਿਚ ਹੈ। ਇਸ ਦਾ ਮਤਲਬ ਹੈ ਕਿਸੇ ਕਿਤਾਬ/ਗ੍ਰੰਥ ਵਿਚ 'ਟਿੱਕਾ' ਬਿੰਦੀ, ਸਟਾਰ ਜਾਂ ਕੋਈ ਹੋਰ ਨਿਸ਼ਾਨ) ਲਾ ਕੇ, ਹਾਸ਼ੀਏ ਵਿਚ ਜਾਂ ਪੈਰਾਂ ਵਿਚ (ਜਾਂ ਸਫ਼ੇ ਦੇ ਹੇਠਾਂ ਫ਼ੁਟ ਨੋਟ ਵਿਚ) ਉਸ ਲਫ਼ਜ਼ ਜਾਂ ਨੁਕਤੇ ਦੀ ਵਿਆਖਿਆ ਕਰਨਾ। ਆਮ ਬੋਲੀ ਵਿਚ ਟੀਕਾ ਦਾ ਮਾਅਨਾ ਹੈ: ਕਿਸੇ ਰਚਨਾ ਨੂੰ ਸੌਖੇ ਲਫ਼ਜ਼ਾਂ ਵਿਚ ਬਿਆਨ ਕਰਨਾ। ਬਹੁਤ ਸਾਰੀਆਂ ਧਾਰਮਿਕ ਤੇ ਫ਼ਲਸਫ਼ੇ ਦੀਆਂ ਲਿਖਤਾਂ ਦੀ ਬੋਲੀ ਹਰ ਕੋਈ ਨਹੀਂ ਸਮਝ ਸਕਦਾ। ਦੂਜਾ ਇਨ੍ਹਾਂ ਵਿਚ ਪੇਸ਼ ਕੀਤਾ ਫ਼ਲਸਫ਼ਾ ਕਈ ਵਾਰ ਆਮ ਲੋਕਾਂ ਦੀ ਸਮਝ ਤੋਂ ਉਪਰ ਹੁੰਦਾ ਹੈ। ਇਸ ਕਰ

ਕੇ ਇਸ ਨੂੰ ਸੌਖੀ ਬੋਲੀ ਵਿਚ ਅਤੇ ਮਿਸਾਲਾਂ ਤੇ ਹਵਾਲਿਆਂ ਨਾਲ ਪੇਸ਼ ਕਰਨ ਦੀ ਲੋੜ ਪੈਂਦੀ ਹੈ। ਜਿਨ੍ਹਾਂ ਲਿਖਤਾਂ ਦੇ ਟੀਕੇ ਮਿਲਦੇ ਹਨ ਉਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਦੀਆਂ ਰਚਨਾਵਾਂ, ਭਾਈ ਨੰਦ ਲਾਲ ਦਾ ਕਲਾਮ ਅਤੇ ਕਵਿਤਾ ਵਿਚ ਲਿਖੀ ਹੋਈ ਸਿੱਖ ਤਵਾਰੀਖ਼ ਅਤੇ ਹੋਰ ਲਿਖਤਾਂ ਸ਼ਾਮਿਲ ਹਨ।

ਟੋਪੀ (ਕੈਪ/ਹੈਲਮੈੱਟ): ਟੋਪੀ ਸਿਰ ਨੂੰ ਇਕ ਬਣੇ ਬਣਾਏ ਢਾਂਚੇ ਨਾਲ ਢਕਣ ਵਾਲੀ ਚੀਜ਼ ਨੂੰ ਕਹਿੰਦੇ ਹਨ। ਇਹ ਕਿਸੇ ਵੀ ਸਮੱਗਰੀ ਦੀ ਬਣੀ ਹੋ ਸਕਦੀ ਹੈ। ਸਿੱਖ ਨੂੰ ਕਿਸੇ ਵੀ ਹਾਲਤ ਵਿਚ ਕਿਸੇ ਵੀ ਤਰ੍ਹਾਂ ਦੀ ਟੋਪੀ/ਹੈਲਮੈੱਟ ਪਹਿਨਣ ਦੀ ਇਜਾਜ਼ਤ ਨਹੀਂ ਕਿਉਂਕਿ ਸਿਰ ਉੱਤੇ ਟੋਪੀ ਪਹਿਨਣਾ ਸਿੱਖ ਵਾਸਤੇ ਗੁਲਾਮੀ ਦੀ ਨਿਸ਼ਾਨੀ ਹੈ। ਸਿੱਖ ਰਹਿਤਨਾਮਿਆਂ ਮੁਤਾਬਿਕ ਸਿੱਖ ਨੂੰ ਸਿਰਫ਼ ਦਸਤਾਰ ਹੀ ਬੰਨ੍ਹਣੀ ਚਾਹੀਦੀ ਹੈ, ਜੋ ਕਿ ਉਸ ਦੇ ਸਿਰ ਦੀ ਸੁਰੱਖਿਆ ਲਈ ਵੀ ਹੈ ਅਤੇ ਉਸੇ ਦੇ ਸਿਰ ਦੀ ਸਜਾਵਟ ਲਈ ਵੀ ਹੈ। ਸਿੱਖ ਵਾਸਤੇ ਦਸਤਾਰ ਕਲਚਰ ਜਾਂ ਨਿਸ਼ਾਨੀ (ਸ਼ੇਮਬੋਲ) ਨਹੀਂ ਬਲਕਿ ਉਸ ਦੇ ਵਜੂਦ ਦਾ ਇਕ ਲਾਜ਼ਮੀ ਹਿੱਸਾ ਹੈ। ਪਟਕਾ/ਪਟਕੀ ਦਸਤਾਰ ਦਾ ਬਦਲ ਨਹੀਂ ਹੈ। ਹੋਰ ਦੇਖੋ: **ਦਸਤਾਰ** 171

ਡਰੱਗਸ: ਡਰੱਗ ਨਸ਼ਾ ਦੇਣ ਵਾਲੀ ਕਿਸੇ ਵੀ ਚੀਜ਼ ਨੂੰ ਕਿਹਾ ਜਾ ਸਕਦਾ ਹੈ। ਆਮ ਤੌਰ 'ਤੇ ਅੱਜ-ਕਲ੍ਹ ਚਰਸ, ਐਲ. ਐਸ. ਡੀ. ਗੋਲੀਆਂ/ਕੈਪਸੂਲ, ਫ਼ੈਂਸੀ, ਅਫ਼ੀਮ, ਭੁੱਕੀ, ਪੋਸਤ, ਭੰਗ ਵਗ਼ੈਰਾ ਨੂੰ ਡਰੱਗ ਕਿਹਾ ਜਾਂਦਾ ਹੈ। ਸਿੱਖ ਨੂੰ ਕਿਸੇ ਵੀ ਹਾਲਤ ਵਿਚ, ਕੋਈ ਵੀ ਡਰੱਗ (ਨਸ਼ਾ ਦੇਣ ਵਾਲੀ ਚੀਜ਼) ਨਹੀਂ ਲੈਣੀ ਚਾਹੀਦੀ। ਇਸ ਦੀ ਸਿੱਖ ਰਹਿਤ ਮਰਯਾਦਾ 'ਚ ਸਖ਼ਤ ਮਨਾਹੀ ਕੀਤੀ ਗਈ ਹੈ। ਡਰੱਗਸ, ਜਦੋਂ ਉਹ ਦਵਾਈ ਦਾ ਹਿੱਸਾ ਹੁੰਦੀ ਹੈ, ਦੀ ਮਨਾਹੀ ਨਹੀਂ ਹੈ। ਇਸ ਤੋਂ ਇਲਾਵਾ ਸਿੱਖ ਧਰਮ ਵਿਚ ਹਰ ਤਰ੍ਹਾਂ ਦੇ ਨਸ਼ੀਲੇ ਪਦਾਰਥਾਂ ਦੀ (ਕਿਸੇ ਵੀ ਕਿਸਮ ਜਾਂ ਕਿਸੇ ਵੀ ਡਿਗਰੀ ਦੇ) ਸਖ਼ਤ ਮਨਾਹੀ ਹੈ।

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥ ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥ ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥ ਬਾਬਾ, ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (ਸਫ਼ਾ 16)

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥ ਮੈ ਦੇਵਾਨਾ ਭਇਆ ਅਤੀਤੁ॥ ਕਰ ਕਾਸਾ ਦਰਸਨ ਕੀ ਭੂਖ॥ ਮੈ ਦਰਿ ਮਾਗਉ ਨੀਤਾ ਨੀਤ॥ ਤਉ ਦਰਸਨ ਕੀ ਕਰਉ ਸਮਾਇ॥ ਮੈ ਦਰਿ ਮਾਗਤੁ ਭੀਖਿਆ ਪਾਇ॥ (ਸਫ਼ਾ 721)

ਡਰਿੰਕਿਗ (ਸ਼ਰਾਬ ਪੀਣਾ):- ਸਿੱਖ ਨੂੰ ਕਿਸੇ ਵੀ ਤਰ੍ਹਾਂ ਦੀ ਸ਼ਰਾਬ ਦੇ ਨਸ਼ੇ ਦੀ ਪਾਬੰਦੀ ਹੈ। ਇਹ ਸਿੱਖ ਵਾਸਤੇ ਕੁਰਹਿਤਾਂ ਵਿਚੋਂ ਇਕ ਹੈ। ਸ਼ਰਾਬ ਪੀਣ ਨਾਲ ਇਨਸਾਨ ਦੇ ਮਨ ਅੰਦਰ ਉਲਾਰ ਤੇ ਬੁਰੇ ਵਿਚਾਰ ਪੈਦਾ ਹੁੰਦੇ ਹਨ। ਇਹ ਇਨਸਾਨ ਦੀ ਸਮਝਣ ਦੀ ਤਾਕਤ, ਤਰਕ ਕਰਨ ਅਤੇ ਚੰਗੇ ਅਤੇ ਮਾੜੇ ਵਿਚ ਫ਼ਰਕ ਕਰਨ ਦੀ ਸੂਝ ਖਤਮ ਕਰਦੀ ਹੈ। ਇਹ ਰੂਹਾਨੀਅਤ ਦੇ ਰਾਹ ਵਿਚ ਵੀ ਰੁਕਾਵਟ ਹੈ ਅਤੇ ਜਿਸਮਾਨੀ ਤੇ ਮਾਨਸਿਕ ਸਿਹਤ ਨੂੰ ਵੀ ਖਰਾਬ ਕਰਦੀ ਹੈ। ਸਿੱਖ ਰਹਿਤ ਮਰਯਾਦਾ ਮੁਤਾਬਿਕ ਸਿੱਖ ਨੂੰ ਕਿਸੇ ਕਿਸਮ ਦਾ ਵੀ ਨਸ਼ਾ ਨਹੀਂ ਕਰਨਾ ਚਾਹੀਦਾ (ਉਂਞ ਕਈ

ਦਵਾਈਆਂ ਵਿਚ ਵੀ ਅਲਕੋਹਲ ਹੁੰਦਾ ਹੈ ਜਿਵੇਂ ਖੰਘ ਦੀਆਂ ਦੁਆਈਆਂ ਵਿਚ। ਸੋ ਦਵਾ ਵਜੋਂ ਇਸ ਦੀ ਵਰਤੋਂ ਨਸ਼ਾ ਕਰਨਾ ਨਹੀਂ ਹੈ)। ਇਕ ਸਿੱਖ ਨੂੰ ਸਿਰਫ਼ ਇੱਕ ਨਸ਼ੇ ਦਾ ਆਦੀ ਹੋਣਾ ਚਾਹੀਦਾ ਹੈ ਉਹ ਹੈ ਰੱਬ ਦੇ ਨਾਂ ਵਿਚ ਧਿਆਨ ਜੋੜਨਾ।

ਡਰੈੱਸ (ਪਹਿਰਾਵਾ): ਇਕ ਸਿੱਖ ਨੂੰ ਕਛਹਿਰਾ (ਜੋ ਖਾਸ ਤੌਰ ਤੇ ਸੀਤਾ ਹੁੰਦਾ ਹੈ) ਅਤੇ ਦਸਤਾਰ (ਪੱਗ) ਪਹਿਣਨੀ/ਬੰਨ੍ਹਣੀ ਜ਼ਰੂਰੀ ਹੈ। ਇਸ ਤੋਂ ਇਲਾਵਾ ਸਿੱਖ (ਮਰਦ ਤੇ ਔਰਤ ਦੋਵੇਂ) ਜਿਹੜਾ ਮਰਜ਼ੀ ਪਹਿਰਾਵਾ ਪਾ ਸਕਦੇ ਹਨ। ਪਰ, ਗੁਰਬਾਣੀ ਦਸਦੀ ਹੈ ਕਿ ਇਨਸਾਨ ਦਾ ਪਹਿਰਾਵਾ ਸਾਦਾ ਹੋਣਾ ਚਾਹੀਦਾ ਹੈ, ਨਾ ਕਿ ਭੜਕੀਲਾ ਜਾਂ ਦਿਖਾਵੇ ਵਾਲਾ ਹੋਵੇ, ਯਾਨਿ ਜੋ ਕਾਮ ਦੀ ਭੜਕਾਹਟ ਪੈਦਾ ਕਰੇ ਅਤੇ ਹੋਰਨਾਂ ਨੂੰ ਵੀ ਭੜਕਾਵੇ। ਸਲਵਾਰ, ਕਮੀਜ਼ ਅਤੇ ਦੁਪੱਟਾ ਸਿੱਖ ਔਰਤ ਦਾ ਸਭ ਤੋਂ ਚੰਗਾ ਪਹਿਰਾਵਾ ਹੈ ਅਤੇ ਸਿੱਖ ਜੀਵਨ ਜਾਚ ਵਿਚ ਇਹੀ ਸਹੀ ਸਜਦਾ/ਢੁਕਵਾਂ ਹੈ। ਸਿੱਖ ਮਰਦਾਂ ਨੂੰ ਵੀ ਕੁੜਤਾ/ਕਮੀਜ਼ ਅਤੇ ਪਜਾਮਾ ਸੌਖਾ ਪਹਿਰਾਵਾ ਹੈ ਤੇ ਇਹੀ ਸੱਜਦਾ ਹੈ (ਇਹ ਪਾਏਜਾਮਾ ਨਹੀਂ, ਜੋ ਪੱਛਮ ਦਾ, ਰਾਤ ਦਾ, ਸੌਣ ਦਾ ਪਹਿਰਾਵਾ ਯਾਨਿ ਨਾਈਟ-ਸੂਟ ਹੈ)। ਪਰ ਪਿਛਲੇ ਕੁਝ ਦਹਾਕਿਆਂ ਤੋਂ ਸਿੱਖਾਂ ਦੇ ਰਿਵਾਇਤੀ ਪਹਿਰਾਵੇ ਦੀ ਜਗਹ ਪੱਛਮੀ ਕਮੀਜ਼ਾਂ ਅਤੇ ਪਤਲੂਨਾਂ ਨੇ ਲੈ ਲਈ ਹੈ। ਇਸੇ ਤਰ੍ਹਾਂ ਪੰਜਾਬ ਦੀਆਂ ਔਰਤਾਂ ਵੀ ਹੁਣ ਵਧੇਰੇ ਕਰ ਕੇ ਜੀਨਜ਼ ਪਹਿਨਦੀਆਂ ਹਨ। ਪਰ ਇਹ ਇਕ ਭੇਡ ਚਾਲ ਦੀ ਤਰ੍ਹਾਂ ਹੈ, ਕਿਉਂਕਿ ਉਹ ਇਸ ਪਹਿਰਾਵੇ ਬਾਰੇ ਜਾਣਨ ਤੋਂ ਬਿਨਾਂ ਹੀ ਇਸ ਨੂੰ ਪਹਿਣ ਰਹੀਆਂ ਹਨ (ਉਹ ਇਸ ਦੀ ਕੋਈ ਖ਼ੂਬੀ ਨਹੀਂ ਦਸ ਸਕਦੀਆਂ)। ਜੀਨਜ਼ ਔਰਤ ਵਾਸਤੇ ਕਿਸੇ ਤਰੀਕੇ ਨਾਲ ਵੀ ਢੁਕਵਾਂ ਪਹਿਰਾਵਾ ਨਹੀਂ ਹੈ। ਨਾ ਇਹ ਪਾਉਣਾ ਆਸਾਨ ਹੈ, ਨਾ ਹੀ ਆਰਾਮਦੇਹ ਹੈ ਤੇ ਨਾ ਸਿਹਤ ਪੱਖੋਂ ਚੰਗਾ ਹੈ।

ਇੰਞ ਹੀ ਸਿੱਖ ਮਰਦ ਨੂੰ ਵੀ ਇਹ ਖੁੱਲ ਹੈ ਕਿ ਉਹ ਦਾੜ੍ਹੀ ਬੰਨ੍ਹੇ ਜਾਂ ਖੁੱਲੀ ਰੱਖੇ, ਉਹ ਗਾਤਰਾ ਆਪਣੀ ਕਮੀਜ਼ ਦੇ ਉੱਤੇ ਜਾਂ ਥੱਲੇ ਪਾਵੇ, ਪੈਂਟ ਜਾਂ ਪਜਾਮੇ ਪਹਿਣੇ ਜਾਂ ਚਾਦਰਾ ਲਾਵੇ ਜਾਂ ਕਿਸੇ ਖ਼ਾਸ ਡਿਜ਼ਾਈਨ ਜਾਂ ਢੰਗ ਦੇ ਕਪੜੇ ਪਹਿਨੇ। ਸਿੱਖ ਔਰਤ ਨੂੰ ਬੁਰਕਾ ਪਾਉਣ ਜਾਂ ਕਿਸੇ ਹੋਰ ਤਰੀਕੇ ਨਾਲ ਪਰਦਾ ਕਰਨ ਦੀ ਮਨਾਹੀ ਹੈ। ਉਸ ਨੂੰ ਸਿਰਫ਼ ਆਪਣਾ ਸਿਰ ਦੁਪੱਟਾ ਜਾਂ ਕੇਸਕੀ ਨਾਲ ਢੱਕ ਕੇ ਰੱਖਣਾ ਚਾਹੀਦਾ ਹੈ।:

> *ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥ ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥ ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥ ਬਾਬਾ, ਹੋਰੁ ਪੈਨਣੁ ਖੁਸੀ ਖੁਆਰੁ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (ਸਫ਼ਾ 16)*

ਡੁਰਲੀ ਜੱਥਾ: ਵੇਖੋ: **ਦੁਰਲੀ ਜੱਥਾ।**

ਡੈਮੋਕਰੇਸੀ/ਡਿਮੌਕਰੇਸੀ (ਸਿੱਖ ਲੋਕ ਰਾਜ): ਸਿੱਖਾਂ ਦਾ ਸਾਰਾ ਸਿਆਸੀ ਤੇ ਰੂਹਾਨੀ ਨਿਜ਼ਾਮ ਸਿੱਖ-ਡਿਮੌਕਰੇਸੀ ਦੀ ਨੀਂਹ 'ਤੇ ਉਸਰਿਆ ਹੋਇਆ ਹੈ। ਇਨ੍ਹਾਂ ਦੀਆਂ ਮੁੱਢਲੀਆਂ ਜਮਾਤਾਂ ਹਨ: ਸਰਬਤ ਖ਼ਾਲਸਾ (ਸਾਰੀ ਸਿੱਖ ਕੌਮ ਦੇ ਨੁਮਾਇੰਦੇ) ਅਤੇ ਗੁਰਮਤਾ (ਗੁਰਮਤਿ ਦੇ ਅਸੂਲਾਂ ਹੇਠ ਸਭ ਦੀ ਸਾਂਝੀ ਰਾਏ)। ਅਸੂਲੀ ਤੌਰ 'ਤੇ ਗੁਰਮਤਾ ਕਰਨ ਵੇਲੇ ਹਰੇਕ (ਭਾਵੇਂ ਕੋਈ ਛੋਟਾ ਹੈ ਜਾਂ ਵੱਡਾ) ਨੂੰ ਬਰਾਬਰ

ਮੌਕਾ ਮਿਲਦਾ ਹੈ ਅਤੇ ਹਰ ਕੋਈ ਆਪਣੀ ਰਾਇ ਕਹਿਣ ਦਾ ਹੱਕ ਰਖਦਾ ਹੈ। ਗੁਰੂ ਸਾਹਿਬਾਂ ਨੇ ਸਿੱਖ ਧਰਮ ਵਿੱਚ ਇਸ ਤਰ੍ਹਾਂ ਦੀ ਅਸਲ ਡਿਮੋਕਰੇਸੀ ਕਾਇਮ ਕੀਤੀ ਸੀ। ਸਿੱਖ ਡਿਮੋਕਰੇਸੀ ਅਕਸਰੀਅਤ (ਬਹੁਗਿਣਤੀ) ਦੀ ਧੱਕੇਸ਼ਾਹੀ ਨਹੀਂ, ਇਹ ਤਾਂ ਸਾਰੇ ਸਿੱਖ ਪੰਥ ਦੀ ਸਾਂਝੀ ਰਾਏ ਦਾ ਫ਼ਲਸਫ਼ਾ ਹੈ, ਜਿਸ ਨੂੰ ਅਸਲ ਡਿਮੋਕਰੇਸੀ ਕਿਹਾ ਜਾ ਸਕਦਾ ਹੈ। ਹੋਰ ਦੇਖੋ: **ਸਰਬਤ ਖ਼ਾਲਸਾ** ਅਤੇ **ਗੁਰਮਤਾ**।

ਡੋਲੀ: ਡੋਲੀ ਦਾ ਲਫ਼ਜ਼ੀ ਮਾਅਨਾ ਹੈ: ਪੰਘੂੜਾ ਜਾਂ ਪਾਲਕੀ। ਲਾੜੀ ਨੂੰ ਵਿਆਹ ਦੀ ਰਸਮ ਪੂਰੀ ਹੋਣ ਤੋਂ ਬਾਅਦ ਆਪਣੇ ਮਾਪਿਆਂ ਦੇ ਘਰ ਤੋਂ ਵਿਦਾ ਕਰਨ ਵੇਲੇ ਉਸ ਨੂੰ ਡੋਲੀ ਵਿਚ ਬਿਠਾਇਆ ਜਾਂਦਾ ਸੀ। (ਪਹਿਲਾਂ ਲਾੜੀ ਨੂੰ ਉਸ ਦੇ ਮਾਪਿਆਂ ਦੇ ਘਰ ਤੋਂ ਉਸਦੇ ਪਤੀ ਦੇ ਘਰ ਤਕ ਡੋਲੀ ਵਿਚ ਲਿਜਾਇਆ ਜਾਂਦਾ ਸੀ)। ਹੁਣ ਕਾਰਾਂ ਨੇ ਡੋਲੀ ਦੀ ਥਾਂ ਲੈ ਲਈ ਹੈ। ਸਿੱਖ ਰਹਿਤ ਮਰਯਾਦਾ ਵਿਚ ਇਸ ਰਸਮ ਦਾ ਕੋਈ ਜ਼ਿਕਰ ਨਹੀਂ। ਅਜ-ਕਲ੍ਹ ਇਸ ਰਸਮ ਖ਼ਤਮ ਹੋ ਗਈ ਹੈ ਤੇ ਜੇ ਕੋਈ ਦਿਖਾਵੇ ਵਾਸਤੇ ਕਰਦਾ ਵੀ ਹੈ ਤਾਂ ਉਸ ਦਾ ਕੋਈ ਮਤਲਬ ਨਹੀਂ ਹੈ। ਹੋਰ ਵੇਖੋ: **ਪਾਲਕੀ।**

ਢਾਡੀ: ਢਾਡੀ ਸ਼ਬਦ ਢੱਡ ਤੋਂ ਬਣਿਆ ਹੈ, ਜਿਸ ਦਾ ਮਾਅਨਾ ਹੈ: ਛੋਟਾ ਨਗਾਰਾ। ਢਾਡੀ ਉਹ ਹੁੰਦਾ ਹੈ ਜੋ ਢੱਡ ਵਜਾਉਂਦਾ ਹੈ। ਸਿੱਖ ਕਲਚਰ ਵਿਚ ਢਾਡੀ ਵਾਰਾਂ (ਆਮ ਤੌਰ ਤੇ ਬੀਰ ਰਸੀ ਵਾਰਾਂ) ਗਾਉਣ ਵਾਲਾ ਹੁੰਦਾ ਹੈ। ਢੱਡ ਅਤੇ ਸਾਰੰਗੀ ਦੋਵੇਂ ਹੀ ਹਰ ਇਕ ਢਾਡੀ ਜੱਥੇ ਦਾ ਅਹਿਮ ਹਿੱਸਾ ਹਨ। ਬੀਰ ਰਸੀ ਵਾਰਾਂ ਗਾਉਣਾ ਸਿੱਖ ਜੀਵਣ ਜਾਚ ਦਾ ਇਕ ਅਹਿਮ ਹਿੱਸ਼ਾ ਹੈ। ਬੀਰ ਰਸੀ ਵਾਰਾਂ ਖ਼ਾਸ ਕਰ ਕੇ ਨੌਜਵਾਨਾਂ ਨੂੰ ਆਪਣੇ ਫ਼ਰਜ਼ ਅਤੇ ਕੁਰਬਾਨੀ ਦੇਣ ਲਈ ਉਤਸ਼ਾਹਿਤ ਕਰਦੀਆਂ ਹਨ ਤੇ ਜੋਸ਼ ਪੈਦਾ ਕਰਦੀਆਂ ਹਨ। ਇਹ ਸਿੱਖਾਂ ਦੀ ਜ਼ਿੰਦਗੀ ਦਾ ਖਾਸ ਹਿੱਸਾ ਹੈ।

ਸਿੱਖ ਕਲਚਰ ਵਿਚ ਢਾਡੀ ਬਹੁਤ ਇੱਜ਼ਤ ਵਾਲਾ ਰੁਤਬਾ ਰਖਦੇ ਹਨ। ਅਬਦੁਲਾ ਅਤੇ ਨੱਥਾ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰੀ ਸਨ। ਉਹ ਅਕਾਲ ਤਖਤ ਸਾਹਿਬ ਦੇ ਮੂਹਰੇ ਬੀਰ ਰਸੀ ਵਾਰਾਂ ਗਾਉਂਦੇ ਹੁੰਦੇ ਸਨ। ਨੱਥ ਮਲ ਅਤੇ ਛਬੀਲਾ ਮਾਸ਼ਕੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਮਸ਼ਹੂਰ ਢਾਡੀ ਸਨ। ਢਾਡੀ ਸਿੱਖ ਦਰਬਾਰਾਂ ਦਾ ਵੀ ਇਕ ਅਹਿਮ ਹਿੱਸਾ ਸਨ। ਅੱਜ ਵੀ ਢਾਡੀਆਂ ਦੀ ਸਿੱਖਾਂ ਦੇ ਧਾਰਮਿਕ ਸਮਾਗਮਾਂ ਵਿਚ ਖਾਸ ਥਾਂ ਹੈ।

ਗੁਰਬਾਣੀ ਵਿਚ ਢਾਡੀ ਇਕ ਹੋਰ ਮਾਅਨਿਆਂ ਵਿਚ ਵੀ ਆਇਆ ਹੈ: 'ਰੱਬ ਦੀ ਸਿਫ਼ਤ ਗਾਉਣ ਵਾਲਾ'। ਗੁਰੂ ਨਾਨਕ ਸਾਹਿਬ ਤਾਂ ਖ਼ੁਦ ਆਪਣੇ ਆਪ ਨੂੰ 'ਰੱਬ ਦਾ ਢਾਡੀ' ਆਖਦੇ ਹਨ:

> ***ਹਉ ਢਾਢੀ ਹਰਿ ਪ੍ਰਭ ਖਸਮ ਕਾ***, *ਹਰਿ ਕੈ ਦਰਿ ਆਇਆ॥ ਹਰਿ ਅੰਦਰਿ ਸੁਣੀ ਪੂਕਾਰ, ਢਾਢੀ ਮੁਖਿ ਲਾਇਆ॥ ਹਰਿ ਪੁਛਿਆ ਢਾਢੀ ਸਦਿ ਕੈ, ਕਿਤੁ ਅਰਥਿ ਤੂੰ ਆਇਆ॥ ਨਿਤ ਦੇਵਹੁ ਦਾਨੁ ਦਇਆਲ ਪ੍ਰਭ, ਹਰਿ ਨਾਮੁ ਧਿਆਇਆ॥ ਹਰਿ ਦਾਤੈ ਹਰਿ ਨਾਮੁ ਜਪਾਇਆ, ਨਾਨਕੁ ਪੈਨਾਇਆ (ਸਫ਼ਾ 91)*

ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ॥ ਮੰਨੇ ਨਾਉ ਬਿਸੰਖ ਦਰਗਹ ਪਾਵਣਾ॥ ***ਖਾਲਕ***

ਕਉ ਆਦੇਸੁ ਢਾਢੀ ਗਾਵਣਾ॥ *ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ॥ (ਸਫ਼ਾ 148)*

ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ॥ ਇਕਿ ਮੂਲੁ ਨ ਬੁਝਨਿ੍ ਆਪਣਾ ਅਣਹੋਦਾ ਆਪੁ ਗਣਾਇਦੇ॥ ***ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥*** *ਤਿਨ੍ ਮੰਗਾ ਜਿ ਤੁਝੈ ਧਿਆਇਦੇ॥ (ਸਫ਼ਾ 468)*

ਹਉ ਢਾਢੀ ਵੇਕਾਰੁ ਕਾਰੈ ਲਾਇਆ॥ *ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥ ਢਾਢੀ ਕਰੇ ਪਸਾਉ ਸਬਦੁ ਵਜਾਇਆ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ॥ (ਸਫ਼ਾ 150)*

ਤਨਖ਼ਾਹ: ਤਨਖ਼ਾਹ ਦਾ ਲਫ਼ਜ਼ੀ ਮਾਅਨਾ ਹੈ: ਉਜਰਤ (ਕੰਮ ਕਰਨ ਬਦਲੇ ਮਿਲਣ ਵਾਲੇ ਪੈਸੇ ਜਾਂ ਕੋਈ ਜਿਨਸ/ਚੀਜ਼ ਜਾਂ ਕੁਝ ਹੋਰ) ਅਤੇ ਤਨਖ਼ਾਹੀਆ ਉਹ ਸ਼ਖ਼ਸ ਹੁੰਦਾ ਹੈ ਜਿਸ ਨੂੰ ਤਨਖ਼ਾਹ ਲਗਦੀ (ਮਿਲਦੀ) ਹੈ। ਸਿੱਖ ਧਰਮ ਵਿਚ, ਤਨਖ਼ਾਹ ਲਫ਼ਜ਼ ਧਾਰਮਿਕ 'ਸਜ਼ਾ' ਵਜੋਂ ਵਰਤਿਆ ਜਾਂਦਾ ਹੈ। ਤਨਖ਼ਾਹੀਆ ਉਹ ਹੈ, ਜੋ ਧਾਰਮਿਕ ਜ਼ਾਬਤੇ ਨੂੰ ਤੋੜਨ ਦਾ ਦੋਸ਼ੀ ਹੁੰਦਾ ਹੈ। ਸਿੱਖ ਇਸ ਨੂੰ ਤਨਖ਼ਾਹ ਇਸ ਕਰ ਕੇ ਕਹਿੰਦੇ ਹਨ ਕਿਉਂ ਕਿ ਸਿੱਖ ਨੂੰ ਇਸ 'ਸਜ਼ਾ' ਨੂੰ 'ਤਨਖ਼ਾਹ' (ਉਜਰਤ, ਈਨਾਮ) ਦੀ ਤਰ੍ਹਾਂ ਖ਼ੁਸ਼ੀ ਨਾਲ ਕਬੂਲ ਕਰਦਾ ਹੈ। ਇਸੇ ਕਰ ਕੇ ਇਸ ਨੂੰ "ਸਜ਼ਾ" ਕਹਿਣਾ/ਸਮਝਣਾ ਗ਼ਲਤ ਹੈ।

ਤਨਖ਼ਾਹ ਸਿੱਖ ਨੂੰ ਉਦੋਂ ਲਾਈ ਜਾਂਦੀ ਹੈ ਜਦੋਂ ਉਹ ਕਿਸੇ ਸਿੱਖੀ ਅਸੂਲ ਨੂੰ ਤੋੜਨ ਦਾ ਗੁਨਹਗਾਰ ਹੁੰਦਾ ਹੈ ਜਾਂ ਉਹ ਸਿੱਖ ਕੌਮ ਦੇ ਖ਼ਿਲਾਫ਼ ਜਾਂ ਸਿੱਖ ਫ਼ਲਸਫ਼ੇ ਦੇ ਖ਼ਿਲਾਫ਼ ਕੋਈ ਹਰਕਤ ਕਰਦਾ ਹੈ। ਅਜਿਹੇ ਇਨਸਾਨ ਨੂੰ ਇਕ ਨਿਮਾਣੇ ਸਿੱਖ ਵਜੋਂ ਆਪਣੇ ਆਪ ਨੂੰ ਸੰਗਤ ਅੱਗੇ (ਜੇ ਦੋਸ਼ ਨਿੱਜੀ ਜਾਂ ਛੋਟਾ ਹੈ) ਜਾਂ ਅਕਾਲ ਤਖ਼ਤ ਸਾਹਿਬ (ਜੇ ਦੋਸ਼ ਕੌਮੀ/ਪੰਥਕ ਹੈ) 'ਤੇ ਪੇਸ਼ ਕਰਨਾ ਹੁੰਦਾ ਹੈ। (ਇਥੇ ਅਕਾਲ ਤਖਤ ਸਾਹਿਬ ਦਾ ਮਾਅਨਾ ਤਖ਼ਤ ਦੇ ਗ੍ਰੰਥੀਆਂ ਤੋਂ ਨਹੀਂ ਹੈ)। ਅਜਿਹੇ ਵਿਅਕਤੀ ਨੂੰ ਆਪਣਾ ਗੁਨਾਹ/ਗ਼ਲਤੀ ਕਬੂਲ ਕਰ ਕੇ ਮਨ ਵਿਚ ਪਛਤਾਵਾ ਕਰਨਾ ਚਾਹੀਦਾ ਹੈ। ਉਹ ਆਪਣੀ ਮਰਜ਼ੀ ਨਾਲ ਆਪਣਾ ਦੋਸ਼/ਗ਼ਲਤੀ ਕਬੂਲ ਕਰਦਾ ਹੈ (ਉਸ ਨੂੰ ਧੱਕੇ ਨਾਲ ਜਾਂ ਮਜਬੂਰ ਕਰ ਕੇ ਦੋਸ਼ੀ ਨਹੀਂ ਗਰਦਾਨਿਆ ਜਾਂਦਾ)। ਉਸ ਨੂੰ ਅਕਾਲ ਤਖ਼ਤ ਸਾਹਿਬ 'ਤੇ ਕਿਸੇ ਵੀ ਤਰੀਕੇ ਨਾਲ ਸਿਫ਼ਾਰਿਸ਼ ਵੀ ਨਹੀਂ ਕਰਨੀ ਚਾਹੀਦੀ। ਜੇ ਕਰ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋਣ ਵਾਲੇ ਸ਼ਖ਼ਸ ਦਾ ਗੁਨਾਹ ਵੱਡਾ ਜਾਂ ਕੌਮੀ ਹੈ, ਤਾਂ ਇਹ ਮਸਲਾ ਸਰਬਤ ਖ਼ਾਲਸਾ ਅੱਗੇ ਵਿਚਾਰਨ ਵਾਸਤੇ ਰੱਖ ਦੇਣਾ ਚਾਹੀਦਾ ਹੈ। ਸਰਬਤ ਖ਼ਾਲਸਾ ਉਸ ਦੇ ਗੁਨਾਹ ਬਾਰੇ ਫ਼ੈਸਲਾ ਲਵੇਗਾ ਅਤੇ ਉਸ ਨੂੰ ਤਨਖ਼ਾਹ ਲਾਏਗਾ। ਤਨਖ਼ਾਹ ਬਾਰੇ ਫ਼ੈਸਲਾ ਸੁਣਨ ਤੋਂ ਬਾਅਦ, ਉਸ ਨੂੰ ਇਹ ਮੰਨਣਾ ਹੁੰਦਾ ਹੈ, ਉਸ ਦੇ ਮਨ ਵਿਚ ਕੋਈ ਗਿਲਾ, ਸ਼ਿਕਵਾ ਜਾਂ ਨਾਰਾਜ਼ਗੀ ਜਾਂ ਬੇਇੱਜ਼ਤੀ ਦਾ ਅਹਿਸਾਸ ਨਹੀਂ ਹੈ। ਸੰਗਤ ਨੂੰ ਵੀ ਉਸ ਨਾਲ ਕਿਸੇ ਤਰ੍ਹਾਂ ਦਾ ਵੀ ਮਾੜਾ/ਨੀਵਾਂ ਵਰਤਾਉ ਨਹੀਂ ਕਰਨਾ ਚਾਹੀਦਾ। ਤਨਖ਼ਾਹ ਕਈ ਤਰ੍ਹਾਂ ਦੀ ਲਾਈ ਜਾਂਦੀ

ਹੈ। ਜਿਵੇਂ: (1) ਲੰਗਰ ਵਿਚ ਸੇਵਾ ਕਰਨਾ (2) ਬਰਤਨ ਸਾਫ਼ ਕਰਨੇ (3) ਗੁਰਦੁਆਰੇ ਵਿਚ ਫਰਸ਼ ਨੂੰ ਧੋਣਾ (4) ਸੰਗਤ ਦੇ ਜੋੜੇ ਸਾਫ਼ ਕਰਨੇ (5) ਨਿਤਨੇਮ ਤੋਂ ਕੁਝ ਵਧ ਪਾਠ ਕਰਨਾ ਵਗ਼ੈਰਾ। ਵਧੇਰੇ ਵੇਰਵੇ ਵਾਸਤੇ ਵੇਖੋ ਕਿਤਾਬ: *ਸਿੱਖ ਤਵਾਰੀਖ਼ ਵਿਚ ਅਕਾਲ ਤਖ਼ਤ ਸਾਹਿਬ ਦਾ ਰੋਲ।* 16

ਹੋਰ ਦੇਖੋ: **ਅਕਾਲ ਤਖ਼ਤ ਸਾਹਿਬ, ਜਥੇਦਾਰ** 148

ਤਨਖ਼ਾਹ-ਨਾਮਾ: ਇਹ ਭਾਈ ਨੰਦ ਲਾਲ ਦੀ ਰਚਨਾ ਹੈ, ਜੋ ਸਵਾਲ-ਜਵਾਬ ਦੇ ਤਰੀਕੇ ਨਾਲ ਲਿਖੀ ਗਈ ਹੈ। ਇਹ ਉਨ੍ਹਾਂ ਗੱਲਾਂ ਬਾਰੇ ਦਸਦੀ ਹੈ ਜਿਸ ਤੋਂ ਇਨਸਾਨ ਨੂੰ ਦੂਰ ਰਹਿਣਾ ਚਾਹੀਦਾ ਹੈ (ਨਹੀਂ ਤਾਂ ਉਹ ਜ਼ਾਬਤਾ ਤੋੜਨ ਦੇ ਗੁਨਾਹਗਾਰ ਹੋਣਗੇ)। ਇਸ ਨੂੰ 'ਰਹਿਨਾਮਿਆਂ' ਵਿਚ ਸ਼ਾਮਿਲ ਕੀਤਾ ਜਾਂਦਾ ਹੈ।

ਤਨਖ਼ਾਹੀਆ: ਉਹ ਸ਼ਖ਼ਸ, ਜਿਸ ਨੂੰ ਧਾਰਮਿਕ ਜ਼ਾਬਤਾ ਤੋੜਨ ਦੀ ਤਨਖ਼ਾਹ ਮਿਲਦੀ ਹੈ। ਦੇਖੋ: ਤਨਖ਼ਾਹ।

ਤਪ/ਤਪੱਸਿਆ: 'ਤਪ' ਦਾ ਲਫ਼ਜ਼ੀ ਮਾਅਨਾ ਹੈ ਗਰਮ ਹੋਣਾ, ਦੁਖੀ ਹੋਣਾ, ਪਛਤਾਉਣਾ। ਤਪੱਸਿਆ ਦਾ ਮਾਅਨਾ ਹੈ: ਪਛਤਾਵਾ ਕਰਨਾ, ਖ਼ੁਦ ਨੂੰ ਦੁਖ ਦੇਣੇ ਅਤੇ 'ਬੈਰਾਗੀ' ਬਣਨ ਲਈ ਔਖਿਆਈਆਂ ਨੂੰ ਸਹਿਣਾ। ਕਈ ਵਾਰ ਕੁਝ ਇਨਸਾਨ ਆਪਣੇ ਮਨ ਦੀ ਪਵਿੱਤਰਤਾ ਦੇ ਲਈ ਆਪਣੇ ਜਿਸਮ ਨੂੰ ਤਸੀਹੇ ਵੀ ਦੇਂਦੇ ਹਨ। ਹਿੰਦੂ ਇਸ ਨੂੰ ਤਪੱਸਿਆ ਕਹਿੰਦੇ ਹਨ। ਹਿੰਦੂਆਂ ਵਿਚ ਇਸ ਤਰ੍ਹਾਂ ਦੀ ਅਖੌਤੀ-ਤਪੱਸਿਆ ਵਿਚ ਇਹ ਸ਼ਾਮਿਲ ਹਨ: ਆਪਣੇ ਆਪ ਨੂੰ ਉਪਰ-ਹੇਠਾਂ ਲਮਕਾਉਣਾ, ਨੰਗੇ ਪੈਰੀਂ ਤੁਰਨਾਂ, ਨੰਗੇ ਰਹਿਣਾ, ਕਈ ਘੰਟੇ/ਦਿਨ ਇਕ ਲੱਤ ਉੱਤੇ ਖੜ੍ਹੇ ਰਹਿਣਾ, ਮਹੀਨੇ ਅਤੇ ਸਾਲਾਂ ਬੱਧੀ ਚੁੱਪ ਰਹਿਣਾ, ਚਾਲੀਹਾ ਕੱਟਣਾ. ਵਰਤ ਰੱਖਣਾ, ਕਈ-ਕਈ ਦਿਨ ਭੁੱਖੇ ਰਹਿਣਾ ਵਗ਼ੈਰਾ। ਸਿੱਖ ਫ਼ਲਸਫ਼ਾ ਇਸ ਸਾਰੇ ਨੂੰ ਪਾਖੰਡ ਸਮਝਦਾ ਹੈ ਅਤੇ ਰੱਦ ਕਰਦਾ ਹੈ ਕਿਉਂਕਿ ਅਜਿਹੀਆਂ ਕਾਰਵਾਈਆਂ ਹਉਮੈ ਵਧਾਉਂਦੀਆਂ ਹਨ, ਜੋ ਕਿ ਰੂਹਾਨੀਅਤ ਦੇ ਰਾਹ ਵਿਚ ਰੁਕਾਵਟ ਹੈ:

ਕੋਟਿ ਕਰਮ ਕਰੈ ਹਉ ਧਾਰੇ॥ ਸ੍ਰਮੁ ਪਾਵੈ ਸਗਲੇ ਬਿਰਥਾਰੇ॥ ਅਨਿਕ ਤਪਸਿਆ ਕਰੇ ਅਹੰਕਾਰ॥ ਨਰਕ ਸੁਰਗ ਫਿਰਿ ਫਿਰਿ ਅਵਤਾਰ॥ (ਸਫ਼ਾ 278)

ਅਜਿਹੇ ਵਰਤਾਂ ਅਤੇ ਕਾਰਵਾਈਆਂ ਨਾਲ ਮਨ ਨਹੀਂ ਜਿੱਤਿਆ ਜਾਂਦਾ:

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥ ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥ ਰਾਮ ਨਾਮ ਸਰਿ ਅਵਰੁ ਨ ਪੂਜੈ॥ (ਸਫ਼ਾ 905)

ਗੁਰੂ ਦੀ ਸੇਵਾ ਹੀ ਸਾਰੀਆਂ ਤੱਪਸਿਆਵਾਂ ਦਾ ਸਾਰ (ਅਸਲ ਤਪੱਸਿਆ) ਹੈ।

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥ ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ॥ ਦਰਿ ਸਾਚੈ ਦੀਸੈ ਸਚਿਆਰੁ ॥4॥ ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ॥ ਆਪੁ ਪਛਾਣਿ ਹਰਿ ਪਾਵੈ ਸੋਇ ॥ ਸਾਚੀ ਬਾਣੀ ਮਹਲੁ ਪਰਾਪਤਿ ਹੋਇ॥ (ਸਫ਼ਾ 423)

ਤਰੀਕਤ: ਇਸ ਦਾ ਲਫ਼ਜ਼ੀ ਮਾਅਨਾ ਹੈ: ਮਨ ਦੀ ਸਫ਼ਾਈ। ਇਸਲਾਮ ਦੇ ਸੂਫ਼ੀ ਮਤ ਮੁਤਾਬਿਕ ਇਹ ਰੂਹਾਨੀਅਤ ਦਾ ਦੂਜਾ ਪੜਾਅ ਹੈ। ਇਸ ਸਟੇਜ 'ਤੇ ਸੂਫ਼ੀ ਆਪਣੇ ਉਸਤਾਦ ਵੱਲੋਂ ਮਿਲੀ ਹੋਈ ਸਿੱਖਿਆ ਨੂੰ ਦਿਲ ਵਿਚ ਵਸਾਉਣਾ ਸ਼ੁਰੂ ਕਰਦਾ ਹੈ ਤੇ ਮਨ ਨੂੰ ਪਾਕੀਜ਼ਗੀ (ਪਵਿੱਤਰਤਾ) ਵੱਲ ਤੋਰਦਾ ਹੈ।

ਤਲਾਕ:- ਤਲਾਕ ਦਾ ਮਾਅਨਾ ਹੈ: ਤੱਅਲੁਕ ਚਾਕ ਕਰਨਾ; ਯਾਨਿ ਸਬੰਧ ਤੋੜ ਦੇਣਾ। ਅੱਜ-ਕਲ੍ਹ ਇਸ ਦਾ ਮਾਅਨਾ ਹੈ: ਕਾਨੂੰਨੀ ਤੌਰ ਤੇ ਵਿਆਹ ਦਾ ਟੁੱਟਣਾ। ਸਿੱਖ ਫ਼ਲਸਫ਼ੇ ਵਿਚ ਤਲਾਕ ਦੀ ਕੋਈ ਥਾਂ ਨਹੀਂ ਹੈ। ਸਿੱਖ ਦੀ ਅਨੰਦ ਕਾਰਜ (ਵਿਆਹ ਰਸਮ) ਰੂਹਾਨੀ ਗੰਢ ਹੈ ਅਤੇ ਇਹ ਕਿਸੇ ਵੀ ਫ਼ੈਸਲੇ/ਹੁਕਮ ਨਾਲ ਤੋੜੀ ਨਹੀਂ ਜਾ ਸਕਦੀ। ਪਰ, ਅੱਜ-ਕਲ੍ਹ ਸਿੱਖਾਂ ਵਿਚ ਵੀ ਕਾਨੂੰਨੀ ਤਲਾਕਾਂ ਦਾ ਹੜ੍ਹ ਆਇਆ ਹੋਇਆ ਹੈ। ਕੁਝ ਵਿਦਵਾਨ ਇਹ ਦਾਅਵਾ ਕਰਦੇ ਹਨ ਕਿ ਤਲਾਕ ਦੀ ਮਨਜ਼ੂਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਹੈ। ਉਨ੍ਹਾਂ ਮੁਤਾਬਿਕ ਗੁਰਬਾਣੀ ਕਹਿੰਦੀ ਹੈ ਕਿ ਉਨ੍ਹਾਂ ਦੇ ਨਾਲ ਸਬੰਧ ਤੋੜਨਾ ਬੇਹਤਰ ਹੈ ਜੋ ਕੱਚੇ ਹਨ ਅਤੇ ਉਨ੍ਹਾਂ ਤੋਂ ਤੋੜ-ਵਿਛੋੜਾ ਕਰ ਕੇ ਸੱਚੇ ਸੱਜਣ ਢੂੰਢ ਲੈਣੇ ਚਾਹੀਦੇ ਹਨ। ਇਹ ਦਲੀਲ ਵੀ ਦਿੱਤੀ ਜਾਂਦੀ ਹੈ ਕਿ ਸੰਜੋਗ (ਵਿਆਹੀ) ਅਤੇ ਵਿਜੋਗ (ਤਲਾਕ) ਦੋਵੇਂ ਹੀ ਵਾਹਿਗੁਰੂ ਵੱਲੋਂ ਨਿਸਚਤ ਹਨ ਅਤੇ ਉਸ ਦੇ ਹੁਕਮ ਅੰਦਰ ਹੀ ਹੁੰਦੇ ਹਨ। ਉਂਞ ਇਹ ਮੁਨਾਸਿਬ ਵੀ ਹੈ ਕਿ ਸਾਰੀ ਉਮਰ ਪਿਆਰ-ਹੀਣ, ਝਗੜੇ ਤੇ ਕਲੇਸ਼-ਭਰਪੂਰ ਰਿਸ਼ਤਾ ਘਸੀਟੀ ਜਾਣ ਤੇ ਕੁੜ੍ਹ-ਕੁੜ੍ਹ ਕੇ ਕੱਟਣ ਨਾਲੋਂ ਤੋੜ-ਵਿਛੋੜਾ ਕਰ ਲਿਆ ਜਾਵੇ, ਪਰ ਇਹ ਉਸ ਹਾਲਤ ਵਿਚ ਹੀ ਕਰਨਾ ਚਾਹੀਦਾ ਹੈ ਜਦ ਇਹ ਯਕੀਨੀ ਹੋ ਜਾਵੇ ਕਿ ਉਸ ਰਿਸ਼ਤੇ ਨੂੰ ਕਿਸੇ ਤਰੀਕੇ ਨਾਲ ਵੀ ਠੀਕ ਨਹੀਂ ਕੀਤਾ ਜਾ ਸਕਦਾ।

ਤਵਾਰੀਖ (ਸ੍ਰੀ) ਅੰਮ੍ਰਿਤਸਰ: ਗਿਆਨੀ ਗਿਆਨ ਸਿੰਘ ਲਿਖਤ ਇਸ ਕਿਤਾਬ ਵਿਚ ਅੰਮ੍ਰਿਤਸਰ ਸ਼ਹਿਰ, ਇੱਥੇ ਵਾਪਰੀਆਂ ਘਟਨਾਵਾਂ ਅਤੇ ਇੱਥੋਂ ਦੇ ਗੁਰਦੁਆਰਿਆਂ ਬਾਰੇ ਵੇਰਵਾ ਹੈ। ਇਸੇ ਹੀ ਨਾਂ ਦੀ, ਕਰਮ ਸਿੰਘ ਹਿਸਟੋਰੀਅਨ ਦੀ ਲਿਖੀ, ਕਿਤਾਬ ਇਸ ਤੋਂ ਵਧੀਆ ਰਚਨਾ ਹੈ (ਯਕੀਨਨ, ਕਰਮ ਸਿੰਘ ਨੇ ਗਿਆਨੀ ਗਿਆਨ ਸਿੰਘ ਦੀ ਕਿਤਾਬ ਪੜ੍ਹੀ ਹੋਵੇਗੀ)।

ਤਵਾਰੀਖ ਗੁਰੂ ਖਾਲਸਾ: ਸਿੱਖ ਤਵਾਰੀਖ਼ ਬਾਰੇ ਇਹ ਕਿਤਾਬ ਗਿਆਨ ਗਿਆਨ ਸਿੰਘ ਦੀ ਲਿਖੀ ਹੋਈ ਹੈ। ਇਹ ਪਹਿਲੀ ਵਾਰ 1885 ਵਿਚ ਛਾਪੀ ਗਈ ਸੀ। ਇਸ ਕਿਤਾਬ ਤੋਂ ਸਾਫ਼ ਲੱਗਦਾ ਹੈ ਕਿ ਗਿਆਨ ਸਿੰਘ ਨੇ ਇਹ ਕਿਤਾਬ ਰਤਨ ਸਿੰਘ ਭੰਗੂ ਅਤੇ ਸੰਤੋਖ ਸਿੰਘ ਦੀਆਂ ਰਚਨਾਵਾਂ ਨੂੰ ਸਾਹਮਣੇ ਰੱਖ ਕੇ ਲਿਖੀ ਹੈ ਕਿਉਂਕਿ ਇਨ੍ਹਾਂ ਦੋਹਾਂ ਲੇਖਕਾਂ ਦੀਆਂ ਰਚਨਾਵਾਂ ਦਾ ਅਸਰ ਗਿਆਨ ਸਿੰਘ ਦੀ ਲਿਖਤ ਵਿਚ ਸਾਫ਼ ਦਿਖਾਈ ਦੇਂਦਾ ਹੈ। ਤਵਾਰੀਖ ਗੁਰੂ ਖਾਲਸਾ ਸੰਤੋਖ ਸਿੰਘ ਦੀ ਰਚਨਾ ਦੇ ਮੁਕਾਬਲੇ ਵਿਚ ਆਸਾਨ ਬੋਲੀ ਵਿਚ ਲਿਖੀ ਹੋਈ ਹੈ ਪਰ ਇਸ ਕਿਤਾਬ ਵਿਚ ਵੀ ਬੇਸ਼ੁਮਾਰ ਗੰਭੀਰ ਗਲਤੀਆਂ ਭਰੀਆਂ ਪਈਆਂ ਹਨ। ਅਜਿਹਾ ਜਾਪਦਾ ਹੈ ਕਿ ਜਦ ਗਿਆਨ ਸਿੰਘ ਨੂੰ ਕੋਈ ਤੱਥ ਲਭਦਾ ਨਹੀਂ ਸੀ ਤਾਂ ਉਹ ਕੋਲੋਂ ਘੜ ਲੈਂਦਾ ਸੀ। ਇੰਞ ਹੀ, ਸੰਤੋਖ ਸਿੰਘ ਵਾਂਗ, ਉਸ ਨੇ ਵੀ ਕਈ ਥਾਂਈਂ ਨਿਜੀ ਈਰਖਾ ਦਾ ਵੀ ਖ਼ੂਬ ਇਜ਼ਹਾਰ ਕੀਤਾ ਹੈ। ਇਸੇ ਕਰ ਕੇ ਕਰਮ ਸਿੰਘ ਹਿਸਟੋਰੀਅਨ ਉਸ ਨੂੰ 'ਗਪੌੜ ਲਿਖਾਰੀ' ਕਹਿੰਦੇ ਹਨ। ਉਸ ਦੀ ਇਕ ਹੋਰ ਰਚਨਾ 'ਤਵਾਰੀਖ ਸ੍ਰੀ ਅੰਮ੍ਰਿਤਸਰ' ਇਸ ਤੋਂ ਬੇਹਤਰ ਹੈ।

ਤਵੀਤ/ਤਾਵੀਜ਼: ਹਿੰਦੂ ਅਤੇ ਮੁਸਲਮਾਨ, ਦੋਵੇਂ, ਜਾਦੂ ਅਤੇ ਤਵੀਤਾਂ ਵਿਚ ਵਿਸ਼ਵਾਸ ਰੱਖਦੇ ਹਨ। ਜਿਸਮਾਨੀ/ਮਾਨਸਿਕ ਬਿਮਾਰੀ ਨੂੰ ਦੂਰ ਕਰਨ ਲਈ ਮੁਸਲਮਾਨ

ਅਤੇ ਹਿੰਦੂ ਕੋਈ ਅਖੌਤੀ ਜਾਦੂ-ਟੂਣਾ ਕਰਾਉਂਦੇ ਹਨ ਜਾਂ ਅਖੌਤੀ ਤਾਕਤ ਵਾਲਾ ਧਾਗਾ (ਮੌਲੀ) ਬੰਨ੍ਹਦੇ/ਪਹਿਣਦੇ ਹਨ ਜੋ ਦੂਜਿਆਂ ਵੱਲੋਂ ਕੀਤੇ ਗਏ ਅਖੌਤੀ ਜਾਦੂ-ਟੂਣਿਆਂ ਅਤੇ ਬਿਮਾਰੀਆਂ ਤੋਂ ਮਹਿਫ਼ੂਜ਼ (ਬਚਾ ਕੇ) ਰਖਦਾ ਹੈ। ਹਿੰਦੂ ਇਸ ਨੂੰ ਕਿਸੇ ਮੰਤਰ ਨਾਲ ਪਹਿਣਦੇ ਹਨ ਅਤੇ ਮੁਸਲਮਾਨ ਇਸ ਨੂੰ ਅੱਲ੍ਹਾ ਦੇ ਕਿਸੇ ਇਕ ਨਾਂ ਵਾਲਾ (ਹਰਫ਼ ਜਾਂ ਕਲਮਾ ਵਗੈਰਾ ਲਿਖਵਾ ਕੇ, ਉਸ ਨੂੰ ਮੜ੍ਹਵਾ ਕੇ) ਪਹਿਣਦੇ ਹਨ। ਇਹ ਆਮ ਤੌਰ ਤੇ ਕਿਸੇ ਧਾਤ ਦੀ ਬਹੁਤ ਨਿੱਕੀ ਜਿਹੀ ਡੱਬੀ ਵਿਚ ਰੱਖ (ਮੜ੍ਹ) ਕੇ ਗਲ ਵਿਚ ਪਾਇਆ ਜਾਂ ਡੋਲੇ ਦੇ ਨਾਲ ਬੰਨ੍ਹਿਆ ਜਾਂਦਾ ਹੈ। ਸਿੱਖ ਧਰਮ ਇਸ ਪਖੰਡ ਦੀ ਸਖਤ ਮਨਾਹੀ ਕਰਦਾ ਹੈ। ਸਿੱਖ ਧਰਮ ਮੁਤਾਬਿਕ ਸਿਰਫ਼ ਰੱਬ ਦਾ ਨਾਂ ਜਪਣਾ, ਹਰ ਵੇਲੇ ਮਨ ਵਿਚ ਵਸਾਉਣਾ ਤੇ ਭਲੇ ਕੰਮ ਕਰਨਾ ਹੀ 'ਤਵੀਤ' ਹੈ। ਤਵੀਤ ਪਾਉਣਾ ਜਾਂ ਵੀਣੀ ਵਿਚ (ਗੁੱਟ 'ਤੇ) ਮੌਲੀ ਬੰਨ੍ਹਣਾ ਗੁਰਮਤਿ ਦੇ ਉਲਟ ਹੈ। ਅਜਿਹਾ ਕਰਨ ਵਾਲਾ ਤਨਖ਼ਾਹੀਆ ਹੈ।ਹੋਰ ਵੇਖੋ: ਤੰਤ੍ਰ।

ਤਖ਼ਤ: ਲਫ਼ਜ਼ੀ ਮਾਅਨਾ: ਬਾਦਸ਼ਾਹ ਦੇ ਬੈਠਣ ਦੀ ਉੱਚੀ ਥਾਂ (ਕੁਰਸੀ/ਮੂੜ੍ਹਾ)। ਸਿੱਖ ਫ਼ਲਸਫ਼ੇ ਵਿਚ ਸਿਰਫ਼ ਅਕਾਲ ਪੁਰਖ ਹੀ ਅਸਲ ਬਾਦਸ਼ਾਹ ਮੰਨਿਆ ਗਿਆ ਹੈ ਤੇ ਉਸ ਦੇ ਬੈਠਣ ਦੀ ਥਾਂ ਹੀ ਤਖ਼ਤ ਹੈ। ਅਕਾਲ ਪੁਰਖ ਦਾ ਤਖ਼ਤ (ਅਕਾਲ ਤਖ਼ਤ) ਕੋਈ ਦੁਨਿਆਵੀ ਤਖ਼ਤ ਨਹੀਂ। ਨਾ ਇਹ 'ਕੁਰਸੀ' ਹੈ ਤੇ ਨਾ 'ਬਿਲਡਿੰਗ', ਬਲਕਿ ਇਕ ਫ਼ਲਸਫ਼ਾ ਹੈ ਕਿ ਸਿੱਖ ਸਿਰਫ਼ ਅਕਾਲ ਪੁਰਖ ਅਤੇ ਉਸ ਦੇ ਤਖ਼ਤ ਤੋਂ ਸਿਵਾ ਕਿਸੇ ਤਾਕਤ ਅੱਗੇ ਸਿਰ ਨਹੀਂ ਝੁਕਾਉਂਦਾ।

ਜਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪਰਗਟ ਕੀਤਾ ਸੀ ਤਾਂ ਉਨ੍ਹਾਂ ਨੇ ਅਕਾਲ ਤਖ਼ਤ ਦੇ ਫ਼ਲਸਫ਼ੇ ਨੂੰ ਹੀ ਮੂਰਤੀਮਾਨ ਕੀਤਾ ਸੀ (ਖਾਲਸਾ ਅਕਾਲ ਪੁਰਖ ਦੀ ਫ਼ੌਜ) । ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਛਾਪੀ ਗਈ 'ਰਹਿਤ ਮਰਯਾਦਾ' ਵਿਚ ਸਿੱਖ ਪੰਥ ਦੇ 'ਪੰਜ' ਤਖ਼ਤਾਂ ਦਾ ਜ਼ਿਕਰ ਹੈ। ਇਹ ਸਿਰਫ਼ ਬੇਸਮਝੀ ਕਰ ਕੇ ਹੈ। ਰੱਬ ਦੇ ਦੋ ਤਖ਼ਤ ਨਹੀਂ ਹੋ ਸਕਦੇ। ਅਸਲ ਵਿਚ, ਜਦੋਂ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਕੀਰਤਪੁਰ ਸਾਹਿਬ ਗਏ, ਤਾਂ ਉਹ ਉਥੇ ਦਰਬਾਰ ਲਾਇਆ (ਤਖ਼ਤ 'ਤੇ ਬੈਠਿਆ) ਕਰਦੇ ਸਨ। ਇਸੇ ਤਰ੍ਹਾਂ ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਨੇ ਬਕਾਲਾ ਵਿਖੇ ਰਹਿਣਾ ਸ਼ੁਰੂ ਕੀਤਾ, ਤਾਂ ਇਹ ਬਕਾਲਾ ਤਖ਼ਤ ਸੀ। ਇਸ ਤੋਂ ਬਾਅਦ ਚੱਕ ਨਾਨਕੀ, ਪਟਨਾ ਸਾਹਿਬ ਤੋਂ ਗੁਰੂ ਤੇਗ਼ ਬਹਾਦਰ ਸਾਹਿਬ; ਪਾਉਂਟਾ ਸਾਹਿਬ, ਅਨੰਦਪੁਰ ਸਾਹਿਬ, ਤਲਵੰਡੀ ਸਾਬੋ ਅਤੇ ਨੰਦੇੜ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਤਖ਼ਤ ਸਾਹਿਬ ਦੀ ਕਾਰਵਾਈ ਚਲਾਉਂਦੇ ਰਹੇ ਸਨ। ਇਸ ਲਈ, ਇਹ ਸਭ ਗੁਰੂ ਦਰਬਾਰ ਦੇ ਨਗਰ ਸਨ ਨਾ ਕਿ ਵਖਰੇ ਤਖ਼ਤ। ਤਖ਼ਤ ਸਿਰਫ਼ ਇਕ ਹੀ ਹੈ ਤੇ ਉਹ ਹੈ: ਅਕਾਲ ਤਖ਼ਤ ਸਾਹਿਬ। ਅਕਾਲ ਤਖ਼ਤ ਵੀ ਇਕ ਫ਼ਲਸਫ਼ਾ ਹੈ ਨਾ ਕਿ ਇਕ ਆਮ ਸਿਆਸੀ ਤਖ਼ਤ ਵਾਂਗ ਹਕੂਮਤ ਕਰਨ ਦੀ ਥਾਂ। ਵਧੇਰੇ ਵੇਰਵੇ ਵਾਸਤੇ ਵੇਖੋ ਕਿਤਾਬ: *ਸਿੱਖ ਤਵਾਰੀਖ਼ ਵਿਚ ਅਕਾਲ ਤਖ਼ਤ ਸਾਹਿਬ ਦਾ ਰੋਲ*। ਹੋਰ ਵੇਖੋ: **ਅਕਾਲ ਤਖ਼ਤ ਸਾਹਿਬ, ਜਥੇਦਾਰ**

ਤਿਉਹਾਰ (ਸਿੱਖਾਂ ਦੇ): ਤਿਉਹਾਰ ਦੀ, ਇਸ ਦੇ ਆਮ ਬੋਲੀ ਦੇ ਮਾਅਨਿਆਂ ਵਿਚ, ਆਪਣੇ ਆਪ ਵਿਚ ਸਿੱਖ ਧਰਮ ਵਿਚ ਕੋਈ ਜਗ੍ਹਾ ਨਹੀਂ ਹੈ। ਤਿਉਹਾਰ

ਦਾ ਲੋਕ ਬੋਲੀ ਵਿਚ ਮਾਅਨਾ ਹੈ ਮੌਜ-ਮੇਲਾ, ਰੰਗ ਤਮਾਸ਼ੇ ਵਗੈਰਾ ਕਰ ਕੇ ਦਿਨ ਨੂੰ ਮਨਾਉਣਾ। ਸਿੱਖ ਨੂੰ ਮਨ ਦੇ ਇਨ੍ਹਾਂ ਕੱਚੇ ਜਜ਼ਬਿਆਂ ਤੋਂ ਉੱਚਾ ਉੱਠਣਾ ਚਾਹੀਦਾ ਹੈ। ਸਿੱਖ ਦੀ ਅਸਲੀ ਖ਼ੁਸ਼ੀ ਜਾਂ ਤਿਉਹਾਰ, ਉਸ ਦੇ ਨਾਮ ਸਿਮਰਨ ਦੇ ਪਲਾਂ ਵਿਚ ਹੈ। ਫਿਰ ਵੀ, ਸਿੱਖ ਕੁਝ ਦਿਨ ਤਿਉਹਾਰ ਨਹੀਂ, ਯਾਦਗਾਰ ਵਜੋਂ, ਗੁਰੂ ਸਾਹਿਬ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਨ ਅਤੇ ਜੋਤੀ-ਜੋਤਿ ਸਮਾਉਣ (ਜਾਂ ਸ਼ਹੀਦੀ) ਦੇ ਦਿਨ ਮਨਾਉਂਦੇ ਹਨ। ਇੰਞ ਹੀ ਆਪਣੀ ਸਿੱਖ ਕੌਮ ਦੇ ਮਹਾਨ ਹੀਰਿਆਂ ਦੀਆਂ ਕੁਰਬਾਨੀਆਂ ਅਤੇ ਕੁਝ ਤਵਾਰੀਖੀ ਯਾਦਾਂ ਨੂੰ ਯਾਦਗਾਰੀ ਦਿਨ ਵਜੋਂ ਮਨਾਉਂਦੇ ਹਨ। ਅਜਿਹੇ ਮੌਕਿਆਂ ਉੱਤੇ ਸਿੱਖ ਗੁਰਦੁਆਰਿਆਂ ਜਾਂ ਹੋਰ ਜਗਹ ਇਕੱਠੇ ਹੋ ਕੇ, ਕੀਰਤਨ, ਕਥਾ ਅਤੇ ਗੁਰਬਾਣੀ ਸਬੰਧੀ ਵਿਚਾਰਾਂ ਕਰਦੇ ਹਨ। ਇਹ ਪ੍ਰੋਗਰਾਮ ਧਾਰਮਿਕ ਅਤੇ ਰੂਹਾਨੀ ਹੁੰਦੇ ਹਨ।

ਦੀਵਾਲੀ (ਦਿਵਾਲੀ), ਵਿਸਾਖੀ, ਲੋਹੜੀ, ਰੱਖੜੀ ਅਤੇ ਹੋਲੀ ਵਗ਼ੈਰਾ ਸਿੱਖ ਤਿਉਹਾਰ ਨਹੀਂ ਹਨ ਅਤੇ ਇਹ ਤਿਉਹਾਰ ਇੱਕ ਸਿੱਖ ਨੂੰ ਕਿਸੇ ਵੀ ਹਾਲਤ ਵਿੱਚ ਨਹੀਂ ਮਨਾਉਣੇ ਚਾਹੀਦੇ। ਕੁਝ ਬੇਸਮਝ ਸਿੱਖ ਦੀਵਾਲੀ, ਵਿਸਾਖੀ ਵਰਗੇ ਤਿਉਹਾਰਾਂ ਨੂੰ ਸਿੱਖ ਦਿਨ ਵਜੋਂ ਮਨਾਉਣ ਦੇ ਬਹਾਨੇ ਲੱਭਦੇ ਰਹਿੰਦੇ ਹਨ। ਗੁਰਬਾਣੀ ਦਾ ਹੁਕਮ ਹੈ:

ਥਿਤੀ ਵਾਰ ਸੇਵਹਿ ਮੁਗਧ ਗਵਾਰ॥ (ਸਫ਼ਾ 842)

ਤਿੰਨ/ਤੀਨ ਤਾਪ: ਲਫ਼ਜ਼ੀ ਮਾਅਨਾ: 'ਤਿੰਨ ਬੀਮਾਰੀਆਂ' ਜਿਨ੍ਹਾਂ ਤੋਂ ਇਨਸਾਨ ਦੁੱਖ ਪਾਉਂਦਾ ਹੈ।' ਇਕ ਇਨਸਾਨ ਆਪਣੀ ਜ਼ਿੰਦਗੀ ਵਿਚ, ਤਿੰਨ ਤਰ੍ਹਾਂ ਦੇ ਦੁੱਖ ਭੋਗ ਸਕਦਾ ਹੈ: ਜਿਸਮਾਨੀ, ਦਿਮਾਗ਼ੀ ਅਤੇ ਮਾਨਸਿਕ। ਇਨ੍ਹਾਂ ਨੂੰ ਇਸ ਤਰ੍ਹਾਂ ਵੀ ਦਰਸਾਇਆ ਗਿਆ ਹੈ: ਆਧਿ (ਦਿਮਾਗ਼ੀ ਦੁੱਖ, ਜਿਵੇਂ ਫ਼ਿਕਰ ਵਗ਼ੈਰਾ), ਬਿਆਧਿ (ਜਿਸਮਾਨੀ ਬੀਮਾਰੀਆਂ) ਅਤੇ ਉਪਾਧਿ (ਮਾਨਸਿਕ ਦੁੱਖ, ਜਿਵੇਂ ਸ਼ੱਕ, ਦੁਬਿਧਾ ਤੇ ਹੋਰ ਭਰਮ ਵਗ਼ੈਰਾ)। ਇਹ ਤਿੰਨੇ ਦੁੱਖ ਰੱਬ ਦੇ ਨਾਂ ਵਿਚ ਧਿਆਨ ਜੋੜਨ ਨਾਲ ਦੂਰ ਹੋ ਸਕਦੇ ਹਨ। ਰੱਬ "ਤੀਨੇ ਤਾਪ ਨਿਵਾਰਨਹਾਰਾ" (ਤਿੰਨੇ ਤਰ੍ਹਾਂ ਦੇ ਦੁੱਖ ਦੂਰ ਕਰਨਾ ਵਾਲਾ) ਹੈ:

ਤ੍ਰਿਪਤਿ ਮਾਹਿ ਠਾਢਿ ਵਰਤਾਈ॥ ਅਨਦੁ ਭਇਆ ਦੁਖ ਨਾਠੇ ਭਾਈ॥ ਜਨਮ ਮਰਨ ਕੇ ਮਿਟੇ ਅੰਦੇਸੇ॥ ਸਾਧੂ ਕੇ ਪੂਰਨ ਉਪਦੇਸੇ॥ ਭਉ ਚੂਕਾ ਨਿਰਭਉ ਹੋਇ ਬਸੇ॥ ਸਗਲ ਬਿਆਧਿ ਮਨ ਤੇ ਖੈ ਨਸੇ॥ ਜਿਸ ਕਾ ਸਾ ਤਿਨਿ ਕਿਰਪਾ ਧਾਰੀ॥ ਸਾਧ ਸੰਗਿ ਜਪਿ ਨਾਮੁ ਮੁਰਾਰੀ॥ ਥਿਤਿ ਪਾਈ ਚੂਕੇ ਭ੍ਰਮ ਗਵਨ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ॥ (ਸਫ਼ਾ 287)

ਹਰਿ ਕੇ ਚਰਨ ਕਮਲ ਮਨਿ ਧਿਆਉ॥ ਕਾਢਿ ਕੁਠਾਰੁ ਪਿਤ ਬਾਤ ਹੰਤਾ ਅਉਖਧੁ ਹਰਿ ਕੋ ਨਾਉ॥ ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ॥ ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ॥ ਸੰਤ ਪ੍ਰਸਾਦਿ ਬੈਦ ਨਾਰਾਇਣ ਕਰਣ ਕਾਰਣ ਪ੍ਰਭ ਏਕ॥ ਬਾਲ ਬੁਧਿ ਪੂਰਨ ਸੁਖਦਾਤਾ ਨਾਨਕ ਹਰਿ ਹਰਿ ਟੇਕ॥ (ਸਫ਼ਾ 714)

ਬਿਰਾਜਿਤ ਰਾਮ ਕੋ ਪਰਤਾਪ॥ ਆਧਿ ਬਿਆਧਿ ਉਪਾਧਿ ਸਭ ਨਾਸੀ ਬਿਨਸੇ ਤੀਨੈ ਤਾਪ॥ ਤ੍ਰਿਸਨਾ ਬੁਝੀ ਪੂਰਨ ਸਭ ਆਸਾ ਚੂਕੇ ਸੋਗ ਸੰਤਾਪ॥ ਗੁਣ ਗਾਵਤ ਅਚੁਤ ਅਬਿਨਾਸੀ ਮਨ ਤਨ ਆਤਮ ਧ੍ਰਾਪ॥ ਕਾਮ ਕ੍ਰੋਧ ਲੋਭ ਮਦ ਮਤਸਰ ਸਾਧੂ ਕੈ ਸੰਗਿ ਖਾਪ॥ ਭਗਤਿ ਵਛਲ ਭੈ ਕਾਟਨਹਾਰੇ ਨਾਨਕ ਕੇ ਮਾਈ ਬਾਪ॥ (ਸਫ਼ਾ 1223)

ਤੀਰਥ ਯਾਤਰਾ/ਧਾਰਮਿਕ ਯਾਤਰਾ: ਤੀਰਥ-ਯਾਤਰਾ ਦਾ ਮਾਅਨਾ ਹੈ: ਕਿਸੇ ਇਕ ਧਰਮ ਦੇ 'ਪਵਿੱਤਰ' ਤੀਰਥਾਂ ਦੇ ਦਰਸ਼ਨਾਂ ਲਈ ਜਾਣਾ। ਸਿੱਖ ਧਰਮ ਕਿਸੇ ਧਾਰਮਿਕ ਤੀਰਥ/ਥਾਂ ਦੀ ਅਜਿਹੀ ਪਵਿੱਤਰਤਾ ਨੂੰ ਰੱਦ ਕਰਦਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਜੇ ਕਰ ਕਿਸੇ ਥਾਂ 'ਤੇ ਕਿਸੇ ਗੁਰੂ ਸਾਹਿਬ ਦਾ ਜਨਮ ਹੋਇਆ ਹੋਵੇ ਜਾਂ ਕਿਸੇ ਗੁਰੂ ਸਹਿਬ ਨੇ ਸ਼ਹੀਦੀ ਦਿੱਤੀ ਹੋਵੇ ਜਾਂ ਜ਼ਿੰਦਗੀ ਦੇ ਕੁਝ ਸਾਲ ਬਿਤਾਏ ਹੋਣ; ਤਾਂ ਅਜਿਹੀਆਂ ਥਾਂਵਾਂ ਦੀ ਤਵਾਰੀਖ਼ੀ ਅਹਿਮੀਅਤ ਜ਼ਰੂਰ ਹੈ ਪਰ ਉਹ ਅਖੌਤੀ ਪਵਿੱਤਰ ਥਾਂਵਾਂ ਜਾਂ ਤੀਰਥ ਨਹੀਂ ਹਨ। ਸਿੱਖ ਫ਼ਲਸਫ਼ੇ ਮੁਤਾਬਿਕ ਸਿਰਫ਼ ਰੱਬ ਦਾ ਨਾਂ ਹੀ ਤੀਰਥ ਹੈ ਤੇ ਉਸ ਨੂੰ ਮਨ ਵਿਚ ਵਸਾਉਣਾ ਹੀ 'ਤੀਰਥ ਯਾਤਰਾ' ਕਰਨਾ ਹੈ। ਕਿਸੇ ਜਗ੍ਹਾ ਨੂੰ ਪਵਿੱਤਰ ਸਮਝ ਕੇ ਤਰੀਥ ਯਾਤਰਾ ਕਰਨ ਦੀ ਸਿੱਖ ਧਰਮ ਵਿਚ ਮਨਾਹੀ ਹੈ। ਭਾਵੇਂ ਕਿ ਸਿੱਖ ਦਰਬਾਰ ਸਾਹਿਬ ਅੰਮ੍ਰਿਤਸਰ ਜਾਂ ਹੋਰ ਤਵਾਰੀਖ਼ੀ ਗੁਰਦੁਆਰਿਆਂ ਵਿਚ ਜਾਂਦੇ ਹਨ, ਪਰ ਇਹ ਤੀਰਥ ਯਾਤਰਾ ਨਹੀਂ ਬਲਕਿ ਤਵਾਰੀਖ਼ੀ ਜਗਹ 'ਤੇ ਜਾਣਾ ਅਤੇ ਉਸ ਨਾਲ ਸਬੰਧਤ ਤਵਾਰੀਖ਼ ਚੇਤੇ ਕਰਨਾ ਹੈ।

ਐਂਟੀ-ਸਿੱਖ ਲਿਖਾਰੀਆਂ ਨੇ ਇਹ ਪ੍ਰਚਾਰਿਆ ਸੀ ਕਿ ਗੁਰੂ ਅਮਰਦਾਸ ਸਾਹਿਬ ਨੇ ਸਿੱਖਾਂ ਤੋਂ ਹਰਦੁਆਰ (ਹਿੰਦੂਆਂ ਦਾ ਅਖੌਤੀ ਤੀਰਥ) ਦੀ ਯਾਤਰਾ ਨੂੰ ਛੁਡਾਉਣ ਲਈ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਕਾਇਮ ਕੀਤੀ ਸੀ, ਤੇ ਇੰਞ ਉਨ੍ਹਾਂ ਨੇ ਸਿੱਖਾਂ ਵਾਸਤੇ ਇਕ ਤੀਰਥ ਕਾਇਮ ਕਰ ਕੇ ਇਸ ਦੀ ਯਾਤਰਾ ਦੀ ਰਿਵਾਇਤ ਪਾਈ ਸੀ। ਇਹ ਗ਼ਲਤ ਪ੍ਰਚਾਰ ਹੈ। ਗੁਰੂ ਸਾਹਿਬ ਨੇ ਸਿੱਖਾਂ ਨੂੰ ਕਦੇ ਵੀ ਆਪਣੇ ਪਾਪ ਧੋਣ ਲਈ ਬਾਉਲੀ ਵਿਚ ਇਸ਼ਨਾਨ ਕਰਨ ਲਈ ਨਹੀਂ ਕਿਹਾ ਸੀ। ਉਨ੍ਹਾਂ ਨੇ ਸਿੱਖਾਂ ਨੂੰ ਬਾਉਲੀ ਨੂੰ ਪਵਿੱਤਰ ਸਮਝਣ ਲਈ ਵੀ ਨਹੀਂ ਕਿਹਾ ਸੀ। ਇਹ ਬਾਉਲੀ ਤਾਂ ਲੋਕਾਂ ਦੀ ਪਾਣੀ ਦੀ ਮੁਸ਼ਕਿਲ ਨੂੰ ਹੱਲ ਕਰਨ ਵਾਸਤੇ ਬਣਾਈ ਗਈ ਸੀ। ਸਿੱਖ ਧਰਮ ਇਹ ਨਹੀਂ ਮੰਨਦਾ ਕਿ ਕਿਸੇ ਖ਼ਾਸ ਸਰੋਵਰ ਵਿਚ, ਕਿਸੇ ਖ਼ਾਸ ਸਮੇਂ ਜਾਂ ਦਿਨਾਂ ਲਈ, ਧਾਰਮਿਕ ਰਸਮਾਂ ਕਰਨ ਨਾਲ ਜਾਂ ਪਾਠ ਕਰਨ ਨਾਲ ਜਾਂ ਇਸ਼ਨਾਨ ਕਰਨ ਨਾਲ ਪਾਪ ਧੋਤੇ ਜਾਂਦੇ ਹਨ। ਪਾਪ ਤਾਂ ਚੰਗੇ ਕੰਮ ਕਰਿਆਂ ਹੀ ਧੋਤੇ ਜਾ ਸਕਦੇ ਹਨ।

*ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥ **ਮਲੁ ਹਉਮੈ ਧੋਤੀ ਕਿਵੈ ਨ ਉਤਰੈ, ਜੇ ਸਉ ਤੀਰਥ ਨਾਇ** ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥ (ਸਫ਼ਾ 39)*

*ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ॥ ਨਾਨਕ **ਗੁਰ ਸਮਾਨਿ ਤੀਰਥੁ ਨਹੀ ਕੋਈ** ਸਾਚੇ ਗੁਰ ਗੋਪਾਲਾ॥ (ਸਫ਼ਾ 437)*

ਅੰਤਰਿ ਮੈਲੁ ਜੇ ਤੀਰਥ ਨਾਵੈ, ਤਿਸੁ ਬੈਕੁੰਠ ਨ ਜਾਨਾਂ॥ *ਲੋਕ ਪਤੀਣੇ ਕਛੂ ਨ ਹੋਵੈ, ਨਾਹੀ ਰਾਮੁ ਅਯਾਨਾ॥ ਪੂਜਹੁ ਰਾਮੁ ਏਕੁ ਹੀ ਦੇਵਾ॥ ਸਾਚਾ ਨਾਵਣੁ, ਗੁਰ ਕੀ ਸੇਵਾ॥ (ਸਫ਼ਾ 484)*

ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ॥ ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ॥ ***ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ॥***

ਕਦਿ ਪਾਵਉ ਸਾਧ ਸੰਗੁ ਹਰਿ ਹਰਿ ਸਦਾ ਆਨੰਦੁ ਗਿਆਨ ਅੰਜਨਿ ਮੇਰਾ ਮਨੁ ਇਸਨਾਨੈ॥ (ਸਫ਼ਾ 687)

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥ ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥ ਸਾਧ ਭਲੇ ਅਣ ਨਾਤਿਆ ਚੋਰ ਸਿ ਚੋਰਾ ਚੋਰ॥ (ਸਫ਼ਾ 789)

ਤੀਰਥ ਨਾਇ ਨ ਉਤਰਸਿ ਮੈਲੁ॥ ਕਰਮ ਧਰਮ ਸਭਿ ਹਉਮੈ ਫੈਲੁ॥ ਲੋਕ ਪਚਾਰੈ ਗਤਿ ਨਹੀ ਹੋਇ॥ ਨਾਮ ਬਿਹੂਣੇ ਚਲਸਹਿ ਰੋਇ॥ (ਸਫ਼ਾ 890)

ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ॥ ***ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ॥*** ਸਾਚੋ ਸਾਹਿਬੁ ਨਿਰਮਲੋ ਮਨਿ ਮਾਨੈ ਏਕਾ॥ (ਸਫ਼ਾ 1009)

ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ॥ ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁੋ ਖੋਜਿ ਲਹੈ॥ ***ਗੁਰ ਸਮਾਨਿ ਤੀਰਥੁ ਨਹੀ ਕੋਇ॥*** ਸਰੁ ਸੰਤੋਖੁ ਤਾਸੁ ਗੁਰੁ ਹੋਇ॥ (ਸਫ਼ਾ 1328)

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ (ਸਫ਼ਾ 687)

ਤੌਹੀਦ (ਰੱਬ ਇੱਕ ਹੈ): ਤੌਹੀਦ ਫ਼ਾਰਸੀ ਜ਼ਬਾਨ ਦਾ ਲਫ਼ਜ਼ ਹੈ ਜਿਹੜਾ ਤ+ਵਾਦਿ ਦੇ ਮੇਲ ਤੋਂ ਬਣਿਆ ਹੈ ਜਿਸ ਦਾ ਮਾਅਨਾ ਹੈ: (ਰੱਬ ਨੂੰ) ਵਾਹਿਦ ਬਣਾਉਣਾ। ਸਿੱਖ ਧਰਮ ਇੱਕ ਰੱਬ ਦੀ ਹੋਂਦ ਨੂੰ ਮੰਨਦਾ ਕਰਦਾ ਹੈ। ਭਾਰਤੀ ਫ਼ਲਸਫ਼ੇ ਵਿਚ ਇਸ ਵਰਗਾ 'ਅਦਵੈਤ' ਦਾ ਫ਼ਲਸਫ਼ਾ ਮੌਜੂਦ ਹੈ। ਅਦਵੈਤ ਦੀ ਜੜ੍ਹ 'ਦਵਯ' ਵਿਚ ਹੈ ਜਿਸ ਦਾ ਮਾਅਨਾ ਹੈ ਦੂਜਾ, ਦੁਵਿਧਾ, ਭਰਮ, ਸ਼ੱਕ ਵਾਲਾ। ਹਿੰਦੂ ਤ੍ਰਿਮੂਰਤੀ (1. ਬ੍ਰਹਮਾ, 2. ਵਿਸ਼ਨੂੰ, 3. ਮਹੇਸ਼) ਵਿਚ ਯਕੀਨ ਰਖਦੇ ਹਨ। ਈਸਾਈ ਇਕ ਹੋਰ ਤਰ੍ਹਾਂ ਦੀ ਤ੍ਰਿਮੂਰਤੀ ਵਿਚ ਅਕੀਦਾ ਰਖਦੇ ਹਨ (1. ਰੱਬ, 2. ਰੱਬ ਦਾ ਪੁੱਤਰ, ਯਾਨਿ ਈਸਾ ਅਤੇ 3. ਪਵਿੱਤਰ ਰੂਹ)। ਸਿੱਖ ਧਰਮ ਵਿਚ ਰੱਬ ਇੱਕ ਹੈ ਤੇ ਉਸ ਦੇ ਮੁਕਾਬਲੇ ਵਿਚ ਜਾਂ ਉਸ ਦਾ ਕੋਈ ਹਿੱਸਾ ਹੋਰ ਨਹੀਂ ਹੈ। ਰੱਬ ਦੇ ਬਰਾਬਰ ਜਾਂ ਉਸ ਵਰਗਾ ਕਿਸੇ ਹੋਰ ਨੂੰ ਸਮਝਣਾ, ਗੁਰਬਾਣੀ ਵਿਚ ਰੱਦ ਕੀਤਾ ਗਿਆ ਹੈ। ਦੇਖੋ: **ਅਕਾਲ ਪੁਰਖ, ਕਰਤਾ ਪੁਰਖ, ਅਦਵੈਤਵਾਦ।**

ਤੰਤਰ/ਤੰਤ੍ਰ: ਲਫ਼ਜ਼ੀ ਮਾਅਨਾ: ਤਾਣਾ ਅਤੇ (ਤਾਣੀ ਦਾ) ਪੇਟਾ। ਇਸ ਦੀ ਜੜ੍ਹ 'ਤੰਤੂ' ਵਿਚ ਹੈ ਜਿਸ ਦਾ ਮਾਅਨਾ ਹੈ: ਧਾਗਾ, ਸੂਤਰ, ਰੱਸੀ, ਤਾਰ, ਰੇਸ਼ਾ, ਤੰਦ। ਇੰਞ ਹੀ ਇਸ ਦਾ ਸਬੰਧ 'ਤੰਤ੍ਰਮ' ਨਾਲ ਵੀ ਹੈ ਜਿਸ ਦਾ ਮਾਅਨਾ ਹੈ: ਖੱਡੀ, ਤਾਣਾ (ਇਹ ਵੀ ਧਾਗਾ ਤੋਂ ਬਣਿਆ ਹੈ)। ਬ੍ਰਾਹਮਣਾਂ ਮੁਤਾਬਿਕ ਉਹ (ਜਾਦੂ ਦਾ ਤਾਣਾ-ਪੇਟਾ) ਜਿਸ ਨੂੰ ਤਾਣ ਕੇ ਕਿਸੇ ਬਲਾਅ ਜਾਂ ਮੁਸ਼ਕਿਲ ਨੂੰ ਟਾਲਿਆ ਜਾ ਸਕੇ। ਸਾਕਤਾਂ ਦੀਆਂ 'ਧਾਰਮਿਕ ਲਿਖਤਾਂ' ਨੂੰ ਵੀ 'ਤੰਤਰ' ਕਿਹਾ ਜਾਂਦਾ ਹੈ। ਧਾਰਮਿਕ ਫ਼ਲਸਫ਼ੇ ਪੱਖੋਂ ਇਹ ਬਿਲਕੁਲ ਗ਼ਲਤ ਹੈ ਕਿਉਂਕਿ ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਰੱਬ ਦੇ ਭਾਣੇ ਨੂੰ ਕਿਸੇ ਤੰਤਰ-ਮੰਤਰ ਨਾਲ ਟਾਲਿਆ ਜਾ ਸਕਦਾ ਹੈ (ਰੱਬ ਦਾ ਭਾਣਾ ਟਾਲਣਾ ਨਾ-ਮੁਮਕਿਨ ਹੈ ਤੇ ਜੇ ਰੱਬ ਦੇ ਭਾਣੇ ਨੂੰ ਟਾਲਿਆ ਜਾ ਸਕਦਾ ਹੈ ਤਾਂ ਇਸ ਦਾ ਮਤਲਬ ਇਹ ਹੈ ਕਿ ਰੱਬ ਦੇ ਹੁਕਮ ਨੂੰ ਟਾਲਿਆ/ਬਦਲਿਆ ਜਾ

ਸਕਦਾ ਹੈ, ਯਾਨਿ ਕਿ ਉਹ ਸਾਰੀਆਂ ਤਾਕਤਾਂ ਦਾ ਮਾਲਿਕ ਨਹੀਂ ਹੈ)। ਗੁਰੂ ਨਾਨਕ ਸਾਹਿਬ ਇਨ੍ਹਾਂ ਅਖੌਤੀ ਤੰਤਰਾਂ-ਮੰਤਰਾਂ ਨੂੰ ਪਾਖੰਡ ਕਹਿੰਦੇ ਹਨ।

ਆਪਿ ਜਣਾਵੈ ਮਾਰਗਿ ਪਾਵੈ ਆਪੇ ਮਨੂਆ ਲੇਵਏ॥ ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ॥ ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥ ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰਸਬਦੀ ਸਚੁ ਜਾਨਿਆ॥ (ਸਫ਼ਾ 766)

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਦ ਧਰਤੀ ਬਣੀ ਤਾਂ ਉਦੋਂ ਇਹ ਤੰਤ੍ਰ-ਮੰਤ੍ਰ ਕਿਥੇ ਸੀ:

ਨਾ ਸੁਚਿ ਸੰਜਮੁ ਤੁਲਸੀ ਮਾਲਾ॥ ਗੋਪੀ ਕਾਨੁ ਨ ਗਊ ਗੋੁਆਲਾ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ॥ ਕਰਮ ਧਰਮ ਨਹੀ ਮਾਇਆ ਮਾਖੀ॥ ਜਾਤਿ ਜਨਮੁ ਨਹੀ ਦੀਸੈ ਆਖੀ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ॥ (ਸਫ਼ਾ 1035)

ਗੁਰੂ ਨਾਨਕ ਸਾਹਿਬ 'ਤੰਤ੍ਰ ਮੰਤ੍ਰ' ਨੂੰ ਪਾਖੰਡ ਗਰਦਾਨਦੇ ਹਨ:

ਤੰਤ ਮੰਤੁ ਪਖੰਡੁ ਨਾ ਜਾਣਾ ਰਾਮੁ ਰਿਦੈ ਮਨੁ ਮਾਨਿਆ॥ (ਸਫ਼ਾ 766)

ਭਗਤ ਕਬੀਰ ਵੀ ਅਖੌਤੀ ਤੰਤ੍ਰ-ਮੰਤ੍ਰ ਨੂੰ ਰੱਦ ਕਰਦੇ ਹਨ:

ਸਾਧੂ ਸਾਧ ਸਾਧ ਜਨ ਨੀਕੇ ਜਿਨ ਅੰਤਰਿ ਨਾਮੁ ਧਰੀਜੈ॥ ਪਰਸਨਿ ਪਰਸੁ ਭਏ ਸਾਧੂ ਜਨ ਜਨੁ ਹਰਿ ਭਗਵਾਨੁ ਦਿਖੀਜੈ॥ ਸਾਕਤ ਸੂਤੁ ਬਹੁ ਗੁਰਝੀ ਭਰਿਆ ਕਿਉ ਕਰਿ ਤਾਨੁ ਤਨੀਜੈ॥ ਤੰਤੁ ਸੂਤੁ ਕਿਛੁ ਨਿਕਸੈ ਨਾਹੀ ਸਾਕਤ ਸੰਗੁ ਨ ਕੀਜੈ॥ (ਸਫ਼ਾ 1324)

ਗੁਰੂ ਅਰਜਨ ਸਾਹਿਬ ਕਹਿੰਦੇ ਹਨ। ਕਿ ਸਿਰਫ਼ ਪ੍ਰਮਾਤਮਾ ਦਾ ਨਾਂ ਹੀ 'ਤੰਤ੍ਰ' ਹੈ।

ਹਰਿ ਹਰਿ ਤੰਤੁ ਮੰਤੁ ਗੁਰਿ ਦੀਨ੍ਹਾ॥ ਇਹੁ ਸੁਖੁ ਨਾਨਕ ਅਨਦਿਨੁ ਚੀਨ੍ਹਾ॥ (ਸਫ਼ਾ 386)

ਇੱਕ ਸਿੱਖ ਨੂੰ ਅਜਿਹੇ ਤੰਤ੍ਰਾਂ- ਮੰਤ੍ਰਾਂ ਵਿਚ ਭਰੋਸਾ ਕਰਨ ਦੀ ਸਖ਼ਤ ਮਨਾਹੀ ਹੈ।

ਤੰਮਾਕੂ: ਵੇਖੋ: ਸਿਗਰਟ। 58

ਤ੍ਰਿਸ਼ਨਾ: ਲਫ਼ਜ਼ੀ ਮਾਅਨਾ: ਤ੍ਰੇਹ, ਪਿਆਸ। ਸਿੱਖ ਫ਼ਲਸਫ਼ੇ ਵਿਚ ਇਸ ਦਾ ਮਾਅਨਾ ਹੈ: ਭੁੱਖ, ਲਾਲਚ, ਖ਼ਾਹਿਸ਼ ਵਗ਼ੈਰਾ। ਇਹ ਕਿਸੇ ਚੀਜ਼ ਦੀ ਵੀ ਹੋ ਸਕਦੀ ਹੈ: ਦੌਲਤ, ਭੋਜਨ, ਕਪੜੇ, ਕਾਮ (ਔਰਤਾਂ), ਨਸ਼ੇ, ਤਾਕਤ, ਸਨਮਾਨ ਵਗ਼ੈਰਾ। ਤ੍ਰਿਸ਼ਨਾ ਬਹੁਤ ਮੋਹਕ ਹੁੰਦੀ ਜੋ ਆਮ ਤੌਰ ਤੇ ਬੁਝਾਈ/ਦਬਾਈ ਨਹੀਂ ਜਾ ਸਕਦੀ। ਰੱਬ ਦਾ ਨਾਂ ਜਪਣ ਨਾਲ ਇਸ ਦਾ ਖ਼ਾਤਮਾ ਹੋ ਜਾਂਦਾ ਹੈ।

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ *॥ ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥ ਪਰੈ ਪਰੈ ਹੀ ਕਉ ਲੁਝੀ ਹੇ॥ ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ॥ ਬੁਰਾ ਭਲਾ ਨਹੀ ਸੁਝੀ ਹੇ॥ ਅਨਿਕ ਬੰਧਨ ਮਾਇਆ, ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ॥ ਮਨ ਬਿਖੈ ਹੀ ਮਹਿ ਲੁਝੀ ਹੇ॥ ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧ ਸੰਗਿ ਮਾਇਆ ਤਰੈ॥ ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ॥ (ਸਫ਼ਾ 213)*

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ॥ *ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ॥ ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ॥ ਮੇਰੇ ਪ੍ਰੀਤਮਾ, ਮੈ ਤੁਝ ਬਿਨੁ ਅਵਰੁ ਨ ਕੋਇ॥ ਮੈ ਤੁਝ ਬਿਨੁ ਅਵਰੁ ਨਾ ਭਾਵਈ ਤੂੰ ਭਾਵਹਿ ਸੁਖੁ ਹੋਇ॥ (ਸਫ਼ਾ 61)*

ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ॥ ਗੁਰਮੁਖਿ ਸਬਦੇ ਰਤਿਆ ਸੀਤਲੁ ਹੋਏ ਆਪੁ ਗਵਾਇ॥ ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ॥ ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ॥ (ਸਫ਼ਾ 649)

ਤ੍ਰਿਸਨਾ ਬੁਝੈ ਹਰਿ ਕੈ ਨਾਮਿ॥ ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ॥ (ਸਫ਼ਾ 682)

ਦਇਆ: ਇਸ ਦਾ ਲਫ਼ਜ਼ੀ ਮਾਅਨਾ ਹੈ: ਇਨਸਾਨਾਂ (ਅਤੇ ਜਾਨਵਰਾਂ ਵੀ) ਵਾਸਤੇ ਤਰਸ ਜਾਂ ਰਹਿਮ ਦਿਖਾਉਣਾ ਜਾਂ ਹਮਦਰਦੀ ਦਾ ਇਜ਼ਹਾਰ ਕਰਨਾ (ਤੇ ਜੇ ਹੋ ਸਕੇ ਤਾਂ ਉਨ੍ਹਾਂ ਦੀ ਮਦਦ ਵੀ ਕਰਨਾ)। ਇਹ ਇਕ ਖ਼ੂਬੀ ਹੈ ਅਤੇ ਹਰੇਕ ਸਿੱਖ ਵਿਚ ਹੋਣੀ ਚਾਹੀਦੀ ਹੈ। ਸਿੱਖ ਜੀਵਨ-ਜਾਚ ਵਿਚ ਦਇਆ ਇੱਕ ਰੱਬੀ/ਇਲਾਹੀ ਖ਼ੂਬੀ ਹੈ। ਪਰ, ਇਹ ਅਹਿੰਸਾ ਵਿਚੋਂ ਪੈਦਾ ਨਹੀਂ ਹੁੰਦੀ। ਹਰ ਸਿੱਖ ਨੂੰ, ਆਪਣੀ ਹਿੰਮਤ ਮੁਤਾਬਿਕ, ਲੋੜਵੰਦ ਇਨਸਾਨ ਦੀ ਮਦਦ ਕਰਨੀ ਚਾਹੀਦੀ ਹੈ। ਕਿਸੇ ਕਮਜ਼ੋਰ ਜਾਂ ਲੋੜਵੰਦ ਸ਼ਖ਼ਸ ਦੀ ਮਦਦ ਕਰਨਾ ਜਾਂ ਉਸ ਦੇ ਕਿਸੇ ਕੰਮ ਆਉਣਾ ਜਾਂ ਕਿਸੇ ਕਮਜ਼ੋਰ ਬੰਦੇ ਦੀ ਹਿਫ਼ਾਜ਼ਤ ਕਰਨਾ, ਸਿੱਖ ਕਲਚਰ ਦਾ ਅਹਿਮ ਹਿੱਸਾ ਹੈ। ਇਸ ਦੀ ਜੜ੍ਹ ਰੂਹਾਨੀਅਤ, ਧਰਮ, ਇਨਸਾਫ਼ ਅਤੇ ਇਨਸਾਨੀਅਤ ਦੇ ਫ਼ਲਸਫ਼ੇ ਵਿਚ ਹੈ। ਇੱਕ ਸਿੱਖ ਨੂੰ ਕਦੇ ਵੀ ਹਮਲਾਵਰ, ਧਾੜਵੀ ਜਾਂ ਦਿਓ-ਸੋਚ ਦਾ ਨਹੀਂ ਹੋਣਾ ਚਾਹੀਦਾ ਪਰ ਕਿਸੇ ਦਹਿਸ਼ਤਗਰਦ ਜਾਂ ਜ਼ਾਲਮ ਬੰਦੇ ਦੇ ਮਾਮਲੇ ਵਿਚ ਕੋਈ ਦਇਆ/ਤਰਸ ਨਹੀਂ ਦਿਖਾਉਣਾ ਚਾਹੀਦਾ। ਦਇਆ, ਤਰਸ, ਹਮਦਰਦੀ ਸਿਰਫ਼ ਮਾਸੂਮ ਇਨਸਾਨਾਂ ਲਈ ਹਨ, ਹੈਵਾਨਾਂ ਤੇ ਜ਼ਾਲਮਾਂ ਵਾਸਤੇ ਨਹੀਂ।

ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ॥ ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ॥ ਜੋ ਦੀਸੈ ਸੋ ਸਗਲ ਤੂੰ ਹੈ ਪਸਰਿਆ ਪਾਸਾਰੁ॥ ਕਹੁ ਨਾਨਕ ਗੁਰ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ॥ (ਸਫ਼ਾ 51)

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥ (ਸਫ਼ਾ 468)

ਸਚੁ ਵਰਤੁ, ਸੰਤੋਖੁ ਤੀਰਥੁ, ਗਿਆਨੁ ਧਿਆਨੁ ਇਸਨਾਨੁ॥ ਦਇਆ ਦੇਵਤਾ, ਖਿਮਾ ਜਪਮਾਲੀ, ਤੇ ਮਾਣਸ ਪਰਧਾਨ॥ (ਸਫ਼ਾ 1245)

ਦਸਤਾਰ: ਦਸਤਾਰ (ਪੱਗ) ਇਕ ਸਿੱਖ ਦੇ ਪਹਿਰਾਵੇ ਦਾ ਇਕ ਅਨਿੱਖੜਵਾਂ/ ਅਟੁੱਟ ਅੰਗ ਹੈ। ਇਕ ਸਿੱਖ ਦਸਤਾਰ ਤੋਂ ਬਿਨਾਂ ਕਿਸੇ ਸਮੇਂ ਵੀ ਨਹੀਂ ਰਹਿ ਸਕਦਾ। ਇਕ ਸਿੱਖ ਕਿਸੇ ਵੀ ਹਾਲਤ ਵਿੱਚ ਟੋਪੀ/ ਹੈਲਮਟ ਨਹੀਂ ਪਾ ਸਕਦਾ। ਦਸਤਾਰ ਦੀ ਲੰਮੀ ਤਵਾਰੀਖ਼ ਹੈ। ਇਹ ਅਨੇਕਾਂ ਸਦੀਆਂ ਤੋਂ ਸੰਸਾਰ ਦੇ ਵੱਖ ਵੱਖ ਹਿੱਸਿਆਂ ਵਿਚ ਬੰਨ੍ਹੀ ਜਾਂਦੀ ਸੀ। ਇਸਲਾਮ ਵਿਚ, ਇਹ ਧਾਰਮਿਕ ਸ਼ਖ਼ਸੀਅਤਾਂ ਦੀ ਪੁਸ਼ਾਕ/ ਪਹਿਰਾਵੇ ਦਾ ਜ਼ਰੂਰੀ ਹਿੱਸਾ ਹੈ। ਹਿੰਦੂ ਧਰਮ ਵਿਚ ਵੀ ਸਾਧੂ ਤੇ ਫਕੀਰ ਸਦੀਆਂ ਤੋਂ ਦਸਤਾਰ ਬੰਨ੍ਹਦੇ ਰਹੇ ਹਨ। ਸਿੱਖ ਧਰਮ ਵਿਚ ਇਹ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਸਿੱਖਾਂ ਦੀ ਸ਼ਖ਼ਸੀਅਤ ਦਾ ਇਕ ਹਿੱਸਾ ਬਣ ਚੁਕੀ ਹੈ। ਗੁਰੂ ਗੋਬਿੰਦ ਸਿੰਘ

ਸਾਹਿਬ ਨੇ ਇਕ ਸਿੱਖ ਲਈ ਦਸਤਾਰ ਸਜਾਉਣੀ ਪੂਰੀ ਤਰ੍ਹਾਂ ਲਾਜ਼ਮੀ ਕਰ ਦਿੱਤੀ ਸੀ। ਰਹਿਤਨਾਮਿਆਂ ਵਿਚ ਗੁਰੂ ਸਾਹਿਬ ਦਸਤਾਰ ਨੂੰ ਲਾਜ਼ਮੀ ਦੱਸਦੇ ਹਨ ਅਤੇ ਇਸ ਨੂੰ ਸਿੱਖੀ ਦਾ ਅਹਿਮ ਚਿਨ੍ਹ ਦੱਸਦੇ ਹਨ। ਰਹਿਤਨਾਮਿਆਂ ਵਿਚ ਇਸੇ ਸਬੰਧ ਵਿਚ ਕੇਸਕੀ ਲਫ਼ਜ਼ ਦੀ ਵਰਤੋਂ ਵੀ ਮਿਲਦੀ ਹੈ। ਹੋਰ ਵੇਖੋ: **ਕੇਸਕੀ**

ਦਸਤਾਰ ਦੇ ਆਕਾਰ, ਸ਼ਕਲ ਜਾਂ ਰੰਗ ਦੀ ਕੋਈ ਪਾਬੰਦੀ ਨਹੀਂ ਹੈ। ਇਕ ਸਿੱਖ ਦਸਤਾਰ ਤੋਂ ਬਿਨਾਂ ਵਿਚਰ ਨਹੀਂ ਸਕਦਾ। ਸਿੱਖ ਵਾਸਤੇ ਦਸਤਾਰ ਜ਼ਰੂਰੀ/ ਲਾਜ਼ਮੀ ਹੈ ਨਾ ਕਿ ਅਖ਼ਤਿਆਰੀ। ਇਹ ਜਿਸਮ ਦਾ ਇਕ ਜ਼ਰੂਰੀ ਅੰਗ ਹੈ ਨਾ ਕਿ ਕਲਚਰ ਦਾ ਹਿੱਸਾ ਹੈ। ਦਸਤਾਰ ਤੋਂ ਬਿਨਾਂ ਸਿੱਖ ਦਾ ਮਾਅਨਾ ਹੈ: ਇਕ ਬੇਇੱਜ਼ਤ ਆਦਮੀ। ਇਕ ਸਿੱਖ, ਜੋ ਹੋਰ ਸਿੱਖ ਦੀ ਦਸਤਾਰ ਨੂੰ ਲਾਹੁਣ ਦੇ ਇਰਾਦੇ ਨਾਲ ਉਸ ਨੂੰ ਹੱਥ ਪਾਉਂਦਾ ਹੈ, ਉਹ ਸਿੱਖ ਜ਼ਾਬਤੇ ਦੀ ਉਲੰਘਣਾ ਕਰਦਾ ਹੈ ਅਤੇ ਇਸ ਕਰਤੂਤ ਕਾਰਨ ਵੱਡਾ ਤਨਖ਼ਾਹੀਆ ਹੁੰਦਾ ਹੈ। ਦਸਤਾਰ ਦੀ ਬਹੁਤ ਅਹਿਮੀਅਤ ਹੈ ਅਤੇ ਇਸ ਦਾ ਵੱਖਰਾ ਤੇ ਉੱਚਾ ਰੁਤਬਾ ਹੈ। ਦਸਤਾਰ ਸਨਮਾਨ ਦਾ ਚਿੰਨ੍ਹ ਵੀ ਹੈ। ਪੰਜਾਬੀ ਵਿਚ ਇਕ ਅਖਾਣ ਹੈ: ਪੱਗ ਵਟਾਉਣਾ (ਜਿਸ ਦਾ ਮਾਅਨਾ ਹੈ ਇਕ-ਦੂਜੇ ਨੂੰ ਪੱਗ ਭੇਟ/ਪੇਸ਼ ਕਰਨਾ, ਨਾ ਕਿ ਆਪਣੀ ਪੱਗ ਲਾਹ ਕੇ ਦੂਜੇ ਦੇ ਸਿਰ 'ਤੇ ਰੱਖਣਾ)। ਇਸ ਦਾ ਮਤਲਬ ਇਹ ਹੈ ਕਿ ਹੁਣ ਤੋਂ ਇਕ ਦੂਜੇ ਦੀ ਪੱਗ (ਇੱਜ਼ਤ) ਸਾਂਝੀ/ਇੱਕ ਹੈ ਅਤੇ ਇਸ ਦੀ ਰੱਖਿਆ ਅਤੇ ਸਨਮਾਨ ਕਰਨਾ ਦੋਹਾਂ ਦੀ ਸਾਂਝੀ ਜ਼ਿੰਮੇਵਾਰੀ ਹੈ। ਇਸ ਦੇ ਵੇਰਵੇ ਵਾਸਤੇ ਵੇਖੋ ਕਿਤਾਬ: **ਸਿੱਖ ਫ਼ਿਲਾਸਫ਼ੀ ਕੀ ਹੈ ਤੇ ਹੋਰ ਲੇਖ** ਵਿਚ ਦਸਤਾਰ ਬਾਰੇ ਲੇਖ।

ਦਸਮ ਗ੍ਰੰਥ: ਦਸਮ ਗ੍ਰੰਥ (ਲਫ਼ਜ਼ੀ ਮਾਅਨਾ: ਦਸਵਾਂ ਗ੍ਰੰਥ ਜਾਂ ਦਸਵੇਂ ਗੁਰੂ ਦਾ ਗ੍ਰੰਥ) ਜਿਸ ਦਾ ਅਸਲ ਨਾਂ 'ਬਚਿਤਰ ਨਾਟਕ' ਹੈ, ਇਕ ਉਹ ਕਿਤਾਬ ਹੈ ਜਿਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਇਸ ਵਿਚ ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤਰ ਨਾਟਕ, ਚੰਡੀ ਚਰਿਤਰ, ਚੰਡੀ ਦੀ ਵਾਰ, ਚਰਿੱਤ੍ਰੋ-ਪਾਖਿਆਨ, ਚੌਬੀਸ ਅਵਤਾਰ (ਰਾਮ ਅਵਤਾਰ, ਕ੍ਰਿਸ਼ਨ ਅਵਤਾਰ ਤੇ ਹੋਰ), ਗਿਆਨ ਪ੍ਰਬੋਧ, ਹਿਕਾਇਤਾਂ, ਸ਼ਬਦ ਹਜ਼ਾਰੇ, ਸ਼ਸਤਰ ਨਾਮ ਮਾਲਾ, ਜ਼ਫ਼ਰਨਾਮਾ ਵਗ਼ੈਰਾ ਗਿਣੇ ਜਾਂਦੇ ਹਨ। ਬਹੁਤੇ ਵਿਦਵਾਨ ਇਹ ਯਕੀਨ ਕਰਦੇ ਹਨ ਕਿ ਇਹ ਲਿਖਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਨਹੀਂ ਲਿਖੀਆਂ ਹੋਈਆਂ ਪਰ ਕਵੀਆਂ ਰਾਮ, ਸ਼ਾਮ ਤੇ ਹੋਰਨਾਂ ਵੱਲੋਂ ਰਚੀਆਂ ਗਈਆਂ ਸਨ। ਇਨ੍ਹਾਂ ਰਚਨਾਵਾਂ ਦੀ ਬੋਲੀ ਪੰਜਾਬੀ, ਫ਼ਾਰਸੀ, ਬ੍ਰਿਜੀ ਅਤੇ ਹਿੰਦੀ ਹੈ। ਦੇਖੋ: ਇਨ੍ਹਾਂ ਵਿਚੋਂ ਵਖ-ਵਖ ਰਚਨਾਵਾਂ, ਜਿਵੇਂ **ਬਚਿਤਰ ਨਾਟਕ, ਜਾਪੁ ਸਾਹਿਬ, ਚਰਿਤ੍ਰੋਪਾਖਯਾਨ** ਤੇ ਹੋਰ ਲਿਖਤਾਂ ਉਨ੍ਹਾਂ ਦੇ ਹੈਡਿੰਗ ਹੇਠ।

ਦਸਮ ਦੁਆਰ/ਦਸਵਾਂ ਦੁਆਰ: ਲਫ਼ਜ਼ੀ ਮਾਅਨਾ ਹੈ: ਦਸਵਾਂ ਦਰਵਾਜ਼ਾ। ਇਨਸਾਨ ਦੇ ਜਿਸਮ ਦੇ ਨੌਂ ਦਰਵਾਜ਼ੇ ਹਨ, ਜਿਨ੍ਹਾਂ ਰਾਹੀਂ ਕੋਈ ਚੀਜ਼ ਜਿਸਮ ਦੇ ਅੰਦਰ ਜਾ ਸਕਦੀ ਹੈ ਜਾਂ ਬਾਹਰ ਆ ਸਕਦੀ ਹੈ। ਇਹ ਨੌਂ ਹਨ: ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਮੂੰਹ, ਮਲ ਦੁਆਰ ਅਤੇ ਮੂਤਰ ਨਾਲੀ। ਕੁਝ ਹਿੰਦੂ ਇਹ ਯਕੀਨ ਰਖਦੇ ਹਨ ਕਿ ਇਨਸਾਨ ਦੇ ਜਿਸਮ ਵਿਚ ਕੁਝ ਖ਼ੁਫ਼ੀਆ ਦਰਵਾਜ਼ੇ ਹਨ ਜੋ ਦਿਖਾਈ ਨਹੀਂ ਦੇਂਦੇ। ਹਿੰਦੂ ਕਿਤਾਬ 'ਭਗਵਤ ਗੀਤਾ' ਇਨਸਾਨੀ ਜਿਸਮ ਨੂੰ ਇਕ ਸ਼ਹਿਰ

ਦਸਦੀ ਹੈ ਜਿਸ ਦੇ ਨੌਂ ਦਰਵਾਜ਼ੇ ਹਨ। ਹਠ ਯੋਗ ਮੁਤਾਬਿਕ ਇਨਸਾਨੀ ਜਿਸਮ ਵਿਚ ਦਸ ਦਰਵਾਜ਼ੇ ਹਨ। 'ਕਥਾ ਉਪਨਿਸ਼ਦ' ਦਾਅਵਾ ਕਰਦਾ ਹੈ ਕਿ ਇਹ ਯਾਰ੍ਹਾਂ ਦਰਵਾਜ਼ੇ ਹਨ। ਬੁੱਧ ਧਰਮ ਵੀ ਦਸ ਦਰਵਾਜ਼ਿਆਂ ਦੀ ਗੱਲ ਨੂੰ ਮੰਨਦਾ ਹੈ। ਸਿੱਖ ਲੱਫ਼ਾਜ਼ੀ ਵਿਚ ਬੁੱਧੀ, ਦਿਮਾਗ਼, ਰੂਹ (ਇਨ੍ਹਾਂ ਤਿੰਨਾਂ ਨੂੰ ਵੱਖਰਿਆਉਣਾ ਔਖਾ ਹੈ) ਨੂੰ ਅਖੌਤੀ ਦਸਵਾਂ ਦੁਆਰ ਮੰਨਿਆ ਗਿਆ ਹੈ। ਇਹ ਉਹ 'ਦੁਆਰ' ਹੈ ਜਿਸ ਤੋਂ ਗਿਆਨ, ਰੂਹਾਨੀ ਇਲਮ, ਜਾਗ੍ਰਿਤੀ, ਚੇਤਨਤਾ ਆਉਂਦੀਆਂ ਹਨ। ਗੁਰੂ ਅਮਰਦਾਸ ਸਾਹਿਬ ਦਸਮ ਦੁਆਰ ਬਾਰੇ ਇਸ਼ਾਰਾ ਕਰਦੇ ਹਨ ਕਿ ਇਹ ਇਕ ਰੂਹਾਨੀ ਦਰਵਾਜ਼ਾ ਹੈ, ਜੋ ਕਿ ਸ਼ਬਦ ਦੀ ਕੁੰਜੀ ਨਾਲ ਖੁੱਲ੍ਹਦਾ ਹੈ। ਕੁਝ ਸਿੱਖ ਵਿਦਵਾਨ ਦਸਵਾਂ ਦੁਆਰ ਨੂੰ ਇਕ ਉਹ ਮੁਕਾਮ ਮੰਨਦੇ ਹਨ ਜਦੋਂ ਮਨ ਲਿਵ ਲਾ ਕੇ, ਰੱਬ ਨਾਲ ਪਿਆਰ ਕਰਦਾ ਹੈ। ਇਹ 'ਰਾਹ' ਰੱਬ ਦੀ ਭਗਤੀ ਨਾਲ ਖੁੱਲ੍ਹਦਾ ਹੈ। ਇਸ ਰਸਤੇ 'ਚੋਂ ਜੋ 'ਅੰਮ੍ਰਿਤ' ਚੋਵੇਗਾ, ਜੋ ਉਸ ਨੂੰ ਪੀਵੇਗਾ, ਉਹ ਆਪੇ ਦੀ ਪਛਾਣ ਕਰ ਲਵੇਗਾ ਅਤੇ ਫਿਰ ਉਹ ਅਨੰਦ ਤੇ ਸਹਿਜ ਦੇ ਮੁਕਾਮ 'ਤੇ ਪੁੱਜ ਜਾਵੇਗਾ।

ਦਸਵੰਧ: ਇਸ ਦਾ ਲਫ਼ਜ਼ੀ ਮਾਅਨਾ ਹੈ: ਦਸਵਾਂ ਹਿੱਸਾ। ਸਿੱਖ ਧਰਮ ਵਿੱਚ ਦਸਵੰਧ ਦਾ ਮਤਲਬ ਹੈ ਆਪਣੀ ਆਮਦਨੀ ਦਾ ਦਸਵਾਂ ਹਿੱਸਾ ਪੰਥ ਦੇ ਭਲੇ ਵਾਸਤੇ ਖ਼ਰਚ ਕਰਨਾ। ਦਸਵੰਧ ਦੀ ਰਿਵਾਇਤ ਯਹੂਦੀ ਅਤੇ ਈਸਾਈ ਧਰਮਾਂ ਵਿਚ ਵੀ ਮੌਜੂਦ ਹੈ। ਹਰੇਕ ਯਹੂਦੀ ਅਤੇ ਈਸਾਈ ਨੂੰ ਆਪਣੀ ਆਮਦਨ ਦਾ ਦਸਵਾਂ ਹਿੱਸਾ ਸਾਇਨਾਗਾਗ (ਯਹੂਦੀ ਗਿਰਜਾ ਘਰ) ਵਿਚ ਦਿਆ ਕਰਦਾ ਸੀ। ਪਰ ਇਹ ਰਿਵਾਇਤ ਹੁਣ ਕਾਫ਼ੀ ਹੱਦ ਤਕ ਅਲੋਪ ਹੋ ਚੁਕੀ ਹੈ। ਇਸਲਾਮ ਵਿਚ ਵੀ ਜ਼ਕਾਤ ਲਾਜ਼ਮੀ ਹੈ ਤੇ ਇਹ ਕੁਲ ਦੌਲਤ ਦਾ 2.5% ਹਿੱਸਾ ਹੁੰਦਾ ਹੈ, ਜੋ ਕਿ ਹਰੇਕ ਰਮਜ਼ਾਨ (ਸਾਲ ਦੇ ਪਹਿਲੇ ਮਹੀਨੇ) ਤੋਂ ਪਹਿਲਾ ਦੇਣਾ ਹੁੰਦਾ ਹੈ। ਜ਼ਕਾਤ ਗ਼ਰੀਬਾਂ ਅਤੇ ਭਾਈਚਾਰੇ ਦੇ ਹੋਰ ਜ਼ਰੂਰੀ ਕੰਮਾਂ 'ਤੇ ਖ਼ਰਚ ਕੀਤਾ ਜਾਂਦਾ ਹੈ। ਪਰ ਬਹੁਤੇ ਮੁਸਲਮਾਨ ਇਸ 'ਤੇ ਅਮਲ ਨਹੀਂ ਕਰਦੇ।

ਦਸਵੰਧ ਸਿੱਖੀ ਦਾ ਇੱਕ ਅਹਿਮ ਥੰਮ੍ਹ ਹੈ। ਇਹ ਰਿਵਾਇਤ ਗੁਰੂ ਨਾਨਕ ਸਾਹਿਬ ਨੇ ਸ਼ੁਰੂ ਕੀਤੀ ਸੀ ਅਤੇ ਬਾਕੀ ਸਾਰੇ ਗੁਰੂ ਸਾਹਿਬਾਂ ਨੇ ਇਸ ਨੂੰ ਪ੍ਰਚਾਰਿਆ ਸੀ। ਜਦੋਂ ਗੁਰੂ ਅਮਰਦਾਸ ਸਾਹਿਬ ਜੀ ਨੇ 22 ਮੰਜੀਆਂ (ਮਿਸ਼ਨਰੀ ਸੈਂਟਰ) ਕਾਇਮ ਕੀਤੇ ਸਨ, ਤਾਂ ਉਨ੍ਹਾਂ ਨੇ ਇਨ੍ਹਾਂ ਸੈਂਟਰਾਂ 'ਤੇ ਮਸੰਦ ਵੀ ਨਾਮਜ਼ਦ ਕੀਤੇ ਸਨ। ਉਨ੍ਹਾਂ ਦਾ ਕੰਮ ਚੜ੍ਹਾਵਾ/ਭੇਟਾ ਅਤੇ ਦਸਵੰਧ ਨੂੰ ਇੱਕਠਾ ਕਰ ਕੇ ਗੁਰੂ ਸਾਹਿਬ ਤਕ ਕੌਮੀ ਖ਼ਜ਼ਾਨੇ ਵਿਚ ਜਮ੍ਹਾਂ ਕਰਨ ਵਾਸਤੇ ਪਹੁੰਚਾਉਣਾ ਸੀ। ਇਹ ਰਕਮ ਕੌਮੀ ਜ਼ਰੂਰਤਾਂ ਅਤੇ ਲੋੜਵੰਦ ਤੇ ਕਮਜ਼ੋਰ ਸਿੱਖਾਂ ਦੀ ਮਦਦ ਵਾਸਤੇ ਖ਼ਰਚ ਕੀਤੀ ਜਾਇਆ ਕਰਦੀ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖੰਡੇ ਦੀ ਪਾਹੁਲ ਲੈਣ ਵਾਲੇ ਹਰੇਕ ਸਿੱਖ ਵਾਸਤੇ ਦਸਵੰਧ ਲਾਜ਼ਮੀ ਕੀਤਾ ਸੀ। ਭਾਈ ਨੰਦ ਲਾਲ ਜੀ ਨੇ ਗੁਰੂ ਸਾਹਿਬ ਦੇ ਦਸਵੰਧ ਬਾਰੇ ਹੁਕਮ ਨੂੰ ਆਪਣੇ ਰਹਿਤਨਾਮਿਆਂ ਵਿਚ ਸਾਫ਼ ਤੇ ਖਰੇ ਲਫ਼ਜ਼ਾਂ ਵਿਚ ਬਿਆਨ ਕੀਤਾ ਹੈ। ਹਰ ਇਕ ਸਿੱਖ ਨੂੰ ਆਪਣੀ ਆਮਦਨ ਦਾ ਦਸਵਾਂ ਹਿੱਸਾ ਧਾਰਮਿਕ, ਸਮਾਜਿਕ ਜਾਂ ਹੋਰ ਇਨਸਾਨੀ ਭਲਾਈ ਦੇ ਕੰਮਾਂ ਲਈ ਖ਼ਰਚ ਕਰਨਾ ਚਾਹੀਦਾ ਹੈ। ਜੇ ਕਰ ਸਿੱਖ ਪੈਸੇ ਨਾਲ ਆਪਣਾ ਹਿੱਸਾ ਨਹੀਂ ਪਾ ਸਕਦਾ ਤਾਂ ਉਸ ਨੂੰ ਪੰਥ ਦੀ

ਸੇਵਾ ਲਈ ਆਪਣਾ ਸਮਾਂ ਕੱਢਣਾ ਚਾਹੀਦਾ ਹੈ ਤੇ ਆਪਣਾ ਹੁਨਰ ਵੰਡਣਾ ਚਾਹੀਦਾ ਹੈ। ਸਿੱਖ ਲਈ ਦਸਵੰਧ ਇੱਕ ਕਰਜ਼ ਹੈ ਜਿਸ ਨੂੰ ਜਿੰਨੀ ਜਲਦੀ ਮੁਮਕਿਨ ਹੋ ਸਕੇ ਚੁਕਾਇਆ ਜਾਣਾ ਚਾਹੀਦਾ ਹੈ। ਦਸਵੰਧ ਸਿੱਖ ਨੂੰ ਭਾਈਚਾਰਕ ਸਾਂਝ ਦਾ ਅਨਿੱਖੜਵਾਂ/ਅਟੁੱਟ ਅੰਗ ਅਤੇ ਭਾਈਚਾਰੇ ਦਾ ਇਕ ਚੰਗਾ ਤੇ ਜਮ੍ਹਾਂ-ਪੱਖੀ ਹਿੱਸਾ ਬਣਾਉਂਦਾ ਹੈ। ਇਸ ਲਈ, ਸਿੱਖ ਨੂੰ ਦਸਵੰਧ ਵਿਚ ਆਪਣਾ ਹਿੱਸਾ ਖੁੱਲ-ਦਿਲੀ ਨਾਲ ਤੇ ਖ਼ੁਸ਼ ਹੋ ਕੇ ਪਾਉਣਾ ਚਾਹੀਦਾ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਸਫ਼ਾ 1245)

ਦੱਖਣੀ ਓਅੰਕਾਰ: ਗੁਰੂ ਗ੍ਰੰਥ ਸਾਹਿਬ ਵਿਚ ਇਕ **'ਓਅੰਕਾਰ'** ਨਾਂ ਦੀ ਬਾਣੀ ਹੈ ਨਾ ਕਿ 'ਦੱਖਣੀ ਓਅੰਕਾਰ'। ਇਹ ਇਕ ਸ਼ਬਦ ਹੈ ਜੋ ਗੁਰੂ ਨਾਨਕ ਸਾਹਿਬ ਨੇ ਰਾਮਕਲੀ ਰਾਗ ਵਿਚ ਲਿਖਿਆ ਹੈ। ਇਕ ਰਿਵਾਇਤ ਮੁਤਾਬਿਕ, ਸਾਹਿਬ ਨੇ ਇਹ ਬਾਣੀ ਓਅੰਕਾਰ ਮੰਦਿਰ (ਜ਼ਿਲ੍ਹਾ ਨਿਮਰ, ਮੱਧ ਪ੍ਰਦੇਸ਼) ਦੇਖਣ ਤੋਂ ਬਾਅਦ ਲਿਖੀ ਸੀ । ਇਹ ਬਾਣੀ ਪਹਿਰਿਆਂ ਦੇ ਰੂਪ ਵਿਚ ਲਿਖੀ ਹੋਈ ਹੈ। ਹਰੇਕ ਬੰਦ ਦੇਵਨਾਗਰੀ ਲਿਪੀ ਦੇ ਇੱਕ ਅੱਖਰ ਤੋਂ ਸ਼ੁਰੂ ਹੁੰਦਾ ਹੈ। ਇਹ ਬਾਵਨ ਅੱਖਰੀ ਦੀ ਤਰ੍ਹਾਂ ਹੀ ਹੈ। (ਬਾਵਨ=52. ਦੇਵਨਾਗਰੀ ਲਿਪੀ ਦੇ 52 ਅੱਖਰ ਹਨ)। ਇਸ ਕਰ ਕੇ ਇਸ ਨੂੰ ਬਾਵਨ ਅੱਖਰੀ ਵੀ ਕਿਹਾ ਜਾਂਦਾ ਹੈ। ਇਸ ਬਾਣੀ ਦਾ ਮੁੱਖ ਨੁਕਤਾ ਰੱਬ ਦੇ ਇੱਕ ਹੋਣ ਬਾਰੇ (ਤੌਹੀਦ) ਦੱਸਣਾ ਹੈ। ਹੋਰ ਦੇਖੋ: **ਬਾਵਨ ਅੱਖਰੀ**।

ਦਬਿਸਤਾਨ-ਏ-ਮਜ਼ਾਹਿਬ: ਇਕ ਕਿਤਾਬ, ਜੋ ਸਤਾਰ੍ਹਵੀਂ ਸਦੀ ਵਿਚ, ਮਊਬਾਦ ਜ਼ੁਲਫ਼ਿਕਾਰ ਅਰਦਸਤਾਨੀ (1615-1670), ਜੋ ਕਿ ਇੱਕ ਜ਼ੋਰੋਆਸਤਰੀਅਨ ਪਾਦਰੀ ਸੀ, ਨੇ ਲਿਖੀ ਸੀ। ਪਹਿਲਾਂ ਇਹ ਭੁਲੇਖਾ ਬਣਿਆ ਰਿਹਾ ਸੀ ਕਿ ਇਹ ਲੇਖਕ ਮੁਹਸਿਨ ਫ਼ਾਨੀ ਹੈ। ਜ਼ੁਲਫ਼ਿਕਾਰ ਅਰਦਸਤਾਨੀ ਨੇ ਪੰਜਾਬ, ਕਸ਼ਮੀਰ, ਮਹਾਰਾਸ਼ਟਰ ਅਤੇ ਬਿਹਾਰ ਵਿੱਚ ਕਾਫ਼ੀ ਸਮਾਂ ਬਿਤਾਇਆ ਸੀ। ਉਹ ਬਿਹਾਰ ਦੇ ਸ਼ਹਿਰ ਗੁਲਜ਼ਾਰ ਬਾਗ (ਪਟਨਾ) ਵਿਚ ਮਰਿਆ ਸੀ। "ਦਬਿਸਤਾਨ-ਏ-ਮਜ਼ਾਹਿਬ" ਦਾ ਲਫ਼ਜ਼ੀ ਮਾਅਨਾ ਹੈ: "ਧਰਮਾਂ ਦੇ ਸਕੂਲ"। ਲੇਖਕ ਨੇ ਇਸ ਕਿਤਾਬ ਵਿਚ ਸਤਾਰ੍ਹਵੀਂ ਸਦੀ ਦੌਰਾਨ, ਸਾਊਥ-ਈਸਟ ਏਸ਼ੀਆ ਵਿਚ ਪ੍ਰਚਲਿਤ ਧਰਮਾਂ: ਇਸਲਾਮ, ਈਸਾਈਅਤ, ਹਿੰਦੂ, ਯਹੂਦੀ, ਸੂਫ਼ੀ, ਨਾਨਕਪੰਥੀ (ਸਿੱਖ), ਕਬੀਰ-ਪੰਥੀ ਤੇ ਜ਼ੋਰੋਆਸਟਰੀਅਨਾਂ ਦੇ ਫ਼ਲਸਫ਼ੇ ਤੇ ਕੁਝ-ਕੁਝ ਉਦੋਂ ਦੀ ਤਵਾਰੀਖ਼ ਦਾ ਵੇਰਵਾ ਵੀ ਦਿੱਤਾ ਹੈ।

ਲਿਖਾਰੀ ਇਹ ਦਾਅਵਾ ਕਰਦਾ ਹੈ ਕਿ ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਨਾਲ ਕਈ ਨਿਜੀ ਬੈਠਕਾਂ ਕੀਤੀਆਂ ਸਨ। ਜ਼ੁਲਫ਼ਿਕਾਰ ਲਿਖਦਾ ਹੈ ਕਿ ਸਿੱਖਾਂ ਦਾ ਯਕੀਨ ਹੈ ਕਿ ਸਾਰੇ ਗੁਰੂ ਸਾਹਿਬਾਨ ਵਿਚ ਗੁਰੂ ਨਾਨਕ ਸਾਹਿਬ ਦੀ ਜੋਤਿ (ਗਿਆਨ) ਸੀ। ਜਿਹੜੇ ਇਹ ਗੱਲ ਨਹੀਂ ਮੰਨਦੇ, ਉਨ੍ਹਾਂ ਨੂੰ ਸਿੱਖ ਨਹੀਂ ਮੰਨਿਆ ਜਾ ਸਕਦਾ। ਸਿੱਖ ਸਿਰਫ਼ ਰੱਬ ਦੀ ਪੂਜਾ ਕਰਦੇ ਹਨ। ਸਿੱਖ ਸੰਸਕ੍ਰਿਤ ਨੂੰ ਅਹਿਮੀਅਤ ਨਹੀਂ ਦੇਂਦੇ, ਜੋ ਕਿ ਹਿੰਦੂਆਂ ਵਾਸਤੇ ਪਵਿੱਤਰ ਜ਼ਬਾਨ ਹੈ। ਲਿਖਾਰੀ ਦੱਸਦਾ ਹੈ ਕਿ ਸਿੱਖਾਂ ਦੀ ਗਿਣਤੀ ਏਨੀ ਜ਼ਿਆਦਾ ਹੈ ਕਿ ਸਾਊਥ-ਈਸਟ ਏਸ਼ੀਆ ਦਾ ਕੋਈ ਸ਼ਹਿਰ ਨਹੀਂ ਹੋਣਾ ਕਿ ਜਿੱਥੇ ਸਿੱਖ ਨਾ ਰਹਿੰਦੇ ਹੋਣ। ਜ਼ੁਲਫ਼ਿਕਾਰ ਗੁਰੂ ਸਾਹਿਬ ਦੀ ਫ਼ੌਜ, ਘੋੜਿਆਂ ਤੇ ਬੰਦੂਕਾਂ ਬਾਰੇ ਵੀ ਵੇਰਵਾ ਦੇਂਦਾ ਹੈ। ਉਹ ਮਸੰਦ

ਪ੍ਰਣਾਲੀ, ਗੁਰੂ ਹਰਿਗੋਬਿੰਦ ਸਾਹਿਬ ਦੀਆਂ ਲੜਾਈਆਂ ਅਤੇ ਉਨ੍ਹਾਂ ਦੇ ਸਸਕਾਰ ਦੇ ਦ੍ਰਿਸ਼ ਬਾਰੇ ਵੀ ਵੇਰਵਾ ਪੇਸ਼ ਕਰਦਾ ਹੈ। ਭਾਵੇਂ ਉਸ ਨੇ ਸਿੱਖ ਫ਼ਲਸਫ਼ੇ ਤੇ ਤਵਾਰੀਖ਼ ਬਾਰੇ ਕਈ ਗੱਲਾਂ ਆਮ ਲੋਕਾਂ ਅਤੇ ਸਿੱਖ ਵਿਰੋਧੀਆਂ (ਖ਼ਾਸ ਕਰ ਕੇ ਮੁਸਲਮਾਨਾਂ) ਤੋਂ ਸੁਣ ਕੇ ਗ਼ਲਤ ਲਿਖ ਦਿੱਤੀਆਂ ਹਨ, ਪਰ ਫਿਰ ਵੀ ਇਹ ਲਿਖਤ ਬਹੁਤ ਕੀਮਤੀ ਹੈ। ਉਂਞ ਇਸ ਨੂੰ ਬੜੀ ਚੌਕਸੀ ਨਾਲ ਪੜ੍ਹਨਾ ਚਾਹੀਦਾ ਹੈ।

ਦਰਬਾਰ: ਲਫ਼ਜ਼ੀ ਮਾਅਨਾ ਹੈ: ਅਦਾਲਤ/ਕਚਹਿਰੀ। ਸਿੱਖ ਧਾਰਮਿਕ ਬੋਲੀ ਵਿਚ ਇਹ ਲਫ਼ਜ਼ ਗੁਰੂ/ਰੱਬ ਦੀ ਕਚਹਿਰੀ ਵਾਸਤੇ ਵਰਤਿਆ ਜਾਂਦਾ ਹੈ। ਸਿੱਖਾਂ ਦੇ ਪਹਿਲੇ ਰਸਮੀ ਗੁਰਦੁਆਰੇ ਨੂੰ ਦਰਬਾਰ ਸਾਹਿਬ ਨਾਂ ਦਿੱਤਾ ਗਿਆ ਸੀ। ਕੁਝ ਲੋਕ ਦਰਬਾਰ ਸਾਹਿਬ ਨੂੰ ਗੋਲਡਨ ਟੈਂਪਲ ਜਾਂ ਸਵਰਨ ਮੰਦਿਰ ਕਹਿੰਦੇ ਹਨ ਜੋ ਬਿਲਕੁਲ ਗ਼ਲਤ ਹੈ। ਗੁਰਦੁਆਰਾ ਰੱਬ ਦਾ ਦਰਬਾਰ ਹੈ ਅਤੇ ਉਸ ਦੇ ਦਰਬਾਰ ਵਿਚ ਆਉਣ ਵਾਲਿਆਂ ਨੂੰ ਜ਼ਾਬਤਾ ਤੇ ਕਲਚਰ ਸਿੱਖਣਾ ਚਾਹੀਦਾ ਹੈ। ਬਾਦਸ਼ਾਹੀ ਬੋਲੀ ਵਿਚ, ਇਹ ਰਾਜੇ/ਬਾਦਸ਼ਾਹ ਦੀ ਕਚਹਿਰੀ/ਅਦਾਲਤ ਵਾਸਤੇ ਵਰਤਿਆ ਜਾਂਦਾ ਹੈ। ਦਰਬਾਰ ਲਫ਼ਜ਼ ਵਿਚ ਤਖ਼ਤ, ਕਚਹਿਰੀ, ਮੁਕੱਦਮੇ, ਸਫ਼ੀਰ, ਇਨਸਾਫ਼ ਸ਼ਾਮਿਲ ਹੁੰਦਾ ਹੈ। (ਉਂਞ ਇਹ ਲਫ਼ਜ਼ ਸਟੇਜੀ ਕਵੀਆਂ ਦੇ ਇੱਕਠ (ਕਵੀ ਦਰਬਾਰ) ਲਈ ਵੀ ਵਰਤਿਆ ਜਾਂਦਾ ਹੈ। ਉਥੇ ਇਸ ਦਾ ਮਾਅਨਾ ਦੀਵਾਨ, ਬੈਠਕ, ਇਕੱਠ ਹੁੰਦਾ ਹੈ)।

ਦਰਵੇਸ਼: ਇਸ ਦਾ ਲਫ਼ਜ਼ੀ ਮਾਅਨਾ ਹੈ: ਸਾਧੂ, ਨਿਮਾਣਾ, ਨੇਕ, ਧਰਮੀ ਇਨਸਾਨ। (ਆਮ ਬੋਲੀ ਵਿਚ ਫ਼ਕੀਰ ਤੇ ਸਾਦਾ ਰਹਿਣ ਵਾਲੇ, ਨੂੰ ਵੀ ਦਰਵੇਸ਼ ਕਿਹਾ ਜਾਂਦਾ ਹੈ)। ਰੱਬ ਦੇ ਨਿਮਾਣੇ ਬੰਦੇ ਅਸਲੀ ਦਰਵੇਸ਼ ਹੁੰਦੇ ਹਨ ਜੋ ਰੱਬ ਦੇ ਦਰ 'ਤੇ ਬੜੇ ਅਦਬ ਨਾਲ ਕਬੂਲ ਕੀਤੇ ਜਾਂਦੇ ਹਨ। ਅਸਲ ਦਰਵੇਸ਼ ਉਹ ਹੈ, ਜੋ ਆਪਣੇ ਮਨ ਨੂੰ ਰੱਬ ਦੀ ਸਿਫ਼ਤ ਸਲਾਹ ਵਿਚ ਲੀਨ ਰਖਦਾ ਹੈ।

> *ਅਲਹ ਅਗਮ ਖੁਦਾਈ ਬੰਦੇ॥ ਛੋਡਿ ਖਿਆਲ ਦੁਨੀਆ ਕੇ ਧੰਧੇ॥ ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ॥ ਸਚੁ ਨਿਵਾਜ ਯਕੀਨ ਮੁਸਲਾ॥ ਮਨਸਾ ਮਾਰਿ ਨਿਵਾਰਿਹੁ ਆਸਾ॥ ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ॥ ਸਰਾ ਸਰੀਅਤਿ ਲੇ ਕੰਮਾਵਹੁ॥ ਤਰੀਕਤਿ ਤਰਕ ਖੋਜਿ ਟੋਲਾਵਹੁ॥ ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ॥ ਕੁਰਾਣੁ ਕਤੇਬ ਦਿਲ ਮਾਹਿ ਕਮਾਹੀ॥ ਦਸ ਅਉਰਾਤ ਰਖਹੁ ਬਦ ਰਾਹੀ॥ ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ॥ (ਸਫ਼ਾ 1083-84)*

ਦਰਸ਼ਨ:(**ਨਜ਼ਰ**): ਲਫ਼ਜ਼ੀ ਮਾਅਨਾ ਹੈ: ਰੋਸ਼ਨੀ ਦਾ ਸੋਮਾ, ਯਾਨਿ 'ਅੱਖ'। ਸਿੱਖ ਫ਼ਲਸਫ਼ੇ ਵਿਚ ਇਸ ਦਾ ਮਾਅਨਾ ਹੈ: ਸ਼ਬਦ (ਗੁਰੂ ਗ੍ਰੰਥ ਸਾਹਿਬ) ਨੂੰ ਦੇਖਣਾ ਤੇ ਸੁਣਨਾ। ਇਕ ਸਿੱਖ ਨੂੰ ਸਿਰਫ਼ ਗੁਰੂ ਗ੍ਰੰਥ ਸਾਹਿਬ ਅਤੇ ਸੰਗਤ (ਸੰਗਤ ਵਿਚ ਗੁਰੂ ਦੀ ਮੌਜੂਦਗੀ ਦਾ ਅਹਿਸਾਸ ਹੁੰਦਾ ਹੈ) ਦੇ ਦਰਸ਼ਨ ਕਰਨ ਵਾਸਤੇ ਹੀ ਕਿਹਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਹੋਰਨਾਂ ਚੀਜ਼ਾਂ, ਜਿਵੇਂ ਗੁਰੂ ਸਾਹਿਬਾਨ ਦੇ ਹੁਕਮਨਾਮੇ ਨੂੰ ਦੇਖਣ ਵਾਸਤੇ ਵੀ ਦਰਸ਼ਨ ਲਫ਼ਜ਼ ਵਰਤਿਆ ਜਾਂਦਾ ਹੈ। ਫ਼ਾਰਸੀ ਦਾ ਲਫ਼ਜ਼ 'ਦੀਦਾਰ' (ਦੀਦਾਰ ਵੀ 'ਦੀਦਾ' ਯਾਨਿ ਅੱਖ/ਵੇਖਣ ਤੋਂ ਬਣਿਆ ਹੈ) ਪੰਜਾਬੀ ਦੇ ਲਫ਼ਜ਼ ਦਰਸ਼ਨ ਨਾਲ ਮੇਲ ਖਾਂਦਾ ਹੈ।

ਦਰਸ਼ਨ (ਫ਼ਿਲਾਸਫ਼ੀ): ਦਰਸ਼ਨ ਦਾ ਲਫ਼ਜ਼ੀ ਮਾਅਨਾ ਹੈ: ਦੇਖਣਾ/ਨਜ਼ਰ। ਸਾਹਿਤ ਵਿਚ ਇਸ ਦਾ ਮਾਅਨਾ ਹੈ: ਨਜ਼ਰੀਆ, ਯਾਨਿ ਫ਼ਿਲਾਸਫ਼ੀ। ਪੂਰਬੀ ਫ਼ਿਲਾਸਫ਼ੀ ਦੇ ਛੇ (ਖਟ) ਸਕੂਲਾਂ ਨੂੰ 'ਖਟ-ਦਰਸ਼ਨ' (ਛੇ ਦਰਸ਼ਨ ਅਤੇ ਛੇ ਘਰ ਵੀ) ਕਿਹਾ ਜਾਂਦਾ ਹੈ। ਉਹ ਹਨ: ਸਾਂਖਯ, ਯੋਗ, ਨਿਆਏ, ਵਿਸ਼ੇਸ਼ਕ, ਪੂਰਬ ਮੀਮਾਂਸਾ ਅਤੇ ਉੱਤਰ ਮੀਮਾਂਸਾ (ਵੇਦਾਂਤ)। ਗੁਰਬਾਣੀ ਇਨ੍ਹਾਂ ਛੇ ਫ਼ਲਸਫ਼ਿਆਂ ਬਾਰੇ ਥਾਂ-ਥਾਂ 'ਤੇ ਹਵਾਲੇ ਦੇਂਦੀ ਹੈ ਪਰ ਇਹਨਾਂ ਨੂੰ ਅਧੂਰਾ ਮੰਨਦੀ ਹੈ।

ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥ (ਸਫ਼ਾ 357)

ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ॥ ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ॥ (ਸਫ਼ਾ 1216)

ਹਰਿ ਦਰਸਨੁ ਪਾਵੈ ਵਡਭਾਗਿ॥ ਗੁਰ ਕੈ ਸਬਦਿ ਸਚੈ ਬੈਰਾਗਿ॥ ਖਟੁ ਦਰਸਨੁ ਵਰਤੈ ਵਰਤਾਰਾ॥ ਗੁਰ ਕਾ ਦਰਸਨੁ ਅਗਮ ਅਪਾਰਾ॥ (ਸਫ਼ਾ 360-61)

ਹੋਰ ਦੇਖੋ: **ਖਟ ਦਰਸ਼ਨ/ਸ਼ਾਸਤਰ, ਦਰਸ਼ਨ (ਨਜ਼ਰ)**

ਦਲ ਖਾਲਸਾ (1733): ਦਲ ਖਾਲਸਾ ਦਾ ਮਾਅਨਾ ਹੈ: ਖਾਲਸੇ ਦਾ ਦਲ (ਫ਼ੌਜ) ਇਹ ਲਫ਼ਜ਼ ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਦੇ ਸਮੇਂ, 1700 ਵਿੱਚ, ਸਿੱਖ ਸਿਪਾਹੀਆਂ ਦੇ ਜਥੇ ਲਈ ਵਰਤਿਆ ਸੀ । ਦਲ ਖਾਲਸਾ ਨਾਂ ਅਠ੍ਹਾਰਵੀ ਸਦੀ ਵਿਚ ਸਾਰੀ ਸਿੱਖ ਫ਼ੌਜ ਨੂੰ ਵੀ ਦਿੱਤਾ ਗਿਆ ਸੀ। 1733 ਵਿਚ, ਸਾਰੀ ਸਿੱਖ ਫ਼ੌਜ ਦੋ ਹਿੱਸਿਆਂ ਵਿਚ ਵੰਡੀ ਗਈ ਸੀ: ਬੁੱਢਾ ਦਲ (ਤਜਰਬੇਕਾਰ ਤੇ ਵੱਡੀ ਉਮਰ ਦੇ) ਅਤੇ ਤਰਨਾ ਦਲ (ਨੌਜਵਾਨ)। ਸਾਰੇ ਦਲ ਖਾਲਸਾ (ਸਿੱਖ ਫੌਜ) ਦਾ ਮੁਖੀ ਸਿਰਦਾਰ ਕਪੂਰ ਸਿੰਘ (ਨਵਾਬ) ਸੀ। ਮਗਰੋਂ ਮਾਰਚ 1748 ਵਿਚ ਇਸ ਨੂੰ 11 ਮਿਸਲਾਂ ਵਿਚ ਵੰਡ ਦਿੱਤਾ ਗਿਆ ਸੀ। 6 ਅਗਸਤ 1978 ਦੇ ਦਿਨ ਚੰਡੀਗੜ੍ਹ ਵਿਚ ਸਿੱਖ ਨੌਜਵਾਨਾਂ ਵੱਲੋਂ ਬਣਾਈ ਗਈ ਇਕ ਜਥੇਬੰਦੀ ਨੂੰ ਵੀ 'ਦਲ ਖਾਲਸਾ' ਦਾ ਨਾਂ ਦਿੱਤਾ ਗਿਆ ਸੀ।

ਦਾਤਾ/ ਦਾਤਾਰ: ਇਸ ਦਾ ਲਫ਼ਜ਼ੀ ਮਾਅਨਾ ਹੈ: ਉਹ, ਜੋ ਦੇਂਦਾ ਹੈ। ਸਿੱਖ ਧਰਮ ਵਿਚ ਸਿਰਫ਼ ਇਕ ਰੱਬ ਹੀ ਹੈ ਜੋ ਸਾਰਿਆਂ ਨੂੰ ਦੇਂਦਾ ਹੈ। ਉਹ ਸਾਰੇ ਮਨੁੱਖਾਂ ਨੂੰ ਤੋਹਫ਼ਿਆਂ ਦੀ ਬਖ਼ਸ਼ਿਸ਼ ਕਰਦਾ ਹੈ।ਇਨਸਾਨ ਰੱਬ ਦੇ ਤੋਹਫ਼ਿਆਂ ਨੂੰ ਪਿਆਰ ਕਰਦਾ ਹੈ ਪਰ ਤੋਹਫ਼ੇ ਦੇਣ ਵਾਲੇ ਨੂੰ ਭੁੱਲ ਜਾਂਦਾ ਹੈ। ਕੋਈ ਇਨਸਾਨ ਕਿਸੇ ਦਾ ਦਾਤਾਰ/ਦਾਤਾ ਨਹੀਂ ਹੋ ਸਕਦਾ (ਕਿਉਂਕਿ ਉਹ ਤਾਂ ਆਪ ਰੱਬ ਤੋਂ ਮੰਗਦਾ ਹੈ)। ਜੇ ਕੋਈ ਆਪਣੇ ਆਪ ਨੂੰ ਦਾਤਾਰ ਸਮਝਦਾ ਹੈ ਤਾ ਰੱਬ ਦੇ ਦਰ 'ਤੇ ਉਹ ਗਾਵਾਰ (ਮੂਰਖ, ਬੇਸਮਝ) ਗਰਦਾਨਿਆ ਜਾਂਦਾ ਹੈ (ਦੇਖੋ: **ਦਾਨ**)।

ਦਾਤਿ ਪਿਆਰੀ ਵਿਸਰਿਆ ਦਾਤਾਰਾ॥ ਜਾਣੈ ਨਾਹੀ ਮਰਣੁ ਵਿਚਾਰਾ॥ (ਸਫ਼ਾ 676)

ਦਾਨ: ਦਾਨ ਦਾ ਲਫ਼ਜ਼ੀ ਮਾਅਨਾ ਹੈ: ਦੇਣਾ। ਇਸ ਦੇ ਕਈ ਹੋਰ ਮਾਅਨੇ ਵੀ ਹਨ: ਖ਼ੈਰ, ਭਿਖਿਆ, ਭੇਟਾ ਵਗ਼ੈਰਾ। ਦੂਜੇ ਦਾ ਭਲਾ ਕਰਨਾ, ਦਾਨ ਦੇਣਾ ਵਗ਼ੈਰਾ ਦੀ ਸਾਰੇ ਧਰਮਾਂ ਵਿਚ ਖ਼ਾਸ ਅਹਿਮੀਅਤ ਹੈ। ਹਿੰਦੂ ਧਰਮ ਵਿਚ ਬ੍ਰਾਹਮਣਾਂ ਨੂੰ ਦਾਨ ਦੇਣਾ, ਭਿਖਾਰੀਆਂ ਨੂੰ ਭਿੱਖਿਆ ਦੇਣੀ ਅਤੇ ਮੰਦਿਰਾਂ ਨੂੰ ਭੇਟਾ ਦੇਣੀ ਹਰੇਕ

ਹਿੰਦੂ ਦਾ ਫ਼ਰਜ਼ ਮੰਨਿਆ ਜਾਂਦਾ ਹੈ। ਸਿੱਖ ਧਰਮ ਵਿਚ ਦਾਨ ਦਾ ਫ਼ਲਸਫ਼ਾ ਹੋਰਨਾਂ ਤੋਂ ਵੱਖਰਾ ਹੈ। ਭਿੱਖਿਆ ਦੇਣੀ, ਦਾਨ ਦੇਣਾ ਸਿੱਖ ਫ਼ਲਸਫ਼ੇ ਦੀਆਂ ਗੱਲਾਂ ਨਹੀਂ ਹਨ। ਸਿੱਖ ਧਰਮ ਵਿੱਚ ਕੋਈ ਪੁਜਾਰੀ ਜਮਾਤ ਨਹੀਂ; ਅਤੇ ਗੁਰਦੁਆਰਿਆਂ ਨੂੰ ਭੇਟਾ ਦੇਣ ਨੂੰ ਸਿੱਖ ਫ਼ਲਸਫ਼ੇ ਵਿਚ ਦਾਨ ਨਹੀਂ ਸਮਝਿਆ ਜਾਂਦਾ। ਸਿੱਖਾਂ ਦਾ ਦਸਵੰਧ ਦਾ ਫ਼ਲਸਫ਼ਾ ਵੀ ਹਿੰਦੂਆਂ ਦੇ ਦਾਨ ਤੋਂ ਬਿਲਕੁਲ ਵੱਖਰਾ ਹੈ। ਦਸਵੰਧ ਤਿੰਨ ਨੁਕਤਿਆ ਉੱਤੇ ਅਧਾਰਿਤ ਹੈ: ਵੰਡ ਛਕਣਾ, ਸਮਾਜ ਦਾ ਜਮ੍ਹਾਂ ਵਾਲਾ ਹਿੱਸਾ ਬਣਨਾ ਤੇ ਭਾਈਚਾਰਕ ਇੱਤਹਾਦ। ਸਿੱਖ ਧਰਮ ਵਿੱਚ ਦਸਵੰਧ ਤੋਂ ਭਾਵ ਕੁਝ ਦੇਣਾ ਨਹੀਂ ਹੈ, ਸਗੋਂ ਇਸ ਤੋਂ ਭਾਵ ਕਰਜ਼ੇ ਨੂੰ ਵਾਪਿਸ ਮੋੜਨਾ ਹੈ। ਸਿੱਖ ਦਾਨੀ ਨਹੀਂ ਹੋ ਸਕਦਾ। ਸਾਰਿਆਂ ਨੂੰ ਦੇਣ ਵਾਲਾ ਸਿਰਫ਼ ਇਕ ਵਾਹਿਗੁਰੂ ਹੈ, ਫਿਰ ਇਕ ਇਨਸਾਨ ਕਿਵੇਂ ਦੇਣ ਵਾਲਾ ਹੋ ਸਕਦਾ ਹੈ? ਦਸਵੰਧ ਵਜੋਂ ਵੀ ਕੁਝ ਦੇ ਕੇ ਆਪਣੇ ਮਨ ਅੰਦਰ ਮਾਣ ਮਹਿਸੂਸ ਕਰਨਾ ਵੀ ਇਕ ਪਾਪ ਹੈ ਅਤੇ ਅਜਿਹਾ ਸੋਚਣ ਵਾਲਾ ਸ਼ਖ਼ਸ ਮੂਰਖ, ਗਾਵਾਰ ਹੈ:

ਜੇ ਕੋ ਹੋਇ ਬਹੈ ਦਾਤਾਰੁ॥ ਤਿਸੁ ਦੇਨਹਾਰੁ ਜਾਨੈ ਗਾਵਾਰੁ॥ (ਸਫ਼ਾ 282)

ਦਿਬ ਦ੍ਰਿਸ਼ਟੀ: ਦਿਬ 'ਦੈਵੀ' (ਰੱਬ ਦੀ) ਤੋਂ ਬਣਿਆ ਹੈ ਅਤੇ ਦ੍ਰਿਸ਼ਟੀ ਦਾ ਮਾਅਨਾ ਹੈ: ਨਜ਼ਰ, ਯਾਨਿ ਦਿਬ ਦ੍ਰਿਸ਼ਟੀ ਦਾ ਲਫ਼ਜ਼ੀ ਮਾਅਨਾ ਹੈ ਰੱਬ ਦੀ ਮਿਹਰ ਵਾਲੀ ਨਿਗਾਹ; ਦੂਜੇ ਲਫ਼ਜ਼ਾਂ ਵਿਚ ਉਹ ਨਿਗਾਹ/ਨਜ਼ਰੀਆ/ਸੋਚ ਜੋ ਰੱਬ ਵਾਂਗ ਪਵਿੱਤਰ ਹੈ। ਜਦ ਅਸੀਂ ਰੱਬੀ ਦ੍ਰਿਸ਼ਟੀ ਵਾਂਗ ਸੁਚੇਤ ਹੁੰਦੇ ਹਾਂ ਤਾਂ ਸਾਰੇ ਫ਼ਰਕ ਖ਼ਤਮ ਹੋ ਜਾਂਦੇ ਹਨ ਅਤੇ ਗੁਰੂ ਦੀ ਮਿਹਰ ਨਾਲ ਉੱਚਾ ਮੁਕਾਮ ਹਾਸਿਲ ਹੋ ਜਾਂਦਾ ਹੈ। ਇਸ ਮੁਕਾਮ ਨੂੰ 'ਦਿਬ ਦ੍ਰਿਸ਼ਟੀ' ਕਿਹਾ ਜਾਂਦਾ ਹੈ।

*ਏ ਨੇਤ੍ਰਹੁ ਮੇਰਿਹੋ, ਹਰਿ ਤੁਮ ਮਹਿ ਜੋਤਿ ਧਰੀ, ਹਰਿ ਬਿਨੁ ਅਵਰੁ ਨ ਦੇਖਹੁ ਕੋਈ॥ ਹਰਿ ਬਿਨੁ ਅਵਰੁ ਨ ਦੇਖਹੁ ਕੋਈ, ਨਦਰੀ ਹਰਿ ਨਿਹਾਲਿਆ॥ ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ॥ ਗੁਰ ਪਰਸਾਦੀ ਬੁਝਿਆ, ਜਾ ਵੇਖਾ ਹਰਿ ਇਕੁ ਹੈ, ਹਰਿ ਬਿਨੁ ਅਵਰੁ ਨ ਕੋਈ॥ ਕਹੈ ਨਾਨਕੁ, ਏਹਿ ਨੇਤ੍ਰ ਅੰਧ ਸੇ, **ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥** (ਸਫ਼ਾ 922)*

ਦਿਲਗੀਰ:- ਇਸ ਦਾ ਲਫ਼ਜ਼ੀ ਮਾਅਨਾ 'ਉਦਾਸ' ਮੰਨਿਆ ਜਾਂਦਾ ਹੈ ਜੋ ਪੂਰੀ ਤਰ੍ਹਾਂ ਢੁਕਵਾਂ ਨਹੀਂ ਹੈ। ਇਸ ਦੇ ਹੋਰ ਮਾਅਨੇ ਨਿਰਲੇਪ, ਨਿਰਾਸ, ਅਸੰਤੁਸ਼ਟ ਵੀ ਹਨ। ਸਿੱਖ ਨੂੰ ਸੰਸਾਰ ਤੋਂ ਨਿਰਲੇਪ ਰਹਿ ਕੇ ਜ਼ਿੰਦਗੀ ਗੁਜ਼ਾਰਨੀ ਚਾਹੀਦੀ ਹੈ। (ਗੁਰੂ ਨਾਨਕ ਸਾਹਿਬ ਦੀਆਂ ਚਾਰ ਯਾਤਰਾਵਾਂ ਜਿਨ੍ਹਾਂ ਨੂੰ 'ਉਦਾਸੀਆਂ' ਕਿਹਾ ਜਾਂਦਾ ਹੈ ਇਨ੍ਹਾਂ ਮਾਅਨਿਆਂ ਵਿਚ ਹੀ ਹਨ ਹੈ)। ਸਿੱਖ ਫ਼ਲਸਫ਼ਾ ਸਿਖਾਉਂਦਾ ਹੈ ਕਿ ਕਿਸੇ ਨੂੰ ਨਿਰਾਸ਼ਾ ਜਾਂ ਉਦਾਸੀ ਦੇ ਆਲਮ ਵਿਚ ਨਹੀਂ ਰਹਿਣਾ ਚਾਹੀਦਾ, ਪਰ ਇਸ ਸੰਸਾਰ ਤੋਂ ਨਿਰਲੇਪ ਰਹਿ ਕੇ ਜਿਊਣਾ ਚਾਹੀਦਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ, ਇਹ ਦੁਨੀਆ ਝੂਠ ਨਹੀਂ, ਸੱਚ ਹੈ। ਪਰ, ਇਸ ਦੁਨੀਆਂ ਵਿਚ ਆਦਮੀ ਦੀ ਜ਼ਿੰਦਗੀ ਇਕ ਯਾਤਰਾ ਦੀ ਤਰ੍ਹਾਂ ਹੈ। ਇਕ ਯਾਤਰੀ ਨੂੰ ਆਪਣੇ ਆਰਾਮ ਕਰਨ ਵਾਲੀ ਜਗਹ ਜਾਂ ਵਕਤੀ ਰਿਹਾਇਸ਼ੀ ਜਗਹ ਨਾਲ ਪਕੜ, ਮੋਹ ਜਾਂ ਪਿਆਰ ਨਹੀਂ ਹੋਣਾ ਚਾਹੀਦਾ। ਦੂਜੇ ਪਾਸੇ, ਇਸ ਦਾ ਇਹ ਮਾਅਨਾ ਵੀ ਹੈ ਕਿ, ਕਿਸੇ ਨੂੰ ਸੰਸਾਰ ਨੂੰ ਛੱਡ ਕੇ ਨਹੀਂ ਜਾਣਾ ਚਾਹੀਦਾ ਹੈ, ਬਲਕਿ ਕਮਲ ਫੁੱਲ (ਜੋ ਚਿੱਕੜ ਵਿਚ ਪੈਦਾ ਹੁੰਦਾ ਤੇ ਰਹਿੰਦਾ ਹੈ ਪਰ

ਚਿੱਕੜ ਦੀ ਗੰਦਗੀ ਨਾਲ ਲਿਬੜਦਾ ਨਹੀਂ) ਵਾਂਗ ਇਸ ਦੇ ਅਸਰ ਤੋਂ ਨਿਰਲੇਪ ਰਹਿਣਾ ਚਾਹੀਦਾ ਹੈ।

ਦੀਵਾਨ: ਇਸ ਦਾ ਲਫ਼ਜ਼ੀ ਮਾਅਨਾ ਹੈ: ਦਰਬਾਰ। ਫ਼ਾਰਸੀ ਵਿਚ ਦੀਵਾਨ ਦਾ ਮਾਅਨਾ ਨਾਜ਼ਿਮ (ਐਡਮਨਿਸਟ੍ਰੇਟਰ) ਅਤੇ ਸ਼ਾਇਰ ਦਾ ਕਲਾਮ ਵੀ ਬਣਦਾ ਹੈ। ਇਹ ਇਕ ਅਹੁਦਾ ਵੀ ਹੈ, ਜਿਵੇਂ ਅਜ ਕਲ੍ਹ ਵਜ਼ੀਰ ਜਾਂ ਡਿਪਟੀ ਗਵਰਨਰ ਹੁੰਦਾ ਹੈ। ਗੁਰੂ ਸਾਹਿਬ ਵੇਲੇ, ਗੁਰੂ ਘਰ ਵਿਚ ਵੀ, 'ਦੀਵਾਨ' (ਵਜ਼ੀਰ) ਦਾ ਅਹੁਦਾ ਹੁੰਦਾ ਸੀ। ਭਾਈ ਦਰਗਹ ਮੱਲ, ਭਾਈ ਮਨੀ ਸਿੰਘ ਕਈ-ਕਈ ਸਾਲ ਦੀਵਾਨ ਰਹੇ ਸਨ। ਇਸ ਅਹੁਦੇ ਦੇ ਫ਼ਰਜ਼ਾਂ ਵਿਚ ਗੁਰੂ ਦਾ ਪੈਗ਼ਾਮ ਸੰਗਤ ਤਕ ਪਹੁੰਚਾਉਣਾ, ਦਸਵੰਧ ਦਾ ਹਿਸਾਬ ਰੱਖਣਾ ਅਤੇ ਗੁਰਬਾਣੀ ਦੀ ਕਥਾ ਕਰਨਾ, ਸੰਗਤ ਦੀ ਸੇਵਾ ਸੰਭਾਲ ਕਰਨਾ ਵਗ਼ੈਰਾ ਵੀ ਸ਼ਾਮਿਲ ਹੁੰਦਾ ਸੀ।

ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਸਿੱਖਾਂ ਦੇ ਇੱਕਠ ਨੂੰ ਵੀ ਦੀਵਾਨ ਕਿਹਾ ਜਾਂਦਾ ਹੈ। ਉਹ ਥਾਂ ਜਿਥੇ ਸਾਰੀ ਸੰਗਤ ਦਾ ਇਕੱਠ ਹੁੰਦੀ ਹੈ ਉਸ ਨੂੰ 'ਦੀਵਾਨ ਅਸਥਾਨ' (ਦੀਵਾਨ ਦੀ ਥਾਂ) ਕਹਿੰਦੇ ਹਨ। ਸਿੱਖ ਪੰਥ ਦਾ ਸਭ ਤੋਂ ਪਹਿਲਾ ਰਸਮੀ ਦੀਵਾਨ ਅਸਥਾਨ ਗੁਰੂ ਅਰਜਨ ਸਾਹਿਬ ਨੇ ਮੰਜੀ ਸਾਹਿਬ, ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਬਣਾਇਆ ਸੀ। ਦੀਵਾਨ (ਇਕੱਠ) ਆਮ ਤੌਰ ਤੇ ਗੁਰਦੁਆਰੇ ਦੀ ਹੱਦ ਵਿਚ ਹੀ ਹੁੰਦਾ ਹੈ ਪਰ ਜੇ ਕਰ ਸੰਗਤ ਦੀ ਗਿਣਤੀ ਜ਼ਿਆਦਾ ਹੋਵੇ ਅਤੇ ਜਗਾ ਘੱਟ ਹੋਵੇ ਤਾਂ ਫਿਰ ਖੁੱਲੀ ਥਾਂ ਜਾਂ ਕਿਸੇ ਸ਼ਾਮਿਆਨੇ ਵਿਚ ਵੀ ਦੀਵਾਨ ਕੀਤਾ ਜਾ ਸਕਦਾ ਹੈ। ਦੀਵਾਨ ਨਾਂ ਕੁਝ ਜਮਾਤਾਂ/ਜਥੇਬੰਦੀਆਂ ਵਾਸਤੇ ਵੀ ਵਰਤਿਆ ਜਾਂਦਾ ਹੈ, ਜਿਵੇਂ: ਮਾਝਾ ਖਾਲਸਾ ਦੀਵਾਨ, ਮਾਲਵਾ ਖਾਲਸਾ ਦੀਵਾਨ, ਪੰਚ ਖਾਲਸਾ ਦੀਵਾਨ ਭਸੌੜ, ਚੀਫ਼ ਖਾਲਸਾ ਦੀਵਾਨ (ਅੰਮ੍ਰਿਤਸਰ), ਖਾਲਸਾ ਦੀਵਾਨ ਸੋਸਾਇਟੀ (ਵੈਨਕੂਵਰ, ਕੈਨੇਡਾ) ਵਗ਼ੈਰਾ। ਇੱਥੇ ਦੀਵਾਨ ਦਾ ਮਾਅਨਾ ਜਮਾਤ ਹੈ।

ਦੀਵਾਨ-ਏ-ਗੋਇਆ: ਭਾਈ ਨੰਦ ਲਾਲ ਨੇ ਆਪਣੀਆਂ ਕਵਿਤਾਵਾਂ ਵਿਚ 'ਗੋਇਆ' ਆਪਣਾ ਤਖ਼ੱਲੁਸ ਵਰਤਿਆ ਹੈ। ਦੀਵਾਨਾ-ਏ-ਗੋਇਆ ਭਾਈ ਨੰਦ ਲਾਲ ਲਿਖਤ ਗ਼ਜ਼ਲਾਂ ਦੀ ਇਕ ਕਿਤਾਬ ਹੈ। ਇਹ ਗ਼ਜ਼ਲਾਂ ਰੱਬ ਦੀ ਸਿਫ਼ਤ ਵਿਚ ਲਿਖੀਆਂ ਗਈਆਂ ਹਨ ਅਤੇ ਕੁਝ ਗ਼ਜ਼ਲਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਿਆਰ ਅਤੇ ਸ਼ਖ਼ਸੀਅਤ ਦੀ ਪੇਸ਼ਕਾਰੀ ਵਾਸਤੇ ਵੀ ਹਨ, ਜੋ ਲੇਖਕ ਦਾ ਗੁਰੂ ਸਾਹਿਬ ਨਾਲ ਮੋਹ ਦਰਸਾਉਂਦੀਆਂ ਹਨ। ਬਾਵਾ ਬ੍ਰਿਜ ਸਿੰਘ ਭੱਲਾ ਨੇ ਇਸ ਕਿਤਾਬ ਦਾ ਪੰਜਾਬੀ ਵਿਚ ਤਰਜਮਾ ਕੀਤਾ ਸੀ ਅਤੇ ਇਸ ਦਾ ਨਾਂ 'ਪ੍ਰੇਮ ਪਟਾਰੀ' ਰੱਖਿਆ ਸੀ। ਇਸ ਮਗਰੋਂ ਹੋਰ ਕਈਆਂ ਨੇ ਵੀ ਇਸ ਦੇ ਤਰਜਮੇ ਕੀਤੇ ਹਨ।

ਦੀਵਾਲੀ: ਦੀਵਾਲੀ ਹਿੰਦੂਆਂ ਦਾ ਤਿਉਹਾਰ ਹੈ ਜੋ ਬਿਕਰਮੀ ਕੈਲੰਡਰ ਦੀ ਕੱਤਕ ਵਦੀ 30 (ਅਕਤੂਬਰ/ਨਵੰਬਰ) ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਤੇ, ਹਿੰਦੂ ਇਕ ਮਿਥਿਹਾਸਕ ਦੇਵੀ ਲੱਛਮੀ (ਦੌਲਤ ਦੀ ਦੇਵੀ) ਦੀ ਪੂਜਾ ਕਰਦੇ ਹਨ। ਦੀਵਾਲੀ ਅਤੇ ਮਿਥਿਹਾਸਕ ਲੱਛਮੀ ਦੇਵੀ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ। ਗੁਰੂ ਅਮਰ ਦਾਸ ਸਾਹਿਬ ਨੇ ਸਾਲ ਵਿਚ ਤਿੰਨ ਵਾਰ ਗੋਇੰਦਵਾਲ ਵਿਚ ਇਕੱਠ ਕਰਨੇ ਸ਼ੁਰੂ ਕੀਤੇ ਸਨ ਤੇ ਇਹ ਦਿਨ ਸਨ: ਪਹਿਲੀ ਮਾਘ, ਪਹਿਲੀ ਵਿਸਾਖ ਤੇ

ਕੱਤਕ ਵਦੀ 30 (ਦੀਵਾਲੀ)। ਉਨ੍ਹਾਂ ਨੇ ਇਹ ਦਿਨ ਇਸ ਕਰ ਕੇ ਚੁਣੇ ਸੀ ਲੋਕਾਂ ਨੂੰ ਇਨ੍ਹਾਂ ਤਾਰੀਖ਼ਾਂ ਦਾ ਆਸਾਨੀ ਨਾਲ ਪਤਾ ਲਗ ਸਕਦਾ ਸੀ। ਅਠਾਰ੍ਹਵੀਂ ਸਦੀ ਦੌਰਾਨ ਸਿੱਖ ਦਰਬਾਰ ਸਾਹਿਬ ਸਾਲ ਵਿੱਚ ਦੋ ਵਾਰ ਇੱਕਠੇ ਹੋਇਆ ਕਰਦੇ ਦੇ ਸਨ। ਉਨ੍ਹਾਂ ਨੇ ਆਪਣੀ ਸੌਖ ਲਈ ਦੀਵਾਲੀ ਅਤੇ ਵਿਸਾਖੀ ਦੇ ਦਿਨ ਚੁਣੇ ਹੋਏ ਸਨ ਕਿਉਂਕਿ ਉਨ੍ਹਾਂ ਦਿਨਾਂ ਵਿਚ ਸਾਰਿਆਂ ਨੂੰ ਬ੍ਰਿਕਰਮੀ ਕੈਲੰਡਰ (ਚੰਨ ਦੇ ਕੈਲੰਡਰ, ਯਾਨਿ ਵਦੀਆਂ ਸੁਦੀਆਂ) ਮੁਤਾਬਿਕ ਚਲਣਾ ਪੈਂਦਾ ਸੀ ਜੋ ਉਨ੍ਹੀਂ ਦਿਨੀਂ ਸਾਰੇ ਲੋਕਾਂ ਨੂੰ ਪਤਾ ਹੁੰਦਾ ਸੀ। ਇਸੇ ਤਰ੍ਹਾਂ ਇਸ ਦਿਨ ਉੱਤੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਜੋ ਦੀਵੇ ਜਗਾਏ ਜਾਂਦੇ ਹਨ, ਉਸ ਦੀ ਦਲੀਲ ਦਿੱਤੀ ਜਾਂਦੀ ਹੈ ਕਿ ਇਸ ਦਿਨ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਹੋ ਕੇ ਅੰਮ੍ਰਿਤਸਰ ਪੁੱਜੇ ਸਨ। ਪਰ ਇਹ ਗ਼ਲਤ ਹੈ। ਗੁਰੂ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਅਕਤੂਬਰ 1619 ਵਿਚ ਰਿਹਾ ਹੋਏ ਸਨ ਪਰ ਉਹ ਅੰਮ੍ਰਿਤਸਰ ਵਿਚ ਪਹਿਲੀ ਵਾਰ 28 ਦਸੰਬਰ 1620 ਨੂੰ ਪਹੁੰਚੇ ਸਨ। ਇਸ ਕਰ ਕੇ ਜੇ ਸਿੱਖਾਂ ਨੇ ਗੁਰੂ ਸਾਹਿਬ ਦੀ ਆਮਦ 'ਤੇ ਦੀਵੇ ਜਗਾਏ ਹੋਣਗੇ ਤਾਂ ਉਦੋਂ ਦਸੰਬਰ ਵਿਚ ਹਿੰਦੂਆਂ ਵਾਲੀ ਦੀਵਾਲੀ ਨਹੀਂ ਸੀ।

ਇਸ ਕਰ ਕੇ ਦੀਵਾਲੀ ਸਿੱਖਾਂ ਦਾ ਤਿਉਹਾਰ ਨਹੀਂ ਹੈ। ਮੌਜੂਦਾ ਰੂਪ ਵਿਚ ਦੀਵਾਲੀ ਅੰਮ੍ਰਿਤਸਰ ਵਿਚ ਉਸ ਸਮੇਂ ਮਨਾਈ ਜਾਣ ਲੱਗੀ ਜਦੋਂ ਗੁਰਦੁਆਰਿਆਂ ਦਾ ਕਬਜ਼ਾ ਉਦਾਸੀ ਮਹੰਤਾਂ ਦੇ ਹੱਥ ਵਿਚ ਸੀ ਤੇ ਉਹ ਪੁਜਾਰੀ ਦੀਵਾਲੀ ਦੇ ਦਿਨ ਸਿੱਖਾਂ ਤੋਂ ਵੀ ਚੜ੍ਹਾਵੇ ਦੇ ਰੂਪ ਵਿਚ ਮਾਇਆ ਬਟੋਰਨਾ ਚਾਹੁੰਦੇ ਸਨ। ਬਸ ਇਸੇ ਪੁਜਾਰੀ ਸਾਜ਼ਿਸ਼ ਵਿਚ ਅੰਮ੍ਰਿਤਸਰ ਵਿਚ ਅ-ਸਿੱਖ ਤਿਉਹਾਰ ਦੀਵਾਲੀ ਮਨਾਈ ਜਾਣ ਲਗ ਪਈ। ਸਿੱਖਾਂ ਨੇ 1984 ਵਿਚ ਭਾਰਤੀ ਫ਼ੌਜਾਂ ਦੇ ਹਮਲੇ ਮਗਰੋਂ ਦਰਬਾਰ ਸਾਹਿਬ ਵਿਚ ਦੀਵਾਲੀ ਮਨਾਉਣੀ ਬੰਦ ਕਰ ਦਿੱਤੀ ਸੀ ਪਰ ਮਨਜੀਤ ਸਿੰਘ (ਗੁੰਥੀ ਕੇਸਗੜ੍ਹ) ਨੇ 1994 ਵਿਚ ਫੇਰ ਸ਼ੁਰੂ ਕਰਵਾ ਦਿੱਤੀ ਸੀ।

ਦੁਹਾਗਣਿ/ਦੁਹਾਗਣ: ਦੁਹਾਗਣ ਲਫ਼ਜ਼ ਦੁਰ+ਭਾਗ+ਣ ਤੋਂ ਬਣਿਆ ਹੈ ਜਿਸ ਦਾ ਮਾਅਨਾ ਹੈ ਉਹ ਔਰਤ ਜਿਸ ਦੇ ਭਾਗ "ਦੁਰ". ਯਾਨਿ ਮਾੜੇ ਹਨ (ਇੰਞ ਹੀ ਸੁਹਾਗਣ ਉਹ ਹੈ ਜਿਸ ਦੇ ਭਾਗ "ਸੁ" ਹਨ, ਯਾਨਿ ਚੰਗੇ ਹਨ)। ਆਮ ਬੋਲੀ ਵਿਚ ਇਹ ਉਸ ਔਰਤ ਨੂੰ ਕਹਿੰਦੇ ਹਨ ਜਿਸ ਨੂੰ ਉਸ ਦੇ ਪਤੀ ਨੇ ਛੱਡ ਦਿੱਤਾ ਹੋਵੇ ਜਾਂ ਜਿਸ ਨੂੰ ਪਤੀ ਦਾ ਪਿਆਰ ਹਾਸਿਲ ਨਾ ਹੋਵੇ। ਧਾਰਮਿਕ ਪੱਖੋਂ, ਉਹ ਇਨਸਾਨ ਜਿਸ ਨੂੰ ਰੱਬ ਪਿਆਰ (ਜਾਂ ਪਸੰਦ) ਨਹੀਂ ਕਰਦਾ, ਯਾਨਿ, ਜਿਸ 'ਤੇ ਰੱਬ ਦੀ ਮਿਹਰ ਨਹੀਂ ਹੈ। "ਦੁਹਾਗਣਿ ਦੀਆਂ ਨਿਸ਼ਾਨੀਆਂ ਕੀ ਹਨ": ਉਹ ਆਪਣੇ ਪਿਆਰੇ ਤੋਂ ਅਲਗ ਰਹਿੰਦੀ ਹੈ ਅਤੇ ਬੇਇਜ਼ੱਤ ਹੋਈ ਇਧਰ-ਉਧਰ ਭੌਂਦੀ ਰਹਿੰਦੀ ਹੈ। ਉਹ ਗੰਦੇ ਕੱਪੜਿਆਂ (ਮਾੜੇ ਖਿਆਲਾਂ) ਵਿਚ ਹੁੰਦੀ ਹੈ ਅਤੇ ਆਪਣੀ ਰਾਤ (ਜ਼ਿੰਦਗੀ) ਦਰਦ/ਵਿਛੋੜਾ/ਪੀੜ ਵਿਚ ਲੰਘਾਉਂਦੀ ਹੈ। ਇਸ ਦਾ ਉਲਟ ਸੁਹਾਗਣਿ ਹੈ ਜੋ ਹਮੇਸ਼ਾ ਖ਼ੁਸ਼ ਤੇ ਸਕੂਨ ਵਿਚ ਰਹਿੰਦੀ ਹੈ ਤੇ ਉਸ ਦਾ ਪਤੀ ਉਸ ਨੂੰ ਰੱਜ ਕੇ ਚਾਹੁੰਦਾ ਹੈ ਤੇ ਪਿਆਰ ਕਰਦਾ ਹੈ।

ਦੋਹਾਗਣੀ ਕਿਆ ਨੀਸਾਣੀਆ॥ ਖਸਮਹੁ ਘੁਥੀਆ ਫਿਰਹਿ ਨਿਮਾਣੀਆ॥ ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ॥ ਸੋਹਾਗਣੀ ਕਿਆ ਕਰਮੁ ਕਮਾਇਆ॥ ਪੂਰਬਿ

ਲਿਖਿਆ ਫਲੁ ਪਾਇਆ॥ ਨਦਰਿ ਕਰੇ ਕੈ ਆਪਣੀ ਆਪੇ ਲਏ ਮਿਲਾਇ ਜੀਉ॥ ਹੁਕਮੁ ਜਿਨਾ ਨੋ ਮਨਾਇਆ॥ ਤਿਨ ਅੰਤਰਿ ਸਬਦੁ ਵਸਾਇਆ॥ ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ॥ ਜਿਨਾ ਭਾਣੇ ਕਾ ਰਸੁ ਆਇਆ॥ ਤਿਨ, ਵਿਚਹੁ ਭਰਮੁ ਚੁਕਾਇਆ॥ ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥

(ਸਫ਼ਾ 72)।

ਹੋਰ ਦੇਖੋ: **ਸੁਹਾਗਣਿ** 60

ਦੁਨੀਆਂ ਛੱਡ ਦੇਣਾ (ਸੰਸਾਰ ਤਿਆਗਣਾ, ਸਾਧੂ ਬਣ ਜਾਣਾ): ਦੁਨੀਆਂ ਛੱਡ ਕੇ ਸਾਧੂ ਬਣ ਜਾਣਾ ਦਾ ਇਕ ਯੂਨਾਨੀ ਰੂਪ **ਅਸੈਟੀਸਿਜ਼ਮ** ਲਫ਼ਜ਼ ਵਿਚ ਵੀ ਹੈ। ਪਰ, ਇਸ ਗ੍ਰੇਸ਼ਿਅਨ (ਯੂਨਾਨੀ ਬੋਲੀ ਦੇ) ਲਫ਼ਜ਼ ਦਾ ਮਾਅਨਾ ਹੈ: ਮਨ ਅਤੇ ਜਿਸਮ ਦੀ ਕਸਰਤ। ਧਾਰਮਿਕ ਬੋਲੀ ਵਿਚ ਇਸ ਦਾ ਮਤਲਬ ਹੈ: ਆਪਣੇ ਆਪ ਨੂੰ ਦੁਨਿਆਵੀ ਸੁੱਖਾਂ ਅਤੇ ਖੁਸ਼ੀਆਂ ਤੋਂ ਰੋਕ ਕੇ ਰੱਖਣਾ। ਦੂਜੇ ਲਫ਼ਜ਼ਾਂ ਵਿਚ: ਲੋਕਾਂ ਨਾਲ ਮੇਲ ਮਿਲਾਪ ਅਤੇ ਸੁਖ-ਸਹੂਲਤਾਂ ਤੋਂ ਦੂਰ ਰਹਿਣਾ। ਹਿੰਦੂ ਕਲਚਰ ਵਿਚ ਇਸ ਦਾ ਮਾਅਨਾ ਹੈ: ਦੁਨੀਆਂ ਛੱਡ ਕੇ, ਕਿਸੇ ਨਾਲ ਰਾਬਤਾ ਰੱਖੇ ਬਿਨਾਂ, ਜਿਊਣਾ। ਇਸ ਵਿਚ ਘਟ ਤੋਂ ਘਟ ਪਹਿਰਾਵਾ (ਨੰਗੇਜ ਵੀ), ਗੁਫ਼ਾਵਾਂ ਵਿਚ, ਦਰਖ਼ਤਾਂ ਹੇਠਾਂ ਜਾਂ ਰੜੇ ਮੈਦਾਨ ਰਹਿਣਾ, ਮੋਨ ਧਾਰਨਾ (ਚੁੱਪ ਰਹਿਣਾ), ਕੋਈ ਦੌਲਤ/ਸਾਮਾਨ ਕੋਲ ਨਾ ਰੱਖਣਾ, ਆਪਣੇ ਆਪ ਨੂੰ ਸਿਰਫ਼ ਭਿੱਖਿਆ ਉੱਤੇ ਜ਼ਿੰਦਾ ਰੱਖਣਾ ਅਤੇ ਆਪਣੀਆਂ ਖ਼ਾਹਿਸ਼ਾਵਾਂ ਅਤੇ ਜਜ਼ਬਾਤ ਉੱਤੇ ਰੋਕ ਲਾਉਣੀ, ਵਰਤ ਰੱਖਣੇ ਅਤੇ ਧਾਰਮਿਕ ਯਾਤਰਾਵਾਂ ਕਰਨੀਆਂ ਵਗ਼ੈਰਾ ਸ਼ਾਮਿਲ ਹੁੰਦਾ ਹੈ। ਬੁਧ ਅਤੇ ਜੈਨ ਧਰਮ ਵਿਚ ਵੀ ਅਜਿਹੇ ਸਾਧੂ-ਪਣ (ਜਿਵੇਂ ਭਿਕਸ਼ੂ; ਉਂਞ ਇਹ ਲਫ਼ਜ਼ ਵੀ ਭਿੱਖਿਆ ਤੋਂ ਬਣਿਆ ਹੈ) ਨੂੰ ਇੱਕ ਜਮਾਤ ਵਜੋਂ ਥਾਂ ਹਾਸਿਲ ਹੈ। ਸਿੱਖ ਧਰਮ ਦੁਨੀਆਂ ਛੱਡਣ ਨੂੰ ਰੱਦ ਕਰਦਾ ਹੈ। ਸਿੱਖ ਧਰਮ ਪਰਵਿਰਤੀ ਦਾ ਰਸਤਾ (ਗ੍ਰਹਿਸਤੀ) ਹੈ। ਗੁਰੂ ਸਾਹਿਬ ਨੇ ਜ਼ਾਬਤੇ ਵਾਲੇ ਗ੍ਰਹਿਸਤੀ ਜੀਵਨ ਨੂੰ ਸਲਾਹਿਆ ਹੈ। ਸਿੱਖ ਫ਼ਲਸਫ਼ੇ ਮੁਤਾਬਿਕ, ਆਪਣੀਆਂ ਖ਼ਾਹਿਸ਼ਾਂ 'ਤੇ ਕਾਬੂ ਰੱਖ ਕੇ (ਨਾ ਕਿ ਆਪਣੇ ਆਪ ਨੂੰ ਤਸੀਹੇ ਜਾਂ ਦੁੱਖ ਦੇ ਕੇ), ਮਨ ਨੂੰ ਕਾਬੂ ਕੀਤਾ ਜਾ ਸਕਦਾ ਹੈ ਤੇ ਇੰਞ ਹਉਮੈ ਨੂੰ ਖ਼ਤਮ ਕੀਤਾ ਜਾ ਸਕਦਾ ਹੈ; ਪਰ ਸ਼ਰਤ ਇਹ ਹੈ ਕਿ ਨਾਮ ਸਿਮਰਨ ਕੀਤਾ ਜਾਵੇ ਅਤੇ ਸੱਚਾ ਜੀਵਨ ਬਿਤਾਇਆ ਜਾਵੇ।

ਦੁਨੀਆਂ ਦੀ ਰਚਨਾ: ਸਿੱਖ ਧਰਮ ਮੁਤਾਬਿਕ, ਪਹਿਲਾਂ ਏਥੇ ਅਰਬਾਂ ਸਾਲਾਂ ਤੋਂ ਸਿਰਫ਼ ਧੁੰਦ ਹੀ ਸੀ, ਹਰ ਪਾਸੇ ਹਨੇਰਾ ਸੀ ਤੇ ਸਿਰਫ਼ ਰੱਬ ਹੀ ਮੌਜੂਦ ਸੀ। ਰੱਬ ਨੇ ਸਾਰੀ ਕਾਇਨਾਤ ਆਪਣੇ ਆਪ ਤੋਂ ਹੀ ਰਚੀ ਹੈ। ਉਸ ਨੇ ਪਹਿਲਾਂ ਆਪਣੇ ਆਪ ਨੂੰ ਪ੍ਰਗਟ ਕੀਤਾ (ਉਹ ਹਮੇਸ਼ਾ ਤੋਂ ਹੋਂਦ ਵਿਚ ਸੀ) ਅਤੇ ਫਿਰ ਇਸ ਕਾਇਨਾਤ (ਬ੍ਰਹਿਮੰਡ) ਦੀ ਰਚਨਾ ਆਪਣੇ ਆਪ ਤੋਂ ਕੀਤੀ। ਇਹ ਸਾਰੀ ਰਚਨਾ, ਜੋ ਕਿ ਰੱਬ ਨੇ ਕੀਤੀ ਸੀ, ਕਿਸੇ ਖ਼ਾਸ ਸਮੇਂ ਨਹੀਂ ਕੀਤੀ ਗਈ ਸੀ। ਕੋਈ ਵੀ ਇਹ ਜਾਣਦਾ ਕਿ ਉਸ ਸਮੇਂ ਕਿਹੜੀ ਤਾਰੀਖ਼, ਕਿਹੜਾ ਸਮਾਂ, ਕਿਹੜਾ ਘੰਟਾ, ਪਲ ਅਤੇ ਮੌਸਮ ਸਨ। ਇਹ ਸਭ ਸਿਰਫ਼ ਰੱਬ ਆਪ ਹੀ ਜਾਣਦਾ ਹੈ।

ਉਸ ਨੇ ਆਪਣੇ ਸਿਰਫ਼ ਇਕ ਹੁਕਮ ਨਾਲ ਹੀ ਇਸ ਸਾਰੀ ਕਾਇਨਾਤ ਦੀ

ਰਚਨਾ ਕੀਤੀ ਸੀ ਨਾ ਕਿ ਵੱਖ-ਵੱਖ ਪੜਾਵਾਂ ਵਿਚ। ਰੱਬ ਹੀ ਇਸ ਕਾਇਨਾਤ ਨੂੰ ਜਦ ਚਾਹੇ ਖ਼ਤਮ ਕਰ ਸਕਦਾ ਹੈ ਤੇ ਦੋਬਾਰਾ ਬਣਾ ਸਕਦਾ ਹੈ ਤੇ ਉਸ ਨੇ ਇਹ ਕਈ ਵਾਰ ਕੀਤਾ ਵੀ ਹੈ।

ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ॥ ਆਪੇ ਸ੍ਰਿਸਟਿ ਸਭ ਸਾਜੀਅਨੁ ਆਪਿ ਮਤਿ ਦੀਨੀ॥ ਸਿਮ੍ਰਿਤਿ ਸਾਸਤ ਸਾਜਿਅਨੁ ਪਾਪ ਪੁੰਨ ਗਣਤ ਗਣੀਨੀ॥ ਜਿਸੁ ਬੁਝਾਏ ਸੋ ਬੁਝਸੀ ਸਚੈ ਸਬਦਿ ਪਤੀਨੀ॥ ਸਭੁ ਆਪੇ ਆਪਿ ਵਰਤਦਾ ਆਪੇ ਬਖਸਿ ਮਿਲਾਈ॥ *(ਸਫ਼ਾ 949)*

ਅਰਬਦ ਨਰਬਦ ਧੁੰਧੂਕਾਰਾ॥ *ਧਰਣਿ ਨ ਗਗਨਾ ਹੁਕਮੁ ਅਪਾਰਾ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਤਿ ਨ ਆਵਣ ਜਾਣੀ॥ ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥* *(ਸਫ਼ਾ 1035)*

ਕਈ ਬਾਰ ਪਸਰਿਓ ਪਾਸਾਰ॥ *ਸਦਾ ਸਦਾ ਇਕੁ ਏਕੰਕਾਰ॥ (ਸਫ਼ਾ 276)*

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥ *ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥ ਕਰਿ ਆਸਣੁ ਡਿਠੋ ਚਾਉ॥ (ਸਫ਼ਾ 463)*

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥ ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥ (ਸਫ਼ਾ 276)

ਆਸਣੁ ਲੋਇ ਲੋਇ ਭੰਡਾਰ॥ ***ਜੋ ਕਿਛੁ ਪਾਇਆ, ਸੁ ਏਕਾ ਵਾਰ॥*** *ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ, ਸਚੇ ਕੀ ਸਾਚੀ ਕਾਰ॥ (ਸਫ਼ਾ 3)*

ਥਿਤਿ ਵਾਰੁ ਨ ਜੋਗੀ ਜਾਣੈ, ਰੁਤਿ ਮਾਹੁ ਨ ਕੋਈ॥ ***ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ॥*** *(ਸਫ਼ਾ 3)*

ਦੁਪੱਟਾ: ਦੁਪੱਟਾ ਦੋ ਪਟ (ਕਪੜੇ ਦੀਆਂ ਦੋ ਤਹਿਆਂ) ਤੋਂ ਬਣਿਆ ਹੈ। ਪਹਿਲੋਂ ਇਹ ਦੋਹਰਾ ਕਪੜਾ ਹੁੰਦਾ ਸੀ ਜਿਸ ਨਾਲ ਸਿਰ ਅਤੇ ਮੂੰਹ (ਪਰਦੇ ਵਾਸਤੇ) ਪੂਰੀ ਤਰ੍ਹਾਂ ਢਕਿਆ ਜਾਂਦਾ ਸੀ। ਅਜ ਕਲ੍ਹ ਦੁਪੱਟਾ ਕੱਪੜੇ ਦਾ ਉਹ ਟੁਕੜਾ ਹੈ ਜੋ ਔਰਤਾਂ ਆਪਣਾ ਸਿਰ ਢੱਕਣ ਵਾਸਤੇ ਵਰਤਦੀਆਂ ਹਨ। ਸਿੱਖ ਔਰਤਾਂ ਨੂੰ ਸਿਰ ਹਮੇਸ਼ਾ ਢਕਣਾ ਜ਼ਰੂਰੀ ਹੈ। ਇਸ ਦਾ ਸਭ ਤੋਂ ਵਧੀਆ ਤਰੀਕਾ ਦਸਤਾਰ (ਕੇਸਕੀ) ਹੈ, ਭਾਵੇਂ ਕਿ ਦੁਪੱਟਾ ਹੀ ਜ਼ਿਆਦਾ ਵਰਤਿਆ ਜਾਂਦਾ ਹੈ। ਦੁਪੱਟੇ ਨੂੰ ਚੁੰਨੀ ਵੀ ਕਿਹਾ ਜਾਂਦਾ ਹੈ। ਸਮਝਦਾਰ ਅਤੇ ਸਮਰਪਿਤ ਸਿੱਖ ਬੀਬੀਆਂ ਦਸਤਾਰ ਸਜਾਉਂਦੀਆਂ ਹਨ ਪਰ ਆਮ ਔਰਤਾਂ ਦੁਪੱਟੇ ਦੀ ਵਰਤੋਂ ਕਰਦੀਆਂ ਹਨ: ਦੇਖੋ: **ਚੁੰਨੀ, ਕੇਸਕੀ** 108

ਦੁਮਾਲਾ: ਪੱਗ ਦਾ ਉਹ ਲੜ/ਹਿੱਸਾ, ਜੋ ਉਪੱਰੋਂ, ਥੱਲੇ ਵੱਲ ਨੂੰ (ਆਮ ਤੌਰ ਤੇ ਖੱਬੇ ਪਾਸਿਓਂ), ਪੱਗ ਦੇ ਸਿਰੇ ਵਿਚੋਂ ਲਮਕਦਾ ਹੈ, ਉਸ ਨੂੰ 'ਦੁਮਾਲਾ' ਕਿਹਾ ਜਾਂਦਾ ਹੈ। ਪੁਰਾਣੇ ਵੇਲਿਆਂ ਵਿਚ, ਪੱਗ ਦੀ ਇੱਕ ਨੁਕਰ ਵਿੱਚੋਂ ਲੜ ਉਪੱਰ ਨੂੰ ਚੜ੍ਹਾਏ ਜਾਣ ਦਾ ਰਿਵਾਜ਼ ਸੀ। ਪੱਗ ਨੂੰ ਮਾਇਆ ਲਾ ਕੇ ਇਕ ਸਿਰੇ ਨੂੰ ਅਕੜਾਇਆ/ਸਖ਼ਤ ਕੀਤਾ ਜਾਂਦਾ ਸੀ ਤੇ ਉਪਰ ਵੱਲ ਨੂੰ ਖੜ੍ਹਾ ਕੀਤਾ ਜਾਂਦਾ ਸੀ। ਫ਼ਾਰਸੀ ਵਿਚ

ਇਸ ਨੂੰ 'ਤੁਰੱਰਾ'/ਤੁਰਲਾ ਕਹਿੰਦੇ ਸਨ। ਪਰ, ਹੁਣ ਇਹ ਰਿਵਾਜ ਲਗਭਗ ਖਤਮ ਹੋ ਗਿਆ ਹੈ। ਸਿੱਖਾਂ ਵਿਚ 'ਤੁਰੱਰੇ' ਨਹੀਂ ਬਲਕਿ 'ਦੁਮਾਲੇ' ਦੀ ਰਿਵਾਇਤ ਹੈ। ਨਿਹੰਗ ਦਸਤਾਰ ਵਿਚ ਦੁਮਾਲਾ ਸਜਾਉਂਦੇ ਹਨ। ਉਹ ਮਾਇਆ (ਮੈਦੇ ਜਾਂ ਅਰਾਰੋਟ ਦੀ ਲੇਵੀ) ਦੇ ਨਾਲ ਦਸਤਾਰ ਨੂੰ ਅਕੜਾਉਂਦੇ ਨਹੀ ਪਰ ਉਨ੍ਹਾਂ ਦੇ ਦੁਮਾਲੇ ਦਾ ਖ਼ਾਸ ਮਾਅਨਾ ਹੈ। ਇਸ ਦੁਮਾਲੇ ਨੂੰ 'ਫੱਰਰਾ' ਵੀ ਕਿਹਾ ਜਾਂਦਾ ਹੈ। 'ਫਰੱਰਾ' ਦਾ ਪਿਛੋਕੜ ਫ਼ਾਰਸੀ ਦਾ ਲਫ਼ਜ਼ 'ਫੱਰਰਾ' ਹੈ ਜਿਸ ਦਾ ਮਤਲਬ ਹੈ ਦਬਦਬਾ, ਆਨ-ਬਾਨ, ਸ਼ਾਨੋ-ਸ਼ੌਕਤ। ਦੁਮਾਲਾ/ਫੱਰਰਾ ਸਿੱਖ ਦੀ ਦਸਤਾਰ ਵਿਚ ਕੌਮੀ ਝੰਡੇ ਦਾ ਨਿਸ਼ਾਨ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫੱਰਰੇ ਦੀ ਸ਼ੁਰੂਆਤ 16 ਜਨਵਰੀ 1704 ਦੇ ਦਿਨ ਅਨੰਦਪੁਰ ਸਾਹਿਬ ਤੋਂ ਸ਼ੁਰੂ ਕੀਤੀ ਸੀ। (ਇਸ ਘਟਨਾ ਬਾਰੇ ਵਧੇਰੇ ਤਫ਼ਸੀਲ ਵਾਸਤੇ ਦੇਖੋ: ਡਾ: ਹਰਜਿੰਦਰ ਸਿੰਘ ਦਿਲਗੀਰ ਲਿਖਤ ਕਿਤਾਬ **ਅਨੰਦਪੁਰ ਸਾਹਿਬ**, ਅੰਗ੍ਰੇਜ਼ੀ ਤੇ ਪੰਜਾਬੀ ਦੋਹਾਂ ਵਿਚ)। ਲੜਾਈਆਂ ਦੌਰਾਨ ਨਿਹੰਗ ਮੂਹਰੇ ਲੜਨ ਵਾਸਤੇ ਆਪਣੀ ਦਸਤਾਰ ਵਿਚ ਨਿਸ਼ਾਨ ਸਾਹਿਬ ਦੇ ਤੌਰ 'ਤੇ, ਫੱਰਰੇ, ਦੀ ਵਰਤੋਂ ਕਰਦੇ ਸਨ। (ਵਧੇਰੇ ਤਫ਼ਸੀਲ ਵਾਸਤੇ ਦੇਖੋ: ਕਿਤਾਬ **ਸਿੱਖ ਫ਼ਿਲਾਸਫ਼ੀ ਕੀ ਹੈ ਤੇ ਹੋਰ ਲੇਖ** ਵਿਚ 'ਨਿਹੰਗਾਂ' ਬਾਰੇ ਲੇਖ)।

ਦੁਰਮਤਿ: ਇਸ ਦਾ ਮਾਅਨਾ ਹੈ: ਮਾੜੀ, ਅਧਰਮੀ, ਬਦ-ਇਖ਼ਲਾਕੀ, ਅ-ਰੂਹਾਨੀ ਮਤ। ਇਹ ਗੁਰਮਤਿ ਦੇ ਉਲਟ ਹੈ। ਉਂਞ ਕਾਮ, ਕ੍ਰੋਧ, ਪਰ-ਨਿੰਦਾ, ਲਾਲਚ ਵਗ਼ੈਰਾ ਨੂੰ 'ਦੁਰਮਤਿ' ਦੀਆਂ ਕਾਰਵਾਈਆਂ ਮੰਨਿਆ ਜਾਂਦਾ ਹੈ।ਇਹ 'ਮਨਮਤਿ' ਤੋਂ ਵੀ ਨਿਵਾਣ ਦੇ ਪੱਧਰ ਦੀ ਸੋਚ ਹੁੰਦੀ ਹੈ। ਇਹ ਵਧੇਰੇ ਕਰ ਕੇ ਕਿਰਦਾਰ ਨਾਲ ਸਬੰਧਤ ਸਮਝੀ ਜਾਂਦੀ ਹੈ।

> *ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ॥ ਸੋ ਉਬਰੈ ਗੁਰ ਸਬਦੁ ਬੀਚਾਰੈ॥ ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ॥ ਮਿਰਗੁ ਮਰੈ ਸਹਿ ਅਪੁਨਾ ਕੀਨਾ॥ ਤ੍ਰਿਸਨਾ ਰਾਚਿ ਤਤੁ ਨਹੀ ਬੀਨਾ॥ ਕਾਮੁ ਚਿਤੈ ਕਾਮਣਿ ਹਿਤਕਾਰੀ॥ ਕ੍ਰੋਧੁ ਬਿਨਾਸੈ ਸਗਲ ਵਿਕਾਰੀ॥ ਪਤਿ ਮਤਿ ਖੋਵਹਿ ਨਾਮੁ ਵਿਸਾਰੀ॥ ਪਰ ਘਰਿ ਚੀਤੁ ਮਨਮੁਖਿ ਡੋਲਾਇ॥ ਗਲਿ ਜੇਵਰੀ ਧੰਧੈ ਲਪਟਾਇ॥ ਗੁਰਮੁਖਿ ਛੂਟਸਿ ਹਰਿ ਗੁਣ ਗਾਇ॥ ਜਿਉ ਤਨੁ ਬਿਧਵਾ ਪਰ ਕਉ ਦੇਈ॥ ਕਾਮਿ ਦਾਮਿ ਚਿਤੁ ਪਰ ਵਸਿ ਸੇਈ॥ ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ॥ ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ॥ ਬੇਦ ਪੁਰਾਣ ਪੜੈ ਸੁਣਿ ਥਾਟਾ॥ ਬਿਨੁ ਰਸ ਰਾਤੇ ਮਨੁ ਬਹੁ ਨਾਟਾ॥ ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ॥ ਜਿਉ ਮੀਨਾ ਜਲ ਮਾਹਿ ਉਲਾਸਾ॥ ਨਾਨਕ ਹਰਿ ਰਸੁ ਪੀ ਤ੍ਰਿਪਤਾਸਾ॥ (ਸਫ਼ਾ 225-226)*

ਹੋਰ ਦੇਖੋ: **ਗੁਰਮਤਿ, ਮਨਮਤਿ।**

ਦੁਰਲੀ/ਡੁਰਲੀ ਜਥਾ: ਦੁਰਲੀ/ਡੁਰਲੀ ਸ਼ਬਦ ਦਾ ਮੁੱਢ ਬਾਰੇ ਜਾਣਕਾਰੀ ਨਹੀਂ, ਜਥੇ ਦਾ ਮਾਅਨਾ ਹੈ: ਟੋਲਾ, ਇਕੱਠ। ਦੁਰਲੀ ਜਥਾ ਬੇਗ਼ਰਜ਼ ਕੰਮ ਕਰਨ ਵਾਲਿਆਂ ਦਾ ਇਕ ਟੋਲਾ ਹੁੰਦਾ ਹੈ, ਜੋ ਕਿਸੇ ਤਾਕਤ, ਰੁਤਬੇ, ਮਾਣ, ਮਸ਼ਹੂਰੀ ਵਗ਼ੈਰਾ ਦੀ ਖ਼ਾਹਿਸ਼ ਨਹੀਂ ਰਖਦੇ, ਸਗੋਂ ਲਾਲਚ ਤੋਂ ਰਹਿਤ ਕੌਮ ਦੀ ਸੇਵਾ ਕਰਦੇ ਹਨ। ਇਹ ਲਫ਼ਜ਼ ਗੁਰਦੁਆਰਾ ਸੁਧਾਰ ਲਹਿਰ (1920-25) ਦੌਰਾਨ ਵਧੇਰੇ ਮਸ਼ਹੂਰ ਹੋਇਆ ਸੀ। ਇਸ 'ਚਕਰਵਰਤੀ ਜਥਾ' ਵਰਗੇ ਇਕ ਹੋਰ ਜਥੇ ਨੂੰ ਬਾਅਦ ਵਿਚ ਬਬਰ ਅਕਾਲੀ ਜਥਾ ਕਿਹਾ ਜਾਣ ਲਗ ਪਿਆ ਸੀ (ਇਹ ਦੋਵੇਂ ਇਕ ਨਹੀਂ ਸਨ)। ਬਬਰ

ਅਕਾਲੀ ਜਥਾ ਜਿੱਥੇ ਬੇਇਨਸਾਫ਼ੀ ਅਤੇ ਸਰਕਾਰ ਦੀ ਦਹਿਸ਼ਤ ਦੇ ਖ਼ਿਲਾਫ਼ ਜੂਝਦਾ ਸੀ, ਉੱਥੇ ਡੁਰਲੀ ਜਥਾ ਬੜੇ ਪੁਰਅਮਨ, ਚੁਪਚਾਪ ਤਰੀਕੇ ਨਾਲ ਕਾਰਵਾਈਆਂ ਕਰਦਾ ਸੀ। ਡੁਰਲੀ ਜਥਾ ਸਭ ਤੋਂ ਪਹਿਲਾਂ ਗੁਰੂ ਦਾ ਬਾਗ ਮੋਰਚਾ (1922) ਅਤੇ ਜੈਤੋ ਮੋਰਚਾ (1923-25) ਸਮੇਂ ਰੌਸ਼ਨੀ ਵਿਚ ਆਇਆ। ਇਸ ਨੇ ਮੋਰਚੇ ਵਿਚ ਹਿੱਸਾ ਲੈਣ ਵਾਲਿਆਂ ਨੂੰ ਵੱਖ-ਵੱਖ ਸਟੇਜਾਂ ਉੱਤੇ ਅਮਲੀ ਮਦਦ ਤੇ ਸਹੂਲਤਾਂ ਦੇਣ ਦਾ ਰੋਲ ਅਦਾ ਕੀਤਾ। 1960 ਵਿਚ ਪੰਜਾਬੀ ਸੂਬਾ ਮੋਰਚੇ ਦੌਰਾਨ ਵੀ ਇਹ ਜਥਾ ਐਕਸ਼ਨ ਵਿਚ ਸੀ। ਆਮ ਹਾਲਤਾਂ ਵਿਚ ਵੀ ਇਹ ਲੱਫ਼ਜ਼ੀ ਉਸ ਜਥੇ ਵਾਸਤੇ ਵਰਤੀ ਜਾਂਦੀ ਹੈ ਜੋ ਜਥੇਬੰਦਕ ਕਾਰਵਾਈਆਂ ਵਿਚ ਹਿੱਸਾ ਨਹੀਂ ਲੈਂਦੇ ਪਰ ਸੁਧਾਰ ਕਰਨ, ਖ਼ੁਫ਼ੀਆ ਤਰੀਕੇ ਨਾਲ ਮਦਦ ਪਹੁੰਚਾਉਣ ਅਤੇ ਚੌਕਸੀ ਦੇ ਕੰਮਾਂ ਵਿਚ ਹਿੱਸਾ ਲੈਂਦੇ ਹਨ। ਦੁਰਲੀ ਜੱਥੇ ਦੇ ਰੋਲ ਵਿਚ ਜ਼ਿਆਦਤੀ ਅਤੇ ਹੋਰ ਧੱਕੇ ਸ਼ਾਹੀ ਦੀਆਂ ਕਾਰਵਾਈਆਂ ਕਰਨ ਵਾਲਿਆਂ ਨੂੰ ਸਜ਼ਾ ਦੇਣਾ, ਯਾਨਿ ਸੋਧਣਾ, ਵੀ ਸ਼ਾਮਿਲ ਹੁੰਦਾ ਹੈ।

ਦੂਜੇ ਭਾਇ: ਰੱਬ ਤੋਂ ਬਿਨਾਂ ਕਿਸੇ ਹੋਰ ਨਾਲ ਪਿਆਰ (ਭਾਇ/ਭਾਉ) ਕਰਨਾ। ਇਸ ਦਾ ਮਤਲਬ ਹੈ ਇਨਸਾਨ ਵੱਲੋਂ ਰੱਬ ਦੀ ਬਜਾਇ ਜਾਂ ਉਸ ਦੇ ਨਾਲ-ਨਾਲ ਸੰਸਾਰ, ਮਾਇਆ, ਪਰਿਵਾਰ, ਸੱਜਣਾਂ ਵਗੈਰਾ ਨਾਲ ਪਿਆਰਾ ਕਰਨਾ। ਸਿੱਖ ਨੂੰ 'ਦੂਜੇ ਭਾਇ' ਤੋਂ ਰੋਕਿਆ ਗਿਆ ਹੈ ਕਿਉਂ ਕਿ ਇਹ ਦੂਜੇ ਰਿਸ਼ਤੇ ਵਕਤੀ ਹਨ ਤੇ ਮਾਇਆ ਦਾ ਬੰਧਨ ਹਨ, ਜਿਹੜੇ 'ਮੁਕਤੀ' ਦੇ ਰਾਹ ਵਿਚ ਰੋੜਾ ਬਣਦੇ ਹਨ।

ਦੇਹ ਬਦਲਣਾ/ਚੋਲਾ ਬਦਲਣਾ: ਦੇਹ ਬਦਲਣ ਦਾ ਮਤਲਬ ਹੈ: ਮੌਤ ਦੇ ਹੋਣ ਦੇ ਨਾਲ ਹੀ ਮਰਨ ਵਾਲੇ ਦੀ ਰੂਹ ਦਾ ਕਿਸੇ ਹੋਰ ਜਿਸਮ ਵਿਚ ਦਾਖ਼ਿਲ ਹੋਣਾ। ਹਿੰਦੂਆਂ ਦੇ ਕਰਮ ਫ਼ਲਸਫ਼ੇ ਮੁਤਾਬਿਕ, ਮਾਇਆ ਅਤੇ ਹਉਮੈ ਦੇ ਅਸਰ ਹੇਠ 'ਕਰਮ' ਕਰ ਕੇ ਜੀਵ ਦੁਬਾਰਾ ਜਨਮ ਅਤੇ ਮੌਤ ਦੇ ਚੱਕਰਾਂ ਵਿਚ ਪੈ ਜਾਂਦਾ ਹੈ। ਸਿੱਖ ਧਰਮ ਇਸ ਫ਼ਲਸਫ਼ੇ ਨੂੰ ਨਹੀਂ ਮੰਨਦਾ। ਸਿੱਖ ਧਰਮ ਮੁਤਾਬਿਕ ਮਰਨ ਮਗਰੋਂ ਇਨਸਾਨ ਦੇ ਜਿਸਮ ਦੇ ਪੰਜ ਤੱਤ ਆਪਣੇ ਮੂਲ ਵਿਚ ਤੇ ਉਸ ਦੀ ਆਤਮਾ ਪਰਮਾਤਮਾ ਵਿਚ ਸਮਾ ਜਾਂਦੀ ਹੈ। ਦੇਖੋ: **ਪੁਨਰ ਜਨਮ, ਕਰਮ** 2।\

ਦੇਗ ਤੇਗ ਫ਼ਤਹਿ:- ਦੇਗ=ਪਤੀਲਾ (ਮਾਲੀ, ਆਰਥਿਕ ਪੱਖ), ਤੇਗ=ਕਿਰਪਾਨ (ਸਿਆਸੀ ਪੱਖ) ਅਤੇ ਫ਼ਤਹਿ=ਜਿੱਤ। ਦੇਗ ਤੇਗ ਫ਼ਤਹਿ ਦਾ ਮਾਅਨਾ ਹੈ "ਖਾਲਸੇ ਦੀ ਮਾਲੀ ਪੱਖੋਂ ਖ਼ੁਸ਼ਹਾਲੀ ਤੇ ਸਿਆਸੀ ਖ਼ੁਦਮੁਖ਼ਤਿਆਰੀ ਹਮੇਸ਼ਾ ਕਾਇਮ ਰਹਿਣ"। ਸਿੱਖਾਂ ਦੇ ਕੌਮੀ ਤਰਾਨੇ ਵਿਚ ਵੀ ਇਹ ਲਫ਼ਜ਼ ਹਨ: "ਦੇਗੋ-ਤੇਗੋ ਫ਼ਤਹਿ-ਓ-ਨੁਸਰਤ-ਬੇਦਰੰਗ, ਯਾਫ਼ਤ ਅਜ਼ ਨਾਨਕ-ਗੁਰੂ ਗੋਬਿੰਦ ਸਿੰਘ" (ਯਾਨਿ ਮਾਲੀ ਖ਼ੁਸ਼ਹਾਲੀ, ਸਿਆਸੀ ਅਜ਼ਾਦੀ, ਕੌਮੀ ਜਿੱਤ ਅਤੇ ਰੱਬ ਦੀ ਮਦਦ ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਦੀ ਮਿਹਰ ਨਾਲ ਫ਼ੌਰਨ ਹਾਸਿਲ ਹੁੰਦੀ ਹੈ)। ਇਹ ਲਫ਼ਜ਼ ਸਿੱਖ ਮਿਸਲਾਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ 1710 ਵਿਚ ਚਲਾਏ ਗਏ ਸਿੱਕਿਆਂ ਉਪਰ ਵੀ ਲਿਖੇ ਗਏ ਸਨ। 'ਦੇਗ ਤੇਗ ਫ਼ਤਹਿ' ਆਖ ਕੇ ਸਿੱਖ ਆਪਣੀ ਅਰਦਾਸਿ ਵਿਚ ਵੀ ਕੌਮ ਦੀ ਮਾਲੀ ਖੁਸ਼ਹਾਲੀ ਅਤੇ ਸਿਆਸੀ ਖ਼ੁਦਮੁਖ਼ਤਿਆਰੀ ਲਈ ਅਰਦਾਸ ਕਰਦਾ ਹੈ।

ਦੇਵ (ਗੁਰੂ ਨਾਨਕ ਦੇਵ):- 'ਦੇਵ' ਦਾ ਮਾਅਨਾ ਹੈ: ਦੇਵਤਾ। ਹਿੰਦੂ ਸਾਰੇ ਮਿਥਿਹਾਸਕ ਰਾਜਿਆਂ, ਕਾਲਪਨਿਕ/ਖਿਆਲੀ ਦੇਵਤਿਆਂ ਅਤੇ ਆਗੂਆਂ ਤਕ ਨੂੰ ਵੀ

ਨੂੰ 'ਦੇਵ' (ਦੇਵਤਾ) ਮੰਨਦੇ ਹਨ। ਇਹ ਲੱਫ਼ਾਜ਼ੀ ਕੁਝ ਅਗਿਆਨੀ ਸਿੱਖਾਂ ਵੱਲੋਂ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਅਤੇ ਗੁਰੂ ਅਰਜਨ ਸਾਹਿਬ ਦੇ ਨਾਂ ਨਾਲ ਵੀ ਵਰਤੀ ਜਾਂਦੀ ਹੈ। ਗੁਰੂ ਸਾਹਿਬਾਨ ਦੇ ਨਾਂ ਨਾਲ 'ਦੇਵ' ਪਿਛੇਤਰ ਉਨੀਵੀਂ ਸਦੀ ਦੇ ਮਗਰਲੇ ਹਿੱਸੇ ਵਿਚ ਵਰਤਿਆ ਜਾਣਾ ਸ਼ੁਰੂ ਹੋਇਆ ਸੀ ਅਤੇ ਬੇਸਮਝ ਲੋਕਾਂ ਵੱਲੋਂ 1984 ਤੋਂ ਬਾਅਦ ਅੰਨ੍ਹੇ-ਵਾਹ ਹੀ ਕਬੂਲ ਕਰ ਲਿਆ ਗਿਆ ਹੈ ਅਤੇ ਖਾਸ ਤੌਰ ਤੇ 1993 ਤੋਂ ਬਾਅਦ, ਜਦੋਂ ਪੰਜਾਬ ਵਿੱਚ ਖਾੜਕੂਆਂ ਦਾ ਜ਼ਵਾਲ ਹੋ ਗਿਆ, ਇਹ ਹੋਰ ਵੀ ਜ਼ਿਆਦਾ ਵਰਤਿਆ ਜਾਣ ਲੱਗ ਪਿਆ (ਪਰ ਸਿਆਣੇ ਵਿਦਵਾਨ ਅੱਜ ਵੀ ਇਸ ਅ-ਸਿੱਖ ਪਿਛੇਤਰ ਦੀ ਵਰਤੋਂ ਨਹੀਂ ਕਰਦੇ)। 'ਦੇਵ' ਕਦੇ ਵੀ, ਕਿਸੇ ਵੀ, ਗੁਰੂ ਦੇ ਨਾਂ ਦਾ ਹਿੱਸਾ ਨਹੀਂ ਸੀ। ਗੁਰੂ ਨਾਨਕ ਸਾਹਿਬ ਬਾਰੇ ਪੰਜ ਜਨਮ-ਸਾਖੀਆਂ (ਬਾਲਾ, ਮਿਹਰਬਾਨ, ਮਨੀ ਸਿੰਘ, ਪ੍ਰਾਚੀਨ ਜਨਮ-ਸਾਖੀ, ਵਿਲਾਇਤ ਵਾਲੀ) ਮਿਲਦੀਆਂ ਹਨ; ਤਿੰਨ ਗੁਰਬਿਲਾਸ (ਸੁੱਖਾ ਸਿੰਘ, ਕੋਇਰ ਸਿੰਘ, ਅਖੌਤੀ-ਸੋਹਨ ਕਵੀ) ਹਨ; ਸੈਨਾਪਤੀ ਦੀ 'ਗੁਰ ਸੋਭਾ' ਹੈ, ਕੇਸਰ ਸਿੰਘ ਛਿਬਰ ਦਾ 'ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਦਾ' ਹੈ, ਇਨ੍ਹਾਂ ਕਿਤਾਬਾਂ ਵਿਚ ਕਿਤੇ ਵੀ ਕਿਸੇ ਵੀ ਗੁਰੂ ਸਾਹਿਬ ਨਾਲ 'ਦੇਵ' ਦੀ ਵਰਤੋਂ ਨਹੀਂ ਵਰਤੀ ਗਈ। ਯਾਰ੍ਹਾਂ ਭੱਟ ਕਵੀਆਂ ਅਤੇ ਢਾਡੀਆਂ ਸੱਤਾ ਅਤੇ ਬਲਵੰਡ ਦੇ ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਸਾਹਿਬ ਬਾਰੇ ਲਿਖੇ ਬਹੁਤ ਸਾਰੇ ਸ਼ਬਦ ਲਿਖੇ ਹਨ, ਪਰ ਉਨ੍ਹਾਂ ਵਿੱਚੋਂ ਵੀ ਕਿਸੇ ਨੇ ਵੀ, ਕਿਤੇ ਵੀ, ਕਿਸੇ ਵੀ ਗੁਰੂ ਸਾਹਿਬ ਦੇ ਨਾਂ ਨਾਲ 'ਦੇਵ' ਨਹੀਂ ਵਰਤਿਆ। ਭਾਈ ਗੁਰਦਾਸ ਨੇ ਵੀ ਕਿਸੇ ਗੁਰੂ ਦੇ ਨਾਂ ਨਾਲ 'ਦੇਵ' ਨਹੀਂ ਵਰਤਿਆ। ਗੁਰੂ ਕੀਆਂ ਸਾਖੀਆਂ (1797), ਸਿੱਖਾਂ ਦੀ ਭਗਤ ਮਾਲ ਦੇ ਲੇਖਕ, ਭਾਈ ਨੰਦ ਲਾਲ ਹੀ ਨਹੀਂ ਪੁਰਾਣੇ ਫ਼ਾਰਸੀ ਲਿਖਾਰੀਆਂ ਨੇ ਵੀ ਆਪਣੀਆਂ ਲਿਖਤਾਂ ਵਿਚ ਕਿਸੇ ਗੁਰੂ ਸਾਹਿਬ ਦੇ ਨਾਂ ਨਾਲ 'ਦੇਵ' ਨਹੀਂ ਵਰਤਿਆ।

ਹੋਰ ਤਾਂ ਹੋਰ, ਭਗਉਤੀ ਦੀ ਵਾਰ, ਜਿਹੜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਨਜ਼ੂਰ-ਸ਼ੁਦਾ ਅਰਦਾਸਿ ਦਾ ਪਹਿਲਾ ਹਿੱਸਾ ਹੈ, ਉਸ ਵਿਚ ਵੀ ਕਿਸੇ ਗੁਰੂ ਦੇ ਨਾਂ ਨਾਲ 'ਦੇਵ' ਪਿਛੇਤਰ ਨਹੀਂ ਵਰਤਿਆ ਗਿਆ। 'ਦੇਵ' ਲਫ਼ਜ਼ ਪਹਿਲੀ ਵਾਰ (ਮਹਾਰਾਜਾ) ਰਣਜੀਤ ਸਿੰਘ ਦੇ ਸਮੇਂ ਦੌਰਾਨ, ਇਕ ਹਿੰਦੂ ਲਿਖਾਰੀ ਵੱਲੋਂ ਵਰਤਿਆ ਗਿਆ ਸੀ। ਇਸ ਤੋਂ ਸਾਫ਼ ਜ਼ਾਹਿਰ ਹੈ ਇਹ ਉਸ ਲਿਖਾਰੀ ਦੀ ਸਾਜ਼ਿਸ਼ ਸੀ। ਉਹ ਗੁਰੂ ਸਾਹਿਬ ਨੂੰ 'ਦੇਵ' (ਦੇਵਤਾ) ਵਜੋਂ ਪੇਸ਼ ਕਰਨਾ ਚਾਹੁੰਦਾ ਸੀ। ਇਹ ਬਹੁਤ ਅਜੀਬ ਗੱਲ ਹੈ ਕਿ ਕੁਝ ਸਿੱਖ ਲਿਖਾਰੀ ਵੀ ਇਸ ਸਾਜ਼ਿਸ਼ ਵਿੱਚ ਫਸੇ ਹੋਏ ਹਨ ਅਤੇ ਇਸ ਸਾਜ਼ਿਸ਼ ਨੂੰ ਸਮਝ ਕੇ ਵੀ ਦੁਖੀ/ਪਰੇਸ਼ਾਨ ਨਹੀਂ ਹੁੰਦੇ ਹਨ। ਵਧੇਰੇ ਤਫ਼ਸੀਲ ਵਾਸਤੇ ਵੇਖੋ, ਕਿਤਾਬਾਂ: **ਸਿੱਖ ਮਸਲੇ, ਸਿੱਖ ਤਵਾਰੀਖ (1469-2007)** ਦਾ ਪਹਿਲਾ ਹਿੱਸਾ।

ਦੋਹਰਾ:- ਦੋਹਰਾ, ਕਵਿਤਾ ਦਾ ਇਕ ਛੰਦ ਹੈ ਜੋ ਦੋ ਤੁਕਾਂ ਦਾ ਹੁੰਦਾ ਹੈ। ਗੁਰੂ ਨਾਨਕ ਸਾਹਿਬ ਅਤੇ ਭਗਤ ਕਬੀਰ ਨੇ ਅਕਸਰ ਹੀ ਇਸ ਛੰਦ ਦੀ ਵਰਤੋਂ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੈਂਕੜੇ ਦੋਹਰੇ ਦਰਜ ਹਨ।

ਦੌਲਤ ਰਾਏ:- ਉਹ ਆਰੀਆ ਸਮਾਜ ਦਾ ਇਕ ਪ੍ਰਚਾਰਕ ਸੀ, ਜਿਸ ਨੇ

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਾਰੇ 'ਸਾਹਿਬੇ-ਕਮਾਲ' ਨਾਂ ਦੀ ਕਿਤਾਬ ਲਿਖੀ। ਉਸ ਨੇ ਇਸ ਸਾਜ਼ਸ਼ੀ ਕਿਤਾਬ ਵਿਚ ਗੁਰੂ ਸਾਹਿਬ ਨੂੰ ਹਿੰਦੂ ਧਰਮ ਦਾ ਇਕ ਮੁਹਾਫ਼ਿਜ਼ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹ ਸਿੱਖਾਂ ਨੂੰ ਕੇਸਾਂ ਤੇ ਦਸਤਾਰ ਵਾਲੇ ਹਿੰਦੂ ਆਖਦਾ ਹੈ। ਉਸ ਦੀ ਇਹ ਕਿਤਾਬ ਆਰੀਆ ਸਮਾਜ ਦੇ ਐਂਟੀ-ਸਿੱਖ ਪ੍ਰਾਪੇਗੰਡਾ ਦਾ ਹਿੱਸਾ ਸੀ ਜਿਸ ਨੂੰ ਕੁਝ ਬੇਸਮਝ ਸਿੱਖਾਂ ਨੇ, ਉਸ ਲੇਖਕ ਦੇ ਲਿਖੇ ਕੁਝ ਚਾਪਲੂਸੀ ਦੀ ਖੰਡ ਵਿਚ ਲਿਪਟੇ ਪਰ ਜ਼ਹਿਰੀਲੇ ਫ਼ਿਕਰੇ ਪੜ੍ਹ ਕੇ, ਇਸ ਸਾਜ਼ਿਸ਼ ਨੂੰ ਸਮਝੇ ਬਿਨਾਂ, ਇਸ ਦੀਆਂ ਹਜ਼ਾਰਾਂ ਕਾਪੀਆਂ ਆਪ ਛਾਪ ਕੇ ਵੰਡ ਦਿੱਤੀਆਂ। 'ਸਾਹਿਬੇ ਕਮਾਲ' ਸਿੱਖ ਪੰਥ ਦੇ ਖ਼ਿਲਾਫ਼ ਲਿਖੀਆਂ ਗਈਆਂ ਸਭ ਤੋਂ ਵਧ ਖ਼ਤਰਨਾਕ ਕਿਤਾਬਾਂ ਵਿਚੋਂ ਇਕ ਹੈ। ਹੋਰ ਦੇਖੋ: **ਸਾਹਿਬੇ ਕਮਾਲ**।

ਦੰਭ:- ਦੰਭ ਦਾ ਮਾਅਨਾ ਹੈ: ਕਪਟ, ਛਲ, ਦੋਗਲਾਪਣ। ਦੂਜੇ ਲਫ਼ਜ਼ਾਂ ਵਿਚ ਕਹਿਣਾ ਕੁਝ ਹੋਰ ਅਤੇ ਕਰਨਾ ਕੁਝ ਹੋਰ। ਇਸ ਨੂੰ ਪਾਖੰਡ ਵੀ ਕਿਹਾ ਜਾਂਦਾ ਹੈ। ਜੋ ਸਿੱਖ ਦੇਖਣ ਤੋਂ ਤਾਂ ਸਿੱਖ ਨਜ਼ਰ ਆਵੇ ਪਰ ਉਸ ਦੇ ਜਿਊਣ ਵਿਚ ਸਿੱਖੀ ਦੀ ਕੋਈ ਗੱਲ/ਖ਼ੂਬੀ ਸ਼ਾਮਿਲ ਨਾ ਹੋਵੇ ਉਸ ਨੂੰ ਦੰਭੀ ਕਿਹਾ ਜਾਂਦਾ ਹੈ।

ਧਰਮ:- ਧਰਮ ਲਫ਼ਜ਼ ਦੀ ਜੜ੍ਹ 'ਧ੍ਰੀ' ਹੈ ਜਿਸ ਦਾ ਮਾਅਨਾ ਹੈ: ਉਹ ਜੋ ਧਾਰਨ ਕਰਨਾ ਚਾਹੀਦਾ ਹੈ (ਯਾਨਿ ਜਿਸ ਫ਼ਲਸਫ਼ਾ/ਜੀਵਨ ਜਾਚ ਨੂੰ ਅਪਣਾਉਣਾ ਚਾਹੀਦਾ ਹੈ)। ਧਰਮ ਲਫ਼ਜ਼ ਦੇ ਕਈ ਹੋਰ ਮਾਅਨੇ ਵੀ ਹਨ। ਧਰਮ ਫ਼ਿਰਕੇ ਵਾਸਤੇ ਵੀ ਵਰਤਿਆ ਜਾਂਦਾ ਹੈ (ਜਿਵੇਂ ਸਿੱਖ ਧਰਮ, ਮੁਸਲਿਮ ਧਰਮ, ਬੁਧ ਧਰਮ)। ਧਰਮ, ਖ਼ੁਦਾਈ, ਇਖ਼ਲਾਕੀ, ਸਮਾਜਿਕ ਅਤੇ ਰੂਹਾਨੀ ਕਾਇਦਿਆਂ (ਸਿਧਾਂਤਾਂ) ਦੇ ਨੇਮਾਂ ਦਾ ਜ਼ਾਬਤਾ ਹੈ। ਇਸ ਤੋਂ ਭਾਵ ਉਹ ਸਿਧਾਂਤ ਵੀ ਹਨ, ਜੋ ਇਨਸਾਨ ਦੇ ਇਖ਼ਲਾਕ ਨੂੰ ਬਣਾਉਂਦੇ ਹਨ ਅਤੇ ਉਸ ਦੀ ਠੀਕ ਅਤੇ ਗਲਤ ਜਾਣਨ ਬਾਰੇ ਸੂਝ ਦਾ ਆਧਾਰ ਬਣਦੇ ਹਨ।

ਇਹ ਬ੍ਰਹਮੰਡ ਨੂੰ ਕੰਟਰੋਲ ਕਰਨ ਵਾਲੀ ਸਭ ਤੋਂ ਉਚੀ ਤਾਕਤ ਬਾਰੇ ਜਾਣਨ ਦਾ ਰਸਤਾ ਹੈ। ਇਹ ਸਾਰੀ ਕਾਇਨਾਤ, ਇਸ ਦੀ ਰਚਨਾ ਦਾ ਮਕਸਦ ਅਤੇ ਹੋਰ ਰਮਜ਼ਾਂ ਨੂੰ ਜਾਣਨ ਬਾਰੇ ਸਿੱਖਣਾ ਹੈ। ਇਹ ਰੱਬ ਦੀਆਂ ਅਸੀਸਾਂ ਲੈਣਾ, ਉਸ ਨੂੰ ਪਿਆਰ ਕਰਨਾ ਅਤੇ ਅਖ਼ੀਰ ਵਿਚ, ਉਸ ਵਿਚ ਇਕ-ਮਿਕ ਹੋਣ ਸਬੰਧੀ ਕੋਸ਼ਿਸ਼ ਕਰਨ ਦੀ ਦੁਨੀਆਂ ਹੈ। ਇਹ ਇਖ਼ਲਾਕੀ ਕਾਇਦਿਆਂ ਦਾ ਜ਼ਾਬਤਾ ਹੈ, ਜੋ ਇਨਸਾਨ ਆਪਣੀ ਜ਼ਿੰਦਗੀ ਨੂੰ ਸੁਖਾਵਾਂ ਬਣਾਉਣ ਲਈ ਅਪਣਾਉਂਦਾ ਹੈ। ਇਹ ਇਕ ਨੇਮਾਵਲੀ ਹੈ, ਜਿਸ ਨੂੰ, ਇਨਸਾਨ ਨੂੰ, ਹੋਰਨਾਂ ਨਾਲ ਸੰਤੁਲਿਤ ਤੇ ਸਹੀ ਸਬੰਧ ਬਣਾਉਣ ਲਈ ਅਪਣਾਉਣਾ ਚਾਹੀਦਾ ਹੈ। ਇਸ ਵਿਚ, ਰੱਬ, ਰੂਹਾਨੀਅਤ, ਇਖ਼ਲਾਕ, ਉੱਚਤਾ, ਦਇਆ, ਮਿਹਰ, ਇਨਸਾਫ਼, ਜ਼ਾਬਤਾ ਅਤੇ ਸਮਾਜ ਭਲਾਈ/ਪਰਉਪਕਾਰ ਵਗ਼ੈਰਾ ਸ਼ਾਮਿਲ ਹਨ। ਇਹ ਇਨਸਾਨ ਨੂੰ ਆਪਣੀ ਹਉਮੈ ਵਿਚ ਖਚਿਤ ਹੋਣ ਤੋਂ ਆਜ਼ਾਦ ਕਰਾਉਂਦਾ ਹੈ।

ਸਿੱਖ ਫ਼ਲਸਫ਼ੇ ਵਿਚ, ਰੱਬ ਦੇ ਕਾਨੂੰਨ ਸਮਝਣ ਅਤੇ ਉਸ ਉੱਤੇ ਅਮਲ ਕਰਨ ਵਾਸਤੇ ਫ਼ਰਜ਼ ਦਾ ਨਾਂ ਧਰਮ ਹੈ। ਇਸ ਵਿਚ ਰੱਬ ਨੂੰ ਯਾਦ ਕਰਨਾ, ਸੱਚਾ ਜੀਵਣ

ਜੀਣਾ, ਲੋਕਾਈ ਦੀ ਸੇਵਾ ਕਰਨਾ, ਇਨਸਾਫ਼ ਕਾਇਮ ਕਰਨ ਵਿਚ ਮਦਦ ਕਰਨਾ ਸ਼ਾਮਿਲ ਹਨ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (ਸਫ਼ਾ 266)

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ, ਜਹਾ ਝੂਠੁ ਤਹ ਪਾਪੁ ॥ ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥ (ਸਫ਼ਾ 1372) .

ਜਿਨਿ ਆਤਮ ਤਤੁ ਨ ਚੀਨ੍ਹਿਆ ॥ ਸਭ ਫੋਕਟ ਧਰਮ ਅਬੀਨਿਆ ॥ (ਸਫ਼ਾ 1351)

ਇਕ ਖ਼ਾਸ ਧਰਮ (ਜਿਵੇਂ ਸਿੱਖ ਧਰਮ, ਇਸਲਾਮ, ਇਸਾਈਅਤ, ਹਿੰਦੂ ਧਰਮ, ਜੈਨ ਧਰਮ, ਬੁੱਧ ਧਰਮ, ਯਹੂਦੀ) ਨੂੰ ਇਕ ਵਿਚਾਰਾਂ/ਸਿਧਾਂਤਾਂ ਦੇ ਸਮੂਹਾਂ ਵਜੋਂ ਬਿਆਨ ਕੀਤਾ ਜਾ ਸਕਦਾ ਹੈ ਜੋ ਉਸ ਨੂੰ ਮੰਨਣ ਵਾਲਿਆਂ ਵਿਚ ਸਾਂਝੀਆਂ ਕੀਤੀਆਂ ਜਾਂਦੀਆਂ ਹਨ; ਜੋ ਇਸ ਦੇ ਮੈਂਬਰਾਂ ਨੂੰ ਭਗਤੀ, ਇਖ਼ਲਾਕ ਅਤੇ ਸਮਾਜਿਕ ਵਿਹਾਰ ਸਬੰਧੀ ਨੇਮ, ਪੂਜਾ ਦੇ ਤਰੀਕੇ, ਰਸਮਾਂ ਅਤੇ ਹਮਖ਼ਿਆਲਾਂ ਅਤੇ ਬਾਕੀ ਸੰਸਾਰ ਨਾਲ ਸਬੰਧ ਰੱਖਣ ਬਾਰੇ ਦਰਸਾਉਂਦਾ ਹੈ।

ਧਰਮ ਖੰਡ: ਇਸ ਦਾ ਲਫ਼ਜ਼ੀ ਮਾਅਨਾ ਹੈ: ਧਰਮ (ਸਚਾਈ) ਦਾ ਖੇਤਰ/ਇਲਾਕਾ। ਇਹ ਜਪੁ(ਜੀ) ਸਾਹਿਬ ਵਿਚ ਦਰਸਾਏ ਗਏ ਪੰਜ ਖੰਡਾਂ ਵਿਚੋਂ ਇੱਕ ਹੈ। ਇਸ ਦਾ ਪਿਛੋਕੜ ਇਹ ਹੈ ਕਿ ਸਾਡੀ ਧਰਤੀ, ਜਿਥੇ ਅਸੀਂ ਅਨੇਕਾਂ ਹੀ ਕੰਮ ਕਰਦੇ ਹਨ, ਧਰਮ ਕਮਾਉਣ (ਸੱਚਾ ਜੀਵਨ) ਵਾਸਤੇ ਹੈ। ਸਾਰਿਆਂ ਨੂੰ ਧਰਮ ਦੇ ਮੁਤਾਬਿਕ ਹੀ ਆਪਣੇ ਸਾਰੇ ਕੰਮ ਕਰਨੇ ਚਾਹੀਦੇ ਹਨ, ਯਾਨਿ ਸੱਚਾ ਜੀਵਨ, ਇਖ਼ਲਾਕੀ ਜ਼ਿੰਦਗੀ ਜੀਣਾ ਤੇ ਰੱਬ ਦੀ ਭਗਤੀ ਕਰਨਾ ਵਗ਼ੈਰਾ।

ਧਰਮ ਯੁੱਧ: ਇਸ ਦਾ ਲਫ਼ਜ਼ੀ ਮਾਅਨਾ ਹੈ: ਸਚਾਈ ਦੀ ਲੜਾਈ। ਹਰੇਕ ਸਿੱਖ ਦਾ ਫ਼ਰਜ਼ ਹੈ ਕਿ ਉਹ ਹਰ ਵੇਲੇ ਆਪਣੇ (ਮਨ ਵਿਚ) ਮਾਲਕ (ਰੱਬ) ਦਾ ਨਾਂ ਲੈਂਦਾ ਰਹੇ ਅਤੇ ਦਿਲ ਵਿਚ ਹਮੇਸ਼ਾ ਸਚਾਈ ਵਾਸਤੇ ਜੂਝਣ ਵਾਸਤੇ ਤਿਆਰ ਰਹੇ। ਗੁਰੂ ਨਾਨਕ ਸਾਹਿਬ ਬਾਬਰ ਦੇ ਹਮਲਿਆਂ ਸਬੰਧੀ ਰਚੇ ਸ਼ਬਦਾਂ ਵਿਚ ਵੀ ਸਾਨੂੰ ਇਹੀ ਦਸਦੇ ਹਨ। ਧਰਮ ਯੁੱਧ ਦੀ ਇਹ ਸ਼ਰਤ ਹੈ ਕਿ ਲੜਾਈ, ਨੇਕੀ ਜਾਂ ਸਚਿਆਈ ਵਾਸਤੇ ਸੱਚੀ ਜੱਦੋਜਹਿਦ ਹੋਣੀ ਚਾਹੀਦੀ ਹੈ ਅਤੇ ਜੰਗ ਦੇ ਸਿੱਖ ਇਖ਼ਲਾਕ ਦਾ ਇਸ 'ਤੇ ਪਹਿਰਾ ਹੋਣਾ ਚਾਹੀਦਾ ਹੈ। ਦੂਜੇ ਲਫ਼ਜ਼ਾਂ ਵਿਚ ਧਰਮ ਯੁਧ ਦੌਰਾਨ ਦੁਸ਼ਮਣੀ ਜਾਂ ਬਦਲੇ ਦੀ ਭਾਵਨਾ ਨਹੀਂ ਹੋਣੀ ਚਾਹੀਦੀ; ਸਿਰਫ਼ ਤਾਕਤ ਦਾ ਇਜ਼ਹਾਰ ਕਰਨਾ ਇਸ ਜੱਦੋਜਹਿਦ ਦਾ ਨਿਸ਼ਾਨਾ ਨਹੀਂ ਹੋਣਾ ਚਾਹੀਦਾ; ਇਸ ਵਿਚ ਹਿੱਸਾ ਲੈਣ ਵਾਲਿਆਂ ਵੱਲੋਂ ਤਾਕਤ ਨੂੰ ਸਿਰਫ਼ ਇਨਸਾਫ਼ ਲੈਣ ਵਾਸਤੇ ਵਰਤਿਆ ਜਾਣਾ ਚਾਹੀਦਾ ਹੈ; ਉਨ੍ਹਾਂ ਦਾ ਨਿਸ਼ਾਨਾ ਇਨਸਾਫ਼ ਕਾਇਮ ਕਰਨ ਦਾ ਹੋਣਾ ਚਾਹੀਦਾ ਹੈ ਨਾ ਕਿ ਤਾਕਤ ਨੂੰ ਦਿਖਾਉਣ ਦਾ; ਘੱਟ ਤੋਂ ਘੱਟ (ਪਰ ਜਿੰਨੀ ਜ਼ਰੂਰੀ ਹੋਵੇ) ਤਾਕਤ/ਫ਼ੌਜ ਜੰਗ ਸਮੇਂ ਵਰਤਣੀ ਚਾਹੀਦੀ ਹੈ; ਹਥਿਆਰਾਂ ਦੀ ਵਰਤੋਂ ਸਿਰਫ਼ ਉਸ ਸਮੇਂ ਕਰਨੀ ਚਾਹੀਦੀ ਹੈ ਜਦੋਂ ਸਾਰੇ ਹੀਲੇ-ਵਸੀਲੇ ਖ਼ਤਮ ਹੋ ਜਾਣ। ਸਾਰੇ ਗੁਰੂ ਸਾਹਿਬਾਂ ਨੇ ਧਰਮ ਯੁੱਧ ਦੀ ਲੜਾਈ ਲੜੀ ਸੀ। ਸਿੱਖ ਕੌਮ ਨੇ, ਅਠਾਰ੍ਹਵੀਂ ਸਦੀ ਦੇ ਦੌਰਾਨ, ਸਿੱਖ ਹੋਮਲੈਂਡ ਦੀ ਅਜ਼ਾਦੀ ਵਾਸਤੇ ਧਰਮ ਯੁੱਧ ਲੜਿਆ ਸੀ। 1982 ਵਿਚ, ਅਕਾਲੀ

ਦਲ ਨੇ ਵੀ, ਧਰਮ ਯੁੱਧ ਮੋਰਚਾ ਦੇ ਨਾਂ ਹੇਠ, ਇੱਕ ਮਰਚਾ ਸ਼ੁਰੂ ਕੀਤਾ। 1980 ਤੋਂ ਮਗਰੋਂ ਦੀ ਜੱਦੋਜਹਿਦ ਨੂੰ ਵੀ ਧਰਮ ਯੁੱਧ ਵਿਚ ਸ਼ਾਮਿਲ ਕੀਤਾ ਜਾਂਦਾ ਹੈ/ਸਮਝਿਆ ਜਾਂਦਾ ਹੈ।

ਧਰਮ ਰਾਜ: ਲਫ਼ਜ਼ੀ ਮਾਅਨਾ ਹੈ: ਧਰਮ ਦਾ ਰਾਜਾ (ਮਾਲਕ, ਯਾਨਿ ਰੱਬ)। ਗੁਰੂ ਗ੍ਰੰਥ ਸਾਹਿਬ ਵਿਚ ਮਿਥਿਹਾਸਕ ਅਖੌਤੀ ਦੇਵਤਿਆਂ, ਚਿੱਤਰ ਅਤੇ ਗੁਪਤ, ਦੇ ਹਵਾਲੇ ਦਿੱਤੇ ਗਏ ਹਨ। ਇਸ ਮੁਤਾਬਿਕ ਇਹ ਧਰਮ ਰਾਜ ਦੇ ਉਹ ਦੋ ਮਿਥਿਹਾਸਕ ਦੂਤ ਹਨ, ਜੋ ਮਰ ਜਾਣ ਵਾਲੇ ਇਨਸਾਨ, ਜਦੋਂ ਉਸ ਨੂੰ ਰੱਬ ਦੇ ਦਰਬਾਰ ਵਿਚ ਲਿਜਾਇਆ ਜਾਂਦਾ ਹੈ, ਤਾਂ ਉਸ ਦੇ ਕੰਮਾਂ ਦੇ ਲੇਖਾ (ਪਾਪ ਅਤੇ ਪੁੰਨ) ਰੱਬ (ਧਰਮਰਾਜ) ਅੱਗੇ ਪੇਸ਼ ਕਰਦੇ ਹਨ। ਗੁਰੂ ਸਾਹਿਬ ਨੇ ਇਹ ਇਕ ਮਿਥ ਵਜੋਂ ਵਰਤਿਆ ਹੈ ਤਾਂ ਜੋ ਰੱਬ ਦੇ ਦਰਬਾਰ ਵਿੱਚ ਚੰਗੇ ਕੰਮਾਂ ਦੀ ਕੀਮਤ ਦੱਸੀ ਜਾ ਸਕੇ।

ਧਰਮਸਾਲਾ/ਧਰਮਸ਼ਾਲਾ: ਧਰਮਸ਼ਾਲਾ ਉਹ ਥਾਂ ਹੈ ਜਿੱਥੇ ਧਰਮ ਜੀਵਿਆ/ ਸਿਖਾਇਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਧਰਮਸਾਲ ਇਸ ਧਰਤੀ ਵਾਸਤੇ ਵੀ ਵਰਤਿਆ ਹੈ (ਕਿਉਂ ਕਿ ਧਰਤੀ ਉਹ ਥਾਂ ਹੇ ਜਿੱਥੇ ਇਨਸਾਨ ਨੂੰ ਸੱਚਾ ਜੀਵਨ ਧਾਰਨ ਕਰਨਾ ਚਾਹੀਦਾ ਹੈ) (ਗੁਰੂ ਗ੍ਰੰਥ ਸਾਹਿਬ, ਸਫ਼ਾ 7)। ਗੁਰੂ ਸਾਹਿਬ ਦੇ ਵੇਲੇ ਮੌਜੂਦਾ ਗੁਰਦੁਆਰੇ ਵਾਸਤੇ ਲਫ਼ਜ਼ ਧਰਮਸਾਲ ਵਰਤਿਆ ਜਾਂਦਾ ਸੀ। ਸਿੱਖ ਤਵਾਰੀਖ਼ ਵਿਚ ਗੁਰੂ ਸਾਹਿਬ ਦੇ ਸਮੇਂ ਦੌਰਾਨ ਵੱਖ-ਵੱਖ ਖੇਤਰਾਂ ਵਿਚ ਕਾਇਮ ਧਰਮਸਾਲਾਵਾਂ ਬਾਰੇ ਜਗਹ-ਜਗਹ ਹਵਾਲੇ ਮਿਲਦੇ ਹਨ। ਇਨ੍ਹਾਂ ਧਰਮਸਾਲਾਵਾਂ ਦੇ ਮੁਖ ਦੋ ਰੋਲ ਰਹੇ ਹਨ: ਆਮ ਸੰਗਤ ਦੇ ਇਕੱਠੇ ਹੋਣ ਦੀ ਜਗਹ ਹੈ ਅਤੇ (ਸਿੱਖ ਯਾਤਰੂਆਂ ਦੇ ਲਈ) ਸਰਾਂ ਵੀ ਹੈ ਜੋ ਲੰਗਰ ਅਤੇ ਰਹਿਣ ਲਈ ਪਨਾਹ ਦਿੰਦੀ ਹੈ। ਹੁਣ ਧਰਮਸਾਲਾ ਦੀ ਥਾਂ ਗੁਰਦੁਆਰਾ ਲਫ਼ਜ਼ ਸਿੱਖਾਂ ਦੀਆਂ ਧਾਰਮਿਕ ਥਾਂਵਾਂ ਵਾਸਤੇ ਜ਼ਿਆਦਾ ਵਰਤਿਆ ਜਾਂਦਾ ਹੈ। ਪਹਿਲੋਂ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ (31 ਜੁਲਾਈ 1604) ਅਤੇ ਇਸ ਦੇ ਪ੍ਰਕਾਸ਼ (16 ਅਗਸਤ 1604) ਤਕ ਵੀ ਗੁਰਦੁਆਰਾ ਲਫ਼ਜ਼ ਅਜੋਕੇ ਮਾਅਨਿਆਂ ਵਿਚ ਨਹੀਂ ਵਰਤਿਆ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਦੌਰਾਨ ਵੀ, ਸਿੱਖਾਂ ਦੀ ਧਾਰਮਿਕ ਜਗਹ ਨੂੰ 'ਗੁਰੂ ਦਰਬਾਰ' ਕਿਹਾ ਜਾਂਦਾ ਸੀ। ਗੁਰਦੁਆਰਾ ਸ਼ਬਦ ਸ਼ਾਇਦ ਉੱਨੀਵੀਂ ਸਦੀ ਦੇ ਅੱਧ ਤੋਂ ਬਾਅਦ ਜ਼ਿਆਦਾ ਵਰਤਿਆ ਜਾਣ ਲੱਗ ਪਿਆ ਹੈ। ਹੁਣ ਧਰਮਸ਼ਾਲਾ ਲਫ਼ਜ਼ (ਆਮ ਤੌਰ ਤੇ ਹਿੰਦੂਆਂ ਵੱਲੋਂ) ਤੀਰਥ ਯਾਤਰੀਆਂ ਦੀ ਰਿਹਾਇਸ਼ੀ ਜਗਹ ਜਾਂ ਰਿਹਾਇਸ਼ੀ ਬਿਲਡਿੰਗਾਂ ਵਾਸਤੇ ਵਰਤਿਆ ਜਾਂਦਾ ਹੈ ਜਿਸ ਨੂੰ ਸਿੱਖ ਸਰਾਂ ਜਾਂ ਨਿਵਾਸ ਕਹਿੰਦੇ ਹਨ।

ਧਿਆਨ: ਕਿਸੇ ਇਕ ਨੁਕਤੇ, ਬਿੰਦੂ, ਇਨਸਾਨ ਜਾਂ ਚੀਜ਼ ਵਿਚ ਮਗਨ ਹੋ ਜਾਣਾ, ਮਨ ਟਿਕਾ ਲੈਣਾ ਜਾਂ ਗੁਆਚ ਜਾਣਾ ਨੂੰ ਧਿਆਨ ਕਿਹਾ ਜਾ ਸਕਦਾ ਹੈ। ਇੰਞ ਹੀ ਕਿਸੇ ਵੀ ਰੁਕਾਵਟ ਤੋਂ ਬਿਨਾਂ ਪੱਕੀ ਸਮਾਧੀ ਲਾਉਣ ਨੂੰ ਵੀ ਧਿਆਨ ਕਿਹਾ ਜਾਂਦਾ ਹੈ। ਇਹ ਅਸ਼ਟਾਂਗ ਯੋਗ ਦੇ 8 ਪੜਾਵਾਂ ਵਿੱਚੋਂ ਇੱਕ ਪੜਾਅ ਹੈ। ਇਸ ਮੁਤਾਬਿਕ ਬਾਕੀ ਸਾਰੀਆਂ ਚੀਜ਼ਾਂ ਤੋਂ ਧਿਆਨ ਹਟਾ ਕੇ ਸਿਰਫ਼ ਇੱਕ (ਜਾਂ ਕੁਝ) ਬਿੰਦੂਆਂ ਉੱਤੇ ਧਿਆਨ ਲਾਇਆ ਜਾਂਦਾ ਹੈ। ਯੋਗ ਮੱਤ ਮੁਤਾਬਿਕ ਅਜਿਹਾ ਕਰਨ ਨਾਲ ਭਗਤੀ ਕਰਨ ਵਿਚ ਆਸਾਨੀ ਹੋ ਜਾਂਦੀ ਹੈ। ਸਿੱਖ ਧਰਮ ਵਿਚ ਇਸ ਤਰ੍ਹਾਂ

ਦੇ ਧਿਆਨ ਦੀ ਕੋਈ ਅਹਿਮੀਅਤ ਨਹੀਂ। ਸਿੱਖ ਵਾਸਤੇ ਸਿਰਫ਼ ਵਾਹਿਗੁਰੂ ਵਿਚ ਹੀ ਧਿਆਨ ਜੋੜਿਆ ਜਾ ਸਕਦਾ ਹੈ ਅਤੇ ਇਹ ਧਿਆਨ ਜੋੜਨ ਦਾ ਮਤਲਬ ਅਕਾਲ ਪੁਰਖ ਨੂੰ ਹਰ ਵੇਲੇ ਹਾਜ਼ਰ ਨਾਜ਼ਰ ਸਮਝਣਾ ਹੈ (ਨਾ ਕਿ 'ਵਾਹਿਗੁਰੂ' ਲਫ਼ਜ਼ 'ਤੇ ਧਿਆਨ ਟਿਕਾਉਣਾ ਜਾਂ 'ਵਾਹਿਗੁਰੂ ਵਾਹਿਗੁਰੂ' ਕਰੀ ਜਾਣਾ)। ਸਿੱਖੀ ਮੁਤਾਬਿਕ ਬਾਕੀ ਸਾਰੀਆਂ ਚੀਜ਼ਾਂ ਦਾ ਧਿਆਨ ਰੱਬ ਤੋਂ ਧਿਆਨ ਹਟਾਉਂਦਾ ਹੈ ਤੇ ਉਸ ਨਾਲ ਲਿਵ ਲਗਣ ਤੋਂ ਦੂਰ ਲਿਜਾਂਦਾ ਹੈ।

ਧੁਰ ਕਰਮ: ਇਸ ਦਾ ਮਤਲਬ ਹੈ: ਰੱਬ ਦੀ ਆਪਣੀ ਮਿਹਰ। ਇਥੇ ਧੁਰ ਤੋਂ ਮਤਲਬ ਸ਼ੁਰੂ ਤੋਂ ਨਹੀਂ, ਬਲਕਿ ਧੁਰੇ (ਰੱਬ) ਤੋਂ ਹੈ:

ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ॥ ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ॥ (ਸਫ਼ਾ 469)

ਧੁਰ ਮਸਤਕਿ: ਹਰ ਇਕ ਦਾ ਭਾਗ/ਹਿੱਸਾ (ਹਿੰਦੂ- ਮੁਸਲਿਮ ਬੋਲੀ ਵਿਚ 'ਕਿਸਮਤ') ਜੋ ਰੱਬ ਵੱਲੋਂ ਹਰ ਇਨਸਾਨ ਦੇ (ਮੱਥੇ ਉੱਤੇ) ਲਿਖਿਆ ਜਾਂਦਾ ਹੈ। ਇਸ ਦਾ ਮਾਅਨਾ ਇਹ ਹੈ ਕਿ ਇਨਸਾਨ ਦੇ ਭਾਗ (ਉਸ ਦੇ ਹਿੱਸੇ ਵਿਚ ਕੀ ਹੈ?) ਪਹਿਲਾਂ ਤੋਂ ਹੀ (ਧੁਰੋਂ, ਰੱਬ ਵੱਲੋਂ) ਲਿਖੇ ਹੁੰਦੇ ਹਨ ਅਤੇ ਨਿਸਚਿਤ ਹੁੰਦੇ ਹਨ। ਦੂਜੇ ਲਫ਼ਜ਼ਾਂ ਵਿਚ ਇਨਸਾਨ ਦੀ ਹੋਣੀ ਪਹਿਲਾਂ ਹੀ ਨਿਸਚਤ ਹੈ ਤੇ ਇਹ ਉਸ ਦੇ ਖਾਤੇ ਵਿਚ ਪਹਿਲਾਂ ਤੋਂ ਹੀ ਲਿਖੀ ਹੁੰਦੀ ਹੈ।

ਨੱਕ ਛੇਕਣਾ/ਛੇਦਣਾ/ਵਿੰਨ੍ਹਣਾ: ਸਿੱਖ ਧਰਮ ਨੱਕ, ਕੰਨ ਅਤੇ ਸਰੀਰ ਦੇ ਕਿਸੇ ਹੋਰ ਅੰਗ ਵਿਚ ਗਹਿਣੇ ਪਹਿਨਣ ਲਈ ਛੇਕ ਕਰਨ/ਵਿੰਨ੍ਹਣ ਦੀ ਸਖ਼ਤ ਮਨਾਹੀ ਕਰਦਾ ਹੈ। ਦੇਖੋ: ਕੰਨ ਛੇਦਣਾ।

ਨਗਰ ਕੀਰਤਨ: ਇਸ ਦਾ ਲਫ਼ਜ਼ੀ ਮਾਅਨਾ ਹੈ: ਪਿੰਡ/ਨਗਰ ਦੀਆਂ ਗਲੀਆਂ ਵਿਚ ਸ਼ਬਦ ਗਾਉਂਦਿਆਂ ਲੰਘਣਾ। ਵੀਹਵੀਂ ਸਦੀ ਤੋਂ ਪਹਿਲਾਂ ਅਜਿਹੇ ਜਲੂਸ ਆਮ ਨਹੀਂ ਸਨ। ਸਿੱਖ ਤਵਾਰੀਖ਼ ਵਿਚ ਸਿਰਫ਼ ਇਕ ਹੀ ਨਗਰ ਕੀਰਤਨ ਬਾਰੇ ਪਤਾ ਲਗਦਾ ਹੈ, ਜੋ ਹੋਲਾ ਮਹੱਲਾ ਦੇ ਮੌਕੇ 'ਤੇ, 1703 ਤੋਂ ਹਰ ਸਾਲ, ਅਨੰਦਪੁਰ ਸਾਹਿਬ ਵਿਚ ਕੱਢਿਆ ਜਾਂਦਾ ਸੀ। ਅੱਜ-ਕਲ੍ਹ ਨਗਰ ਕੀਰਤਨ ਦੌਰਾਨ, ਸਿੱਖ ਗਲੀਆਂ ਬਾਜ਼ਾਰਾਂ ਵਿਚ, ਪਹਿਲਾਂ ਤੋਂ ਮਿੱਥੇ ਰਸਤੇ 'ਤੇ ਜਲੂਸ ਕੱਢਦੇ ਹਨ। ਗੁਰੂ ਗ੍ਰੰਥ ਸਾਹਿਬ ਅਤੇ ਪੰਜ ਸਿੱਖ, ਜਿਨ੍ਹਾਂ ਨੇ ਹੱਥਾਂ ਵਿਚ ਝੰਡੇ (ਨਿਸ਼ਾਨ ਸਾਹਿਬ) ਫੜੇ ਹੁੰਦੇ ਹਨ , ਨਗਰ ਕੀਰਤਨ ਦੀ ਅਗਵਾਈ ਕਰਦੇ ਹਨ (ਅਜ-ਕਲ੍ਹ ਪੰਜ ਬੰਦੇ ਨੰਗੀਆਂ ਕਿਰਪਾਨਾਂ ਫੜੀ ਅਗਵਾਈ ਕਰਦੇ ਹਨ; ਜਿਨ੍ਹਾਂ ਨੂੰ ਗ਼ਲਤ ਤੌਰ 'ਤੇ 'ਪੰਜ ਪਿਆਰੇ' ਕਿਹਾ ਜਾਣ ਲਗ ਪਿਆ ਹੈ)। ਰਾਗੀ ਅਤੇ ਆਮ ਲੋਕ ਜਲੂਸ ਦੇ ਰਸਤੇ ਦੌਰਾਨ ਸ਼ਬਦ ਗਾਉਂਦੇ ਜਾਂਦੇ ਹਨ। ਇਸ ਤੋਂ ਇਲਾਵਾ, ਜੋਸ਼ੀਲੇ ਨਾਅਰੇ 'ਅਕਾਲ! ਅਕਾਲ! ਅਕਾਲ!' ਦੀਆਂ ਧੁਨਾਂ ਨਾਲ ਲਾਏ/ਗਜਾਏ ਜਾਂਦੇ ਹਨ। ਇਹ ਪ੍ਰੋਟੈਸਟ (ਰੋਸ) ਜਲੂਸ ਤੋਂ ਵਖਰਾ ਹੁੰਦਾ ਹੈ। ਪ੍ਰੋਟੈਸਟ ਜਲੂਸਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨਹੀਂ ਲਿਜਾਈ ਜਾਂਦੀ ਤੇ ਸਜਾਵਟ ਨਹੀਂ ਕੀਤੀ ਹੁੰਦੀ। ਉਸ ਵਿਚ ਪ੍ਰੋਟੈਸਟ ਸਬੰਧੀ ਅਤੇ ਵਿਰੋਧਤਾ ਦੇ ਨਾਅਰੇ ਲਾਏ ਜਾਂਦੇ ਹਨ। ਹੋਰ ਦੇਖੋ: **ਜਲੂਸ** 150

ਨਗਾਰਾ (ਰਣਜੀਤ): ਲਫ਼ਜ਼ੀ ਮਾਅਨਾ: ਜੰਗ ਨੂੰ ਜਿੱਤਣ (ਰਣ+ਜੀਤ) ਵਾਲੇ ਦਾ ਨਗਾਰਾ। 1684 ਵਿਚ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪਹਿਲਾ ਨਗਾਰਾ ਬਣਵਾਇਆ ਸੀ ਤੇ ਇਸ ਦਾ ਨਾਂ 'ਰਣਜੀਤ ਨਗਾਰਾ' ਰੱਖਿਆ ਸੀ। ਇਹ ਨਗਾਰਾ ਚੱਕ ਨਾਨਕੀ (1684-85), ਪਾਉਂਟਾ ਸਾਹਿਬ (1685-88) ਅਤੇ ਅਨੰਦਪੁਰ ਸਾਹਿਬ (1689-1705) ਵਿਖੇ, ਹਰੇਕ ਦਿਨ, ਸਿੱਖ ਕੌਮ ਦੀ ਖ਼ੁਦਮੁਖ਼ਤਿਆਰੀ/ਹਕੂਮਤ ਦੇ ਨਿਸ਼ਾਨ ਵਜੋਂ ਵਜਾਇਆ ਜਾਂਦਾ ਸੀ। ਗੁਰੂ ਸਾਹਿਬ ਨੇ ਇਹ ਲਾਜ਼ਮੀ ਕੀਤਾ ਸੀ ਕਿ ਸਵੇਰੇ-ਸ਼ਾਮ ਅਰਦਾਸਿ ਤੋਂ ਮਗਰੋਂ ਨਗਾਰਾ ਵਜਾਇਆ ਜਾਣਾ ਚਾਹੀਦਾ ਹੈ। ਨਗਾਰਾ ਹਕੂਮਤ/ਖ਼ੁਦਮੁਖ਼ਤਿਆਰੀ ਦਾ ਚਿੰਨ੍ਹ ਹੈ। ਨਗਾਰਾ ਵਜਾਉਣਾ ਜਿੱਤ ਦਾ ਐਲਾਨ-ਨਾਮਾ ਹੁੰਦਾ ਹੈ। ਨਿਸ਼ਾਨ ਅਤੇ ਨਗਾਰਾ ਤਖ਼ਤ ਸਾਹਿਬ ਅਤੇ ਹੋਰ ਗੁਰਦੁਆਰਿਆਂ ਦਾ ਅਟੁੱਟ ਹਿੱਸਾ ਹਨ, ਜੋ ਸਿੱਖਾਂ ਦੀ ਖ਼ੁਦਮੁਖ਼ਤਿਆਰੀ ਦੀ ਨਿਸ਼ਾਨੀ ਹਨ। ਹੋਰ ਦੇਖੋ: **ਨਿਸ਼ਾਨ ਸਾਹਿਬ**

ਨੱਚਣਾ: ਸਿੱਖ ਧਰਮ ਵਿਚ ਆਪਣੇ ਮਨ ਪਰਚਾਵੇ ਜਾਂ ਕੋਈ ਖ਼ੁਸ਼ੀ ਮਨਾਉਣ ਲਈ ਨੱਚਣ ਦੀ ਮਨਾਹੀ ਨਹੀਂ ਕੀਤੀ ਗਈ। ਜਨਤਾ ਵਿਚ ਨੱਚਣਾ, ਜਾਂ ਜੋ ਆਪਸ ਵਿਚ ਜੀਵਨ-ਸਾਥੀ ਨਹੀਂ ਹਨ, ਦਾ ਇੱਕਠੇ ਨੱਚਣਾ ਸਿੱਖ ਇਖ਼ਲਾਕ ਮੁਤਾਬਿਕ ਠੀਕ ਨਹੀਂ ਕਿਉਂਕਿ ਅਜਿਹਾ ਕਰਨਾ ਹੌਲੀ-ਹੌਲੀ ਜਿਸਮਾਨੀ/ਸੈਕਸ ਸਬੰਧਾਂ ਨੂੰ ਜਨਮ ਦੇਂਦਾ ਹੈ ਜੋ ਵਿਭਚਾਰੀ ਜ਼ਿੰਦਗੀ ਦੀ ਸ਼ੁਰੂਆਤ ਬਣਦੇ ਹਨ। ਸਿੱਖ ਧਰਮ ਵਿੱਚ ਨੱਚਣਾ ਅਤੇ ਖੁਸ਼ੀ ਮਨਾਉਣਾ "ਆਪਣੇ ਮਨ ਦਾ ਚਾਅ ਹੈ।" ਸਿੱਖ ਫ਼ਲਸਫ਼ੇ ਮੁਤਾਬਿਕ ਅਸਲੀ ਖ਼ੁਸ਼ੀ ਤਾਂ, ਰੱਬ ਦੇ ਨਿਰਮਲ ਭਉ ਵਿਚ, ਸੱਚਾ ਜੀਵਨ ਜੀਣ ਨਾਲ ਹੀ ਮਿਲਦੀ ਹੈ।

ਨਚਣੁ ਕੁਦਣੁ ਮਨ ਕਾ ਚਾਉ॥ ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ॥ (ਸਫ਼ਾ 465)

ਨਦਰ: ਦੇਖੋ: **ਕਿਰਪਾ, ਮਿਹਰ**।

ਨਲਵਾ ਕਾਨਫ਼ਰੰਸ: ਇਕ ਕਾਨਫ਼ਰੰਸ, ਜੋ 4 ਜੁਲਾਈ 1965 ਨੂੰ ਲੁਧਿਆਣਾ ਵਿਖੇ, ਮਹਾਨ ਸਿੱਖ ਜਰਨੈਲ ਹਰੀ ਸਿੰਘ ਨਲਵਾ ਦੀ ਯਾਦ ਵਿਚ ਕਰਵਾਈ ਗਈ ਸੀ। ਇਸ ਕਾਨਫ਼ਰੰਸ ਨੇ "ਸਿੱਖ ਕੌਮ ਦੇ ਖ਼ੁਦ ਫ਼ੈਸਲਾ ਦੇ ਹੱਕ" ਦਾ ਮਤਾ ਪਾਸ ਕੀਤਾ ਸੀ। ਇਹ ਮਤਾ ਫ਼ਤਹਿ ਸਿੰਘ ਅਕਾਲੀ ਦੇ ਗੁਰਨਾਮ ਸਿੰਘ (ਸਾਬਕਾ ਜੱਜ) ਨੇ ਤਜਵੀਜ਼ ਕੀਤਾ ਸੀ ਅਤੇ ਮਾਸਟਰ ਅਕਾਲੀ ਦਲ ਦੇ ਗਿਆਨੀ ਭੁਪਿੰਦਰ ਸਿੰਘ ਨੇ ਇਸ ਦੀ ਤਾਈਦ ਕੀਤੀ ਸੀ। ਕੁਝ ਲੋਕਾਂ ਮੁਤਾਬਿਕ ਸਿਰਦਾਰ ਕਪੂਰ ਸਿੰਘ ਨੇ ਇਸ ਮਤੇ ਦਾ ਖਰੜਾ ਤਿਆਰ ਕੀਤਾ ਸੀ। ਪਰ ਇਹ ਸਹੀ ਨਹੀਂ ਹੈ। ਇਹੋ ਜਿਹੀ ਲੱਫਾਜ਼ੀ ਸੋਲ੍ਹਾਂ ਸਾਲ ਪਹਿਲਾਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਮੈਨੀਫ਼ੈਸਟੋ (ਜੋ 8 ਅਕਤੂਬਰ 1949 ਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਲਾਨਾ ਇਜਲਾਸ ਵਿਚ ਪਾਸ ਕੀਤਾ ਗਿਆ ਸੀ) ਵਿਚ ਵੀ ਸੀ। ਦਰਅਸਲ ਇਹ ਮਤਾ ਸਿੱਖ ਕੌਮ ਦੀ ਖ਼ੁਦਮੁਖ਼ਤਿਆਰੀ ਦਾ ਐਲਾਣ ਸੀ, ਜੋ ਮਗਰੋਂ ਖਾਲਿਸਤਾਨ ਦੀ ਲਹਿਰ ਦਾ ਅਧਾਰ ਬਣ ਗਿਆ। ਹੋਰ ਦੇਖੋ: **ਅਨੰਦਪੁਰ ਸਾਹਿਬ ਦਾ ਮਤਾ, ਖਾਲਿਸਤਾਨ, ਖਾਲਸਾ ਜੀ ਦੇ ਬੋਲ ਬਾਲੇ**।

ਨਾਦ/ਨਾਦਮ: ਉਹ ਸਦੀਵੀ ਧੁਨ/ਆਵਾਜ਼/ਸੰਗੀਤ ਜੋ ਇਨਸਾਨ ਰੱਬ ਦੇ ਸੁਨੇਹੇ ਵਜੋਂ ਹਾਸਿਲ ਕਰਦਾ ਹੈ। ਗੁਰਬਾਣੀ ਮੁਤਾਬਿਕ ਇਹ ਅਸਲ ਵਿਚ ਰੱਬ ਵਿਚ ਲੀਨ

ਹੋਣਾ ਅਤੇ ਉਸ ਦੀ ਸੁਰਤ ਵਿਚ ਜੁੜਨਾ ਹੈ। ਇਹ ਕੋਈ ਸਚਮੁੱਚ ਦੀ ਗ਼ੈਬੀ ਆਵਾਜ਼ ਨਹੀਂ ਹੈ।

ਨਾਨਕ ਪੰਥੀ: ਲਫ਼ਜ਼ੀ ਮਾਅਨਾ: ਉਹ ਜੋ ਗੁਰੂ ਨਾਨਕ ਸਾਹਿਬ ਦੇ ਪੰਥ/ਰਸਤੇ/ਸਿਖਿਆ 'ਤੇ ਚਲਦਾ ਹੈ, ਯਾਨਿ ਸਿੱਖ। ਸਿੱਖ ਪੰਥ ਦੇ ਦੁਸ਼ਮਣਾਂ ਨੇ ਕਈ ਵਾਰ ਨਾਨਕ ਪੰਥੀ, ਸਿੱਖ ਤੇ ਖਾਲਸਾ ਨੂੰ ਵਖਰੇ-ਵਖਰੇ ਧਰਮ ਬਣਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਹੈ। ਐਂਟੀ-ਸਿੱਖ ਸਕੂਲ (ਜੋ ਡਬਲਿਊ. ਐੱਚ. ਮਕਲਾਊਡ ਦੀ ਅਗਵਾਈ ਹੇਠ ਕਾਇਮ ਹੋਇਆ ਸੀ; ਮਕਲਾਊਡ ਜੁਲਾਈ 2009 ਵਿਚ ਮਰ ਗਿਆ), ਦੇ ਮੈਂਬਰ ਤੇ ਹਿਮਾਇਤੀ ਨਾਨਕ ਪੰਥੀ ਉਸ ਨੂੰ ਕਹਿੰਦੇ ਹਨ ਜੋ ਗੁਰੂ ਨਾਨਕ ਸਾਹਿਬ (ਤੇ ਵਧ ਤੋਂ ਵਧ ਅੱਠ ਹੋਰ ਗੁਰੂਆਂ) ਦੀ ਸਿਖਿਆ ਨੂੰ ਮੰਨਦਾ ਹੈ; ਅਤੇ ਪਾਹੁਲੀਏ (ਅੰਮ੍ਰਿਤਧਾਰੀ) ਨੂੰ ਉਹ ਗੁਰੂ ਗੋਬਿੰਦ ਸਿੰਘ ਦੇ ਸਿੱਖ (ਜਾਂ ਖਾਲਸਾ) ਆਖਦੇ ਹਨ। ਇਹ ਇਕ ਵੱਡੀ ਸਿੱਖ ਵਿਰੋਧੀ ਸਾਜ਼ਿਸ਼ ਹੈ ਜਿਸ ਦਾ ਮਕਸਦ ਇਹ ਕਾਇਮ ਕਰਨਾ ਹੈ ਕਿ ਭਾਵੇਂ ਮੋਨਾ ਹੋਵੇ ਭਾਵੇਂ ਕੇਸਧਾਰੀ, ਭਾਵੇਂ ਸਿੱਖੀ ਨਾ ਵੀ ਮੰਨੇ ਜਾਂ ਜੀਵੇ, ਤਾਂ ਵੀ ਉਹ 'ਸਿੱਖ' ਹੈ। ਅਖੌਤੀ ਸਹਿਜਧਾਰੀ ਵੀ ਇਸੇ ਸਾਜ਼ਿਸ਼ ਦਾ ਹਿੱਸਾ ਹੀ ਹਨ। ਮਕਲਾਊਡ ਦੀ ਮੌਤ ਮਗਰੋਂ ਹਰਜੋਤ ਓਬਰਾਏ, ਗੁਰਿੰਦਰ ਮਾਨ, ਪਿਸ਼ੌਰਾ ਸਿੰਘ ਇਸ ਸਕੂਲ ਦੇ ਮੁਖ ਆਗੂ ਹਨ)। ਪਰ ਸੂਝਵਾਨ ਲੋਕ ਇਸ ਸਿੱਖ ਵਿਰੋਧੀ ਸਜ਼ਿਸ਼ ਬਾਰੇ ਪੂਰੀ ਤਰ੍ਹਾਂ ਖ਼ਬਰਦਾਰ ਹਨ। ਹੋਰ ਵੇਖੋ: ਐਂਟੀ-ਸਿੱਖ ਸਕੂਲ, ਮਕਲਾਊਡ। 247

ਨਾਨਕ ਪ੍ਰਕਾਸ਼: ਇਹ ਗੁਰੂ ਨਾਨਕ ਸਾਹਿਬ ਦੇ ਜੀਵਨ ਦੀ ਕਾਵਿਕ ਰੂਪ ਵਿਚ ਤਵਾਰੀਖ਼ ਹੈ। ਭਾਈ ਸੰਤੋਖ ਸਿੰਘ ਨੇ ਇਸ ਨੂੰ 1823 ਵਿਚ ਲਿਖਿਆ ਸੀ। ਇਸ ਦੇ 130 ਚੈਪਟਰ ਹਨ। ਇਹ ਕਿਤਾਬ, ਜਨਮ ਸਾਖੀਆਂ 'ਤੇ ਅਧਾਰਿਤ ਹੈ ਅਤੇ ਇਸ ਵਿਚ ਮਨਘੜਤ ਮਸਾਲਾ ਅਤੇ ਸਿਧਾਂਤ ਪੱਖੋਂ ਗਲਤ ਘਟਨਾਵਾਂ ਭਰੀਆਂ ਪਈਆਂ ਹਨ। ਹੋਰ ਦੇਖੋ: **ਗੁਰਪ੍ਰਤਾਪ ਸੂਰਜ ਗ੍ਰੰਥ**। 132

ਨਾਨਕ ਸ਼ਾਹੀ: ਦੇਖੋ: **ਸਿੱਕੇ**। 52

ਨਾਮ: ਦੇਖੋ: **ਨਾਮ ਜਪਣਾ-ਕਿਰਤ ਕਰਨਾ-ਵੰਡ ਛਕਣਾ, ਨਾਮ ਦਾਨ**।

ਨਾਮ ਦਾਨ: ਇਸ ਦਾ ਲਫ਼ਜ਼ੀ ਮਾਅਨਾ ਹੈ: ਰੱਬ ਦਾ ਨਾਂ ਜਪਣ ਦਾ ਤੋਹਫ਼ਾ। ਸਿੱਖ ਫ਼ਲਸਫ਼ੇ ਵਿਚ, ਰੱਬ ਵਿਚ ਧਿਆਨ ਜੋੜਨ ਲਈ ਗੁਰੂ ਦੀ ਸਿੱਖਿਆ ਨੂੰ ਨਾਮ ਦਾਨ ਕਿਹਾ ਗਿਆ ਹੈ।

ਨਾਮ ਜਪਣਾ-ਕਿਰਤ ਕਰਨਾ-ਵੰਡ ਛਕਣਾ: ਰੱਬ ਦੇ ਨਾਂ ਵਿੱਚ ਧਿਆਨ ਜੋੜਨਾ (**ਨਾਮ ਜਪਣਾ**) ਸਿੱਖ ਧਰਮ ਦਾ ਮੁਢਲਾ ਨੁਕਤਾ ਹੈ। ਇਨਸਾਨ ਦੀ ਜ਼ਿੰਦਗੀ ਦਾ ਮਕਸਦ ਹੀ ਰੱਬ ਵਿਚ ਆਪਣੀ ਸੁਰਤ ਜੋੜਨਾ ਹੈ। ਨਾਮ ਜਪਣਾ ਦਾ ਮਤਲਬ ਸਿਰਫ਼ ਸ਼ਬਦਾਂ ਦਾ ਪਾਠ ਕਰਨਾ ਨਹੀ; ਇਸ ਦਾ ਮਤਲਬ ਹੈ ਸ਼ਬਦ ਨੂੰ ਸਮਝਣਾ ਅਤੇ ਇਸ ਦੀ ਸਿੱਖਿਆ ਮੁਤਾਬਿਕ ਜ਼ਿੰਦਗੀ ਬਤੀਤ ਕਰਨਾ। 'ਨਾਮ ਜਪਣਾ' ਹਨੇਰੇ ਨੂੰ ਦੂਰ ਕਰ ਕੇ ਆਪੇ ਦੀ ਪਛਾਣ ਕਰਾਉਂਦਾ ਹੈ ਅਤੇ ਅੰਤ ਵਿਚ ਰੱਬ ਨਾਲ ਇਕ ਸੁਰ ਕਰ ਦੇਂਦਾ ਹੈ। (**ਕਿਰਤ ਕਰਨਾ**) ਇਮਾਨਦਾਰੀ ਨਾਲ ਕਮਾਉਣਾ ਅਤੇ ਹੋਰਨਾਂ ਨਾਲ ਵੰਡ ਕੇ ਛਕਣਾ ਵੀ ਇੱਕ ਸਿੱਖ ਲਈ ਬਰਾਬਰ ਦੀ ਅਹਿਮੀਅਤ ਰੱਖਦੇ ਹਨ। ਇਮਾਨਦਾਰੀ ਨਾਲ ਕਮਾਈ ਕਰਨ ਅਤੇ ਗਰੀਬਾਂ, ਲੋੜਵੰਦਾਂ ਦੀ ਮਦਦ ਕਰਨ (**ਵੰਡ**

ਛਕਣਾ) ਅਤੇ ਸੱਚਾ ਜੀਵਨ ਜਿਊਣ ਤੋਂ ਬਿਨਾਂ ਸਿਰਫ਼ ਨਾਮ ਜਪਣ ਦਾ ਕੋਈ ਫ਼ਾਇਦਾ ਨਹੀਂ। ਇਹੋ ਜਿਹਾ ਨਾਮ ਜਪਣਾ ਸਿਰਫ਼ ਇਕ ਕਰਮ-ਕਾਂਡ ਹੀ ਹੈ।

ਨਾਮ ਸਿਮਰਨ: ਨਾਮ ਸਿਮਰਨ ਦਾ ਲਫ਼ਜ਼ੀ ਮਾਅਨਾ ਹੈ: ਰੱਬ ਦਾ ਨਾਂ ਯਾਦ/ ਚੇਤੇ (ਸਿਮਰਨ) ਕਰਨਾ। ਸਿੱਖ ਧਰਮ ਵਿਚ, ਰੱਬ ਦੇ ਨਾਂ ਨੂੰ ਯਾਦ ਕਰਨ ਦਾ ਮਤਲਬ ਸਿਰਫ਼ ਸ਼ਬਦਾਂ ਦਾ ਪਾਠ ਕਰਨਾ ਅਤੇ ਕਿਸੇ ਕਿਸਮ ਦਾ ਧਿਆਨ ਲਾਉਣਾ ਨਹੀਂ ਹੈ। ਇਸ ਦਾ ਮਤਲਬ ਹੈ ਕਿ ਇਨਸਾਨ ਹਮੇਸ਼ਾ ਆਪਣੇ ਮਨ ਵਿਚ ਉਸ ਦੇ ਭਉ ਨੂੰ ਸਮਾਅ ਕੇ ਰੱਖੇ, ਯਾਨਿ ਹਰ ਕੰਮ ਕਰਨ ਵੇਲੇ ਰੱਬ ਦੀ ਹੋਂਦ ਦਾ ਅਹਿਸਾਸ ਮਨ ਵਿਚ ਰਹੇ ਤਾਂ ਜੋ ਇਨਸਾਨ ਕੋਈ ਗ਼ਲਤ ਕਾਰਵਾਈ ਨਾ ਕਰ ਸਕੇ। ਹੋਰ ਦੇਖੋ: **ਸਿਮਰਨ, ਨਾਮ ਜਪਣਾ-ਕਿਰਤ ਕਰਨਾ-ਵੰਡ ਛਕਣਾ**।

ਨਾਮ, ਦਾਨ, ਇਸ਼ਨਾਨ:- ਦੇਖੋ: **ਨਾਮ ਜਪਣਾ-ਕਿਰਤ ਕਰਨਾ-ਵੰਡ ਛਕਣਾ** ਅਤੇ **ਇਸ਼ਨਾਨ**।

ਨਾਮਧਾਰੀ/ਕੂਕੇ: ਨਾਮਧਾਰੀ ਹਿੰਦੂਆਂ ਦਾ ਇਕ ਫ਼ਿਰਕਾ ਹੈ। ਇਸ ਦੇ ਮੈਂਬਰ ਆਪਣੇ ਆਪ ਨੂੰ (ਬਾਬਾ) ਰਾਮ ਸਿੰਘ ਦੇ ਵਾਰਿਸ ਹੋਣ ਦਾ ਦਾਅਵਾ ਕਰਦੇ ਹਨ। ਰਾਮ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਇਕ ਸਿਪਾਹੀ ਸੀ। ਮੁਦਕੀ ਦੀ ਲੜਾਈ ਮਗਰੋਂ, ਅੰਗਰੇਜ਼ਾਂ ਵੱਲੋਂ ਉਸ ਨੂੰ ਫ਼ੌਜ ਵਿੱਚੋਂ ਖਾਰਿਜ ਕਰ ਦਿੱਤਾ ਗਿਆ ਸੀ। ਫ਼ੌਜ ਵਿੱਚੋਂ ਛਾਂਟੀ ਹੋਣ ਮਗਰੋਂ ਉਸ ਨੇ ਇਕ ਨਿੱਕਾ ਜਿਹਾ ਜੱਥਾ ਬਣਾ ਲਿਆ ਅਤੇ ਧਰਮ ਪ੍ਰਚਾਰ ਦਾ ਕੰਮ ਸ਼ੁਰੂ ਕਰ ਲਿਆ। ਕਿਉਂਕਿ ਉਹ ਅੰਗਰੇਜ਼ਾਂ ਦੇ ਖ਼ਿਲਾਫ਼ ਗੁੱਸਾ ਰਖਦਾ ਸੀ, ਉਸ ਨੇ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਵੀ ਪ੍ਰਚਾਰ ਸ਼ੁਰੂ ਕਰ ਦਿੱਤਾ। 1871-72 ਵਿਚ ਉਸ ਦੇ ਚੇਲਿਆਂ ਨੇ ਕਬਰਾਂ ਢਾਹੁਣ ਤੇ ਬੁੱਚੜਾਂ ਨੂੰ ਕਤਲ ਕਰਨ ਦੀਆਂ ਕੁਝ ਹਰਕਤਾਂ ਕਰ ਦਿੱਤੀਆਂ ਜਿਸ ਕਾਰਨ ਅੰਗਰੇਜ਼ਾਂ ਨੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਜਲਾਵਤਨ ਕਰ ਦਿੱਤਾ। ਉਹ ਕੈਦ ਵਿਚ ਹੀ 1885 ਵਿਚ ਚੜ੍ਹਾਈ ਕਰ ਗਿਆ।

ਰਾਮ ਸਿੰਘ ਦੀ ਮੌਤ ਦੇ ਕਈ ਸਾਲਾਂ ਬਾਅਦ, ਉਸ ਦੇ ਭਰਾ ਦੀ ਔਲਾਦ ਨੇ ਇੱਕ ਨਵਾਂ ਮਤ ਸ਼ੁਰੂ ਕਰ ਲਿਆ। ਉਨ੍ਹਾਂ ਨੇ ਬਾਲਕ ਸਿੰਘ ਨੂੰ ਸਿੱਖਾਂ ਦਾ 11ਵਾਂ ਗੁਰੂ ਅਤੇ ਰਾਮ ਸਿੰਘ ਦੇ 12ਵਾਂ ਗੁਰੂ ਐਲਾਣ ਕਰਨ ਦਾ ਢੌਂਗ ਕੀਤਾ। ਉਨ੍ਹਾਂ ਦੇ ਮੁਤਾਬਿਕ, ਗੁਰੂ ਗੋਬਿੰਦ ਸਿੰਘ 1708 ਵਿਚ ਜੋਤੀ ਜੋਤ ਨਹੀਂ ਸਮਾਏ ਅਤੇ 1812 ਤੱਕ ਜਿਉਂਦੇ ਰਹੇ ਤੇ ਇਸ ਤੋਂ ਪਹਿਲਾਂ ਉਹ ਬਾਲਕ ਸਿੰਘ ਨੂੰ ਯਾਰ੍ਹਵਾਂ 'ਗੁਰੂ' ਬਣਾ ਗਏ। (ਇਸ ਹਿਸਾਬ ਨਾਲ ਗੁਰੂ ਸਾਹਿਬ ਦੀ ਉਮਰ 151 ਸਾਲ ਸੀ ਤੇ ਮਿਸਲਾਂ ਦੇ ਆਗੂਆਂ ਤੇ ਮਹਾਰਾਜਿਆਂ ਨੂੰ ਵੀ 'ਗੁਰੂ ਸਾਹਿਬ' ਦਾ ਪਤਾ ਨਾ ਲਗ ਸਕਿਆ)। ਇਹ ਗੱਲ ਏਡੀ ਬੇਹੂਦਾ ਤੇ ਹਾਸੋ-ਹੀਣੀ ਸੀ ਕਿ ਸਿੱਖਾਂ ਨੇ ਇਸ ਨੂੰ ਬਿਲਕੁਲ ਹੀ ਰੱਦ ਕਰ ਦਿੱਤਾ।

ਕੁਝ ਨਾਮਧਾਰੀ ਤਾਂ ਇਹ ਵੀ ਪ੍ਰਚਾਰ ਕਰਦੇ ਹਨ ਕਿ ਰਾਮ ਸਿੰਘ (1885 ਵਿਚ ਮੌਤ) ਅਜੇ ਵੀ ਜਿਊਂਦਾ ਹੈ ਅਤੇ ਕੁਝ ਸਮੇਂ ਬਾਅਦ ਉਹ ਵਾਪਸ ਆ ਜਾਵੇਗਾ।

ਨਾਮਧਾਰੀ ਹਿੰਦੂ ਧਰਮ ਦਾ ਫ਼ਿਰਕਾ ਹੈ (ਸਿੱਖ ਧਰਮ ਦਾ ਨਹੀਂ)। ਉਹ ਗਾਂ ਦੀ ਪੂਜਾ ਕਰਦੇ ਹਨ ਅਤੇ ਹਿੰਦੂਆਂ ਦੀ ਤਰ੍ਹਾਂ ਅੱਗ ਦੇ ਦੁਆਲੇ (ਗੁਰੂ ਗ੍ਰੰਥ ਸਾਹਿਬ

ਦੀ ਹਜ਼ੂਰੀ ਵਿਚ ਨਹੀਂ) ਵਿਆਹ ਦੀ ਰਸਮ ਕਰਦੇ ਹਨ। ਇਸ ਮਤ ਨੂੰ ਸਿੱਖ ਧਰਮ ਦਾ ਹਿੱਸਾ ਸਮਝਣਾ ਗਲਤ ਹੈ ਕਿਉਂਕਿ ਇਹ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਵੀ ਨਹੀਂ ਮੰਨਦੇ ਹਨ। ਇੱਕ ਸਿੱਖ ਨਾਮਧਾਰੀ ਨਹੀਂ ਹੋ ਸਕਦਾ ਅਤੇ ਨਾਮਧਾਰੀ ਸਿੱਖ ਨਹੀਂ ਹੋ ਸਕਦਾ।

ਨਾਮਧਾਰੀਆਂ ਦਾ ਵੱਡਾ ਸੈਂਟਰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਭੈਣੀ ਵਿਚ ਹੈ। ਇਕ ਹੋਰ ਨਾਮਧਾਰੀ ਕੇਂਦਰ ਇਨ੍ਹਾਂ ਦੇ ਇਕ ਸਾਬਕਾ ਸਾਥੀ ਹਰਨਾਮ ਸਿੰਘ (17.1.1877-11.10.1980) ਨੇ ਪਿੰਡ ਕਿੱਲ੍ਹਾ ਸੂਬਾ ਸਿੰਘ (ਜ਼ਿਲ੍ਹਾ ਸਿਆਲਕੋਟ, ਹੁਣ ਪਾਕਿਸਤਾਨ) ਵਿਚ ਕਾਇਮ ਕੀਤਾ ਸੀ, ਜੋ 1947 ਤੋਂ ਮਗਰੋਂ ਇਹ ਆਪਣਾ ਡੇਰਾ ਪਿੰਡ ਨੌਸ਼ਹਿਰਾ ਮੱਝਾ ਸਿੰਘ (ਜ਼ਿਲ੍ਹਾ ਗੁਰਦਾਸਪੁਰ) ਵਿਚ ਲੈ ਆਇਆ ਸੀ। ਇਨ੍ਹਾਂ ਦਾ ਦਾਅਵਾ ਹੈ ਕਿ ਉਹ ਗੁਰੂ ਡੰਮ ਦੀ ਰਿਵਾਇਤ ਨੂੰ ਨਹੀਂ ਮੰਨਦੇ। ਪਹਿਲਾਂ ਅੰਗਰੇਜ਼ ਇਨ੍ਹਾਂ 'ਤੇ ਪੂਰੀ ਨਿਗਰਾਨੀ ਰਖਦੇ ਸਨ ਪਰ ਅਕਾਲੀ ਲਹਿਰ (1920-25) ਸ਼ੁਰੂ ਹੋਣ 'ਤੇ ਅੰਗਰੇਜ਼ਾਂ ਨੇ ਇਨ੍ਹਾਂ ਨੂੰ ਸਿੱਖਾਂ ਦੇ ਖ਼ਿਲਾਫ਼ ਵਰਤਣ ਵਾਸਤੇ ਇਨ੍ਹਾਂ ਨੂੰ ਮਿਲਵਰਤਣ ਦੇਣਾ ਸ਼ੁਰੂ ਕਰ ਦਿੱਤਾ। 1920-21 ਵਿਚ ਇਹ ਨਨਕਾਣਾ ਸਾਹਿਬ ਦੇ ਕੁਰਪਟ ਮਹੰਤ ਨਰੈਣੂ ਦੇ ਮੁਖ ਸਾਥੀਆਂ ਵਿਚੋ ਇਕ ਸਨ ਤੇ ਉਸ ਦੀਆਂ ਸਾਜ਼ਿਸ਼ਾਂ ਵਿਚ ਬਰਾਬਰ ਦੇ ਭਾਈਵਾਲ ਸਨ। 1920 ਤਕ ਇਨ੍ਹਾਂ ਨੂੰ ਸਿਰਫ਼ 'ਕੂਕੇ' ਕਿਹਾ ਜਾਂਦਾ ਸੀ। ਅੰਗਰੇਜ਼ਾਂ ਨੇ ਇਨ੍ਹਾਂ ਨੂੰ ਨਾਮਧਾਰੀ ਲਫ਼ਜ਼ ਚੁਣਨ ਵਾਸਤੇ ਸਲਾਹ ਦਿੱਤੀ ਸੀ। 1947 ਤੋਂ ਮਗਰੋਂ ਇਹ ਕਾਂਗਰਸ ਨਾਲ ਰਲ ਕੇ ਸਿੱਖ ਹਿਤਾਂ ਦੇ ਖ਼ਿਲਾਫ਼ ਭੁਗਤਦੇ ਰਹੇ ਤੇ ਅੱਜ ਵੀ ਇਹ ਸਿੱਖੀ ਦੀ ਨਿਆਰੀ ਹਸਤੀ ਦੇ ਖ਼ਿਲਾਫ਼ ਹਰ ਮੁਹਿੰਮ ਵਿਚ ਸ਼ਾਮਿਲ ਹੁੰਦੇ ਹਨ। ਭਾਰਤੀ ਸਰਕਾਰ ਵੀ ਸਦਾ ਨਾਮਧਾਰੀਆਂ ਦਾ ਸਾਥ ਦਿੰਦੀ ਹੈ ਤੇ ਸਾਰੇ ਫ਼ਿਰਕੂ ਹਿੰਦੂ ਗਰੁੱਪ ਵੀ। ਇਹ ਸਿੱਖਾਂ ਨੂੰ ਧੋਖਾ ਦੇਣ ਵਾਸਤੇ ਆਪਣੇ ਆਪ ਨੂੰ ਸਿੱਖ ਆਖਦੇ ਹਨ ਪਰ ਕੋਈ ਵੀ ਵਿਦਵਾਨ ਜਾਂ ਸਮਝਦਾਰ ਸਿੱਖ ਇਨ੍ਹਾਂ ਨੂੰ ਜ਼ਰਾ ਵੀ ਸਿੱਖ ਨਹੀਂ ਮੰਨਦਾ।

ਅੱਜ ਬਹੁਤ ਸਾਰੇ ਨਾਮਧਾਰੀ ਵਿਦੇਸ਼ਾਂ ਵਿਚ ਵੀ ਰਹਿੰਦੇ ਹਨ, ਜਿਨ੍ਹਾਂ ਚੋਂ ਬਹੁਤੇ ਥਾਈਲੈਂਡ ਵਿਚ ਹਨ। ਇੱਥੋਂ ਦੇ ਨਾਮਧਾਰੀ ਆਪਣੀ ਦਾੜ੍ਹੀਆਂ ਕਟਦੇ ਹਨ ਤੇ ਇਹ ਵੀ ਚਰਚਾ ਹੈ ਕਿ ਉਨ੍ਹਾਂ ਵਿਚੋਂ ਕੁਝ, ਨਾਈਟ-ਜਸ਼ਨਾਂ ਦੌਰਾਨ ਆਪਣੀਆਂ ਪਤਨੀਆਂ ਦੀ ਵੀ ਅਦਲਾ-ਬਦਲੀ ਵੀ ਕਰਦੇ ਹਨ। ਨੌਸ਼ਹਿਰਾ ਮੱਝਾ ਸਿੰਘ ਵਾਲੇ ਆਪਣੇ-ਆਪ ਨੂੰ 'ਨੀਲਧਾਰੀ' ਅਖਵਾਉਂਦੇ ਹਨ ਤੇ ਉਹ ਹਮੇਸ਼ਾ ਆਪਣੇ ਲੱਕ ਦੇ ਦੁਆਲੇ ਇਕ ਨੀਲਾ ਪਰਨਾ/ਲੀਰ ਬੰਨ੍ਹ ਕੇ ਰਖਦੇ ਹਨ। ਉਹ ਭੈਣੀ ਪਿੰਡ ਵਾਲੇ ਨਾਮਧਾਰੀਆਂ ਵਾਲੀਆਂ ਸਿੱਖ-ਵਿਰੋਧੀ ਤਾਂ ਹਰਕਤਾਂ ਨਹੀਂ ਕਰਦੇ, ਪਰ ਉਹ ਵੀ ਸਿੱਖ ਰਹਿਤ ਮਰਯਾਦਾ ਨੂੰ ਨਹੀਂ ਮੰਨਦੇ।

ਰਾਮ ਸਿੰਘ ਨੇ ਕਦੇ ਆਪਣੇ ਆਪ ਨੂੰ ਗੁਰੂ ਨਹੀਂ ਮੰਨਿਆ ਸੀ। ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਸਿੱਖ ਪੰਥ ਦਾ ਸਦੀਵੀ ਗੁਰੂ, ਗੁਰੂ ਗ੍ਰੰਥ ਸਾਹਿਬ ਹੈ। ਨਾਮਧਾਰੀਆਂ ਨੇ ਆਪਣੀ ਸ਼ੁਰੂਆਤ ਸਮਾਜਿਕ ਅਤੇ ਧਾਰਮਿਕ ਸੁਧਾਰਾਂ ਨਾਲ ਕੀਤੀ ਸੀ, ਪਰ ਗਾਂ ਦੀ ਹੱਤਿਆ ਨੂੰ ਰੋਕਣ ਲਈ ਹਿੰਸਾ (ਬੇਗੁਨਾਹ ਬੁੱਚੜਾਂ ਦੇ ਕਤਲ) ਵੱਲ ਮੂੰਹ ਕਰ ਲਿਆ ਅਜਿਹਾ ਉਹਨਾਂ ਨੂੰ ਗਿਰਾਵਟ ਵੱਲ ਲੈ ਗਿਆ (ਸਿੱਖ ਗਾਂ ਦੀ ਪੂਜਾ

ਨਹੀਂ ਕਰਦਾ। ਗਾਂ ਦਾ ਮਾਸ ਖਾਣਾ ਸਿੱਖ ਧਰਮ ਵਿਚ ਮਨ੍ਹਾ ਨਹੀਂ ਹੈ)। ਵਧੇਰੇ ਜਾਣਕਾਰੀ ਵਾਸਤੇ ਪੜ੍ਹੋ: **ਸਿੱਖ ਤਵਾਰੀਖ਼**, ਜਿਲਦ ਤੀਜੀ; **ਕੂਕਿਆਂ ਦੀ ਵਿਥਿਆ**, ਲੇਖਕ ਡਾ: ਗੰਡਾ ਸਿੰਘ।

ਨਾਮ ਸੰਸਕਾਰ/ਨਾਂ ਰੱਖਣਾ: ਸਿੱਖ ਧਰਮ ਵਿਚ ਬੱਚੇ ਦਾ ਨਾਂ ਰੱਖਣ ਦੀ ਰਸਮ ਬਾਰੇ ਕੋਈ ਉਚੇਚਾ ਜ਼ਿਕਰ ਨਹੀਂ ਕੀਤਾ ਗਿਆ, ਭਾਵੇਂ ਕਿ ਅਕਾਲ ਤਖ਼ਤ ਸਾਹਿਬ ਤੋਂ ਰਲੀਜ਼ ਕੀਤੀ ਗਈ ਰਹਿਤ ਮਰਯਾਦਾ ਵਿਚ ਕੁਝ ਸੁਝਾਅ ਦਿੱਤੇ ਗਏ ਹਨ। ਅੱਜ ਕੱਲ੍ਹ ਅਨੇਕਾਂ ਸਿੱਖ ਆਪਣੇ ਬੱਚਿਆਂ ਦੇ ਨਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰੱਖਦੇ ਹਨ। ਅਜਿਹਾ ਕਰਨ ਵੇਲੇ, ਕੀਰਤਨ ਤੇ ਅਰਦਾਸ ਮਗਰੋਂ, ਗੁਰੂ ਗ੍ਰੰਥ ਸਾਹਿਬ ਤੋਂ ਇਕ ਸ਼ਬਦ (ਵਾਕ) ਪੜ੍ਹਿਆ ਜਾਂਦਾ ਹੈ। ਇਸ ਸ਼ਬਦ ਦਾ ਪਹਿਲਾ ਅੱਖਰ, ਜਾਂ ਇਸ ਵਿੱਚੋਂ ਕੋਈ ਵੀ ਅੱਖਰ ਚੁਣ ਕੇ, ਉਸ ਨਾਲ ਸ਼ੁਰੂ ਹੁੰਦਾ ਨਾਂ ਰੱਖਿਆ ਜਾਂਦਾ ਹੈ। ਕਈ ਸਿੱਖ ਆਪਣੇ ਬੱਚੇ ਦਾ ਨਾਂ ਪਹਿਲਾਂ ਚੁਣ ਲੈਂਦੇ ਹਨ ਅਤੇ ਵਾਹਿਗੁਰੂ ਤੋਂ ਮਨਜ਼ੂਰੀ/ਅਸੀਸ ਲੈਣ ਲਈ ਗੁਰੂ ਗ੍ਰੰਥ ਸਾਹਿਬ ਸਾਹਮਣੇ ਅਰਦਾਸ ਕਰ ਦੇਂਦੇ ਹਨ। ਪਹਿਲੋਂ ਸਿੱਖ ਆਪਣੇ ਬੱਚਿਆਂ ਲਈ ਕੁਝ ਖਾਸ ਨਾਂ ਇਹੋ ਜਿਹੇ ਚੁਣਦੇ ਸਨ: ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ, ਫ਼ਤਹਿ ਸਿੰਘ, ਅਜਾਇਬ ਸਿੰਘ, ਉਦੈ ਸਿੰਘ, ਬਚਿਤਰ ਸਿੰਘ, ਜੱਸਾ ਸਿੰਘ, ਕਪੂਰ ਸਿੰਘ, ਬਘੇਲ ਸਿੰਘ, ਗੁਰਬਖ਼ਸ਼ ਸਿੰਘ, ਦੀਪ ਸਿੰਘ, ਮਨੀ ਸਿੰਘ, ਤਾਰੂ ਸਿੰਘ, ਤਾਰਾ ਸਿੰਘ, ਬਾਜ਼ ਸਿੰਘ, ਬਿਨੋਦ ਸਿੰਘ, ਮਹਿਤਾਬ ਸਿੰਘ, ਸੁੱਖਾ ਸਿੰਘ, ਬੋਤਾ ਸਿੰਘ, ਗਰਜਾ ਸਿੰਘ, ਰਤਨ ਸਿੰਘ, ਧਰਮ ਸਿੰਘ, ਗੰਡਾ ਸਿੰਘ, ਝੰਡਾ ਸਿੰਘ, ਦੀਵਾਨ ਸਿੰਘ, ਫੂਲਾ ਸਿੰਘ, ਰਣਜੀਤ ਸਿੰਘ, ਮਾਨ ਸਿੰਘ, ਚੜ੍ਹਤ ਸਿੰਘ, ਸੋਭਾ ਸਿੰਘ, ਗਿਆਨ ਸਿੰਘ, ਅਮਰ ਸਿੰਘ, ਸਾਹਿਬ ਸਿੰਘ, ਜੋਧ ਸਿੰਘ, ਲਹਿਣਾ ਸਿੰਘ, ਨਿਬਾਹੂ ਸਿੰਘ, ਦਇਆ ਸਿੰਘ, ਮੋਹਕਮ ਸਿੰਘ, ਹਿੰਮਤ ਸਿੰਘ, ਕਰੋੜਾ ਸਿੰਘ, ਬੀਰ ਸਿੰਘ, ਰਣਜੋਧ ਸਿੰਘ, ਤੇਗਾ ਸਿੰਘ, ਚਤਰ ਸਿੰਘ, ਸ਼ੇਰ ਸਿੰਘ, ਗੁਰਮੁਖ ਸਿੰਘ, ਦਿੱਤ ਸਿੰਘ, ਸ਼ਾਮ ਸਿੰਘ ਵਗ਼ੈਰਾ। ਪਰ ਅਜ ਕਲ੍ਹ, ਬਹੁਤ ਸਾਰੇ ਸਿੱਖਾਂ ਦੇ ਨਾਂਵਾਂ ਦੇ ਪਿੱਛੇ "ਇੰਦਰ" (ਮਿਥਿਹਾਸਕ ਹਿੰਦੂ ਦੇਵਤੇ ਦਾ ਨਾਂ) ਲੱਗਣ ਲਗ ਪਿਆ ਹੈ। (ਇਸ ਲੇਖਕ ਦੇ ਬਾਪੋ ਨੇ ਲੇਖਕ ਦਾ ਨਾਂ ਵੀ 'ਇੰਦਰ' ਪਿਛੇਤਰ ਵਾਲਾ ਰੱਖਿਆ ਸੀ; ਹਰਜਿੰਦਰ 'ਹਰਜੀ' ਤੇ 'ਇੰਦਰ' ਦਾ ਮੇਲ ਹੈ)। ਅਜਿਹਾ ਹਿੰਦੂਆਂ ਦੇ ਅਸਰ ਕਰ ਕੇ ਅਤੇ ਫ਼ੈਸ਼ਨ ਤੇ ਭੇਡ-ਚਾਲ ਦੇ ਹੜ੍ਹ ਕਰ ਕੇ ਵੀ ਹੈ। ਪਹਿਲਾਂ, ਸਿੱਖਾਂ ਦੇ ਨਾਂ ਬਹਾਦਰੀ ਅਤੇ ਸਿੱਖ ਕਲਚਰ ਦੇ ਕੁਝ ਨੁਕਤਿਆਂ ਨੂੰ ਪੇਸ਼ ਕਰਦੇ ਸਨ। ਵਧੇਰੇ ਵੇਰਵੇ ਵਾਸਤੇ **ਸਿੱਖ ਕਲਚਰ** (ਅੰਗਰੇਜ਼ੀ) ਅਤੇ **ਸਿੱਖ ਫ਼ਿਲਾਸਫ਼ੀ ਕੀ ਹੈ ਤੇ ਹੋਰ ਲੇਖ** (ਪੰਜਾਬੀ) ਕਿਤਾਬ ਪੜ੍ਹੋ।

ਨਿਹੰਗ: ਫ਼ਾਰਸੀ ਵਿਚ 'ਨਿਹੰਗ' ਲਫ਼ਜ਼ ਦਾ ਮਾਅਨਾ ਹੈ: ਤਲਵਾਰ, ਕਲਮ, ਦੁਨੀਆਂ (ਤੇ ਮਗਰਮੱਛ ਵੀ)। ਸੰਸਕ੍ਰਿਤ ਵਿਚ ਲਫ਼ਜ਼ 'ਨਸ਼ਟਾਸ਼ੰਕ' (ਮਾਅਨੇ: ਨਿਡਰ, ਦਲੇਰ, ਨਿਧੜਕ, ਨਿਰਭਉ) ਅਤੇ ਨਿਸ਼ਕਲੰਕ (ਮਾਅਨੇ: ਨਿਰਦੋਸ਼, ਕਲੰਕ ਰਹਿਤ) ਹਨ। ਫ਼ਾਰਸੀ ਦੇ 'ਮਗਰਮੱਛ' ਵਾਲੇ ਮਾਅਨੇ ਨਾਲ 'ਨਿਹੰਗ' ਲਫ਼ਜ਼ ਦਾ ਕੋਈ ਮੇਲ ਨਹੀਂ ਬਣਦਾ; ਹਾਂ ਤਲਵਾਰ ਨਾਲ ਜ਼ਰੂਰ ਬਣ ਸਕਦਾ ਹੈ। ਪਰ ਸੰਸਕ੍ਰਿਤ ਦੇ 'ਨਸ਼ਟਾਸ਼ੰਕ' (ਮਾਅਨਾ=ਨਿਡਰ, ਦਲੇਰ) ਦੀ ਪੰਜਾਬੀ ਦੇ ਲਫ਼ਜ਼ ਨਿਹੰਗ ਨਾਲ ਨੇੜਤਾ ਮੰਨੀ ਜਾ

ਸਕਦੀ ਹੈ। ਗੁਰਬਾਣੀ ਵਿਚ ਵੀ, ਨਿਹੰਗ ਲਫ਼ਜ਼ ਈਵਰਤੋਂ ਮਿਲਦੀ ਹੈ: ***ਨਿਰਭਉ ਹੋਇਓ ਭਇਆ ਨਿਹੰਗਾ*** (ਸਫ਼ਾ 392)। ਉਥੇ ਇਸ ਦਾ ਮਾਅਨਾ ਹੈ ਦਲੇਰ/ਸਿਰੜੀ/ਅੜੀਅਲ। ਹੋਰ ਸਿੱਖ ਲਿਖਤਾਂ ਵਿਚ ਵੀ ਨਿਹੰਗ ਨੂੰ ਨਿਡਰ, ਸਿਰੜੀ, ਦਲੇਰ ਸ਼ਖ਼ਸ ਹੀ ਦੱਸਿਆ ਗਿਆ ਹੈ।

ਨਿਹੰਗਾਂ ਦਾ ਮੁੱਢ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਤੋਂ ਬੱਝਾ ਸੀ। 16 ਜਨਵਰੀ 1704 ਨੂੰ, ਜਦੋਂ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ ਤਾਂ ਭਾਈ ਮਾਨ ਸਿੰਘ ਸਿੱਖ ਫ਼ੌਜ ਦਾ ਨੀਲਾ ਝੰਡਾ ਲੈ ਕੇ ਲੜ ਰਹੇ ਸਨ। ਉਹ ਬਹੁਤ ਬਹਾਦਰੀ ਨਾਲ ਲੜੇ। ਲੜਾਈ ਦੌਰਾਨ, ਉਹ ਬਹੁਤ ਜ਼ਖ਼ਮੀ ਹੋ ਗਏ ਅਤੇ ਖਾਲਸਾਈ ਝੰਡੇ ਦਾ ਬਾਂਸ ਜੋ ਉਹਨਾਂ ਨੇ ਫੜਿਆ ਹੋਇਆ ਸੀ ਉਹ ਉਨ੍ਹਾਂ ਦੇ ਹੱਥੋਂ ਡਿਗ ਪਿਆ। ਜਦੋਂ ਗੁਰੂ ਸਾਹਿਬ ਨੂੰ ਇਸ ਘਟਨਾ ਬਾਰੇ ਪਤਾ ਲੱਗਾ, ਉਨ੍ਹਾਂ ਨੇ ਆਪਣੀ ਨੀਲੀ ਕੇਸਕੀ (ਦਸਤਾਰ ਥੱਲੇ ਛੋਟੀ ਦਸਤਾਰ) ਨਾਲੋਂ ਇੱਕ ਲੀਰ ਪਾੜੀ ਅਤੇ ਇਸ ਨੂੰ, ਝੰਡੇ ਦੀ ਤਰ੍ਹਾਂ, ਪੱਗ ਵਿਚ ਟੁੰਗ ਲਿਆ। ਉਨ੍ਹਾਂ ਇਸ ਨੂੰ ਫਹਿਰਾਉਂਦਾ ਨਿਸ਼ਾਨ ਸਾਹਿਬ (ਫੱਰਰਾ) ਦਾ ਨਾਂ ਦਿੱਤਾ। ਉਨ੍ਹਾਂ ਕਿਹਾ ਕਿ ਹੁਣ ਖਾਲਸੇ ਦਾ ਨਿਸ਼ਾਨ ਸਾਹਿਬ ਕਦੇ ਵੀ ਧਰਤੀ 'ਤੇ ਨਹੀਂ ਡਿੱਗੇਗਾ ਤੇ ਹਮੇਸ਼ਾ ਸਿੱਖ ਦੇ ਸਿਰ 'ਤੇ ਫ਼ਹਿਰਾਉਂਦਾ ਰਹੇਗਾ। ਇਸ ਤੋਂ ਫੱਰਰਾ (ਪੱਗ ਵਿਚ ਝੰਡਾ/ਨਿਸ਼ਾਨ ਸਾਹਿਬ) ਦੀ ਰਿਵਾਇਤ ਸ਼ੁਰੂ ਹੋਈ। ਗੁਰੂ ਸਾਹਿਬ ਨੂੰ ਵੇਖ ਕੇ ਭਾਈ ਉਦੇ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ, ਅਤੇ ਭਾਈ ਆਲਮ ਸਿੰਘ ਨੱਚਣਾ ਨੇ ਵੀ ਆਪਣੀਆਂ ਨੀਲੀਆਂ ਕੇਸਕੀਆਂ ਨਾਲੋਂ ਲੀਰਾਂ ਪਾੜ ਕੇ ਫੱਰਰੇ ਬੰਨ੍ਹ ਲਏ। ਗੁਰੂ ਸਾਹਿਬ ਨੇ ਕਿਹਾ ਕਿ ਸਾਰੇ ਸਿੱਖ ਜਥੇਦਾਰ (ਨਿਸ਼ਾਨ ਸਾਹਿਬ ਚੁੱਕਣ ਵਾਲੇ) ਆਪਣੀਆਂ ਪੱਗਾਂ ਵਿੱਚ ਫੱਰਰਾ ਰੱਖਿਆ ਕਰਨਗੇ। ਸਾਹਿਬਜ਼ਾਦਾ ਫ਼ਤਹਿ ਸਿੰਘ, ਜਿਸ ਦੀ ਉਮਰ ਉਸ ਸਮੇਂ ਸਿਰਫ਼ ਛੇ ਸਾਲ ਦੀ ਸੀ, ਨੇ ਵੀ ਆਪਣੀ ਪੱਗ ਵਿਚ ਇਹੋ ਜਿਹਾ ਇਕ ਨੀਲਾ ਫੱਰਰਾ ਬੰਨ੍ਹ ਲਿਆ। ਗੁਰੂ ਸਾਹਿਬ ਨੇ ਕਿਹਾ ਕਿ ਇਹ ਫੱਰਰਾ ਸਦਾ ਸਿੱਖ ਪੰਥ ਦਾ ਹਿੱਸਾ ਰਹੇਗਾ। ਇਹ ਨੀਲਾ ਰੰਗ ਰੂਪ/ਰੰਗ ਹੀਣ ਨਿਰੰਕਾਰ ਦੇ ਪਹਿਰਾਵੇ ਦਾ ਚਿੰਨ੍ਹ ਹੈ। ਸਿੱਖਾਂ ਨੂੰ ਸਦਾ ਇਸ ਨੂੰ ਸਿੱਖਾਂ ਦੇ ਕੌਮੀ ਝੰਡੇ ਵਜੋਂ ਅਦਬ ਦੇਣਾ ਚਾਹੀਦਾ ਹੈ।

ਇਸ ਘਟਨਾ ਤੋਂ ਨਿਹੰਗਾਂ ਦੀ ਸ਼ੁਰੂਆਤ ਹੋਈ ਮੰਨੀ ਜਾਂਦੀ ਹੈ। ਜੋ ਸਿੱਖ ਭਾਈ ਮਾਨ ਸਿੰਘ (ਫ਼ੌਜ ਵਿਚ ਸਭ ਤੋਂ ਅੱਗੇ ਚੱਲਣ ਤੇ ਹੱਥ ਵਿਚ ਨਿਸ਼ਾਨ ਸਾਹਿਬ ਫੜਨ ਵਾਲੇ) ਦੀ ਤਰ੍ਹਾਂ ਬਣਨ ਦੀ ਖ਼ਾਹਿਸ਼ ਰਖਦੇ ਸਨ, ਉਹ ਖ਼ੁਦ ਨੂੰ ਨਿਹੰਗ ਕਹਿੰਦੇ ਸਨ। ਨਿਹੰਗ ਲਫ਼ਜ਼, ਖ਼ਿਤਾਬੀ ਲਫ਼ਜ਼ (ਨਾਂ ਦਾ ਪਿਛੇਤਰ/ਅਗੇਤਰ) ਵਜੋਂ, ਸਭ ਤੋਂ ਪਹਿਲਾਂ ਭਾਈ ਨੈਣਾ ਸਿੰਘ ਨੇ ਵਰਤਿਆ ਸੀ। ਉਸ ਤੋਂ ਮਗਰੋਂ ਉਸ ਦੇ ਭਤੀਜੇ ਅਕਾਲੀ ਫੂਲਾ ਸਿੰਘ ਨੇ ਵੀ ਇਹ ਲਫ਼ਜ਼ ਆਪਣੇ ਨਾਂ ਦਾ ਹਿੱਸਾ ਬਣਾ ਲਿਆ ਸੀ। ਇਹ ਲੋਕ ਜੰਗ ਦੇ ਮੈਦਾਨ ਵਿਚ 'ਅਕਾਲ! ਅਕਾਲ!' ਦੇ ਜੈਕਾਰੇ ਬੁਲਾਇਆ ਕਰਦੇ ਸਨ, ਇਸ ਕਰ ਕੇ ਇਨ੍ਹਾਂ ਨੂੰ ਅਕਾਲੀ ਵੀ ਕਿਹਾ ਜਾਣ ਲੱਗਾ ਪਿਆ ਸੀ।

ਨਿਹੰਗ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੀ ਡਿਊਟੀ ਕਰਦੇ ਸਨ। ਅਕਾਲੀ ਫੂਲਾ ਸਿੰਘ ਤੇ ਫਿਰ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ, ਬ੍ਰਿਟਿਸ਼ ਹਾਕਮਾਂ ਨੇ ਆਪਣੇ ਵਫ਼ਾਦਾਰਾਂ ਨੂੰ ਸਰਬਰਾਹ ਲਾ ਕੇ ਗੁਰਦੁਆਰਿਆਂ ਦਾ ਇੰਤਜ਼ਾਮ ਆਪਣੇ ਹੱਥਾਂ

ਵਿਚ ਲੈ ਲਿਆ ਸੀ ਤੇ ਇਸ ਮਗਰੋਂ ਇਹ ਇੰਤਜ਼ਾਮ ਮਹੰਤਾਂ ਦੇ ਹੱਥ ਆ ਗਿਆ ਸੀ। ਸਿੱਖ ਰਾਜਿਆਂ ਦੀਆਂ ਹਕੂਮਤਾਂ ਦੌਰਾਨ, ਖਾਸ ਕਰ ਕੇ ਅਕਾਲੀ ਫੂਲਾ ਸਿੰਘ ਦੀ ਮੌਤ ਤੋਂ ਬਾਅਦ, ਨਿਹੰਗ ਭੰਗ ਦੇ ਨਸ਼ੇਈ ਬਣ ਗਏ ਅਤੇ ਆਪਣੀ ਬਹਾਦਰੀ ਗੁਆ ਲਈ।

21 ਮਈ 1920 ਦੇ ਦਿਨ ਲਾਹੌਰ ਤੋਂ ਪੰਜਾਬੀ ਦਾ ਅਖ਼ਬਾਰ 'ਅਕਾਲੀ' ਛਪਣਾ ਸ਼ੁਰੂ ਹੋਇਆ। ਇਸੇ ਨਾਂ ਕਾਰਨ ਹੀ ਗੁਰਦੁਆਰਾ ਸੁਧਾਰ ਲਹਿਰ ਵਾਲਿਆਂ ਨੂੰ 'ਅਕਾਲੀ' ਹੀ ਕਿਹਾ ਜਾਣ ਲਗ ਪਿਆ। 14 ਦਸੰਬਰ 1920 ਦੇ ਦਿਨ ਬਣੇ ਜੱਥੇ ਦਾ ਨਾਂ ਵੀ 'ਅਕਾਲੀ ਦਲ' ਹੀ ਰਖ ਦਿਤਾ ਗਿਆ ਸੀ।

ਨਿਹੰਗਾਂ ਨੂੰ 1978 ਤਕ ਸਮਰਪਿਤ ਸਿੱਖ ਅਤੇ ਨਿਡਰ ਯੋਧੇ ਆਖਿਆ ਜਾਂਦਾ ਸੀ। ਪਰ ਬਹੁਤੇ ਨਿਹੰਗ ਸਿੱਖ ਜੱਦੋਜਹਿਦ ਤੋਂ ਦੂਰ ਹੋ ਗਏ ਅਤੇ ਉਨ੍ਹਾਂ ਦੀ ਹੋਂਦ ਵੀ ਇਕ ਤਰ੍ਹਾਂ ਨਾਲ ਖ਼ਤਮ ਹੋ ਗਈ। 1960 ਤੋਂ ਮਗਰੋਂ ਨਿਹੰਗਾਂ ਵਿਚ, ਸੰਤਾ ਸਿੰਘ ਇੰਦਰਾ ਗਾਂਧੀ ਦਾ ਚਾਪਲੂਸ ਅਤੇ ਅਜੀਤ ਸਿੰਘ ਪੂਲਾ ਪੁਲੀਸ ਦੇ ਟਾਊਟ ਬਣੇ ਹੋਏ ਸਨ (ਹੁਣ ਸੰਤਾ ਸਿੰਘ ਮਰ ਚੁਕਾ ਹੈ ਤੇ ਅਜੀਤ ਪੂਹਲਾ ਮਾਰ ਦਿੱਤਾ ਜਾ ਚੁਕਾ ਹੈ)। ਇਨ੍ਹਾਂ ਨੇ ਮੁਖ਼ਬਰੀਆਂ ਕਰ ਕੇ ਪੁਲੀਸ ਹੱਥੋਂ ਸੈਂਕੜੇ ਸਿੱਖਾਂ ਦਾ ਕਤਲੇਆਮ ਕਰਵਾਇਆ ਸੀ ਤੇ ਆਪ ਵੀ ਕੀਤਾ ਸੀ। ਸਿੱਖ ਇਨ੍ਹਾਂ ਨੂੰ ਬਹੁਤ ਨਫ਼ਰਤ ਕਰਦੇ ਹਨ। ਪਰ ਅਜੇ ਵੀ, ਕੁਝ ਸੱਚੇ ਨਿਹੰਗ ਮੌਜੂਦ ਵੀ ਹਨ ਪਰ ਹੈਨ ਉਹ ਟਾਂਵੇਂ-ਟਾਂਵੇਂ।

ਨਿੱਤਨੇਮ: ਨਿੱਤਨੇਮ ਦਾ ਲਫ਼ਜ਼ੀ ਮਾਅਨਾ ਹੈ: ਰੋਜ਼ ਦਾ ਨੇਮ, ਕੰਮ। ਸਿੱਖ ਧਰਮ ਵਿਚ, ਨਿੱਤਨੇਮ ਤੋਂ ਮਤਲਬ ਹੈ: ਉਹ ਬਾਣੀਆਂ, ਜੋ ਇਕ ਸਿੱਖ ਹਰ ਰੋਜ਼ ਪੜ੍ਹਦਾ ਹੈ। ਸ਼੍ਰੋਮਣੀ ਕਮੇਟੀ (ਅਕਾਲ ਤਖ਼ਤ) ਦੀ ਰਹਿਤ ਮਰਿਆਦਾ ਮੁਤਾਬਿਕ ਇਹ ਪੰਜ ਹਨ: ਜਪੁ(ਜੀ) ਸਾਹਿਬ, ਜਾਪੁ (ਸਾਹਿਬ), ਸਵੱਯੇ, ਰਹਿਰਾਸ ਅਤੇ ਸੋਹਿਲਾ। ਪਹਿਲੀਆਂ ਤਿੰਨ ਅੰਮ੍ਰਿਤ ਵੇਲੇ, ਚੌਥੀ ਸੂਰਜ ਛਿਪਣ ਤੋਂ ਬਾਅਦ ਅਤੇ ਅਖ਼ੀਰਲੀ ਸੌਣ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ। ਕਈ ਸਿੱਖ ਇਸ ਤੋਂ ਇਲਾਵਾ ਹੋਰ ਵੀ ਬਾਣੀਆਂ ਰੋਜ਼ ਪੜ੍ਹਦੇ ਹਨ; ਇਨ੍ਹਾਂ ਵਿਚ ਆਸਾ ਦੀ ਵਾਰ, ਸੁਖਮਨੀ, ਅਨੰਦੁ ਸਾਹਿਬ ਅਤੇ ਸਵੱਯੇ ਸ਼ਾਮਿਲ ਹਨ ਜੋ ਉਨ੍ਹਾਂ ਦੇ ਨਿਤਨੇਮ ਦਾ ਹਿੱਸਾ ਹੈ। ਗੁਰਮਤਿ ਟਕਸਾਲ ਵਾਲਿਆਂ ਦਾ ਵਿਚਾਰ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਿਰਫ਼ ਪਹਿਲੇ 13 ਸਫ਼ੇ ਹੀ ਨਿਤਨੇਮ ਹਨ।

ਨਿਮਰਤਾ: ਨਿਮਰਤਾ/ਹਲੀਮੀ/ਮਿੱਠਾ ਬੋਲਣਾ/ਨਿਵ ਚੱਲਣਾ ਉਨ੍ਹਾਂ ਚੰਗੀਆਂ ਜਮ੍ਹਾਂ-ਪੱਖੀ ਖ਼ੂਬੀਆਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਸਿੱਖ ਨੇ ਆਪਣੀ ਜ਼ਿੰਦਗੀ ਵਿਚ ਅਪਣਾਉਣਾ ਹੈ। ਇਹ ਮੁਕਾਮ ਹਾਸਿਲ ਕਰਨ ਵਾਸਤੇ ਹੰਕਾਰ ਅਤੇ ਹਉਮੈ ਤੋਂ ਛੁਟਕਾਰਾ ਪਾਉਣਾ ਲਾਜ਼ਮੀ ਹੈ। ਨਿਮਰਤਾ ਦਾ ਮੂਲ ਇਨਸਾਨੀਅਤ ਹੈ। ਨਿਮਰਤਾ ਉੱਚੀ ਸ਼ਖ਼ਸੀਅਤ ਦੀ ਅਹਿਮ ਨਿਸ਼ਾਨੀ ਹੈ। ਸਹਿਜ, ਅਨੰਦ ਤੇ ਮੁਕਤੀ ਦਾ ਮੁਕਾਮ ਹਾਸਿਲ ਕਰਨ ਤੋਂ ਪਹਿਲਾਂ ਇਹ ਖ਼ੂਬੀ ਅਪਣਾਉਣਾ ਲਾਜ਼ਮੀ ਹੈ:

> *ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥ ਜਾ ਕਾ ਮਨੁ ਹੋਇ ਸਗਲ ਕੀ ਰੀਨਾ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥ (ਸਫ਼ਾ 266)*

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥ ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥ ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥ ***ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥*** *(ਸਫ਼ਾ 470)*

ਫਰੀਦਾ ਜੋ ਤੈ ਮਾਰਨਿ ਮੁਕੀਆਂ, ਤਿਨ੍ਹਾ ਨ ਮਾਰੇ ਘੁੰਮਿ॥ ਆਪਨੜੈ ਘਰਿ ਜਾਈਐ, ਪੈਰ ਤਿਨ੍ਹਾ ਦੇ ਚੁੰਮਿ॥

ਫਰੀਦਾ ਥੀਉ ਪਵਾਹੀ ਦਭੁ॥ ਜੇ ਸਾਂਈ ਲੋੜਹਿ ਸਭੁ॥ ਇਕੁ ਛਿਜਹਿ ਬਿਆ ਲਤਾੜੀਅਹਿ॥ ਤਾਂ ਸਾਈ ਦੈ ਦਰਿ ਵਾੜੀਅਹਿ॥ (ਸਫ਼ਾ 1378)

ਨਿਰਗੁਣ/ਨਿਰਗੁਨ:- ਲਫ਼ਜ਼ੀ ਮਾਅਨਾ: ਗੁਣਾਂ ਦੀ ਪਕੜ ਤੋਂ ਪਰ੍ਹੇ। ਪੂਰਬੀ ਫ਼ਲਸਫ਼ੇ ਮੁਤਾਬਿਕ ਨਿਰਗੁਣ (ਗੁਣਾਂ ਤੋਂ ਬਿਨਾਂ ਰੱਬ) ਨੂੰ ਉੱਚਾ ਬ੍ਰਹਮ ਅਤੇ ਪਾਰਬ੍ਰਹਮ ਕਿਹਾ ਜਾਂਦਾ ਹੈ। ਉਹ ਖ਼ੂਬੀਆਂ ਅਤੇ ਗੁਣਾਂ ਦੀ ਪਕੜ ਤੋਂ ਪਰ੍ਹੇ ਹੈ। ਉਹ ਜਨਮ ਤੋਂ ਰਹਿਤ, ਸਦੀਵੀ, ਸੈਭੰ (ਆਪਣੇ ਆਪ ਤੋਂ) ਅਤੇ ਬੇਅੰਤ ਹੈ। ਉਹ ਅਸੀਮ (ਜਿਸ ਦੀ ਕੋਈ ਸੀਮਾ, ਹੱਦ ਨਹੀਂ ਹੈ) ਅਤੇ ਅਬੋਧ (ਜਿਸ ਦਾ ਬੋਧ ਨਹੀਂ ਹੋ ਸਕਦਾ, ਯਾਨਿ ਬੁੱਧੀ ਨਾਲ ਸਮਝਿਆ ਨਹੀਂ ਜਾ ਸਕਦਾ) ਹੈ। ਉਹ ਦਿਸ ਸਕਣ ਵਾਲਾ ਨਹੀਂ। ਉਹ ਦੁਨਿਆਵੀ ਜਾਂ ਵਕਤੀ (ਕਾਲ ਦੀ ਹੱਦ/ਜ਼ਦ ਵਿਚ) ਨਹੀਂ ਹੈ।

ਸਿੱਖ ਧਰਮ ਵਿਚ ਰੱਬ ਗੁਣਾਂ ਸਮੇਤ (ਸਰਗੁਣ) ਅਤੇ ਗੁਣਾਂ ਤੋਂ ਬਿਨਾਂ (ਨਿਰਗੁਣ) ਦੋਵੇਂ ਹੈ। ਉਸ ਦੇ ਗੁਣ ਭਾਵੇਂ ਉਸ ਦੀ ਕੁਦਰਤ ਵਿਚੋਂ ਜ਼ਾਹਿਰ ਹੁੰਦੇ ਹਨ (ਭਾਵ ਸਰਗੁਣ ਹੈ), ਪਰ ਉਹ ਗੁਣਾਂ ਦੀ ਪਕੜ ਤੋਂ ਪਰ੍ਹੇ ਹੈ ਕਿਉਂਕਿ ਉਹ ਇਨਸਾਨੀ ਮਨ/ਦਿਮਾਗ ਦੀ ਸਮਝ-ਹੱਦ ਤੋਂ ਪਰ੍ਹੇ ਹੈ (ਭਾਵ ਨਿਰਗੁਣ ਹੈ)।

ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ, ਸਹਸ ਮੂਰਤਿ, ਨਨਾ ਏਕ ਤੁੋਹੀ॥ ਸਹਸ ਪਦ ਬਿਮਲ, ਨਨ ਏਕ ਪਦ, ਗੰਧ ਬਿਨੁ, ਸਹਸ ਤਵ ਗੰਧ, *ਇਵ ਚਲਤ ਮੋਹੀ॥ ਸਭ ਮਹਿ ਜੋਤਿ, ਜੋਤਿ ਹੈ ਸੋਇ॥ ਤਿਸ ਦੈ ਚਾਨਣਿ, ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥ (ਸਫ਼ਾ 13)*

ਹੋਰ ਦੇਖੋ: **ਸਰਗੁਣ** 45 ਪੰਨੇ

ਨਿਰਮਲ:- ਲਫ਼ਜ਼ੀ ਮਾਅਨਾ: ਜਿਹੜਾ ਮਲ (ਮੈਲ) ਤੋਂ ਰਹਿਤ ਹੋਵੇ, ਯਾਨਿ ਸ਼ੁੱਧ/ਪਵਿੱਤਰ। ਗੁਰਬਾਣੀ ਵਿਚ ਇਸ ਲਫ਼ਜ਼ ਦੀ ਵਰਤੋਂ 'ਵਿਕਾਰਾਂ ਦੀ ਮੈਲ ਤੋਂ ਰਹਿਤ' ਵਾਸਤੇ ਕੀਤੀ ਗਈ ਹੈ। ਬ੍ਰਹਮ ਗਿਆਨੀ ਦੀ ਇਕ ਖ਼ੂਬੀ ਇਹ ਵੀ ਹੈ ਕਿ ਉਹ ਏਨਾ ਮੈਲ ਰਹਿਤ ਹੁੰਦਾ ਹੈ ਜਿਵੇਂ ਖ਼ਾਲਿਸ/ਸਾਫ਼ ਪਾਣੀ ਹੁੰਦਾ ਹੈ। ਇੰਞ ਹੀ ਪਤੀ-ਪਤਨੀ ਵਿਚ, ਜੀਵ ਤੇ ਰੱਬ ਵਿਚਕਾਰ 'ਨਿਰਮਲ' ਭਉ (ਜੋ ਭਉ, ਯਾਨਿ ਡਰ, ਨਹੀਂ ਬਲਕਿ ਪਿਆਰ ਦਾ ਇਕ ਪੜਾਅ ਹੈ) ਦਾ ਰਿਸ਼ਤਾ ਮੰਨਿਆ ਗਿਆ ਹੈ।

ਬ੍ਰਹਮਗਿਆਨੀ ਨਿਰਮਲ ਤੇ ਨਿਰਮਲਾ॥ ਜੈਸੇ ਮੈਲੁ ਨ ਲਾਗੈ ਜਲਾ॥ (ਸਫ਼ਾ 272)

ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥ (ਸਫ਼ਾ 774)

ਇਕ ਨਿਰਮਲ ਜਿਸਮ ਤੇ ਪਵਿੱਤਰ ਰੂਹ ਵਿਚ ਹੀ ਰੱਬ ਦਾ ਵਾਸਾ ਹੁੰਦਾ ਹੈ:

ਨਿਰਮਲ ਕਾਇਆ ਊਜਲ ਹੰਸਾ॥ ਤਿਸੁ ਵਿਚਿ ਨਾਮੁ ਨਿਰੰਜਨ ਅੰਸਾ॥ (ਸਫ਼ਾ 1034)

ਹੋਰ ਵੇਖੋ: **ਨਿਰਲੇਪ, ਬ੍ਰਹਮ ਗਿਆਨੀ।**

ਨਿਰਲੇਪ: ਲਫ਼ਜ਼ੀ ਮਾਅਨਾ: ਜੋ ਲਿਪਿਆ/ਪੋਚਿਆ/ਲਿਬੜਿਆ ਨਾ ਹੋਵੇ। ਇਹ ਲਫ਼ਜ਼ ਸੁਖਮਨੀ ਸਾਹਿਬ ਵਿਚ ਬ੍ਰਹਮ ਗਿਆਨੀ (ਉਹ ਜਿਸ ਨੂੰ ਬ੍ਰਹਮ, ਯਾਨਿ ਰੱਬ, ਦਾ ਗਿਆਨ ਹੋਵੇ) ਵਾਸਤੇ ਵਰਤਿਆ ਗਿਆ ਹੈ, ਜਿਸ ਦਾ ਮਤਲਬ ਹੈ ਕਿ ਬ੍ਰਹਮ ਗਿਆਨੀ ਇਸ ਦੁਨੀਆਂ ਦੀ ਮੋਹ ਮਾਇਆ ਦੀ ਪਕੜ ਤੋਂ ਇੰਞ ਬਚਿਆ ਰਹਿੰਦਾ ਹੈ ਜਿਵੇਂ ਕਮਲ ਦਾ ਫੁੱਲ ਚਿੱਕੜ ਵਿਚ ਉੱਗ ਕੇ ਵੀ ਉਸ ਵਿਚ ਲਿਬੜਨ ਤੋਂ ਬਚਿਆ ਰਹਿੰਦਾ ਹੈ:

ਬ੍ਰਹਮਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥ (ਸਫ਼ਾ 272)

ਹੋਰ ਦੇਖੋ: **ਨਿਰਮਲ. ਬ੍ਰਹਮ ਗਿਆਨੀ।**

ਨਿਰੰਕਾਰ: ਲਫ਼ਜ਼ੀ ਮਾਅਨਾ: ਅਕਾਰ ਤੋਂ ਬਿਨਾਂ/ਅਕਾਰਹੀਣ/ਰੂਪਹੀਣ, ਯਾਨਿ ਜਿਸ ਦਾ ਕੋਈ ਅਕਾਰ/ਰੂਪ/ਸ਼ਕਲ ਨਾ ਹੋਵੇ। ਦੂਜੇ ਲਫ਼ਜ਼ਾਂ ਵਿਚ ਗੁਣਾਂ ਅਤੇ ਅਕਾਰ ਦੀ ਪਕੜ ਤੋਂ ਪਰ੍ਹੇ, ਯਾਨਿ ਰੱਬ। ਸਿੱਖ ਫ਼ਲਸਫ਼ੇ ਮੁਤਾਬਿਕ ਰੱਬ ਦਾ ਕੋਈ ਰੂਪ ਨਹੀਂ ਹੈ। ਉਸ ਨੂੰ ਅਸੀਂ ਉਸ ਦੀ ਕੁਦਰਤ ਵਿਚ ਰੂਪਮਾਨ/ਰਮਿਆ ਹੋਇਆ ਹੀ ਦੇਖ ਸਕਦੇ ਹਾਂ। ਹੋਰ ਦੇਖੋ: **ਅਵਤਾਰ, ਪ੍ਰਮਾਤਮਾ, ਨਿਰਗੁਨ, ਸਰਗੁਨ।**

ਨਿਰੰਕਾਰੀ: ਰਣਜੀਤ ਸਿੰਘ ਦੇ ਰਾਜ ਵਿਚ ਸਿੱਖ ਸਮਾਜ ਵਿਚ ਬ੍ਰਾਹਮਣੀ ਰਸਮਾਂ (ਕਰਮ ਕਾਂਡ) ਦਾ ਬੇਹਿਸਾਬ ਦਾਖ਼ਲਾ ਹੋਇਆ। ਅੰਗਰੇਜ਼ਾਂ ਦਾ ਰਾਜ ਆਉਣ ਮਗਰੋਂ ਇਸ ਵਿਚ ਹੋਰ ਵਾਧਾ ਹੋਇਆ। ਬ੍ਰਾਹਮਣੀ ਅਸਰ ਦੇ ਖ਼ਿਲਾਫ਼ ਪਹਿਲੀ ਜੱਦੋਜਹਿਦ ਪੋਠੋਹਾਰ ਦੇ 'ਬਾਬਾ' ਦਿਆਲ (1783-1855) ਨੇ ਸ਼ੁਰੂ ਕੀਤੀ ਸੀ। ਉਸ ਨੇ 1851 ਵਿਚ ਰਾਵਲਪਿੰਡੀ ਵਿਚ ਨਿਰੰਕਾਰੀ ਦਰਬਾਰ ਦੀ ਨੀਂਹ ਰੱਖੀ। ਉਸ ਨੇ ਸਿੱਖਾਂ ਦੀ ਜ਼ਿੰਦਗੀ ਵਿਚੋਂ ਬ੍ਰਾਹਮਣੀ ਸਸਕਾਰ ਕੱਢਣ ਵਾਸਤੇ ਕੋਸ਼ਿਸ਼ਾਂ ਕੀਤੀਆਂ। ਉਸ ਨੇ ਅੱਗ ਦੁਆਲੇ ਫੇਰੇ, ਸਰਾਧ, ਸੂਤਕ-ਪਾਤਕ, ਮਹੂਰਤ ਵਗ਼ੈਰਾ ਨੂੰ ਸਿੱਖੀ ਵਿਚੋਂ ਜਲਾਵਤਨ ਕੀਤਾ (ਉਂਞ ਦਿਲਚਸਪ ਗੱਲ ਇਹ ਹੈ ਕਿ ਦਿਆਲ ਨੇ ਖ਼ੁਦ ਖੰਡੇ ਦੀ ਪਾਹੁਲ ਵੀ ਨਹੀਂ ਸੀ ਲਈ ਹੋਈ)। 1854 ਵਿਚ ਦਿਆਲ ਦੀ ਮੌਤ ਮਗਰੋਂ ਉਸ ਦੇ ਪੁਤਰ ਦਰਬਾਰਾ ਸਿੰਘ (1814-1870) ਨੇ ਹੋਰ ਵੀ ਤੇਜ਼ੀ ਨਾਲ ਲਹਿਰ ਚਲਾਈ। ਉਨ੍ਹਾਂ ਦੀ ਸਭ ਤੋਂ ਵੱਡੀ ਕਾਰਵਾਈ 1855 ਵਿਚ ਅੱਗ ਦੀ ਬਜਾਇ ਗੁਰੂ ਗ੍ਰੰਥ ਸਾਹਿਬ ਦੁਆਲੇ ਚਾਰ ਲਾਵਾਂ ਨਾਲ ਅਨੰਦ ਕਾਰਜ ਦਾ ਪ੍ਰਚਾਰ ਕਰਨਾ ਸੀ *(ਹਾਲਾਂ ਕਿ ਇਹ ਵੀ ਇਕ ਹਿੰਦੂ ਕਰਮਕਾਂਡ ਨੂੰ ਸਿੱਖੀ ਰੂਪ ਦੇਣਾ ਹੀ ਸੀ)*। ਨਿਰੰਕਾਰੀ ਲਹਿਰ ਨੇ ਪੋਠੋਹਾਰ ਵਿਚ ਬੜਾ ਅਸਰ ਪਾਇਆ ਪਰ ਇਹ ਲਹਿਰ ਇਸ ਤੋਂ ਦੁਰੇਡੇ ਇਲਾਕਿਆਂ ਵਿਚ ਨਾ ਪੁਜ ਸਕੀ।

ਨਿਰੰਕਾਰੀ ਲਹਿਰ ਕਿਵੇਂ ਸ਼ੁਰੂ ਹੋਈ: ਨਿਰੰਕਾਰੀ ਲਹਿਰ ਦਾ ਮੁੱਢ (ਬਾਬਾ) ਦਿਆਲ ਨੇ ਬੰਨ੍ਹਿਆ ਸੀ। ਇਸ ਮਲਹੋਤਰਾ-ਖਤਰੀ ਪ੍ਰਵਾਰ ਦਾ ਪਿਛੋਕੜ ਕਾਬਲ ਦਾ ਸੀ ਪਰ ਮਗਰੋਂ ਉਹ ਪਿਸ਼ਾਵਰ ਆ ਗਏ ਸਨ। 1808 ਵਿਚ ਦਿਆਲ ਰਾਵਲਪਿੰਡੀ ਗਿਆ ਤੇ ਕਰਿਆਨੇ ਦੀ ਦੁਕਾਨ ਸ਼ੁਰੂ ਕਰ ਲਈ। ਉਹ 1809 ਵਿਚ ਭੇਰਾ ਗਿਆ

ਤਾਂ ਉੱਥੇ ਦੇ ਇਕ ਖਤਰੀ ਚਰਨ ਦਾਸ ਕਪੂਰ ਨੇ ਆਪਣੀ ਧੀ ਦਾ ਵਿਆਹ ਉਸ ਨਾਲ ਕਰਨ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਇਹ ਮਹੀਨਾ ਚੇਤਰ (ਮਾਰਚ) ਦਾ ਸੀ ਤੇ ਹਿੰਦੂ ਇਸ ਮਹੀਨੇ ਵਿਚ ਵਿਆਹ ਨਹੀਂ ਕਰਦੇ, ਇਸ ਕਰ ਕੇ ਪੁਜਾਰੀਆਂ ਨੇ ਉਸ ਦਾ ਵਿਆਹ ਕਰਵਾਉਣ ਦੀਆਂ ਰਸਮਾਂ ਨਿਭਾਉਣ ਤੋਂ ਨਾਂਹ ਕਰ ਦਿਤੀ। ਮਜਬੂਰੀ ਵਿਚ ਇਹ ਰਸਮ ਅਰਦਾਸ ਲਾਵਾਂ ਦੇ ਸ਼ਬਦ ਤੇ ਅਨੰਦ ਸਾਹਿਬ (ਛੇ ਸ਼ਬਦ) ਪੜ੍ਹ ਕੇ ਅਤੇ ਅਰਦਾਸ ਕਰ ਕੇ ਨਿਭਾਈ ਗਈ (ਅਨੰਦ ਸਾਹਿਬ ਦੇ ਛੇ ਸ਼ਬਦ ਪੜ੍ਹਨ ਦੀ ਰੀਤ ਵੀ ਇੱਥੋਂ ਹੀ ਸ਼ੁਰੂ ਹੋਈ ਸੀ)। ਬਸ ਇਸੇ ਤੋਂ ਹੀ ਇਸ 'ਨਿਰੰਕਾਰੀ' ਲਹਿਰ ਦਾ ਮੁੱਢ ਬੱਝ ਗਿਆ।

ਦਿਆਲ ਵਲੋਂ ਕੀਤੇ ਗਏ ਇਸ ਵਿਆਹ ਦਾ ਚਰਚਾ ਸਾਰੇ ਪਾਸੇ ਚਲ ਪਿਆ। ਆਪਣੇ ਵਿਆਹ ਵਿਚ ਪੁਜਾਰੀਆਂ ਵੱਲੋਂ ਰੁਕਾਵਟਾਂ ਖੜੀਆਂ ਕਰਨ ਦਾ ਉਸ ਦੇ ਮਨ ਵਿਚ ਬੜਾ ਗੁੱਸਾ ਸੀ, ਇਸ ਕਰ ਕੇ ਉਹ ਬ੍ਰਾਹਮਣਾਂ ਤੇ ਪੁਜਾਰੀਆਂ ਦੀ ਭਰਪੂਰ ਮੁਖ਼ਾਲਫ਼ਤ ਕਰਨ ਲਗ ਪਿਆ। ਹੁਣ ਉਸ ਨੇ ਰਾਵਲਪਿੰਡੀ ਵਿਚ ਇਸ ਦਾ ਪ੍ਰਚਾਰ ਵੀ ਸ਼ੁਰੂ ਕਰ ਦਿਤਾ। ਉਸ ਨੇ ਸਿਰਫ਼ ਵਿਆਹ ਹੀ ਨਹੀਂ ਬਲਕਿ ਹਰ ਇਕ ਰਸਮ ਵਿਚੋਂ ਬ੍ਰਾਹਮਣੀ ਕਰਮ ਕਾਂਡ ਖ਼ਤਮ ਕਰਨ ਬਾਰੇ ਪਰਚਾਰ ਕਰਨਾ ਸ਼ੁਰੂ ਕਰ ਦਿਤਾ। ਉਹ ਹਰ ਰੋਜ਼ ਸਵੇਰੇ ਬਾਰਾਦਰੀ ਗੁਰਦੁਆਰੇ ਜਾ ਕੇ ਕੀਰਤਨ ਕਰਦਾ ਅਤੇ ਲੋਕਾਂ ਨੂੰ ਕਰਮ ਕਾਂਡ ਅਤੇ ਵਹਿਮ-ਭਰਮ 'ਚੋਂ ਨਿਕਲਣ ਵਾਸਤੇ ਪ੍ਰਚਾਰ ਕਰਦਾ। ਹੌਲੀ-ਹੌਲੀ ਲੋਕ ਉਸ ਨਾਲ ਜੁੜਨ ਲਗ ਪਏ।

ਭਾਵੇਂ ਕੂਕਿਆਂ (ਨਾਮਧਾਰੀਆਂ) ਵਾਂਗ ਨਿਰੰਕਾਰੀਆਂ ਨੇ ਯਾਰਵਾਂ, ਬਾਰ੍ਹਵਾਂ ਗੁਰੂ ਵਾਲਾ ਪਾਖੰਡ ਤਾਂ ਨਹੀਂ ਕੀਤਾ ਪਰ ਉਨ੍ਹਾਂ ਨੇ ਇਹ ਜ਼ਰੂਰ ਪਰਚਾਰਿਆ ਕਿ ਬਾਬਾ ਦਿਆਲ ਨਿਰੰਕਾਰ ਦੇ ਦਰਬਾਰ ਵਿਚ ਗਏ ਜਿੱਥੇ ਗੁਰੂ ਨਾਨਕ ਸਾਹਿਬ ਤੇ ਬਾਕੀ ਨੌਂ ਗੁਰੂ ਵੀ ਬੈਠੇ ਹੋਏ ਸਨ। ਉਨ੍ਹਾਂ ਨੇ ਉਸ (ਦਿਆਲ) ਨੂੰ ਗੁਰਬਾਣੀ ਅਤੇ ਆਦਿ ਗ੍ਰੰਥ ਦੀ ਸਿੱਖਿਆ ਦੇ ਅਧਾਰ ਤੇ ਲੋਕਾਂ ਵਿਚ ਧਰਮ ਦਾ ਪ੍ਰਚਾਰ ਕਰਨ ਵਾਸਤੇ ਹੁਕਮ ਦਿਤਾ। (*ਨਿਰੰਕਾਰੀ ਚਲਣ ਦਾ ਚਿੱਠਾ*, ਸਫ਼ਾ 91)।

ਹੌਲੀ-ਹੌਲੀ ਦਿਆਲ ਦੇ ਬਹੁਤ ਸਾਰੇ ਚੇਲੇ ਬਣ ਗਏ। 3 ਦਸੰਬਰ 1851 ਦੇ ਦਿਨ ਉਸ ਨੇ ਜ਼ਮੀਨ ਖ਼ਰੀਦ ਕੇ ਇਕ ਧਰਮਸਾਲਾ (ਗੁਰਦੁਆਰਾ) ਬਣਾਉਣੀ ਸ਼ੁਰੂ ਕਰ ਦਿਤੀ। ਦਿਆਲ ਦੀ ਮੌਤ (30.1.1855) ਤੋਂ ਮਗਰੋਂ ਉਸ ਦਾ ਪੁੱਤਰ ਦਰਬਾਰਾ ਸਿੰਘ ਇਸ ਗੁਰਦੁਆਰੇ ਦਾ ਇੰਚਾਰਜ ਬਣਿਆ। ਉਸ ਨੇ ਦਿਆਲ ਤੋਂ ਵਧ ਪ੍ਰਚਾਰ ਕੀਤਾ ਅਤੇ ਪੋਠੋਹਾਰ ਦੇ ਬਹੁਤ ਸਾਰੇ ਇਲਾਕਿਆਂ ਵਿਚ ਲੋਕ ਉਸ ਦੇ ਚੇਲੇ ਬਣ ਗਏ। ਨਿਰੰਕਾਰੀਆਂ ਮੁਤਾਬਿਕ 40 ਪਿੰਡਾਂ ਵਿਚ ਉਨ੍ਹਾਂ ਦੇ ਸੈਂਟਰ ਬਣ ਚੁਕੇ ਸਨ। ਦਰਬਾਰਾ ਸਿੰਘ ਨੇ ਨਿਰੰਕਾਰੀ ਲਹਿਰ ਦੇ 'ਹੁਕਮਨਾਮੇ' (ਪ੍ਰਚਾਰ/ਸਿਖਿਆਵਾਂ) ਜਾਰੀ ਕਰਨੇ ਸ਼ੁਰੂ ਕਰ ਦਿਤੇ। ਸਭ ਤੋਂ ਪਹਿਲਾਂ ਅਜਿਹਾ ਚਿੱਠਾ 1857 ਵਿਚ ਛਾਪਿਆ ਗਿਆ ਸੀ।

ਗੁਰੂ ਗ੍ਰੰਥ ਸਾਹਿਬ ਦੁਆਲੇ ਲਾਂਵਾਂ ਸ਼ੁਰੂ ਕਰਨਾ: ਹੁਣ ਦਰਬਾਰਾ ਸਿੰਘ ਨੇ ਇਕ ਫ਼ਿਰਕੇ ਦੇ ਆਗੂ ਵਾਂਗ ਵਿਚਰਨਾ ਸ਼ੁਰੂ ਕਰ ਦਿੱਤਾ। ਉਹ ਘੋੜੇ 'ਤੇ ਚੜ੍ਹ ਕੇ ਜਲੂਸਾਂ ਦੀ ਅਗਵਾਈ ਕਰਿਆ ਕਰਦਾ ਸੀ। ਦਰਬਾਰਾ ਸਿੰਘ ਨੇ ਸਿੱਖਾਂ ਦੇ ਵਿਆਹਾਂ

ਵਾਸਤੇ ਇਕ ਹੋਰ ਨਵੀਂ ਰਸਮ ਸ਼ੁਰੂ ਕੀਤੀ। ਉਸ ਨੇ ਚਾਰ ਲਾਵਾਂ ਪੜ੍ਹਾ ਕੇ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਚਾਰ ਚੱਕਰ ਕੱਢਵਾ ਕੇ ਅਰਦਾਸ ਕਰਨ ਦਾ ਤਰੀਕਾ ਸ਼ੁਰੂ ਕੀਤਾ। ਇਨ੍ਹਾਂ ਲਾਂਵਾਂ ਦੇ ਤਰੀਕੇ ਦਾ ਪਹਿਲਾ ਵਿਆਹ 12 ਮਾਰਚ 1855 ਦੇ ਦਿਨ ਕੀਤਾ ਗਿਆ। ਫਿਰ 11 ਅਪ੍ਰੈਲ 1862 ਨੂੰ ਅਜਿਹਾ ਇਕ ਵਿਆਹ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਕਰਨ ਦਾ ਪਲਾਨ ਵੀ ਬਣਾ ਲਿਆ ਗਿਆ ਪਰ ਪੁਜਾਰੀਆਂ ਦੀ ਮੁਖ਼ਾਲਫ਼ਤ ਕਾਰਨ ਇਹ ਵਿਆਹ ਮਹੰਤ ਦਿਆਲ ਸਿੰਘ ਦੇ ਗੁਰਦੁਆਰੇ ਵਿਚ ਕੀਤਾ ਗਿਆ। ਇਸ ਸਮੇਂ ਕਈ ਮੰਨ-ਪਰਮੰਨੇ ਸਿੱਖ ਰਈਸ/ਜ਼ਮੀਂਦਾਰ ਵੀ ਹਾਜ਼ਰ ਸਨ।

12 ਫਰਵਰੀ 1870 ਦੇ ਦਿਨ ਦਰਬਾਰਾ ਸਿੰਘ ਦੀ ਮੌਤ ਤੋਂ ਮਗਰੋਂ ਸਾਹਿਬ ਰੱਤਾ (ਜੋ ਮੋਨਾ ਸੀ) ਇਸ ਜਥੇ ਦਾ ਮੁਖੀ ਬਣਿਆ *(ਯਾਨਿ ਦਰਬਾਰਾ ਸਿੰਘ ਸਾਹਿਬ ਰੱਤਾ ਨੂੰ ਵੀ ਸਿੱਖੀ ਸਰੂਪ ਵਿਚ ਨਹੀਂ ਸੀ ਲਿਆ ਸਕਿਆ)*। ਸਾਹਿਬ ਰੱਤਾ ਨੇ ਵੀ ਨਿਰੰਕਾਰੀ ਲਹਿਰ ਦਾ ਬਹੁਤ ਪ੍ਰਚਾਰ ਕੀਤਾ। ਪੋਠੋਹਾਰ ਦੇ ਇਲਾਕੇ ਬਹੁਤ ਸਾਰੇ ਲੋਕ ਇਸ ਜਥੇ ਨਾਲ ਜੁੜ ਚੁਕੇ ਸਨ। ਹੁਣ ਇਹ ਜਥਾ ਵੀ ਇਕ ਆਮ ਡੇਰੇ ਵਾਂਗ ਬਣ ਚੁਕਾ ਸੀ। ਹੁਣ ਉਹ ਗੁਰੂ ਸਾਹਿਬਾਨ ਦੇ ਨਾਲ-ਨਾਲ ਦਿਆਲ ਅਤੇ ਦਰਬਾਰਾ ਸਿੰਘ ਦੇ ਮਰਨ ਦਿਨ ਵੀ ਮਨਾਉਂਦੇ ਸਨ। ਉਨ੍ਹਾਂ ਦੇ ਹਰ ਚੇਲੇ ਵਾਸਤੇ 'ਨਿਰੰਕਾਰੀ ਚਲਣ ਦਾ ਚਿੱਠਾ' 'ਤੇ ਅਮਲ ਕਰਨਾ ਜ਼ਰੂਰੀ ਸੀ। ਛੇਤੀ ਹੀ ਇਹ ਇਕ ਤਰ੍ਹਾਂ ਦਾ ਫ਼ਿਰਕਾ ਜਿਹਾ ਬਣ ਗਿਆ। ਇਨ੍ਹਾਂ ਨੇ ਤਾਂ ਹੌਲੀ-ਹੌਲੀ (ਬਾਬਾ) ਦਿਆਲ ਨੂੰ 'ਸਤਿਗੁਰੂ' ਵੀ ਕਹਿਣਾ ਸ਼ੁਰੂ ਕਰ ਦਿਤਾ। ਇਨ੍ਹਾਂ ਨੇ ਬਾਣੀ ਦੀ ਤੁਕ **'ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ'** (ਗੁਰੂ ਗ੍ਰੰਥ ਸਾਹਿਬ, ਸਫ਼ਾ 149) ਵਿਚਲੇ ਲਫ਼ਜ਼ ਦਿਆਲ ਤੋਂ (ਬਾਬਾ) ਦਿਆਲ ਨੂੰ 'ਸਤਿਗੁਰੂ' ਕਹਿਣ ਵਾਸਤੇ ਵਰਤਣਾ ਸ਼ੁਰੂ ਕਰ ਦਿਤਾ। ਇਨ੍ਹਾਂ ਦੀ ਅਰਦਾਸਿ ਵੀ 'ਕੂਕਿਆਂ' ਵਾਂਗ ਵੱਖਰੀ ਹੈ ਜਿਸ ਵਿਚ ਆਪਣੇ ਮੁਖੀ 'ਦਿਆਲ' ਦੀ ਅਰਦਾਸਿ ਵੀ ਕਰਦੇ ਹਨ। ਸਾਹਿਬ ਰੱਤਾ ਦੀ ਮੌਤ 3 ਜਨਵਰੀ 1909 ਨੂੰ ਹੋਈ। ਉਸ ਦੀ ਥਾਂ ਉਸ ਦਾ ਪੁੱਤਰ ਗੁਰਦਿੱਤ ਸਿੰਘ ਨਿਰੰਕਾਰੀ ਜਥੇ ਦਾ ਮੁਖੀ ਬਣਿਆ। 26 ਅਪ੍ਰੈਲ 1947 ਨੂੰ ਉਸ ਦੀ ਮੌਤ ਮਗਰੋਂ ਹਰਾ ਸਿੰਘ ਮੁੱਖੀ ਬਣਿਆ ਤੇ ਉਸ ਮਗਰੋਂ ਵਡਾ ਪੁੱਤਰ ਗੁਰਬਖ਼ਸ਼ ਸਿੰਘ *(ਇਸ ਦਾ ਭਰਾ ਚੰਡੀਗੜ੍ਹ ਦਾ ਡਾ: ਮਾਨ ਸਿੰਘ ਨਿਰੰਕਾਰੀ ਹੈ, ਜਿਸ ਦੀ ਔਲਾਦ ਵੀ ਸਿੱਖੀ ਨੂੰ ਛੱਡ ਚੁਕੀ ਹੈ)*।

ਨਿਰੰਕਾਰੀ ਭਾਵੇਂ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੇ ਕਦੇ ਵੀ ਸਿੱਖੀ ਤੋਂ ਵੱਖਰਾ ਪ੍ਰਚਾਰ ਨਹੀਂ ਕੀਤਾ ਤੇ ਉਹ ਸਿਰਫ਼ ਧਰਮ ਦਾ ਪ੍ਰਚਾਰ ਹੀ ਕਰਦੇ ਸਨ ਪਰ ਨਾ ਤਾਂ ਦਿਆਲ ਤੇ ਨਾ ਹੀ ਸਾਹਿਬ ਰੱਤਾ ਨੇ ਕਦੇ ਪਾਹੁਲ ਲਈ। ਹੋਰ ਤਾਂ ਹੋਰ ਇਹ ਪੂਰੀ ਤਰ੍ਹਾਂ ਕੇਸਧਾਰੀ ਵੀ ਨਹੀਂ ਸਨ। ਹਾਂ ਸਿੰਘ ਸਭਾ ਲਹਿਰ ਦੇ ਸ਼ੁਰੂ ਹੋਣ ਮਗਰੋਂ ਇਨ੍ਹਾਂ ਦੇ ਵਾਰਿਸ ਸਿੱਖ ਸਜੇ ਸਨ। ਇਸ ਲਹਿਰ ਦਾ ਮੁੱਖ ਇਲਾਕਾ ਪੋਠੋਹਾਰ ਰਾਵਲਪਿੰਡੀ ਸੀ ਤੇ ਬਾਹਰ ਇਸ ਦਾ ਕੋਈ ਅਸਰ ਨਹੀਂ ਸੀ। ਗੁਰੂ ਗ੍ਰੰਥ ਸਾਹਿਬ ਦੁਆਲੇ ਲਾਂਵਾਂ ਨਾਲ ਵਿਆਹ ਸ਼ੁਰੂ ਕਰਨ ਤੋਂ ਸਿਵਾ ਇਨ੍ਹਾਂ ਦੀ ਕੋਈ ਅਹਿਮ ਕਾਰਵਾਈ ਨਹੀਂ ਸੀ। 1947 ਤੋਂ ਮਗਰੋਂ ਇਨ੍ਹਾਂ ਦੇ ਦੋ ਹਿੱਸੇ ਹੋ ਗਏ। ਇਨ੍ਹਾਂ ਦੇ ਇਕ ਹਿੱਸੇ ਦੇ ਖ਼ਿਲਾਫ਼ 10 ਜੂਨ 1978 ਨੂੰ ਪੰਥ ਵਲੋਂ ਮੁਕੰਮਲ ਬਾਈਕਾਟ ਦਾ ਗੁਰਮਤਾ/ਹੁਕਮਨਾਮਾ ਹੋਣ ਨਾਲ ਸਿੱਖਾਂ ਵਿਚ ਇਨ੍ਹਾਂ ਦੀ ਹੋਂਦ ਖ਼ਤਮ ਹੋ ਗਈ। ਇਨ੍ਹਾਂ ਨੂੰ 1978 ਤੋਂ)

'ਨਕਲੀ ਨਿਰੰਕਾਰੀ' ਕਿਹਾ ਜਾਣ ਲਗ ਪਿਆ।

ਨਕਲੀ ਨਿਰੰਕਾਰੀ: *(1947 ਤੋਂ ਮਗਰੋਂ ਦਿੱਲੀ ਵਿਚ ਚਲਿਆ 'ਨਿਰੰਕਾਰੀ ਦਰਬਾਰ' ਪੋਠੋਹਾਰ ਵਾਲਾ ਨਹੀਂ ਬਲਕਿ ਧਾਰਮਿਕ ਲੇਬਲ ਹੇਠ, ਇਕ ਮਾਫ਼ੀਆ ਵਰਗੀ, ਜਮਾਤ ਹੈ ਜਿਸ ਨੂੰ ਹਿੰਦੂ ਤੇ ਹੋਰ ਸਿੱਖ-ਵਿਰੋਧੀ ਏਜੰਸੀਆਂ ਦੀ ਸਿੱਧੀ ਹਮਾਇਤ ਹਾਸਿਲ ਹੈ। ਇਹ ਗੱਲ ਵੀ ਕਾਬਲੇ-ਜ਼ਿਕਰ ਹੈ ਕਿ ਇੰਦਰਾ ਗਾਂਧੀ ਵੀ ਇਸ ਗਰੁਪ ਦੇ ਜਲਸੇ ਵਿਚ ਨੰਗੇ ਪੈਰੀਂ ਜਾਇਆ ਕਰਦੀ ਸੀ ਤਾਂ ਜੋ ਉਸ ਦੀ 'ਸ਼ਰਧਾ' ਨੂੰ ਵੇਖ ਕੇ ਲੋਕ ਇਸ ਜਮਾਤ ਦੇ ਨਾਲ ਜੁੜਨ ਤੇ ਸਿੱਖ ਵਿਰੋਧੀ ਤਾਕਤਾਂ ਨੂੰ ਵਧੇਰੇ ਤਾਕਤ ਮਿਲੇ। ਸਰਕਾਰ ਅਤੇ ਹਿੰਦੂ ਜਥੇਬੰਦੀਆਂ ਦੀ ਖ਼ੁਫ਼ੀਆ ਸਰਪਰਸਤੀ ਰਾਧਾ ਸੁਆਮੀ, ਡੇਰਾ ਸੱਚਾ ਸੌਦਾ, ਆਸ਼ੂਤੋਸ਼ੀਆਂ-ਨੂਰਮਹਿਲੀਆਂ ਵਗੈਰਾ ਨੂੰ ਵੀ ਹਾਸਿਲ ਸੀ/ਹੈ। ਬਹੁਤੇ ਪੁਲੀਸ ਤੇ ਆਈ.ਏ.ਐਸ. ਅਫ਼ਸਰ ਇਨ੍ਹਾਂ ਜਥੇਬੰਦੀਆਂ ਨਾਲ ਜੁੜੇ ਹੋਏ ਹਨ)।*

ਨਿਸ਼ਾਨ ਸਾਹਿਬ: 'ਨਿਸ਼ਾਨ' ਦਾ ਹੈ: ਚਿੰਨ੍ਹ/ਮੋਹਰ/ਠੱਪਾ; ਅਤੇ ਲਫ਼ਜ਼ 'ਸਾਹਿਬ' (ਲਫ਼ਜ਼ੀ ਮਾਅਨਾ: ਮਾਲਕ)। ਨਿਸ਼ਾਨ, ਮੁਹਰ, ਸਿੱਕਾ ਕਿਸੇ 'ਤੇ ਵੀ ਉਕਰਿਆ ਜਾ ਸਕਦਾ ਹੈ। ਸਿੱਖਾਂ ਦੇ ਕੌਮੀ ਨੀਲੇ ਝੰਡੇ ਨੂੰ ਅਦਬ ਵਜੋਂ ਨਿਸ਼ਾਨ 'ਸਾਹਿਬ' ਕਿਹਾ ਜਾਂਦਾ ਹੈ (ਕਿਉਂਕਿ ਇਸ ਨੂੰ ਵਾਹਿਗੁਰੂ ਦਾ ਝੰਡਾ ਮੰਨਿਆ ਜਾਂਦਾ ਹੈ)। ਹਰੇਕ ਗੁਰਦੁਆਰੇ ਦੀ ਇਮਾਰਤ ਉੱਤੇ ਨਿਸ਼ਾਨ ਸਾਹਿਬ ਲਾਉਣਾ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਨਿਸ਼ਾਨ ਸਾਹਿਬ ਨੀਲੇ ਰੰਗ ਦੇ ਕੱਪੜੇ ਦਾ ਹੁੰਦਾ ਸੀ। ਰਣਜੀਤ ਸਿੰਘ ਦੇ ਰਾਜ ਵਿਚ ਇਸ ਦਾ ਰੰਗ ਉਦਾਸੀਆਂ ਦੇ ਝੰਡੇ ਵਾਲਾ ਭਗਵਾ ਬਣ ਗਿਆ ਸੀ। ਹੁਣ ਇਹ ਕੇਸਰੀ ਜਾਂ ਪੀਲਾ ਬਣ ਗਿਆ ਹੈ। ਝੰਡੇ ਦੇ ਥੰਮ੍ਹ ਦਾ ਰੰਗ ਵੀ ਅੱਜ ਕੱਲ੍ਹ ਕੇਸਰੀ ਹੁੰਦਾ ਹੈ (ਪਹਿਲਾਂ ਇਹ ਵੀ ਨੀਲਾ ਸੀ)। ਨਿਸ਼ਾਨ ਸਾਹਿਬ/ਝੰਡੇ ਦੇ ਡੰਡੇ/ਖੰਭੇ ਦੀ ਲੰਬਾਈ ਨਿਸ਼ਚਿਤ ਨਹੀਂ ਪਰ ਇਹ ਗੁਰਦੁਆਰੇ ਦੀ ਇਮਾਰਤ ਤੋਂ ਜ਼ਰਾ ਕੁ ਉੱਚਾ ਹੁੰਦਾ ਹੈ ਅਤੇ ਇਹ ਇਮਾਰਤ ਦੇ ਉੱਪਰ ਇੰਞ ਲੱਗਾ ਹੋਣਾ ਚਾਹੀਦਾ ਹੈ ਕਿ ਇਹ ਦੂਰੋਂ ਹੀ ਨਜ਼ਰ ਆਵੇ। ਖੰਭੇ/ਥੰਮ/ਬਾਂਸ ਦੇ ਸਭ ਤੋਂ ਉਪੱਰ, ਅੱਜ ਕੱਲ੍ਹ, ਆਮ ਤੌਰ ਤੇ ਲੋਹੇ ਜਾਂ ਸਟੀਲ ਦਾ ਖੰਡਾ (emblem) ਹੁੰਦਾ ਹੈ (ਇਸ ਵਿਚ ਇਕ ਚੱਕਰ, ਇਕ ਖੰਡਾ (ਦੋ ਧਾਰੀ-ਕਿਰਪਾਨ) ਅਤੇ ਦੋ ਕਿਰਪਾਨਾਂ, ਮੀਰੀ ਅਤੇ ਪੀਰੀ (ਸਿਆਸਤ ਅਤੇ ਰੂਹਾਨੀਅਤ) ਦੀਆਂ, ਹੁੰਦੀਆਂ ਹਨ, ਪਰ ਕਈ ਥਾਂਈਂ ਸਿਰਫ਼ ਖੜ੍ਹਾ ਹੋਇਆ ਖੰਡਾ ਹੀ ਹੁੰਦਾ ਹੈ। ਨਿਸ਼ਾਨ ਸਾਹਿਬ ਦਾ ਮੁੱਢ ਕਦੋਂ ਬੱਝਾ ਦਾ ਸਿੱਖ ਤਵਾਰੀਖ਼ ਵਿਚ ਕਿਤੇ ਜ਼ਿਕਰ ਨਹੀਂ ਮਿਲਦਾ ਪਰ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦੌਰਾਨ, ਨੀਲਾ ਝੰਡਾ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਉੱਪਰ ਲਹਿਰਾਉਂਦਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਭਾਈ ਮਨੀ ਸਿੰਘ ਅਪਰੈਲ 1698 ਵਿਚ ਇਕ ਨੀਲਾ ਨਿਸ਼ਾਨ ਸਾਹਿਬ ਲੈ ਕੇ ਅਨੰਦਪੁਰ ਸਾਹਿਬ ਤੋਂ ਗੁਰੂ ਦਾ ਚੱਕ (ਅੰਮ੍ਰਿਤਸਰ) ਪੁੱਜੇ ਸਨ। ਇਸੇ ਤਰ੍ਹਾਂ ਖੰਡਾ (emblem) ਵੀ ਸਭ ਤੋਂ ਪਹਿਲਾਂ ਬ੍ਰਿਟਿਸ਼ ਫ਼ੌਜਾਂ ਵਿਚ ਸਿੱਖ ਰਜਮੰਟ ਵਾਸਤੇ ਤਿਆਰ ਕਰਵਾਇਆ ਗਿਆ ਸੀ। ਉੱਨੀਵੀਂ ਸਦੀ ਦੇ ਆਖ਼ਰੀ ਸਾਲਾਂ ਵਿਚ ਇਹ ਖੰਡਾ (emblem) ਇਕ ਚੱਕਰ ਤੇ ਇਕ ਖੰਡਾ ਹੀ ਸੀ ਪਰ ਉੱਨੀਵੀਂ ਸਦੀ

ਦੀ ਸ਼ੁਰੂਆਤ ਵਿਚ ਇਸ ਵਿਚ ਦੋ ਕਿਰਪਾਨਾਂ ਵੀ ਸ਼ਾਮਿਲ ਕਰ ਦਿੱਤੀਆਂ ਗਈਆਂ ਸਨ। ਇਹ ਖੰਡਾ ਸਿੱਖ ਰੈਜੀਮੈਂਟ ਦੇ ਸਿਪਾਹੀਆਂ ਦੀ ਪੱਗ ਦੇ ਬੈਜ/ਬਿੱਲੇ ਵਜੋਂ ਬਣਾਇਆ ਸੀ। ਪਰ ਹੌਲੀ-ਹੌਲੀ ਸਿੱਖਾਂ ਦੀਆਂ ਵੱਖ-ਵੱਖ ਜਮਾਤਾਂ ਨੇ ਇਸ ਖੰਡਾ (ਇਮਬਲਇਮ) ਨੂੰ ਬਿਨਾਂ ਇਤਰਾਜ਼ ਤੋਂ ਅਪਣਾ ਲਿਆ ਕਿਉਂ ਕਿ ਇਹ ਸਿੱਖ ਫ਼ਲਸਫ਼ੇ ਦੀ ਨੁਮਾਇੰਦਗੀ ਕਰਦਾ ਹੈ।

ਨਿਸ਼ਾਨ ਸਾਹਿਬ ਨੀਲੇ ਤੋਂ ਪੀਲਾ/ਭਗਵਾ/ਬਸੰਤੀ ਕਿਵੇਂ ਬਣਿਆ: ਗੁਰੂ ਸਾਹਿਬ ਦੇ ਸਮੇਂ ਦੌਰਾਨ ਸਿੱਖਾਂ ਦੇ ਝੰਡੇ ਰੰਗ ਵੀ ਨੀਲਾ ਸੀ। (ਜੋ ਨਿਹੰਗ ਹਨ ਉਨ੍ਹਾਂ ਨੇ ਅੱਜ ਵੀ ਇਹ ਰੰਗ ਸੰਭਾਲ ਕੇ ਰੱਖਿਆ ਹੋਇਆ ਹੈ)। (ਦੇਖੋ: ਕਿਤਾਬ '**ਦ ਸਿੱਖ ਕਲਚਰ**') ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਵਿਖੇ ਖਾਲਸਾ ਪ੍ਰਗਟ ਕੀਤਾ, ਤਾਂ ਉਦੋਂ ਵੀ ਉਨ੍ਹਾਂ ਨੇ ਵੀ ਪੰਜ ਪਿਆਰਿਆਂ ਨੂੰ ਵੀ ਨੀਲੇ ਬਸਤਰ ਪਹਿਨਾਏ ਸੀ ਅਤੇ ਆਪ ਵੀ ਪਹਿਨੇ ਸਨ। ਜਨਵਰੀ 1704 ਵਿਚ ਜਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਫੱਰਰਾ' ਦੀ ਰਿਵਾਇਤ ਸ਼ੁਰੂ ਕੀਤੀ ਤਾਂ ਵੀ ਉਨ੍ਹਾਂ ਨੇ ਨੀਲਾ 'ਫੱਰਰਾ' ਹੀ ਸ਼ੁਰੂ ਕੀਤਾ ਸੀ।

ਮਹਾਰਾਜਾ ਰਣਜੀਤ ਸਿੰਘ ਵੇਲੇ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੇ ਵਿਚਕਾਰ ਮਹੰਤ ਸੰਤੋਖ ਦਾਸ 'ਉਦਾਸੀ' ਦਾ ਬੁੰਗਾ ਸੀ ਜਿਸ ਦੇ ਬਾਹਰ ਉਸ ਦਾ 'ਉਦਾਸੀ' ਮੱਤ ਦਾ ਝੰਡਾ ਖੜ੍ਹਾ ਹੁੰਦਾ ਸੀ। ਇਕ ਵਾਰ ਇਹ ਝੰਡਾ ਟੁੱਟ ਕੇ ਡਿੱਗ ਪਿਆ। ਉਨ੍ਹੀਂ ਦਿਨੀਂ ਕੰਵਰ ਨੌਨਿਹਾਲ ਸਿੰਘ ਅਚਾਨਕ ਅੰਮ੍ਰਿਤਸਰ ਆਇਆ ਤਾਂ ਉਸ ਨੇ ਝੰਡਾ ਡਿੱਗਾ ਪਿਆ ਵੇਖ ਕੇ ਨਵਾਂ ਪੱਕਾ ਝੰਡਾ ਬਣਵਾ ਦਿੱਤਾ। ਮਗਰੋਂ ਇਸ ਦੇ ਨਾਲ ਇਕ ਹੋਰ ਝੰਡਾ ਖੜਾ ਕਰ ਦਿੱਤਾ ਗਿਆ (ਜਿਸ ਨੂੰ ਕੁਝ ਸਿੱਖ ਮੀਰੀ-ਪੀਰੀ ਦੇ ਦੋ ਨਿਸ਼ਾਨ ਸਾਹਿਬ ਕਹਿਣ ਲਗ ਪਏ)। ਜਦੋਂ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਉਦਾਸੀ ਮਹੰਤਾਂ (1850-1920) ਦੇ ਹੱਥ ਵਿਚ ਸੀ ਤਾਂ ਉਨ੍ਹਾਂ ਮਹੰਤਾਂ ਨੇ ਝੰਡੇ ਬੁੰਗੇ ਵਾਲੇ ਇਸ ਝੰਡੇ ਦਾ ਰੰਗ, ਉਦਾਸੀਆਂ ਵਾਲਾ ਹੀ ਰਹਿਣ ਦਿੱਤਾ ਗਿਆ। ਜਦੋਂ 1920-25 ਵਿਚ ਸਿੱਖਾਂ ਨੇ ਉਦਾਸੀਆਂ ਕੋਲੋਂ ਅਤੇ ਹੋਰਨਾਂ ਮਹੰਤਾਂ ਕੋਲੋਂ ਗੁਰਦੁਆਰਿਆਂ ਦਾ ਕਬਜ਼ਾ ਛੁਡਵਾਇਆ ਤਾਂ ਉਹ ਗੁਰਦੁਆਰਿਆਂ ਵਿਚ ਪ੍ਰਚਲਤ ਕਈ ਅਸਿੱਖ ਕਾਰਵਾਈਆਂ ਨੂੰ ਬੰਦ ਕਰਨਾ ਭੁੱਲ ਗਏ ਸਨ। ਨਿਸ਼ਾਨ ਸਾਹਿਬ ਦਾ ਰੰਗ ਇਨ੍ਹਾਂ ਅਸਿੱਖ ਕਾਰਵਾਈਆਂ ਵਿਚੋਂ ਇਕ ਸੀ। ਉਦਾਸੀ ਮਹੰਤਾਂ ਨੇ ਗੁਰਦੁਆਰਿਆਂ 'ਤੇ ਉਦਾਸੀਆਂ ਦੇ ਭਗਵੇ/ਪੀਲੇ ਝੰਡੇ ਲਾਏ ਹੋਏ ਸਨ। ਅਕਾਲੀਆਂ ਨੇ ਉਨ੍ਹਾਂ ਤੋਂ ਗੁਰਦੁਆਰੇ ਤਾਂ ਆਜ਼ਾਦ ਕਰਵਾ ਲਏ ਪਰ ਉਨ੍ਹਾਂ ਦੇ ਝੰਡੇ ਉਤਾਰ ਕੇ ਖਾਲਸਾਈ ਝੰਡੇ ਲਾਉਣਾ ਭੁੱਲ ਗਏ। ਇਸੇ ਕਰ ਕੇ ਬਹੁਤੇ ਗੁਰਦੁਆਰਿਆਂ 'ਤੇ ਅੱਜ ਵੀ ਉਦਾਸੀਆਂ ਦੇ ਪੀਲੇ, ਬਸੰਤੀ, ਭਗਵੇ ਝੰਡੇ ਝੂਲ ਰਹੇ ਹਨ। ਹੁਣ ਬੇਸਮਝ ਸਿੱਖਾਂ ਨੇ ਵੀ ਪੀਲੇ/ਭਗਵੇ/ਕੇਸਰੀ ਰੰਗ ਨੂੰ ਜਿਵੇਂ ਕਿ ਸਿੱਖ-ਰੰਗ ਵਜੋਂ ਮਨਜ਼ੂਰ ਕਰ ਲਿਆ ਜਾਪਦਾ ਹੈ ਜੋ ਕਿ ਗ਼ਲਤ ਹੈ। ਨਿਹੰਗ, ਜੋ ਕਿ ਸਿੱਖ ਕੌਮ ਦੇ ਝੰਡਾ ਫੜ ਕੇ ਜੰਗਾਂ ਦੌਰਾਨ ਅੱਗੇ ਚਲਿਆ ਕਰਨ ਵਾਲੇ (ਨਿਸ਼ਾਨਚੀ) ਸਨ, ਉਨ੍ਹਾਂ ਨੇ ਨਿਸ਼ਾਨ ਸਾਹਿਬ ਦਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੇਲੇ ਦਾ ਨੀਲਾ ਰੰਗ ਅਜ ਤਕ ਕਾਇਮ ਰੱਖਿਆ ਹੈ। ਵਧੇਰੇ ਜਾਣਕਾਰੀ ਵਾਸਤੇ ਵੇਖੋ: ਕਿਤਾਬਾਂ **ਦ ਸਿੱਖ ਕਲਚਰ** (ਅੰਗ੍ਰੇਜ਼ੀ), **ਅਨੰਦਪੁਰ**

ਸਾਹਿਬ (ਪੰਜਾਬੀ ਤੇ ਅੰਗ੍ਰੇਜ਼ੀ)। ਹੋਰ ਦੇਖੋ: **ਦੁਮਾਲਾ, ਖੰਡਾ।**

ਨੀਲ ਬਸਤਰ:- ਲਫ਼ਜ਼ੀ ਮਾਅਨਾ: ਰੰਗਦਾਰ ਕੱਪੜੇ। ਇਸ ਦਾ ਮਤਲਬ ਨੀਲੇ ਰੰਗ ਦੇ ਕਪੜੇ ਨਹੀਂ। ਅਸਲ ਵਿਚ, ਹਰਾ ਰੰਗ ਮੁਸਲਮਾਨਾਂ ਦਾ ਕੌਮੀ/ਧਾਰਮਿਕ ਰੰਗ ਹੈ। 'ਆਸਾ ਦੀ ਵਾਰ' ਵਿਚ ਜਿਹੜਾ 'ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ...' ਦਾ ਜ਼ਿਕਰ ਹੈ ਉਹ ਨੀਲੇ ਰੰਗ ਵਾਸਤੇ ਨਹੀਂ ਬਲਕਿ ਮੁਸਲਿਮ **ਨੀਲ ਪਹਿਰਾਵੇ** (ਹਰੇ ਰੰਗ ਦੇ) ਵਾਸਤੇ ਹੈ। ਜੋ ਕਪੜੇ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਪੰਜ ਪਿਆਰਿਆਂ ਨੇ ਅਨੰਦਪੁਰ ਸਾਹਿਬ ਵਿਖੇ ਪਹਿਲੀ ਖੰਡੇ ਦੀ ਪਾਹੁਲ ਦੀ ਰਸਮ ਨੂੰ ਸ਼ੁਰੂ ਕਰਨ ਵੇਲੇ ਪਾਏ ਸਨ, ਉਹ ਨੀਲੇ ਸਨ (ਵੇਖੋ: 1790 ਦੀ ਲਿਖਤ *ਗੁਰੂ ਕੀਆਂ ਸਾਖੀਆਂ*)। ਗੁਰੂ ਸਾਹਿਬ ਦੇ ਸਮੇਂ ਦੌਰਾਨ ਸਿੱਖਾਂ ਦੇ ਝੰਡੇ ਦਾ ਰੰਗ ਵੀ ਨੀਲਾ ਸੀ। ਵੇਖੋ: **ਨਿਸ਼ਾਨ ਸਾਹਿਬ।**

ਨੀਲਾ (ਰੰਗ):- ਭਾਵੇ ਸਿੱਖ ਲਈ ਕਿਸੇ ਰੰਗ ਦੀ ਵਰਤੋਂ ਦੀ ਕੋਈ ਪਾਬੰਦੀ ਨਹੀਂ ਹੈ। ਉਹ ਕਿਸੇ ਵੀ ਰੰਗ ਦੀ ਕੋਈ ਵੀ ਚੀਜ਼ ਵਰਤ ਸਕਦਾ ਹੈ। ਉਂਞ ਨੀਲਾ ਰੰਗ ਬਹੁਤ ਸਾਰੇ ਗੁਰੂ ਸਾਹਿਬਾਨ ਵੱਲੋਂ ਵਧੇਰੇ ਵਰਤਿਆ ਗਿਆ ਹੈ, ਖ਼ਾਸ ਕਰ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ। ਸਿੱਖ ਲਿਟਰੇਚਰ ਵਿਚ, ਪ੍ਰਮਾਤਮਾ ਨੂੰ ਨੀਲੇ ਕੱਪੜਿਆਂ ਵਾਲਾ ਪੇਸ਼ ਕੀਤਾ ਗਿਆ ਹੈ। ਕਿਉਂਕਿ ਆਸਮਾਨ ਅਤੇ ਸਮੁੰਦਰ ਦੋਵੇਂ ਹੀ ਡੂੰਘਾਈ/ਗਹਿਰਾਈ ਕਾਰਨ ਨੀਲੇ ਦਿਸਦੇ ਹਨ ਅਤੇ ਦੋਵੇਂ ਹੀ ਆਮ ਤੌਰ ਤੇ ਰੱਬ ਦੇ ਚਿੰਨ੍ਹ (Symbol) ਵਜੋਂ ਪੇਸ਼ ਕੀਤੇ ਜਾਂਦੇ ਹਨ। ਹੋਰ ਵੇਖੋ: **ਨਿਸ਼ਾਨ ਸਾਹਿਬ।**

ਪਉੜੀ:- ਇਹ ਕਵਿਤਾ ਦੀ ਕਿਸਮ ਹੈ। ਇਸ ਨੂੰ ਪਉੜੀ ਇਸ ਕਰ ਕੇ ਕਿਹਾ ਜਾਂਦਾ ਹੈ ਕਿਉਂ ਕਿ ਜੋ ਵੀ ਇਸ ਦੀਆਂ ਤੁਕਾਂ ਪੜ੍ਹਦਾ ਹੈ ਉਸ ਨੂੰ ਜਾਪਦਾ ਹੈ ਕਿ ਉਹ ਪਉੜੀ ਦੇ ਇਕ ਕਦਮ ਤੋਂ ਦੂਜੇ ਕਦਮ (ਸਿਖਰ ਵੱਲ/ਤਕ) ਜਾ ਰਿਹਾ ਹੈ, ਯਾਨਿ ਕਿ ਜੋ ਵੀ ਕੰਮ/ਦ੍ਰਿਸ਼/ਤਸਵੀਰ ਪਉੜੀ ਵਿਚ ਦਿੱਤੀ ਗਈ ਹੈ ਉਹ ਕਿਸੇ ਵਿਉਂਤ/ਤਰਤੀਬ ਮੁਤਾਬਿਕ ਹੈ। ਇਕ ਪਉੜੀ ਦੀਆਂ ਦੋ ਤੋਂ ਦਸ ਤਕ ਤੁਕਾਂ ਹੁੰਦੀਆਂ ਹਨ (ਅਤੇ ਜ਼ਿਆਦਾ ਵੀ ਹੋ ਸਕਦੀਆਂ ਹਨ)। ਗੁਰਬਾਣੀ ਦੀਆਂ ਬਹੁਤੀਆਂ ਵਾਰਾਂ ਪਉੜੀਆਂ ਵਿਚ ਲਿਖੀਆਂ ਗਈਆਂ ਹਨ। ਵਾਰਾਂ ਤੋਂ ਬਿਨਾ ਹੋਰ ਬਾਣੀਆਂ ਵਿਚ ਵੀ ਪਉੜੀ ਦੀ ਵਰਤੀ ਗਈ ਹੈ। ਜਪੁ(ਜੀ) ਸਾਹਿਬ ਵੀ ਪਉੜੀਆਂ ਵਿਚ ਹੈ। ਪਉੜੀਆਂ ਦੀਆਂ 30 ਤੋਂ ਵੀ ਵਧ ਕਿਸਮਾਂ ਹਨ।

ਪਖੰਡ/ਪਾਖੰਡ/ਪਖੰਡੀ/ਪਾਖੰਡੀ:- ਪਖੰਡ/ਪਾਖੰਡ ਦਾ ਲਫ਼ਜ਼ੀ ਮਾਅਨਾ ਹੈ: ਵਿਖਾਵਾ (ਕਰਨਾ), ਗੱਪ (ਮਾਰਨਾ), ਧੋਖਾ (ਕਰਨਾ), ਬਹਾਨਾ (ਬਣਾਉਣਾ), (ਝੂਠਾ) ਦਾਅਵਾ (ਕਰਨਾ), ਫ਼ਰੇਬ/ਧੋਖਾ (ਕਰਨਾ)। ਇਹ ਦੀ ਜੜ੍ਹ ਲਫ਼ਜ਼ 'ਪਾਸ਼ੰਦ' ਵਿਚ ਵੀ ਹੈ, ਜਿਸ ਦਾ ਮਾਅਨਾ ਹੈ: ਧਰਮ-ਧਰੋਹੀ, ਧਰਮ-ਵਿਰੋਧੀ। ਪਾਖੰਡ ਕਰਨ ਵਾਲੇ ਨੂੰ 'ਪਾਖੰਡੀ' ਕਿਹਾ ਜਾਂਦਾ ਹੈ। ਸਿੱਖ ਫ਼ਲਸਫ਼ੇ ਵਿਚ, ਇਹ ਲਫ਼ਜ਼ ਉਨ੍ਹਾਂ ਵਾਸਤੇ ਵਰਤਿਆ ਜਾਂਦਾ ਹੈ ਜੋ ਧਾਰਮਿਕ ਰਸਮਾਂ ਅਦਾ ਕਰਦੇ ਨਜ਼ਰ ਆਉਂਦੇ ਹਨ ਅਤੇ ਆਪਣੇ ਆਪ ਨੂੰ ਬੜੇ ਭਲੇ ਆਦਮੀ ਦੱਸਦੇ ਹਨ, ਪਰ ਅੰਦਰੋਂ-ਅੰਦਰੀਂ, ਦਿਲੋਂ, ਉਹ ਅਧਾਰਮਿਕ ਹੁੰਦੇ ਹਨ। ਉਹ ਦਿਖਾਵਾ ਹੋਰ ਕਰਦੇ ਹਨ ਪਰ ਅਮਲ ਕਿਸ

ਹੋਰ ਸੋਚ ਉੱਤੇ ਕਰਦੇ ਹਨ; ਯਾਨਿ ਕਿ ਕਿਸੇ ਵੀ ਫ਼ਲਸਫ਼ੇ 'ਤੇ ਅਕੀਦਾ ਨਹੀਂ ਰਖਦੇ, ਨੂੰ ਵੀ ਪਾਖੰਡੀ ਕਿਹਾ ਜਾਂਦਾ ਹੈ। ਇਸ ਨੂੰ ਦੋਗਲਾਪਣ ਵੀ ਕਿਹਾ ਜਾ ਸਕਦਾ ਹੈ। ਦਿਖਾਵੇ ਦੀਆਂ ਰਸਮਾਂ ਨੂੰ ਵੀ ਪਾਖੰਡ ਕਿਹਾ ਜਾਂਦਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਪਾਖੰਡ ਕਰ ਕੇ ਕੋਈ ਮੁਕਤੀ ਹਾਸਿਲ ਨਹੀਂ ਕਰ ਸਕਦਾ।

ਦੂਜੈ ਭਾਇ ਲਗੇ ਪਛੁਤਾਣੇ॥ ਜਮ ਦਰਿ ਬਾਧੇ ਆਵਣ ਜਾਣੇ॥ ਕਿਆ ਲੈ ਆਵਹਿ ਕਿਆ ਲੇ ਜਾਹਿ॥ ਸਿਰਿ ਜਮਕਾਲੁ ਸਿ ਚੋਟਾ ਖਾਹਿ॥ ਬਿਨੁ ਗੁਰ ਸਬਦ ਨ ਛੂਟਸਿ ਕੋਇ॥ ਪਾਖੰਡਿ ਕੀਨੈ ਮੁਕਤਿ ਨ ਹੋਇ॥ (ਸਫ਼ਾ 839)

ਦੂਜੈ ਭਾਇ ਬਿਲਾਵਲੁ ਨ ਹੋਵਈ ਮਨਮੁਖਿ ਥਾਇ ਨ ਪਾਇ॥ ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮੁ ਨ ਪਾਇਆ ਜਾਇ॥ ਮਨ ਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ॥ ਨਾਨਕ ਗੁਰਮੁਖਿ ਆਪੁ ਬੀਚਾਰੀਐ ਵਿਚਹੁ ਆਪੁ ਗਵਾਇ॥ ਆਪੇ ਆਪਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਵਸਿਆ ਮਨਿ ਆਇ॥ ਜੰਮਣੁ ਮਰਣਾ ਕਟਿਆ ਜੋਤੀ ਜੋਤਿ ਮਿਲਾਇ॥

(ਸਫ਼ਾ 849)

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥ ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥ ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥ ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥ (ਸਫ਼ਾ 471)

ਪੱਗ/ਪਗੜੀ:- ਦੇਖੋ **ਦਸਤਾਰ** 171

ਪਟਕਾ:- ਪਟਕਾ (ਲਫ਼ਜ਼ੀ ਮਾਅਨਾ: ਪੱਟ+ਕਾ= ਸੂਤ ਦਾ, ਯਾਨਿ ਸੂਤੀ ਕਪੜਾ)। ਉਹ ਕੱਪੜਾ ਹੈ ਜੋ ਕਮਰ ਦੇ ਦੁਆਲੇ ਪਹਿਨਿਆ ਜਾਂਦਾ ਹੈ ਵਾਸਤੇ ਵੀ ਪਟਕਾ ਲਫ਼ਜ਼ ਵਰਤਿਆ ਜਾਂਦਾ ਹੈ। ਅੱਜ ਕਲ੍ਹ, ਇਸ ਲਫ਼ਜ਼ ਨੂੰ, ਗਲਤ ਤਰੀਕੇ ਨਾਲ, ਕੇਸਕੀ/ਛੋਟੀ ਦਸਤਾਰ ਵਾਸਤੇ ਵਰਤਿਆ ਜਾਂਦਾ ਹੈ, ਜੋ ਸਿੱਖਾਂ ਅਤੇ ਸਿੱਖਾਂ ਦੇ ਬੱਚਿਆਂ ਵੱਲੋਂ ਘਰ ਵਿਚ ਵਿਹਲੇ ਸਮੇਂ ਬੰਨ੍ਹੀ/ਸਜਾਈ ਜਾਂਦੀ ਹੈ (ਹੁਣ ਤਾਂ ਇਹ ਘਰ ਵਿਚ ਹੀ ਨਹੀਂ ਬਾਹਰ ਵੀ ਬੰਨ੍ਹਿਆ ਜਾਣ ਲਗ ਪਿਆ ਹੈ)। ਛੋਟੀ ਦਸਤਾਰ/ਕੇਸਕੀ ਵਾਸਤੇ ਪਟਕਾ ਲਫ਼ਜ਼ ਬਿਲਕੁਲ ਗ਼ਲਤ ਹੈ। ਸਿੱਖ ਦੀ ਪਛਾਣ ਪਟਕਾ ਨਹੀਂ ਦਸਤਾਰ ਹੈ। 2006 ਵਿਚ ਟੋਪੀ ਦੀ ਇਕ ਹੋਰ ਕਿਸਮ ਵੀ ਮਾਰਕੀਟ ਵਿਚ ਆਈ, ਜਿਸ ਨੂੰ ਪਟਕੀ ਦਾ ਨਾਂ ਦਿਤਾ ਗਿਆ। ਉਹ ਕਿਸੇ ਵੀ ਸੂਰਤ ਵਿਚ ਪਟਕਾ ਵੀ ਨਹੀਂ ਬਲਕਿ ਸਿਰਫ਼ ਇਕ ਵੱਖਰੀ ਕਿਸਮ ਦੀ ਟੋਪੀ ਹੀ ਹੈ।

ਪਤਿਤ:- ਪਤਿਤ ਦਾ ਲਫ਼ਜ਼ੀ ਮਾਅਨਾ ਹੈ: ਭ੍ਰਿਸ਼ਟ, ਨੀਚ, ਘਟੀਆ, ਛੇਕਿਆ ਹੋਇਆ, ਹੇਠਾਂ ਡਿਗਿਆ ਹੋਇਆ, ਬੇਇੱਜ਼ਤ, ਜੰਗ ਹਾਰਿਆ ਹੋਇਆ, ਬਰਾਦਰੀ ਚੋਂ ਖ਼ਾਰਿਜ ਕੀਤਾ ਹੋਇਆ। ਇਕ ਖੰਡੇ ਦੀ ਪਾਹੁਲ ਵਾਲਾ ਸਿੱਖ ਜੋ 4 ਚਾਰ ਬਜਰ ਕੁਰਹਿਤਾਂ ਵਿੱਚੋਂ ਕੋਈ ਇਕ ਕੁਰਹਿਤ ਵੀ ਕਰਦਾ ਹੈ, ਉਹ 'ਪਤਿਤ' ਬਣ ਜਾਂਦਾ ਹੈ। ਸਿੱਖ ਰਹਿਤ ਮਰਿਆਦਾ ਮੁਤਾਬਿਕ ਇਹ ਚਾਰ ਹਨ: ਕੇਸ ਕੱਟਣਾ, ਤੰਬਾਕੂ ਦੀ ਵਰਤੋਂ ਕਰਨਾ, ਹਲਾਲ (ਮਾਸ) ਖਾਣਾ, ਪਰਾਈ ਔਰਤ/ਮਰਦ ਨਾਲ ਸੰਗ (ਭੋਗ) ਕਰਨਾ। ਇਕ ਪਤਿਤ ਲਈ ਲਾਜ਼ਮੀ ਹੈ ਕਿ ਉਹ ਆਪਣੇ ਆਪ ਨੂੰ ਪੰਜ ਸਿੱਖਾਂ ਸਾਹਮਣੇ ਪੇਸ਼ ਕਰੇ, ਆਪਣੀ ਕੁਰਹਿਤ ਵਾਸਤੇ ਤਨਖ਼ਾਹ ਲੁਆਵੇ, ਉਸ ਤਨਖ਼ਾਹ ਨੂੰ ਪੂਰਿਆਂ ਕਰੇ ਅਤੇ ਦੁਬਾਰਾ ਖੰਡੇ ਦੀ ਪਾਹੁਲ ਲਵੇ। ਪਤਿਤ ਪੰਥ ਵਿਚੋਂ ਛੇਕਿਆ

ਹੋਇਆ ਇਨਸਾਨ ਹੁੰਦਾ ਹੈ ਤੇ ਉਹ ਕਿਸੇ ਤਰ੍ਹਾਂ ਵੀ ਸਿੱਖ ਨਹੀਂ ਅਖਵਾ ਸਕਦਾ। ਹੋਰ ਦੇਖੋ: **ਬਜਰ ਕੁਰਹਿਤਾਂ** 224

ਪਤਿਤ ਪਾਵਨ:- ਲਫ਼ਜ਼ੀ ਮਾਅਨਾ: ਪਤਿਤ (ਨੀਚ, ਘਟੀਆ, ਪਾਪੀ) ਨੂੰ ਪਾਵਨ (ਪਵਿੱਤਰ) ਕਰਨ ਵਾਲਾ, ਯਾਨਿ ਰੱਬ, ਵਾਹਿਗੁਰੂ। ਇਹ ਲਫ਼ਜ਼ ਕਿਸੇ ਸ਼ਖ਼ਸ ਵਾਸਤੇ ਨਹੀਂ ਵਰਤਿਆ ਜਾ ਸਕਦਾ।

ਪਤਿਤ ਪਾਵਨ ਇਕ ਕਿਤਾਬ ਦਾ ਨਾਂ ਵੀ ਹੈ ਜੋ ਗਿਆਨੀ ਗਿਆਨ ਸਿੰਘ ਨੇ 1898 ਵਿਚ ਲਿਖੀ ਸੀ। ਇਹ ਕਿਤਾਬ ਦਸਦੀ ਹੈ ਕਿ ਉਹ ਇਨਸਾਨ, ਜੋ ਪਾਪੀ ਜਾਂ ਦੁਸ਼ਟ ਬਣ ਜਾਂਦਾ ਹੈ, ਨੂੰ ਕਿਵੇ ਪਵਿੱਤਰ ਬਣਾਇਆ ਜਾ ਸਕਦਾ ਹੈ। ਇਹ ਕਿਤਾਬ ਇਹ ਵੀ ਦਸਦੀ ਹੈ ਇੱਕ ਪਾਪੀ ਨੂੰ ਪਵਿੱਤਰ ਕਰਨਾ ਸਭ ਤੋਂ ਉੱਚਾ ਤੇ ਵਧੀਆ ਕੰਮ ਹੈ।

ਪਰਸਾਦਿ/ਪ੍ਰਸਾਦ/ਪਰਸ਼ਾਦਿ/ਪ੍ਰਸ਼ਾਦਿ:- ਇਸ ਦਾ ਲਫ਼ਜ਼ੀ ਮਾਅਨਾ ਹੈ: ਬਖ਼ਸ਼ਿਸ਼, ਦਇਆ, ਕ੍ਰਿਪਾ, ਗੁਰੂ/ਵਾਹਿਗੁਰੂ ਦੀ ਮਿਹਰ। ਤਫ਼ਸੀਲ ਵਾਸਤੇ ਦੇਖੋ: **ਗੁਰ ਪ੍ਰਸਾਦਿ**

ਪਰਮ ਅਰਥ/ਪਰਮਾਰਥ:- ਪਰਮ ਅਰਥ ਦਾ ਲਫ਼ਜ਼ੀ ਮਾਅਨਾ ਹੈ ਸਭ ਤੋਂ ਉੱਚਾ ਸੱਚ। ਇਹ ਲਫ਼ਜ਼ ਉਸ ਸਰਬੁੱਚ ਸੱਚ (ਰੂਹਾਨੀ ਗਿਆਨ) ਵਾਸਤੇ ਵੀ ਵਰਤਿਆ ਜਾਂਦਾ ਹੈ ਜੋ ਕਿਸੇ ਵੀ ਪਾਠ/ਸ਼ਬਦ ਦੀਆਂ ਤੁਕਾਂ ਵਿਚ ਛੁਪਿਆ ਹੁੰਦਾ ਹੈ।

ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ॥
ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ॥ (ਸਫ਼ਾ 419)

ਪਰਲੋ:- ਲਫ਼ਜ਼ੀ ਮਾਅਨਾ: ਕਿਆਮਤ/ਕਯਾਮਤ, ਯਾਨਿ ਦੁਨੀਆਂ ਦਾ ਬਿਲਕੁਲ ਤਬਾਹ ਹੋ ਜਾਣਾ। ਹਿੰਦੂ ਧਰਮ ਮੁਤਾਬਿਕ ਹਰੇਕ ਯੁੱਗ ਦੇ ਅੰਤ ਵਿਚ ਇਸ ਦੁਨੀਆਂ ਦਾ ਖ਼ਾਤਮਾ ਹੋ ਜਾਂਦਾ ਹੈ। ਹਿੰਦੂ ਧਰਮ ਦੁਨੀਆਂ ਦੇ ਚਾਰ ਯੁਗ ਮੰਨਦਾ ਹੈ (ਵੇਖੋ: **ਚਾਰ ਯੁਗ**)। ਹਿੰਦੂ ਫ਼ਲਸਫ਼ੇ ਮੁਤਾਬਿਕ ਕਲਯੁਗ ਤੋਂ ਮਗਰੋਂ ਰੱਬ ਦੁਨੀਆਂ ਨੂੰ ਫੇਰ ਨਵੇਂ ਸਿਰਿਓਂ ਪੈਦਾ ਕਰੇਗਾ ਤੇ ਫੇਰ ਚਾਰ ਯੁਗ ਦਾ ਚੱਕਰ ਸ਼ੁਰੂ ਹੋ ਜਾਵੇਗਾ। ਸਿੱਖ ਫ਼ਲਸਫ਼ੇ ਮੁਤਾਬਿਕ, ਸਿਰਫ਼ ਰੱਬ ਹੀ ਬ੍ਰਹਿਮੰਡ ਦੀ ਰਚਨਾ ਕਰਦਾ ਹੈ ਅਤੇ ਉਹ ਆਪਣੀ ਖ਼ਾਹਿਸ਼ ਮੁਤਾਬਿਕ ਹੀ ਇਸ ਬ੍ਰਹਿਮੰਡ ਨੂੰ ਖ਼ਤਮ ਕਰਦਾ ਹੈ। ਸਿੱਖ ਫ਼ਲਸਫ਼ੇ ਵਿਚ ਚਾਰ ਯੁਗ ਦਾ ਮਾਅਨਾ ਹਿੰਦੂ ਧਰਮ ਵਾਲੇ ਚਾਰ ਕਾਲ ਨਹੀਂ ਹੈ। ਇਸਲਾਮ ਮੁਤਾਬਿਕ ਜਿਸ ਦਿਨ ਰੱਬ ਨੇ ਚਾਹਿਆ ਕਿਆਮਤ ਆਵੇਗੀ ਤੇ ਉਸ ਦਿਨ ਕਬਰਾਂ ਵਿੱਚੋਂ ਸਾਰੇ ਮੁਰਦੇ ਉਠ ਖੜ੍ਹੋਣਗੇ, ਪਰ ਉਹੀ ਉਠਣਗੇ ਜਿਹੜੇ ਮੁਸਲਮਾਣ ਹੋਣਗੇ। ਸਿੱਖ ਧਰਮ ਇਸਲਾਮ ਦੇ ਮੁਰਦਿਆਂ ਦੀ ਇਸ ਦੋਬਾਰਾ ਜ਼ਿੰਦਗੀ ਦੇ ਫ਼ਲਸਫ਼ੇ ਨੂੰ ਨਹੀਂ ਮੰਨਦਾ।

*ਅੰਤਰਿ ਉਤਭੁਜੁ ਅਵਰੁ ਨ ਕੋਈ॥ **ਜੋ ਕਹੀਐ ਸੋ ਪ੍ਰਭ ਤੇ ਹੋਈ॥** ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ॥ **ਉਤਪਤਿ ਪਰਲਉ ਅਵਰੁ ਨ ਕੋਈ॥** (ਸਫ਼ਾ 905)*

ਕਾਇਆ ਨਗਰੁ ਨਗਰ ਗੜ ਅੰਦਰਿ॥ ਸਾਚਾ ਵਾਸਾ ਪੁਰਿ ਗਗਨੰਦਰਿ॥ ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥ ਅੰਦਰਿ ਕੋਟ ਛਜੇ ਹਟਨਾਲੇ॥ ਆਪੇ ਲੇਵੈ

ਵਸਤੁ ਸਮਾਲੇ॥ ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥ ਭੀਤਰਿ ਕੋਟ ਗੁਫਾ ਘਰ ਜਾਈ॥ ਨਉ ਘਰ ਥਾਪੇ ਹੁਕਮਿ ਰਜਾਈ॥ ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥ ਪਉਣ ਪਾਣੀ ਅਗਨੀ ਇਕ ਵਾਸਾ॥ ਆਪੇ ਕੀਤੋ ਖੇਲੁ ਤਮਾਸਾ॥ ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ॥ ਧਰਤਿ ਉਪਾਇ ਧਰੀ ਧਰਮ ਸਾਲਾ॥ ***ਉਤਪਤਿ ਪਰਲਉ ਆਪਿ ਨਿਰਾਲਾ॥*** *ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ॥ (ਸਫ਼ਾ 1033)*

ਆਪੇ ਦੇਖਿ ਦਿਖਾਵੈ ਆਪੇ॥ ***ਆਪੇ ਥਾਪਿ ਉਥਾਪੇ ਆਪੇ॥*** *ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ॥ ਜੇਤੀ ਹੈ ਤੇਤੀ ਤੁਧੁ ਅੰਦਰਿ॥ ਦੇਖਹਿ ਆਪਿ ਬੈਸਿ ਬਿਜ ਮੰਦਰਿ॥ ਨਾਨਕੁ ਸਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ॥ (ਸਫ਼ਾ 1034)*

ਪਰਵਿਰਤੀ/ਪ੍ਰਵਿਰਤੀ: ਇਸ ਲਫ਼ਜ਼ ਦੀ ਜੜ੍ਹ 'ਪਰਵਰਿੱਤੀ' ਵਿਚ ਹੈ ਜਿਸ ਦਾ ਮਾਅਨਾ ਹੈ ਕੰਮ ਵਿਚ ਲਾਉਣਾ, ਦੁਨਿਆਵੀ ਧੰਧਿਆਂ ਵਿਚ ਖੁੱਭਣਾ (ਯਾਨਿ ਦੁਨੀਆਂਦਾਰੀ)। ਸਿੱਖ ਧਰਮ ਵਿਚ ਨਿਰਵਿਰਤੀ ਮਾਰਗ (ਲਫ਼ਜ਼ੀ ਮਾਅਨਾ: ਖ਼ਤਮ ਕਰਨਾ, ਸੰਨਿਆਸ, ਦੁਨੀਆਂਦਾਰੀ ਨੂੰ ਛੱਡਣਾ, ਦੁਨੀਆਂਦਾਰੀ ਤੋਂ ਉਪਰਾਮ ਹੋਣਾ, ਯਾਨਿ ਕੰਮ ਨਾ-ਅਪਣਾਉਣ ਵਾਲਾ ਰਸਤਾ) ਦੇ ਮੁਕਾਬਲੇ ਪਰਵਿਰਤੀ ਮਾਰਗ (ਗ੍ਰਿਹਸਤੀ ਜੀਵਨ) ਨੂੰ ਅਹਿਮੀਅਤ ਦਿੱਤੀ ਗਈ ਹੈ। ਆਮ ਬੋਲੀ ਵਿਚ ਪਰਵਿਰਤੀ ਦਾ ਮਤਲਬ ਹੈ ਵਿਆਹ ਕਰ ਕੇ ਗ੍ਰਿਹਸਤੀ ਜੀਵਨ ਜਿਊਣਾ। ਸਿੱਖ ਭਾਵੇਂ ਦੁਨੀਆਂ ਨਾਲ ਮੋਹ/ ਪਕੜ ਰੱਖਣ ਵਾਲਾ ਨਹੀਂ ਹੈ, ਪਰ ਉਹ ਇਸ ਸੰਸਾਰ/ਦੁਨੀਆ ਦਾ ਇਨਸਾਨ ਹੈ। ਸਿੱਖ ਧਰਮ ਜਮ੍ਹਾ-ਪੱਖੀ ਜ਼ਿੰਦਗੀ ਜਿਊਣ ਦਾ ਤਰੀਕਾ ਹੈ ਨਾ ਕਿ ਤਿਆਗੀ ਜੀਵਨ ਦਾ। ਸਿੱਖ ਨੂੰ ਮਾਇਆ ਦਾ ਤਿਆਗ ਕਰਨਾ ਚਾਹੀਦਾ ਹੈ ਨਾ ਕਿ ਸੰਸਾਰ ਦਾ। 'ਲਾਂਵਾਂ' ਦੇ ਸ਼ਬਦ ਵੀ ਪਰਵਿਰਤੀ ਦੇ ਸਿੱਖ ਫ਼ਲਸਫ਼ੇ ਨੂੰ ਕੁਝ ਹੱਦ ਤਕ ਬਿਆਨ ਕਰਦੇ ਹਨ:

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥ ਬਾਣੀ, ਬ੍ਰਹਮਾ ਵੇਦੁ, ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥ ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥ ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥ (ਸਫ਼ਾ 773)

ਸਿੱਖ ਇਸ ਦਨੀਆਂ ਵਿਚ ਹਸਦੇ-ਖੇਡਦੇ-ਖਾਂਦੇ-ਪੀਂਦੇ ਮੁਕਤੀ ਹਾਸਿਲ ਕਰ ਸਕਦਾ ਹੈ:

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥*** *(ਸਫ਼ਾ 522)*

ਹੋਰ ਦੇਖੋ: **ਸੰਨਿਆਸ**। 70

ਪੱਲਾ: ਲਫ਼ਜ਼ੀ ਮਾਅਨਾ: ਕੱਪੜੇ ਦਾ ਸਿਰਾ/ਕਿਨਾਰਾ। ਸਿੱਖ ਵਿਆਹ ਦੀ ਰਸਮ ਦੌਰਾਨ, ਲਾਂਵਾਂ ਲੈਣ ਵੇਲੇ, ਦੋ ਕੂ ਮੀਟਰ ਕਪੜੇ ਨੂੰ ਲਾੜਾ-ਲਾੜੀ ਵਿਚਕਾਰ ਜੋੜ ਵਾਸਤੇ ਵਰਤਿਆ ਜਾਂਦਾ ਹੈ। ਵਿਆਹ ਵਾਲਾ ਮੁੰਡਾ ਇਸ ਕਪੜੇ ਦੇ ਪੱਲੇ ਦਾ ਇੱਕ ਸਿਰਾ ਫੜਦਾ ਹੈ ਅਤੇ ਕੁੜੀ ਦੂਸਰਾ ਸਿਰਾ।

ਪੱਲਾ ਫੜਾਉਣਾ: ਅਜ-ਕਲ੍ਹ ਸਿੱਖ ਵਿਆਹ ਦੀ ਰਸਮ ਵਿਚ, ਲਾੜੀ (ਕੁੜੀ) ਦਾ ਪਿਤਾ ਜਾਂ ਕੋਈ ਹੋਰ ਰਿਸ਼ਤੇਦਾਰ ਲਾੜੇ ਦੇ ਪੱਲੇ ਦਾ ਸਿਰਾ/ਲੜ ਲਾੜੀ (ਲਾੜੀ ਲਫ਼ਜ਼ ਇਸ ਲੜ ਤੋਂ ਬਣਿਆ ਹੈ, ਯਾਨਿ ਲੜ ਫੜਨ ਵਾਲੀ ਅਤੇ ਕੁੜੀ ਨੂੰ ਕਿਸੇ ਬੰਦੇ ਦਾ ਲੜ ਫੜਾਉਣਾ ਤੋਂ ਲੜ ਵਾਲਾ, ਲਾੜਾ, ਬਣਿਆ ਹੈ) ਨੂੰ ਫੜਾਉਂਦਾ ਹੈ ਅਤੇ ਕੱਪੜੇ ਦਾ ਇੱਕ ਸਿਰਾ ਵਿਆਹ ਵਾਲੇ ਮੁੰਡੇ ਵੱਲੋਂ ਫੜਿਆ ਜਾਂਦਾ ਹੈ। ਇਸ ਰਸਮ ਨੂੰ ਪੱਲਾ ਫੜਾਉਣਾ ਕਿਹਾ ਜਾਂਦਾ ਹੈ। ਇਸ ਰਸਮ ਦਾ ਮਤਲਬ ਹੈ: ਵਿਆਹ ਵਿਚ ਲਾੜੀ ਨੂੰ ਲਾੜੇ ਹੱਥ ਸੌਂਪਣਾ/ ਦੇਣਾ। ਸਿੱਖਾਂ ਵਿਚ ਇਹ ਰਸਮ 1860 ਤੋਂ ਮਗਰੋਂ ਦਰਬਾਰਾ ਸਿੰਘ ਨਿਰੰਕਾਰੀ ਵੱਲੋਂ ਹਿੰਦੂਆਂ ਦੀ ਸਪਤਪਦੀ (ਸੱਤ ਲਾਂਵਾਂ) ਦੇ ਬਦਲ ਵਿਚ ਸ਼ੁਰੂ ਕੀਤੀ ਗਈ ਸੀ। ਹਿੰਦੂਆਂ ਦੀ ਰਿਵਾਇਤ ਮੁਤਾਬਿਕ, ਇਸ ਦਾ ਮਤਲਬ ਲਾੜੀ ਨੂੰ ਉਸ ਦੀ ਜਾਇਦਾਦ ਵਜੋਂ ਸੌਂਪਣਾ ਹੈ। ਇਸ ਦਾ ਪਿਛੋਕੜ ਬੜਾ ਕੁਰਖ਼ਤ ਹੈ। ਜਿਵੇਂ ਮੱਝ ਗਾਂ ਕਿਸੇ ਨੂੰ ਉਸ ਦਾ ਰੱਸਾ ਫੜਾ ਕੇ ਸੌਂਪੀ ਜਾਂਦੀ ਹੈ, ਉਵੇਂ ਹੀ ਕਿਸੇ ਜ਼ਮਾਨੇ ਵਿਚ, ਹਿੰਦੂ ਵਿਆਹ ਰਸਮ ਵਿਚ, ਧੀ ਦਾ ਪੱਲਾ (ਰੱਸਾ) ਸੌਂਪਣ ਦੀ ਰਿਵਾਇਤ ਬਣੀ ਸੀ। ਪਰ ਹੌਲੀ-ਹੌਲੀ ਇਸ ਦਾ ਇਹ ਪਿਛੋਕੜ ਭੁੱਲ ਗਿਆ ਤੇ ਇਹ ਇਕ ਸਮਾਜਿਕ ਰਸਮ ਬਣ ਗਈ। ਪੱਲਾ ਫੜਾਉਣਾ, ਪੱਲੇ ਲਗਣਾ ਦੀ ਰਸਮ ਨੂੰ ਗੁਰਬਾਣੀ ਵਿਚ ਵੀ ਮਿਸਾਲ ਵਜੋਂ ਵਰਤਿਆ ਗਿਆ ਹੈ। ਜਿਸ ਦਾ ਮਤਲਬ ਹੈ ਜੀਵ ਦਾ ਰੱਬ ਦੇ ਪੱਲੇ ਲਗਣਾ (ਨਾ ਕਿ ਕਿਸੇ ਦੁਨਿਆਵੀ ਜੀਵ ਦੇ ਪੱਲੇ)। ਭੋਲੇ ਲੋਕ ਇਸ ਸ਼ਬਦ ਨੂੰ ਸਿੱਖ ਵਿਆਹ (ਅਨੰਦ ਕਾਰਜ) ਦੀ ਰਸਮ ਵੇਲੇ ਲਾੜੀ ਨੂੰ ਲਾੜੇ ਦਾ ਪੱਲਾ ਫੜਾਉਣ ਵੇਲੇ ਪੜ੍ਹਦੇ ਹਨ।

> *ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ॥ ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ॥ ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ ਬਹੁਤੁ ਦਿਸਾਵਰ ਪੰਧਾ॥ ਤਾ ਹਉ ਸੁਖਿ ਸੁਖਾਲੀ ਸੁਤੀ ਜਾ ਗੁਰ ਮਿਲਿ ਸਜਣੁ ਮੈ ਲਧਾ॥ (ਸਫ਼ਾ 963)*

ਪਾਕਨਾਮਾ:- ਇਹ ਕਵਿਤਾ ਗੁਰੂ ਨਾਨਕ ਸਾਹਿਬ ਅਤੇ ਮੁਸਲਮਾਨ ਮੌਲਵੀਆਂ ਦੀ ਮੱਕਾ ਵਿੱਚ ਹੋਈ ਵਾਰਤਾ ਬਾਰੇ ਦਸਦੀ ਹੈ। ਕੁਝ ਲੋਕਾਂ ਨੇ ਇਸ ਨੂੰ ਗੁਰੂ ਨਾਨਕ ਸਾਹਿਬ ਦੀ ਲਿਖਤ ਸਾਬਿਤ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਹੈ, ਜੋ ਕਿ ਗ਼ਲਤ ਹੈ। ਜੇ ਇਹ ਗੁਰੂ ਸਾਹਿਬ ਦੀ ਲਿਖਤ ਹੁੰਦੀ ਤਾਂ ਗੁਰੂ ਅਰਜਨ ਸਾਹਿਬ ਇਸ ਨੂੰ ਰੱਦ ਨਾ ਕਰਦੇ। ਇਸ ਨੂੰ 'ਮੱਕੇ ਮਦੀਨੇ ਦੀ ਗੋਸ਼ਟਿ' ਵੀ ਕਿਹਾ ਜਾਂਦਾ ਹੈ। ਹੋ ਸਕਦਾ ਹੈ ਕਿ ਇਹ ਮਿਹਰਬਾਨ (ਪ੍ਰਿਥੀ ਚੰਦ ਮੀਣਾ ਦਾ ਪੁੱਤਰ) ਜਾਂ ਹੰਦਾਲੀਆਂ ਜਾਂ ਕਿਸੇ ਹੋਰ ਕਵੀ ਦੀ ਰਚਨਾ ਹੋਵੇ। ਹੋਰ ਦੇਖੋ: **ਕੱਚੀ ਬਾਣੀ** ੧੫

ਪਾਠ:- ਪਾਠ ਦਾ ਮਾਅਨਾ ਹੈ: ਕਿਸੇ ਧਾਰਮਿਕ ਗ੍ਰੰਥ ਨੂੰ ਪੜ੍ਹਨਾ/ਉਚਾਰਨ ਕਰਨਾ। ਸਿੱਖ ਜੀਵਨ-ਜਾਚ ਵਿਚ, ਪਾਠ ਦਾ ਮਤਲਬ ਹੈ: ਨਿਤਨੇਮ ਕਰਨਾ ਜਾਂ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨਾ। ਅਖੰਡ ਪਾਠ (ਬਿਨਾਂ ਰੁਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ), ਸਹਿਜ ਪਾਠ (ਸਮੇਂ ਦੀ ਹੱਦ ਤੋਂ ਬਿਨਾਂ ਗੁਰੂ ਗ੍ਰੰਥ ਸਾਹਿਬ ਦਾ ਉਚਾਰਣ ਕਰਨਾ) ਵੀ ਪਾਠ ਹਨ। ਦੇਖੋ: **ਅਖੰਡ ਪਾਠ, ਸਹਿਜ ਪਾਠ**। ੫੭

ਪਾਠੀ:- ਜੋ ਸ਼ਖ਼ਸ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੈ ਉਸ ਨੂੰ ਪਾਠੀ

ਕਿਹਾ ਜਾਂਦਾ ਹੈ। ਹਰ ਇਕ ਸਿੱਖ ਨੂੰ ਪਾਠ ਆਉਣਾ ਲਾਜ਼ਮੀ ਹੈ, ਯਾਨਿ ਹਰ ਇਕ ਸਿੱਖ ਨੂੰ ਪਾਠੀ ਹੋਣਾ ਚਾਹੀਦਾ ਹੈ। ਪਰ, ਅਜ ਕਲ੍ਹ ਪਾਠੀ ਪੇਸ਼ਾਵਰ ਵੀ ਮਿਲਦੇ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਪਾਠ ਵਿਚ ਨਾ ਤਾਂ ਰਸ ਆਉਂਦਾ ਹੈ ਤੇ ਨਾ ਹੀ ਉਨ੍ਹਾਂ ਦੇ ਮਨ ਵਿਚ ਸ਼ਰਧਾ ਹੁੰਦੀ ਹੈ ਕਿਉਂਕਿ ਉਹ ਇਸ ਨੂੰ 'ਰੋਜ਼ਗਾਰ' ਵਜੋਂ ਕਰ ਰਿਹਾ ਹੁੰਦਾ ਹੈ ਤੇ ਇਸ ਕਰ ਕੇ ਇਹ ਉਸ ਵਾਸਤੇ ਸਿਰਫ਼ ਮਸ਼ੀਨੀ/ਮਕੈਨੀਕਲ ਕਾਰਵਾਈ ਹੁੰਦੀ ਹੈ। ਅਜਿਹੇ ਪਾਠ ਦਾ ਕਰਨ ਵਾਲੇ ਜਾਂ ਕਰਵਾਉਣ ਵਾਲੇ ਨੂੰ ਕੋਈ ਫ਼ਾਇਦਾ ਨਹੀਂ ਹੁੰਦਾ। ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਪੇਸ਼ਾਵਰ ਪਾਠੀਆਂ ਵਿੱਚੋਂ ਕੋਈ ਵੀ ਸ਼ਰਧਾ ਵਾਲਾ ਨਹੀਂ ਹੋ ਸਕਦਾ। ਇਸ ਦੁਨੀਆਂ ਵਿਚ ਕਾਫ਼ੀ ਸ਼ਰਧਾਵਾਨ ਤੇ ਗੁਰੂ ਨਾਲ ਪਿਆਰ ਕਰਨ ਵਾਲੇ ਪਾਠੀ ਤੇ ਗ੍ਰੰਥੀ ਵੀ ਹਨ।

ਪਾਤਸ਼ਾਹ/ਪਾਦਸ਼ਾਹ: ਇਹ ਫ਼ਾਰਸੀ ਦੇ ਦੋ ਲਫ਼ਜ਼ਾਂ ਪਾਤ/ਪਾਦ (ਚੌਂਕੀ/ਤਖ਼ਤ) ਅਤੇ ਸ਼ਾਹ (ਮਾਲਕ) ਦੇ ਮੇਲ ਤੋਂ ਬਣਿਆ ਹੈ। ਇੰਞ ਇਸ ਦਾ ਮਾਅਨਾ ਹੈ: ਤਖ਼ਤ ਦਾ ਮਾਲਕ, ਯਾਨਿ ਰਾਜਾ/ਬਾਦਸ਼ਾਹ/ਸਮਰਾਟ/ਹੁਕਮਰਾਨ। ਸਿਖ ਫ਼ਲਸਫ਼ੇ ਵਿਚ ਦੁਨਿਆਵੀ ਬਾਦਸ਼ਾਹ ਜੋ ਕਿ ਝੂਠਾ ਪਾਤਸ਼ਾਹ ਮੰਨਿਆ ਗਿਆ ਹੈ, ਦੇ ਮੁਕਾਬਲੇ ਵਿਚ ਰੱਬ ਨੂੰ ਸੱਚਾ ਪਾਤਸ਼ਾਹ (ਅਸਲੀ ਹਾਕਮ) ਮੰਨਿਆ ਗਿਆ ਹੈ ਕਿਉਂਕਿ ਸਿਰਫ਼ ਰੱਬ ਦਾ ਤਖ਼ਤ ਹੀ ਸੱਚਾ ਹੈ। ਸਿੱਖ ਅਕੀਦੇ ਮੁਤਾਬਿਕ ਰੱਬ 'ਬਾਦਸ਼ਾਹਾਂ ਦਾ ਬਾਦਸ਼ਾਹ' ਹੈ। ਸੱਚਾ ਹੁਕਮਰਾਨ (ਰੱਬ) ਸਾਰੇ ਬ੍ਰਹਿਮੰਡ ਉੱਪਰ ਇੱਕੋ-ਜਿਹੀ ਹਕੂਮਤ ਕਰਦਾ ਹੈ। ਇਸ ਬਾਦਸ਼ਾਹ (ਰੱਬ) ਅਤੇ ਉਸ ਦੀ ਰਿਆਇਆ/ਖ਼ਲਕਤ ਵਿਚ ਰਿਸ਼ਤਾ ਪਿਆਰ ਦਾ ਹੈ। ਦੂਜੇ ਪਾਸੇ, ਦੁਨਿਆਵੀ ਹਾਕਮ, ਕਿਸੇ ਇਕ ਇਲਾਕੇ (ਛੋਟੇ ਜਾਂ ਵੱਡੇ) 'ਤੇ ਰਾਜ ਕਰਦਾ ਹੈ; ਅਤੇ ਉਸ ਦੀ ਹਸਤੀ ਜ਼ਰੂਰੀ ਨਹੀਂ ਕਿ ਲੋਕਾਂ ਨੂੰ ਮਨਜ਼ੂਰ ਹੋਵੇ। ਅਜਿਹਾ ਰਾਜਾ ਆਪਣੀ ਫ਼ੌਜ ਦੇ ਸਿਰ 'ਤੇ ਹਕੂਮਤ ਕਰਦਾ ਹੈ ਤੇ ਆਮ ਤੌਰ 'ਤੇ ਲੋਕ ਉਸ ਦਾ ਹੁਕਮ ਉਸ ਦੀ ਫ਼ੌਜ ਜਾਂ ਹਥਿਆਰਾਂ ਦੇ ਡਰ ਕਾਰਨ ਹੀ ਮੰਨਦੇ ਹਨ, ਦਿਲੋਂ ਨਹੀਂ। ਦੁਨਿਆਵੀ ਰਾਜੇ (ਜਾਂ ਪ੍ਰਾਈਮ ਮਨਿਸਟਰ ਜਾਂ ਪ੍ਰੈਜ਼ੀਡੈਂਟ ਜਾਂ ਚਾਂਸਲਰ) ਦੀ ਹਕੂਮਤ ਦਾ ਸਮਾਂ ਨਿਸ਼ਚਿਤ ਹੁੰਦਾ ਹੈ (ਆਮ ਤੌਰ 'ਤੇ 4 ਜਾਂ 5 ਸਾਲ ਜਾਂ ਕੁਝ ਵਧ) ਪਰ ਵਾਹਿਗੁਰੂ ਦੀ ਹਕੂਮਤ ਸਦੀਵੀ ਹੈ।

ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ, *ਝੂਠੇ ਕਰਤ ਦਿਵਾਜਾ॥ (ਸਫ਼ਾ 856)*

ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ॥
ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ॥ (ਸਫ਼ਾ 507)

ਏਕੋ ਤਖਤੁ ਏਕੋ ਪਾਤਿਸਾਹੁ॥ *ਸਰਬੀ ਥਾਈ ਵੇਪਰਵਾਹੁ॥*

ਤਿਸ ਕਾ ਕੀਆ ਤ੍ਰਿਭਵਣ ਸਾਰੁ॥ ਓਹੁ ਅਗਮੁ ਅਗੋਚਰੁ ਏਕੰਕਾਰੁ॥ (ਸਫ਼ਾ 1188)

ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ॥
ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ॥ *(ਸਫ਼ਾ 1279)*

ਰਾਜੇ ਰਯਤਿ ਸਿਕਦਾਰ, ਕੋਇ ਨ ਰਹਸੀਓ॥ *ਹਟ ਪਟਣ ਬਾਜਾਰ, ਹੁਕਮੀ ਢਹਸੀਓ॥*

ਪਕੇ ਬੰਕ ਦੁਆਰ, ਮੂਰਖੁ ਜਾਣੈ ਆਪਣੇ॥ ਦਰਬਿ ਭਰੇ ਭੰਡਾਰ, ਰੀਤੇ ਇਕਿ ਖਣੇ॥ ਤਾਜੀ ਰਥ ਤੁਖਾਰ, ਹਾਥੀ ਪਾਖਰੇ॥ ਬਾਗ ਮਿਲਖ ਘਰ ਬਾਰ, ਕਿਥੈ ਸਿ ਆਪਣੇ॥ ਤੰਬੂ ਪਲੰਘ ਨਿਵਾਰ, ਸਰਾਇਚੇ ਲਾਲਤੀ॥ ਨਾਨਕ ਸਚੁ ਦਾਤਾਰੁ, ਸਿਨਾਖਤੁ ਕੁਦਰਤੀ॥ (ਸਫ਼ਾ 141)

*ਰੋਸੁ ਨ ਕੀਜੈ, ਅੰਮ੍ਰਿਤੁ ਪੀਜੈ, ਰਹਣੁ ਨਹੀ ਸੰਸਾਰੇ॥ **ਰਾਜੇ ਰਾਇ ਰੰਕ ਨਹੀ ਰਹਣਾ,** ਆਇ ਜਾਇ ਜੁਗ ਚਾਰੇ॥ ਰਹਣ ਕਹਣ ਤੇ ਰਹੈ ਨ ਕੋਈ, ਕਿਸੁ ਪਹਿ ਕਰਉ ਬਿਨੰਤੀ॥ ਏਕੁ ਸਬਦੁ ਰਾਮ ਨਾਮ ਨਿਰੋਧਰੁ ਗੁਰੁ ਦੇਵੈ ਪਤਿ ਮੰਤੀ॥ (ਸਫ਼ਾ 931)*

ਪਾਪ: ਪਾਪ ਉਹ ਕਾਰਵਾਈ ਹੈ, ਜੋ ਧਾਰਮਿਕ ਜਾਂ ਰੱਬੀ ਕਾਨੂੰਨ ਦੇ ਵਿਰੁੱਧ ਕੀਤੀ ਜਾਂਦੀ ਹੈ। ਇਹ ਇਰਾਦੇ ਨਾਲ ਕੀਤਾ ਜਾਂਦਾ ਹੈ ਯਾਨਿ ਕਿ ਇਹ ਪਤਾ ਹੁੰਦੇ ਹੋਏ ਵੀ ਕਿ ਇਹ ਗ਼ਲਤ ਹੈ, ਫਿਰ ਵੀ ਕੀਤਾ ਜਾਂਦਾ ਹੈ, ਨਾ ਕਿ ਮਾਸੂਮੀਅਤ/ਭੋਲੇਪਨ ਵਿਚ। ਸਿੱਖ ਧਰਮ ਵਿਚ, ਪਾਪ ਦਾ ਸਿੱਧਾ ਫ਼ਲਸਫ਼ਾ ਕੋਈ ਨਹੀਂ ਹੈ ਪਰ ਕੁਝ ਕਾਰਵਾਈਆਂ ਅਜਿਹੀਆਂ ਜ਼ਰੂਰ ਹਨ ਜੋ 'ਪਾਪ' ਮੰਨੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚ ਕੁਰਹਿਤਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਇਸ ਵਿਚ ਰੱਬ 'ਤੇ ਯਕੀਨ ਨਾ ਰੱਖਣਾ ਵੀ ਸ਼ਾਮਿਲ ਹੈ। ਪੰਜ ਬੁਰਾਈਆਂ/ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਹਉਮੈ) ਵੀ 'ਪਾਪ' ਹੀ ਹਨ। ਦੂਜਿਆਂ ਦੇ ਜਜ਼ਬਾਤ ਨੂੰ ਦੁੱਖ ਪਹੁੰਚਾਉਣਾ, (ਰੱਬ ਦਾ ਨਾਂ ਲੈਣ ਵਾਸਤੇ) ਸੁਸਤੀ/ਆਲਸ, ਅਹਿਸਾਨ-ਫ਼ਰਾਮੋਸ਼ੀ, ਦਿਓ-ਸੋਚ, ਦੂਜਿਆਂ ਦੇ ਹੱਕ ਮਾਰਨਾ ਵਗ਼ੈਰਾ ਵੀ ਪਾਪ ਹਨ।

ਪਾਪ ਕਰਹਿ ਪੰਚਾਂ ਕੇ ਬਸਿ ਰੇ॥ ਤੀਰਥਿ ਨਾਇ ਕਹਹਿ ਸਭਿ ਉਤਰੇ॥ ਬਹੁਰਿ ਕਮਾਵਹਿ ਹੋਇ ਨਿਸੰਕ॥ ਜਮ ਪੁਰਿ ਬਾਂਧਿ ਖਰੇ ਕਾਲੰਕ॥ (ਸਫ਼ਾ 1348)

ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ॥ ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ॥ ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ॥ (ਸਫ਼ਾ 36)

ਵਸਤੁ ਪਰਾਈ ਕਉ ਉਠਿ ਰੋਵੈ॥ ਕਰਮ ਧਰਮ ਸਗਲਾ ਈ ਖੋਵੈ॥ ਹੁਕਮੁ ਨ ਬੂਝੈ ਆਵਣ ਜਾਣੇ॥ ਪਾਪ ਕਰੈ ਤਾ ਪਛੋਤਾਣੇ॥ (ਸਫ਼ਾ 676)

ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ॥ ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ॥ (ਸਫ਼ਾ 680)

ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ॥ ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ॥ (ਸਫ਼ਾ 727)

ਪਾਰ ਬ੍ਰਹਮ: ਬ੍ਰਹਮ ਦਾ ਮਾਅਨਾ ਹੈ ਨਿਰਾਕਾਰ ਤੇ ਨਿਰਗੁਣ, ਯਾਨਿ ਰੱਬ। ਪਾਰ ਬ੍ਰਹਮ ਦਾ ਲਫ਼ਜ਼ੀ ਮਾਅਨਾ ਹੈ: ਉਹ ਬ੍ਰਹਮ, ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ, ਜਾਂ ਉਹ ਬ੍ਰਹਮ ਜੋ ਸਭ ਤੋਂ ਉੱਚਾ/ਪਾਰ/ਪਰ੍ਹੇ ਹੈ, ਯਾਨਿ ਰੱਬ, ਪ੍ਰਮਾਤਮਾ। ਦੇਖੋ: **ਬ੍ਰਹਮ, ਨਿਰਗੁਣ**।

ਪਾਰਸ: ਪਾਰਸ ਦਾ ਪਿਛੋਕੜ ਫ਼ਾਰਸੀ ਬੋਲੀ ਵਿਚੋਂ ਜਾਪਦਾ ਹੈ।(ਸੰਸਕ੍ਰਿਤ ਵਿਚ 'ਪਾਰਸ' ਵਰਗਾ ਕੋਈ ਲਫ਼ਜ਼ ਜਾਂ ਫ਼ਲਸਫ਼ਾ ਨਹੀਂ ਹੈ)। ਹੋ ਸਕਦਾ ਹੈ ਕਿ ਇਸ ਦਾ ਪਿਛੋਕੜ ਹਜ਼ਰਤ ਨੂਹ ਦੇ ਪੜਪੋਤੇ ਪਾਰਸ ਵਿਚ ਹੋਵੇ (ਜਿਸ ਦੇ ਨਾਂ ਕਰ ਕੇ ਈਰਾਨ ਨੂੰ ਪਾਰਸ/ਫ਼ਾਰਸ ਵੀ ਕਿਹਾ ਜਾਂਦਾ ਹੈ)। ਪਾਰਸ ਬਾਰੇ ਇਹ ਗੱਲ ਪ੍ਰਚਾਰੀ

ਜਾਂਦੀ ਹੈ ਕਿ ਉਹ ਜਿਸ ਨੂੰ ਵੀ ਛੂਹੰਦਾ (ਸਿੱਖਿਆ ਦੇਂਦਾ) ਸੀ ਉਹ ਸੋਨਾ (ਚੰਗਾ ਇਨਸਾਨ) ਬਣ ਜਾਂਦਾ ਸੀ। ਧਾਰਮਿਕ/ਅਦਬੀ ਬੋਲੀ ਵਿਚ ਇਹ ਇਕ ਮਸਨੂਹੀ (ਕਾਲਪਨਿਕ) ਪੱਥਰ ਵਾਸਤੇ ਵਰਤਿਆ ਜਾਂਦਾ ਹੈ ਜੋ ਲੋਹਾ, ਕਾਂਸੀ, ਤਾਂਬਾ ਜਾਂ ਕਿਸੇ ਹੋਰ ਸਸਤੀ ਧਾਤ ਨੂੰ ਸੋਨੇ ਵਿਚ ਬਦਲ ਸਕਦਾ ਹੈ। ਅਸਲ ਵਿਚ ਅਜਿਹੇ ਕਿਸੇ ਪੱਥਰ ਦਾ ਕੋਈ ਵਜੂਦ ਨਹੀਂ ਹੈ। ਗੁਰਬਾਣੀ ਵਿਚ ਪਾਰਸ ਗੁਰੂ, ਵਾਹਿਗੁਰੂ ਅਤੇ ਉਸ ਦੇ 'ਸ਼ਬਦ' ਵਾਸਤੇ ਵਰਤਿਆ ਗਿਆ ਹੈ। ਪਾਰਸ-ਰੂਪੀ ਸ਼ਬਦ ਨੂੰ ਮਨ ਵਿਚ ਵਸਾ ਕੇ, ਸੱਚੀ ਸੰਗਤ ਦਾ ਸੰਗ ਕਰ ਕੇ, ਲੋਹਾ ਰੂਪੀ ਸਸਤਾ (ਅਗਿਆਨੀ) ਜੀਵ ਸੋਨੇ ਵਰਗਾ ਕੀਮਤੀ (ਇਨਸਾਨ) ਬਣ ਜਾਂਦਾ ਹੈ।

ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ॥
__ਪਾਰਸੁ ਭੇਟਿ ਕੰਚਨੁ ਧਾਤੁ ਹੋਈ__ ਸਤਸੰਗਤਿ ਕੀ ਵਡਿਆਈ॥ (ਸਫ਼ਾ 505)

ਗੁਰ ਕੈ ਸਬਦਿ ਮਰਹਿ ਪੰਚ ਧਾਤੂ॥ ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ॥
__ਪਾਰਸੁ ਜਬ ਭੇਟੈ ਗੁਰੁ ਪੂਰਾ__ ਤਾ ਪਾਰਸੁ ਪਰਸਿ ਦਿਖਾਇਣਾ॥
ਕਈ ਬੈਕੁੰਠ ਨਾਹੀ ਲਵੈ ਲਾਗੇ॥ __ਮੁਕਤਿ ਬਪੁੜੀ__ ਭੀ ਗਿਆਨੀ ਤਿਆਗੇ॥
ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ॥ (ਸਫ਼ਾ 1078)

ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ॥
__ਪਾਰਸੁ ਭੇਟਿ ਭਏ ਸੇ ਪਾਰਸ__ ਨਾਨਕ ਹਰਿ ਗੁਰ ਸੰਗਿ ਥੀਏ॥ (ਸਫ਼ਾ 1171)

ਪਾਰਜਾਤ: ਪਾਰਜਾਤ ਇਕ ਮਸਨੂਹੀ (ਕਾਲਪਨਿਕ) ਦਰਖ਼ਤ ਹੈ, ਜੋ ਆਪਣੀ ਨਿਰਾਲੀ ਖ਼ੁਸ਼ਬੂ ਵਾਸਤੇ ਜਾਣਿਆ ਜਾਂਦਾ ਹੈ। ਇਸ ਕਹਾਣੀ ਮੁਤਾਬਿਕ, ਇਹ (ਮਸਨੂਹੀ) ਦਰਖ਼ਤ ਹਿੰਦੂਆਂ ਦੇ ਮਿਥਿਹਾਸਕ/ਕਾਲਪਨਿਕ ਦੇਵਤੇ ਇੰਦਰ ਦੇ ਬਾਗ ਵਿਚ ਮੌਜੂਦ ਹੈ। ਇਸ ਦਰਖ਼ਤ ਦੇ ਕਾਰਨ ਇੰਦਰ ਅਤੇ ਕ੍ਰਿਸ਼ਨ (ਇਕ ਹੋਰ ਕਾਲਪਨਿਕ ਹਿੰਦੂ ਦੇਵਤਾ) ਦੇ ਵਿਚਕਾਰ ਇਕ ਵੱਡੀ ਲੜਾਈ ਹੋਈ ਸੀ ਅਤੇ ਬਾਅਦ ਵਿਚ ਕ੍ਰਿਸ਼ਨ ਇਸ ਨੂੰ ਚੋਰੀ ਕਰ ਕੇ ਦਵਾਰਕਾ ਵਿਚ ਆਪਣੀ ਮਹਿਬੂਬਾ (ਪਤਨੀ ਨਹੀਂ) ਇਕ ਗੋਪੀ ਨੂੰ ਖ਼ੁਸ਼ ਕਰਨ ਲਈ ਬਿੰਦ੍ਰਾਬਨ ਨੂੰ ਲੈ ਗਿਆ।

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥ ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥ (ਸਫ਼ਾ 470)

ਇਕ ਹੋਰ ਵਿਆਖਿਆ ਮੁਤਾਬਿਕ ਇਹ ਇਕ ਮਿਥਿਹਾਸਕ ਦਰਖ਼ਤ ਹੈ, ਜੋ ਉਸ ਦੀਆਂ ਖ਼ਾਹਿਸ਼ਾਂ ਦੀ ਪੂਰਤੀ ਕਰਦਾ ਹੈ ਜਿਸ ਕੋਲ ਇਹ ਦਰਖ਼ਤ ਹੋਵੇ। ਗੁਰੂ ਗ੍ਰੰਥ ਸਾਹਿਬ ਮੁਤਾਬਿਕ ਸਿਰਫ਼ ਵਾਹਿਗੁਰੂ ਦਾ ਨਾਂ ਜਪਣਾ ਹੀ ਸਾਰੀਆਂ ਖ਼ਾਹਿਸ਼ਾਂ ਪੂਰੀਆਂ ਕਰ ਸਕਦਾ ਹੈ (ਕੋਈ ਅਖੌਤੀ-ਪਾਰਜਾਤ ਨਹੀਂ)।

__ਪਾਰਜਾਤੁ ਇਹੁ ਹਰਿ ਕੋ ਨਾਮ॥__ ਕਾਮਧੇਨ ਹਰਿ ਹਰਿ ਗੁਣ ਗਾਮ॥
ਸਭ ਤੇ ਊਤਮ ਹਰਿ ਕੀ ਕਥਾ॥ ਨਾਮੁ ਸੁਨਤ ਦਰਦ ਦੁਖ ਲਥਾ॥ (ਸਫ਼ਾ 265)

ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ॥
ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ॥ (ਸਫ਼ਾ 503)

ਪਾਰਜਾਤੁ ਲੋੜਹਿ ਮਨ ਪਿਆਰੇ॥ ਕਾਮਧੇਨੁ ਸੋਹੀ ਦਰਬਾਰੇ॥
ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ॥(ਸਫ਼ਾ 1078)

ਪਾਲਕੀ: ਪਾਲਕੀ ਦਾ ਲਫ਼ਜ਼ੀ ਮਾਅਨਾ ਹੈ: ਪਾਲਣਾ/ਰੱਖਿਆ ਕਰਨ ਵਾਲੀ। ਇਸ ਦਾ ਪਿਛੋਕੜ ਲਫ਼ਜ਼ 'ਪਾਲਕ' ਹੈ ਜਿਸ ਦਾ ਮਾਅਨਾ ਹੈ ਪਾਲਣ ਵਾਲਾ, ਰੱਖਿਆ ਕਰਨ ਵਾਲਾ। ਇਸ ਨੂੰ ਡੋਲੀ ਵਾਸਤੇ ਵੀ ਵਰਤਿਆ ਜਾਂਦਾ ਹੈ। ਇਨ੍ਹਾਂ ਦੋਹਾਂ ਦਾ ਪਿਛੋਕੜ ਕਿਸੇ ਸ਼ਖ਼ਸ ਜਾਂ ਕੀਮਤੀ ਚੀਜ਼ ਨੂੰ ਮੀਂਹ, ਧੁੱਪ, ਘੱਟਾ-ਮਿੱਟੀ, ਚੋਰੀ, ਦੁਸ਼ਮਣ ਵਗੈਰਾ ਤੋਂ ਬਚਾ ਕੇ ਇਕ ਥਾਂ ਤੋਂ ਦੂਜੀ ਥਾਂ ਲਿਜਾਉਣਾ। ਪਾਲਕੀ ਇੱਕ ਲੱਕੜ ਦਾ ਛੱਤ ਵਾਲਾ ਮੰਜਾ/ਤਖ਼ਤਪੋਸ਼ ਜਿਹਾ ਹੁੰਦਾ ਹੈ। ਪਾਲਕੀ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਇਕ ਥਾਂ ਤੋਂ ਦੂਜੀ ਥਾਂ 'ਤੇ ਪਹੁੰਚਾਉਣ ਲਈ ਵੀ ਵਰਤਿਆ ਜਾਂਦਾ ਹੈ। ਕੁਝ ਗੁਰਦੁਆਰਿਆਂ ਵਿਚ, ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਸ ਉਪਰ ਕੀਤਾ ਜਾਂਦਾ ਹੈ, ਜੋ ਸਹੀ ਨਹੀਂ ਹੈ। ਪਾਲਕੀ ਦੀ ਥਾਂ ਹਾਲ ਵਿਚ ਨਹੀਂ ਹੁੰਦੀ, ਇਹ ਤਖ਼ਤ ਨਹੀਂ ਹੈ। ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪੀੜ੍ਹੇ/ਤਖ਼ਤ ਉਪਰ ਕੀਤਾ ਜਾਂਦਾ ਹੈ ਨਾ ਕਿ ਪਾਲਕੀ ਉਪਰ। ਹੁਣ ਦਿਖਾਵੇ ਵਾਸਤੇ ਪਾਲਕੀਆਂ ਸੋਨੇ ਦੀਆਂ ਵੀ ਬਣਨ ਲਗ ਪਈਆਂ ਹਨ। ਇਹ ਕੌਮ ਦੇ ਪੈਸੇ ਨੂੰ ਫ਼ਜ਼ੂਲ ਕਾਰਵਾਈਆਂ ਵਾਸਤੇ ਗੁਆਉਣਾ ਹੈ।

ਪੁਜਾਰੀ ਜਮਾਤ (ਸਿੱਖ ਧਰਮ ਵਿਚ): ਇਸ ਦਾ ਲਫ਼ਜ਼ੀ ਮਾਅਨਾ ਹੈ: ਪੂਜਾ ਕਰਨ ਵਾਲਾ (ਹਾਲਾਂ ਕਿ ਇਸ ਨੂੰ **ਪੂਜਾਰੀ** ਲਿਖਣਾ ਚਾਹੀਦਾ ਹੈ)। ਸਿੱਖ ਧਰਮ ਵਿਚ ਨਾ ਤਾਂ ਕੋਈ 'ਪੂਜਾ' ਦਾ ਫ਼ਲਸਫ਼ਾ ਹੈ ਤੇ ਨਾ ਹੀ ਕੋਈ ਪੁਜਾਰੀ ਜਮਾਤ ਹੈ। ਕੋਈ ਵੀ ਸਿੱਖ, ਮਰਦ ਜਾਂ ਔਰਤ, ਗੁਰਦੁਆਰੇ ਵਿਚ ਹਰ ਤਰ੍ਹਾਂ ਦੀ ਸੇਵਾ ਨਿਭਾ ਸਕਦਾ ਹੈ। ਇਸੇ ਤਰ੍ਹਾਂ ਸਿੱਖ ਧਰਮ ਵਿਚ ਕੋਈ ਮਿਸ਼ਨਰੀ (ਜਮਾਤ ਵਜੋਂ) ਵੀ ਨਹੀਂ ਹਨ। ਅੱਜ-ਕਲ੍ਹ ਰੁਝੇਵਿਆਂ ਵਾਲੀ ਜ਼ਿੰਦਗੀ ਜਾਂ ਸਹੂਲਤਾਂ ਖ਼ਾਤਿਰ, ਧਾਰਮਿਕ ਜਾਣਕਾਰੀ (ਗਿਆਨ) ਦੀ ਘਾਟ ਕਾਰਨ, ਗੁਰਦੁਆਰੇ ਵੱਡੇ-ਵੱਡੇ ਬਣ ਜਾਣ ਕਾਰਨ, ਗੁਰਦੁਆਰਿਆਂ ਵਿਚ ਤਨਖ਼ਾਹਦਾਰ ਭਾਈ (ਲਫ਼ਜ਼ੀ ਮਾਅਨਾ: ਭਰਾ), ਗ੍ਰੰਥੀ (ਜੋ ਗੁਰੂ ਗ੍ਰੰਥ ਸਾਹਿਬ ਪੜ੍ਹ ਸਕਦਾ ਹੈ) ਅਤੇ ਰਾਗੀ (ਜੋ ਸ਼ਬਦਾਂ ਨੂੰ ਗਾ ਸਕਦਾ ਹੈ) ਲਾਏ ਜਾਂਦੇ ਹਨ। ਪਰ ਉਨ੍ਹਾਂ ਦਾ ਦਰਜਾ ਈਸਾਈ ਪਾਦਰੀ ਜਾਂ ਮੁਸਲਿਮ ਮੁਲਾਂ (ਮੌਲਵੀ) ਜਾਂ ਹਿੰਦੂ ਪੁਜਾਰੀ ਦੀ ਤਰ੍ਹਾਂ ਕੋਈ ਨਹੀਂ ਹੈ। ਸਿੱਖਾਂ ਵਿਚ ਇਸ ਨਵੀਂ ਪੈਦਾ ਹੋਈ ਪੁਜਾਰੀ ਜਮਾਤ ਨੇ ਅਖੌਤੀ 'ਸਿੰਘ ਸਾਹਿਬ' ਅਤੇ ਅਖੌਤੀ 'ਜਥੇਦਾਰ' ਦੇ ਅਹੁਦੇ ਵੀ ਘੜ ਲਏ ਹਨ, ਜੋ ਸਿੱਖ ਫ਼ਲਸਫ਼ੇ ਦੇ ਉਲਟ ਹਨ। ਇਸੇ ਤਰ੍ਹਾਂ ਸਿੱਖ ਧਰਮ ਵਿਚ ਕੋਈ 'ਸੰਤ' ਵੀ ਨਹੀਂ ਹੁੰਦਾ। ਵੀਹਵੀਂ ਸਦੀ ਵਿਚ, ਅਨੇਕਾਂ ਅਜਿਹੇ ਲੋਕ 'ਉੱਗੇ' ਹਨ ਜੋ ਆਪਣੇ ਆਪ ਨੂੰ ਅਖੌਤੀ 'ਸੰਤ' ਕਹਿੰਦੇ ਸਨ ਜਾਂ ਸੰਤ ਅਖਵਾ ਕੇ ਖ਼ੁਸ਼ ਹੁੰਦੇ ਸਨ। ਇਹ ਗੁਰੂ ਸਾਹਿਬ ਦੀ ਸਿਖਿਆ ਦੇ ਉਲਟ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸੰਤ ਲਫ਼ਜ਼ ਸਿਰਫ਼ ਰੱਬ ਲਈ ਵਰਤਿਆ ਗਿਆ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਰੱਬ ਅਤੇ ਜੀਵ ਦੇ ਵਿਚਕਾਰ ਕੋਈ ਵੀ ਵਿਚੋਲਾ ਨਹੀਂ ਹੈ। ਇਹ ਸੰਤਵਾਦ ਦੀ 'ਬੀਮਾਰੀ' ਸਿੱਖ ਧਰਮ ਵਿਚ ਵੀਹਵੀਂ ਸਦੀ ਵਿਚ ਹਿੰਦੂ ਧਰਮ ਵਿਚੋਂ ਘੁਸੀ (ਵੜੀ) ਸੀ ਅਤੇ ਇਸ ਨੇ ਸਿੱਖਾਂ ਦਾ ਬਹੁਤ ਜ਼ਿਆਦਾ ਨੁਕਸਾਨ ਕੀਤਾ ਹੈ।

ਹੋਰ ਵੇਖੋ: **ਅਕਾਲ ਤਖ਼ਤ ਸਾਹਿਬ, ਸੰਤ, ਸਿੰਘ ਸਾਹਿਬ, ਜਥੇਦਾਰ**।

ਪੁਨਰ-ਜਨਮ: ਪੁਨਰ ਦਾ ਲਫ਼ਜ਼ੀ ਮਾਅਨਾ ਹੈ: ਮੁੜ, ਦੋਬਾਰਾ, ਫੇਰ/ਫਿਰ। ਪੁਨਰ ਜਨਮ ਇਕ ਹਿੰਦੂ ਅਕੀਦਾ ਹੈ ਕਿ ਇਨਸਾਨ ਦੁਬਾਰਾ ਫਿਰ ਇਨਸਾਨੀ ਸਰੀਰ ਵਿਚ ਪੈਂਦਾ ਹੈ। ਮੁੜ ਪੈਦਾ ਹੋਣਾ, ਦੇਹ-ਬਦਲੀ, ਪੁਨਰ ਜਨਮ ਵਗ਼ੈਰਾ ਹਿੰਦੂਆਂ ਦੇ ਯਕੀਨ ਹਨ। ਇਹੋ ਜਿਹੇ ਯਕੀਨ ਯਹੂਦੀ ਧਰਮ, ਈਸਾਈ ਧਰਮ ਤੇ ਇਸਲਾਮ ਵਿਚ ਵੀ ਵੱਖਰੇ ਰੂਪ ਵਿਚ ਮੌਜੂਦ ਹਨ। ਮੁਸਲਮਾਨਾਂ ਦਾ ਯਕੀਨ ਕਿ ਕਿਆਮਤ ਦੇ ਦਿਨ ਮੁਰਦੇ ਕਬਰਾਂ ਵਿਚੋਂ ਉਠ ਪੈਣਗੇ ਵੀ ਇਸੇ ਤਰ੍ਹਾਂ ਦਾ ਫ਼ਲਸਫ਼ਾ ਹੈ। ਗੁਰਬਾਣੀ ਵਿਚ ਚੌਰਾਸੀ ਲੱਖ ਜੂਨ ਅਤੇ ਆਵਾਗਉਣ (ਜ਼ਿੰਦਗੀ ਅਤੇ ਮੌਤ ਦਾ ਚੱਕਰ) ਸਬੰਧੀ ਅਨੇਕਾਂ ਹਵਾਲੇ ਮਿਲਦੇ ਹਨ। ਪਰ ਇਹ ਹਵਾਲੇ ਸਿਧਾਂਤਕ ਨਹੀਂ ਸਗੋਂ ਅਲੰਕਾਰਿਕ ਹਨ। ਸਿੱਖ ਧਰਮ ਇਹ ਨਹੀਂ ਮੰਨਦਾ ਕਿ ੮੪ ਲੱਖ (ਯਾਨਿ ਬੇਅੰਤ) ਜੂਨਾਂ ਭੋਗਣ ਤੋਂ ਬਾਅਦ ਬੰਦਾ ਫਿਰ ਇਨਸਾਨੀ ਜਾਮੇ ਵਿਚ ਜਨਮ ਲੈਂਦਾ ਹੈ। ਸਿੱਖ ਫ਼ਲਸਫ਼ੇ ਵਿਚ ਚੌਰਾਸੀ ਲੱਖ ਜੂਨਾਂ ਵਿਚੋਂ ਇਨਸਾਨੀ ਜ਼ਿੰਦਗੀ ਨੂੰ ਸਭ ਤੋਂ ਉਚਾ ਦਰਸਾਇਆ ਗਿਆ ਹੈ ਨਾ ਕਿ ਇਹ ਕਿ ਇਨਸਾਨੀ ਜ਼ਿੰਦਗੀ ਬਾਕੀ ੮੪ ਲੱਖ ਜੂਨਾਂ ਚੋਂ ਲੰਘਣ ਤੋਂ ਮਗਰੋਂ ਮਿਲੀ ਸੀ। ਸਿੱਖ ਫ਼ਲਸਫ਼ੇ ਮੁਤਾਬਿਕ, ਸੁਰਤਿ/ਧਿਆਨ ਜੋੜਨਾ, ਸੱਚਾ ਜੀਵਣ ਜੀਣਾ, ਪੁਨਰ-ਜਨਮ ਦੇ ਵਹਿਮ ਨੂੰ ਖ਼ਤਮ ਕਰਨ ਵਿਚ ਮਦਦ ਕਰਦਾ ਹੈ। ਸਿੱਖ ਧਰਮ ਪੁਨਰ-ਜਨਮ ਵਿਚ ਯਕੀਨ ਨਹੀਂ ਰਖਦਾ ਪਰ ਇਹ ਪੁਨਰ-ਜਨਮ ਦੇ 'ਡਰ' (ਜੋ ਹਿੰਦੂ ਧਰਮ ਨੇ ਪੈਦਾ ਕੀਤਾ ਹੋਇਆ ਹੈ) ਤੋਂ ਛੁਟਕਾਰਾ ਪਾਉਣ ਦੀ ਸਲਾਹ ਜ਼ਰੂਰ ਦੇਂਦਾ ਹੈ ਤੇ ਇਸ ਦਾ ਤਰੀਕਾ ਦਸਦਾ ਹੈ। ਸਿੱਖ ਧਰਮ ਸਵਰਗ ਅਤੇ ਨਰਕ, ਦੂਜੀ ਦੁਨੀਆਂ ਦੀ ਹੋਂਦ, ਮੌਤ ਤੋਂ ਬਾਅਦ ਮੁਕਤੀ, ਦੇਹ-ਬਦਲੀ ਨੂੰ ਵੀ ਪੂਰੀ ਤਰ੍ਹਾਂ ਰੱਦ ਕਰਦਾ ਹੈ। ਇਹ ਸਾਰੇ ਭਰਮ/ਵਹਿਮ ਹਿੰਦੂਆਂ ਵਿਚ ਬ੍ਰਾਹਮਣਾਂ ਦੇ ਪੈਦਾ ਕੀਤੇ ਹੋਏ ਹਨ ਤਾਂ ਜੋ ਲੋਕ ਇਨ੍ਹਾਂ ਤੋਂ ਬਚਣ ਵਾਸਤੇ ਪੁਰੋਹਤਾਂ ਕੋਲੋਂ ਅਖੋਤੀ ਯੱਗ/ਪੂਜਾ ਵਗ਼ੈਰਾ ਰਾਹੀਂ 'ਉਪਾਅ' ਕਰਵਾ ਕੇ ਉਨ੍ਹਾਂ ਦੀ ਰੋਜ਼ੀ ਦਾ ਸਾਧਨ ਬਣਨ।

> *ਉਦਕ ਸਮੁੰਦ ਸਲਲ ਕੀ ਸਾਖਿਆ, ਨਦੀ ਤਰੰਗ ਸਮਾਵਹਿਗੇ॥* ***ਸੁੰਨਹਿ ਸੁੰਨੁ ਮਿਲਿਆ ਸਮਦਰਸੀ, ਪਵਨ ਰੂਪ ਹੋਇ ਜਾਵਹਿਗੇ॥ ਬਹੁਰਿ ਹਮ ਕਾਹੇ ਆਵਹਿਗੇ॥ ਆਵਨ ਜਾਨਾ ਹੁਕਮੁ ਤਿਸੈ ਕਾ, ਹੁਕਮੈ ਬੁਝਿ ਸਮਾਵਹਿਗੇ॥*** *ਜਬ ਚੂਕੈ ਪੰਚ ਧਾਤੁ ਕੀ ਰਚਨਾ, ਐਸੇ ਭਰਮੁ ਚੁਕਾਵਹਿਗੇ॥ ਦਰਸਨੁ ਛੋਡਿ ਭਏ ਸਮਦਰਸੀ, ਏਕੋ ਨਾਮੁ ਧਿਆਵਹਿਗੇ॥ ਜਿਤ ਹਮ ਲਾਏ ਤਿਤ ਹੀ ਲਾਗੇ, ਤੈਸੇ ਕਰਮ ਕਮਾਵਹਿਗੇ॥* ***ਹਰਿ ਜੀ ਕ੍ਰਿਪਾ ਕਰੇ ਜਉ ਅਪਨੀ, ਤੌ ਗੁਰ ਕੇ ਸਬਦਿ ਸਮਾਵਹਿਗੇ॥ ਜੀਵਤ ਮਰਹੁ ਮਰਹੁ ਫੁਨਿ ਜੀਵਹੁ, ਪੁਨਰਪਿ ਜਨਮੁ ਨ ਹੋਈ॥*** *ਕਹੁ ਕਬੀਰ ਜੋ ਨਾਮਿ ਸਮਾਨੇ, ਸੁੰਨ ਰਹਿਆ ਲਿਵ ਸੋਈ॥*
>
> *(ਸਫ਼ਾ 1103)*

> *ਕਈ ਕੋਟਿ ਸਿਧ ਜਤੀ ਜੋਗੀ॥ ਕਈ ਕੋਟਿ ਰਾਜੇ ਰਸ ਭੋਗੀ॥ ਕਈ ਕੋਟਿ ਪੰਖੀ ਸਰਪ ਉਪਾਏ॥ ਕਈ ਕੋਟਿ ਪਾਥਰ ਬਿਰਖ ਨਿਪਜਾਏ॥ ਕਈ ਕੋਟਿ ਪਵਣ ਪਾਣੀ ਬੈਸੰਤਰ॥ ਕਈ ਕੋਟਿ ਦੇਸ ਭੂ ਮੰਡਲ॥ ਕਈ ਕੋਟਿ ਸਸੀਅਰ ਸੂਰ ਨਖ੍ਯਤ੍ਰ॥ ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ॥ ਸਗਲ ਸਮਗ੍ਰੀ ਅਪਨੈ ਸੂਤਿ ਧਾਰੈ॥ ਨਾਨਕ* ***ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ॥*** *'(ਸਫ਼ਾ 275)*

ਗਾਉਣਾ ਹੁੰਦੀ ਹੈ। ਪ੍ਰਭਾਤ ਫੇਰੀ ਦੇ ਰਸਤੇ ਵਿਚ, ਗਲੀਆਂ ਵਿਚ ਰਹਿੰਦੇ ਲੋਕ, ਪ੍ਰਭਾਤ ਫੇਰੀ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਜਲ-ਪਾਣੀ ਵੀ ਛਕਾਉਂਦੇ ਹਨ। ਅਜ-ਕਲ੍ਹ ਪ੍ਰਭਾਤ ਫੇਰੀਆਂ ਵਿਚ ਦਿਖਾਵਾ, ਖਾਣਾ-ਪੀਣਾ ਤੇ ਅਮੀਰਾਂ ਵੱਲੋਂ (ਮਲਕ ਭਾਗੋ ਵਾਂਗ) ਮਹਿੰਗਾ ਸਾਮਾਨ ਖੁਆ ਕੇ ਆਪਣੀ ਅਮੀਰੀ ਦਾ ਦਿਖਾਵਾ ਕਰਨਾ ਵੀ ਸ਼ਾਮਿਲ ਹੋ ਚੁਕਾ ਹੈ। ਦੇਖੋ: **ਨਗਰ ਕੀਰਤਨ** |

ਪ੍ਰਾਚੀਨ ਪੰਥ ਪ੍ਰਕਾਸ਼: ਇਹ ਸਿਖਾਂ ਦੀ ਤਵਾਰੀਖ਼ ਦੀ ਇਕ ਕਿਤਾਬ ਹੈ ਜੋ 1841 ਵਿਚ ਰਤਨ ਸਿੰਘ ਭੰਗੂ ਨੇ ਕਵਿਤਾ ਵਿਚ ਲਿਖੀ ਸੀ। ਪਹਿਲਾਂ ਉਸ ਨੇ ਇਸ ਨੂੰ, 1809 ਵਿਚ, ਵਾਰਤਕ ਵਿਚ ਲਿਖਿਆ ਸੀ। ਰਤਨ ਸਿੰਘ ਭੰਗੂ ਪਿੰਡ ਮੀਰਾਂ ਕੋਟ ਦੇ ਮਹਿਤਾਬ ਸਿੰਘ (ਜਿਸ ਨੇ ਦਰਬਾਰ ਸਾਹਬ ਦੀ ਬੇਅਦਬੀ ਕਰਨ ਵਾਲੇ ਮੱਸਾ ਰੰਘੜ ਦਾ ਸਿਰ 11 ਅਗਸਤ 1740 ਦੇ ਦਿਨ ਵੱਢਿਆ ਸੀ) ਦਾ ਪੋਤਰਾ ਸੀ। ਰਤਨ ਸਿੰਘ ਭੰਗੂ ਮੁਤਾਬਿਕ, 1809 ਵਿਚ, ਸਰ ਡੇਵਿਡ ਆਕਟਰ ਲੋਨੀ ਅਤੇ ਕੈਪਟਨ ਵਿਲਿਅਮ ਮੱਰੇ ਨੇ ਇਕ ਮੁਸਲਮਾਨ, ਬੂਟੇ ਸ਼ਾਹ, ਨੂੰ ਸਿੱਖਾਂ ਦੀ ਤਵਾਰੀਖ਼ ਲਿਖਣ ਵਾਸਤੇ ਤਾਈਨਾਤ ਕੀਤਾ ਸੀ। ਰਤਨ ਸਿੰਘ ਭੰਗੂ ਨੇ ਅੰਗਰੇਜ਼ ਅਫ਼ਸਰਾਂ ਨੂੰ ਸਮਝਾਇਆ ਕਿ ਇਕ ਗ਼ੈਰ-ਸਿੱਖ, ਤੇ ਖ਼ਾਸ ਕਰ ਕੇ ਇਕ ਮੁਸਲਮਾਨ, ਕਦੇ ਵੀ ਸਿੱਖ ਤਵਾਰੀਖ਼ ਦੇ ਨਾਲ ਇਨਸਾਫ਼ ਨਹੀਂ ਕਰੇਗਾ। ਇਸ ਮਗਰੋਂ ਰਤਨ ਸਿੰਘ ਭੰਗੂ ਨੇ ਇਨ੍ਹਾਂ ਬ੍ਰਿਟਿਸ਼ ਅਫ਼ਸਰਾਂ ਨੂੰ ਸਿਖ ਤਵਾਰੀਖ਼ ਬਿਆਨ ਕੀਤੀ ਅਤੇ ਨਾਲ ਹੀ ਆਪ ਹੀ ਲਿਖਣੀ ਵੀ ਸ਼ੁਰੂ ਕਰ ਦਿੱਤੀ। ਰਤਨ ਸਿੰਘ ਭੰਗੂ ਦੀ ਮੌਤ 1846 ਵਿਚ ਹੋਈ (ਸ਼ਾਇਦ, ਭੜੀ ਪਿੰਡ, ਤਹਿਸੀਲ ਸਮਰਾਲਾ, ਜ਼ਿਲਾ ਲੁਧਿਆਣਾ ਵਿਚ)। ਕਰਮ ਸਿੰਘ ਹਿਸਟੋਰੀਅਨ ਨੇ ਇਸ *ਪ੍ਰਾਚੀਨ ਪੰਥ ਪ੍ਰਕਾਸ਼* ਬਾਰੇ ਇਕ ਥਾਂ ਕਿਹਾ ਸੀ ਜੇ ਰਤਨ ਸਿੰਘ ਭੰਗੂ ਇਹ ਕਿਤਾਬ ਨਾ ਲਿਖਦਾ ਤਾਂ ਸਿੱਖਾਂ ਦੀ ਸਹੀ ਤਵਾਰੀਖ਼ ਨਹੀਂ ਸੀ ਲਭਣੀ।" ਪਰ ਰਤਨ ਸਿੰਘ ਭੰਗੂ ਦੀ ਕਿਤਾਬ ਵਿਚ ਵੀ ਬੜੀਆਂ ਵੱਡੀਆਂ ਤਵਾਰੀਖ਼ੀ ਗ਼ਲਤੀਆਂ ਹਨ। ਇਹ ਨਹੀਂ ਕਿਹਾ ਜਾ ਸਕਦਾ ਕਿ ਕੀ ਰਤਨ ਸਿੰਘ ਪੱਖਪਾਤੀ ਸੀ ਜਾਂ ਉਸ ਨੇ ਜਾਣ ਬੁਝ ਕੇ ਗ਼ਲਤ ਲਿਖਿਆ ਜਾਂ ਕਈ ਕੁਝ ਉਸ ਨੇ ਸੁਣੀਆਂ-ਸੁਣਾਈਆਂ ਗੱਲਾਂ ਦੇ ਅਧਾਰ 'ਤੇ ਲਿਖਿਆ ਸੀ, ਜਿਸ ਵਿਚ ਉਹ ਕੁਝ ਬੇਹੱਦ ਗ਼ਲਤ ਗੱਲਾਂ ਭਰ ਗਿਆ। ਹੋਰ ਦੇਖੋ: **ਰਤਨ ਸਿੰਘ ਭੰਗੂ**।

ਪ੍ਰਾਣ ਸੰਗਲੀ: ਇਹ ਇਕ ਕਿਤਾਬ ਹੈ, ਜੋ ਕੁਝ ਸ਼ਰਾਰਤੀਆਂ ਵੱਲੋਂ ਜਾਣ ਬੁਝ ਕੇ ਤੇ ਗ਼ਲਤ ਤੌਰ 'ਤੇ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਸੀ। ਗੁਰੂ ਅਰਜਨ ਸਾਹਿਬ ਨੇ ਇਸ ਕਿਤਾਬ ਨੂੰ ਪੜਤਾਲ ਕਰ ਕੇ ਰੱਦ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਨੇ ਇਸ ਨੂੰ ਗੁਰੂ ਨਾਨਕ ਸਾਹਿਬ ਦੀ ਰਚਨਾ ਨਹੀਂ ਮੰਨਿਆ ਸੀ। ਇਹ ਕਿਤਾਬ ਜੋਗ (ਯੋਗ) ਮੱਤ ਨਾਲ ਸਬੰਧਿਤ ਹੈ। ਹੋਰ ਵੇਖੋ: **ਕੱਚੀ ਬਾਣੀ**

ਪ੍ਰਾਰਥਨਾ: ਦੇਖੋ: **ਅਰਦਾਸ**

ਪ੍ਰੇਤ: ਪ੍ਰੇਤ ਦਾ ਲਫ਼ਜ਼ੀ ਮਾਅਨਾ ਹੈ: ਮਰ ਚੁਕਿਆ, ਮ੍ਰਿਤਕ। ਇਹ ਲਫ਼ਜ਼ ਅਖੌਤੀ ਭੂਤਾਂ, ਅਖੌਤੀ ਭਟਕਦੀਆਂ ਰੂਹਾਂ ਅਤੇ 'ਸ਼ੈਤਾਨ' ਦੇ ਸਾਥੀਆਂ ਵਾਸਤੇ ਵਰਤਿਆ ਜਾਂਦਾ ਹੈ। ਈਸਾਈ, ਹਿੰਦੂ, ਇਸਲਾਮ ਅਤੇ ਕੁਝ ਹੋਰ ਧਰਮਾਂ ਵਿਚ ਸ਼ੈਤਾਨ, ਚੁੜੈਲ,

ਦਿਨ ਘਟਦਾ ਹੈ। ਜਿਸ ਦਿਨ ਜ਼ਰਾ ਵੀ ਨਜ਼ਰ ਨਾ ਆਵੇ ਉਸ ਨੂੰ ਮੱਸਿਆ (ਲਫ਼ਜ਼ੀ ਮਾਅਨਾ: ਕਾਲਖ਼, ਕਾਲੀ ਸਿਆਹੀ) ਅਤੇ ਜਿਸ ਦਿਨ ਚੰਨ ਪੂਰਾ ਨਜ਼ਰ ਆਵੇ ਉਸ ਨੂੰ ਪੂਰਨਮਾਸ਼ੀ (ਮਾਸ਼/ਮਹੀਨਾ ਪੂਰਾ ਹੋਣਾ) ਨਾਂ ਦਿੱਤਾ ਗਿਆ ਹੈ। ਹਿੰਦੂ ਇਨ੍ਹਾਂ ਦੋਹਾਂ ਦਿਨਾਂ ਨੂੰ ਵੱਖ-ਵੱਖ ਸਮਿਆਂ 'ਤੇ ਪਵਿੱਤਰ/ਅਪਵਿੱਤਰ ਮੰਨਦੇ ਹਨ। ਸਿੱਖ ਫ਼ਲਸਫ਼ੇ ਮੁਤਾਬਿਕ, ਕੋਈ ਵੀ ਦਿਨ, ਘੰਟਾ, ਪਲ ਵਧੇਰੇ ਜਾਂ ਘਟ ਪਵਿੱਤਰ ਨਹੀਂ ਹੈ। ਇਸ ਲਈ ਮੱਸਿਆ, ਪੂਰਨਮਾਸ਼ੀ, ਸੰਗਰਾਂਦ ਦੀ ਇੱਕ ਸਿੱਖ ਲਈ ਕੋਈ ਅਹਮੀਅਤ ਨਹੀਂ ਹੈ। ਗੁਰੂ ਨਾਨਕ ਸਾਹਿਬ ਦਾ ਜਨਮ ਦਿਨ ਬਿਕ੍ਰਮੀ ਕੈਲੰਡਰ ਦੇ ਕੱਤਕ ਮਹੀਨੇ ਦੀ ਪੂਰਨਮਾਸ਼ੀ ਦੇ ਦਿਨ ਹੋਇਆ ਸੀ, ਪਰ ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਕੱਤਕ ਦੀ ਪੂਰਨਮਾਸ਼ੀ ਦੀ ਖ਼ਾਸ ਅਹਮੀਅਤ ਬਣ ਜਾਂਦੀ ਹੈ। ਇਹ ਬੜੀ ਅਜੀਬ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਨੇ 2003 ਵਿਚ ਇਕ ਨਵਾਂ ਅ-ਸਿੱਖ (ਦਰਅਸਲ ਬ੍ਰਾਹਮਣੀ) ਕੈਲੰਡਰ ਲਾਗੂ ਕਰ ਕੇ, ਮੱਸਿਆ, ਪੂਰਨਮਾਸ਼ੀ ਅਤੇ ਸੰਗਰਾਂਦ (ਤੇ ਪੰਚਮੀ ਵੀ) ਮਨਾਉਣੇ ਸ਼ੁਰੂ ਕਰ ਦਿੱਤੇ ਹਨ। ਇਹ ਸਿੱਖ ਫ਼ਲਸਫ਼ੇ ਦੇ ਮੂਲੋਂ ਹੀ ਉਲਟ ਹੈ।ਵੇਖੋ ਕਿਤਾਬ: ਨਾਨਕਸ਼ਾਹੀ ਕੈਲੰਡਰ।

ਪੂਰਬ ਕਮਾਇਆ: ਲਫ਼ਜ਼ੀ ਮਾਅਨਾ: ਪਿਛਲੀ ਕਮਾਈ ਦਾ। ਹਿੰਦੂ ਧਰਮ ਵਿਚ, ਇਸ ਦਾ ਮਤਲਬ ਪਿਛਲੇ ਜਨਮ ਦੀ ਕਮਾਈ ਤੋਂ ਹੈ। ਸਿੱਖ ਧਰਮ ਅਖੌਤੀ ਪੁਨਰ-ਜਨਮ ਅਤੇ ਹਿੰਦੂਆਂ ਦੀ 'ਕਰਮ ਫ਼ਿਲਾਸਫ਼ੀ' ਨੂੰ ਨਹੀਂ ਮੰਨਦਾ। ਸਿੱਖ ਫ਼ਲਸਫ਼ੇ ਮੁਤਾਬਿਕ ਇਸ ਦਾ ਮਤਲਬ ਰੱਬ ਤੋਂ ਮਿਲਿਆ ਤੋਹਫ਼ਾ ਹੈ, ਜੋ ਉਸ ਨੇ ਜੀਵ ਨੂੰ ਉਸ ਦੇ ਜਨਮ ਤੋਂ ਪਹਿਲਾਂ ਹੀ ਦੇਣਾ ਮਿਥ ਦਿਤਾ ਸੀ। ਦੂਜੇ ਲਫ਼ਜ਼ਾਂ ਵਿਚ ਇਸ ਦਾ ਮਾਅਨਾ ਹੈ: ਰੱਬ ਵੱਲੋਂ ਜਨਮ ਤੋਂ ਪਹਿਲਾਂ ਹੀ ਮਿੱਥੀ ਤੇ ਜੰਮਦਿਆਂ ਹੀ ਦਿੱਤੀ ਰਾਸ (ਪੂੰਜੀ) ਜਿਸ ਨਾਲ ਉਸ ਨੇ ਇਸ ਦੁਨੀਆਂ ਵਿਚ ਵਪਾਰ ਕਰਨਾ ਹੈ।

ਪੂਰਬ ਨਿਸ਼ਚਿਤ/ਪੂਰਬ ਲਿਖਿਆ: ਪੂਰਬ ਲਿਖਿਆ ਦਾ ਲਫ਼ਜ਼ੀ ਮਾਅਨਾ: ਹੈ ਪਹਿਲਾਂ ਲਿਖਿਆ। ਇਸ ਦਾ ਮਤਲਬ ਹੈ: ਜਨਮ ਤੋਂ ਪਹਿਲਾਂ ਹੀ ਜੀਵ ਦੇ ਹਿੱਸੇ ਵਿਚ ਰੱਬ ਵੱਲੋਂ ਜੋ ਲਿਖਿਆ ਗਿਆ ਸੀ। ਸਿੱਖ ਫ਼ਲਸਫ਼ੇ ਮੁਤਾਬਿਕ ਵਾਹਿਗੁਰੂ ਨੇ ਸਾਰੇ ਜੀਵਾਂ ਨੂੰ ਜੋ ਕੁਝ ਦੇਣਾ ਹੈ ਜਾਂ ਉਨ੍ਹਾਂ ਨਾਲ ਜੋ-ਜੋ ਵਾਪਰਨਾ ਹੈ, ਉਹ ਪਹਿਲਾਂ ਹੀ ਮਿਥਿਆ ਹੋਇਆ ਹੈ। ਹਰ ਮੁਕਾਮ ਅਤੇ ਹਰ ਮਰਹਲਾ ਵਾਹਿਗੁਰੂ ਦੇ ਹੁਕਮ ਵਿਚ ਹੈ। ਹਰ ਇਕ ਜੀਵ ਉਹੀ ਕਰੇਗਾ ਜੋ ਉਸ ਦੇ ਮੱਥੇ 'ਤੇ (ਉਸ ਦੇ ਹਿੱਸੇ ਵਿਚ) ਵਾਹਿਗੁਰੂ ਨੇ ਲਿਖ ਦਿੱਤਾ ਹੋਇਆ ਹੈ। ਪਰ, ਸਿੱਖ ਧਰਮ 'ਕਿਸਮਤ' ਉੱਤੇ ਸਭ ਕੁਝ ਸੁੱਟ ਦੇਣ ਵਾਲਾ ਧਰਮ ਨਹੀਂ ਹੈ। ਇੱਕ ਸਿੱਖ ਦਾ ਫ਼ਰਜ਼ ਹੈ ਕਿ ਉਹ ਆਪਣੇ ਚੰਗੇ ਭਲਕ (ਭਵਿੱਖ) ਲਈ ਕੋਸ਼ਿਸ਼ਾਂ ਕਰੇ; ਪਰ ਇਹ ਵਾਹਿਗੁਰੂ ਦੀ ਮਿਹਰ 'ਤੇ ਹੀ ਮੁਨੱਸਰ (ਨਿਰਭਰ) ਹੈ ਕਿ ਉਹ ਕਿਸ ਨੂੰ ਕੀ ਦੇਵੇਗਾ। ਸਿੱਖ ਫ਼ਲਸਫ਼ੇ ਮੁਤਾਬਿਕ, ਵਾਹਿਗੁਰੂ ਦਾ ਨਾਂ ਜਪਣਾ, ਚੰਗਾ ਇਖ਼ਲਾਕ ਅਤੇ ਵਾਹਿਗੁਰੂ ਅੱਗੇ ਅਰਦਾਸ ਉਸ ਦੀ ਮਿਹਰ ਹਾਸਿਲ ਕਰਨ ਵਿਚ ਮਦਦ ਕਰ ਸਕਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ 'ਪੂਰਬ-ਲਿਖਿਆ', 'ਪੂਰਬ ਜਨਮ ਕਾ' ਵਗ਼ੈਰਾ ਲਫ਼ਜ਼ਾਂ ਦਾ ਮਾਅਨਾ ਵੀ ਪਹਿਲਾਂ ਤੋਂ ਨੀਅਤ ਹੋਣਾ ਹੈ ਨਾ ਕਿ ਅਖੌਤੀ 'ਪਿਛਲੇ ਜਨਮ ਦੇ ਕਰਮਾਂ ਦਾ ਫਲ'। ਸਿੱਖ ਫ਼ਲਸਫ਼ਾ ਅਖੌਤੀ ਪਿਛਲੇ ਜਨਮ ਜਾਂ 'ਕਰਮਾਂ ਦਾ ਫਲ' ਨੂੰ ਨਹੀਂ ਮੰਨਦਾ। ਹੋਰ ਵੇਖੋ:

ਪੂਰਬ ਕਮਾਇਆ।

ਪੋਥੀ: ਪੋਥੀ ਦਾ ਲਫ਼ਜ਼ੀ ਮਾਅਨਾ ਹੈ: ਕਿਤਾਬ। ਗੁਰੂ ਗ੍ਰੰਥ ਸਾਹਿਬ ਨੂੰ ਵੀ ਕਈ ਵਾਰ ਪੋਥੀ ਸਾਹਿਬ ਆਖਿਆ ਜਾਂਦਾ ਹੈ। 1746 ਵਿਚ, ਪੰਜਾਬ ਦੇ ਮੁਗ਼ਲ ਸੂਬੇਦਾਰ ਯਾਹੀਆ ਖ਼ਾਨ ਦੇ ਹਿੰਦੂ ਵਜ਼ੀਰ, ਲਖਪਤ ਰਾਏ ਨੇ, ਆਪਣੀ ਸਿੱਖ-ਨਫ਼ਰਤ ਕਾਰਨ, ਕਿਤਾਬ ਵਾਸਤੇ ਲਫ਼ਜ਼ ਗ੍ਰੰਥ ਦੀ ਵਰਤੋਂ 'ਤੇ ਪਾਬੰਦੀ ਲਾ ਦਿੱਤੀ ਸੀ ਤੇ ਇਸ ਦੀ ਥਾਂ 'ਤੇ ਪੋਥੀ ਲਫ਼ਜ਼ ਵਰਤਣ ਦਾ ਹੁਕਮ ਜਾਰੀ ਕੀਤਾ ਸੀ। ਦੇਖੋ: **ਗ੍ਰੰਥ** 138

ਪੰਗਤ: ਇਸ ਦਾ ਲਫ਼ਜ਼ੀ ਮਾਅਨਾ ਹੈ: ਕਤਾਰ, ਲਾਈਨ। ਲੰਗਰ ਖਾਣ ਲਈ ਕਤਾਰ/ ਲਾਈਨ ਵਿਚ ਬੈਠਣ ਨੂੰ ਆਮ ਤੌਰ 'ਤੇ ਪੰਗਤ ਨੂੰ ਕਿਹਾ ਜਾਂਦਾ ਹੈ। ਪੰਗਤ ਦਾ ਇਹ ਮੁੱਢਲਾ ਫ਼ਲਸਫ਼ਾ ਰੁਤਬਾ, ਜ਼ਾਤ, ਰੰਗ, ਲਿੰਗ, ਦੀ ਦਰਜਾਬੰਦੀ ਅਤੇ ਹੋਰ ਹਰੇਕ ਕਿਸਮ ਦੇ ਵਿਤਕਰੇ ਨੂੰ ਰੱਦ ਕਰਦਾ ਹੈ। ਪੰਗਤ ਦਾ ਮਤਲਬ ਸਿਰਫ਼ ਫ਼ਰਸ਼ 'ਤੇ (ਭੁੰਜੇ) ਕਤਾਰ ਵਿਚ ਬੈਠਣਾ ਨਹੀਂ ਹੈ। ਜੇ ਕਰ ਕੁਰਸੀਆਂ ਜਾਂ ਮੇਜ਼ਾਂ ਉਪਰ ਸਾਰੇ ਜਣੇ, ਇੱਕੋ ਤਰੀਕੇ ਨਾਲ, ਇੱਕੋ ਜਿਹਾ ਖਾਣਾ ਖਾ ਰਹੇ ਹਨ ਤਾਂ ਉਸ ਨੂੰ ਵੀ, ਸਿੱਖ ਫ਼ਲਸਫ਼ੇ ਮੁਤਾਬਿਕ, ਪੰਗਤ ਮੰਨਿਆ ਜਾਵੇਗਾ। ਪੰਗਤ ਵਿਚ ਬੈਠਣਾ ਸਾਨੂੰ ਨਿਮਰਤਾ, ਕੌਮੀ-ਏਕਤਾ ਅਤੇ ਭਾਈਚਾਰਕ ਸਾਂਝ ਸਿਖਾਉਂਦਾ ਹੈ। ਪੰਗਤ ਦਾ ਫ਼ਲਸਫ਼ਾ ਸਿਰਫ਼ ਲੰਗਰ ਵਿਚ ਅਪਣਾਉਣ ਵਾਸਤੇ ਨਹੀਂ ਹੈ, ਸਗੋਂ ਇਹ ਤਾਂ ਜ਼ਿੰਦਗੀ ਦੇ ਹਰ ਇਕ ਮੁਕਾਮ 'ਤੇ, ਹਰ ਸਮੇਂ ਅਤੇ ਹਰ ਜਗ੍ਹਾ ਅਪਣਾਇਆ ਜਾਣਾ ਚਾਹੀਦਾ ਹੈ।

ਪੰਚ: ਪੰਚ ਲਫ਼ਜ਼, ਜੋ ਜਪੁ(ਜੀ) ਸਾਹਿਬ (ਜਾਂ ਗੁਰੂ ਗ੍ਰੰਥ ਸਾਹਿਬ ਵਿਚ ਕਈ ਹੋਰ ਥਾਂਈਂ) ਵਰਤਿਆ ਗਿਆ ਹੈ, ਦਾ ਮਤਲਬ ਪੰਜ (5 ਦੀ ਗਿਣਤੀ) ਨਹੀਂ ਹੈ। ਗੁਰਬਾਣੀ ਵਿਚ ਪੰਚ ਉਹ ਹੈ ਜੋ ਪੰਜਾਂ ਦੋਖਾਂ/ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤੋਂ ਉੱਪਰ ਹੋਵੇ। ਉਹ, ਜੋ ਇਨ੍ਹਾਂ ਪੰਜਾਂ ਤੋਂ ਛੁਟਕਾਰਾ ਪਾ ਲੈਂਦਾ ਹੈ, 'ਪੰਚ' ਹੁੰਦਾ ਹੈ। ਪੰਚ ਨੂੰ ਇੱਕ ਮਾਡਲ ਇਨਸਾਨ ਜਾਂ ਮੁਕੰਮਲ ਸ਼ਖ਼ਸੀਅਤ ਜਾਂ ਰੂਹਾਨੀ ਸ਼ਖ਼ਸੀਅਤ ਵੀ ਕਿਹਾ ਜਾ ਸਕਦਾ ਹੈ। ਹੋਰ ਦੇਖੋ: **ਪੰਜ (5 ਦੇ ਹਿੰਦਸੇ ਦਾ ਫ਼ਲਸਫ਼ਾ)** 214

ਪੰਚ ਵਿਕਾਰ: ਵੇਖੋ: **ਪੰਜ ਵਿਕਾਰ।** 217

ਪੰਜ (5 ਦੇ ਹਿੰਦਸੇ/ਗਿਣਤੀ ਦਾ ਫ਼ਲਸਫ਼ਾ): ਪੰਜ ਹਿੰਦਸਾ (ਅੰਕੜਾ) ਅਕਸਰ ਹੀ ਅਨੇਕਾਂ ਸਿੱਖ ਰਸਮਾਂ/ਜਮਾਤਾਂ ਵਿਚ ਵਰਤਿਆ ਜਾਂਦਾ ਹੈ, ਜਿਵੇਂ ਪੰਜ ਪਿਆਰੇ, ਪੰਜ ਗ੍ਰੰਥੀ। ਅਸੂਲੀ ਤੌਰ 'ਤੇ, ਸਿੱਖ ਫ਼ਲਸਫ਼ੇ ਵਿਚ ਪੰਜ ਹਿੰਦਸੇ ਦੀ ਆਪਣੇ-ਆਪ ਵਿਚ ਕੋਈ ਮਹਾਨਤਾ ਨਹੀਂ ਹੈ। ਇਹ ਤਾਂ ਸਿਰਫ਼ ਸਬਬ ਕਾਰਨ ਹੈ ਕਿ ਸਿੱਖ ਧਰਮ ਵਿਚ ਪੰਜ ਪਿਆਰੇ, ਪੰਜ ਤੱਤ (ਜਿਨ੍ਹਾਂ ਤੋਂ ਮਨੁੱਖ ਬਣਦਾ ਹੈ) ਜਾਂ ਪੰਜ ਕਕਾਰ ਹਨ; ਅਤੇ ਹਿੰਦੂ ਧਰਮ ਵਿਚ, ਪੰਜ ਪਾਂਡਵ, ਪੰਜ ਪਾਪ, ਪੰਜ ਹਥਿਆਰ ਜਾਂ ਪੰਜ ਇਸ਼ਨਾਨਾ ਹਨ (ਦੋ ਹੱਥਾਂ, ਦੋ ਪੈਰਾਂ ਅਤੇ ਮੂੰਹ ਨੂੰ ਧੋਣਾ) ਅਤੇ ਇਸਲਾਮ ਵਿੱਚ ਪੰਜ ਨਮਾਜ਼ਾਂ ਹਨ। ਸਿੱਖ ਧਰਮ ਵਿਚ, ਕਿਸੇ ਹਿੰਦਸੇ (ਅੰਕੜੇ), ਹਰਫ਼ (ਅੱਖਰ), ਨਾਂ, ਸਮਾਂ, ਦਿਨ (ਵਾਰ), ਤਾਰੀਖ਼, ਦਿਸ਼ਾ, ਥਾਂ, ਰੰਗ ਜਾਂ ਕਿਸੇ ਵੀ ਅਜਿਹੀ ਗੱਲ ਦੀ ਕੋਈ ਰੂਹਾਨੀ ਜਾਂ ਧਾਰਮਿਕ ਕੀਮਤ ਨਹੀਂ ਹੈ। (ਸਿੱਖ ਫ਼ਲਸਫ਼ੇ ਮੁਤਾਬਿਕ ਸਾਰਾ ਸਮਾਂ, ਸਾਰੇ ਦਿਨ, ਸਾਰੇ ਪਲ ਰੱਬ ਦੇ ਨਾਂ ਵਿਚ ਧਿਆਨ ਜੋੜਨ ਵਾਸਤੇ ਇੱਕੋ-ਜਿਹੇ ਪਵਿੱਤਰ ਹਨ)।

ਸਿੱਖ ਧਰਮ ਵਿਚ, "ਪੰਜ/5" ਦੀ ਕੋਈ ਵੀ ਖ਼ਾਸੀਅਤ ਜਾਂ ਅਹਿਮੀਅਤ ਨਹੀਂ ਹੈ। ਜੇ ਕਰ ਗੁਰੂ ਸਾਹਿਬਾਨ 5 ਹਿੰਦਸੇ ਨੂੰ ਰੂਹਾਨੀਅਤ ਵਾਲਾ ਸਮਝਦੇ ਤਾਂ ਪੰਜ ਗੁਰੂ ਸਾਹਿਬ ਹੁੰਦੇ (ਦਸ ਨਹੀਂ), ਚਾਰ ਦੀ ਥਾਂ 'ਤੇ ਪੰਜ ਬਜਰ ਕੁਰਹਿਤਾਂ ਮਿੱਥਦੇ ਅਤੇ ਗੁਰੂ ਗ੍ਰੰਥ ਸਾਹਿਬ ਦੇ ਪੰਜ ਸੌ ਸਫ਼ੇ ਹੁੰਦੇ ਅਤੇ ਹਰੇਕ ਬਾਣੀ ਵਿਚ ਪੰਜ ਤੁਕਾਂ ਜਾਂ ਪੌੜੀਆਂ ਹੁੰਦੀਆਂ। ਜਪੁਜੀ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਨੇ ਜੋ ਪੰਜ/ਪੰਚ (*ਪੰਚ ਪਰਵਾਣੁ, ਪੰਚ ਪਰਧਾਨੁ॥ ਪੰਚੇ, ਪਾਵਹਿ ਦਰਗਹ ਮਾਨੁ॥ ਪੰਚੇ, ਸੋਹਹਿ ਦਰਿ ਰਾਜਾਨੁ॥ ਪੰਚਾ ਕਾ, ਗੁਰੁ ਏਕੁ ਧਿਆਨੁ॥*) ਲਫ਼ਜ਼ ਵਰਤਿਆ ਹੈ, ਉਸ ਦਾ ਪਿਛੋਕੜ 5 ਦਾ ਹਿੰਦਸਾ ਨਹੀਂ ਹੈ, ਬਲਕਿ ਪੰਜ ਐਬਾਂ ਤੋਂ ਮੁਕਤ (ਬਚਿਆ) ਹੋਇਆ ਪਵਿੱਤਰ ਇਨਸਾਨ ਹੈ ਨਾ ਕਿ ਪੰਜ ਬੰਦੇ।

ਪੰਜ ਇਸ਼ਨਾਨਾ: ਲਫ਼ਜ਼ੀ ਮਾਅਨਾ: ਸਰੀਰ ਦੇ ਪੰਜ ਅੰਗਾਂ/ਹਿੱਸਿਆਂ (ਦੋ ਹੱਥਾਂ, ਦੋ ਪੈਰਾਂ ਅਤੇ ਮੂੰਹ) ਨੂੰ ਧੋਣ (ਕਈ ਵਾਰ ਤਾਂ ਸਿਰਫ਼ ਗਿੱਲੇ ਕਰਨ) ਨੂੰ ਪੰਜ ਇਸ਼ਨਾਨਾ ਕਿਹਾ ਜਾਂਦਾ ਹੈ। ਪੰਜ ਇਸ਼ਨਾਨਾ ਹਿੰਦੂ ਕਲਚਰ ਦਾ ਹਿੱਸਾ ਹੈ। ਪਰ, ਸਿੱਖ ਲਈ ਲਾਜ਼ਮੀ ਹੈ ਕਿ ਉਹ ਤੜਕੇ (ਜਾਂ ਜਿੰਨੀ ਜਲਦੀ ਹੋ ਸਕੇ) ਬਿਸਤਰੇ ਤੋਂ ਨਿਕਲੇ ਅਤੇ ਆਪਣਾ ਨਿੱਤ ਦਾ ਨੇਮ ਸ਼ੁਰੂ ਕਰਨ ਤੋਂ ਪਹਿਲਾਂ ਪੂਰੇ ਜਿਸਮ ਦੀ ਸਫ਼ਾਈ ਕਰੇ। ਪੰਜ ਇਸ਼ਨਾਨਾ ਸਿੱਖ ਇਸ਼ਨਾਨ ਨਹੀਂ ਹੈ। ਇਸ਼ਨਾਨ ਕਰਨ ਦਾ ਮਤਲਬ ਸਾਰੇ ਜਿਸਮ ਨੂੰ ਸਾਫ਼ ਕਰਨਾ ਅਤੇ ਆਲਸ (ਦਲਿੱਦਰ) ਨੂੰ ਮੁਕਾ ਕੇ ਚੁਸਤ ਬਣਨਾ ਹੈ। ਅਖੌਤੀ ਪੰਜ ਇਸ਼ਨਾਨਾ ਇਸ ਮਕਸਦ ਨੂੰ ਪੂਰਾ ਨਹੀਂ ਕਰਦਾ। ਉਂਞ, ਇਸ਼ਨਾਨ ਜਾਂ ਤੀਰਥ ਇਸ਼ਨਾਨ ਦੀ ਸਿੱਖ ਫ਼ਲਸਫ਼ੇ ਵਿਚ ਕੋਈ ਰੂਹਾਨੀ ਅਹਮੀਅਤ ਨਹੀਂ ਹੈ। ਹੋਰ ਵੇਖੋ: **ਤੀਰਥ, ਨਾਮ-ਦਾਨ-ਇਸ਼ਨਾਨ** ।੧।

168 **ਪੰਜ ਖੰਡ:** ਲਫ਼ਜ਼ੀ ਮਾਅਨਾ: ਪੰਜ ਟੁਕੜੇ/ਹਿੱਸੇ/ਖੇਤਰ/ਪੜਾਅ। ਜਪੁਜੀ ਸਾਹਿਬ ਦੀਆਂ 34 ਤੋਂ 37 ਤਕ ਪਉੜੀਆਂ ਵਿਚ ਗੁਰੂ ਨਾਨਕ ਸਾਹਿਬ ਨੇ ਜੀਵਨ ਮੁਕਤੀ ਲਈ ਰੂਹਾਨੀ ਸਫ਼ਰ ਦੇ ਪੰਜ ਪੜਾਵਾਂ ਨੂੰ ਬਿਆਨਿਆ ਹੈ। ਇਹ ਪੰਜ ਖੇਤਰ/ਪੜਾਅ ਹਨ: ਧਰਮ ਖੰਡ, (ਫ਼ਰਜ਼ ਦਾ ਖੇਤਰ/ਪੜਾਅ/ਸਟੇਜ), ਗਿਆਨ ਖੰਡ (ਗਿਆਨ ਦਾ ਪੜਾਅ), ਸਰਮ ਖੰਡ (ਮਿਹਨਤ ਦਾ ਪੜਾਅ), ਕਰਮ ਖੰਡ (ਕਿਰਪਾ/ਮਿਹਰ ਦਾ ਪੜਾਅ) ਅਤੇ ਸੱਚ ਖੰਡ (ਸੱਚ ਦਾ ਪੜਾਅ)। ਪਹਿਲੀ ਹਾਲਤ ਉਹ ਹੈ ਜਦੋਂ ਇਨਸਾਨ ਇਸ ਧਰਤੀ ਉੱਤੇ ਆਪਣਾ ਰੋਲ ਨਿਭਾਉਣ ਲਈ ਆਉਂਦਾ ਹੈ। ਉਹ ਸਮਾਜਿਕ ਜ਼ਿੰਮੇਦਾਰੀ ਅਦਾ ਕਰਦਾ ਹੈ। ਇਸ ਸਟੇਜ ਵਿਚ ਇਨਸਾਨ ਘਰ ਦਾ ਜ਼ਿੰਮੇ ਵਾਲਾ ਹਿੱਸਾ ਬਣ ਜਾਂਦਾ ਹੈ ਤੇ ਨਿਜੀ ਤੇ ਪਰਿਵਾਰਕ ਫ਼ਰਜ਼ ਨਿਭਾਉਂਦਾ ਹੈ।

ਦੂਜੀ ਹਾਲਤ ਗਿਆਨ ਖੰਡ ਹੈ: ਯਾਨਿ ਰੱਬ ਦੀ ਹਸਤੀ ਤੇ ਉਸ ਵਿਚ ਆਪਣੀ ਹੋਂਦ ਦੀ ਰਮਜ਼ ਬਾਰੇ ਚੌਕਸ ਹੋਣਾ। ਇਸ ਹਾਲਤ ਵਿਚ ਸਿਆਣਪ ਅਤੇ ਬੁੱਧੀ ਜ਼ੋਰਾਵਰ ਹੁੰਦੇ ਹਨ। ਇੱਥੇ ਗਿਆਨ ਦਾ ਮਤਲਬ ਦਿਮਾਗ਼/ਬੁੱਧੀ/ਜਾਣਕਾਰੀ ਤੋਂ ਨਹੀਂ, ਇਹ ਰੂਹਾਨੀ ਸੂਝ/ਗਿਆਨ ਹੈ। ਇਸ ਹਾਲਤ ਵਿਚ ਇਨਸਾਨ ਦਾ ਰੂਹਾਨੀ ਗਿਆਨ ਉੱਚਾ ਹੁੰਦਾ ਹੈ ਤੇ ਉਸ ਨੂੰ ਨਿਜ ਅਤੇ ਪਰਿਵਾਰ ਤੋਂ ਅੱਗੇ ਰੋਲ ਅਦਾ ਕਰਨ ਦੀ ਸੂਝ ਆਉਂਦੀ ਹੈ (ਪਰ ਨਾਲ ਹੀ ਅਹਿਸਾਸ ਹੁੰਦਾ ਹੈ ਕਿ 'ਮੈਂ' ਤਾਂ ਕੁਝ ਵੀ ਨਹੀਂ ਤੇ ਬ੍ਰਹਿਮੰਡ ਕਿੱਡਾ ਵਿਸ਼ਾਲ ਹੈ)।

ਤੀਜਾ ਖੰਡ ਸਰਮ ਖੰਡ ਹੈ: ਇਹ ਹਉਮੈ-ਰਹਿਤ ਹਾਲਤ ਹੈ। ਇਸ ਹਾਲਤ ਵਿਚ ਜਦ ਦੁਨੀਆਂ ਇਕ ਵੱਡਾ ਪਰਿਵਾਰ ਨਜ਼ਰ ਆਉਂਦੀ ਹੈ ਤਾਂ ਇਸ ਨਾਲ ਮਨ ਵਿਚ ਵਿਸ਼ਾਲਤਾ ਦਾ ਅਹਿਸਾਸ ਆਉਂਦਾ ਹੈ, ਮਿਹਨਤ ਨਾਲ ਮਨ ਸੁਹਣਾ ਘੜਿਆ ਜਾਂਦਾ ਹੈ, ਮਨ ਦੀ ਖ਼ੂਬਸੂਰਤੀ ਨਿਖਰਦੀ ਹੈ ਅਤੇ ਰੂਹਾਨੀ ਸੁਰਤ ਉਚੀ ਹੋਣ ਲਗ ਪੈਂਦੀ ਹੈ।

ਚੌਥਾ ਪੜਾਅ ਕਰਮ ਖੰਡ ਹੈ। ਇਸ ਹਾਲਤ ਵਿਚ ਰੱਬ ਦੀ ਮਿਹਰ ਦਾ ਦਰ ਖੁਲ੍ਹ ਜਾਦਾ ਹੈ, ਇਨਸਾਨ ਹਉਮੈ ਤੋਂ ਛੁਟਕਾਰਾ ਪਾ ਲੈਂਦਾ ਹੈ ਤੇ ਹਰ ਪਾਸੇ ਵਾਹਿਗੁਰੂ ਹੀ ਨਜ਼ਰ ਆਉਂਦਾ ਹੈ। ਇਸ ਹਾਲਤ ਵਿਚ ਇਨਸਾਨ ਰੱਬ ਦੀ ਸਿਫ਼ਤ-ਸਲਾਹ ਵਿਚ ਮਸਤ ਰਹਿੰਦਾ ਹੈ ਅਤੇ ਜਿਹੜਾ ਰੱਬ ਵਿਚ ਸੁਰਤ ਟਿਕਾਈ ਰਖਦਾ ਹੈ ਉਸ ਨੂੰ ਮਾਇਆ ਠੱਗ ਨਹੀਂ ਸਕਦੀ। ਹੁਣ ਉਸ ਦਾ ਰਾਹਬਰ (ਰਾਹ ਦਿਖਾਉਣ ਵਾਲਾ) ਰੱਬ ਆਪ ਹੈ। ਉਸ 'ਤੇ ਰੱਬ ਦੀ ਮਿਹਰ ਹੋ ਜਾਂਦੀ ਹੈ ਤੇ ਉਹ ਰੂਹਾਨੀ ਅਨੰਦ ਵਿਚ ਮਸਤ ਰਹਿੰਦਾ ਹੈ।

ਪੰਜਵੀਂ ਸਟੇਜ 'ਸੱਚ ਖੰਡ' ਦੀ ਹੈ। ਇਹ ਇਨਸਾਨ ਦੇ ਰੂਹਾਨੀ ਸਫ਼ਰ ਦਾ ਆਖਰੀ ਪੜਾਅ ਹੈ। ਇਹ ਸੱਚਾਈ ਦਾ ਖੇਤਰ ਹੈ। ਇਹ ਉੱਚੇ ਇਖ਼ਲਾਕ ਦੀ ਹਾਲਤ ਹੈ। ਇਸ ਪੜਾਅ 'ਤੇ ਪਹੁੰਚਣ ਵਾਲੇ ਜੀਵ ਦੇ ਮਨ ਵਿਚ ਰੱਬ ਦਾ ਅਹਿਸਾਸ ਹਰ ਵੇਲੇ ਰਹਿੰਦਾ ਹੈ, ਅਤੇ ਇਸ ਆਲਮ ਵਿਚ ਉਹ ਜੀਵ ਅਕਾਲ ਪੁਰਖ ਦੀ ਸੱਚੀ ਟਕਸਾਲ ਵਿੱਚੋਂ ਜਤ, ਧੀਰਜ, ਮੱਤ, ਗਿਆਨ, ਨਿਰਮਲ ਭਉ ਤੇ ਮੁਹੱਬਤ ਹਾਸਿਲ ਕਰਦਾ ਹੈ। ਇਸ ਨਾਲ ਜੀਵ ਵਿਚ ਉਹ ਹਸਤੀ ਘੜੀ ਜਾਂਦੀ ਹੈ ਜਿਹੜੀ ਉਸ ਨੂੰ 'ਸੋਹੰ' (ਉਹ ਮੈਂ ਹੈ ਤੇ ਮੈਂ ਉਹ ਹਾਂ, ਯਾਨਿ ਰੱਬ ਤੇ ਜੀਵ ਦੋਹਾਂ ਵਿਚ ਕੋਈ ਫ਼ਰਕ ਨਹੀਂ ਰਹਿੰਦਾ) ਬਣਾ ਦੇਂਦੀ ਹੈ। ਪਰ ਇਸ ਵਿਚ ਵੀ ਸ਼ਰਤ ਹੈ ਕਿ ਇਹ ਉਸ ਨੂੰ ਹੀ ਹਾਸਿਲ ਹੁੰਦੀ ਹੈ ਜਿਸ 'ਤੇ ਉਸ ਦੀ ਨਦਰ ਤੇ ਕਰਮ/ਮਿਹਰ ਹੋਵੇ ਤੇ ਫਿਰ ਅਜਿਹੀ ਰੂਹ ਸਦਾ 'ਸਹਿਜ' ਵਿਚ 'ਨਿਹਾਲ' ਰਹਿੰਦੀ ਹੈ।

ਪੰਜ ਤੱਤ: ਸਿੱਖ ਧਰਮ ਮੁਤਾਬਿਕ, ਇਨਸਾਨ ਦਾ ਜਿਸਮਾਨੀ ਵਜੂਦ ਪੰਜ ਤੱਤਾਂ ਦਾ ਬਣਿਆ ਹੋਇਆ ਹੈ। ਇਹ ਪੰਜ ਹਨ: ਹਵਾ, ਪਾਣੀ, ਅੱਗ, ਧਰਤੀ ਅਤੇ ਅਕਾਸ਼। ਇਨਸਾਨ ਦੀ ਜਿਸਮਾਨੀ ਮੌਤ ਤੋਂ ਬਾਅਦ ਇਹ ਪੰਜੇ ਹੀ ਤੱਤ ਆਪਣੇ-ਆਪਣੇ ਮੂਲ ਵਿਚ ਸਮਾ ਜਾਂਦੇ ਹਨ:

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥ (ਸਫ਼ਾ 1427)

ਪੰਜ ਦੋਖ: ਲਫ਼ਜ਼ੀ ਮਾਅਨਾ: ਪੰਜ ਕਮਜ਼ੋਰੀਆਂ। ਗੁਰੂ ਗ੍ਰੰਥ ਸਾਹਿਬ ਵਿਚ, ਇਹ ਲਫ਼ਜ਼ ਕੁਝ ਜਾਨਵਰਾਂ ਅਤੇ ਇਨਸਾਨ ਦੀਆਂ ਕੁਝ ਖ਼ਾਸ ਕਮਜ਼ੋਰੀਆਂ ਬਾਰੇ ਵਰਤਿਆ ਗਿਆ ਹੈ। ਜਿਵੇਂ ਮੱਛੀ ਨੂੰ ਜੀਭ ਦਾ ਚਸਕਾ ਹੈ, ਹਿਰਨ ਦੀ ਕਮਜ਼ੋਰੀ ਨਾਦ (ਸੰਗੀਤ) ਹੈ, ਭੌਰੇ ਦੀ ਕਮਜ਼ੋਰੀ ਫੁੱਲਾਂ ਦੀ ਸੁਗੰਧ ਹੈ, ਪਤੰਗਾ ਸ਼ਮ੍ਹਾ (ਅੱਗ) ਨਾਲ ਇਸ਼ਕ ਕਰਦਾ ਹੈ, ਹਾਥੀ ਦੀ ਕਮਜ਼ੋਰੀ ਕਾਮ ਹੈ। ਇਨ੍ਹਾਂ ਨੂੰ ਫਸਾਉਣ (ਫੜਨ) ਵਾਸਤੇ ਸ਼ਿਕਾਰੀਆਂ ਵੱਲੋਂ ਇਨ੍ਹਾਂ ਦੀਆਂ ਕਮਜ਼ੋਰੀਆਂ ਨੂੰ ਵਰਤਿਆ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਕਿਸੇ ਜਾਨਵਰ ਵਿਚ ਇਕ ਦੋਖ ਅਤੇ ਕਿਸੇ ਵਿਚ ਦੂਜਾ ਦੋਖ ਹੈ, ਪਰ ਇਕ ਇਨਸਾਨ ਤਾਂ ਇਨ੍ਹਾਂ ਸਾਰੀਆਂ ਕਮਜ਼ੋਰੀਆਂ ਦਾ ਮਰੀਜ਼ ਹੋ ਸਕਦਾ

ਹੈ ਅਤੇ ਜਿਸ ਵਿਚ ਇਹ ਸਾਰੀਆਂ ਕਮਜ਼ੋਰੀਆਂ ਹੋਣ, ਫਿਰ ਉਹ ਬਚ ਕਿਵੇਂ ਸਕਦਾ ਹੈ? (ਜੇ ਉਹ ਗੁਰੂ ਦੀ ਪਨਾਹ/ਸ਼ਰਨ ਵਿਚ ਆ ਜਾਵੇ ਤਾਂ ਹੀ ਉਸ ਦਾ ਬਚਾਅ ਹੈ):

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ, ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ, ਤਾ ਕੀ ਕੇਤਕ ਆਸ॥ (ਸਫ਼ਾ 486)

ਪਰੇ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ ਇਕ ਇੰਦ੍ਰੀ ਪਕਰਿ ਸਘਾਰੇ॥
ਪੰਚ ਭੂਤ ਸਬਲ ਹੈ ਦੇਹੀ ਗੁਰੁ ਸਤਿਗੁਰੁ ਪਾਪ ਨਿਵਾਰੇ॥ (ਸਫ਼ਾ 983)

ਪੰਜ ਪਿਆਰੇ: ਇਹ ਲਫ਼ਜ਼ ਉਹਨਾਂ ਪੰਜ ਸਿੱਖਾਂ ਵਾਸਤੇ ਵਰਤਿਆ ਜਾਂਦਾ ਹੈ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਪਣੀਆਂ ਜਾਨਾਂ ਭੇਂਟ/ਸਮਰਪਣ ਕੀਤੀਆਂ ਸਨ, ਜਦੋਂ ਉਨ੍ਹਾਂ ਨੇ 29 ਮਾਰਚ 1698/99 ਨੂੰ ਖ਼ਾਲਸਾ ਪ੍ਰਗਟ ਕੀਤਾ ਸੀ। ਇਹ ਪੰਜ ਸਨ: ਭਾਈ ਦਇਆ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਧਰਮ ਸਿੰਘ ਤੇ ਭਾਈ ਹਿੰਮਤ ਸਿੰਘ। ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਨੂੰ ਆਪਣੇ ਹੱਥਾਂ ਨਾਲ ਖੰਡੇ ਦੀ ਪਾਹੁਲ ਦਿੱਤੀ ਸੀ ਤੇ ਇਨ੍ਹਾਂ ਤੋਂ ਬਾਅਦ ਬਾਕੀ ਦੇ ਸਿੱਖਾਂ ਨੂੰ। ਅਜ-ਕਲ੍ਹ ਜਿਹੜੇ ਵੀ ਪੰਜ ਸਿੱਖ ਖੰਡੇ ਦੀ ਪਾਹੁਲ ਦਿੰਦੇ ਹਨ, ਉਨ੍ਹਾਂ ਨੂੰ ਵੀ ਪੰਜ ਪਿਆਰੇ ਕਿਹਾ ਜਾਂਦਾ ਹੈ। ਕੋਈ ਵੀ ਅੰਮ੍ਰਿਤਧਾਰੀ ਸਿੱਖ, ਜੋ ਤਨਖ਼ਾਹੀਆ ਨਾ ਹੋਵੇ (ਔਰਤ ਅਤੇ ਮਰਦ ਦੋਵੇਂ ਹੀ) ਖੰਡੇ ਦੀ ਪਾਹੁਲ ਦੇਣ ਲਈ ਪੰਜ ਪਿਆਰਿਆਂ ਵਿਚ ਸ਼ਾਮਿਲ ਹੋ ਸਕਦੇ ਹਨ। ਪਾਹੁਲ ਦੇਣ ਵਾਲੇ ਇਹ ਪੰਜ ਸਿੰਘ/ਸਿੰਘਣੀਆਂ ਸਿਰਫ਼ ਪਾਹੁਲ ਦੇਣ ਵੇਲੇ ਹੀ 'ਪੰਜ ਪਿਆਰੇ' ਅਖਵਾ ਸਕਦੇ ਹਨ, ਇਸ ਤੋਂ ਮਗਰੋਂ ਉਹ ਆਮ ਸਿੱਖ ਹੁੰਦੇ ਹਨ। ਅੱਜ ਕੱਲ੍ਹ, ਗੁਰੂ ਸਾਹਿਬ ਵੇਲੇ ਦੇ ਤਖ਼ਤਾਂ 'ਤੇ ਬਣੇ ਗੁਰਦੁਆਰਿਆਂ ਦੇ ਗ੍ਰੰਥੀ (ਅਖੌਤੀ ਜਥੇਦਾਰ/ਹੈਡ ਗ੍ਰੰਥੀ), ਜੋ ਆਪਣੇ ਆਪ ਨੂੰ (ਅਖੌਤੀ) 'ਸਿੰਘ ਸਾਹਿਬਾਨ' ਕਹਿੰਦੇ ਹਨ, ਆਪਣੇ-ਆਪ ਨੂੰ ਗੁਰੂ ਸਾਹਿਬ ਵਾਲੇ ਪੰਜ ਪਿਆਰੇ ਹੋਣ ਦਾ ਝੂਠਾ ਦਾਅਵਾ/ਢੌਂਗ ਵੀ ਕਰਦੇ ਹਨ।

ਪੰਜ ਬੁਰਾਈਆਂ: ਗੁਰੂ ਗ੍ਰੰਥ ਸਾਹਿਬ ਵਿਚ ਪੰਜ ਚੋਰ, ਪੰਜ ਵਿਕਾਰ, ਪੰਚ ਦੋਖ, ਕਿਲਬਿਖ/ਕਿਲਵਿਖ/ਪਾਪ ਸਬੰਧੀ ਕਈ ਇਸ਼ਾਰੇ ਦਿੱਤੇ ਗਏ ਹਨ। ਇਹ ਇਨਸਾਨ ਵਿਚ ਪੰਜ ਮੁੱਖ ਬੁਰਾਈਆਂ ਹੋ ਸਕਦੀਆਂ ਹਨ, ਜੋ ਮੁਕਤੀ ਦੇ ਰਸਤੇ ਵਿੱਚ ਰੁਕਾਵਟ ਹਨ। ਇਹ ਪੰਜ ਹਨ: ਕਾਮ (ਜਿਸਮ ਭੋਗਣਾ, ਯਾਨਿ ਸੈਕਸ), ਕਰੋਧ (ਗੁੱਸਾ), ਲੋਭ (ਲਾਲਚ), ਮੋਹ (ਪਕੜ) ਤੇ ਹੰਕਾਰ (ਦੌਲਤ/ਤਾਕਤ/ਜਿਸਮ ਜਾਂ ਅਖੌਤੀ ਉੱਚਾਪਣ/ਵੱਡਾਪਣ ਦੀ ਆਕੜ ਜਾਂ ਅਹਿਸਾਸ)। ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਸਬੰਧੀ ਵਾਰ-ਵਾਰ ਜ਼ਿਕਰ ਆਉਂਦਾ ਹੈ। ਇਨ੍ਹਾਂ ਪੰਜਾਂ ਉੱਤੇ ਕਾਬੂ ਪਾਉਣ ਵਾਸਤੇ ਇਨਸਾਨ ਨੂੰ ਰੱਬ ਦੇ ਨਾਂ ਵਿੱਚ ਧਿਆਨ ਜੋੜਨਾ ਅਤੇ ਸੱਚਾ ਜੀਵਨ ਜੀਣਾ ਪਵੇਗਾ। ਹੋਰ ਵੇਖੋ: **ਪੰਚ ਦੋਖ**। 216

ਪੰਜ ਵਿਕਾਰ: ਲਫ਼ਜ਼ੀ ਮਾਅਨਾ: ਪੰਜ ਬੁਰਾਈਆਂ। ਇਨਸਾਨ ਦੇ ਅੰਦਰ ਪੰਜ ਵੱਡੇ ਵਿਕਾਰ ਮੰਨੇ ਗਏ ਹਨ, ਜੋ ਇਨਸਾਨ ਦੀ ਮੁਕਤੀ ਦੇ ਰਸਤੇ ਵਿਚ ਰੁਕਾਵਟ ਹਨ। ਇਹ ਪੰਜ ਹਨ: ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।

ਹਰ ਧਰਮ ਵਿਚ ਕੁਝ ਗ਼ਲਤ, ਗ਼ੈਰ-ਇਖ਼ਲਾਕੀ, ਅ-ਰੂਹਾਨੀ ਕਾਰਵਾਈਆਂ ਕਰਨ ਤੋਂ ਰੋਕਿਆ ਗਿਆ ਹੈ। ਹਿੰਦੂ ਫ਼ਲਸਫ਼ੇ ਵਿਚ ਬ੍ਰਹਮ-ਹੱਤਿਆ, ਸ਼ਰਾਬ, ਵਿਭਚਾਰ, ਚੋਰੀ, ਅਕ੍ਰਿਤਘਣਤਾ ਪੰਜ ਵੱਡੇ (ਮਹਾਂ) ਪਾਪ ਹਨ। ਇਸਲਾਮ ਵਿਚ ਚੋਰੀ, ਜ਼ਿਨਾਹ

(ਵਿਭਚਾਰ), ਸ਼ਰਾਬ, ਜ਼ੁਲਮ ਤੇ ਝੂਠ ਪੰਜ ਦੋਸ਼ ਹਨ। ਸਿੱਖ ਧਰਮ ਵਿਚ ਬਜਰ ਕੁਰਹਿਤਾਂ ਤੇ ਕੁਰਹਿਤਾਂ 'ਦੋਖ' ਹਨ। ਦੇਖੋ: **ਸਿੱਖ ਰਹਿਤਾਂ ਤੇ ਕੁਰਹਿਤਾਂ, ਬਜਰ ਕੁਰਹਿਤਾਂ**। ਹੋਰ ਦੇਖੋ: **ਪ੍ਰੰਚ, ਪੰਜ ਦਾ ਹਿੰਦਸਾ/ਗਿਣਤੀ ਦਾ ਫ਼ਲਸਫ਼ਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਹਉਮੈ, ਪੰਜ ਬੁਰਾਈਆਂ**।

ਪੰਜਾਬੀ: ਇਹ ਸਿੱਖ ਹੋਮਲੈਂਡ ਦੇ ਲੋਕਾਂ ਦੀ ਜ਼ਬਾਨ/ਬੋਲੀ ਹੈ। ਪੰਜਾਬੀ ਬੋਲੀ ਦਾ ਪਿਛੋਕੜ ਭਾਵੇਂ ਕਿਸੇ ਇਕ ਸਦੀ ਵਿਚ ਨਹੀਂ ਮਿਥਿਆ ਜਾ ਸਕਦਾ ਪਰ ਨੌਵੀਂ ਸਦੀ ਵਿਚ ਇਸ ਬੋਲੀ ਦੇ ਬੋਲੇ ਜਾਣ ਦੇ ਸਬੂਤ ਜ਼ਰੂਰ ਮਿਲਦੇ ਹਨ। ਇਸ ਵਕਤ ਪੰਜਾਬੀ ਬੋਲੀ ਤਕਰੀਬਨ ਪੂਰਾ ਪਾਕਿਸਤਾਨ, ਪੰਜਾਬ, ਹਰਿਆਣਾ, ਹਿਮਾਂਚਲ, ਦਿੱਲੀ, ਰਾਜਿਸਥਾਨ ਤੇ ਭਾਰਤ ਦੇ ਕਈ ਸੂਬਿਆਂ ਵਿਚ ਬੋਲੀ ਜਾਂਦੀ ਹੈ। ਯੂਰਪ ਤੇ ਨਾਰਥ ਅਮਰੀਕਾ ਵਿਚ ਵੀ ਘਟ ਤੋਂ ਘਟ 40 ਲੱਖ ਲੋਕ ਪੰਜਾਬੀ ਬੋਲਦੇ/ਸਮਝਦੇ ਹਨ। ਇਹ ਦੁਨੀਆਂ ਦੀਆਂ ਪਹਿਲੀਆਂ 15 ਜ਼ਬਾਨਾਂ ਵਿੱਚੋਂ ਇਕ ਹੈ। ਸਿੱਖ ਧਰਮ ਬਾਰੇ ਬਹੁਤੀਆਂ ਲਿਖਤਾਂ ਪੰਜਾਬੀ ਜ਼ਬਾਨ ਤੇ ਗੁਰਮੁਖੀ ਲਿੱਪੀ ਵਿਚ ਮਿਲਦੀਆਂ ਹਨ। ਜੋ ਸ਼ਖ਼ਸ ਵੀ, ਸਿੱਖ ਧਰਮ ਬਾਰੇ ਸਹੀ ਜਾਣਕਾਰੀ ਚਾਹੁੰਦਾ ਹੈ, ਉਸ ਨੂੰ ਇਸ ਬੋਲੀ ਅਤੇ ਗੁਰਮੁਖੀ ਲਿੱਪੀ ਦੀ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਹੈ। **ਪੰਜਾਬੀ** ਉਨ੍ਹਾਂ ਮਰਦਾਂ ਨੂੰ ਵੀ ਕਹਿੰਦੇ ਹਨ ਜਿਹੜਾ ਪੰਜਾਬ ਦਾ ਰਹਿਣ ਵਾਲਾ ਹੋਵੇ (ਪੰਜਾਬ ਨਾਲ ਸਬੰਧਤ ਔਰਤ ਨੂੰ 'ਪੰਜਾਬਣ' ਕਹਿੰਦੇ ਹਨ)।

ਪੰਥ: ਪੰਥ/ਪੱਥ ਦਾ ਲਫ਼ਜ਼ੀ ਮਾਅਨਾ ਹੈ: ਰਸਤਾ। ਸਿੱਖ ਧਰਮ ਰੂਹਾਨੀ ਅਤੇ ਸਮਾਜਿਕ ਜ਼ਿੰਦਗੀ ਦਾ ਰਸਤਾ, ਜੀਵਨ ਜਾਚ ਹੈ; ਇਸ ਲਈ ਇਸ ਨੂੰ ਪੰਥ ਕਿਹਾ ਜਾਂਦਾ ਹੈ। ਅਜ-ਕਲ੍ਹ ਇਸ ਦਾ ਮਾਅਨਾ ਸਮੁੱਚੀ ਸਿੱਖ ਕੌਮ ਵੀ ਹੈ। ਆਮ ਸਿੱਖਾਂ ਦੇ ਧਾਰਮਿਕ ਇੱਕਠ ਨੂੰ ਸੰਗਤ ਜਾਂ ਸਿੱਖ ਸੰਗਤ ਕਿਹਾ ਜਾਂਦਾ ਹੈ।

ਪੰਥ ਦੀ ਜੀਤ: 'ਪੰਥ ਦੀ ਜਿੱਤ' (ਹਿੰਦੀ ਵਿਚ 'ਪੰਥ ਕੀ ਜੀਤ') ਦਾ ਲਫ਼ਜ਼ੀ ਮਾਅਨਾ ਹੈ: ਪੰਥ ਦੀ (ਸਿੱਖ ਕੌਮ) ਦੀ ਹਮੇਸ਼ਾ ਜਿੱਤ ਹੋਵੇ। ਸਿੱਖ ਦੀ ਅਰਦਾਸ ਵਿਚ ਵਾਹਿਗੁਰੂ ਅੱਗੇ ਇਹ ਵੀ ਅਰਜ਼ ਹੈ ਕਿ ਹੇ ਵਾਹਿਗੁਰੂ ਆਪਣੇ ਪੰਥ ਨੂੰ ਹਮੇਸ਼ਾ ਜਿੱਤ/ਕਾਮਯਾਬੀ ਬਖ਼ਸ਼ਣ।

ਪੰਥ ਪ੍ਰਕਾਸ਼: ਇਹ ਸਿੱਖ ਤਵਾਰੀਖ਼ ਦੀ (ਕਵਿਤਾ ਵਿਚ) ਇਕ ਕਿਤਾਬ ਹੈ ਜੋ ਗਿਆਨੀ ਗਿਆਨ ਸਿੰਘ ਦੀ ਲਿਖੀ ਗਈ ਸੀ। ਇਹ ਮੁਖ ਤੌਰ 'ਤੇ ਭਾਈ ਰਤਨ ਸਿੰਘ ਭੰਗੂ ਦੇ 'ਪ੍ਰਾਚੀਨ ਪੰਥ ਪ੍ਰਕਾਸ਼' 'ਤੇ ਅਧਾਰਿਤ ਹੈ। ਗਿਆਨ ਸਿੰਘ ਦੀ ਕਿਤਾਬ ਵਿਚ ਕਵੀ ਨਿਹਾਲ ਸਿੰਘ ਲਾਹੌਰ ਦੀਆਂ ਲਿਖੀਆਂ ਬੜੀਆਂ ਕਵਿਤਾਵਾਂ ਸ਼ਾਮਿਲ ਹਨ। ਸੰਤੋਖ ਸਿੰਘ (ਗੁਰ ਪ੍ਰਤਾਪ ਸੂਰਜ ਗ੍ਰੰਥ) ਦੀ ਤਰ੍ਹਾਂ ਗਿਆਨੀ ਗਿਆਨ ਸਿੰਘ ਨੇ ਵੀ ਬਹੁਤ ਥਾਂਵਾਂ 'ਤੇ ਸਿੱਖ ਧਰਮ ਦੇ ਸਿਧਾਂਤਾਂ ਅਤੇ ਸਿੱਖ ਇਤਿਹਾਸ ਦੇ ਤੱਥਾਂ ਨੂੰ ਤੋੜ-ਮਰੋੜ ਕੇ ਤੇ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਹੈ। ਬੇਸ਼ਕ ਪੰਜਾਬੀ ਵਿਚ ਇਹ ਪਹਿਲੀ ਤਾਰੀਖ਼ਵਾਰ ਤਵਾਰੀਖ਼ ਹੈ ਪਰ ਲੇਖਕ ਨੇ ਬਹੁਤ ਸਾਰੀਆਂ ਘਟਨਾਵਾਂ ਕੋਲੋਂ ਘੜੀਆਂ ਸਨ ਤੇ ਬਹੁਤ ਸਾਰੀਆਂ ਘਟਨਾਵਾਂ ਨੂੰ ਵਧਾ-ਚੜ੍ਹਾ ਕੇ ਜਾਂ ਉਨ੍ਹਾਂ ਵਿਚ ਗ਼ਲਤ ਗੱਲਾਂ ਭਰ ਕੇ ਲਿਖਿਆ ਸੀ।

ਪੰਨਾ: ਕੁਝ ਸਿੱਖ 'ਪੰਨਾ' ਲਫ਼ਜ਼ ਗੁਰੂ ਗ੍ਰੰਥ ਸਾਹਿਬ ਦੇ ਸਫ਼ਿਆਂ ਵਾਸਤੇ ਵਰਤਦੇ

ਹਨ। ਪੰਨਾ ਲਫ਼ਜ਼ 'ਪਤਰਨ' ਤੋਂ ਬਣਿਆ ਹੈ ਜਿਸ ਦਾ ਮਾਅਨਾ ਹੈ: ਖੰਭ। ਪਾਲੀ ਬੋਲੀ ਵਿਚ 'ਪਣ' ਪੱਤੇ ਵਾਸਤੇ ਵਰਤਿਆ ਜਾਂਦਾ ਹੈ। ਪੁਰਾਣੇ ਵੇਲਿਆਂ ਵਿਚ ਇਸ ਵਾਸਤੇ ਪੱਤ (ਪੱਤਾ) ਲਫ਼ਜ਼ ਵਰਤਿਆ ਜਾਂਦਾ ਸੀ, ਕਿਉਂ ਕਿ ਉਦੋਂ ਕਿਤਾਬਾਂ/ਲਿਖਤਾਂ ਢਾਕ ਦਰਖ਼ਤ ਦੇ ਪੱਤਿਆਂ 'ਤੇ ਲਿਖੀਆਂ ਜਾਂਦੀਆਂ ਸਨ। ਕੁਝ ਲਿਖਾਰੀ ਅੰਗ, ਸਫ਼ਾ, ਪੱਤਰਾ ਅਤੇ ਪੱਤ ਲਫ਼ਜ਼ ਵੀ ਵਰਤਦੇ ਹਨ। ਇਨ੍ਹਾਂ ਸਾਰਿਆਂ ਦਾ ਮਤਲਬ ਸਫ਼ਾ ਹੈ। ਇਨ੍ਹਾਂ ਵਿਚੋਂ ਕਿਸੇ ਵੀ ਲਫ਼ਜ਼ ਦੀ ਵਰਤੋਂ ਪਿੱਛੇ ਕੋਈ ਵੀ ਧਾਰਮਿਕ ਜਾਂ ਰੂਹਾਨੀ ਅਹਿਮੀਅਤ ਨਹੀਂ ਹੈ। ਇਨ੍ਹਾਂ ਵਿੱਚੋਂ ਕੋਈ ਲਫ਼ਜ਼ ਵਧੀਆ ਜਾਂ ਮਾੜਾ ਨਹੀਂ ਹੈ। ਪੰਨਾ, ਸਫ਼ਾ, ਪਤਰਾ ਸਭ ਇੱਕੋ ਹਨ। ਗੁਰੂ ਗ੍ਰੰਥ ਸਾਹਿਬ ਜਾਂ ਗੁਰਬਾਣੀ ਦੇ ਗੁਟਕਿਆਂ ਦੇ ਸਫ਼ਿਆਂ ਵਾਸਤੇ ਕੋਈ ਲਫ਼ਜ਼ ਵੀ ਵਰਤਿਆ ਸਕਦਾ ਹੈ। (ਜਿਵੇਂ ਕਿ ਇਹ ਲੇਖਕ 'ਸਫ਼ਾ' ਲਫ਼ਜ਼ ਦੀ ਵਰਤੋਂ ਹੀ ਕਰਦਾ ਹੈ)। 1887 (ਜਦੋਂ ਗੁਰੂ ਗ੍ਰੰਥ ਸਾਹਿਬ ਪ੍ਰਿੰਟਿੰਗ ਪ੍ਰੈਸ ਵਿਚ ਪਹਿਲੀ ਵਾਰ ਛਾਪਿਆ ਗਿਆ ਸੀ) ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੇ ਸਫ਼ਿਆਂ ਦੀ ਥਾਂ ਵਰਕਿਆਂ (ਦੋ ਸਫ਼ੇ, ਅੱਗੇ-ਪਿੱਛੇ) ਦੇ ਨੰਬਰ ਹੁੰਦੇ ਸਨ।

ਪ੍ਰਕਾਸ਼ ਕਰਨਾ: ਲਫ਼ਜ਼ੀ ਮਾਅਨਾ: ਚਾਨਣ ਕਰਨਾ/ਤਹਿ ਖੋਲਣਾ/ਪ੍ਰਗਟ ਕਰਨਾ/ਦਿਖਾਉਣਾ। ਸਿੱਖ ਬੋਲੀ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਸਜਾ ਕੇ, ਖੋਲ੍ਹ ਕੇ, ਮੱਥਾ ਟੇਕ ਕੇ, ਪਾਠ ਸ਼ੁਰੂ ਕਰਨ ਨੂੰ 'ਪ੍ਰਕਾਸ਼ ਕਰਨਾ' ਕਿਹਾ ਜਾਂਦਾ ਹੈ। ਜੇ ਕਰ ਗੁਰੂ ਗ੍ਰੰਥ ਸਾਹਿਬ ਪਹਿਲਾਂ ਹੀ ਉਸੇ ਕਮਰੇ ਵਿਚ ਸੁਖ-ਆਸਣ ਵਾਸਤੇ ਰੱਖਿਆ ਹੋਇਆ ਹੋਵੇ ਤਾਂ ਫਿਰ ਸਿਰਫ਼ ਰੁਮਾਲਾ ਉਤਾਰ ਕੇ ਅਰਦਾਸ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਵਾਕ/ਹੁਕਮਨਾਮਾ ਪੜ੍ਹਿਆ ਜਾਂਦਾ ਹੈ। ਪਰ ਜੇ ਕਰ ਗੁਰੂ ਗ੍ਰੰਥ ਸਾਹਿਬ ਨੂੰ ਪਿਛਲੀ ਰਾਤ ਕਿਸੇ ਹੋਰ ਕਮਰੇ ਜਾਂ ਕਿਸੇ ਹੋਰ ਥਾਂ 'ਤੇ ਲਿਜਾਇਆ ਗਿਆ ਹੋਵੇ, ਤਾਂ ਉੱਥੇ ਵੀ ਅਰਦਾਸ ਕੀਤੀ ਜਾਂਦੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸਿਰ 'ਤੇ ਚੁੱਕ ਕੇ ਪਾਲਕੀ ਵਿਚ ਲਿਜਾਇਆ ਜਾਂਦਾ ਹੈ। ਬਾਕੀ ਹਾਜ਼ਰ ਸਿੱਖ ਉਸ ਕਮਰੇ ਤਕ ਪਿੱਛੇ-ਪਿੱਛੇ ਜਾਂਦੇ ਹਨ ਜਿੱਥੇ ਗੁਰੂ ਸਾਹਿਬ ਦਾ ਪ੍ਰਕਾਸ਼ ਕਰਨਾ ਹੈ। ਫਿਰ ਉੱਥੇ ਜਾ ਕੇ ਅਰਦਾਸ ਕੀਤੀ ਜਾਂਦੀ ਹੈ ਅਤੇ ਵਾਕ ਲਿਆ ਜਾਂਦਾ ਹੈ। ਇਸ ਨੂੰ ਪ੍ਰਕਾਸ਼ ਕਰਨਾ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਸਰੂਪ ਦਾ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ ਵਿਖੇ 16 ਅਗਸਤ 1604 ਨੂੰ ਕੀਤਾ ਗਿਆ ਸੀ। ਵਾਰ-ਵਾਰ ਅਰਦਾਸਿ ਕਰਨਾ ਸਿਰਫ਼ ਕਰਮ-ਕਾਂਡ ਹੈ, ਜਿਸ ਦੀ ਸਿੱਖੀ ਵਿਚ ਕੋਈ ਥਾਂ ਨਹੀਂ ਹੈ।।

ਪ੍ਰਕਿਰਤੀ: ਲਫ਼ਜ਼ੀ ਮਾਅਨਾ: ਕੁਦਰਤ। ਸਿੱਖ ਫ਼ਲਸਫ਼ੇ ਮੁਤਾਬਿਕ ਸਾਰੀ ਦਿਸਦੀ ਦੁਨੀਆਂ, ਸਾਰਾ ਬ੍ਰਹਮੰਡ, ਉਸ ਅਕਾਲ ਪੁਰਖ ਦੀ ਕੁਦਰਤ ਹੈ ਤੇ ਉਸ ਦੀ ਰਚਨਾ ਹੈ। ਉਸ ਵਾਹਿਗੁਰੂ ਨੂੰ ਅਸੀਂ ਉਸ ਦੀ ਕੁਦਰਤ ਵਿਚੋਂ ਵੇਖ (ਤੇ ਵਿਸਮਾਦ ਵਿਚ ਆ) ਸਕਦੇ ਹਾਂ।

> *ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥ ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥ ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ॥ ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥ ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥ ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ*

ਪਾਕੀ ਨਾਈ ਪਾਕੁ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥ (ਸਫ਼ਾ 464)

ਗੁਰੂ ਨਾਨਕ ਸਾਹਿਬ ਨੇ ਕੁਦਰਤ ਲਫ਼ਜ਼ ਨੂੰ ਮਾਇਆ ਦੇ ਲਈ ਵੀ ਵਰਤਿਆ ਹੈ: ਮਾਇਆ ਦੇ ਤਿੰਨ ਗੁਣ ਹਨ: ਰਜੋ (ਤਾਕਤ), ਤਮੋ (ਲਾਲਚ) ਅਤੇ ਸੱਤ (ਸੱਚਾਈ)। ਭਗਤ ਕਬੀਰ ਨੇ ਵੀ ਕੁਦਰਤ ਲਫ਼ਜ਼ ਨੂੰ ਮਾਇਆ ਦੇ ਮਾਅਨਿਆਂ ਵਿਚ ਵਰਤਿਆ ਹੈ: "ਹੇ ਪ੍ਰਮਾਤਮਾ! ਰਜਸ, ਤਮਮ ਅਤੇ ਸੱਤਵ ਇਹ ਸਭ ਤੇਰੀ ਮਾਇਆ ਹੈ":

ਰਜ ਗੁਣ, ਤਮ ਗੁਣ, ਸਤ ਗੁਣ ਕਹੀਐ, ਇਹ ਤੇਰੀ ਸਭ ਮਾਇਆ॥ ਚਉਥੇ ਪਦ ਕਉ ਜੋ ਨਰੁ ਚੀਨੈ, ਤਿਨ੍ ਹੀ ਪਰਮ ਪਦੁ ਪਾਇਆ॥ ਤੀਰਥ ਬਰਤ ਨੇਮ ਸੁਚਿ ਸੰਜਮ, ਸਦਾ ਰਹੈ ਨਿਹਕਾਮਾ॥ ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ, ਚਿਤਵਤ ਆਤਮ ਰਾਮਾ॥ ਜਿਹ ਮੰਦਰਿ ਦੀਪਕੁ ਪਰਗਾਸਿਆ, ਅੰਧਕਾਰੁ ਤਹ ਨਾਸਾ॥ ਨਿਰਭਉ ਪੂਰਿ ਰਹੇ ਭ੍ਰਮੁ ਭਾਗਾ, ਕਹਿ ਕਬੀਰ ਜਨ ਦਾਸਾ॥ (ਸਫ਼ਾ 1123)

ਪ੍ਰਕਿਰਤੀ ਨੂੰ ਸਾਂਖਿਆ ਫ਼ਿਲਾਸਫ਼ੀ ਵਿਚ ਵੀ ਪੁਰਸ਼ (ਪ੍ਰਮਾਤਮਾ) ਦੀ ਮਾਇਆ ਵਜੋਂ ਮੰਨਿਆ ਗਿਆ ਹੈ। ਗੁਰਬਾਣੀ ਵਿਚ ਵੀ ਉਨ੍ਹਾਂ ਦੀ ਇਸ ਸੋਚ ਦਾ ਹਵਾਲਾ ਦਿੱਤਾ ਗਿਆ ਹੈ:

ਸਿਵ ਸਕਤਿ ਆਪਿ ਉਪਾਇ ਕੈ, ਕਰਤਾ ਆਪੇ ਹੁਕਮੁ ਵਰਤਾਏ॥ ਹੁਕਮੁ ਵਰਤਾਏ ਆਪਿ ਵੇਖੈ, ਗੁਰਮੁਖਿ ਕਿਸੈ ਬੁਝਾਏ॥ ਤੋੜੇ ਬੰਧਨ ਹੋਵੈ ਮੁਕਤੁ, ਸਬਦੁ ਮੰਨਿ ਵਸਾਏ॥ ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ, ਏਕਸ ਸਿਉ ਲਿਵ ਲਾਏ॥ ਕਹੈ ਨਾਨਕੁ, ਆਪਿ ਕਰਤਾ ਆਪੇ ਹੁਕਮੁ ਬੁਝਾਏ॥

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ, ਤਤੈ ਸਾਰ ਨ ਜਾਣੀ॥ ਤਤੈ ਸਾਰ ਨ ਜਾਣੀ ਗੁਰੂ ਬਾਝਹੁ, ਤਤੈ ਸਾਰ ਨ ਜਾਣੀ॥ ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ, ਸੁਤਿਆ ਰੈਣਿ ਵਿਹਾਣੀ॥ ਗੁਰ ਕਿਰਪਾ ਤੇ ਸੇ ਜਨ ਜਾਗੇ, ਜਿਨਾ ਹਰਿ ਮਨਿ ਵਸਿਆ, ਬੋਲਹਿ ਅੰਮ੍ਰਿਤ ਬਾਣੀ॥ ਕਹੈ ਨਾਨਕੁ, ਸੋ ਤਤੁ ਪਾਏ, ਜਿਸ ਨੋ ਅਨਦਿਨੁ ਹਰਿ ਲਿਵ ਲਾਗੈ, ਜਾਗਤ ਰੈਣਿ ਵਿਹਾਣੀ॥ (ਸਫ਼ਾ 920)

ਪ੍ਰਣਾਮ/ਸਲਾਮ: ਇਕ ਸਿੱਖ ਲਈ ਕਿਸੇ ਨੂੰ ਮੁਖ਼ਾਤਿਬ ਹੋਣ (ਨਮਸਕਾਰ ਕਰਨ) ਦਾ ਸਹੀ ਢੰਗ ਆਪਣੇ ਦੋਹਾਂ ਹੱਥਾਂ ਨੂੰ ਜੋੜ ਕੇ 'ਵਾਹਿਗੁਰੂ ਜੀ ਕਾ/ਦਾ ਖਾਲਸਾ, ਵਾਹਿਗੁਰੂ ਜੀ ਕੀ/ਦੀ ਫਤਹਿ' ਕਹਿਣਾ ਹੈ। ਇਸ ਦਾ ਮਾਅਨਾ ਹੈ: ਖਾਲਸਾ ਵਾਹਿਗੁਰੂ ਦਾ ਹੈ ਅਤੇ ਜਿੱਤ ਵੀ ਉਸੇ ਵਾਹਿਗੁਰੂ ਕਰ ਕੇ ਹੈ (ਤੇ ਉਸੇ ਦੀ ਹੈ)। 'ਸਤਿ ਸ੍ਰੀ ਅਕਾਲ' ਕਿਸੇ ਨੂੰ ਆਦਾਬ ਕਹਿਣ ਦਾ ਸਹੀ ਤਰੀਕਾ ਨਹੀਂ ਹੈ। ਇਹ ਜੰਗ ਦਾ ਜੈਕਾਰਾ ਹੈ। ਜੰਗ ਦਾ ਇਕ ਹੋਰ ਜੈਕਾਰਾ ਹੈ: "ਜੋ ਜੈਕਾਰਾ ਬੁਲਾਵੇ, ਗੁਰੂ ਦੇ ਮਨ ਨੂੰ ਭਾਵੇ, ਨਿਹਾਲ ਹੋ ਜਾਵੇ, ਗੱਜ ਕੇ ਬੋਲਣਾ ਜੀ: ਅਕਾਲ! ਅਕਾਲ!! ਅਕਾਲ!!!"

ਪ੍ਰਭਾਤ ਫੇਰੀ: ਇਸ ਦਾ ਲਫ਼ਜ਼ੀ ਮਾਅਨਾ ਹੈ: ਪ੍ਰਭਾਤ=ਸਵੇਰੇ, ਜਲਦੀ-ਜਲਦੀ ਅਤੇ ਫੇਰੀ=ਆਲੇ-ਦੁਆਲੇ ਜਾਣਾ, ਘੁੰਮਣਾ, ਫਿਰਨਾ। ਗੁਰਪੁਰਬਾਂ ਤੋਂ ਕੁਝ ਦਿਨ ਪਹਿਲਾਂ, ਸਿੱਖਾਂ ਦੇ ਜੱਥੇ ਸ਼ਹਿਰਾਂ ਤੇ ਪਿੰਡਾਂ ਦੀਆਂ ਗਲੀਆਂ ਵਿਚੋਂ ਲੰਘਦੇ ਹਨ, ਗੁਰਪੁਰਬ ਮਨਾਉਣ ਵਾਸਤੇ ਲੋਕਾਂ ਵਿਚ ਜ਼ਿਆਦਾ ਉਮਾਹ ਭਰਦੇ ਹਨ ਅਤੇ ਆਉਣ ਵਾਲੇ ਤਿਉਹਾਰ/ਗੁਰਪੁਰਬ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਦਾ ਸਾਥ ਤੇ ਮਿਲਵਰਤਣ ਲੋਚਦੇ ਹਨ। ਪ੍ਰਭਾਤ ਫੇਰੀ ਦੌਰਾਨ ਸਭ ਤੋਂ ਅਹਿਮ ਕਾਰਵਾਈ ਕੀਰਤਨ ਕਰਨਾ, ਸ਼ਬਦ

ਗਾਉਣਾ ਹੁੰਦੀ ਹੈ। ਪ੍ਰਭਾਤ ਫੇਰੀ ਦੇ ਰਸਤੇ ਵਿਚ, ਗਲੀਆਂ ਵਿਚ ਰਹਿੰਦੇ ਲੋਕ, ਪ੍ਰਭਾਤ ਫੇਰੀ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਜਲ-ਪਾਣੀ ਵੀ ਛਕਾਉਂਦੇ ਹਨ। ਅਜ-ਕਲ੍ਹ ਪ੍ਰਭਾਤ ਫੇਰੀਆਂ ਵਿਚ ਦਿਖਾਵਾ, ਖਾਣਾ-ਪੀਣਾ ਤੇ ਅਮੀਰਾਂ ਵੱਲੋਂ (ਮਲਕ ਭਾਗੋ ਵਾਂਗ) ਮਹਿੰਗਾ ਸਾਮਾਨ ਖੁਆ ਕੇ ਆਪਣੀ ਅਮੀਰੀ ਦਾ ਦਿਖਾਵਾ ਕਰਨਾ ਵੀ ਸ਼ਾਮਿਲ ਹੋ ਚੁਕਾ ਹੈ। ਦੇਖੋ: **ਨਗਰ ਕੀਰਤਨ**।

ਪ੍ਰਾਚੀਨ ਪੰਥ ਪ੍ਰਕਾਸ਼: ਇਹ ਸਿਖਾਂ ਦੀ ਤਵਾਰੀਖ਼ ਦੀ ਇਕ ਕਿਤਾਬ ਹੈ ਜੋ 1841 ਵਿਚ ਰਤਨ ਸਿੰਘ ਭੰਗੂ ਨੇ ਕਵਿਤਾ ਵਿਚ ਲਿਖੀ ਸੀ। ਪਹਿਲਾਂ ਉਸ ਨੇ ਇਸ ਨੂੰ, 1809 ਵਿਚ, ਵਾਰਤਕ ਵਿਚ ਲਿਖਿਆ ਸੀ। ਰਤਨ ਸਿੰਘ ਭੰਗੂ ਪਿੰਡ ਮੀਰਾਂ ਕੋਟ ਦੇ ਮਹਿਤਾਬ ਸਿੰਘ (ਜਿਸ ਨੇ ਦਰਬਾਰ ਸਾਹਬ ਦੀ ਬੇਅਦਬੀ ਕਰਨ ਵਾਲੇ ਮੱਸਾ ਰੰਘੜ ਦਾ ਸਿਰ 11 ਅਗਸਤ 1740 ਦੇ ਦਿਨ ਵੱਢਿਆ ਸੀ) ਦਾ ਪੋਤਰਾ ਸੀ। ਰਤਨ ਸਿੰਘ ਭੰਗੂ ਮੁਤਾਬਿਕ, 1809 ਵਿਚ, ਸਰ ਡੇਵਿਡ ਆਕਟਰ ਲੋਨੀ ਅਤੇ ਕੈਪਟਨ ਵਿਲਿਅਮ ਮੱਰੇ ਨੇ ਇਕ ਮੁਸਲਮਾਨ, ਬੂਟੇ ਸ਼ਾਹ, ਨੂੰ ਸਿੱਖਾਂ ਦੀ ਤਵਾਰੀਖ਼ ਲਿਖਣ ਵਾਸਤੇ ਤਾਈਨਾਤ ਕੀਤਾ ਸੀ। ਰਤਨ ਸਿੰਘ ਭੰਗੂ ਨੇ ਅੰਗਰੇਜ਼ ਅਫ਼ਸਰਾਂ ਨੂੰ ਸਮਝਾਇਆ ਕਿ ਇਕ ਗ਼ੈਰ-ਸਿੱਖ, ਤੇ ਖ਼ਾਸ ਕਰ ਕੇ ਇਕ ਮੁਸਲਮਾਨ, ਕਦੇ ਵੀ ਸਿੱਖ ਤਵਾਰੀਖ਼ ਦੇ ਨਾਲ ਇਨਸਾਫ਼ ਨਹੀਂ ਕਰੇਗਾ। ਇਸ ਮਗਰੋਂ ਰਤਨ ਸਿੰਘ ਭੰਗੂ ਨੇ ਇਨ੍ਹਾਂ ਬ੍ਰਿਟਿਸ਼ ਅਫ਼ਸਰਾਂ ਨੂੰ ਸਿਖ ਤਵਾਰੀਖ਼ ਬਿਆਨ ਕੀਤੀ ਅਤੇ ਨਾਲ ਹੀ ਆਪ ਹੀ ਲਿਖਣੀ ਵੀ ਸ਼ੁਰੂ ਕਰ ਦਿੱਤੀ। ਰਤਨ ਸਿੰਘ ਭੰਗੂ ਦੀ ਮੌਤ 1846 ਵਿਚ ਹੋਈ (ਸ਼ਾਇਦ, ਭੜੀ ਪਿੰਡ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿਚ)। ਕਰਮ ਸਿੰਘ ਹਿਸਟੋਰੀਅਨ ਨੇ ਇਸ *ਪ੍ਰਾਚੀਨ ਪੰਥ ਪ੍ਰਕਾਸ਼* ਬਾਰੇ ਇਕ ਥਾਂ ਕਿਹਾ ਸੀ ਜੇ ਰਤਨ ਸਿੰਘ ਭੰਗੂ ਇਹ ਕਿਤਾਬ ਨਾ ਲਿਖਦਾ ਤਾਂ ਸਿੱਖਾਂ ਦੀ ਸਹੀ ਤਵਾਰੀਖ਼ ਨਹੀਂ ਸੀ ਲਭਣੀ।" ਪਰ ਰਤਨ ਸਿੰਘ ਭੰਗੂ ਦੀ ਕਿਤਾਬ ਵਿਚ ਵੀ ਬੜੀਆਂ ਵੱਡੀਆਂ ਤਵਾਰੀਖ਼ੀ ਗ਼ਲਤੀਆਂ ਹਨ। ਇਹ ਨਹੀਂ ਕਿਹਾ ਜਾ ਸਕਦਾ ਕਿ ਕੀ ਰਤਨ ਸਿੰਘ ਪੱਖਪਾਤੀ ਸੀ ਜਾਂ ਉਸ ਨੇ ਜਾਣ ਬੁਝ ਕੇ ਗ਼ਲਤ ਲਿਖਿਆ ਜਾਂ ਕਈ ਕੁਝ ਉਸ ਨੇ ਸੁਣੀਆਂ-ਸੁਣਾਈਆਂ ਗੱਲਾਂ ਦੇ ਅਧਾਰ 'ਤੇ ਲਿਖਿਆ ਸੀ, ਜਿਸ ਵਿਚ ਉਹ ਕੁਝ ਬੇਹੱਦ ਗ਼ਲਤ ਗੱਲਾਂ ਭਰ ਗਿਆ। ਹੋਰ ਦੇਖੋ: **ਰਤਨ ਸਿੰਘ ਭੰਗੂ**।

ਪ੍ਰਾਣ ਸੰਗਲੀ: ਇਹ ਇਕ ਕਿਤਾਬ ਹੈ, ਜੋ ਕੁਝ ਸ਼ਰਾਰਤੀਆਂ ਵੱਲੋਂ ਜਾਣ ਬੁਝ ਕੇ ਤੇ ਗ਼ਲਤ ਤੌਰ 'ਤੇ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਸੀ। ਗੁਰੂ ਅਰਜਨ ਸਾਹਿਬ ਨੇ ਇਸ ਕਿਤਾਬ ਨੂੰ ਪੜਤਾਲ ਕਰ ਕੇ ਰੱਦ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਨੇ ਇਸ ਨੂੰ ਗੁਰੂ ਨਾਨਕ ਸਾਹਿਬ ਦੀ ਰਚਨਾ ਨਹੀਂ ਮੰਨਿਆ ਸੀ। ਇਹ ਕਿਤਾਬ ਜੋਗ (ਯੋਗ) ਮੱਤ ਨਾਲ ਸਬੰਧਿਤ ਹੈ। ਹੋਰ ਵੇਖੋ: **ਕੱਚੀ ਬਾਣੀ**

ਪ੍ਰਾਰਥਨਾ: ਦੇਖੋ: **ਅਰਦਾਸ**

ਪ੍ਰੇਤ: ਪ੍ਰੇਤ ਦਾ ਲਫ਼ਜ਼ੀ ਮਾਅਨਾ ਹੈ: ਮਰ ਚੁਕਿਆ, ਮ੍ਰਿਤਕ। ਇਹ ਲਫ਼ਜ਼ ਅਖੌਤੀ ਭੂਤਾਂ, ਅਖੌਤੀ ਭੰਟਕਦੀਆਂ ਰੂਹਾਂ ਅਤੇ 'ਸ਼ੈਤਾਨ' ਦੇ ਸਾਥੀਆਂ ਵਾਸਤੇ ਵਰਤਿਆ ਜਾਂਦਾ ਹੈ। ਈਸਾਈ, ਹਿੰਦੂ, ਇਸਲਾਮ ਅਤੇ ਕੁਝ ਹੋਰ ਧਰਮਾਂ ਵਿਚ ਸ਼ੈਤਾਨ, ਚੁੜੇਲ,

ਭੂਤ (ਭੁਤ ਦਾ ਲਫ਼ਜ਼ੀ ਮਾਅਨਾ ਵੀ 'ਬੀਤ ਚੁਕਿਆ', ਯਾਨਿ ਮਰ ਚੁਕਿਆ ਹੈ) ਅਤੇ ਰਾਖ਼ਸ਼ ਦੇ ਵਜੂਦ ਨੂੰ ਮੰਨਿਆ ਗਿਆ ਹੈ। ਪਰ ਸਿੱਖ ਧਰਮ ਇਨ੍ਹਾਂ ਦੀ ਹੋਂਦ ਨੂੰ ਨਹੀਂ ਮੰਨਦਾ ਹੈ। ਸਿੱਖ ਧਰਮ ਦੇ ਮੁਤਾਬਿਕ, ਇਹ ਸਿਰਫ਼ ਮਨ ਦੇ ਵਹਿਮ ਹਨ। ਗੁਰੂ ਗ੍ਰੰਥ ਸਾਹਿਬ ਵਿਚ ਪਰੇਤਾਂ ਅਤ ਰਾਖ਼ਸ਼ਾਂ ਬਾਰੇ ਅਨੇਕਾਂ ਇਸ਼ਾਰੇ ਹਨ ਪਰ ਇਹ ਸਭ ਅਲੰਕਾਰਿਕ (ਲੋਕ ਜਾਣਕਾਰੀ ਦੇ ਹਵਾਲੇ ਨੂੰ ਵਰਤਣ ਵਾਸਤੇ) ਹਨ ਨਾ ਕਿ ਸਿੱਖ ਫ਼ਲਸਫ਼ੇ ਦੀ ਪੇਸ਼ਕਾਰੀ ਹਨ। ਸਿੱਖ ਫ਼ਲਸਫ਼ੇ ਮੁਤਾਬਿਕ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹੀ ਪ੍ਰੇਤ ਹਨ।

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥ ਏਹ ਜਮ ਕੀ ਸਿਰਕਾਰ ਹੈ ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ॥ (ਸਫ਼ਾ 513)

ਇਸੇ ਤਰ੍ਹਾਂ ਜੋ ਲੋਕ ਰੱਬ ਦੇ ਨਾਂ ਵਿਚ ਆਪਣਾ ਧਿਆਨ ਨਹੀਂ ਜੋੜਦੇ ਅਤੇ ਉਸ ਨੂੰ ਭੁੱਲ ਜਾਂਦੇ ਹਨ/ਵਿਸਾਰ ਦੇਂਦੇ ਹਨ, ਉਹ ਵੀ ਪ੍ਰੇਤ ਹਨ।

ਜਿਸੁ ਬਿਸਰਤ ਤਨੁ ਭਸਮ ਹੋਇ ਕਹਤੇ ਸਭਿ ਪ੍ਰੇਤੁ॥ ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ ਜਿਨ ਸਿਉ ਸੋਈ ਹੇਤੁ॥ (ਸਫ਼ਾ 706)

ਹਿੰਦੂ, ਈਸਾਈ ਅਤੇ ਇਸਲਾਮ ਧਰਮ ਵਿਚ ਭੂਤ, ਪ੍ਰੇਤ ਤੇ ਸ਼ੈਤਾਨ ਦਾ ਵਜੂਦ ਮੰਨਣ ਦਾ ਮਤਲਬ, ਰੱਬ ਦੀ ਹਸਤੀ ਨੂੰ ਪੂਰੀ ਤਰ੍ਹਾਂ ਨਾ ਮੰਨਣਾ ਹੈ। ਧਾਰਮਿਕ ਫ਼ਲਸਫ਼ੇ ਮੁਤਾਬਿਕ, ਰੱਬ ਸਾਰੀਆਂ ਤਾਕਤਾਂ ਦਾ ਮਾਲਿਕ ਹੈ ਤੇ ਇਹ ਰੱਬ ਹੀ ਹੈ ਜੋ ਜੀਵਾਂ ਨੂੰ ਅਖੌਤੀ ਸਵਰਗ ਜਾਂ ਨਰਕ ਵਿਚ ਭੇਜਦਾ ਹੈ। ਕਿਉਂਕਿ ਅਖੌਤੀ ਪ੍ਰੇਤ ਉਹ ਹਨ ਜੋ ਨਰਕ ਜਾਂ ਸਵਰਗ ਵਿਚ ਨਹੀਂ ਭੇਜੇ ਗਏ ਜਾਂ ਭੇਜੇ ਨਹੀਂ ਜਾ ਸਕੇ। ਇਸ ਨੁਕਤੇ ਦਾ ਮਤਲਬ ਇਹ ਹੈ ਕਿ ਰੱਬ ਇਹ ਫ਼ੈਸਲਾ ਨਹੀਂ ਸੀ ਕਰ ਸਕਿਆ ਕਿ ਇਨ੍ਹਾਂ ਨੂੰ ਉਹ ਕਿੱਥੇ ਭੇਜੇ (ਨਰਕ ਜਾਂ ਸਵਰਗ ਵਿਚ); ਤੇ ਜਾਂ ਫਿਰ ਇਸ ਦਾ ਮਤਲਬ ਇਹ ਵੀ ਨਿਕਲਦਾ ਹੈ ਕਿ ਰੱਬ ਕੋਲ ਵੀ ਸਹੀ ਫ਼ੈਸਲਾ ਕਰਨ ਦੀ ਪੂਰੀ ਤਾਕਤ ਨਹੀਂ ਹੈ।

ਪ੍ਰੇਮ ਸੁਮਾਰਗ: ਇਹ ਕਿਤਾਬ ਕੁਝ ਰਹਿਤਨਾਮਿਆਂ ਬਾਰੇ ਦਸਦੀ ਹੈ। ਅਜਿਹਾ ਜਾਪਦਾ ਹੈ ਕਿ ਇਹ ਕਿਤਾਬ ਕਿਸੇ ਅਣਜਾਣ ਲਿਖਾਰੀ ਦੀ ਲਿਖੀ ਹੋਈ ਹੈ ਜਾਂ ਇਸ ਦਾ ਲੇਖਕ ਕੋਈ ਬ੍ਰਾਹਮਣੀ ਸੋਚ ਦਾ ਬੰਦਾ ਹੈ ਜੋ ਸਿੱਖ ਫ਼ਲਸਫ਼ੇ ਨੂੰ ਗ਼ਲਤ ਰੰਗ ਦੇ ਕੇ, ਇਸ ਵਿਚ ਬਿਪਰਨ (ਬ੍ਰਾਹਮਣੀ) ਕਰਮ-ਕਾਂਡ ਮਿਲਾ ਕੇ, ਸਿੱਖੀ ਨੂੰ ਬ੍ਰਾਹਮਣਵਾਦੀ ਬਣਾਉਣਾ ਚਾਹੁੰਦਾ ਹੈ ਕਿਉਂਕਿ ਇਸ ਵਿਚ ਬਹੁਤ ਸਾਰੀਆਂ ਗੱਲਾਂ ਸਿੱਖ ਫ਼ਲਸਫ਼ੇ ਦੇ ਉਲਟ ਹਨ। ਇਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਜੋੜਨਾ ਗ਼ਲਤ ਹੀ ਨਹੀਂ ਜ਼ਿਆਦਤੀ ਵੀ ਹੈ। ਬਹੁਤੇ ਵਿਦਵਾਨਾਂ ਮੁਤਾਬਿਕ, ਇਹ ਕਿਤਾਬ ਪਟਨਾ ਸਾਹਿਬ ਦੇ ਸੁਮੇਰ ਸਿੰਘ ਦੀ ਲਿਖੀ ਹੋਈ ਹੈ।

ਪ੍ਰੈੱਸ, ਸਿੱਖਾਂ ਦੀ: ਕਿਸੇ ਅਖ਼ਬਾਰ, ਮੀਡੀਆ ਜਾਂ ਅਜਿਹੀ ਏਜੰਸੀ ਨੂੰ 'ਸਿੱਖ-ਪ੍ਰੈਸ' ਨਹੀਂ ਕਿਹਾ ਜਾ ਸਕਦਾ। ਦਰਅਸਲ, ਸਿੱਖ ਕਦੇ ਵੀ ਆਪਣੀ ਅਖ਼ਬਾਰ ਨੂੰ ਕਾਇਮ/ਜਾਰੀ ਰੱਖਣ ਦੇ ਕਾਬਿਲ ਨਹੀਂ ਹੋਏ। 1947 ਤੋਂ ਪਹਿਲਾਂ ਸਿੱਖਾਂ ਨੇ ਖਾਲਸਾ, ਖਾਲਸਾ ਸਮਾਚਾਰ, ਖਾਲਸਾ ਐਡਵੋਕੇਟ ਅਤੇ ਦਾ ਨੇਸ਼ਨ (Nation) ਅਖ਼ਬਾਰਾਂ ਸ਼ੁਰੂ ਕੀਤੀਆਂ ਸਨ। ਇਨ੍ਹਾਂ ਵਿਚੋਂ ਬਹੁਤੀਆਂ ਅਖ਼ਬਾਰਾਂ ਥੋੜ੍ਹਾ ਜਿਹਾ ਚਿਰ ਚਲ ਕੇ ਫਿਰ

ਬੰਦ ਹੋ ਜਾਂਦੀਆਂ ਰਹੀਆਂ ਸਨ। 1920 ਵਿਚ, ਸਿੱਖਾਂ ਦੇ ਅਗੂਆਂ ਨੇ ਅੰਗਰੇਜ਼ੀ ਵਿੱਚ 'ਦ ਹਿੰਦੁਸਤਾਨ ਟਾਈਮਜ਼' (ਠਹੲ ੍ਹਨਿਦੁਸਟੳਨ ਠਮਿੲਸ) ਨਾਂ ਦਾ ਅਖ਼ਬਾਰ ਵੀ ਸ਼ੁਰੂ ਕੀਤਾ ਸੀ। ਉਹ ਵੀ ਅਖ਼ੀਰ 1926 ਵਿਚ ਲਾਲਾ ਲਾਜਪਤ ਰਾਏ ਨੂੰ ਵੇਚ ਦਿੱਤਾ ਗਿਆ। ਰੋਜ਼ਾਨਾ ਅਕਾਲੀ ਅਖ਼ਬਾਰ (1961 ਤੋਂ ਜਥੇਦਾਰ ਨਾਂ ਹੇਠ) ਲੰਮਾ ਸਮਾਂ ਚੱਲੀ ਪਰ ਮਾਸਟਰ ਤਾਰਾ ਸਿੰਘ ਦੀ ਮੌਤ ਮਗਰੋਂ ਇਹ ਵੀ ਬੰਦ ਹੋ ਗਿਆ। ਕੁਝ ਹੋਰ ਅਖ਼ਬਾਰਾਂ ਦਾ ਹਸ਼ਰ ਵੀ ਅਜਿਹਾ ਹੀ ਹੋਇਆ ਸੀ, ਉਹ ਸਨ:- ਅਕਾਲੀ ਤੇ ਪਰਦੇਸੀ, ਕੌਮੀ ਦਰਦ, ਅਕਾਲੀ ਟਾਈਮਜ਼। ਮਾਸਿਕ ਪੇਪਰਾਂ ਵਿਚ 'ਸੰਤ ਸਿਪਾਹੀ' (ਅੰਮ੍ਰਿਤਸਰ) ਜੋ 1949 ਵਿੱਚ ਮਾਸਟਰ ਤਾਰਾ ਸਿੰਘ ਨੇ ਜਾਰੀ ਕੀਤਾ ਸੀ, 2003 ਵਿੱਚ ਤਾਰਾ ਸਿੰਘ ਦੀ ਦੋਹਤਰੀ ਨੇ ਇਸ ਨੂੰ (ਪਹਿਲਾਂ ਪਟਨਾ ਤੇ ਹੁਣ ਜਲੰਧਰ ਦੇ) ਇਕ ਵਕੀਲ (ਜਿਸ 'ਤੇ ਇਹ ਦੋਸ਼ ਲਗਦਾ ਹੈ ਕਿ ਉਹ ਪਹਿਲਾਂ ਹਿੰਦੂ ਜਮਾਤ 'ਰਾਸ਼ਟਰੀਆ ਸਿੱਖ ਸੰਗਤ' ਦਾ ਆਗੂ/ਹਿਮਾਇਤੀ ਸੀ/ਹੈ) ਨੂੰ ਵੇਚ ਦਿੱਤਾ। ਇਸ ਲਈ ਇਸ ਦੀ ਪਾਲਿਸੀ ਵਿਚ ਬੜੀ ਵੱਡੀ ਤਬਦੀਲੀ ਆ ਗਈ। ਅੱਜ ਪੰਜਾਬੀ ਵਿਚ 'ਅਜੀਤ' (ਬਾਦਲ ਅਕਾਲੀ ਦਲ ਦਾ ਹਿਮਾਇਤੀ), 'ਜਗਬਾਣੀ' (ਪੰਜਾਬੀ ਹਿੰਦੂਆਂ ਦਾ ਪਰਚਾ), 'ਪੰਜਾਬੀ ਟ੍ਰਿਬਿਊਨ' (ਆਜ਼ਾਦ) ਛਪ ਰਹੇ ਹਨ। ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਸਿੱਖ ਪਰੈਸ ਦਾ ਦਰਜਾ ਨਹੀਂ ਦਿਤਾ ਜਾ ਸਕਦਾ। ਮਾਹਵਾਰੀ ਪੰਜਾਬੀ ਰਿਸਾਲਿਆਂ ਵਿੱਚੋਂ ਵੀ ਕਿਸੇ ਨੂੰ ਪੰਥਕ ਪਰਚਾ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਤਕਰੀਬਨ ਸਾਰੇ ਧਾਰਮਿਕ ਪਰਚੇ ਕਿਸੇ ਨਾ ਕਿਸੇ ਧੜੇ ਨਾਲ ਸਬੰਧਤ ਹਨ ਤੇ ਉਸੇ ਧੜੇ ਦੀ ਸੋਚ ਦੀ ਨੁਮਾਇੰਦਗੀ ਕਰਦੇ ਹਨ। ਦਸੰਬਰ 2005 ਵਿਚ ਰੋਜ਼ਾਨਾ ਸਪੋਕਸਮੈਨ ਸ਼ੁਰੂ ਕੀਤਾ ਗਿਆ ਸੀ ਜੋ ਕੁਝ ਚਿਰ ਤਕ ਸਿੱਖ ਮਿਸ਼ਨਰੀ ਲਹਿਰ ਦਾ ਨੁਮਾਇੰਦੇ ਵਜੋਂ ਜਾਣਿਆ ਜਾਂਦਾ ਰਿਹਾ। ਪੰਜਾਬੀ ਵਿਚ ਸਭ ਤੋਂ ਵਧ ਲੁਧਿਆਣਾ ਦਾ 'ਸਿੱਖ ਫੁਲਵਾੜੀ' ਤੇ ਸ਼੍ਰੋਮਣੀ ਕਮੇਟੀ ਦਾ 'ਗੁਰਮਤਿ ਪ੍ਰਕਾਸ਼' ਛਪਦੇ ਹਨ, ਪਰ ਉਹ ਵੀ ਕਈ ਵਾਰ ਉਲਝਾਉਣ ਵਾਲੀ ਸਮੱਗਰੀ ਵੀ ਛਾਪ ਦੇਂਦੇ ਹਨ।

ਭਾਰਤ ਵਿਚਲਾ ਬਹੁਤਾ ਮੀਡੀਆ (ਬਹੁਤੀਆਂ ਅਖ਼ਬਾਰਾਂ ਅਤੇ ਸਟਾਰ ਟੀ.ਵੀ. ਖ਼ਾਸ ਕਰ ਕੇ) ਸਿੱਖਾਂ ਦੇ ਵਿਰੁੱਧ ਹੈ, ਕਿਉਂਕਿ ਇਸ 'ਤੇ ਹਿੰਦੂ ਫ਼ਿਰਕਾਪ੍ਰਸਤਾਂ ਤੇ ਸਿੱਖ-ਦੁਸ਼ਮਣ ਸੋਚ ਵਾਲੇ ਜਰਨਲਿਸਟਾਂ ਅਤੇ ਸਰਮਾਏਦਾਰਾਂ ਦਾ ਕਬਜ਼ਾ ਹੈ। ਪੱਛਮੀ ਪ੍ਰੈੱਸ ਜਾਂ ਤਾਂ ਸਿੱਖਾਂ ਦੇ ਪ੍ਰਤੀ ਅਣਜਾਣ ਹੈ ਜਾਂ ਆਪਣੇ ਗੁੱਝੇ ਮਕਸਦ ਕਾਰਨ ਸਿੱਖ-ਵਿਰੋਧੀ ਤਾਕਤਾਂ ਨੂੰ ਮਿਲਵਰਤਣ ਦਿੰਦੀ ਹੈ ਅਤੇ ਸਿੱਖਾਂ ਦੇ ਖ਼ਿਲਾਫ਼ ਪਰਚਾਰ ਕਰਨ ਵਿਚ ਮਦਦਗਾਰ ਸਾਬਿਤ ਹੁੰਦੀ ਹੇ।

ਬਗਲਾ: ਬਗਲਾ ਇਕ ਪੰਛੀ ਹੈ ਜੋ ਦਰਿਆ, ਛੱਪੜ, ਤਲਾਅ ਦੇ ਕੰਢੇ ਚੁਪਚਾਪ, ਅਡੋਲ, ਖ਼ਾਮੋਸ਼ ਖੜਾ ਹੁੰਦਾ ਹੈ ਪਰ ਜਿਉਂ ਹੀ ਕੋਈ ਮੱਛੀ ਉਸ ਦੇ ਨੇੜੇ ਆਉਂਦੀ ਹੈ ਉਹ ਝਪਟ ਕੇ ਫੜ ਲੈਂਦਾ ਹੈ। ਲਿਖਤਾਂ ਵਿਚ ਇਹ ਨਾਂ ਉਨ੍ਹਾਂ ਲੋਕਾਂ ਵਾਸਤੇ ਵਰਤਿਆ ਜਾਂਦਾ ਹੈ ਜੋ ਲੋਕ ਪਖੰਡ ਕਰਦੇ ਹਨ। ਬਗਲਾ ਭਗਤ ਉਸ ਨੂੰ ਕਿਹਾ ਜਾਂਦਾ ਹੈ ਜੋ ਕੇਵਲ ਵਿਖਾਵੇ ਲਈ ਭਗਤੀ ਕਰਦਾ ਹੈ ਪਰ ਅਸਲੀਅਤ ਵਿੱਚ ਉਹ (ਮਰਦ/ਔਰਤ) ਇਸ ਦੇ ਉਲਟ ਜੀਵਨ ਜੀਅ ਰਿਹਾ ਹੁੰਦਾ ਹੈ, ਭਾਵ ਅੰਦਰੋਂ ਹੋਰ ਹੁੰਦਾ ਹੈ ਅਤੇ ਬਾਹਰੋਂ ਹੋਰ ਹੁੰਦਾ ਹੈ।

ਬਚਿਤਰ ਨਾਟਕ: ਬਚਿਤਰ ਨਾਟਕ (ਲਫ਼ਜ਼ੀ ਮਾਅਨਾ: ਹੈਰਾਨੀ ਭਰਿਆ ਨਾਟਕ)। ਜਿਸ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਜਨਮ ਤੋਂ ਪਹਿਲਾਂ ਦੀ ਅਖੌਤੀ ਹੇਮ-ਕੁੰਟ ਪਹਾੜ 'ਤੇ ਅਖੌਤੀ-ਭਗਤੀ ਦੀ ਕਹਾਣੀ ਦੱਸੀ ਹੋਈ ਹੈ। ਹਿੰਦੂ ਸੋਚ ਦੇ ਲੋਕ ਇਸ ਨੂੰ ਗੁਰੂ ਸਾਹਿਬ ਦੀ ਰਚਨਾ ਕਹਿੰਦੇ ਹਨ ਪਰ ਸਿੱਖ ਵਿਦਵਾਨ ਇਸ ਨੂੰ ਗੁਰੂ ਰਚਨਾ ਹਰਗਿਜ਼ ਨਹੀਂ ਮੰਨਦੇ ਕਿਉਂਕਿ ਪਿਛਲੇ ਜਨਮ, ਪੁਨਰ-ਜਨਮ ਤੇ ਅਖੌਤੀ ਭਗਤੀ ਦਾ ਫ਼ਲਸਫ਼ਾ ਜੋ ਇਸ ਨਾਟਕ ਵਿਚ ਪੇਸ਼ ਕੀਤਾ ਗਿਆ ਹੈ ਉਹ ਸਿੱਖ ਫ਼ਲਸਫ਼ੇ ਦੇ ਮੂਲੋਂ ਹੀ ਉਲਟ ਹੈ। ਜੇ ਅਸੀਂ ਇਸ ਕਿਤਾਬ ਦਾ ਪਹਿਲਾ ਹਿੱਸਾ ਤਵਾਰੀਖ਼ ਅਤੇ ਭੂਗੋਲਕ ਪੱਖ ਤੋਂ ਵੇਖੀਏ ਤਾਂ ਇਸ ਦਾ ਮਤਲਬ ਇਹ ਵੀ ਨਿਕਲਦਾ ਹੈ ਕਿ ਅਕਾਲ ਪੁਰਖ ਉਤਰਾਖੰਡ ਦੇ ਪਹਾੜਾਂ ਵਿਚ ਰਹਿੰਦਾ ਹੈ। ਦੂਜਾ, ਪਹਿਲੇ ਨੌਂ ਗੁਰੂਆਂ ਕੋਲੋਂ ਸਹੀ ਰੋਲ ਅਦਾ ਨਹੀਂ ਹੋ ਸਕਿਆ; ਅਤੇ ਉਨ੍ਹਾਂ ਨੇ ਵੀ ਰੱਬ ਦੇ ਧਰਮ ਦੀ ਜਗਹ 'ਆਪਣਾ' ਧਰਮ ਚਲਾਇਆ। ਸਿਰਫ਼ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹੀ ਰੱਬ ਅਤੇ ਉਸ ਦੇ ਧਰਮ ਦੀ ਗੱਲ ਕੀਤੀ। ਜੇ ਇਹ ਸਾਰਾ ਕੁਝ ਇਕ ਸਿੱਖ ਮੰਨਦਾ ਹੈ ਤਾਂ ਉਹ ਪਹਿਲੇ ਨੌਂ ਗੁਰੂਆਂ ਦਾ ਨਿੰਦਕ ਹੈ। ਇਸ ਮੁਤਾਬਿਕ ਇਹ ਵੀ ਨਜ਼ਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ (ਉਂਞ ਉਨ੍ਹਾਂ ਦਾ, ਉਦੋਂ ਦਾ, ਨਾਂ ਨਹੀਂ ਦੱਸਿਆ ਹੋਇਆ) ਪਿਛਲੇ ਜਨਮ ਦੇ ਭਟਕ ਰਹੇ ਸੀ ਉਨ੍ਹਾਂ ਦੀ ਆਤਮਾ ਪਰਮਾਤਮਾ ਵਿਚ ਨਹੀਂ ਸੀ ਸਮਾਈ ਤੇ ਸ਼ਾਇਦ ਭੂਤ (ਭੂਤ= ਬੀਤ ਚੁਕਾ) ਬਣ ਕੇ ਵਿਚਰ ਰਹੀ ਸੀ। ਇਹ ਗੱਲ ਸਿੱਖ ਫ਼ਲਸਫ਼ੇ ਮੁਤਾਬਿਕ ਵੀ ਗ਼ਲਤ ਹੈ ਤੇ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਿੰਦਾ ਵੀ ਹੈ।

ਦਰਅਸਲ ਇਸ ਲੰਮੀ ਕਵਿਤਾ ਦਾ ਪਹਿਲਾ ਹਿੱਸਾ ਮਿਥਹਾਸ ਹੈ ਪਰ ਪਿਛਲਾ ਅੱਧ ਸਹੀ ਤਵਾਰੀਖ਼ ਹੈ ਤੇ ਸਾਰੇ ਤਵਾਰੀਖ਼ੀ ਸੋਮਿਆਂ ਨਾਲ ਬਿਲਕੁਲ ਮੇਲ ਖਾਂਦਾ ਹੈ। ਤਵਾਰੀਖ਼ੀ ਪੱਖੋਂ ਬਚਿਤਰ ਨਾਟਕ ਦਾ ਪਿਛਲਾ ਅੱਧ ਇਕ ਬਹੁਤ ਹੀ ਕੀਮਤੀ ਲਿਖਤ ਹੈ ਜੋ ਖ਼ਾਸ ਤੌਰ ਤੇ ਭੰਗਾਣੀ ਦੀ ਜੰਗ (18 ਸਤੰਬਰ 1688), ਨਦੌਣ ਦੀ ਲੜਾਈ (19 ਮਾਰਚ 1691), ਦਿਲਾਵਰ ਖ਼ਾਨ ਦਾ ਹਮਲਾ (19 ਅਗਸਤ 1695), ਗੁਲੇਰ ਦੀ ਲੜਾਈ (18 ਫ਼ਰਵਰੀ 1696) ਬਾਰੇ ਕਮਾਲ ਦੀ ਤਫ਼ਸੀਲ ਬਿਆਨ ਕਰਦੀ ਹੈ। ਇਨ੍ਹਾਂ ਲੜਾਈਆਂ ਦੀ ਪੇਸ਼ਕਾਰੀ ਵਿਚ ਇਨ੍ਹਾਂ ਜੰਗਾਂ ਦੀ ਸਾਫ਼ ਤਸਵੀਰ ਖਿੱਚੀ ਹੈ ਤੇ ਇਨ੍ਹਾਂ ਵਿਚ ਹਿੱਸਾ ਲੈਣ ਵਾਲਿਆਂ ਯੋਧਿਆਂ ਨੂੰ ਭਰਪੂਰ ਸ਼ਰਧਾਂਜਲੀ ਦਿੱਤੀ ਹੈ: ਜਿਵੇਂ ਭੰਗਾਣੀ ਦੀ ਲੜਾਈ ਵਿਚ ਮਹੰਤ ਕਿਰਪਾਲ ਦਾਸ, ਦਇਆ ਰਾਮ (ਬਾਅਦ ਵਿਚ ਸਿੰਘ) ਪੁਰੋਹਿਤ, ਸੰਗੋ ਸ਼ਾਹ ਅਤੇ ਹੋਰ ਬਹਾਦਰ ਯੋਧਿਆਂ ਦੇ ਕਾਰਨਾਮਿਆਂ ਦਾ, ਗੁਲੇਰ ਦੀ ਲੜਾਈ ਵਿਚ ਦਰਸੋ, ਸੰਗਤ ਰਾਏ, ਹਨੂਮੰਤ ਵਗੈਰਾ ਦੀ ਬਹਾਦਰੀ ਦਾ ਜ਼ਿਕਰ ਹੈ।

ਬਜਰ ਕੁਰਹਿਤ:- ਦੇਖੋ: **ਕੁਰਹਿਤ** 107

ਬੱਤੀ ਸੁਲੱਖਣੀ:- ਇਸ ਦਾ ਲਫ਼ਜ਼ੀ ਮਾਅਨਾ ਹੈ: ਉਹ ਔਰਤ ਜਿਸ ਕੋਲ 32 ਸੁਲੱਖਣ (ਚੰਗੇ ਲੱਛਣ/ਲੱਖਣ, ਖ਼ੂਬੀਆਂ) ਹੋਣ। ਗੁਰਬਾਣੀ ਦੇ ਮੁਤਾਬਿਕ ਇਕ ਮੁਕੰਮਲ ਔਰਤ ਉਹ ਹੈ ਜੋ ਬੱਤੀ ਸੁਲੱਖਣੀ ਹੋਵੇ। ਇਨ੍ਹਾਂ 32 ਖ਼ੂਬੀਆਂ ਵਿਚ ਸ਼ਾਮਿਲ ਹਨ: ਸੁੰਦਰਤਾ, ਸਫ਼ਾਈ, ਨਿਮਰਤਾ, ਹੁਸ਼ਿਆਰੀ, ਵਿਦਿਆ (ਗਿਆਨ), ਪਤੀ ਵਾਸਤੇ ਵਫ਼ਾਦਾਰੀ, ਸੇਵਾ ਭਾਵਨਾ, ਦਇਆ, ਸੱਚ, ਮਿੱਠਾ ਬੋਲਣਾ, ਖ਼ੁਸ਼ੀ ਦੇਣੀ, ਸਾਦਗੀ,

ਜ਼ਿੰਮੇਵਾਰੀ ਦਾ ਅਹਿਸਾਸ, ਮਿਲਵਰਤਣ ਦੇਣਾ, ਧਾਰਮਿਕ ਜੀਵਨ, ਸਹਿਜ, ਸੰਜਮ, ਉਦਾਰਤਾ, ਚਿੰਤਨਸ਼ੀਲਤਾ, ਉੱਦਮ, ਬਹਾਦਰੀ, ਘਰ ਦੀ ਚੰਗੀ ਦੇਖ-ਭਾਲ ਕਰਨਾ, ਵੱਡਿਆਂ ਦਾ ਅਦਬ ਕਰਨਾ, ਚੰਗੀ ਮੇਜ਼ਬਾਨ ਹੋਣਾ, ਬੱਚੇ ਦੀ ਸੰਭਾਲ ਕਰਨਾ (ਚੰਗੀ ਮਾਂ ਹੋਣਾ) ਵਗ਼ੈਰਾ। ਇਹ ਹੋਰ ਵੀ ਵਧੀਆ ਹੈ ਕਿ ਜੇ ਉਸ ਨੂੰ ਸੰਗੀਤ, ਕਵਿਤਾ, ਕਲਾ, ਦਵਾਈਆਂ, ਰਸੋਈ, ਸਿਲਾਈ ਅਤੇ ਕਢਾਈ ਵਗ਼ੈਰਾ ਦੀ ਵੀ ਚੰਗੀ ਜਾਣਕਾਰੀ ਹੋਵੇ। ਉਂਞ ਇਹ ਸਾਰੀਆਂ ਖ਼ੂਬੀਆਂ ਕਿਸੇ ਇਕ ਵਿਚ ਹੋਣੀਆਂ ਨਾਮੁਮਕਿਨ (ਅਸੰਭਵ) ਹਨ; ਪਰ ਇਨ੍ਹਾਂ ਵਿਚੋਂ ਵਧ ਤੋਂ ਵਧ ਹਾਸਿਲ ਕਰਨਾ ਇਕ ਚੰਗੀ ਔਰਤ ਦੀਆਂ ਨਿਸ਼ਾਨੀਆਂ ਹਨ।

ਬਾਣਾ: ਪਹਿਰਾਵਾ। ਰਿਵਾਇਤੀ ਸਿੱਖ ਬੋਲੀ ਵਿਚ ਇਸ ਦਾ ਮਤਲਬ ਇਹ ਮੰਨਿਆ ਜਾਂਦਾ ਹੈ: ਪੰਜ ਕਕਾਰ, ਇੱਕ ਚੋਲਾ (ਇੱਕ ਲੰਬੀ ਕਮੀਜ਼), ਚੂੜੀਦਾਰ ਪਜਾਮਾ (ਬਹੁਤ ਜ਼ਿਆਦਾ ਭੀੜਾ ਪਜਾਮਾ), ਇਕ ਕਮਰਕੱਸਾ (ਗਾਤਰੇ ਨੂੰ ਕਮਰ ਨਾਲ ਕੱਸਣ ਅਤੇ ਲੱਕ ਦੁਆਲੇ ਬੰਨਣ ਲਈ ਸਜਾਵਟ ਪੱਟੀ) ਜੋ ਕਿ ਇਨਸਾਨ ਨੂੰ ਬਹੁਤ ਚੁਸਤ ਬਣਾਉਂਦਾ ਹੈ। ਇਹ ਅਸਲ ਵਿਚ ਜੰਗ ਦੇ ਮੈਦਾਨ ਲਈ ਪਹਿਨਿਆ ਜਾਂਦਾ ਸੀ। ਉਂਞ ਤਾਂ ਇਕ ਸਿੱਖ ਨੂੰ ਹਰ ਸਮੇਂ ਬਾਣੇ ਵਿਚ ਤਿਆਰ ਰਹਿਣਾ ਚਾਹੀਦਾ ਹੈ। ਇਕ ਸਿੱਖ ਵਾਸਤੇ ਇਹ ਦੁਨੀਆਂ ਜੰਗ ਦੇ ਮੈਦਾਨ ਦੀ ਤਰ੍ਹਾਂ ਹੈ ਅਤੇ ਸਿੱਖ (ਮਰਦ/ਔਰਤ) ਨੂੰ ਹਰ ਸਮੇਂ ਸਿਪਾਹੀ ਦੀ ਤਰ੍ਹਾਂ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ। ਸਿੱਖ ਰਹਿਤ ਮਰਯਾਦਾ ਮੁਤਾਬਿਕ ਇਕ ਸਿੱਖ ਲਈ ਕਛਹਿਰਾ ਅਤੇ ਦਸਤਾਰ ਲਾਜ਼ਮੀ ਹਨ ਅਤੇ ਹੋਰ ਕਿਸੇ ਪਹਿਰਾਵੇ ਦੀ ਕੋਈ ਪਾਬੰਦੀ ਨਹੀਂ ਹੈ।

ਬਾਣੀ: ਆਵਾਜ਼, ਜ਼ਬਾਨ, ਬੋਲੀ ਵਗ਼ੈਰਾ। ਸਿੱਖ ਲੱਫ਼ਾਜ਼ੀ ਵਿਚ ਇਸ ਦਾ ਮਾਅਨਾ ਹੈ ਉਹ ਲਫ਼ਜ਼ ਜੋ ਵੱਲੋਂ ਗੁਰੂ ਸਾਹਿਬ ਨੂੰ ਇਲਹਾਮ ਵਜੋਂ ਉਤਰੇ/ਮਿਲੇ/ਸੁੱਝੇ ਹੋਣ। ਗੁਰੂ ਗ੍ਰੰਥ ਸਾਹਿਬ ਵਿਚਲੇ ਸ਼ਬਦ ਰੱਬ ਵੱਲੋਂ ਗੁਰੂ ਸਾਹਿਬ ਨੂੰ ਦਿੱਤੇ ਗਏ ਸਨ, ਇਸ ਕਰ ਕੇ ਉਨ੍ਹਾਂ ਨੂੰ ਬਾਣੀ/ਗੁਰਬਾਣੀ ਕਿਹਾ ਜਾਂਦਾ ਹੈ। ਸਿੱਖ ਧਰਮ ਮੁਤਾਬਿਕ, ਇਲਾਹੀ ਸ਼ਬਦ/ਗੁਰੂ ਗ੍ਰੰਥ ਸਾਹਿਬ ਨੂੰ ਅਦਬ ਦੇਣਾ ਕਿਸੇ ਚੀਜ਼ ਦੀ ਪੂਜਾ ਨਹੀਂ ਹੈ, ਪਰ ਇਹ ਅਦਬ ਉਨ੍ਹਾਂ ਸ਼ਬਦਾਂ ਦਾ ਹੈ ਜੋ ਇਸ ਵਿਚ ਦਰਜ ਹਨ। ਹੋਰ ਦੇਖੋ: **ਗੁਰਬਾਣੀ**।

ਬਾਬਰ ਵਾਣੀ: (ਇਹ, ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਦੇ, ਬਾਬਰ ਦੇ ਪੰਜਾਬ 'ਤੇ 1518-19 ਵਿਚ ਕੀਤੇ ਹਮਲੇ ਬਾਰੇ, ਲਿਖੇ ਸ਼ਬਦਾਂ ਵਾਸਤੇ ਗਲਤ ਹੈਡਿੰਗ ਹੈ)। ਬਾਬਰ ਸਾਊਥ ਏਸ਼ੀਆ ਵਿਚ ਮੁਗਲ ਸਾਮਰਾਜ ਦਾ ਮੋਢੀ ਹੈ। ਸੈਦਪੁਰ (ਹੁਣ ਐਮਨਾਬਾਦ) ਉਨ੍ਹਾਂ ਦਿਨਾਂ ਵਿਚ ਇਕ ਬਹੁਤ ਵੱਡਾ ਤੇ ਖ਼ੁਸ਼ਹਾਲ ਕਸਬਾ ਸੀ। ਬਾਬਰ ਦੀ ਫ਼ੌਜ ਨੇ ਕਸਬੇ ਨੂੰ ਲੁੱਟਿਆ ਅਤੇ ਜ਼ਮੀਂਦਾਰਾਂ ਤੇ ਸਰਕਾਰੀ ਅਫ਼ਸਰਾਂ ਹੀ ਨਹੀਂ, ਆਮ ਮਾਸੂਮ/ਨਿਰਦੋਸ਼ ਪਰਿਵਾਰਾਂ ਉੱਤੇ ਵੀ ਜ਼ੁਲਮ ਕੀਤਾ। ਲੋਕਾਂ ਦਾ ਇਹ ਯਕੀਨ ਸੀ ਕਿ (ਸੈਦਪੁਰ ਦੇ) ਜ਼ਾਲਮ (ਸਕਤੇ, ਤਾਕਤ ਦੇ ਨਸ਼ੇ ਵਿਚ ਗੜੁੱਚ) ਹਾਕਮਾਂ 'ਤੇ ਇਕ ਦੂਜੇ ਜ਼ਾਲਮ (ਸਕਤੇ) ਹਮਲਾਵਰ ਨੇ ਜ਼ੁਲਮ ਕੀਤਾ ਸੀ। ਪ੍ਰਮਾਤਮਾ ਨੇ ਵੀ ਜ਼ਾਲਮ ਲੋਕਾਂ ਉੱਤੇ ਹੋਏ ਹਮਲੇ 'ਤੇ ਤਰਸ ਨਹੀਂ ਕੀਤਾ (ਏਤੀ ਮਾਰ ਪਈ ਕਰਲਾਣੇ ਤੈਂਕੀ ਦਰਦੁ ਨਾ ਆਇਆ)। ਗੁਰੂ ਜੀ ਕਹਿੰਦੇ ਹਨ ਕਿ ਜਦ ਇਕ ਜ਼ਾਲਮ ਦੂਜੇ ਜ਼ਾਲਮ ਨੂੰ ਮਾਰਦਾ ਹੈ ਤਾਂ ਰੋਸ ਨਹੀਂ ਹੁੰਦਾ ਪਰ ਜਦ ਇਕ ਤਾਕਤਵਰ ਜਰਵਾਣਾ

ਕਿਸੇ ਬੇਗੁਨਾਹ, ਕਮਜ਼ੋਰ ਬੰਦੇ ਨਾਲ ਧੱਕਾ ਕਰਦਾ ਹੈ ਤਾਂ ਕਲਮ ਕੁਰਲਾਉਂਦੀ ਹੈ। ਗੁਰੂ ਸਾਹਿਬ ਨੇ ਬਾਬਰ ਨੂੰ 'ਪਾਪ ਦੀ ਜੰਞ' ਦਾ ਮੁਖੀ ਵਜੋਂ ਪੇਸ਼ ਕੀਤਾ ਹੈ। ਇਸ ਸ਼ਬਦ ਦਾ ਮੁੱਖ ਵਿਚਾਰ ਇਹ ਹੈ ਕਿ ਜਿਹੜੇ ਰੱਬ ਦੇ ਕਾਨੂੰਨ ਦੀ ਪਾਲਣਾ ਨਹੀਂ ਕਰਦੇ, ਉਹ ਰੱਖਿਆ ਦੇ ਕਾਬਿਲ ਨਹੀਂ ਹਨ ਅਤੇ ਜੋ ਪ੍ਰਮਾਤਮਾ ਦੇ ਹੁਕਮ ਵਿਚ ਆਪਣਾ ਜੀਵਨ ਜਿਉਂਦੇ ਹਨ ਉਹ ਅਜ਼ਾਦੀ ਅਤੇ ਸਕੂਨ ਹਾਸਿਲ ਕਰਦੇ ਹਨ। ਇੱਕ ਸੋਮੇ ਦੇ ਅਨੁਸਾਰ ਬਾਬਰ ਦੀ ਫ਼ੌਜ ਨੇ ਗੁਰੂ ਨਾਨਕ ਸਾਹਿਬ ਨੂੰ ਵੀ ਕੈਦ ਕੀਤਾ ਸੀ ਪਰ ਇਹ ਸਹੀ ਨਹੀਂ ਹੈ, ਕਿਉਂਕਿ ਜਦ ਬਾਬਰ ਨੇ ਹਮਲਾ ਕੀਤਾ ਉਨ੍ਹੀਂ ਦਿਨੀਂ ਗੁਰੂ ਸਾਹਿਬ ਮੱਕੇ ਅਤੇ ਬਗ਼ਦਾਦ ਦੇ ਵਿਚਕਾਰ ਸਨ। ਬਾਬਰਵਾਣੀ, ਗੁਰੂ ਗ੍ਰੰਥ ਸਾਹਿਬ ਵਿਚਲੀ ਇਸ ਬਾਣੀ ਦਾ ਸਿਰਲੇਖ ਨਹੀਂ ਹੈ। ਇਹ ਹੈਡਿੰਗ ਲੇਖਕਾਂ ਨੇ ਇਸ ਬਾਣੀ ਦੀਆਂ ਤੁਕਾਂ ਵਿਚੋਂ ਲਿਆ ਹੈ। ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਤਿੰਨ ਥਾਂਵਾਂ ਉੱਤੇ (ਸਫ਼ੇ 360, 417,722 ਉੱਤੇ) ਦਰਜ ਹਨ:

> *ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥ ਕਰਤਾ ਤੂੰ ਸਭਨਾ ਕਾ ਸੋਈ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥ ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ॥ ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥ ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥ ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥ (ਸਫ਼ਾ 360)*
>
> *ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥ ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ॥ ਆਦੇਸੁ ਬਾਬਾ ਆਦੇਸੁ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ॥ ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥ ਹੀਡੋਲੀ ਚੜਿ ਆਈਆ ਦੰਦਖੰਡ ਕੀਤੇ ਰਾਸਿ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ॥ ਇਕੁ ਲਖੁ ਲਹਨ੍ਹਿ ਬਹਿਠੀਆ ਲਖੁ ਲਹਨ੍ਹਿ ਖੜੀਆ॥ ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ॥ ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ॥ ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥ ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ॥ ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥ ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ॥ (ਸਫ਼ਾ 417)*
>
> *ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥ ਜਾਤਿ ਸਨਾਤੀ*

ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥ ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ॥ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥ (ਸਫ਼ਾ 722)

ਬਾਬਾ: ਇਹ ਫ਼ਾਰਸੀ ਬੋਲੀ ਦਾ ਲਫ਼ਜ਼ ਹੈ ਜਿਸ ਦਾ ਮਾਅਨਾ ਹੈ: ਬਾਪ, ਦਾਦਾ, ਪੀਰ, ਕਾਮਿਲ, ਚਿੱਟੀ ਦਾੜ੍ਹੀ ਵਾਲਾ। ਇਸ ਨੂੰ **ਬਜ਼ੁਰਗ** ਦੇ ਮਾਅਨਿਆਂ ਵਿਚ ਵੀ ਵਰਤਿਆ ਜਾਂਦਾ ਹੈ, ਜਿਸ ਦਾ ਮਾਅਨਾ ਹੈ ਵੱਡਾ, ਲਿਹਾਜ਼ ਵਾਲਾ, ਅਦਬ ਵਾਲਾ। ਸਿੱਖ ਧਰਮ ਵਿਚ ਬਾਬਾ ਰੱਬ ਲਈ ਵੀ ਵਰਤਿਆ ਜਾਂਦਾ ਹੈ ਕਿਉਂਕਿ ਉਹ ਹਰੇਕ ਇਨਸਾਨ ਦਾ ਪਿਤਾ ਹੈ। ਸਿੱਖ ਲੇਖਕਾਂ ਵੱਲੋਂ ਗੁਰੂ ਨਾਨਕ ਸਾਹਿਬ ਨੂੰ ਵੀ ਬਾਬਾ ਨਾਨਕ ਲਿਖਿਆ ਜਾਂਦਾ ਹੈ। ਸਿੱਖ ਕਲਚਰ ਵਿਚ, ਬਾਬਾ ਲਫ਼ਜ਼ ਉਸ ਵੱਡੇ ਬੰਦੇ ਲਈ ਵੀ ਵਰਤਿਆ ਜਾਂਦਾ ਹੈ ਜਿਸ ਨੇ ਸਿੱਖ ਕੌਮ ਦੀ ਕੋਈ ਅਹਿਮ ਸੇਵਾ ਕੀਤੀ ਹੁੰਦੀ ਹੈ ਜਾਂ ਉਸ ਦੀ ਕੋਈ ਕਾਰਵਾਈ/ਅਗਵਾਈ ਬਹੁਤ ਵਧੀਆ ਰੋਲ ਅਦਾ ਕਰ ਗਈ ਹੁੰਦੀ ਹੈ ਜਾਂ ਉਸ ਨੇ ਲੰਮਾ ਸਮਾਂ ਸੇਵਾ ਕੀਤੀ ਹੁੰਦੀ ਹੈ। ਸਿੱਖ ਤਵਾਰੀਖ਼ ਵਿਚ 'ਬਾਬਾ' ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਵਾਸਤੇ ਵਰਤਿਆ ਗਿਆ ਸੀ। ਗੁਰੂ ਸਾਹਿਬਾਨ ਦੇ ਪੁੱਤਰਾਂ ਵਾਸਤੇ ਵੀ ਕੁਝ ਲੇਖਕ ਬਾਬਾ ਲਿਖਦੇ ਹਨ, ਜੋ ਸਹੀ ਨਹੀਂ ਹੈ। ਕੌਮ ਦੇ ਵੱਡੇ ਆਗੂ ਵੀ ਬਾਬਾ ਕਰ ਕੇ ਜਾਣੇ ਜਾਂਦੇ ਹਨ, ਜਿਵੇਂ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ, ਬਾਬਾ ਦੀਪ ਸਿੰਘ, ਬਾਬਾ ਬਘੇਲ ਸਿੰਘ, ਬਾਬਾ ਵਿਸਾਖਾ ਸਿੰਘ, ਬਾਬਾ ਖੜਕ ਸਿੰਘ, ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਆਦਿ।

ਬਾਰਹ ਮਾਹ: ਬਾਰਹ ਮਾਹ ਦਾ ਲਫ਼ਜ਼ੀ ਮਾਅਨਾ ਹੈ: (ਸਾਲ ਦੇ) ਬਾਰਾਂ ਮਹੀਨੇ। ਬਾਰਹ ਮਾਹ ਕਵਿਤਾ ਦੀ ਇਕ ਕਿਸਮ (ਰੂਪ) ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੋ 'ਬਾਰਹ ਮਾਹ' ਹਨ, ਇਕ ਗੁਰੂ ਨਾਨਕ ਸਾਹਿਬ ਲਿਖਤ (ਰਾਗ ਤੁਖਾਰੀ ਵਿਚ, ਸਫ਼ੇ 1107-09 'ਤੇ) ਅਤੇ ਦੂਜਾ ਗੁਰੂ ਅਰਜਨ ਸਾਹਿਬ (ਰਾਗ ਮਾਝ ਵਿਚ, ਸਫ਼ੇ 133-36 'ਤੇ) ਦਾ ਲਿਖਿਆ ਹੋਇਆ ਹੈ। ਹਿੰਦੂ ਲੋਕ ਕੁਝ ਦਿਨਾਂ, ਕੁਝ ਤਾਰੀਖ਼ਾਂ ਤੇ ਕੁਝ ਵਾਰਾਂ ਨੂੰ ਖ਼ਾਸ ਅਹਿਮੀਅਤ ਦੇਂਦੇ ਹਨ ਅਤੇ 'ਪਵਿੱਤਰ' ਸਮਝਦੇ ਹਨ। ਪਰ, ਸਿੱਖ ਫ਼ਲਸਫ਼ੇ ਮੁਤਾਬਿਕ, ਬਾਰਹ ਮਾਹ ਦੇ ਇਹ ਸ਼ਬਦ ਕਿਸੇ ਵੀ ਪਲ ਨੂੰ ਕੋਈ ਅਹਿਮੀਅਤ ਦੇਣ ਦੀ ਸੋਚ ਨੂੰ ਰੱਦ ਕਰਦੇ ਹਨ। ਇਨ੍ਹਾਂ ਸ਼ਬਦਾਂ ਦਾ ਮੁੱਖ ਵਿਸ਼ਾ ਇਹ ਹੈ ਕਿ ਸਾਰੇ ਮਹੀਨੇ, ਦਿਨ, ਤਾਰੀਖ਼ਾਂ ਅਤੇ ਪਲਾਂ ਦੀ ਇਕੋ ਜਿਹੀ ਮਹਾਨਤਾ ਹੈ। ਕਿਸੇ ਮਹੀਨੇ, ਦਿਨ, ਵਾਰ ਜਾਂ ਪਲ ਨੂੰ ਅਹਿਮੀਅਤ ਨਹੀਂ ਦੇਣੀ ਚਾਹੀਦੀ। ਇਨਸਾਨ ਨੂੰ ਹਰ ਵੇਲੇ ਰੱਬ ਨੂੰ ਯਾਦ ਕਰਨਾ ਲਾਜ਼ਮੀ ਹੈ। ਕੁਝ ਅਗਿਆਨੀ ਸਿੱਖਾਂ ਵੱਲੋਂ, ਬ੍ਰਾਹਮਣਾਂ ਦੇ ਅਸਰ ਹੇਠ, (ਗੁਰੂ ਅਰਜਨ ਸਾਹਿਬ ਵਾਲੇ) ਬਾਰਹ ਮਾਹ ਵਿਚੋਂ ਉਸ ਬਿਕਰਮੀ ਮਹੀਨੇ ਨਾਲ ਸਬੰਧਤ ਸ਼ਬਦ, ਸੰਗਰਾਂਦ ਵਾਲੇ (ਬਿਕਰਮੀ ਕੈਲੰਡਰ ਦਾ ਪਹਿਲਾ ਦਿਨ) ਪੜ੍ਹਿਆ ਜਾਂਦਾ ਹੈ। ਇਸ ਦਾ ਕੋਈ ਰੂਹਾਨੀ ਜਾਂ ਧਾਰਮਿਕ ਮਤਲਬ ਨਹੀਂ, ਸਗੋਂ ਰਸਮ ਵਜੋਂ ਇੰਞ ਪੜ੍ਹਨਾ ਸਿੱਖੀ ਅਸੂਲਾਂ ਦੇ ਉਲਟ ਹੈ। ਇਹ ਬੜੀ

ਹੈਰਾਨੀ ਵਾਲੀ ਗੱਲ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੇਸਮਝ ਆਗੂਆਂ ਨੇ 2003 ਵਿਚ ਅਜਿਹੇ ਇਕ ਕੈਲੰਡਰ ਨੂੰ ਮਨਜ਼ੂਰੀ ਦਿੱਤੀ ਜੋ ਕਿ ਸਿੱਖੀ ਦੇ ਖ਼ਿਲਾਫ਼ ਰਸਮਾਂ, ਸੰਗਰਾਂਦ, ਪੂਰਨਮਾਸ਼ੀ ਵਗ਼ੈਰਾ, ਨੂੰ ਲਾਗੂ ਕਰਦਾ ਹੈ।

ਬਾਲ-ਹੱਤਿਆ: ਬਾਲ ਹੱਤਿਆ ਦਾ ਮਾਅਨਾ ਹੈ: ਨਵੇਂ ਜੰਮੇ ਬੱਚੇ ਨੂੰ ਮਾਰਨਾ। ਕੁਝ ਹਿੰਦੂ ਬਰਾਦਰੀਆਂ, ਜ਼ਿਆਦਾਤਰ ਰਾਜਪੂਤਾਂ ਵਿਚ, ਲੜਕੀ (ਤੇ ਕਰੂਪ ਲੜਕੇ ਵੀ) ਨੂੰ ਮਾਰਨ ਦੀ ਰਿਵਾਇਤ ਪਾਈ ਜਾਂਦੀ ਸੀ। ਅਜਿਹਾ ਬੱਚੇ ਦੇ ਜਨਮ ਹੋਣ ਤੋਂ ਬਾਅਦ ਜਲਦੀ ਹੀ ਕਰ ਦਿੱਤਾ ਜਾਂਦਾ ਸੀ। ਸਿੱਖ ਧਰਮ ਇਸ ਜ਼ਾਲਮਾਨਾ ਹਰਕਤ ਦੀ ਮਨਾਹੀ ਕਰਦਾ ਹੈ। ਸਿੱਖ ਰਹਿਤ ਮਰਯਾਦਾ ਵਿਚ ਸਾਫ਼ ਹਦਾਇਤ ਹੈ ਕਿ ਸਿੱਖ ਧੀ ਦਾ ਕਤਲ ਨਹੀਂ ਕਰ ਸਕਦਾ। ਅਜਿਹਾ ਕਰਨ ਵਾਲੇ ਵਾਸਤੇ ਲਫ਼ਜ਼ 'ਕੁੜੀ-ਮਾਰ' ਵਰਤਿਆ ਗਿਆ ਹੈ। ਬਾਲ ਹੱਤਿਆ ਵਿਚ ਅਣ-ਜੰਮੇ ਬੱਚੇ ਦੀ ਅਬਾਰਸ਼ਨ ਕਰਨਾ/ਕਰਵਾਉਣਾ ਵੀ ਸ਼ਾਮਿਲ ਹੈ, ਜੋ ਕਿ ਅੱਜ-ਕਲ੍ਹ ਪੰਜਾਬੀਆਂ ਵੱਲੋਂ ਆਮ ਹੀ ਕੀਤਾ ਜਾਂਦਾ ਹੈ (ਬਹੁਤ ਸਾਰੇ ਸਿੱਖ ਵੀ ਇਸ ਪਾਪ ਵਿਚ ਸ਼ਾਮਿਲ ਹਨ)। ਅਜਿਹੀ ਹਰਕਤ ਮੁੰਡੇ ਪੈਦਾ ਕਰਨ ਦੀ ਖ਼ਾਹਿਸ਼ ਵਾਸਤੇ ਕੀਤੀ ਜਾਂਦੀ ਹੈ ਕਿਉਂਕਿ ਅਬਾਰਸ਼ਨ ਸਿਰਫ਼ ਧੀਆਂ ਦੇ ਭਰੂਣ ਦਾ ਹੀ ਕੀਤਾ ਜਾ ਰਿਹਾ ਹੈ, ਪੁੱਤਰਾਂ ਦੇ ਭਰੂਣ ਦਾ ਨਹੀਂ। ਦੇਖੋ: **ਗਰਭਪਾਤ**

ਬਾਵਨ ਅੱਖਰੀ: ਦੇਵਨਾਗਰੀ ਲਿੱਪੀ ਦੇ ਬਾਵਨ (52) ਅੱਖਰ (ਹਰਫ਼) ਹਨ। ਇਨ੍ਹਾਂ ਵਿਚੋਂ 33 ਵਿਅੰਜਨ, 16 ਸ੍ਵਰ ਅਤੇ 3 ਮਿਸ਼ਰਤ ਹਨ। 'ਬਾਵਨ ਅੱਖਰੀ' ਉਹ ਕਵਿਤਾ ਹੈ ਜਿਸ ਦਾ ਹਰ ਬੰਦ ਇਕ ਨਵੇਂ ਅੱਖਰ ਨਾਲ ਸ਼ੁਰੂ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦੋ 'ਬਾਵਨ ਅੱਖਰੀਆਂ' ਹਨ: ਇੱਕ ਗੁਰੂ ਅਰਜਨ ਸਾਹਿਬ ਦੀ ਲਿਖੀ ਹੋਈ (55 ਪਹਿਰੇ ਅਤੇ ਹਰ ਇੱਕ ਪਹਿਰੇ ਦੀਆਂ 8 ਤੁਕਾਂ) ਅਤੇ ਦੂਜੀ ਭਗਤ ਕਬੀਰ ਦੀ ਲਿਖੀ ਹੋਈ ਹੈ। ਕਵਿਤਾ ਦੀਆਂ ਕਿਸਮਾਂ (ਅਤੇ ਅਜਿਹੇ ਕਈ ਹੋਰ ਕਾਵਿ ਰੂਪ, ਛੰਦ ਵਗ਼ੈਰਾ), ਜਿਵੇਂ ਪੱਟੀ (ਗੁਰਮੁਖੀ ਲਿਪੀ ਦੇ 35 ਅੱਖਰ), ਸੀਹਰਫ਼ੀ (ਅਰਬੀ ਲਿੱਪੀ ਦੇ ਹਰਫ਼) ਅਤੇ ਸੱਤਵਾਰਾ (ਹਫਤੇ ਦੇ ਸੱਤ ਦਿਨਾਂ ਦੇ ਨਾਂ 'ਤੇ) ਵੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਹਨ।

ਬਾਜ਼: ਬਾਜ/ਬਾਜ਼ ਇਕ ਸ਼ਾਹੀ ਪੰਛੀ ਹੈ ਜਿਹੜਾ ਰਾਜਿਆਂ, ਮਹਾਰਾਜਿਆਂ ਤੇ ਹੋਰ ਅਮੀਰਾਂ-ਵਜ਼ੀਰਾਂ ਕੋਲ ਹੋਇਆ ਕਰਦਾ ਸੀ। ਦਰਅਸਲ ਇਹ ਪੰਛੀ ਸ਼ਿਕਾਰ ਵਾਸਤੇ ਹੁੰਦਾ ਸੀ। ਤਵਾਰੀਖ਼ ਵਿਚ ਜ਼ਿਕਰ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪਾਲਤੂ ਬਾਜ਼ ਰੱਖੇ ਹੋਏ ਸਨ। ਗੁਰੂ ਗੋਬਿੰਦ ਸਾਹਿਬ ਨੂੰ ਤਾਂ ਚਿੱਟਿਆਂ ਬਾਜ਼ਾਂ ਵਾਲੇ ਵੀ ਕਿਹਾ ਜਾਂਦਾ ਹੈ (ਕਿਉਂਕਿ ਉਨ੍ਹਾਂ ਕੋਲ ਚਿੱਟੇ ਬਾਜ਼ ਸਨ)। ਚਿੱਟੇ ਬਾਜ਼ ਦੀ ਦਿੱਖ ਬੜੀ ਖ਼ੂਬਸੂਰਤ ਹੁੰਦੀ ਹੈ ਅਤੇ ਹੋਰਨਾਂ ਬਾਜ਼ਾਂ ਦੇ ਮੁਕਾਬਲੇ 'ਤੇ ਵਧੇਰੇ ਫ਼ੁਰਤੀਲਾ ਹੁੰਦਾ ਹੈ। ਪਰ, ਸਿੱਖ ਫ਼ਲਸਫ਼ੇ ਵਿਚ ਬਾਜ਼ ਨੂੰ ਪੰਛੀ ਜਾਂ ਪਾਲਤੂ ਵਜੋਂ ਰੱਖਣ ਦੀ ਕੋਈ ਮਹਾਨਤਾ ਨਹੀਂ ਹੈ ਤੇ ਨਾ ਹੀ ਇਹ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੀ ਕੋਈ ਨਿਸ਼ਾਨੀ ਹੈ। ਕੁਝ ਸਿੱਖ ਬਾਜ ਨੂੰ ਸਿੱਖਾਂ ਦੇ ਚਿੰਨ੍ਹ (ਸ਼ੇਮਬੋਲ) ਜਾਂ ਸਿੱਖਾਂ ਦੇ ਕੌਮੀ ਪੰਛੀ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ, ਜੋ ਗ਼ਲਤ ਹੈ। ਇਕ ਸੋਮੇ ਮੁਤਾਬਿਕ, ਅੰਮ੍ਰਿਤਸਰ ਦੀ ਲੜਾਈ (13

ਅਪ੍ਰੈਲ 1634) ਉਸ ਬਾਜ਼ ਕਰ ਕੇ ਹੋਈ ਸੀ, ਜੋ ਮੁਗਲ ਫ਼ੌਜਾਂ ਤੋਂ ਉੱਡ ਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿਚ ਆ ਗਿਆ ਸੀ। ਉਂਵ ਇਹ ਕਹਾਣੀ ਮਨੋਕਲਪਿਤ ਹੈ। 1634 ਦਾ ਅੰਮ੍ਰਿਤਸਰ 'ਤੇ ਹਮਲਾ ਸਿਆਸੀ ਸੀ ਨਾ ਕਿ ਇਕ ਬਾਜ਼ ਦੇ ਝਗੜੇ ਕਾਰਨ ਸੀ। ਕੁਝ ਸਿਆਸੀ ਅਤੇ ਧਾਰਮਿਕ ਮੋਰਚਿਆਂ ਦੌਰਾਨ (ਜਿਵੇਂ 1955 ਤੇ 1960 ਵਿਚ), ਜਦੋਂ ਕੋਈ ਬਾਜ਼ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਆਲੇ ਦੁਆਲੇ ਜਾਂ ਕਿਸੇ ਹੋਰ ਗੁਰਦੁਆਰਿਆਂ ਵਿਚ ਦਿਖਾਈ ਦੇਂਦੇ ਸਨ, ਤਾਂ ਇਹ ਪ੍ਰਚਾਰ ਕੀਤਾ ਜਾਂਦਾ ਸੀ ਕਿ ਇਹ ਬਾਜ਼ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੈ ਅਤੇ ਸਿੱਖਾਂ ਦੀ ਹਾਲਤ ਨੂੰ ਵੇਖਣ ਵਾਸਤੇ ਆਇਆ ਹੈ। ਇਹ ਗੱਲ ਸਿੱਖਾਂ ਦੇ ਹੌਸਲੇ ਨੂੰ ਹੱਲਾਸ਼ੇਰੀ ਤਾਂ ਦੇਂਦੀ ਸੀ ਪਰ ਅਸੂਲੀ ਤੌਰ 'ਤੇ ਗ਼ਲਤ ਸੀ ਕਿਉਂਕਿ ਇਸ ਨਾਲ ਬਾਜ਼ ਦੀ ਰੂਹਾਨੀ ਜਾਂ ਧਾਰਮਿਕ ਅਹਿਮੀਅਤ ਬਣ ਜਾਣ ਦਾ ਖ਼ਤਰਾ ਸੀ। ਹੁਣ, ਦੁਨੀਆਂ ਵਿਚੋਂ, ਹੋਰ ਵੀ ਕਈ ਪੰਛੀਆਂ ਵਾਂਗ, ਬਾਜ਼ ਵੀ ਤਕਰੀਬਨ ਅਲੋਪ ਹੁੰਦੇ ਜਾ ਰਹੇ ਹਨ।

ਬਿਕ੍ਰਮੀ ਸੰਮਤ: ਇਹ (ਚੰਨ ਦੇ ਅਧਾਰ 'ਤੇ ਬਣਿਆ) ਇਕ ਕੈਲੰਡਰ ਹੈ ਜੋ ਰਾਜੇ ਬਿਕਰਮਾਜੀਤ ਦੇ ਨਾਂ ਨਾਲ ਸਬੰਧਤ ਹੈ, ਕਿਉਂਕਿ ਇਹ ਉਸ ਦੇ ਰਾਜ ਸੰਭਾਲਣ ਦੇ ਦਿਨ ਤੋਂ ਸ਼ੁਰੂ ਹੁੰਦਾ ਹੈ। ਕੁਝ ਲੋਕ ਇਸ ਨੂੰ 'ਹਿੰਦੂ' ਕੈਲੰਡਰ ਕਹਿੰਦੇ ਹਨ ਜੋ ਸਰਾਸਰ ਗ਼ਲਤ ਹੈ। ਇਸ ਕੈਲੰਡਰ ਦਾ ਹਿੰਦੂ ਧਰਮ ਨਾਲ ਕੋਈ ਸਬੰਧ ਨਹੀਂ। ਭਾਰਤ ਸਰਕਾਰ ਭਾਵੇਂ ਇਸ ਕੈਲੰਡਰ ਨੂੰ ਰੱਦ ਨਹੀਂ ਕਰਦੀ ਪਰ ਸਰਕਾਰੀ ਤੌਰ 'ਤੇ ਇਸ ਦੀ ਬਜਾਇ (ਸੂਰਜੀ ਕੈਲੰਡਰ) 'ਸ਼ਕ' ਸੰਮਤ ਨੂੰ ਹੀ ਰਸਮੀ ਤੌਰ 'ਤੇ ਵਰਤਿਆ ਜਾਂਦਾ ਹੈ (ਹਾਲਾਂ ਕਿ ਸਾਰੀ ਸਰਕਾਰੀ ਕਾਰਵਾਈ ਗਰੈਗੋਰੀਅਨ, ਯਾਨਿ ਇੰਟਰਨੈਸ਼ਨਲ ਕੈਲੰਡਰ ਮੁਤਾਬਿਕ ਹੀ ਕੀਤੀ ਜਾਂਦੀ ਹੈ)। ਸਿੱਖ ਵਾਸਤੇ ਸਾਰੇ ਕੈਲੰਡਰ ਇਕੋ ਜਿਹੀ ਅਹਿਮੀਅਤ ਰੱਖਦੇ ਹਨ। ਗੁਰੂ ਸਾਹਿਬ ਦੇ ਸਮੇਂ ਦੇ ਦੌਰਾਨ ਬਿਕਰਮੀ ਸੰਮਤ ਵਰਤਿਆ ਜਾਂਦਾ ਸੀ ਅਤੇ ਹੁਣ ਗਰੈਗੋਰੀਅਨ ਕੈਲੰਡਰ ਸਾਰੀ ਦੁਨੀਆਂ ਵਿਚ ਵਰਤਿਆ ਜਾਂਦਾ ਹੈ। 1998 ਵਿੱਚ ਅਤੇ ਦੁਬਾਰਾ 2003 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ 'ਨਾਨਕਸ਼ਾਹੀ' ਨਾਂ ਹੇਠ ਪਾਲ ਸਿੰਘ ਪੁਰੇਵਾਲ ਦੇ ਕੈਲੰਡਰ ਨੂੰ ਜਬਰੀ ਲਾਗੂ ਕੀਤਾ ਹੈ ਜੋ ਕਿ ਵਧੇਰੇ ਕਰ ਕੇ ਸ਼ੱਕ ਕੈਲੰਡਰ ਦੀ ਨਕਲ ਹੈ। ਇਸ ਵਿਚ ਕੁਝ ਕੁ ਬਿਰਕਮੀ ਕੈਲੰਡਰ ਦਾ ਮਿਲਗੋਭਾ ਵੀ ਹੈ। ਪੁਰੇਵਾਲ ਦਾ ਕੈਲੰਡਰ ਸਿੱਖ ਫ਼ਲਸਫ਼ੇ ਦੇ ਉਲਟ ਹੈ (ਵਧੇਰੇ ਤਫ਼ਸੀਲ ਵਾਸਤੇ ਪੜ੍ਹੋ ਕਿਤਾਬ: **ਨਾਨਕਸ਼ਾਹੀ ਕੈਲੰਡਰ**)। ਹੋਰ ਦੇਖੋ: **ਕੈਲੰਡਰ, ਨਾਨਕਸ਼ਾਹੀ, ਸੰਮਤ।**

ਬਿਜੈ ਸਿੰਘ: ਇਹ ਨਾਵਲ ਭਾਈ ਵੀਰ ਸਿੰਘ ਦਾ ਲਿਖਿਆ ਹੋਇਆ ਹੈ। ਇਸ ਵਿਚ ਅਠਾਰਵੀਂ ਸਦੀ ਦੀ ਸਿੱਖ ਤਵਾਰੀਖ਼ ਦੇ ਔਖੇ ਦਿਨਾਂ, ਸਿੱਖਾਂ 'ਤੇ ਜ਼ੁਲਮ, ਸਿੱਖ ਜੱਦੋਜਹਿਦ, ਸਿੱਖ ਬੀਬੀਆਂ ਦੇ ਸਿਦਕ ਤੇ ਸਿੱਖ ਇਖ਼ਲਾਕ ਦੀਆਂ ਉਚਾਈਆਂ ਨੂੰ ਬਿਆਨ ਕੀਤਾ ਹੈ। ਇਸ ਨਾਵਲ ਨੇ ਅਨੇਕਾਂ ਸਿੱਖਾਂ ਦੀ ਜ਼ਿੰਦਗੀ ਨੂੰ ਬਦਲਿਆ, ਸਿੱਖਾਂ ਦੇ ਕੌਮੀ ਇਖ਼ਲਾਕ ਨੂੰ ਉਚਿਆਇਆ ਸੀ ਅਤੇ ਉਨ੍ਹਾਂ ਵਿਚ ਚੜ੍ਹਦੀ ਕਲਾ ਦਾ ਜਜ਼ਬਾ ਭਰਿਆ ਸੀ।

ਬਿਬੇਕ ਬੁਧ: 'ਬਿਬੇਕ ਦਾ ਮਾਅਨਾ ਹੈ: (ਗਿਆਨ ਇੰਦਰੀਆਂ ਦੀ) ਤਰਕ ਕਰਨ ਦੀ ਤਾਕਤ ਅਤੇ ਬੁੱਧ ਦਾ ਮਾਅਨਾ ਹੈ: ਅਕਲ/ਸੂਝ। ਸੋ, ਬਿਬੇਕ ਬੁੱਧ ਦਾ

ਮਾਅਨਾ ਹੈ 'ਗਿਆਨ ਦੇ ਤਰਕ ਨੂੰ ਸਮਝਣ ਦੀ ਅਕਲ/ਸੂਝ ਅਤੇ ਪੇਸ਼ ਕਰਨ ਦੀ ਤਾਕਤ'। ਗੁਰੂ ਗ੍ਰੰਥ ਸਾਹਿਬ ਦੇ ਅਨੁਸਾਰ ਬਿਬੇਕ-ਬੁੱਧ ਕੇਵਲ ਸੱਚੇ ਗੁਰੂ ਰਾਹੀਂ ਹੀ ਹਾਸਿਲ ਹੋ ਸਕਦੀ ਹੈ:

> *ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ॥ ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ॥ (ਸਫ਼ਾ 711)*

ਹਿੰਦੂ ਧਰਮ ਵਿਚ ਅਖੌਤੀ-ਸੁੱਚ ਰੱਖਣ ਨੂੰ ਵੀ **ਬਿਬੇਕ** ਕਿਹਾ ਜਾਂਦਾ ਹੈ। ਇਹ ਬ੍ਰਾਹਮਣਾਂ ਦੀ ਦੂਜੀਆਂ ਜ਼ਾਤਾਂ ਨੂੰ ਨੀਵਾਂ ਸਮਝਣ ਦੀ ਸ਼ਰਾਰਤ ਵਿੱਚੋਂ ਪੈਦਾ ਹੋਇਆ ਸੀ ਜਿਸ ਹੇਠ ਉਹ ਖ਼ੁਦ ਨੂੰ ਉੱਚਾ ਸਮਝਦੇ ਸੀ ਤੇ ਉਨ੍ਹਾਂ ਦੇ ਹੱਥ ਲਗ ਜਾਣ ਨੂੰ ਭਿੱਟ ਜਾਣਾ ਆਖਦੇ ਸਨ। ਇਸੇ ਤੋਂ ਹੀ ਉਨ੍ਹਾਂ ਨੇ **ਬਿਬੇਕੀ ਬ੍ਰਾਹਮਣ** ਹੋਣ ਦਾ ਦਰਜਾ ਸ਼ੁਰੂ ਕਰ ਲਿਆ। ਇਹ ਬ੍ਰਾਹਮਣੀ ਸੋਚ ਕੁਝ ਸਿੱਖਾਂ ਵਿਚ ਵੀ ਮਿਲਦੀ ਹੈ ਜੋ ਅਜਿਹਾ 'ਭਿੱਟ ਜਾਣ ਦਾ' ਦੰਭ ਕਰਦੇ ਹਨ। ਅਜਿਹੇ ਲੋਕ ਬਰਤਨ ਨੂੰ ਕਿਸੇ ਦਾ ਹੱਥ ਲਗ ਜਾਣ ਨੂੰ ਵੀ ਭਿੱਟ ਜਾਣਾ ਮੰਨਦੇ ਹਨ ਹਾਲਾਂ ਕਿ ਬਾਜ਼ਾਰ ਵਿਚੋਂ ਮਿਲਦੀਆਂ ਸਾਰੀਆਂ ਚੀਜ਼ਾਂ ਨੂੰ ਉਹ ਬਿਨਾਂ ਸੁੱਚ-ਜੂਠ ਦੇ ਖਾ-ਪੀ ਅਤੇ ਵਰਤ ਲੈਂਦੇ ਹਨ।

ਬਿਰਦ: ਬਿਰਦ ਦਾ ਲਫ਼ਜ਼ੀ ਮਾਅਨਾ ਹੈ ਫ਼ਰਜ਼/ਅਸਲਾ/ਸੁਭਾਅ। ਇਸ ਦਾ ਇਕ ਹੋਰ ਮਾਅਨਾ '(ਕਿਸੇ ਚੰਗੀ ਖ਼ੂਬੀ ਵਾਲਾ) ਸੁਭਾਅ' ਵੀ ਬਣਦਾ ਹੈ। ਜਿਵੇਂ ਰੱਬ ਦਾ ਬਿਰਦ ਹੈ ਕਿ ਉਹ ਹਰ ਜੀਵ ਨੂੰ ਰਿਜ਼ਕ ਦੇਂਦਾ ਹੈ। ਮਾਂ ਦਾ ਬਿਰਦ ਆਪਣੇ ਸੁਖ/ਜ਼ਰੂਰਤਾਂ ਨੂੰ ਭੁੱਲ ਕੇ ਆਪਣੇ ਬੱਚੇ ਨੂੰ ਪਾਲਣਾ ਤੇ ਉਸ ਦੇ ਸੁਖ ਦਾ ਖ਼ਿਆਲ ਰੱਖਣਾ ਹੈ। ਇਸੇ ਤਰ੍ਹਾਂ ਸਿੱਖ ਦਾ ਬਿਰਦ ਹੈ ਕਿ ਉਹ ਕਮਜ਼ੋਰ, ਲੋੜਵੰਦ ਅਤੇ ਦਬੇ ਹੋਏ ਲੋਕਾਂ ਦੀ ਮਦਦ ਕਰਨ ਕਰਨ ਦੀ ਹਰ ਮੁਮਕਿਨ ਕੋਸ਼ਿਸ਼ ਕਰੇ। ਰੱਬ ਦਾ ਇਹ ਫ਼ਰਜ਼ ਹੈ ਕਿ (ਉਹ ਆਪਣੇ ਬਿਰਦ ਦੀ ਪੈਜ ਰੱਖੇ), ਯਾਨਿ ਉਹ ਆਪਣਾ ਬਿਰਦ (ਫ਼ਰਜ਼) ਸਮਝਦਿਆਂ ਹੋਇਆਂ ਆਪਣੇ 'ਖਾਲਸਾ' (ਅਕਾਲ ਪੁਰਖ ਦੀ ਆਪਣੀ ਫ਼ੌਜ) ਦੀ ਹਰ ਹਾਲਤ ਵਿਚ ਰੱਖਿਆ ਕਰੇ।

ਬੀੜ: ਗੁਰੂ ਗ੍ਰੰਥ ਸਾਹਿਬ ਵਾਸਤੇ ਭਾਵੇਂ 'ਸਰੂਪ' ਲਫ਼ਜ਼ ਜ਼ਿਆਦਾ ਵਰਤਦੇ ਹਨ, ਪਰ ਪਹਿਲਾਂ ਕਈ ਜਗਹ ਇਸ ਨੂੰ ਬੀੜ ਵੀ ਲਿਖਿਆ ਜਾਂਦਾ ਰਿਹਾ ਹੈ (ਜੋ ਕਿ ਗ਼ਲਤ ਹੈ)। ਬੀੜ ਦਾ ਲਫ਼ਜ਼ੀ ਮਾਅਨਾ ਹੈ (ਜਿਲਦ) ਬੰਨ੍ਹਣਾ। ਹੋ ਸਕਦਾ ਹੈ ਕਿ ਪੱਤਰਿਆਂ ਦੀ ਬੰਨ੍ਹੀ ਜਿਲਦ ਕਾਰਨ ਪੋਥੀ ਨੂੰ ਬੀੜ ਕਿਹਾ ਜਾਣ ਲਗ ਪਿਆ ਹੋਵੇ।

ਬੁੰਗਾ: ਅਠਾਰ੍ਹਵੀਂ ਸਦੀ ਦੇ ਅਖ਼ੀਰਲੇ ਦਹਾਕਿਆਂ ਵਿਚ ਬੁੰਗਾ ਲਫ਼ਜ਼ ਤੀਰਥ ਯਾਤਰੀਆਂ ਜਾਂ ਵਿਦਵਾਨਾਂ ਦੇ ਰਹਿਣ ਦੀ ਜਗਹ ਲਈ ਵਰਤਿਆ ਜਾਂਦਾ ਸੀ। ਬੁੰਗੇ ਸਭ ਤੋਂ ਪਹਿਲਾਂ ਸਿੱਖ ਮਿਸਲਾਂ ਵੱਲੋਂ ਅੰਮ੍ਰਿਤਸਰ ਵਿਚ ਕਾਇਮ ਕੀਤੇ ਗਏ ਸਨ। 19 ਵੀਂ ਸਦੀ ਦੇ ਅੱਧ ਤਕ ਅੰਮ੍ਰਿਤਸਰ ਵਿਚ 69 ਦੇ ਕਰੀਬ ਬੁੰਗੇ ਸਨ। ਉਨ੍ਹਾਂ ਵਿਚੋਂ ਇਕ-ਦੋ ਅਜੇ ਵੀ ਮੌਜੂਦ ਹਨ। ਬੁੰਗਿਆਂ ਤੋਂ ਪਹਿਲਾਂ ਯਾਤਰੂਆਂ ਦੇ ਰਹਿਣ ਵਾਸਤੇ ਧਰਮਸਾਲਾ ਹੁੰਦੀਆਂ ਸਨ। ਹੁਣ ਯਾਤਰੀਆਂ ਦੇ ਰਹਿਣ ਦੀ ਜਗਹ ਵਾਸਤੇ ਸਰਾਂ ਲਫ਼ਜ਼ ਵਰਤਿਆ ਜਾਂਦਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਸਭ ਤੋਂ ਪਹਿਲਾਂ ਗੁਰੂ ਰਾਮਦਾਸ ਸਰਾਂ ਬਣਾਈ ਗਈ ਸੀ। ਦਰਬਾਰ ਸਾਹਿਬ ਕੰਪਲੈਕਸ ਵਿਚ ਇਸ ਮਗਰੋਂ ਗੁਰੂ ਨਾਨਕ ਨਿਵਾਸ, ਗੁਰੂ ਹਰਿਗੋਬਿੰਦ ਨਿਵਾਸ, ਗੁਰੂ ਅਰਜਨ ਨਿਵਾਸ ਤੇ

ਮਾਤਾ ਗੰਗਾ ਨਿਵਾਸ ਬਣਾਏ ਗਏ ਸਨ। ਹੋਰ ਗੁਰਦੁਆਰਿਆਂ ਨਾਲ ਵੀ ਸਰਾਵਾਂ ਬਣੀਆਂ ਹੋਈਆਂ ਹਨ।

ਬੇਗਮਪੁਰਾ: ਬੇਗਮਪੁਰਾ ਲਫ਼ਜ਼ ਭਗਤ ਬਾਬਾ ਰਵਿਦਾਸ ਦੇ ਹੇਠ ਲਿਖੇ ਸ਼ਬਦ ਵਿਚੋਂ ਲਿਆ ਗਿਆ ਹੈ:

ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥ ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥ ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥ ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ, ਏਕ ਸੋ ਆਹੀ॥ ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥ ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥ ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥ (ਸਫ਼ਾ 345)

ਇੱਥੇ ਬਾਬਾ ਰਵਿਦਾਸ ਬੇਗਮਪੁਰਾ (ਬੇ-ਗ਼ਮ-ਪੁਰਾ) ਨੂੰ ਰੂਹਾਨੀ ਹਕੂਮਤ, ਰੂਹਾਨੀ ਦੁਨੀਆਂ ਵਜੋਂ ਪੇਸ਼ ਕਰ ਰਹੇ ਹਨ, ਜਿੱਥੇ ਮਾਨਸਿਕ, ਸਮਾਜਿਕ, ਮਾਲੀ ਜਾਂ ਸਿਆਸੀ ਫ਼ਿਕਰ ਵਾਲਾ ਮਾਹੌਲ ਨਹੀਂ ਹੁੰਦਾ ਤੇ ਸਹਿਜ ਵਾਲੀ ਹਾਲਤ ਹੁੰਦੀ ਹੈ। ਇਸ ਵਾਸਤੇ ਲਫ਼ਜ਼ 'ਅਬਚਲ ਨਗਰ' ਵੀ ਵਰਤਿਆ ਗਿਆ ਹੈ। ਇਹ ਕਿਸੇ ਮਾਡਲ ਸ਼ਹਿਰ ਜਾਂ ਸਿਆਸੀ ਨਿਜ਼ਾਮ ਦਾ ਜ਼ਿਕਰ ਨਹੀਂ ਹੈ। ਗੁਰੂ ਅਰਜਨ ਸਾਹਿਬ ਜਿਸ 'ਹਲੀਮੀ ਰਾਜ' ਦੀ ਗੱਲ ਕਰਦੇ ਹਨ ਉਹ ਵੀ ਇਸ ਬੇਗਮਪੁਰਾ ਵਾਲਾ ਫ਼ਲਸਫ਼ਾ ਹੀ ਹੈ। ਹੋਰ ਵੇਖੋ: **ਹਲੇਮੀ ਰਾਜ**। X

ਬੈਪਟਿਜ਼ਮ/ਬਿਪਤਿਸਮਾ: ਬੈਪਟਿਜ਼ਮ ਈਸਾਈਆਂ ਦੀ ਇੱਕ ਖ਼ਾਸ ਰਸਮ ਹੈ। ਸਿੱਖਾਂ ਦੇ ਧਰਮ ਵਿਚ ਦਾਖਲਾ ਲੈਣ ਦੀ ਰਸਮ, ਖੰਡੇ ਦੀ ਪਾਹੁਲ (ਜਿਸ ਨੂੰ ਅੱਜ-ਕਲ੍ਹ ਅੰਮ੍ਰਿਤ ਸੰਸਕਾਰ ਵੀ ਲਿਖਿਆ ਜਾਣ ਲਗ ਪਿਆ ਹੈ) ਨੂੰ **ਸਿੱਖ ਬੈਪਟਿਜ਼ਮ** ਕਹਿਣਾ ਗ਼ਲਤ ਹੈ। ਦੇਖੋ: ਖੰਡੇ ਦੀ ਪਾਹੁਲ ।

ਬੈਰਾਗ/ਵੈਰਾਗ: ਪੁਰਸਕੂਨ, ਕਾਮ-ਵਾਸ਼ਨਾ ਅਤੇ ਮੋਹ-ਰਹਿਤ ਹਾਲਤ ਨੂੰ ਬੈਰਾਗ ਕਹਿੰਦੇ ਹਨ। ਇਸ ਹਾਲਤ ਵਿਚ ਦੁਨੀਆਂ ਅਤੇ ਜ਼ਿੰਦਗੀ ਦੇ ਸੁਖਾਂ ਵਾਸਤੇ ਨਾ-ਪਸੰਦਗੀ ਹੁੰਦੀ ਹੈ ਅਤੇ ਸਿਰਫ਼ ਰੱਬ ਨੂੰ ਜਾਨਣ, ਮਿਲਣ ਅਤੇ ਉਸ ਵਿਚ ਲੀਨ ਹੋਣ/ਰਹਿਣ ਦੀ ਖ਼ਾਹਿਸ਼ ਹੁੰਦੀ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਜਿਹੜੇ ਰੱਬ ਦੇ ਨਾਂ ਦਾ ਅੰਮ੍ਰਿਤ ਪੀਂਦੇ ਹਨ ਉਹ ਹੀ ਸੱਚੇ ਬੈਰਾਗੀ ਹਨ:

ਮਨਿ ਬੈਰਾਗੁ ਭਇਆ, ਦਰਸਨੁ ਦੇਖਣੈ ਕਾ ਚਾਉ॥ (ਸਫ਼ਾ 50)

ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ॥ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ॥ 1॥ ਰਹਾਉ॥ ਹਮਰਾ ਮਨੁ ਬੈਰਾਗ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ॥ ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ॥ (ਸਫ਼ਾ 369)

ਸਤਿਗੁਰੁ ਸੇਵਨਿ ਸੇ ਵਡਭਾਗੀ॥ ਸਚੈ ਸਬਦਿ ਜਿਨ੍ਾ ਏਕ ਲਿਵ ਲਾਗੀ॥ ਗਿਰਹ ਕੁਟੰਬ ਮਹਿ ਸਹਜਿ ਸਮਾਧੀ॥ ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ॥ (ਸਫ਼ਾ 1246)

ਬੋਲੇ ਸੋ ਨਿਹਾਲ: "(ਜੋ) ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਨੂੰ ਸਿੱਖਾਂ ਦੇ ਜੰਗੀ ਜੈਕਾਰਾ ਵਜੋਂ ਜਾਣਿਆ ਜਾਂਦਾ ਹੈ। ਕੁਝ ਵਿਦਵਾਨ ਇਹ ਖ਼ਿਆਲ ਕਰਦੇ ਹਨ

ਕਿ ਜੰਗ ਦਾ ਅਸਲ ਜੈਕਾਰਾ ਇਹ ਹੈ: "ਜੋ ਜੈਕਾਰਾ ਬੁਲਾਵੇ, ਗੁਰੂ ਦੇ ਮਨ ਨੂੰ ਭਾਵੇ, ਨਿਹਾਲ ਹੋ ਜਾਵੇ, ਗੱਜ ਕੇ ਬੋਲਣਾ ਜੀ ਅਕਾਲ, ਅਕਾਲ, ਅਕਾਲ।" ਅੱਜ-ਕਲ੍ਹ ਬਹੁਤੇ ਸਿੱਖ ਇਕ ਦੂਜੇ ਨੂੰ ਮਿਲਣ ਸਮੇਂ 'ਸਤਿ ਸ੍ਰੀ ਅਕਾਲ' ਬੁਲਾਉਂਦੇ ਹਨ ਪਰ ਇਹ ਸਹੀ ਨਹੀਂ ਹੈ। ਸਿੱਖ ਕਲਚਰ ਮੁਤਾਬਿਕ ਇਕ ਦੂਜੇ ਨੂੰ ਮਿਲਣ ਜਾਂ ਵਿਛੜਨ ਵੇਲੇ ਵਾਹਿਗੁਰੂ ਜੀ ਕਾ/ਦਾ ਖਾਲਸਾ, ਵਾਹਿਗੁਰੂ ਜੀ ਕੀ/ਦੀ ਫ਼ਤਹਿ ਬੁਲਾਉਣੀ ਹੈ। ਦੇਖੋ: **ਵਾਹਿਗੁਰੂ ਜੀ ਕਾ/ਦਾ ਖਾਲਸਾ, ਵਾਹਿਗੁਰੂ ਜੀ ਕੀ/ਦੀ ਫ਼ਤਹਿ**

ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ: ਇਹ ਕਿਤਾਬ ਕੇਸਰ ਸਿੰਘ ਛਿੱਬਰ ਨੇ 1769 ਵਿਚ ਲਿਖੀ ਸੀ। 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ' ਵਿਚ ਸਿਰਫ਼ ਦਸ ਗੁਰੂ ਸਾਹਿਬਾਂ ਦੇ ਜੀਵਨ ਬਾਰੇ ਹੀ ਨਹੀਂ ਸਗੋਂ ਅਠਾਰ੍ਹਵੀਂ ਸਦੀ ਦੇ ਤਿੰਨ ਦਹਾਕਿਆਂ ਤੱਕ ਦੇ ਸਿੱਖ ਇਤਿਹਾਸ ਬਾਰੇ ਵੀ ਮੌਜੂਦ ਹੈ। ਕੇਸਰ ਸਿੰਘ, ਸ਼ਹੀਦ ਭਾਈ ਧਰਮ ਸਿੰਘ (ਜੋ ਗੁਰੂ ਗੋਬਿੰਦ ਸਿੰਘ ਦਾ ਦੀਵਾਨ ਸੀ) ਦੇ ਪੜਪੋਤੇ ਸਨ। ਦੀਵਾਨ ਧਰਮ ਸਿੰਘ, ਭਾਈ ਪਰਾਗਦਾਸ (ਜੋ 3 ਅਕਤੂਬਰ, 1621 ਨੂੰ ਰੁਹੀਲਾ ਦੀ ਲੜਾਈ ਵਿੱਚ ਸ਼ਹੀਦ ਹੋਏ) ਦਾ ਪੜਪੋਤਾ ਅਤੇ ਸ਼ਹੀਦ ਭਾਈ ਮਤੀ ਦਾਸ ਅਤੇ ਸਤੀ ਦਾਸ ਦਾ ਚਚੇਰਾ-ਭਰਾ ਸੀ। ਸੋ, ਭਾਈ ਕੇਸਰ ਸਿੰਘ ਛਿੱਬਰ ਉਸ ਪਰਿਵਾਰ ਵਿਚੋਂ ਸਨ ਜੋ ਗੁਰੂ ਸਾਹਿਬ ਦੇ ਪਰਿਵਾਰ ਨਾਲ ਇੱਕ ਸਦੀ ਤੋਂ ਸਾਥ ਦੇ ਰਿਹਾ ਸੀ।

ਇਸ ਕਿਤਾਬ ਦੇ 2564 ਪਹਿਰੇ ਜੋ 14 ਚੈਪਟਰਾਂ ਵਿਚ ਵੰਡੇ ਹਨ: ਪਹਿਲੇ ਦਸ ਚੈਪਟਰ ਗੁਰੂ ਸਾਹਿਬਾਂ ਬਾਰੇ, ਇਕ ਚੈਪਟਰ ਬੰਦਾ ਸਿੰਘ ਬਹਾਦਰ ਬਾਰੇ ਅਤੇ ਇਕ ਪਾਲਿਤ ਅਜੀਤ ਸਿੰਘ ਬਾਰੇ ਹੈ ਅਤੇ ਅਖ਼ੀਰਲੇ ਚੈਪਟਰ ਮੁਗਲਾਂ ਵੱਲੋਂ ਸਿੱਖਾਂ ਉੱਪਰ ਕੀਤੇ ਜ਼ੁਲਮ ਨੂੰ ਬਿਆਨ ਕਰਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਵਿਚ ਸਿੱਖ ਫ਼ਲਸਫ਼ੇ ਦੀਆਂ ਕਈ ਅਹਿਮ ਗਲਤੀਆਂ ਹਨ, ਪਰ ਇਹ ਸਿੱਖ ਤਵਰੀਖ਼ ਦਾ ਇੱਕ ਅਹਿਮ ਸੋਮਾ ਹੈ। ਇਸ ਕਿਤਾਬ ਵਿਚਲੀ, ਪਹਿਲੇ ਅੱਧ ਦੀ ਸਮੱਗਰੀ (ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਸਾਹਿਬ ਤਕ) ਤਵਾਰੀਖ਼ੀ ਪੱਖੋਂ ਸੌ ਫ਼ੀ ਸਦੀ ਸਹੀ ਹੈ ਤੇ ਬਾਕੀ ਸੋਮਿਆਂ ਨਾਲ ਤਾਰੀਖ਼ਾਂ, ਘਟਨਾਵਾਂ ਤੇ ਨਾਂ ਬਿਲਕੁਲ ਮਿਲਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਕੇਸਰ ਸਿੰਘ ਦੇ ਕੋਲ ਕੁਝ ਅਜਿਹੇ ਸੋਮੇ ਤੇ ਲਿਖਤਾਂ ਸਨ ਜਿਸ ਤੋਂ ਉਸ ਨੇ ਇਸ ਕਿਤਾਬ ਦਾ ਪਹਿਲਾ ਅੱਧ ਨਕਲ/ਤਿਆਰ ਕੀਤਾ ਸੀ। ਦੂਜੇ ਪਾਸੇ ਕਿਤਾਬ ਦੀ ਪਿਛਲੇ ਅੱਧ ਦੀ ਸਮੱਗਰੀ ਅਨੇਕਾਂ ਗਲਤੀਆਂ ਨਾਲ ਭਰੀ ਹੋਈ ਹੈ। ਕੇਸਰ ਸਿੰਘ (ਕਿਉਂਕਿ ਉਹ ਬ੍ਰਾਹਮਣਾਂ ਦੇ ਪਰਿਵਾਰ ਵਿਚ ਜੰਮਿਆ ਸੀ) ਆਪਣੀ ਬਿਰਾਦਰੀ, ਬ੍ਰਾਹਮਣ ਜ਼ਾਤ ਦੇ ਸਿੱਖਾਂ, ਦੇ ਗੁਣ ਗਾਉਣ ਦੀ ਕੋਸ਼ਿਸ਼ ਕਰਦਾ ਹੈ, ਜੋ ਸਿੱਖੀ ਅਸੂਲਾਂ ਦੇ ਉਲਟ ਹੈ। ਕਿਉਂਕਿ ਕੇਸਰ ਸਿੰਘ ਨੇ ਕਈ ਸਿੱਖ ਸਿਧਾਂਤਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਹੈ, ਇਸ ਲਈ ਇਸ ਨੂੰ ਬੜੀ ਚੌਕਸੀ ਨਾਲ ਪੜ੍ਹਨਾ ਚਾਹੀਦਾ ਹੈ।

ਬੰਦਾ ਸਿੰਘ ਬਹਾਦਰ: ਬਾਬਾ ਬੰਦਾ ਸਿੰਘ ਇਕ ਸ਼ਖ਼ਸ ਨਹੀਂ ਬਲਕਿ ਇਕ ਇਨਕਲਾਬ ਸੀ। ਉਸ ਨੇ ਪੰਚ ਨਦ (ਪੰਜ ਦਰਿਆਵਾਂ) ਦੀ ਧਰਤੀ 'ਤੇ ਇਕ ਮਹਾਨ ਇਨਕਲਾਬ ਲਿਆਂਦਾ ਸੀ। ਉਹ ਪੰਜਾਬ ਦੀ ਆਜ਼ਾਦੀ ਵਾਸਤੇ ਜੂਝਿਆ ਤੇ ਸ਼ਹੀਦ ਹੋਇਆ ਸੀ। ਬੰਦਾ ਸਿੰਘ ਦੀ ਸ਼ਹੀਦੀ ਅਜਾਈਂ ਨਹੀਂ ਗਈ। ਇਸ ਸ਼ਹੀਦੀ ਨੇ

ਸਿੱਖ ਪੰਥ ਦੀ, ਪੰਜਾਬ ਦੀ ਤੇ ਸਾਰੇ ਜਜ਼ੀਰੇ (ਏਸ਼ੀਆ) ਦੀ ਤਵਾਰੀਖ਼ ਬਦਲਣ ਦਾ ਆਗਾਜ਼ ਕਰ ਦਿਤਾ। ਉਸ ਨੇ 700 ਸਾਲ ਦੀ ਵਿਦੇਸ਼ੀ ਹਕੂਮਤ ਨੂੰ ਇਕ ਵਾਰ ਤਾਂ ਤੋੜ ਕੇ ਰਖ ਦਿਤਾ ਸੀ। ਉਹ ਅਜਿਹਾ ਜਰਨੈਲ ਸੀ ਜਿਸ ਨੇ ਦੁਨੀਆਂ ਦੀ ਸਭ ਤੋਂ ਵੱਡੀ ਸਲਤਨਤ ਦੀਆਂ ਜੜ੍ਹਾਂ ਹਿਲਾ ਕੇ ਰਖ ਦਿਤੀਆਂ ਸਨ। ਉਸ ਦੇ ਜਿਊਂਦਿਆਂ ਜੀਅ ਸਿਰਫ਼ ਤਿੰਨ ਬਾਦਸ਼ਾਹ ਹੀ ਨਹੀਂ ਬਲਕਿ ਚਾਰ-ਪੰਜ ਸੂਬਿਆਂ ਦੇ ਗਵਰਨਰ ਵੀ, ਇਕ ਰਾਤ ਵੀ, ਅਮਨ ਨਾਲ ਸੌਂ ਨਹੀਂ ਸਕੇ ਸਨ। ਮੁਗ਼ਲ ਸਰਕਾਰ ਦੀ ਇਕ ਲੱਖ ਦੇ ਕਰੀਬ ਫ਼ੌਜ (ਦੋ-ਤਿਹਾਈ ਤੋਂ ਵੀ ਵਧ ਫ਼ੌਜ) ਬੰਦਾ ਸਿੰਘ ਦੇ ਪਿੱਛੇ ਲਗੀ ਰਹੀ ਸੀ।

ਇਸ ਜੱਦੋਜਹਿਦ ਦੌਰਾਨ ਤੀਹ-ਚਾਲ੍ਹੀ ਹਜ਼ਾਰ ਤਕ ਸਿੱਖ ਸ਼ਹੀਦ ਹੋਏ। ਇਸ ਦੇ ਬਾਵਜੂਦ ਸਿੱਖ ਕੌਮ ਆਜ਼ਾਦੀ ਦੀ ਜੱਦੋਜਹਿਦ ਵਿਚ ਜੂਝਦੀ ਰਹੀ। ਬੰਦਾ ਸਿੰਘ ਤੋਂ ਬਾਅਦ ਵੀ ਮੁਗ਼ਲ ਬਾਦਸ਼ਾਹ ਪੰਜਾਬ ਵਿਚ ਸੁੱਖ ਦੀ ਹਕੂਮਤ ਨਾ ਕਰ ਸਕੇ। ਪੰਜਾਬ ਚੋਂ ਹਿੱਲੀਆਂ ਮੁਗ਼ਲ ਦਰਬਾਰ ਦੀਆਂ ਨੀਂਹਾਂ ਦਾ ਅਸਰ ਸਾਰੇ ਪਾਸੇ ਫੈਲ ਗਿਆ ਅਤੇ ਅਖ਼ੀਰ 1765-70 ਦੌਰਾਨ ਸਿੱਖ ਪੰਜਾਬ ਹੀ ਨਹੀਂ ਬਲਕਿ ਹਿੰਦੁਸਤਾਨ, ਰਾਜਸਥਾਨ ਤੇ ਪਹਾੜਾਂ ਵਿਚ ਵੀ ਸਿਆਸੀ ਫ਼ੈਸਲੇ ਕਰਨ ਵਾਲੀ ਹਸਤੀ ਬਣ ਚੁਕੇ ਸਨ। ਇਹ ਸਾਰਾ ਕੁਝ ਬੰਦਾ ਸਿੰਘ ਦੀ ਹੀ ਦੇਣ ਸੀ। ਉਂਞ ਜੇ ਰਤਨ ਸਿੰਘ ਭੰਗੂ ਦੀ ਇਹ ਗੱਲ ਮੰਨ ਲਈਏ ਕਿ ਗੁਰੂ ਗੋਬਿੰਦ ਸਿੰਘ ਜੀ ਦੀਆਂ ਪਤਨੀਆਂ, ਪਾਲਿਤ ਅਜੀਤ ਸਿੰਘ ਤੇ ਸਰਕਾਰੀ ਤੱਤ ਖਾਲਸਾ ਨੇ ਬੰਦਾ ਸਿੰਘ ਦੇ ਖ਼ਿਲਾਫ਼ ਮੁਗ਼ਲਾਂ ਦੀ, ਸਿੱਧੀ ਤੇ ਅਸਿੱਧੀ, ਮਦਦ ਕੀਤੀ ਤਾਂ ਤੇ ਹੋਰ ਵੀ ਕਮਾਲ ਹੈ ਕਿ ਇਸ ਹਾਲਤ ਦੇ ਬਾਵਜੂਦ ਵੀ ਬਾਬਾ ਬੰਦਾ ਸਿੰਘ ਨੇ ਜੋ ਕਾਰਨਾਮਾ ਕੀਤਾ ਉਹ ਸਿੱਖਾਂ ਦੀ ਤਵਾਰੀਖ਼ ਦਾ, ਗੁਰੂ-ਕਾਲ ਤੋਂ ਮਗਰੋਂ ਦਾ, ਸਭ ਤੋਂ ਵਧ ਸੁਨਹਿਰੀ ਕਾਲ ਹੈ।

ਬੰਦਾ ਸਿੰਘ ਨੇ ਸਾਊਥ ਏਸ਼ੀਆ ਦੇ ਲੋਕਾਂ ਨੂੰ ਵੀ ਕੌਮੀਅਤ ਦਾ ਪਹਿਲਾ ਸਬਕ ਪੜ੍ਹਾਉਣ ਦੀ ਕੋਸ਼ਿਸ਼ ਕੀਤੀ ਪਰ ਗ਼ੁਲਾਮ ਹਿੰਦੁਸਤਾਨੀ ਜ਼ਿਹਨੀਅਤ ਇਸ ਨੂੰ ਨਾ ਸਮਝ ਸਕੀ। ਸਿਰਫ਼ ਸਿੱਖ ਕੌਮ ਨੇ ਹੀ ਇਸ ਨੂੰ ਸਮਝਿਆ, ਕਬੂਲਿਆ ਤੇ ਇਸ ਵਾਸਤੇ ਬੇਮਿਸਾਲ ਕੁਰਬਾਨੀਆਂ ਦੇ ਕੇ ਪੰਜਾਬ ਨੂੰ ਕੌਮੀਅਤ ਦਿਵਾਈ।

ਬੰਦਾ ਸਿੰਘ ਨੇ ਸਿੱਖਾਂ ਨੂੰ ਆਜ਼ਾਦੀ ਦੀ ਕੀਮਤ ਸਮਝਾਈ। ਇਕ ਹਾਕਮ ਅਤੇ ਗ਼ੁਲਾਮ ਦਾ ਫ਼ਰਕ ਸਮਝਣ ਮਗਰੋਂ ਸਿੱਖਾਂ ਨੇ ਮੁੜ ਗ਼ੁਲਾਮੀ ਕਬੂਲਣ ਤੋਂ ਨਾਂਹ ਕਰ ਦਿਤੀ। ਬੰਦਾ ਸਿੰਘ ਨੇ ਸਿੱਖਾਂ ਨੂੰ ਨਵੀਂ ਮੁਹਰ, ਖਾਲਸਾਈ ਸਿੱਕਾ ਅਤੇ ਨਵਾਂ ਸੰਮਤ ਦਿੱਤਾ। ਉਸ ਨੇ ਜਾਗੀਰਦਾਰੀ ਖ਼ਤਮ ਕਰਨ ਦੀ ਸੋਚ ਨੂੰ ਤਵਾਰੀਖ਼ ਵਿਚ ਪਹਿਲੀ ਵਾਰ ਅਮਲ ਵਿਚ ਲਿਆ ਕੇ ਦਿਖਾਇਆ ਉਸ ਨੇ ਹਰ ਇਕ ਵਾਹੀ ਕਰਨ ਵਾਲੇ ਕਿਸਾਨ ਨੂੰ ਜ਼ਮੀਨ ਦਾ ਮਾਲਿਕ ਬਣਾ ਦਿਤਾ। ਉਸ ਨੇ ਸਿੱਖਾਂ ਨੂੰ ਲੀਡਰਸ਼ਿਪ ਅਤੇ ਹੀਰੋਸ਼ਿਪ ਦਾ ਫ਼ਲਸਫ਼ਾ ਦ੍ਰਿੜ ਕਰਵਾਇਆ। ਉਸ ਨੇ ਸਿੱਖਾਂ ਨੂੰ ਜਥੇਬੰਦ ਹੋ ਕੇ ਜੇਤੂ ਹੋਣ ਦਾ ਅਹਿਸਾਸ ਸਮਝਾਇਆ। ਉਸ ਨੇ ਸ਼ਹੀਦੀ ਵੇਲੇ ਆਖ਼ਰਾਂ ਦੇ ਤਸੀਹੇ ਬਰਦਾਸ਼ਤ ਕਰ ਕੇ ਈਨ ਨਾ ਮੰਨਣ ਅਤੇ ਧਰਮ ਅਤੇ ਅਣਖ ਖ਼ਾਤਰ ਕੁਰਬਾਨ ਹੋਣ ਦੀ ਜਾਚ ਸਿਖਾਈ। ਦੁਨੀਆਂ ਭਰ ਦੀ ਤਵਾਰੀਖ਼ ਵਿਚ ਇਸ ਤਰ੍ਹਾਂ ਤਸੀਹੇ ਸਹਿ ਕੇ ਉਫ਼ ਕੀਤੇ ਬਿਨਾ ਕਿਸੇ ਹੋਰ ਨੇ ਇੰਞ ਸ਼ਹੀਦੀ ਨਹੀਂ ਦਿਤੀ ਹੋਵੇਗੀ। ਉਸ ਨੇ ਸੱਚਾ ਸਿੱਖੀ-

ਜੀਵਨ ਜਿਊਣ ਦਾ ਰਾਹ ਸਮਝਾਇਆ ਅਤੇ ਆਪ ਵੀ ਇਕ ਸੱਚੇ ਸਿੱਖ ਵਾਂਗ ਜੀਵਿਆ ਅਤੇ ਮਰਿਆ। ਸਿਰਫ਼ 45 ਸਾਲ ਦੀ ਉਮਰ ਵਿਚ ਹੀ ਉਸ ਨੇ ਇਸ ਸਾਰੇ ਕਮਾਲ ਨੂੰ ਅੰਜਾਮ ਕਰ ਕੇ ਦਿਖਾਇਆ।

ਸਿੱਖ ਤਵਾਰੀਖ਼ ਵਿਚ ਬੰਦਾ ਸਿੰਘ ਦਾ ਨਾਂ ਗੁਰੂ ਸਾਹਿਬਾਨ ਤੋਂ ਮਗਰੋਂ ਦੀ ਤਵਾਰੀਖ਼ ਵਿਚ ਸਭ ਤੋਂ ਵਧ ਅਹਿਮੀਅਤ ਰਖਦਾ ਹੈ। ਬਾਕੀ ਦੀ ਫ਼ੌਜੀ ਤੇ ਸਿਆਸੀ ਤਵਾਰੀਖ਼ ਉਸ ਵੱਲੋਂ ਹਾਸਿਲ ਕੀਤੀ ਗਈ ਕਾਮਯਾਬੀ ਦੀ ਬੁਨਿਆਦ 'ਤੇ ਉਸਰੀ ਸੀ ਅਤੇ ਇਸ ਮਹਿਲ ਦੀਆਂ ਮਜ਼ਬੂਤ ਨੀਂਹਾਂ ਉਸ ਨੇ ਹੀ ਰੱਖੀਆਂ ਸਨ।

ਬਾਬਾ ਬੰਦਾ ਸਿੰਘ ਬਹਾਦਰ ਪਹਿਲਾ ਸਿੱਖ ਸੀ ਜਿਸ ਨੇ ਸਿੱਖਾਂ ਦੀ ਧਰਤੀ ਦੇ ਕੁਝ ਹਿੱਸਿਆਂ ਵਿੱਚ ਦੁਬਾਰਾ ਸਿੱਖ ਰਾਜ ਕਾਇਮ ਕੀਤਾ। ਉਸ ਦਾ ਰਾਜ-ਕਾਲ ਸਿੱਖ ਅਸੂਲਾਂ ਤੇ ਅਧਾਰਿਤ ਸੀ। ਇਹ ਅਸਲੀ ਲੋਕਤੰਤਰ, ਲੋਕਾਂ ਲਈ ਸੱਚਾ ਰਾਜ ਅਤੇ ਸਚਮੁੱਚ ਹੀ ਲੋਕਾਂ ਦੀ ਭਲਾਈ ਵਾਸਤੇ ਸੀ। ਭਾਵੇਂ ਉਸ ਦਾ ਰਾਜ ਬਹੁਤ ਘੱਟ ਸਮਾਂ ਹੀ ਰਿਹਾ ਪਰ ਇਹ ਗੁਰੂ ਸਾਹਿਬ ਦੇ ਅਸਲੀ ਸਿਧਾਂਤਾਂ ਉੱਤੇ ਅਧਾਰਿਤ ਸੀ। ਦੂਜੇ ਪਾਸੇ (ਮਹਾਰਾਜਾ) ਰਣਜੀਤ ਸਿੰਘ ਦਾ ਰਾਜ ਇੱਕ ਤਗੜੇ ਰਾਜੇ ਦਾ ਰਾਜ ਕਾਲ ਸੀ ਪਰ ਉਸ ਰਾਜ ਵਿਚ ਸਿੱਖ ਅਸੂਲਾਂ ਦਾ ਨਾਂ ਨਿਸ਼ਾਨ ਨਹੀਂ ਸੀ। (ਵਧੇਰੇ ਤਫ਼ਸੀਲ ਵਾਸਤੇ ਪੜ੍ਹੋ ਕਿਤਾਬਾਂ: **ਮਹਾਨ ਸਿੱਖ ਜਰਨੈਲ ਬੰਦਾ ਸਿੰਘ ਬਹਾਦਰ** ਅਤੇ **ਸਿੱਖ ਤਵਾਰੀਖ਼, ਹਿੱਸਾ ਦੂਜਾ**)।

ਬ੍ਰਹਮ: ਬ੍ਰਹਮ ਦਾ ਮਾਅਨਾ ਹੈ: ਆਖ਼ਰੀ ਸੱਚ, ਯਾਨਿ ਵਾਹਿਗੁਰੂ। ਸਿੱਖ ਫ਼ਲਸਫ਼ੇ ਵਿਚ ਬ੍ਰਹਮ ਉਹ ਹੈ ਜੋ ਸਦੀਵੀ, ਹਰ ਥਾਂ ਮੌਜੂਦ, ਸਾਰੀਆਂ ਤਾਕਤਾਂ ਦਾ ਮਾਲਿਕ ਅਤੇ ਘਟ-ਘਟ ਦਾ ਜਾਣਨਹਾਰ ਹੈ।

> *ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥ ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥ ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ॥ (ਸਫ਼ਾ 846)*

ਹੋਰ ਦੇਖੋ: **ਅਦਵੈਤ**

ਬ੍ਰਹਮ ਗਿਆਨ/ ਬ੍ਰਹਮ ਗਿਆਨੀ: ਬ੍ਰਹਮ ਗਿਆਨੀ ਉਹ ਹੈ ਜਿਸ ਨੂੰ ਬ੍ਰਹਮ ਦਾ ਗਿਆਨ ਹੋਵੇ। ਇਹ ਗਿਆਨ ਸਿਰਫ਼ ਉਸ ਦੀ ਹੋਂਦ ਅਤੇ ਉਸ ਦੀਆਂ ਖ਼ਾਸੀਅਤਾਂ/ ਖ਼ੂਬੀਆਂ ਦੀ ਪਛਾਣ ਨਹੀਂ ਹੈ ਸਗੋਂ ਰੱਬ ਦਾ ਰਾਜ਼ ਸਮਝਣਾ ਤੇ ਉਸ ਦੇ ਨੇੜੇ ਹੋ ਜਾਣਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ, ਬ੍ਰਹਮ ਗਿਆਨੀ ਮੋਹ ਤੋਂ ਰਹਿਤ ਹੈ, ਪਾਪ ਤੋਂ ਰਹਿਤ ਹੈ, ਸਾਰਿਆਂ ਨੂੰ ਇਕ ਸਮਾਨ ਦੇਖਦਾ ਹੈ, ਦਿਆਲੂ ਹੈ, ਰੂਹਾਨੀ ਇਲਮ ਨਾਲ ਭਰਿਆ ਹੋਇਆ ਹੈ, ਆਪਣੇ ਸੱਜਣਾਂ ਅਤੇ ਦੁਸ਼ਮਣਾਂ ਨਾਲ ਇਕੋ ਜਿਹਾ ਵਰਤਾਉ ਕਰਦਾ ਹੈ, ਖ਼ੂਬੀਆਂ ਨਾਲ ਭਰਪੂਰ ਹੈ, ਪਰ, ਹਮੇਸ਼ਾ ਨਿਮਰ ਰਹਿੰਦਾ ਹੈ, ਆਪੇ ਨੂੰ ਪਛਾਣਦਾ ਹੈ, ਦਿਆਲੂ ਹੈ, ਉਸ ਦੇ ਮੋਹ ਦੇ ਬੰਧਨ ਕੱਟੇ ਜਾ ਚੁਕੇ ਹਨ, ਹਰ ਸਮੇਂ ਅਨੰਦ ਵਿੱਚ ਰਹਿੰਦਾ ਹੈ, ਆਪਣੇ ਮਨ 'ਤੇ ਉਸ ਦਾ ਪੂਰਾ ਕਾਬੂ ਹੈ; ਉਸ ਦੇ ਕੰਮ ਪਵਿੱਤਰ ਹਨ; ਉਹ ਚਿੱਕੜ ਵਿਚ ਉੱਗੇ ਹੋਏ ਕਮਲ ਦੀ ਤਰ੍ਹਾਂ ਨਿਰਲੇਪ ਹੈ; ਉਹ ਖ਼ੁਸ਼ੀ, ਗ਼ਮੀ, ਮਾਨ, ਅਪਮਾਨ ਦੇ ਅਸਰ ਤੋਂ ਆਜ਼ਾਦ (ਮੁਕਤ) ਹੈ। ਬ੍ਰਹਮ ਗਿਆਨੀ ਸਾਰੇ ਜੀਵਾਂ ਦੇ ਲਈ ਪਿਆਰ, ਦਿਆਲੂਤਾ ਅਤੇ ਤਰਸ ਨਾਲ ਭਰਪੂਰ

ਹੁੰਦਾ ਹੈ; ਉਹ ਹਰ ਇਕ ਜੀਵ ਨਾਲ ਇੱਕੋ ਜਿਹਾ ਸਲੂਕ ਕਰਦਾ ਹੈ। ਜੋ ਇਹੋ ਜਿਹਾ ਰੂਹਾਨੀ ਮੁਕਾਮ ਹਾਸਿਲ ਕਰ ਲੈਂਦਾ ਹੈ, ਉਹ ਰੱਬ ਜਿਹਾ ਹੀ ਹੋ ਜਾਂਦਾ ਹੈ:

> ਬ੍ਰਹਮਗਿਆਨੀ ***ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥*** ਬ੍ਰਹਮਗਿਆਨੀ ***ਸਦਾ ਨਿਰਦੋਖ॥*** ਜੈਸੇ ਸੂਰੁ ਸਰਬ ਕਉ ਸੋਖ॥ ਬ੍ਰਹਮਗਿਆਨੀ ਕੈ ***ਦ੍ਰਿਸਟਿ ਸਮਾਨਿ॥*** ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥ ***ਬ੍ਰਹਮਗਿਆਨੀ ਕੈ ਧੀਰਜੁ ਏਕ॥*** ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥ ਬ੍ਰਹਮਗਿਆਨੀ ਕਾ ਇਹੈ ਗੁਨਾਉ॥ ਨਾਨਕ ਜਿਉ ਪਾਵਕ ਕਾ ***ਸਹਜ ਸੁਭਾਉ॥***
>
> ਬ੍ਰਹਮਗਿਆਨੀ ***ਨਿਰਮਲ ਤੇ ਨਿਰਮਲਾ॥*** ਜੈਸੇ ਮੈਲੁ ਨ ਲਾਗੈ ਜਲਾ॥ ਬ੍ਰਹਮਗਿਆਨੀ ਕੈ ***ਮਨਿ ਹੋਇ ਪ੍ਰਗਾਸੁ॥*** ਜੈਸੇ ਧਰ ਊਪਰਿ ਆਕਾਸੁ॥ ***ਬ੍ਰਹਮਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ॥*** ਬ੍ਰਹਮਗਿਆਨੀ ਕੈ ***ਨਾਹੀ ਅਭਿਮਾਨ॥*** ਬ੍ਰਹਮਗਿਆਨੀ ***ਊਚ ਤੇ ਊਚਾ॥*** ਮਨਿ ਅਪਨੈ ਹੈ ਸਭ ਤੇ ਨੀਚਾ॥ ਬ੍ਰਹਮਗਿਆਨੀ ਸੇ ਜਨ ਭਏ॥ ਨਾਨਕ ਜਿਨ ਪ੍ਰਭੁ ਆਪਿ ਕਰੇਇ॥
>
> ਬ੍ਰਹਮਗਿਆਨੀ ***ਸਗਲ ਕੀ ਰੀਨਾ॥*** ਆਤਮ ਰਸੁ ਬ੍ਰਹਮਗਿਆਨੀ ਚੀਨਾ॥ ਬ੍ਰਹਮਗਿਆਨੀ ਕੀ ਸਭ ਊਪਰਿ ਮਇਆ॥ ***ਬ੍ਰਹਮਗਿਆਨੀ ਤੇ ਕਛੁ ਬੁਰਾ ਨ ਭਇਆ॥*** ਬ੍ਰਹਮਗਿਆਨੀ ***ਸਦਾ ਸਮਦਰਸੀ॥*** ਬ੍ਰਹਮਗਿਆਨੀ ਕੀ ***ਦ੍ਰਿਸਟਿ ਅੰਮ੍ਰਿਤੁ ਬਰਸੀ॥*** ਬ੍ਰਹਮਗਿਆਨੀ ਬੰਧਨ ਤੇ ਮੁਕਤਾ॥ ਬ੍ਰਹਮਗਿਆਨੀ ਕੀ ***ਨਿਰਮਲ ਜੁਗਤਾ॥*** ਬ੍ਰਹਮਗਿਆਨੀ ਕਾ ਭੋਜਨੁ ਗਿਆਨ॥ ਨਾਨਕ ***ਬ੍ਰਹਮਗਿਆਨੀ ਕਾ ਬ੍ਰਹਮ ਧਿਆਨੁ॥***
>
> ਬ੍ਰਹਮਗਿਆਨੀ ਬ੍ਰਹਮ ਕਾ ਬੇਤਾ॥ ਬ੍ਰਹਮਗਿਆਨੀ ਏਕ ਸੰਗਿ ਹੇਤਾ ॥ ਬ੍ਰਹਮਗਿਆਨੀ ਕੈ ***ਹੋਇ ਅਚਿੰਤ॥*** ਬ੍ਰਹਮਗਿਆਨੀ ਕਾ ***ਨਿਰਮਲ ਮੰਤ॥*** ਬ੍ਰਹਮਗਿਆਨੀ ਜਿਸੁ ਕਰੈ ਪ੍ਰਭੁ ਆਪਿ॥ ਬ੍ਰਹਮਗਿਆਨੀ ਕਾ ਬਡ ਪਰਤਾਪ॥ ਬ੍ਰਹਮਗਿਆਨੀ ਕਾ ਦਰਸੁ ਬਡਭਾਗੀ ਪਾਈਐ॥ ਬ੍ਰਹਮਗਿਆਨੀ ਕਉ ਬਲਿ ਬਲਿ ਜਾਈਐ॥ ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥ ਨਾਨਕ ***ਬ੍ਰਹਮਗਿਆਨੀ ਆਪਿ ਪਰਮੇਸੁਰ॥***

ਏਥੇ ਬ੍ਰਹਮ ਗਿਆਨੀ ਰੱਬ ਦੇ ਮਾਅਨਿਆਂ ਵਿਚ ਵਰਤਿਆ ਗਿਆ ਹੈ:

> ਬ੍ਰਹਮਗਿਆਨੀ ਸਭ ਸ੍ਰਿਸਟਿ ਕਾ ਕਰਤਾ॥ ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ॥ ਬ੍ਰਹਮਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ॥ ਬ੍ਰਹਮਗਿਆਨੀ ਪੂਰਨ ਪੁਰਖੁ ਬਿਧਾਤਾ॥ ਬ੍ਰਹਮਗਿਆਨੀ ਅਨਾਥ ਕਾ ਨਾਥੁ॥ ਬ੍ਰਹਮਗਿਆਨੀ ਕਾ ਸਭ ਊਪਰਿ ਹਾਥੁ॥ ਬ੍ਰਹਮਗਿਆਨੀ ਕਾ ਸਗਲ ਅਕਾਰੁ॥ ਬ੍ਰਹਮਗਿਆਨੀ ਆਪਿ ਨਿਰੰਕਾਰੁ॥ ਬ੍ਰਹਮਗਿਆਨੀ ਕੀ ਸੋਭਾ ਬ੍ਰਹਮਗਿਆਨੀ ਬਨੀ॥ ਨਾਨਕ ਬ੍ਰਹਮਗਿਆਨੀ ਸਰਬ ਕਾ ਧਨੀ॥ (ਸਫ਼ਾ 273-274)

ਅੱਜ ਕੱਲ੍ਹ ਅਨੇਕਾਂ ਅਖੌਤੀ ਸਾਧੂ-ਸੰਤ ਆਪਣੇ ਆਪ ਨੂੰ ਬ੍ਰਹਮ ਗਿਆਨੀ ਅਖਵਾਉਂਦੇ ਹਨ, ਪਰ ਇਹ ਲੋਕ ਉਸ ਦੀ ਇਕ ਮਾਮੂਲੀ ਜਿਹੀ ਵੀ ਖ਼ੂਬੀ ਨਹੀਂ ਰਖਦੇ।

ਬ੍ਰਹਮਚਾਰਿਆ: ਇਸ ਦਾ ਲਫ਼ਜ਼ੀ ਮਾਅਨਾ ਹੈ: ਬ੍ਰਹਮ ਦੇ ਗਿਆਨ ਦਾ ਅਚਾਰੀਆ (ਪ੍ਰੋਫ਼ੈਸਰ/ਵਿਦਵਾਨ)। ਪਰ, ਅਜੋਕੀ ਵਰਤੋਂ ਵਿਚ ਬ੍ਰਹਮਚਾਰਿਆ/ ਬ੍ਰਹਮਚਰਜ ਦਾ ਮਾਅਨਾ ਹੈ: ਕਾਮਿਕ ਸਬੰਧਾਂ ਦੀ ਪੂਰੇ ਤੌਰ 'ਤੇ ਮਨਾਹੀ। ਕੁਝ ਲੋਕ ਵਿਆਹੇ ਹੋਣ ਦੀ ਹਾਲਤ ਵਿਚ ਵੀ, ਆਪਣੇ ਸਾਥੀ ਤੋਂ ਸਿਵਾ ਕਿਸੇ ਹੋਰ ਨਾਲ ਜਾਂ ਕੁਆਰਿਆਂ ਵੱਲੋਂ ਭੋਗ (ਸੈਕਸ) ਨਾ ਕਰਨ ਨੂੰ ਵੀ ਬ੍ਰਹਮਚਾਰਿਆ ਹੀ ਸਮਝਦੇ ਹਨ। ਸਿੱਖ ਧਰਮ ਜ਼ਿੰਦਗੀ ਵਿਚੋਂ ਕਾਮ ਨੂੰ ਪੂਰੀ ਤਰ੍ਹਾਂ ਜਲਾਵਤਨ ਕਰ ਦੇਣ ਦੀ

ਇਜਾਜ਼ਤ ਨਹੀਂ ਦੇਂਦਾ। ਸਿੱਖ ਧਰਮ ਮੁਤਾਬਿਕ, ਵਿਆਹ ਤੋਂ ਪਹਿਲਾਂ ਜਾਂ ਵਿਆਹ ਤੋਂ ਬਾਹਰ, ਆਪਣੀ ਪਤਨੀ/ਪਤੀ ਤੋਂ ਇਲਾਵਾ ਕਿਸੇ ਹੋਰ ਨਾਲ ਕਾਮ ਸਬੰਧ ਬਣਾਉਣਾ ਗਲਤ ਹੈ। ਇਸੇ ਕਰ ਕੇ ਸਿੱਖ ਨੂੰ ਵਿਆਹ ਕਰਵਾਉਣ (ਗ੍ਰਿਹਸਤੀ ਜੀਵਨ ਜੀਣ) ਦਾ ਹੁਕਮ ਦਿੱਤਾ ਗਿਆ ਹੈ। ਸਿੱਖ ਧਰਮ ਮੁਤਾਬਿਕ ਆਪਣੀਆਂ ਕਾਮ ਖ਼ਾਹਿਸ਼ਾਂ/ਲੋੜਾਂ/ਕਾਰਵਾਈਆਂ ਨੂੰ ਦਬਾਉਣਾ, ਭਾਵੇਂ ਕਿ ਇਹ ਮੁਸ਼ਕਿਲ ਨਾ ਵੀ ਹੋਵੇ, ਤਾਂ ਵੀ ਠੀਕ ਨਹੀਂ ਹੈ। ਕਾਮ ਹਰੇਕ ਇਨਸਾਨ ਦੀ ਜ਼ਿੰਦਗੀ ਦੀ ਕੁਦਰਤੀ ਜ਼ਰੂਰਤ ਹੈ ਅਤੇ ਕੋਈ ਵੀ ਇਸ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ। ਸਿੱਖ ਧਰਮ ਵਿਚ ਕਾਮ ਦੀ ਮਨਾਹੀ ਨਹੀਂ ਹੈ ਪਰ ਇਸ ਨੂੰ ਜ਼ਾਬਤੇ (ਕੰਟਰੋਲ) ਵਿਚ ਰੱਖਣਾ ਲਾਜ਼ਮੀ ਹੈ ।

ਬ੍ਰਹਿਮੰਡ: ਲਫ਼ਜ਼ੀ ਮਾਅਨਾ: ਬ੍ਰਹਮ (ਰੱਬ) ਦਾ ਆਂਡਾ। ਹਿੰਦੂ ਲਿਖਤਾਂ ਵਿਚ ਇਹ ਲਫ਼ਜ਼ ਇਸ ਸਾਰੀ ਕਾਇਨਾਤ ਵਾਸਤੇ ਵਰਤਿਆ ਜਾਂਦਾ ਹੈ। ਇਸ ਦਾ ਪਿਛੋਕੜ ਵੈਦਿਕ ਲਿਖਤਾਂ ਹਨ ਜਿਸ ਵਿਚ ਲਿਖਿਆ ਹੈ ਕਿ ਬ੍ਰਹਮਾ ਇਕ ਸਾਲ ਦਾ ਸਮਾਂ ਇਕ 'ਅੰਡੇ' ਵਿਚ ਰਿਹਾ ਸੀ। ਉਸ ਅੰਡੇ ਦੇ ਟੁੱਟਣ ਨਾਲ 'ਦੁਨੀਆਂ' ਦਾ ਵਜੂਦ ਬਣਿਆ ਸੀ। ਇਸੇ ਹਵਾਲੇ ਨਾਲ, ਹਿੰਦੂ ਲਿਖਤਾਂ ਵਿਚ, ਦੁਨੀਆਂ ਨੂੰ 'ਬ੍ਰਹਿਮੰਡ (ਬ੍ਰਹਮਾ ਦਾ ਅੰਡਾ)' ਕਿਹਾ ਜਾਂਦਾ ਹੈ।

ਬ੍ਰਿਜ (ਬੋਲੀ): ਬ੍ਰਿਜ/ਬ੍ਰਿਜੀ ਉੱਤਰ ਪ੍ਰਦੇਸ਼ ਦੇ ਵਿਚਲੇ ਇਲਾਕੇ ਵਿੰਦ੍ਰਾਬਨ-ਮਥੁਰਾ ਦੀ ਬੋਲੀ ਹੈ। ਇਹ ਹਿੰਦੀ ਦੀ ਇਕ ਇਲਾਕਾਈ ਬੋਲੀ ਹੈ। ਬਹੁਤ ਸਾਰਾ ਹਿੰਦੂ ਸਾਹਿਤ ਇਸ ਬੋਲੀ ਵਿਚ ਲਿਖਿਆ ਗਿਆ ਹੈ। ਅਕਾਲ ਉਸਤਤਿ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਜੋੜੀ ਜਾਂਦੀ ਹੈ ਉਹ ਵੀ ਇਸੇ ਬੋਲੀ ਵਿੱਚ ਲਿਖੀ ਹੋਈ ਹੈ।

ਭਗਤ: ਭਗਤ ਸ਼ਬਦ 'ਭਜ' ਤੋਂ ਬਣਿਆ ਹੈ ਜਿਸ ਦਾ ਮਾਅਨਾ ਹੈ: (ਆਪਣੇ ਆਪ ਨੂੰ) ਵੰਡਣਾ; ਆਪਣੇ ਲਈ ਜਾਂ ਹੋਰ ਕਿਸੇ ਲਈ (ਕਿਸੇ ਲਈ ਤੋਂ ਭਾਵ ਦੇਵਤਾ ਜਾਂ ਰੱਬ) ਵੰਡੇ ਜਾਣਾ (ਟੋਟੇ ਹੋ ਜਾਣਾ), ਯਾਨਿ ਕੁਰਬਾਨ ਹੋ ਜਾਣਾ। (ਇਕ ਹੋਰ ਮਾਅਨੇ ਮੁਤਾਬਿਕ 'ਭਾਗ'/ਤਕਸੀਮ ਤੋਂ ਬਣਿਆ ਹੈ, ਤੇ ਇਸ ਦਾ ਮਾਅਨਾ ਵੀ ਵੰਡਣਾ ਹੀ ਹੈ)। ਦੂਜੇ ਲਫ਼ਜ਼ਾਂ ਵਿਚ ਭਗਤ ਉਹ ਹੈ ਜੋ ਕਿਸੇ ਦੇਵੀ ਦੇਵਤੇ ਜਾਂ ਪ੍ਰਮਾਤਮਾ ਨੂੰ ਸਮਰਪਿਤ ਹੈ। ਭਗਤ ਲਫ਼ਜ਼ 'ਭਜ' ਦੇ ਇਕ ਹੋਰ ਮਾਅਨੇ ਤੋਂ ਵੀ ਲਿਆ ਗਿਆ ਹੋ ਸਕਦਾ ਹੈ। ਜਿਸ ਦਾ ਮਾਅਨਾ ਹੈ: ਭਜਣਾ, ਪੂਜਾ ਕਰਨਾ, ਪਿਆਰ ਤੇ ਅਦਬ ਕਰਨਾ। ਇਸ ਦਾ ਇਕ ਹੋਰ ਪਿਛਕੜ ਵੀ ਮੰਨਿਆ ਜਾਂਦਾ ਹੈ: ਭਗਵਤ, ਯਾਨਿ ਭਗਵਤੀ ਦਾ ਸ਼ਰਧਾਲੂ। ਸਿੱਖ ਧਰਮ ਮੁਤਾਬਿਕ ਭਗਤ ਉਹ ਹੁੰਦਾ ਹੈ ਜੋ ਰੱਬ ਨੂੰ ਸਮਰਪਿਤ ਹੋਵੇ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਤੋਂ ਇਲਾਵਾ ਬਾਣੀਕਾਰ ਕਵੀਆਂ ਨੂੰ ਵੀ ਭਗਤ ਕਿਹਾ ਗਿਆ ਹੈ, ਜਿਵੇਂ: ਭਗਤ ਕਬੀਰ, ਭਗਤ ਰਵਿਦਾਸ, ਭਗਤ ਰਾਮਾਨੰਦ, ਭਗਤ ਨਾਮਦੇਵ ਵਗੈਰਾ। ਪਰ ਇਹ ਭਗਤ ਕਿਸੇ ਦੇਵੀ-ਦੇਵਤਾ ਨੂੰ ਨਹੀਂ ਬਲਕਿ ਸਿਰਫ਼ ਰੱਬ ਨੂੰ ਸਮਰਪਿਤ ਸਨ। ਗੁਰੂ ਗ੍ਰੰਥ ਸਾਹਿਬ ਵਿਚ ਮੁਸਲਿਮ ਕਵੀ ਫਰੀਦ ਨੂੰ ਭਗਤ ਨਹੀਂ ਬਲਕਿ ਸ਼ੇਖ ਕਹਿ ਕੇ ਮੁਖ਼ਾਤਿਬ ਕੀਤਾ ਗਿਆ ਹੈ ਅਤੇ ਗੁਰੂ ਸਾਹਿਬ ਦੇ ਦਰਬਾਰੀ ਕਵੀਆਂ ਨੂੰ ਭੱਟ ਤੇ ਢਾਢੀਆਂ ਨੂੰ ਡੂਮ ਕਿਹਾ ਗਿਆ

ਹੈ। ਹੋਰ ਦੇਖੋ: **ਭਗਤੀ, ਭਗਤ ਬਾਣੀ।**

ਭਗਤ ਬਾਣੀ: ਗੁਰੂ ਗ੍ਰੰਥ ਸਾਹਿਬ ਵਿੱਚ ਕੁਝ ਸ਼ਬਦ ਹਿੰਦੂ ਭਗਤਾਂ ਅਤੇ ਕੁਝ ਭੱਟਾਂ ਤੇ ਸੂਫ਼ੀ ਕਵੀਆਂ ਦੇ ਲਿਖੇ ਹੋਏ ਹਨ: ਇਹ ਭਗਤ ਹਨ: ਬੇਣੀ, ਧੰਨਾ, ਜੈਦੇਵ, ਨਾਮਦੇਵ, ਪਰਮਾਨੰਦ, ਪੀਪਾ, ਰਾਮਾਨੰਦ, ਰਵਿਦਾਸ, ਸੈਣ, ਸੂਰਦਾਸ ਅਤੇ ਤ੍ਰਿਲੋਚਨ। ਕਈ ਲਿਖਾਰੀ ਕਬੀਰ ਜੀ ਨੂੰ ਵੀ ਇਸ ਸੂਚੀ ਵਿੱਚ ਰੱਖਦੇ ਹਨ (ਕੁਝ ਉਨ੍ਹਾਂ ਨੂੰ ਮੁਸਲਮਾਨਾਂ ਵਿਚ ਸ਼ਾਮਿਲ ਕਰਦੇ ਹਨ)। ਇਨ੍ਹਾਂ ਬਾਰ੍ਹਾਂ ਤੋਂ ਇਲਾਵਾ ਭੀਖਨ, ਫ਼ਰੀਦ ਅਤੇ ਸਦਨਾ/ਸਧਨਾ ਮੁਸਲਮਾਨ ਸਨ। ਉਨ੍ਹਾਂ ਨੂੰ ਸੂਫ਼ੀ ਕਿਹਾ ਜਾਂਦਾ ਹੈ। ਜਿਹੜੀ ਬਾਣੀ ਭਗਤਾਂ ਦੀ ਲਿਖੀ ਹੋਈ ਹੈ ਉਸ ਨੂੰ 'ਭਗਤ ਬਾਣੀ' ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਭਗਤਾਂ ਦੀਆਂ ਰਚਨਾਵਾਂ ਨੂੰ ਵੱਖਰਾ ਸਿਰਲੇਖ ਦਿੱਤਾ ਗਿਆ ਹੈ ('ਬਾਣੀ ਭਗਤਾਂ ਕੀ')। ਪਰ, ਦੂਜੇ ਪਾਸੇ ਬਾਬਾ ਫ਼ਰੀਦ ਜੀ ਦੀਆਂ ਰਚਨਾਵਾਂ ਨੂੰ 'ਬਾਣੀ ਸ਼ੇਖ ਫ਼ਰੀਦ ਜੀ ਕੀ' ਕਰ ਕੇ ਲਿਖਿਆ ਗਿਆ ਹੈ। ਕੁਝ ਸੋਮਿਆਂ ਦੇ ਅਨੁਸਾਰ ਭਗਤ ਕਬੀਰ ਅਤੇ ਬਾਬਾ ਰਵਿਦਾਸ ਨੇ ਗੁਰੂ ਨਾਨਕ ਸਾਹਿਬ ਨੂੰ ਆਪਣੇ ਗੁਰੂ ਧਾਰਨ ਕੀਤਾ ਸੀ, ਇਸ ਕਰ ਕੇ ਉਨ੍ਹਾਂ ਨੂੰ ਸਿੱਖ ਭਗਤਾਂ/ਬਾਣੀਕਾਰਾਂ (ਸੁੰਦਰ ਵਗੈਰਾ) ਵਿਚ ਸ਼ਾਮਿਲ ਸਮਝਣਾ ਚਾਹੀਦਾ ਹੈ।

ਭਗਤ ਰਤਨਾਵਲੀ: 'ਭਗਤ ਰਤਨਾਵਲੀ' ਨੂੰ 'ਸਿੱਖਾਂ ਦੀ ਭਗਤਮਾਲਾ' ਵੀ ਕਿਹਾ ਜਾਂਦਾ ਹੈ ਜੋ ਕਿ ਭਾਈ ਮਨੀ ਸਿੰਘ ਵੱਲੋਂ ਲਿਖੀ ਗਈ ਕਹੀ ਜਾਂਦੀ ਹੈ। ਜੇ ਕਰ ਇਹ ਕਿਤਾਬ ਭਾਈ ਮਨੀ ਸਿੰਘ ਵੱਲੋਂ ਲਿਖੀ ਗਈ ਹੈ ਤਾਂ ਫਿਰ ਇਹ 1707 ਅਤੇ 1733 ਦੇ ਵਿਚਕਾਰ ਲਿਖੀ ਗਈ ਹੋ ਸਕਦੀ ਹੈ। ਪਰ, ਜਾਪਦਾ ਹੈ ਕਿ ਜਿਵੇਂ ਕਿਸੇ ਨੇ ਭਾਈ ਮਨੀ ਸਿੰਘ ਦੇ ਲੈਕਚਰਾਂ ਨੂੰ ਸੁਣ ਕੇ ਆਪਣੇ ਲਫ਼ਜ਼ਾਂ ਵਿਚ ਅਤੇ ਕੁਝ ਵਾਧਾ ਤੇ ਤਬਦੀਲੀਆਂ ਕਰ ਕੇ ਲਿਖਿਆ ਹੋਵੇਗਾ ਜਾਂ ਸਿਰਫ਼ ਉਨ੍ਹਾਂ ਦਾ ਨਾਂ ਹੀ ਵਰਤਿਆ ਹੋਵੇਗਾ। ਭਗਤ ਰਤਨਾਵਲੀ ਭਾਈ ਗੁਰਦਾਸ ਜੀ ਦੀ ਯਾਰ੍ਹਵੀਂ ਵਾਰ ਦੀ ਵਿਆਖਿਆ ਹੈ। ਉਸ ਵਾਰ ਵਿਚ ਭਾਈ ਗੁਰਦਾਸ ਜੀ ਨੇ ਪਹਿਲੇ ਛੇ ਗੁਰੂਆਂ ਤਕ ਦੇ ਸਿੱਖਾਂ ਦੇ ਨਾਂ ਦਿੱਤੇ ਹਨ; ਅਤੇ 'ਭਗਤ ਰਤਨਾਵਲੀ' ਵਿਚ ਉਨ੍ਹਾਂ ਹੀ ਸਿੱਖਾਂ ਦੇ ਨਾਂਵਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਾਂ ਦੇ ਨਾਂ, ਉਨ੍ਹਾਂ ਦੇ ਰਹਿਣ ਦੇ ਥਾਂ ਅਤੇ ਉਨ੍ਹਾਂ ਨਾਲ ਸਬੰਧਿਤ ਕੁਝ ਘਟਨਾਵਾਂ ਦਾ ਵੇਰਵਾ ਵੀ ਦਿੱਤਾ ਹੈ। ਇਸ ਲਈ ਇਹ ਰਚਨਾ ਗੁਰੂ ਕਾਲ ਦੀਆਂ ਸਿੱਖ ਸ਼ਖ਼ਸੀਅਤਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਗੁਰੂ ਸਾਹਿਬ ਦੇ ਸਮੇਂ ਦੇ ਕਲਚਰ ਦਾ ਤਵਾਰੀਖ਼ੀ ਖ਼ਜ਼ਾਨਾ ਹੈ।

ਭਗਤੀ: ਭਗਤੀ ਦਾ ਮਾਅਨਾ ਹੈ: ਰੱਬ ਦੇ ਨਾਂ 'ਤੇ ਉਸ ਦੀਆਂ ਸਿਫ਼ਤਾਂ ਵਿਚ ਧਿਆਨ ਜੋੜਨਾ। ਪਰ, ਸਿੱਖ ਧਰਮ ਵਿਚ ਸਿਰਫ਼ ਰੱਬ ਦਾ ਨਾਂ ਦੁਹਰਾਈ ਜਾਣਾ ਜਾਂ ਸਿਰਫ਼ ਪਾਠ ਕਰੀ ਜਾਣਾ ਹੀ ਰੱਬ ਦੀ ਭਗਤੀ, ਯਾਨਿ ਉਸ ਵਿਚ ਧਿਆਨ ਜੋੜਨਾ ਨਹੀਂ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਭਗਤੀ ਲਈ ਰਸਮਾਂ (ਰੱਬ ਦਾ ਨਾਂ ਜਾਂ ਕੋਈ ਸ਼ਬਦ ਜਾਂ ਬਾਣੀ ਦੁਹਰਾਉਣਾ ਜਾਂ ਕੋਈ ਕਰਮ-ਕਾਂਡ ਕਰਨਾ) ਦੀ ਕੋਈ ਲੋੜ ਨਹੀਂ ਹੈ। ਸਿਰਫ਼ ਰੱਬ ਦੇ ਨਾਂ ਨੂੰ ਜਾਂ ਕੁਝ ਖ਼ਾਸ ਸ਼ਬਦਾਂ ਨੂੰ ਕਿਸੇ ਖ਼ਾਸ ਸਮੇਂ 'ਤੇ, ਕਿਸੇ ਖ਼ਾਸ ਜਗ੍ਹਾ ਵਿਚ, ਕਿਸੇ ਖ਼ਾਸ ਤਰੀਕੇ ਨਾਲ ਦੁਹਰਾਉਣਾ ਭਗਤੀ ਨਹੀਂ ਹੈ। ਸਿੱਖ ਧਰਮ ਵਿਚ ਇਸ ਤਰ੍ਹਾਂ ਦੀ ਭਗਤੀ ਸਿਰਫ਼ ਕਰਮ-ਕਾਂਡ ਹੈ, ਦਿਖਾਵਾ

ਹੈ, ਪਖੰਡ ਹੈ।

ਹਿੰਦੂ ਮੱਤ ਵਿੱਚ ਮੁਕਤੀ ਦੇ ਚਾਰ ਰਸਤੇ ਦੱਸੇ ਗਏ ਹਨ: ਯੋਗ (ਜਿਸਮ ਦਾ ਤਪ), ਕਰਮ (ਕਰਮ ਕਾਂਡ), ਗਿਆਨ (ਰੂਹਾਨੀ ਇਲਮ) ਅਤੇ ਭਗਤੀ। ਸਿੱਖ ਧਰਮ ਇਸ ਵੰਡ ਨੂੰ ਰੱਦ ਕਰਦਾ ਹੈ। ਸਿੱਖ ਧਰਮ ਮੁਤਾਬਿਕ ਸਿਰਫ਼ ਯੋਗ ਹੀ ਮੁਕਤੀ ਨਹੀਂ ਦਿਵਾ ਸਕਦਾ। ਅਖੌਤੀ ਧਾਰਮਿਕ ਯਾਤਰਾਵਾਂ ਤੇ ਅਖੌਤੀ ਤੀਰਥ ਇਸ਼ਨਾਨ, ਕਰਮ-ਕਾਂਡ ਦੀਆਂ ਰਸਮਾਂ ਹਨ ਤੇ ਇਹ ਸਭ ਹੀ ਫ਼ਜ਼ੂਲ ਹਨ। ਇੰਞ ਹੀ ਕੋਈ ਵੀ ਇਨਸਾਨ ਗਿਆਨ ਲੈ ਕੇ ਮੁਕਤੀ ਨਹੀਂ ਹਾਸਿਲ ਕਰ ਸਕਦਾ। ਹਾਂ, ਭਗਤੀ, ਮੁਕਤੀ ਹਾਸਿਲ ਕਰਨ ਲਈ ਇਕ ਅਹਿਮ ਪੌੜੀ ਜ਼ਰੂਰ ਹੈ।

ਗੁਰਬਾਣੀ ਵਿਚ ਭਗਤੀ, ਤੀਰਥ ਯਾਤਰਾ, ਯੋਗ, ਕਰਮ, ਗਿਆਨ ਨੂੰ ਵੇਰਵੇ ਨਾਲ ਬਿਆਨ ਕੀਤਾ ਗਿਆ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਭਗਤੀ ਦਾ ਮਾਅਨਾ ਹੈ: ਰੱਬ ਦੀ ਪੂਜਾ (ਗੁਰੂ ਸਾਹਿਬ ਦੀ ਨਹੀਂ)। ਹਰੇਕ ਇਨਸਾਨ ਨੂੰ ਮੁਕਤੀ ਹਾਸਿਲ ਕਰਨ ਤੋਂ ਪਹਿਲਾਂ ਧਰਮ (ਸਚਾਈ), ਗਿਆਨ (ਇਲਮ), ਸ਼ਰਮ (ਮਿਹਨਤ) ਅਤੇ ਵਾਹਿਗੁਰੂ ਦੀ ਮਿਹਰ ਹਾਸਿਲ ਕਰਨੀ ਪੈਂਦੀ ਹੈ, ਯਾਨਿ ਇਹਨਾਂ ਸਾਰੇ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ। ਸਚਾਈ ਮੁਕਤੀ ਦੀ ਅਖੀਰਲੀ ਪੌੜੀ ਹੈ।

ਕੁਝ ਲਿਖਾਰੀ, ਸਿੱਖ ਧਰਮ ਨੂੰ ਭਗਤੀ ਲਹਿਰ ਦਾ ਇੱਕ ਅੰਗ ਦੱਸਦੇ ਹਨ। ਅਜਿਹਾ ਸਿਰਫ਼ ਕੁਝ ਮੂਲਵਾਦੀ ਹਿੰਦੂ ਲਿਖਾਰੀ ਤੇ ਕੁਝ ਪੱਛਮੀ ਮਿਸ਼ਨਰੀਆਂ (ਜਿਵੇਂ ਮਕਲਾਊਡ ਤੇ ਉਸ ਦੇ ਵੇਲਿਆਂ ਪਿਸ਼ੌਰਾ ਸਿੰਘ, ਗੁਰਿੰਦਰ ਮਾਨ ਅਤੇ ਹਰਜੋਤ ਓਬਰਾਏ ਵਗ਼ੈਰਾ, ਜੋ ਸਿੱਖ ਵਿਰੋਧੀ ਪ੍ਰਾਪੇਗੰਡਾ ਲਹਿਰ ਦੇ ਆਗੂ ਤੇ ਮੋਹਰੇ ਹਨ) ਨੇ, ਇਕ ਸੋਚੀ-ਸਮਝੀ ਸਾਜ਼ਿਸ਼ ਹੇਠ ਲਿਖਿਆ ਹੈ।

ਸਿੱਖ ਧਰਮ ਵਿਚ ਭਗਤੀ ਕਿਸੇ ਇਨਸਾਨ ਦੀ ਪੂਰੀ ਧਾਰਮਿਕ ਸ਼ਖ਼ਸੀਅਤ ਦਾ ਸਿਰਫ਼ ਇਕ ਹਿੱਸਾ ਹੈ। ਇਸ ਦੇ ਨਾਲ ਹੀ ਸੱਚਾ ਜੀਵਣ ਜਿਊਣਾ ਵੀ ਏਨਾ ਹੀ ਅਹਿਮ ਹੈ। ਹਿੰਦੂ ਭਗਤੀ ਵਿਚ ਧਰਮ ਯੁੱਧ ਅਤੇ ਇਨਸਾਨੀ ਹੱਕਾਂ ਵਾਸਤੇ ਜੂਝਣ ਦੀ ਕੋਈ ਅਹਿਮੀਅਤ/ਜ਼ਰੂਰਤ ਨਹੀਂ ਪਰ ਇਕ ਸਿੱਖ ਦੀ ਧਾਰਮਿਕ ਸ਼ਖ਼ਸੀਅਤ ਵਿਚ ਇਸ ਦੀ ਬਰਾਬਰ ਦੀ ਅਹਿਮੀਅਤ ਹੈ। ਹਿੰਦੂ ਭਗਤੀ ਕੁਝ ਮਿਥਿਹਾਸਕ ਹਿੰਦੂ ਦੇਵਤਿਆਂ ਦੀ ਪੂਜਾ 'ਤੇ ਹੀ ਮੁੱਕ ਜਾਂਦੀ ਹੈ ਪਰ ਸਿੱਖ ਧਰਮ ਦੇਵੀ-ਦੇਵਤਿਆਂ ਦੇ ਵਜੂਦ ਨੂੰ ਬਿਲਕੁਲ ਹੀ ਰੱਦ ਕਰਦਾ ਹੈ। ਦਰਅਸਲ ਹਿੰਦੂ ਭਗਤੀ (ਲਹਿਰ) ਅਤੇ ਸਿੱਖ ਧਰਮ ਵਿਚ ਕੋਈ ਵੀ ਨੁਕਤਾ ਸਾਂਝਾ ਨਹੀਂ ਹੈ:

> *ਸੋ ਭਗਉਤੀ ਜੋ ਭਗਵੰਤੈ ਜਾਣੈ॥ ਗੁਰ ਪਰਸਾਦੀ ਆਪੁ ਪਛਾਣੈ॥ ਧਾਵਤੁ ਰਾਖੈ ਇਕਤੁ ਘਰਿ ਆਣੈ॥ ਜੀਵਤੁ ਮਰੈ ਹਰਿ ਨਾਮੁ ਵਖਾਣੈ॥ ਐਸਾ ਭਗਉਤੀ ਉਤਮੁ ਹੋਇ॥ ਨਾਨਕ ਸਚਿ ਸਮਾਵੈ ਸੋਇ॥ (ਸਫ਼ਾ 88)*

> *ਹਰਿ ਕਾ ਨਾਮੁ ਕਿਨੈ ਵਿਰਲੈ ਜਾਤਾ॥ ਪੂਰੇ ਗੁਰ ਕੈ ਸਬਦਿ ਪਛਾਤਾ॥ ਅਨਦਿਨੁ ਭਗਤਿ ਕਰੇ ਦਿਨੁ ਰਾਤੀ ਸਹਜੇ ਹੀ ਸੁਖੁ ਪਾਵਣਿਆ॥ ਸਭ ਮਹਿ ਵਰਤੈ ਏਕੋ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਨਾਨਕ ਨਾਮਿ ਰਤੇ ਜਨ ਸੋਹਹਿ ਕਰਿ ਕਿਰਪਾ ਆਪਿ ਮਿਲਾਵਣਿਆ॥ (ਸਫ਼ਾ 127)*

ਸੁਣਿ ਮਨ ਮੰਨਿ ਵਸਾਇ ਤੂੰ ਆਪੇ ਆਇ ਮਿਲੈ ਮੇਰੇ ਭਾਈ॥ ਅਨਦਿਨੁ ਸਚੀ ਭਗਤਿ ਕਰਿ ਸਚੈ ਚਿਤੁ ਲਾਈ॥ ਏਕੋ ਨਾਮੁ ਧਿਆਇ ਤੂੰ ਸੁਖੁ ਪਾਵਹਿ ਮੇਰੇ ਭਾਈ॥ ਹਉਮੈ ਦੂਜਾ ਦੂਰਿ ਕਰਿ ਵਡੀ ਵਡਿਆਈ॥ ਰਹਾਉ ॥ ਇਸੁ ਭਗਤੀ ਨੋ ਸੁਰਿਨਰ ਮੁਨਿ ਜਨ ਲੋਚਦੇ ਵਿਣੁ ਸਤਿਗੁਰ ਪਾਈ ਨ ਜਾਇ॥ ਪੰਡਿਤ ਪੜਦੇ ਜੋਤਿਕੀ ਤਿਨ ਬੂਝ ਨ ਪਾਇ॥ (ਸਫ਼ਾ 425)

ਘਰ ਮਹਿ ਠਾਕੁਰੁ ਨਦਰਿ ਨ ਆਵੈ॥ ਗਲ ਮਹਿ ਪਾਹਣੁ ਲੈ ਲਟਕਾਵੈ॥ ਭਰਮੇ ਭੂਲਾ ਸਾਕਤੁ ਫਿਰਤਾ॥ ਨੀਰੁ ਬਿਰੋਲੈ ਖਪਿ ਖਪਿ ਮਰਤਾ॥ (ਸਫ਼ਾ 738)

ਗੁਰਮੁਖਾਂ ਨਦਰੀ ਆਵਦਾ, ਮਾਇਆ ਸੁਟਿ ਪਾਇਆ ॥ ਨਾਨਕ ਭਗਤਾਂ ਹੋਰੁ ਚਿਤਿ ਨ ਆਵਈ, ਹਰਿ ਨਾਮਿ ਸਮਾਇਆ ॥ (ਸਫ਼ਾ 1246)

ਭੱਟ (ਅਤੇ ਭੱਟ-ਵਹੀਆਂ): 20ਵੀਂ ਸਦੀ ਤੋਂ ਪਹਿਲਾਂ ਰਾਜਿਆਂ, ਯੋਧਿਆਂ ਅਤੇ ਧਾਰਮਿਕ ਹਸਤੀਆਂ ਦੇ ਕਾਰਨਾਮਿਆਂ ਅਤੇ ਉਨ੍ਹਾਂ ਦੀ ਜ਼ਿੰਦਗੀ ਦੀਆਂ ਅਹਿਮ ਘਟਨਾਵਾਂ ਬਾਰੇ ਸਾਰਾ ਵੇਰਵਾ ਭੱਟ/ਬ੍ਰਾਹਮਣ ਆਪਣੇ 'ਰਜਿਸਟਰਾਂ' ਵਿਚ ਦਰਜ ਕਰਿਆ ਕਰਦੇ ਸਨ ਜਿਨ੍ਹਾਂ ਨੂੰ 'ਵਹੀ' ਕਿਹਾ ਜਾਂਦਾ ਸੀ। ਹਰਦੁਆਰ ਵਿਚਲੇ ਪਾਂਡੇ ਅਤੇ ਕਸ਼ਮੀਰ ਦੇ ਮਟਨ ਕਸਬੇ ਦੇ ਬ੍ਰਾਹਮਣ ਵੀ ਇਹੀ ਕੰਮ ਕਰਿਆ ਕਰਦੇ ਸਨ। ਬ੍ਰਾਹਮਣ ਆਪਣੇ ਉਨ੍ਹਾਂ ਜਜਮਾਨਾਂ, ਜਿਹੜੇ ਆਪਣੇ ਰਿਸ਼ਤੇਦਾਰਾਂ/ ਸਬੰਧੀਆਂ ਦੀਆਂ ਅਸਥੀਆਂ ਨੂੰ ਹਰਦੁਆਰ ਵਿਚ ਗੰਗਾ ਦਰਿਆ ਵਿਚ ਸੁੱਟਣ ਆਉਂਦੇ ਸਨ, ਕੋਲੋਂ ਉਨ੍ਹਾਂ ਦੇ ਖ਼ਾਨਦਾਨ ਨਾਲ ਸਬੰਧਤ ਘਟਨਾਵਾਂ (ਜਨਮ, ਵਿਆਹ, ਮੌਤਾਂ) ਬਾਰੇ ਜਾਣਕਾਰੀ ਇੱਕਠੀ ਕਰਿਆ ਕਰਦੇ ਸਨ ਤੇ ਇਸ ਨੂੰ ਆਪਣੀ ਵਹੀ ਵਿਚ ਲਿਖ ਲਿਆ ਕਰਦੇ ਸਨ (ਪਿਛਲੇ 4-5 ਸੌ ਸਾਲਾਂ ਦੀਆਂ ਵਹੀਆਂ ਅੱਜ ਵੀ ਹਰਦੁਆਰ ਵਿਚ ਮੌਜੂਦ ਹਨ)। ਪਾਂਡਿਆਂ ਦੀਆਂ ਵਹੀਆਂ ਵਿਚ ਗੰਗਾ ਦਰਿਆ ਵਿਚ ਅਸਥੀਆਂ/ਅੰਗੀਠਾ (ਮੁਰਦੇ ਦੀਆਂ ਹੱਡੀਆਂ ਤੇ ਸੁਆਹ) ਸੁੱਟਣ ਆਏ ਲੋਕਾਂ ਦੇ ਨਾਂ-ਥਾਂ ਅਤੇ ਉੱਥੇ, ਹਰਦੁਆਰ ਵਿਚ, ਆਉਣ ਦੀ ਤਾਰੀਖ਼ ਹੀ ਦਰਜ ਮਿਲਦੀ ਹੈ ਪਰ ਭੱਟ ਵਹੀਆਂ ਵਿਚ ਘਟਨਾਵਾਂ (ਜਨਮ, ਵਿਆਹ, ਮੌਤ, ਲੜਾਈਆਂ ਤੇ ਹੋਰ ਕਈ ਕੁਝ), ਥਾਂਵਾਂ, ਨਾਂਵਾਂ, ਤਾਰੀਖ਼ਾਂ ਤੋਂ ਇਲਾਵਾ ਹੋਰ ਵੀ ਬੜਾ ਵੇਰਵਾ ਮਿਲਦਾ ਹੈ।

ਭੱਟ ਉਹ ਬ੍ਰਾਹਮਣ ਸਨ ਜੋ ਰਾਜਪੂਤ ਰਾਜਿਆਂ ਤੇ ਹੋਰ ਅਜਿਹੇ ਵੱਡੇ ਰਾਜਪੂਤ ਘਰਾਣਿਆਂ ਦੀ ਸ਼ਾਨ, ਯੋਧਿਆਂ ਜਾਂ ਧਾਰਮਿਕ ਹਸਤੀਆਂ ਦੇ ਕਾਰਨਾਮਿਆਂ ਦੀਆਂ ਸਿਫ਼ਤਾਂ ਕਵਿਤਾ ਵਿਚ ਲਿਖਦੇ ਅਤੇ ਉਨ੍ਹਾਂ ਦੇ ਦਰਬਾਰਾਂ ਵਿਚ ਜਾ ਕੇ ਗਾਉਂਦੇ ਸਨ। ਹਰਦੁਆਰ ਦੇ ਪਾਂਡਿਆਂ ਤੇ ਭੱਟਾਂ ਵਿਚ ਫ਼ਰਕ ਇਹ ਹੈ ਕਿ ਪਾਂਡੇ ਹਰਦੁਆਰ ਆਏ ਜਜਮਾਨ ਤੋਂ ਗੱਲਾਂ ਪੁੱਛ ਕੇ ਆਪਣੀ ਵਹੀ ਵਿਚ ਲਿਖ ਲਿਆ ਕਰਦੇ ਸਨ ਪਰ ਭੱਟ ਘੁੰਮ ਫਿਰ ਕੇ ਤੇ ਜਜਮਾਨਾਂ ਦੇ ਘਰਾਂ ਵਿਚ ਜਾ ਕੇ ਇਹ ਜਾਣਕਾਰੀ ਇਕੱਠੀ ਕਰਿਆ ਕਰਦੇ ਸਨ। ਉਨ੍ਹਾਂ ਨੇ ਇਸ ਤਵਾਰੀਖ਼ ਨੂੰ 'ਵਹੀਆਂ' ਵਿਚ ਰਿਕਾਰਡ ਕੀਤਾ ਹੋਇਆ ਸੀ। ਉਨ੍ਹਾਂ ਦੇ ਅਜਿਹਾ ਕਰਨ ਨਾਲ ਉਸ ਜ਼ਮਾਨੇ ਦੀ ਬੜੀ ਕੀਮਤੀ ਤਵਾਰੀਖ਼ ਅੱਜ ਸਾਡੇ ਤਕ ਪਹੁੰਚੀ ਹੈ। ਬਾਰ੍ਹਵੀਂ ਸਦੀ ਤੋਂ ਮਗਰੋਂ ਮਾਲਵਾ (ਮੌਜੂਦਾ ਮੱਧ ਪ੍ਰਦੇਸ਼ ਦਾ ਇਕ ਹਿੱਸਾ), ਰਾਜਪੂਤਾਨਾ ਤੇ ਸਾਹਰਿੰਦ (ਸਰਹਿੰਦ) ਦੇ ਵਿਚਕਾਰਲੇ ਜ਼ੋਨ ਵਿਚ ਰਾਜਪੂਤ ਰਾਜਿਆਂ (ਪਰਮਾਰ, ਚੌਹਾਨ, ਰਾਠੌਰ, ਯਾਦਵ, ਤੋਮਰ ਵਗ਼ੈਰਾ) ਦੀਆਂ ਹਕੂਮਤਾਂ

ਖ਼ਤਮ ਹੋਣ ਮਗਰੋਂ, ਕਈ ਅਣਖੀਲੇ ਸ਼ਾਹੀ ਰਾਜਪੂਤ ਖ਼ਾਨਦਾਨ ਪੰਜਾਬ ਦੇ ਪਹਾੜਾਂ ਤੇ ਰੇਗਿਸਤਾਨ (ਮੌਜੂਦਾ ਹਿਮਾਂਚਲ, ਰਾਜਿਸਥਾਨ, ਹਰਿਆਣਾ, ਪੂਰਬੀ ਤੇ ਪੱਛਮੀ ਪੰਜਾਬ) ਵੱਲ ਨਿਕਲ ਗਏ ਸਨ। ਦੂਜੇ ਪਾਸੇ ਇਹ ਭੱਟ, 'ਬੇਕਾਰ' ਹੋ ਜਾਣ ਕਾਰਨ, ਥਾਂ-ਥਾਂ ਫਿਰ ਕੇ ਆਪਣੇ ਜਜਮਾਨਾਂ ਦੇ ਘਰਾਂ ਵਿਚ ਪੁੱਜ ਕੇ ਉਨ੍ਹਾਂ ਦੇ ਵੱਡੇ-ਵਡੇਰਿਆਂ ਦੇ ਕੁਰਸੀਨਾਮੇ ਸੁਣਾ ਕੇ 'ਈਨਾਮ' ਲੈ ਕੇ ਗੁਜ਼ਾਰਾ ਕਰਦੇ ਰਹੇ।

ਇਨ੍ਹਾਂ ਵਿਚੋਂ ਭਗੀਰਥ ਨਾਂ ਦੇ ਇਕ ਬ੍ਰਾਹਮਣ ਦੇ ਵਾਰਿਸਾਂ ਨੇ ਸਿੱਖ ਧਰਮ ਅਪਣਾਇਆ ਸੀ। ਸੋਲ੍ਹਵੀਂ ਸਦੀ ਵਿਚ ਇਹ ਭੱਟ ਗੁਰੂ ਅੰਗਦ ਸਾਹਿਬ ਦੇ ਦਰਬਾਰ ਵਿਚ ਵੀ ਆਏ ਸਨ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਇਨ੍ਹਾਂ ਭੱਟਾਂ ਦੇ ਜ਼ਿਆਦਾ ਪਰਿਵਾਰ ਅਜੇ ਵੀ ਭਾਦਸੋਂ, (ਲਾਡਵਾ), ਕਰਸਿੰਧੂ (ਸਫ਼ੀਦੋਂ), ਤਲਾਉਂਡਾ (ਜੀਂਦ) ਵਗ਼ੈਰਾ ਦੇ ਇਲਾਕਿਆਂ ਵਿਚ ਰਹਿੰਦੇ ਸਨ ਅਤੇ ਕੁਝ ਰਾਜਸਥਾਨ ਤੇ ਹੋਰ ਇਲਾਕਿਆਂ ਵਿਚ ਵਸਦੇ ਸਨ। ਗੁਰੂ ਸਾਹਿਬ ਦੇ ਦਰਬਾਰ ਵਿਚ ਬਹੁਤ ਸਾਰੇ ਭੱਟ ਹਾਜ਼ਿਰ ਰਹਿੰਦੇ ਸਨ। ਉਨ੍ਹਾਂ ਵਿਚੋਂ ਕੁਝ ਨੇ ਗੁਰੂ ਸਾਹਿਬ ਦੀ ਦੇਣ ਸਬੰਧੀ ਕਵਿਤਾਵਾਂ ਵੀ ਲਿਖੀਆਂ (ਇਨ੍ਹਾਂ ਵਿਚੋਂ ਦੋ ਭੱਟ, ਮਥਰਾ ਤੇ ਕੀਰਤ, ਤਾਂ ਛੇਵੇਂ ਪਾਤਸ਼ਾਹ ਦੀਆਂ ਲੜਾਈਆਂ ਵਿਚ ਸ਼ਹੀਦ ਵੀ ਹੋਏ ਸਨ)।

ਭੱਟ ਵਹੀਆਂ ਗੁਰੂ ਸਾਹਿਬ ਗੁਰੂ ਸਾਹਿਬ ਦੇ ਸਮੇਂ ਬਾਰੇ ਬਹੁਤ ਸਾਰੀ ਕੀਮਤੀ ਜਾਣਕਾਰੀ ਦੇਂਦੀਆਂ ਹਨ। ਭੱਟਾਂ ਨੇ ਗੁਰੂ ਸਾਹਿਬ ਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਇਲਾਵਾ ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੇ ਸਿੱਖਾਂ ਦੇ ਬਾਰੇ ਵਿੱਚ ਬਹੁਤ ਕੀਮਤੀ ਖ਼ਜ਼ਾਨਾ ਸੰਭਾਲ ਕੇ ਰੱਖਿਆ ਹੋਇਆ ਸੀ। 1790 ਵਿਚ, ਭਾਈ ਸਰੂਪ ਸਿੰਘ ਨੇ ਇਹਨਾਂ ਭੱਟ ਵਹੀਆਂ ਤੋਂ '**ਗੁਰੂ ਕੀਆਂ ਸਾਖੀਆਂ**' (ਗੁਰੂ ਸਾਹਿਬਾਨ ਦੀ ਤਵਾਰੀਖ਼) ਅਤੇ ਭਾਈ ਸੇਵਾ ਸਿੰਘ ਨੇ '**ਸ਼ਹੀਦ ਬਿਲਾਸ**' ਵਿਚ ਭਾਈ ਮਨੀ ਸਿੰਘ ਪਰਿਵਾਰ ਦੇ ਖ਼ਾਨਦਾਨ ਦੀ ਪੰਥ ਨੂੰ ਦੇਣ ਬਾਰੇ ਬੇਹੱਦ ਕੀਮਤੀ ਕਿਤਾਬਾਂ ਤਿਆਰ ਕੀਤੀਆਂ ਸਨ।

ਇਹ ਖੋਜ ਸਭ ਤੋਂ ਪਹਿਲਾਂ ਗਿਆਨੀ ਗਰਜਾ ਸਿੰਘ ਨੇ ਸਾਹਮਣੇ ਲਿਆਂਦੀ ਸੀ। ਉਨ੍ਹਾਂ ਨੇ 1961 ਵਿਚ 'ਸ਼ਹੀਦ ਬਿਲਾਸ' ਸੰਪਾਦਿਤ ਕਰ ਕੇ ਛਾਪੀ ਸੀ। 'ਗੁਰੂ ਕੀਆਂ ਸਾਖੀਆਂ' ਵਾਲਾ, ਆਪਣਾ ਸਾਰਾ ਖ਼ਜ਼ਾਨਾ, ਉਹ ਪਿਆਰਾ ਸਿੰਘ ਪਦਮ ਨੂੰ ਸੌਂਪ ਗਏ ਸਨ। ਪਦਮ ਨੇ ਇਹ ਕਿਤਾਬ 1986 ਵਿਚ ਛਾਪੀ। 2001 ਵਿਚ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਇਨ੍ਹਾਂ ਭੱਟ ਵਹੀਆਂ ਦੇ ਆਧਾਰ 'ਤੇ '**ਗੁਰੂ ਦੇ ਸ਼ੇਰ**' ਕਿਤਾਬ ਤਿਆਰ ਕੀਤੀ। ਇਸ ਵਿਚ 220 ਤੋਂ ਵਧ ਜਾਣੇ-ਅਣਜਾਣੇ ਸ਼ਹੀਦਾਂ ਦੀਆਂ ਜੀਵਨੀਆਂ ਤੇ ਕੁਰਸੀਨਾਮੇ ਹਨ। ਡਾ. ਦਿਲਗੀਰ ਨੇ ਫਿਰ 2005 ਵਿਚ '**ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ**' ਤਿਆਰ ਕੀਤੀ। ਇਸ ਵਿਚ ਮਾਤਾ ਗੁਜਰੀ, ਚਾਰ ਸਾਹਿਬਜ਼ਾਦਿਆਂ ਅਤੇ ਤਿੰਨ ਮੌਕਿਆਂ ਦੇ ਚਾਲ੍ਹੀ-ਚਾਲ੍ਹੀ ਮੁਕਤਿਆਂ ਦੀ ਤਵਾਰੀਖ਼ ਹੈ, ਜਿਹੜੇ ਦਸੰਬਰ 1705 ਵਿਚ ਸ਼ਾਹੀ ਟਿੱਬੀ, ਮਲਿਕਪੁਰ ਰੰਘੜਾਂ, ਝੱਖੀਆਂ (ਸਰਸਾ ਨਦੀ ਦੇ ਕੰਢੇ), ਚਮਕੌਰ, ਫ਼ਤਹਿਗੜ੍ਹ ਤੇ ਖਿਦਰਾਣੇ ਦੀ ਢਾਬ (ਮੁਕਤਸਰ) ਵਿਚ ਸ਼ਹੀਦ ਹੋਏ ਸਨ। ਸਿੱਖ ਤਵਾਰੀਖ਼ ਦੇ 60 ਤੋਂ ਵੱਧ ਅਹਿਮ ਸਿੱਖ ਸ਼ਹੀਦਾਂ ਦੀਆਂ ਜੀਵਨੀਆਂ ਬਾਰੇ ਇਹ ਇਕ ਕੀਮਤੀ ਖਜ਼ਾਨਾ ਹੈ। ਭੱਟ ਵਹੀਆਂ ਦੇ ਕੁਝ ਸਫ਼ਿਆਂ ਦੀਆਂ ਤਸਵੀਰਾਂ ਕਿਤਾਬ '**ਸਿੱਖ ਤਵਾਰੀਖ਼**' ਵਿਚ ਵੀ ਵੇਖੀਆਂ ਜਾ

ਸਕਦੀਆਂ ਹਨ।

ਭੱਟ ਬਾਣੀ: ਉੱਪਰ ਜ਼ਿਕਰ ਕੀਤੇ ਭੱਟਾਂ ਵਿੱਚੋਂ 11 ਦੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹਨ (ਗੁਰੂ ਗ੍ਰੰਥ ਸਾਹਿਬ, ਸਫ਼ੇ 1385-1409)। ਇਹ ਭੱਟ ਹਨ : ਭਿਖਾ, ਕਲ੍ਯ/ਕਲਸਹਾਰ, ਜਾਲਪ, ਕੀਰਤ, ਮਥੁਰਾ, ਸਲ੍ਯ, ਭਲ੍ਯ, ਥੇਲ੍ਯ, ਹਰਿਬੰਸ, ਨਲ੍ਯ, ਗਯੰਦ। ਭੱਟ ਬਾਣੀ ਪਹਿਲੇ ਪੰਜ ਗੁਰੂਆਂ ਦੀ ਰੂਹਾਨੀਅਤ ਦੀ ਦੁਨੀਆਂ ਨੂੰ ਦੇਣ ਦਾ ਜ਼ਿਕਰ ਕਰਦੀ ਹੈ। ਭੱਟ ਗੁਰੂ ਸਾਹਿਬ ਨੂੰ ਇਕ 'ਜੋਤਿ' ਵਜੋਂ ਪੇਸ਼ ਕਰਦੇ ਹਨ ਤੇ ਲਿਖਦੇ ਹਨ ਕਿ ਜਦੋਂ ਇਕ ਗੁਰੂ ਅਗਲੇ ਗੁਰੂ ਨੂੰ ਗੱਦੀ ਦਿੰਦਾ ਸੀ ਤਾਂ ਉਹ ਆਪਣੀ ਜੋਤਿ ਦੂਜੇ ਗੁਰੂ ਵਿਚ ਟਿਕਾ (ਆਪਣਾ ਗਿਆਨ ਉਸ ਨੂੰ ਦੇ) ਦੇਂਦਾ ਸੀ। ਮਥਰਾ ਭੱਟ ਦਾ ਸ਼ਬਦ ਹੈ:

> *ਜੋਤਿ ਰੂਪਿ ਹਰਿ ਆਪਿ, ਗੁਰੂ ਨਾਨਕੁ ਕਹਾਯਉ॥ ਤਾ ਤੇ ਅੰਗਦੁ ਭਯਉ, ਤਤ ਸਿਉ ਤਤੁ ਮਿਲਾਯਉ॥ ਅੰਗਦਿ ਕਿਰਪਾ ਧਾਰਿ, ਅਮਰੁ ਸਤਿਗੁਰੁ ਥਿਰੁ ਕੀਅਉ॥ ਅਮਰਦਾਸਿ ਅਮਰਤੁ ਛਤ੍ਰੁ, ਗੁਰ ਰਾਮਹਿ ਦੀਅਉ॥ ਗੁਰ ਰਾਮਦਾਸ ਦਰਸਨੁ ਪਰਸਿ, ਕਹਿ ਮਥੁਰਾ ਅੰਮ੍ਰਿਤ ਬਯਣ॥ ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥ (ਸਫ਼ਾ 1408)*

ਭਾਈ: ਵੀਰ ਤੇ ਭਰਾ ਵਾਸਤੇ ਸਾਧ ਭਾਖਾ ਵਿਚ ਭਾਈ ਲਫ਼ਜ਼ ਵਰਤਿਆ ਜਾਂਦਾ ਹੈ। ਸਿੱਖ ਕਲਚਰ ਵਿਚ ਇਹ ਲੱਫ਼ਾਜ਼ੀ ਅਦਬ-ਮਾਣ ਵਾਲੀਆਂ ਸ਼ਖ਼ਸੀਅਤਾਂ ਵਾਸਤੇ ਵੀ ਵਰਤੀ ਜਾਂਦੀ ਹੈ। ਇਕ ਸੰਤ/ਸ਼ਾਂਤ-ਸੁਭਾਅ ਆਦਮੀ, ਵਿਦਵਾਨ ਅਤੇ ਕਿਸੇ ਉੱਚੀ ਸ਼ਖ਼ਸੀਅਤ ਵਾਲੇ ਆਗੂ ਵਾਸਤੇ ਵੀ ਭਾਈ ਵਰਤਿਆ ਜਾ ਸਕਦਾ ਹੈ। ਸਿੱਖ ਤਵਾਰੀਖ਼ ਵਿਚ ਭਾਈ ਲਫ਼ਜ਼ ਅਨੇਕਾਂ ਹੀ ਮਹਾਨ ਸ਼ਖ਼ਸੀਅਤਾਂ ਵਾਸਤੇ ਵਰਤਿਆ ਗਿਆ ਹੈ। ਸਿੱਖ ਤਵਾਰੀਖ਼ ਵਿਚ ਭਾਈ ਲਫ਼ਜ਼ ਦੀ ਸਭ ਤੋਂ ਪਹਿਲੀ ਵਰਤੋਂ ਭਾਈ ਮਰਦਾਨਾ ਵਾਸਤੇ ਕੀਤੀ ਗਈ ਸੀ। ਇਸ ਤੋਂ ਇਲਾਵਾ ਇਹ ਲਫ਼ਜ਼ ਭਾਈ ਲਾਲੋ, ਭਾਈ ਗੁਰਦਾਸ, ਭਾਈ ਰੂਪ ਚੰਦ (ਰੂਪਾ), ਭਾਈ ਭਗਤੂ, ਭਾਈ ਨੰਦ ਲਾਲ, ਭਾਈ ਮਨੀ ਸਿੰਘ, ਭਾਈ ਬੀਰ ਸਿੰਘ, ਭਾਈ ਮਹਾਰਾਜ ਸਿੰਘ ਵਾਸਤੇ ਵੀ ਵਰਤਿਆ ਗਿਆ ਹੈ। ਅੰਗਰੇਜ਼ਾਂ ਨੇ 'ਸਰਦਾਰ ਬਹਾਦਰ' ਖ਼ਿਤਾਬ ਸ਼ੁਰੂ ਕਰ ਕੇ ਇਸ ਦਾ ਬਦਲ ਲਿਆਉਣ ਦੀ ਕੋਸ਼ਿਸ਼ ਕੀਤੀ ਸੀ। ਭਾਰਤ ਸਰਕਾਰ ਨੇ 'ਸ੍ਰੀ' ਠੋਸ ਕੇ ਸਿੱਖਾਂ ਦੀ 'ਸਿਰਦਾਰੀ' ਖੋਹਣ ਦੀ ਕੋਸ਼ਿਸ਼ ਕੀਤੀ ਹੈ। ਹੁਣ ਭਾਈ ਲਫ਼ਜ਼ ਵਧੇਰੇ ਕਰ ਕੇ ਗੁਰਦੁਆਰਿਆਂ ਦੇ ਗ੍ਰੰਥੀਆਂ ਵਗ਼ੈਰਾ ਵਾਸਤੇ ਵਰਤਿਆ ਜਾਂਦਾ ਹੈ ਜਿਨ੍ਹਾਂ ਵਿਚੋਂ ਬਹੁਤਿਆਂ ਦਾ ਕਿਰਦਾਰ ਹੌਲਾ ਹੋ ਜਾਣ ਕਾਰਨ ਇਸ ਲਫ਼ਜ਼ ਨੂੰ 'ਛੋਟਾ' ਸਮਝਿਆ ਜਾਂਦਾ ਹੈ। (ਕੁਝ ਸਾਲਾਂ ਤੋਂ ਵੱਡੇ ਗ੍ਰੰਥੀਆਂ ਨੇ ਆਪਣੇ ਆਪ ਨੂੰ ਅਖੌਤੀ 'ਜਥੇਦਾਰ' ਅਤੇ 'ਸਿੰਘ ਸਾਹਿਬ' ਵੀ ਕਹਿਣਾ ਸ਼ੁਰੂ ਕਰ ਦਿੱਤਾ ਹੈ। ਵੇਖੋ: **ਜਥੇਦਾਰੀ, ਸਿੰਘ ਸਾਹਿਬ**। 7)

ਭਾਣਾ: ਭਾਣਾ ਦਾ ਮਾਅਨਾ ਹੈ: ਭਾਅ ਜਾਣਾ, ਪਸੰਦ ਕਰਨਾ ਜਾਂ ਚੰਗਾ ਲਗਣਾ; ਅਤੇ ਭਾਣਾ ਮੰਨਣਾ ਦਾ ਮਾਅਨਾ ਹੈ: ਰੱਬ ਦੇ ਹੁਕਮ ਨੂੰ ਦਿਲੋਂ ਤੇ ਖ਼ੁਸ਼ੀ-ਖ਼ੁਸ਼ੀ ਕਬੂਲ ਕਰਨਾ। ਇਕ ਸਿੱਖ ਨੂੰ ਰੱਬ ਦਾ ਭਾਣਾ ਬਿਨਾਂ ਕਿਸੇ ਸ਼ਿਕਾਇਤ ਜਾਂ ਸ਼ਿਕਵੇ ਦੇ ਮੰਨਣਾ ਜ਼ਰੂਰੀ ਹੈ। ਦੁਨੀਆਂ ਦੀ ਹਰੇਕ ਦਿਸਦੀ ਅਣਦਿਸਦੀ ਚੀਜ਼ ਤੇ ਘਟਨਾ ਸਭ ਵਾਹਿਗੁਰੂ ਦੇ ਭਾਣੇ ਵਿਚ ਹੀ ਚਲ ਰਹੀ ਤੇ ਵਾਪਰ ਰਹੀ ਹੈ। ਕੋਈ ਵੀ ਉਸ ਸਮੇਂ ਤੱਕ ਉਹ ਰੱਬ ਵਿਚ ਯਕੀਨ ਰੱਖਣ ਦਾ ਦਾਅਵਾ ਨਹੀਂ ਕਰ ਸਕਦਾ ਜਦੋਂ ਤੱਕ

ਉਹ ਉਸ (ਰੱਬ) ਦੇ ਭਾਣੇ ਅੱਗੇ ਆਪਣਾ ਸਿਰ ਨਹੀਂ ਝੁਕਾਉਂਦਾ। ਸਿੱਖ ਕਦੇ ਵੀ ਨਿਰਾਸ ਨਹੀਂ ਹੁੰਦਾ। ਉਸ ਨੂੰ ਬੇਹਤਰੀ ਵਾਸਤੇ ਕੋਸ਼ਿਸ਼ਾਂ ਤੇ ਜੱਦੋਜੇਹਿਦ ਕਰਦੇ ਰਹਿਣਾ ਚਾਹੀਦਾ ਹੈ ਪਰ ਆਖਰੀ ਹੁਕਮ ਰੱਬ ਦੇ ਭਾਣੇ ਵਿਚ ਹੀ ਹੈ। ਚੜ੍ਹਦੀ ਕਲਾ ('ਬੇਹਤਰ ਭਲਕ' ਦੀ ਆਸ ਵਿਚ ਜਿਊਣਾ) ਵੀ ਭਾਣਾ ਮੰਨਣ ਦੇ ਬਹੁਤ ਨਜ਼ਦੀਕ ਹੈ। ਰੱਬ ਵਿਚ ਸਿੱਖ ਦਾ ਯਕੀਨ ਅਤੇ ਉਸ ਦੀਆਂ ਬਖ਼ਸ਼ਿਸ਼ਾਂ ਸਿੱਖ ਰੂਹਾਨੀ ਕਲਚਰ ਦਾ ਅਹਿਮ ਹਿੱਸਾ ਹੈ। ਸਿੱਖ ਬੋਲੀ ਵਿਚ 'ਰਜ਼ਾ ਵਿਚ ਰਹਿਣਾ' ਅਤੇ 'ਭਾਣਾ ਮੰਨਣਾ' ਇੱਕੋ ਗੱਲ ਹੈ। ਹੋਰ ਦੇਖੋ: **ਕਰਮ, ਚੜ੍ਹਦੀ ਕਲਾ, ਸਬਰ** (ਕੰਟੈਂਟਮੈਂਟ)।

ਭਾਬੀ: ਭਾਬੀ ਸ਼ਬਦ ਪੰਜਾਬੀਆਂ ਵਿਚ ਭਰਾ ਜਾਂ ਦੋਸਤ ਦੀ ਵਹੁਟੀ ਵਾਸਤੇ ਵਰਤਿਆ ਜਾਂਦਾ ਹੈ। ਸਿੱਖ ਧਰਮ ਵਿਚ ਆਪਣੇ ਦੋਸਤ ਜਾਂ ਵਾਕਿਫ਼ ਦੀ ਘਰਵਾਲੀ ਨੂੰ ਭਾਬੀ ਨਹੀਂ ਬਲਕਿ 'ਭੈਣ ਜੀ' ਕਿਹਾ ਜਾਂਦਾ ਹੈ।

ਭਿਖਿਆ ਮੰਗਣਾ: ਭਿੱਖਿਆ ਮੰਗਣ ਦਾ ਮਾਅਨਾ ਹੈ ਕਿਸੇ ਕੋਲੋਂ ਮਿਹਰ/ਰਹਿਮ ਵਜੋਂ ਕੋਈ ਰਕਮ ਜਾਂ ਸਾਮਾਨ ਲੈਣਾ। ਭਿਖਿਆ ਮੰਗਣੀ ਸਿੱਖ ਧਰਮ ਵਿਚ ਬਿਲਕੁਲ ਮਨ੍ਹਾ ਹੈ। ਇੱਕ ਸਿੱਖ ਨੂੰ ਆਪਣੀ ਜ਼ਿੰਦਗੀ ਮਿਹਨਤ ਦੀ ਕਮਾਈ ਨਾਲ ਗੁਜ਼ਾਰਨੀ ਚਾਹੀਦੀ ਹੈ। ਇੰਞ ਹੀ ਦਾਨ ਦੇਣਾ ਵੀ ਸਿੱਖ ਫ਼ਲਸਫ਼ੇ ਮੁਤਾਬਿਕ ਸਹੀ ਨਹੀਂ ਹੈ। ਕਿਸੇ ਲੋੜਵੰਦ ਇਨਸਾਨ ਦੀ ਮਦਦ ਕਰਨੀ (ਪੈਸੇ ਨਾਲ ਜਾਂ ਹੋਰ ਕਿਸੇ ਤਰ੍ਹਾਂ) ਦਾਨ ਵਿਚ ਨਹੀਂ ਆਉਂਦਾ; ਸਿੱਖ ਦਾ ਇਹ ਫਰਜ਼ ਹੈ ਕਿ ਉਹ ਆਪਣੇ ਭਾਈਚਾਰੇ ਦੀ ਮਦਦ ਕਰੇ। (ਸਾਰਾ ਸਿੱਖ ਪੰਥ ਇਕ ਭਾਈਚਾਰਾ ਹੈ ਅਤੇ ਆਪਣੇ ਕਿਸੇ ਭਰਾ-ਭੈਣ ਦੀ ਮਦਦ ਕਰਨੀ ਦਾਨ ਦੇਣਾ ਨਹੀਂ ਹੁੰਦਾ। ਇਸੇ ਤਰ੍ਹਾਂ ਦਸਵੰਧ ਵੀ ਦਾਨ ਦੇਣਾ ਨਹੀਂ ਹੈ। ਹਰ ਇਕ ਸਿੱਖ ਦਾ ਫਰਜ਼ ਹੈ ਕਿ ਉਹ ਕੌਮੀ ਫ਼ੰਡ ਵਿਚ ਵਧ ਤੋਂ ਵਧ ਹਿੱਸਾ ਪਾਵੇ:

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਸਫ਼ਾ 1245)

ਗੁਰੂ ਗ੍ਰੰਥ ਸਾਹਿਬ ਵਿਚ ਕਈ ਸ਼ਬਦ ਹਨ ਜੋ ਜੋਗੀਆਂ ਤੇ ਜੈਨੀ ਭਿਖਸ਼ੂਆਂ ਵਗ਼ੈਰਾ ਵੱਲੋਂ ਮੰਗਣ ਨੂੰ ਰੱਦ ਕਰਦੇ ਹਨ:

*ਗਹਰੀ ਬਿਭੂਤ ਲਾਇ ਬੈਠਾ ਤਾੜੀ॥ ਮੇਰੀ ਤੇਰੀ ਮੁੰਦ੍ਰਾ ਧਾਰੀ॥ **ਮਾਗਹਿ ਟੂਕਾ ਤ੍ਰਿਪਤਿ ਨ ਪਾਵੈ॥** ਨਾਥੁ ਛੋਡਿ ਜਾਚਹਿ ਲਾਜ ਨ ਆਵੈ॥ ਚਲਚਿਤ ਜੋਗੀ ਆਸਣੁ ਤੇਰਾ॥ ਸਿੰਙੀ ਵਾਜੈ ਨਿਤ ਉਦਾਸੇਰਾ॥ ਗੁਰ ਗੋਰਖ ਕੀ ਤੈ ਬੂਝ ਨ ਪਾਈ॥ ਫਿਰਿ ਫਿਰਿ ਜੋਗੀ ਆਵੈ ਜਾਈ॥ ਜਿਸ ਨੋ ਹੋਆ ਨਾਥੁ ਕ੍ਰਿਪਾਲਾ॥ ਰਹਰਾਸਿ ਹਮਾਰੀ ਗੁਰ ਗੋਪਾਲਾ॥ ਨਾਮੈ ਖਿੰਥਾ ਨਾਮੈ ਬਸਤਰੁ॥ ਜਨ ਨਾਨਕ ਜੋਗੀ ਹੋਆ ਅਸਥਿਰੁ॥ ਇਉ ਜਪਿਆ ਨਾਥੁ ਦਿਨੁ ਰੈਨਾਈ॥ ਹੁਣਿ ਪਾਇਆ ਗੁਰੁ ਗੋਸਾਈ॥ (ਸਫ਼ਾ 886)*

ਭੋਗ: ਇਸ ਦਾ ਲਫ਼ਜ਼ੀ ਮਾਅਨਾ ਹੈ: ਖ਼ੁਸ਼ੀ। ਪਰ ਇਸ ਨੂੰ ਕਿਸੇ ਚੀਜ਼ ਦੇ ਖ਼ਤਮ ਹੋਣ (ਸਮਾਪਤੀ) ਲਈ ਵੀ ਵਰਤਿਆ ਜਾਂਦਾ ਹੈ (ਦਰਅਸਲ, ਕੋਈ ਕਾਰਵਾਈ, ਬਿਨਾਂ ਕਿਸੇ ਰੁਕਾਵਟ ਦੇ ਖ਼ਤਮ ਹੋਣ ਦੀ ਤਸੱਲੀ, ਖ਼ੁਸ਼ੀ/ਭੋਗ ਹੁੰਦੀ ਹੈ)। ਸਿੱਖ ਕਲਚਰ ਵਿਚ ਭੋਗ ਦਾ ਮਾਅਨਾ ਹੈ: ਗੁਰੂ ਗ੍ਰੰਥ ਸਾਹਿਬ ਦੇ ਮੁਕੰਮਲ ਪਾਠ ਦਾ ਪੂਰਾ ਹੋਣਾ। ਭਾਵੇਂ ਪਾਠ ਦਾ ਖ਼ਤਮ ਹੋਣਾ ਹੀ 'ਭੋਗ' ਕਿਹਾ ਜਾਂਦਾ ਹੈ, ਪਰ, ਇਹ ਅਰਦਾਸ

ਅਤੇ ਹੁਕਮਨਾਮੇ ਮਗਰੋਂ ਹੀ ਪੂਰਾ ਹੋਇਆ ਮੰਨਿਆ ਜਾਂਦਾ ਹੈ। ਫਿਰ ਕੜਾਹ ਪ੍ਰਸ਼ਾਦਿ ਵੰਡਣ ਤੋਂ ਬਾਅਦ 'ਭੋਗ ਦੀ ਰਸਮ' ਪੂਰੀ ਤਰ੍ਹਾਂ ਖ਼ਤਮ ਹੋ ਜਾਂਦੀ ਹੈ। ਕੁਝ ਸਿੱਖ ਇਸ ਨੂੰ ਭੋਗ (ਖੁਸ਼ੀ) ਇਸ ਕਰ ਕੇ ਕਹਿੰਦੇ ਹਨ ਕਿਉਂ ਕਿ ਇਹ ਰਸਮ ਵਾਹਿਗੁਰੂ ਦੀ ਸਿਫ਼ਤ ਸੁਣਨ (ਤੇ ਪੜ੍ਹਨ) ਦੇ ਫਲ ਮਿਲਣ ਵੱਲ ਇਸ਼ਾਰਾ ਕਰਦੀ ਹੈ।

ਭੋਜਨ: ਸਿੱਖ ਧਰਮ ਵਿਚ ਕਿਸੇ ਭੋਜਨ ਦੀ ਮਨਾਹੀ ਨਹੀਂ ਹੈ। ਪਰ, ਸਿੱਖ ਅਜਿਹਾ ਭੋਜਨ ਨਹੀਂ ਖਾ ਸਕਦਾ, ਜੋ ਬੰਦੇ ਦੇ ਮਨ ਵਿਚ ਭੜਕਾਊ ਸੋਚ ਨੂੰ ਜਨਮ ਦੇਂਦਾ ਹੈ। ਸਿੱਖ ਨੂੰ ਸਬਜ਼ੀ-ਹਾਰੀ (ਸ਼ਾਕਾਹਾਰੀ) ਹੋਣਾ ਲਾਜ਼ਮੀ ਨਹੀਂ ਹੈ, ਪਰ ਜੇ ਸਿੱਖ ਨੇ ਮਾਸ ਖਾਣਾ ਹੀ ਹੈ ਤਾਂ ਉਹ ਸਿਰਫ਼ ਝਟਕਾ ਮਾਸ ਹੀ ਖਾ ਸਕਦਾ ਹੈ। ਇਸੇ ਤਰ੍ਹਾਂ ਸਿੱਖ ਨੂੰ ਕੋਈ ਖਾਸ ਕਿਸਮ ਦਾ ਖਾਣਾ ਜਾਂ ਕਿਸੇ ਖਾਸ ਜਾਨਵਰ ਦਾ ਮਾਸ ਖਾਣ ਦੀ ਬੰਦਿਸ਼ ਵੀ ਨਹੀਂ। ਜਿਹੜਾ ਸਿੱਖ ਮਾਸ ਖਾ ਲੈਂਦਾ ਹੈ ਉਹ ਗਾਂ, ਸੂਰ ਜਾਂ ਕਿਸੇ ਵੀ ਹੋਰ ਕਿਸਮ ਦੇ ਜਾਨਵਰ ਦਾ ਮਾਸ ਵੀ ਖਾ ਸਕਦਾ ਹੈ। ਗੁਰਦੁਆਰਿਆਂ ਵਿਚ ਆਮ ਤੌਰ ਮਾਸ ਨਹੀਂ ਵਰਤਾਇਆ ਜਾਂਦਾ ਕਿਉਂਕਿ ਲੰਗਰ ਸਾਰਿਆਂ ਵਾਸਤੇ ਹੈ ਤੇ ਗੁਰਦੁਆਰਿਆਂ ਵਿਚ ਜਾਣ ਵਾਲਿਆਂ ਵਿਚੋਂ ਬਹੁਤੇ ਲੋਕ ਸਬਜ਼ੀਹਾਰੀ ਹਨ। ਇਸੇ ਤਰ੍ਹਾਂ ਮਾਸ ਜਾਂ ਕਿਸੇ ਹੋਰ ਖਾਣੇ ਨੂੰ ਕਿਸੇ ਖਾਸ ਦਿਨ, ਤਾਰੀਖ ਜਾਂ ਘੰਟੇ ਵਿਚ ਖਾਣ ਜਾਂ ਨਾ ਖਾਣ ਦੀ ਕੋਈ ਬੰਦਿਸ਼ ਨਹੀਂ (ਜਿਵੇਂ ਕੁਝ ਹਿੰਦੂ ਮੰਗਲਵਾਰ ਨੂੰ ਮਾਸ ਨਹੀਂ ਖਾਂਦੇ)। ਇਹ ਵੀ ਖਿਆਲ ਰਹੇ ਕਿ ਸਿੱਖ ਨੂੰ ਸਾਦਾ ਤੇ ਥੋੜ੍ਹਾ ਭੋਜਨ ਖਾਣ ਦੀ ਹਦਾਇਤ ਹੈ। ਹੋਰ ਵੇਖੋ: **ਮਾਸ।**

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥ ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥ ਬਾਬਾ, ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (ਸਫ਼ਾ 26)

ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥ (ਸਫ਼ਾ 467)

ਪਰ, ਨਾਲ ਹੀ ਇਹ ਵੀ ਸਪਸ਼ਟ ਕੀਤਾ ਹੈ ਕਿ:

ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥ (ਸਫ਼ਾ 472)

ਭੰਗੂ, ਰਤਨ ਸਿੰਘ: ਭਾਈ ਰਤਨ ਸਿੰਘ ਭੰਗੂ (ਮੌਤ 1846), ਭਾਈ ਰਾਇ ਸਿੰਘ ਦੇ ਪੁੱਤਰ ਅਤੇ ਸ਼ਹੀਦ ਭਾਈ ਮਹਿਤਾਬ ਸਿੰਘ ਦੇ ਪੜਪੋਤੇ ਸਨ। ਆਪ ਦਾ ਜਨਮ ਪਿੰਡ ਮੀਰਾਂ ਕੋਟ (ਜ਼ਿਲਾ ਅੰਮ੍ਰਿਤਸਰ) ਵਿਚ ਹੋਇਆ ਸੀ। ਇੰਞ ਜਾਪਦਾ ਹੈ ਕਿ ਰਤਨ ਸਿੰਘ ਜਾਂ ਤਾਂ ਬ੍ਰਿਟਿਸ਼ ਰੈਜ਼ੀਡੈਂਟ ਡੇਵਿਡ ਆਖਤਰਲੋਨੀ ਜਾਂ ਕੈਪਟਨ ਮਰੀ (ਬ੍ਰਿਟਿਸ਼ ਇੰਡੀਆ ਕੰਪਨੀ ਦਾ ਇਕ ਅਫ਼ਸਰ) ਦਾ ਮੁਲਾਜ਼ਮ ਸੀ ਤੇ ਜਾਂ ਉਨ੍ਹਾਂ ਦੇ ਬਹੁਤ ਜ਼ਿਆਦਾ ਨੇੜੇ ਸੀ। ਜਦੋਂ ਬ੍ਰਿਟਿਸ਼ ਅਫ਼ਸਰਾਂ ਨੇ ਬੂਟੇ ਸ਼ਾਹ, ਜੋ ਕਿ ਇੱਕ ਮੁਸਲਮਾਨ ਸੀ, ਨੂੰ ਸਿੱਖਾਂ ਦੀ ਤਵਾਰੀਖ਼ ਲਿਖਣ ਵਾਸਤੇ ਡਿਊਟੀ ਦਿੱਤੀ ਤਾਂ ਰਤਨ ਸਿੰਘ ਨੇ ਉਸ ਬ੍ਰਿਟਿਸ਼ ਅਫ਼ਸਰ ਨੂੰ ਕਿਹਾ ਕਿ ਬੂਟੇ ਸ਼ਾਹ ਸਿੱਖ ਨਹੀਂ ਹੈ। ਇਹ ਸਿੱਖਾਂ ਬਾਰੇ ਅਧੂਰੀ ਜਾਂ ਪੱਖਪਾਤੀ ਜਾਣਕਾਰੀ ਨਾਲ ਭਰਿਆ ਹੈ, ਇਸ ਕਰ ਕੇ ਉਹ ਸਿੱਖ ਤਵਾਰੀਖ਼ ਨਾਲ ਇਨਸਾਫ਼ ਨਹੀਂ ਕਰੇਗਾ। *(ਨੋਟ: ਹੁਣ ਬੂਟੇ ਸ਼ਾਹ ਦੀ ਲਿਖਤ ਵੀ ਛਪੀ ਹੋਈ ਹੈ। ਬੂਟੇ ਸ਼ਾਹ ਉਹੀ ਹੈ ਜਿਸ ਨੇ ਇਹ ਸ਼ੋਸ਼ਾ ਛੱਡਿਆ ਸੀ*

ਕਿ ਦਰਬਾਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਨੇ ਰੱਖੀ ਸੀ, ਮਗਰੋਂ ਬੇਸਮਝ ਸਿੱਖਾਂ ਨੇ ਇਸ ਗੱਲ ਨੂੰ ਕਬੂਲ ਕਰ ਲਿਆ)। ਰਤਨ ਸਿੰਘ ਦੀ ਗੱਲ ਸੁਣ ਕੇ ਬ੍ਰਿਟਿਸ਼ ਅਫਸਰਾਂ ਨੇ ਭਾਈ ਰਤਨ ਸਿੰਘ ਨੂੰ ਵੀ ਸਿੱਖ ਤਵਾਰੀਖ਼ ਲਿਖਣ ਵਾਸਤੇ ਕਹਿ ਦਿੱਤਾ। ਰਤਨ ਸਿੰਘ ਨੇ 1809 ਵਿਚ ਪ੍ਰਾਚੀਨ ਪੰਥ ਪ੍ਰਕਾਸ਼ ਲਿਖਿਆ। (ਉਦੋਂ ਸ਼ਾਇਦ ਵਾਰਤਕ ਵਿਚ ਸੀ; ਜੋ ਹੁਣ ਪੰਜਾਬੀ ਕਵਿਤਾ ਵਿਚ ਮਿਲਦਾ ਹੈ ਉਹ 1841 ਵਿਚ ਪੂਰਾ ਹੋਇਆ ਸੀ)। ਭਾਈ ਰਤਨ ਸਿੰਘ ਦੀ ਲਿਖੀ ਤਵਾਰੀਖ਼ ਵਿਚ ਵੀ ਬੜੀਆਂ ਵੱਡੀਆਂ-ਵੱਡੀਆਂ ਬਜਰ ਗ਼ਲਤੀਆਂ ਹਨ ਪਰ ਫਿਰ ਵੀ ਇਹ ਸਿੱਖ ਤਵਾਰੀਖ਼ ਦੇ ਕਈ ਮਸਲਿਆਂ ਬਾਰੇ ਕੀਮਤੀ ਜਾਣਕਾਰੀ ਦੇਂਦਾ ਹੈ। ਰਤਨ ਸਿੰਘ ਦੀ ਲਿਖਤ ਵਿਚ ਬਾਬਰ ਵੱਲੋਂ ਗੁਰੂ ਨਾਨਕ ਸਾਹਿਬ ਨੂੰ ਭੰਗ ਭੇਜਣਾ, ਬਾਬਾ ਬੰਦਾ ਸਿੰਘ ਤੇ ਬਿਨੋਦ ਸਿੰਘ ਦਾ (ਅਖੌਤੀ ਤੱਤ ਖਾਲਸਾ-ਬੰਦਈ ਖਾਲਸਾ) ਝਗੜਾ, ਮਹਿਤਾਬ ਸਿੰਘ ਮੀਰਾਂਕੋਟ (ਉਸ ਦੇ ਆਪਣੇ ਦਾਦਾ) ਵੱਲੋਂ ਐਵੇਂ ਜਾਣ ਗੁਆ ਲੈਣਾ, ਵਰਗੀਆਂ ਸੰਗੀਨ ਗ਼ਲਤ ਗੱਲਾਂ ਮਿਲਦੀਆਂ ਹਨ।

ਮੱਸਿਆ: ਮੱਸਿਆ ਲਫ਼ਜ਼ ਦੀ ਜੜ੍ਹ ਸੰਸਕ੍ਰਿਤ ਲਫ਼ਜ਼ 'ਅਮਾਵਸ' ਵਿਚ ਹੈ ਜਿਸ ਦਾ ਮਾਅਨਾ ਹੈ 'ਇਕੱਠੇ (ਅਮਾ) ਵੱਸਣਾ' (ਵਸ)। ਇਸੇ ਮਾਅਨਿਆਂ ਵਿਚ, ਜਦੋਂ ਚੰਨ ਤੇ ਸੂਰਜ ਇਕੋ ਘਰ (ਗ੍ਰਹਿ) ਵਿਚ ਹੋਣ ਤਾਂ ਉਸ ਨੂੰ ਅਮਾਵਸ ਕਿਹਾ ਜਾਂਦਾ ਹੈ। ਇਹ ਚੰਨ-ਕੈਲੰਡਰ (ਬਿਕਰਮੀ) ਦੇ ਹਨੇਰੇ ਪੱਖ ਦੀ ਪੰਦਰ੍ਹਵੀਂ ਤਾਰੀਖ਼ ਹੁੰਦੀ ਹੈ। ਇਸ ਦਿਨ ਚੰਨ ਸੂਰਜ ਦੇ ਪਿੱਛੇ ਛੁਪਿਆ ਹੁੰਦਾ ਹੈ ਤੇ ਬਿਲਕੁਲ ਨਜ਼ਰ ਨਹੀਂ ਆਉਂਦਾ। ਇਸੇ ਕਰ ਕੇ ਮੱਸਿਆ ਨੂੰ ਇਕ ਹੋਰ ਮਾਅਨਿਆਂ ਵਿਚ ਵੀ ਵਰਤਿਆ ਜਾਂਦਾ ਹੈ: ਕਾਲਾ, ਕਾਲਖ਼। ਇੰਞ ਹੀ ਮੱਸਿਆ ਤੋਂ 'ਮਸਿ', ਯਾਨਿ ਸਿਆਹੀ (ਲੋਕ ਬੋਲੀ ਵਿਚ 'ਸ਼ਾਹੀ') ਤੇ ਸਿਆਹ, ਯਾਨਿ ਕਾਲਾ, ਵੀ ਬਣੇ ਹੋਏ ਹਨ।

ਕੁਝ ਹਿੰਦੂ ਇਸ ਨੂੰ ਪਵਿੱਤਰ ਦਿਨ ਸਮਝਦੇ ਹਨ (ਅਤੇ ਕੁਝ ਅਪਵਿੱਤਰ ਵੀ ਸਮਝਦੇ ਹਨ)। ਇਹ ਸਭ ਬ੍ਰਾਹਮਣਾਂ ਨੇ ਲੋਕਾਂ ਨੂੰ ਕਰਮ-ਕਾਂਡ ਵਿਚ ਫਸਾਉਣ ਦੇ ਬਹਾਨੇ ਬਣਾਏ ਹੋਏ ਸਨ, ਜੋ ਅਜ ਵੀ ਅਨਪੜ੍ਹ ਤੇ ਬੇਸਮਝ ਲੋਕ ਮੰਨ ਲੈਂਦੇ ਹਨ। ਸਿੱਖ ਫ਼ਿਲਾਸਫ਼ੀ ਕਿਸੇ ਖ਼ਾਸ ਦਿਨ, ਘੰਟੇ ਜਾਂ ਪਲ ਦੀ ਪਵਿੱਤਰਤਾ ਜਾਂ ਚੰਗਾ ਜਾਂ ਮਾੜਾ ਹੋਣ ਦੇ ਵਹਿਮ ਨੂੰ ਰੱਦ ਕਰਦੀ ਹੈ। ਕੁਝ ਅਗਿਆਨੀ ਸਿੱਖ ਵੀ ਇਸ ਦਿਨ, ਤਰਨਤਾਰਨ ਤੇ ਕੁਝ ਹੋਰ ਖ਼ਾਸ ਸਰੋਵਰਾਂ (ਜੋ ਗੁਰਦੁਆਰਿਆਂ ਵਿਚ ਯਾਤਰੀਆਂ ਦੇ ਇਸ਼ਨਾਨ ਲਈ ਬਣਾਏ ਗਏ ਸਨ ਨਾ ਕਿ ਉਨ੍ਹਾਂ ਵਿਚ ਕੋਈ ਧਾਰਮਿਕ ਜਾਂ ਰੂਹਾਨੀਅਤ ਅਹਿਮੀਅਤ ਸੀ) ਵਿਚ ਉਚੇਚੇ ਤੌਰ 'ਤੇ 'ਇਸ਼ਨਾਨ' ਕਰਨ ਜਾਂਦੇ ਹਨ। ਮੱਸਿਆ ਦੇ ਨਾਂ 'ਤੇ ਇਸ਼ਨਾਨ ਦੀ ਅਹਿਮੀਅਤ ਮੰਨਣਾ/ਪਰਚਾਰਨਾ ਪੂਰੀ ਤਰ੍ਹਾਂ ਗੁਰੂ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਨਾ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:

> *ਆਪੇ ਪੂਰਾ ਕਰੇ ਸੁ ਹੋਇ॥ ਏਹਿ ਥਿਤੀ ਵਾਰ ਦੂਜਾ ਦੋਇ॥ ਸਤਿਗੁਰ ਬਾਝਹੁ ਅੰਧੁ ਗੁਬਾਰੁ॥ **ਥਿਤੀ ਵਾਰ ਸੇਵਹਿ ਮੁਗਧ ਗਵਾਰ॥** ਨਾਨਕ ਗੁਰਮੁਖਿ ਬੂਝੈ ਸੋਝੀ ਪਾਇ॥ ਇਕਤੁ ਨਾਮਿ ਸਦਾ ਰਹਿਆ ਸਮਾਇ॥ (842-43)*

ਮਸੰਦ: ਮਸੰਦ ਲਫ਼ਜ਼ ਫ਼ਾਰਸੀ ਦੇ ਲਫ਼ਜ਼ ਮਸਨਦ ਤੋਂ ਬਣਿਆ ਹੈ, ਜਿਸ ਦਾ ਦਰਜਾ ਇੰਚਾਰਜ/ਮੈਨੇਜਰ ਵਾਲਾ ਹੁੰਦਾ ਹੈ। ਸਿੱਖ ਧਰਮ ਵਿਚ, ਮਸੰਦਾਂ ਦੀ ਇੱਕ

ਫ਼ਾਇਦੇਮੰਦ ਜਮਾਤ ਸੀ। ਗੁਰੂ ਅਮਰ ਦਾਸ ਸਾਹਿਬ ਨੇ ਇਹ ਮਸੰਦ ਪ੍ਰਣਾਲੀ ਦੀ ਸ਼ੁਰਆਤ ਕੀਤੀ ਸੀ ਅਤੇ ਗੁਰੂ ਰਾਮਦਾਸ ਸਾਹਿਬ ਨੇ ਇਸ ਨੂੰ ਇਕ ਜਮਾਤ ਵਜੋਂ ਕਾਇਮ ਕਰ ਦਿੱਤਾ ਸੀ। ਮਸੰਦ ਗੁਰੂ ਸਾਹਿਬ ਦੇ ਸੁਨੇਹਾ ਦੇਣ ਵਾਲੇ ਸੇਵਾਦਾਰ ਸਨ। ਉਨ੍ਹਾਂ ਦੇ ਫ਼ਰਜ਼ ਮਿਸ਼ਨਰੀਆਂ ਵਾਲੇ ਸਨ।

ਉਨ੍ਹਾਂ ਦੀ ਨਾਮਜ਼ਦਗੀ ਗੁਰੂ ਸਾਹਿਬ ਦਾ ਸੁਨੇਹਾ ਸਿੱਖਾਂ ਨੂੰ ਦੇਣ ਵਾਸਤੇ, ਸਿੱਖਾਂ ਤੋਂ ਦਸਵੰਧ ਅਤੇ ਹੋਰ ਭੇਟਾਵਾਂ ਇਕੱਠੀਆਂ ਕਰ ਕੇ ਗੁਰੂ ਸਾਹਿਬ ਤੱਕ ਪਹੁੰਚਾਉਣ ਵਾਸਤੇ ਕੀਤੀ ਜਾਂਦੀ ਸੀ। ਉਹ ਸਿਰਫ਼ ਸੇਵਾਦਾਰ ਸਨ ਨਾ ਕਿ ਗੁਰੂ ਦੇ ਦਲਾਲ ਜਾਂ ਵਿਚੋਲੇ। ਸਮੇਂ ਦੇ ਬੀਤਣ ਨਾਲ ਇਹ ਮਸੰਦ ਕੁਰਪਟ ਤੇ ਬਦਇਖ਼ਲਾਕ ਹੋ ਗਏ। ਇਨ੍ਹਾਂ ਵਿਚੋਂ ਤਾਂ ਕਈ ਆਪਣੇ ਆਪ ਨੂੰ ਨੀਮ-ਗੁਰੂ ਵਜੋਂ ਵੀ ਪੇਸ਼ ਕਰਨ ਲੱਗ ਪਏ। 1698 ਵਿਚ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਕੁਰਪਟ ਮਸੰਦਾਂ ਨੂੰ ਸਜ਼ਾ ਦਿੱਤੀ ਅਤੇ ਇਸ ਜਮਾਤ ਨੂੰ ਸਦਾ ਵਾਸਤੇ ਖ਼ਤਮ ਕਰ ਦਿੱਤਾ।

ਮਹਲਾ: ਗੁਰੂ ਗ੍ਰੰਥ ਸਾਹਿਬ ਵਿੱਚ ਮਹਲਾ (ਮਹੱਲਾ ਨਹੀਂ, ਬਲਕਿ ਮਹਿਲਾ) ਲਫ਼ਜ਼ ਗੁਰੂ ਸਾਹਿਬ ਵਾਸਤੇ ਵਰਤਿਆ ਗਿਆ ਹੈ। ਮਿਸਾਲ ਵਜੋਂ ਜੋ ਸ਼ਬਦ ਗੁਰੂ ਨਾਨਕ ਸਾਹਿਬ ਦੁਆਰਾ ਰਚੇ ਗਏ ਹਨ ਮਹਲਾ ਪਹਿਲਾ ਦੇ ਸਿਰਲੇਖ ਹੇਠ ਹਨ; ਯਾਨਿ ਕਿ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ "ਮਹਲਾ ਪਹਿਲਾ" ਦੀ ਬਾਣੀ, ਗੁਰੂ ਅੰਗਦ ਸਾਹਿਬ ਨੂੰ ਮਹਲਾ ਦੂਜਾ, ਤੇ ਇੰਵ ਹੀ ਬਾਕੀ ਗੁਰੂਆਂ ਦੀ ਬਾਣੀ ਵਾਸਤੇ ਵੀ ਮਹਲਾ ਲਫ਼ਜ਼ ਵਰਤਿਆ ਗਿਆ ਹੈ। ਕਿਸੇ ਵੀ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਆਪਣਾ ਨਾਂ ਨਹੀਂ ਵਰਤਿਆ। ਗੁਰੂ ਨਾਨਕ ਸਾਹਿਬ ਤੋਂ ਬਾਅਦ ਸਾਰੇ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਸਾਹਿਬ ਦਾ ਨਾਂ ਹੀ ਵਰਤਿਆ ਹੈ ਕਿਉਂਕਿ ਸਾਰੇ ਗੁਰੂ ਸਾਹਿਬ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੀ ਜੋਤਿ (ਗਿਆਨ) ਸਮਝਦੇ ਸਨ। ਸਿੱਖ ਅਕੀਦੇ ਮੁਤਾਬਿਕ ਸਾਰੇ ਗੁਰੂ ਸਾਹਿਬਾਂ ਦੇ ਸਰੀਰਾਂ ਵਿਚ ਇੱਕੋ ਜੋਤ (ਗਿਆਨ, ਫ਼ਲਸਫ਼ਾ) ਸੀ। ਗੁਰੂ ਸਾਹਿਬ ਨੇ ਮਹਿਲਾ ਸ਼ਬਦ ਇਸ ਕਰ ਕੇ ਵਰਤਿਆ ਕਿਉਂ ਕਿ ਉਹ ਆਪਣੇ ਆਪ ਨੂੰ ਪ੍ਰਮਾਤਮਾ ਦੀਆਂ ਜੀਵ-ਇਸਤਰੀਆਂ ਮੰਨਦੇ ਸਨ। ਯਾਨਿ, ਸਿਰਫ਼ ਪ੍ਰਮਾਤਮਾ ਹੀ ਮਰਦ (ਪੁਰਸ਼) ਹੈ ਬਾਕੀ ਸਭ ਔਰਤਾਂ (ਜੀਵ-ਇਸਤਰੀਆਂ) ਹਨ। ਦੂਜੇ ਲਫ਼ਜ਼ਾਂ ਵਿਚ ਰੱਬ ਪੁਲਿੰਗ ਹੈ ਅਤੇ ਆਤਮਾਵਾਂ ਇਸਤਰੀ-ਲਿੰਗ ਹਨ।

ਮਹਾਨ ਕੋਸ਼: ਇਹ ਐਨਸਾਈਕਲੋਪੀਡੀਆ ਭਾਈ ਕਾਨ੍ਹ ਸਿੰਘ ਨਾਭਾ ਨੇ 14 ਸਾਲ ਦੀ ਮਿਹਨਤ ਤੋਂ ਬਾਅਦ, 1926 ਵਿੱਚ ਪੂਰਾ ਕੀਤਾ ਸੀ ਤੇ ਇਸ ਦੀ ਛਪਾਈ 1930 ਵਿਚ ਮੁਕੰਮਲ ਹੋਈ ਸੀ। ਇਸ ਦੀ ਪਹਿਲੀ ਅਡੀਸ਼ਨ ਦੇ 800 ਸਫ਼ੇ ਸਨ। ਮਗਰੋਂ ਇਸ ਨੂੰ 'ਭਾਸ਼ਾ ਵਿਭਾਗ' ਨੇ 1247 ਸਫ਼ਿਆਂ ਵਿਚ ਛਾਪਿਆ ਸੀ। ਇਸ ਐਨਸਾਈਕਲੋਪੀਡੀਆ ਵਿਚ ਸਿੱਖ ਤਵਾਰੀਖ਼, ਗੁਰੂ ਗ੍ਰੰਥ ਸਾਹਿਬ ਵਿਚ ਆਏ ਲਫ਼ਜ਼, ਭਾਈ ਗੁਰਦਾਸ ਦੀਆਂ ਵਾਰਾਂ ਤੇ ਕਬਿਤ, ਕੁਝ ਖਾਸ ਸਿੱਖਾਂ ਤੇ ਸਿੱਖ ਕੌਮ ਵਾਸਤੇ ਰੋਲ ਅਦਾ ਕਰਨ ਵਾਲਿਆਂ ਦੀਆਂ ਜੀਵਨੀਆਂ, ਸਿੱਖ ਗੁਰਦੁਆਰੇ ਤੇ ਨਗਰ, ਸਿੱਖ ਧਰਮ ਦੇ ਸਿਧਾਂਤਾਂ ਵਗ਼ੈਰਾ ਬਾਰੇ ਬਹੁਤ ਜਾਣਕਾਰੀ ਦਿੱਤੀ ਹੋਈ ਹੈ। ਰੈਫ਼ਰੈਂਸ ਬੁੱਕ ਵਜੋਂ ਸਿੱਖ ਧਰਮ ਅਤੇ ਪੰਜਾਬ ਬਾਰੇ ਅਤੇ ਪੰਜਾਬੀ ਵਿਚ ਇਹ ਪਹਿਲੀ ਰਚਨਾ ਹੈ। ਅਨੇਕਾਂ ਵਿਦਵਾਨਾਂ ਨੇ ਇਸ ਦੀ ਤਿਆਰੀ ਵਿਚ ਵੱਡਾ ਰੋਲ ਅਦਾ ਕੀਤਾ ਸੀ ਤੇ

ਐਂਟਰੀਆਂ ਲਿਖ ਕੇ ਦਿੱਤੀਆਂ ਸਨ।

ਭਾਵੇਂ ਕਿ ਇਸ ਵਿਚ ਸਿਧਾਂਤਕ ਤੇ ਤੱਥਾਂ ਪੱਖੋਂ ਬਹੁਤ ਸਾਰੀਆਂ ਗ਼ਲਤੀਆਂ ਹਨ, ਪਰ ਫਿਰ ਵੀ ਇਸ ਰਚਨਾ ਦੀ ਬਹੁਤ ਜ਼ਿਆਦਾ ਮਹਾਨਤਾ ਹੈ ਅਤੇ ਸਿੱਖ ਇਤਿਹਾਸ ਤੇ ਫ਼ਲਸਫ਼ੇ ਦੇ ਤਕਰੀਬਨ ਹਰ ਵਿਦਿਆਰਥੀ ਨੇ ਇਹ ਕਿਤਾਬ ਕਦੇ ਨਾ ਕਦੇ ਜ਼ਰੂਰ ਵਰਤੀ ਹੈ ਤੇ ਇਸ ਦੇ ਹਵਾਲੇ ਦਿੱਤੇ ਹਨ। 2004 ਵਿਚ ਪੰਜਾਬੀ ਯੂਨੀਵਰਸਿਟੀ ਵੱਲੋਂ ਮਹਾਨ ਕੋਸ਼ ਨੂੰ ਅੰਗਰੇਜ਼ੀ ਵਿਚ ਉਲਥਾਉਣ ਦਾ ਕੰਮ ਵੀ ਕੀਤਾ ਗਿਆ। ਪਰ ਇਸ ਨੂੰ ਬਿਨਾਂ ਸੁਧਾਈ ਤੋਂ ਤੇ ਪੰਜਾਬੀ ਪੈਂਤੀ ਦੇ ਪੈਟਰਨ 'ਤੇ ਕੀਤਾ ਗਿਆ ਜਿਸ ਨੇ ਇਸ ਪਰਾਜੈਕਟ ਨੂੰ ਬੇਮਾਅਨਾ ਕਰ ਦਿੱਤਾ। ਇਸ ਕਲਮ (ਡਾ: ਹਰਜਿੰਦਰ ਸਿੰਘ ਦਿਲਗੀਰ) ਦੀ ਖ਼ਾਹਿਸ਼ ਹੈ ਕਿ ਉਹ ਇਸ ਮਹਾਨ ਕੋਸ਼ ਦੀ ਸੁਧਾਈ ਕਰ ਕੇ ਅਤੇ ਇਸ ਵਿਚ ਵਾਧਾ ਕਰ ਕੇ ਇਸ ਨੂੰ ਨਵੇਂ ਰੂਪ ਵਿਚ ਛਾਪੇ।

ਮਹਾਰਾਜਾ: ਲਫ਼ਜ਼ੀ ਮਾਅਨਾ: ਮਹਾ (ਵੱਡਾ)+ਰਾਜਾ, ਯਾਨਿ ਬਾਦਸ਼ਾਹ, ਸਮਰਾਟ। ਦੁਨੀਆਵੀ ਰਾਜਾ ਉਸ ਨੂੰ ਸਮਝਿਆ ਜਾਂਦਾ ਹੈ ਜੋ ਇਕ ਦੇਸ਼ ਦਾ ਮਾਲਿਕ ਹੁੰਦਾ ਹੈ। ਉਹ ਦੂਜਿਆਂ ਨੂੰ ਹੁਕਮ ਦੇਂਦਾ/ ਦੇ ਸਕਦਾ ਹੈ ਅਤੇ ਬਾਕੀ ਉਸ ਦੇ ਹੁਕਮ ਦੀ ਪਾਲਣਾ ਕਰਦੇ ਹਨ। ਅਜਿਹਾ ਨਿਜ਼ਾਮ ਸਿੱਖ ਸਿਆਸੀ ਫ਼ਲਸਫ਼ੇ ਵਿਚ ਮਨਜ਼ੂਰ ਨਹੀਂ ਹੈ। ਸਿੱਖ ਫ਼ਲਸਫ਼ੇ ਵਿਚ ਬਾਦਸ਼ਾਹ/ਸਮਰਾਟ ਦਾ ਕੋਈ ਅਹੁਦਾ ਨਹੀਂ। ਸਿੱਖ ਧਰਮ, ਇਕ ਇਨਸਾਨ ਵੱਲੋਂ ਦੂਜੇ ਇਨਸਾਨਾਂ ਦੇ ਮਨ ਅਤੇ ਸਰੀਰ ਉੱਤੇ ਹਕੂਮਤ ਕਰਨ ਨੂੰ ਰੱਦ ਕਰਦਾ ਹੈ। ਜਿਵੇਂ ਕਿ ਖਾਲਸਾ ਦਾ ਤਾਂ ਮਾਅਨਾ ਹੀ ਹੈ: ਖ਼ੁਦ-ਮੁਖ਼ਤਿਆਰ, ਯਾਨਿ ਖਾਲਸਾ ਆਪ ਮਾਲਿਕ/ਮੁਖੀ/ਹਾਕਮ ਹੈ ਤੇ ਕੋਈ ਵੀ ਖਾਲਸੇ ਉੱਤੇ ਰਾਜ ਨਹੀਂ ਕਰ ਸਕਦਾ। ਯਾਨਿ ਸਿੱਖ ਧਰਮ ਹਰੇਕ ਇਨਸਾਨ ਦੀ ਖ਼ੁਦਮੁਖ਼ਤਿਆਰ ਹਸਤੀ ਨੂੰ ਕਬੂਲ ਕਰਦਾ ਹੈ। ਸਿੱਖ ਫ਼ਿਲਾਸਫ਼ੀ ਮੁਤਾਬਿਕ ਸਿਰਫ਼ ਰੱਬ ਹੀ ਅਸਲ ਰਾਜਾ (ਰਾਜਿਆਂ ਦਾ ਰਾਜਾ) ਹੈ, ਉਹੀ ਇੱਕੋ-ਇਕ ਮਾਲਿਕ ਹੈ। ਗੁਰਬਾਣੀ ਵਿਚ ਸੁਲਤਾਨ ਲਫ਼ਜ਼ ਦਾ ਮਾਅਨਾ ਦੁਨਿਆਵੀ ਰਾਜਾ/ਮਹਾਰਾਜਾ ਨਹੀਂ ਬਲਕਿ ਨਾਜ਼ਮ (ਇੰਤਜ਼ਾਮ ਕਰਨ ਵਾਲਾ) ਹੈ।

ਮਹਿਮਾ ਪ੍ਰਕਾਸ਼: ਮਹਿਮਾ ਪ੍ਰਕਾਸ਼ ਸਿੱਖ ਤਵਾਰੀਖ਼ ਦੀ ਇਕ ਕਿਤਾਬ ਹੈ, ਜੋ ਗੁਰੂ ਅਮਰ ਦਾਸ ਸਾਹਿਬ ਦੀ ਕੁਲ ਦੇ, ਸਰੂਪ ਦਾਸ ਭੱਲਾ ਨੇ 1773 ਵਿਚ ਲਿਖੀ ਸੀ। 1840 ਵਿਚ, ਕਵੀ ਬੁਧ ਸਿੰਘ ਨੇ ਇਸ ਨੂੰ ਕਵਿਤਾ ਵਿਚ ਲਿਖਿਆ ਸੀ। ਤਕਰੀਬਨ ਸਾਰੇ ਲੇਖਕਾਂ ਨੇ ਇਸ ਕਵਿਤਾ ਵਾਲੀ ਰਚਨਾ ਵਿਚੋਂ ਹੀ ਹਵਾਲੇ ਦਿੱਤੇ ਹਨ (ਵਾਰਤਕ ਵਾਲੀ ਵਿਚੋਂ ਨਹੀਂ)। (ਹੁਣ ਵਾਰਤਕ ਵਾਲੀ ਕਿਤਾਬ ਵੀ ਡਾ: ਕੁਲਵਿੰਦਰ ਸਿੰਘ ਬਾਜਵਾ ਨੇ ਸੰਪਾਦਨ ਕਰ ਕੇ ਛਾਪ ਦਿੱਤੀ ਹੈ)। ਇਸ ਕਿਤਾਬ ਵਿਚ ਗੁਰੂ ਨਾਨਕ ਸਾਹਿਬ ਦੇ ਜੀਵਨ ਦਾ ਹਾਲ ਵੇਰਵੇ ਨਾਲ ਪੇਸ਼ ਹੈ ਅਤੇ ਬਾਕੀ ਨੌਂ ਗੁਰੂ ਸਾਹਿਬਾਨ ਅਤੇ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਵੀ ਥੋੜ੍ਹਾ-ਥੋੜ੍ਹਾ ਹਾਲ ਦਿੱਤਾ ਹੋਇਆ ਹੈ। **ਗੁਰੂ ਨਾਨਕ ਸਾਹਿਬ ਦੇ ਜਨਮ ਦੀ ਤਾਰੀਖ਼ ਕੱਤਕ ਦੀ ਪੂਰਨਮਾਸ਼ੀ ਦੀ ਥਾਂ 'ਤੇ ਵਿਸਾਖ ਸੁਦੀ ਤਿੰਨ ਪਹਿਲੀ ਵਾਰ ਇਸੇ ਹੀ ਲੇਖਕ ਨੇ ਕੀਤੀ ਸੀ।** ਭਾਵੇਂ ਇਸ ਰਚਨਾ ਵਿਚ ਅਨੇਕਾਂ ਹੀ ਤੱਥਾਂ ਸਬੰਧੀ ਅਤੇ ਸਿਧਾਂਤਕ ਗ਼ਲਤੀਆਂ ਹਨ, ਫਿਰ ਵੀ ਇਸ ਦੀ ਵਰਤੋਂ ਬਹੁਤ ਹੋਈ ਹੈ। ਇਸ ਕਿਤਾਬ ਨੂੰ ਚੌਕਸੀ ਨਾਲ ਪੜ੍ਹਨਾ

ਚਾਹੀਦਾ ਹੈ। ਇਸ ਪਰਿਵਾਰ ਦੇ ਇਕ ਹੋਰ ਮੈਂਬਰ, ਕਿਰਪਾਲ ਸਿੰਘ ਭੱਲਾ, ਨੇ ਵੀ ਇਸੇ ਹੀ ਨਾਂ ਦੀ ਇੱਕ ਕਿਤਾਬ ਲਿਖੀ ਹੈ।

ਮਕਲਾਊਡ, ਡਬਲਿਊ ਐੱਚ: ਹਿਊ ਮਕਲਾਊਡ ਇਕ ਇਸਾਈ ਮਿਸ਼ਨਰੀ ਸੀ, ਜਿਸ ਨੇ ਬੇਰਿੰਗ ਯੂਨੀਅਨ ਕ੍ਰਿਸਚਿਅਨ ਕਾਲਜ ਬਟਾਲਾ ਵਿਚ ਲੈਕਚਰਾਰ ਵਜੋਂ ਕਈ ਸਾਲ ਕੰਮ ਕੀਤਾ। ਬਾਅਦ ਵਿਚ ਉਹ ਨਿਊਜ਼ੀਲੈਂਡ ਚਲਾ ਗਿਆ। ਉਹ ਕੁਝ ਸਮਾਂ ਟਰਾਂਟੋ (ਕੈਨੇਡਾ) ਵਿਚ ਵੀ ਰਿਹਾ। ਮਕਲਾਊਡ ਨੂੰ ਉਨ੍ਹਾਂ ਲਿਖਾਰੀਆਂ ਦੇ ਗਰੁਪ ਦਾ ਮੁਖੀ ਮੰਨਿਆ ਜਾਂਦਾ ਹੈ ਜੋ ਸਿੱਖ ਇਤਿਹਾਸ, ਫ਼ਿਲਾਸਫ਼ੀ ਅਤੇ ਕਲਚਰ ਨੂੰ ਤੋੜ ਮਰੋੜ ਕੇ/ਗਲਤ ਢੰਗ ਨਾਲ ਪੇਸ਼ ਕਰਦੇ ਹਨ। ਇਸ ਗਰੁਪ ਨੂੰ 'ਸਿੱਖ ਵਿਰੋਧੀ ਸਕੂਲ' (ਅਨਟੀ -ਸ਼ਕਿਹਸਿਮ ਸ਼ਚਹੋਲ) ਕਿਹਾ ਜਾਂਦਾ ਹੈ । ਇਸ ਧੜੇ ਦੇ ਹੋਰ ਮੈਂਬਰ/ ਹਿਮਾਇਤੀ ਇਹ ਹਨ: ਜੇ. ਐੱਸ. ਗਰੇਵਾਲ, ਹਰਜੋਤ ਉਬਰਾਏ, ਪਿਸ਼ੌਰਾ ਸਿੰਘ, ਗੁਰਿੰਦਰ ਮਾਨ, ਸੁਰਜੀਤ ਹਾਂਸ, ਅਮਰਜੀਤ ਗਰੇਵਾਲ, ਆਈ.ਜੇ.ਸਿੰਘ (ਨਿਊ ਯਾਰਕ, ਅਮਰੀਕਾ), ਦਰਸ਼ਨ ਸਿੰਘ ਤਾਤਲਾ (ਇੰਗਲੈਂਡ), ਲੂਈ ਫ਼ਿਨਕ ਵਗ਼ੈਰਾ। ਪ੍ਰੋ: ਹਰਬੰਸ ਸਿੰਘ ਦੀ ਧੀ ਨਿੱਕੀ ਗੁਨਿੰਦਰ, ਜਿਸ ਨੂੰ ਪਹਿਲਾਂ ਇਹ ਲੋਕ ਰੱਦ ਕਰਦੇ ਹੁੰਦੇ ਸੀ, ਜਦੋਂ ਉਸ ਨੇ ਸਿੱਖ ਪਤੀ ਨੂੰ ਤਲਾਕ ਦੇ ਕੇ ਇਕ ਈਸਾਈ ਗੋਰੇ ਨਾਲ ਵਿਆਹ ਕੀਤਾ ਤਾਂ ਇਸ ਗਰੁਪ ਨੇ ਉਸ ਨੂੰ ਵੀ ਆਪਣੇ ਸਾਥੀਆਂ ਵਿਚ ਸ਼ਾਮਿਲ ਕਰ ਲਿਆ।

ਸਿੱਖ ਧਰਮ ਦੇ ਸਾਰੇ ਵਿਰੋਧੀ ਮਕਲਾਊਡ ਨੂੰ ਪੂਰਾ ਮਿਲਵਰਤਣ ਦੇਂਦੇ ਸਨ (ਜੁਲਾਈ 2009 ਵਿਚ ਉਸ ਦੀ ਮੌਤ ਹੋ ਗਈ)। ਇਸ ਗਰੁਪ ਦੇ ਸਾਰੇ ਮੈਂਬਰਾਂ ਨੇ ਸਿੱਖਾਂ ਦੇ ਵਿਰੁੱਧ ਬਹੁਤ ਸਾਰੀਆਂ ਕਿਤਾਬਾਂ ਵੀ ਲਿਖੀਆਂ ਹਨ। ਆਕਸਫ਼ੋਰਡ ਯੂਨੀਵਰਸਿਟੀ ਪ੍ਰੈਸ ਅਤੇ ਕੇਂਬਰਿਜ ਯੂਨੀਵਰਸਿਟੀ ਪ੍ਰੈਸ ਦੇ ਕੁਝ ਐਡੀਟਰ ਵੀ ਇਸ ਗਰੁਪ ਦਾ ਪੂਰਾ ਸਾਥ ਦਿੰਦੇ ਹਨ। ਇਨ੍ਹਾਂ ਦੀਆਂ ਸਾਰੀਆਂ ਲਿਖਤਾਂ ਉਪਰ ਦਿੱਤੀਆਂ ਯੂਨੀਵਰਸਿਟੀਆਂ ਅਤੇ ਪੈਂਗੁਇਨ ਸਣੇ ਕੁਝ ਪਬਲਿਸ਼ਰਾਂ ਵੱਲੋਂ ਉਚੇਚੇ ਤੌਰ 'ਤੇ ਛਾਪੀਆਂ ਜਾਂਦੀਆਂ ਹਨ। ਹਾਲਾਂ ਕਿ ਇਨ੍ਹਾਂ ਲਿਖਤਾਂ ਦੀ ਅਕਾਦਮਿਕ ਜਾਂ ਵਪਾਰਕ ਕੀਮਤ ਕੁਝ ਵੀ ਨਹੀਂ ਹੁੰਦੀ, ਪਰ ਕਿਉਂਕਿ ਇਹ ਲਿਖਤਾਂ ਸਿੱਖ ਧਰਮ ਤੇ ਤਵਾਰੀਖ਼ ਨੂੰ ਵਿਗਾੜਨ ਲਈ ਹੀ ਲਿਖੀਆਂ ਜਾਂਦੀਆਂ ਹਨ, ਇਸ ਕਰ ਕੇ ਇਹ ਸਾਰੀਆਂ ਲਿਖਤਾਂ ਛਪ ਜਾਂਦੀਆਂ ਹਨ ਤੇ ਫਿਰ ਇਨ੍ਹਾਂ ਦੇ ਏਜੰਟ ਇਨ੍ਹਾਂ ਲਿਖਤਾਂ ਨੂੰ ਲਾਇਬਰੇਰੀਆਂ ਵਿਚ ਵੀ ਪਹੁੰਚਾਉਂਦੇ ਹਨ ਤੇ ਇਨ੍ਹਾਂ ਨੂੰ ਪਰਚਾਰਦੇ ਵੀ ਹਨ। ਭਾਰਤ ਵਿਚਲੇ ਸਿੱਖ ਵਿਰੋਧੀ ਫ਼ਿਰਕੂ ਹਿੰਦੂ ਆਗੂ ਤੇ ਲੇਖਕ ਵੀ ਇਨ੍ਹਾਂ ਦਾ ਪੂਰੀ ਸਰਪਰਸਤੀ ਦੇਂਦੇ ਹਨ। ਈਸਾਈ ਮਿਸ਼ਨਰੀਆਂ ਅਤੇ ਭਾਰਤੀ ਖ਼ੁਫ਼ੀਆ ਏਜੰਸੀਆਂ ਦੀ ਲਾਇਬਰੇਰੀਆਂ ਨੂੰ ਅਣਲਿਖਤ ਹਦਾਇਤ ਹੈ ਕਿ ਹਰ ਲਾਇਬਰੇਰੀ ਵਿਚ ਇਨ੍ਹਾਂ ਦੀਆਂ ਕਿਤਾਬਾਂ ਜ਼ਰੂਰ ਰੱਖੀਆਂ ਜਾਣ। ਇਨ੍ਹਾਂ ਦੀਆਂ ਦੇਖੋ: **ਐਂਟੀ-ਸਿੱਖ ਸਕੂਲ**।

ਮਤ/ਮਤਿ: ਮਤ ਦੀ ਜੜ੍ਹ 'ਮਤਿ' ਵਿਚ ਹੈ ਜਿਸ ਦਾ ਮਾਅਨਾ ਹੈ: ਅਕਲ, ਬੁੱਧੀ। ਸਿੱਖ ਫ਼ਲਸਫ਼ੇ ਵਿਚ ਇਸ ਦਾ ਮਾਅਨਾ ਹੈ: ਸਲਾਹ, ਹਦਾਇਤ, ਸਿਖਿਆ। ਗੁਰਮਤਾ ਲਫ਼ਜ਼ ਦੀ ਜੜ੍ਹ ਵੀ ਮਤਿ ਲਫ਼ਜ਼ ਵਿਚ ਹੈ (ਗੁਰਮਤਿ = ਗੁਰੂ ਦੀ ਮੱਤ)। (ਵੇਖੋ: **ਮੱਤਾਂ, ਗੁਰਮਤਾ**)। ਸਿੱਖ ਦਾ ਫ਼ਰਜ਼ ਹੈ ਕਿ ਉਹ ਆਪਣਾ ਜੀਵਨ ਗੁਰੂ ਦੀ ਮਤਿ (ਗੁਰਮਤਿ) ਮੁਤਾਬਿਕ ਜੀਵੇ। ਇੱਕ ਸਿੱਖ ਨੂੰ ਕੋਈ ਵੀ ਕੰਮ ਕਰਨ ਤੋਂ ਪਹਿਲਾਂ,

ਉਸ ਕੰਮ ਸਬੰਧੀ, ਗੁਰੂ ਦੀ ਮਤ (ਸਿਖਿਆ) ਨੂੰ ਸਮਝਣਾ ਜ਼ਰੂਰੀ ਹੈ:

ਗੁਰ ਕੀ ਮਤਿ ਤੂੰ ਲੇਹਿ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥ ਹਰਿ ਕੀ ਭਗਤਿ ਕਰਹੁ ਮਨ ਮੀਤ॥ ਨਿਰਮਲ ਹੋਇ ਤੁਮਾਰੋ ਚੀਤ॥ ਚਰਨ ਕਮਲ ਰਾਖਹੁ ਮਨ ਮਾਹਿ॥ ਜਨਮ ਜਨਮ ਕੇ ਕਿਲਬਿਖ ਜਾਹਿ॥ ਆਪਿ ਜਪਹੁ ਅਵਰਾ ਨਾਮੁ ਜਪਾਵਹੁ॥ ਸੁਨਤ ਕਹਤ ਰਹਤ ਗਤਿ ਪਾਵਹੁ॥ ਸਾਰ ਭੂਤ ਸਤਿ ਹਰਿ ਕੋ ਨਾਉ॥ ਸਹਜਿ ਸੁਭਾਇ ਨਾਨਕ ਗੁਨ ਗਾਉ॥ (ਸਫ਼ਾ 288-89)

ਮਤਾ: ਮਤਾ ਲਫ਼ਜ਼ ਮਤ/ਮਤਿ ਤੋਂ ਬਣਿਆ ਹੈ, ਜਿਸ ਦਾ ਮਾਅਨਾ ਹੈ: ਅਕਲ, ਬੁੱਧੀ। ਮਤਾ ਦਾ ਲਫ਼ਜ਼ੀ ਮਾਅਨਾ ਹੈ: ਕੁਝ ਜਣਿਆਂ ਦੀ ਸਾਂਝੀ ਸਲਾਹ, ਸਾਂਝਾ ਫ਼ੈਸਲਾ, ਯਾਨਿ ਆਪਸ ਵਿਚ ਵਿਚਾਰ ਕਰ ਕੇ ਕਿਸੇ ਇਕ ਨਤੀਜੇ/ਫ਼ੈਸਲੇ 'ਤੇ ਪੁੱਜਣਾ। ਸਿੱਖ ਪੰਥ ਦੇ ਉਹ ਫ਼ੈਸਲੇ ਜੋ ਸਾਰੀ ਸਿੱਖ ਕੌਮ ਨਾਲ ਸਬੰਧਤ ਹੁੰਦੇ ਹਨ ਉਨ੍ਹਾਂ ਨੂੰ ਗੁਰਮਤਾ ਕਿਹਾ ਜਾਂਦਾ ਹੈ ਤੇ ਜੋ ਫ਼ੈਸਲਾ ਸਾਰੀ ਕੌਮ ਦੀ ਬਜਾਇ ਕਿਸੇ ਇਕ ਇਲਾਕੇ, ਜਮਾਤ, ਪਾਰਟੀ, ਗਰੁੱਪ, ਬਿਰਾਦਰੀ ਵਗੈਰਾ ਨਾਲ ਸਬੰਧਤ ਹੁੰਦੇ ਹਨ ਉਨ੍ਹਾਂ ਨੂੰ ਸਿਰਫ਼ ਮਤਾ ਕਿਹਾ ਜਾਂਦਾ ਹੈ। ਹੋਰ ਦੇਖੋ: **ਗੁਰਮਤਾ**, **ਹੁਕਮਨਾਮਾ**।

ਮੱਥਾ ਟੇਕਣਾ: ਇਸ ਦਾ ਲਫ਼ਜ਼ੀ ਮਾਅਨਾ ਹੈ: 'ਮੱਥਾ'= ਸਿਰ ਤੇ ਮੂੰਹ ਦੇ ਵਿਚਕਾਰਲਾ ਹਿੱਸਾ; ਅਤੇ 'ਟੇਕਣਾ'= ਫਰਸ਼/ਜ਼ਮੀਨ ਦੇ ਨਾਲ ਉਸ ਨੂੰ ਛੁਹਾਉਣਾ। ਇਸ ਦਾ ਮਾਅਨਾ ਹੈ: ਆਪਣੀ ਬੁੱਧ ਨੂੰ ਕਿਸੇ ਦੇ ਕਦਮਾਂ ਵਿਚ ਪੇਸ਼ ਕਰਨਾ, ਯਾਨਿ ਉਸ ਦੀਆਂ ਹਦਾਇਤਾਂ ਕਬੂਲ ਕਰਨਾ। ਸਿੱਖੀ ਵਿਚ ਮੱਥਾ ਟੇਕਣਾ ਦਾ ਮਤਲਬ ਹੈ: ਗੁਰੂ ਗ੍ਰੰਥ ਸਾਹਿਬ ਵਾਸਤੇ ਅਦਬ, ਇੱਜ਼ਤ ਪੇਸ਼ ਕਰਨਾ ਤੇ ਉਸ ਦੀ ਸਿਖਿਆ 'ਤੇ ਅਮਲ ਕਰਨਾ। ਮੱਥਾ ਟੇਕਣ ਵਾਸਤੇ ਮੱਥੇ ਨੂੰ ਫਰਸ਼ ਨਾਲ ਛੁਹਾਇਆ ਜਾਂਦਾ ਹੈ ਤੇ ਇੰਞ ਕਰਨ ਵੇਲੇ, ਆਪਣੀ ਸੌਖ ਲਈ, ਆਪਣੇ ਹੱਥਾਂ ਦੀਆਂ ਦੋਵੇ ਤਲੀਆਂ ਨੂੰ ਫਰਸ਼ ਤੇ ਰੱਖਿਆ ਜਾਂਦਾ ਹੈ। ਇਸ ਸਬੰਧੀ ਦੂਜੀ ਰਿਵਾਇਤ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਬੈਠ ਕੇ ਇੱਕ ਗੋਡੇ ਨੂੰ ਫਰਸ਼ ਨਾਲ ਲਾਇਆ ਜਾਂਦਾ ਹੈ ਅਤੇ ਦੂਜੇ ਗੋਡੇ ਨੂੰ ਸਿੱਧੀ ਹਾਲਤ ਵਿਚ ਰੱਖ ਕੇ ਬੀਰ ਆਸਣ ਵਿਚ ਸਿਰ ਝੁਕਾਇਆ ਜਾਂਦਾ ਹੈ। ਖੰਡੇ ਦੀ ਪਾਹੁਲ ਲੈਣ ਸਮੇਂ ਵੀ ਬੀਰ ਆਸਣ ਵਿਚ ਬੈਠਣ ਦਾ ਮਤਲਬ 'ਮੱਥਾ ਟੇਕਣਾ' ਹੀ ਹੁੰਦਾ ਹੈ।

ਮਨ: ਵੱਖ-ਵੱਖ ਵਿਦਵਾਨਾਂ ਵੱਲੋਂ (ਇਨਸਾਨੀ) ਮਨ ਨੂੰ ਚੇਤਨਾ/ਆਤਮਾ/ਰੂਹ ਵਜੋਂ ਬਿਆਨ ਕੀਤਾ ਜਾਂਦਾ ਹੈ। ਸੰਸਕ੍ਰਿਤ ਵਿਚ 'ਮਨ' (ਮਨਹ, ਮਨਸ) ਦੇ ਮਾਅਨੇ ਚਿਤ, ਖ਼ਾਹਿਸ਼, ਇਰਾਦਾ, ਸਮਝ, ਅਕਲ, ਚੇਤਾ, ਖਿਆਲ ਵੀ ਹਨ। ਸਿੱਖ ਫ਼ਲਸਫ਼ੇ ਮੁਤਾਬਿਕ, ਮਨ, ਆਤਮਾ ਅਤੇ ਚੇਤਨਾ ਦਾ ਮੇਲ ਹੈ। ਇਹ ਮਨ ਇਨਸਾਨ ਨੂੰ (ਸਹੀ ਜਾ ਗ਼ਲਤ) ਕੰਮ ਕਰਨ ਦੇ ਰਾਹ ਦਿਖਾਉਂਦਾ ਹੈ ਜਾਂ ਅਗਵਾਈ ਕਰਦਾ ਹੈ।

*ਠਠਾ **ਮਨੂਆ ਠਾਹਹਿ ਨਾਹੀ**॥ ਜੋ ਸਗਲ ਤਿਆਗਿ ਏਕਹਿ ਲਪਟਾਹੀ॥ ਠਹਕਿ ਠਹਕਿ ਮਾਇਆ ਸੰਗਿ ਮੂਏ॥ ਉਆ ਕੈ ਕੁਸਲ ਨ ਕਤਹੂ ਹੂਏ॥ ਠਾਂਢਿ ਪਰੀ ਸੰਤਹ ਸੰਗਿ ਬਸਿਆ॥ ਅੰਮ੍ਰਿਤ ਨਾਮੁ ਤਹਾ ਜੀਅ ਰਸਿਆ॥ ਠਾਕੁਰ ਅਪੁਨੇ ਜੋ ਜਨੁ ਭਾਇਆ॥ ਨਾਨਕ ਉਆ ਕਾ ਮਨੁ ਸੀਤਲਾਇਆ॥ (ਸਫ਼ਾ 256)*

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥ ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ॥ ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ॥ ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ॥ ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ॥ (ਸਫ਼ਾ 441)

ਮਨ ਇਕ ਬੇਮੁਹਾਰੇ ਹਾਥੀ ਵਾਂਗ ਹੈ ਤੇ ਗੁਰੂ 'ਅੰਕਸ' ਵਾਂਗ ਹੈ ਜੋ ਉਸ ਨੂਮ ਸਹੀ ਰਸਤੇ 'ਤੇ ਤੋਰਦਾ ਹੈ:

ਮਨੁ ਕੁੰਚਰੁ ਕਾਇਆ ਉਦਿਆਨੈ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ॥ ਰਾਜ ਦੁਆਰੈ ਸੋਭ ਸੁ ਮਾਨੈ॥ (ਸਫ਼ਾ 221)

ਪਰ ਕਈ ਵਾਰ ਇਨਸਾਨ ਦਾ ਮਨ ਵੀ ਊਠ (ਪਸ਼ੂਆਂ) ਵਾਂਗ ਬੇਮੁਹਾਰਾ ਹੋ ਜਾਂਦਾ ਹੈ ਤੇ ਇਸ ਨੂੰ ਰੱਬ ਦੇ ਨਾਂ ਵਿਚ ਲਿਵ ਜੋੜ ਕੇ ਸਿਧਾਣਾ ਪੈਂਦਾ ਹੈ:

ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ॥ ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ॥ ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ॥ ਰਹਾਉ॥ ਮਨ ਕਰਹਲਾ ਵੀਚਾਰੀਆ ਹਰਿ ਰਾਮ ਨਾਮੁ ਧਿਆਇ॥ ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ॥ ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ॥ ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ॥ ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ॥ ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ॥ ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ ਲਿਵ ਲਾਇ॥ ਘਰੁ ਜਾਇ ਪਾਵਹਿ ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ॥ ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ॥ ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ॥ ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥ ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ॥ ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ॥ ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ॥ ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ ॥ ਹਰਿ ਦਰਗਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ॥ **ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ॥** ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ॥ (ਸਫ਼ਾ 234)

ਹੋਰ ਦੇਖੋ: **ਆਤਮਾ/ਆਤਮਾਂ, ਜੀਵ।**

ਮਨਸਾ: ਇਸ ਲਫ਼ਜ਼ ਦੀ ਜੜ੍ਹ 'ਮਨਸ' ਵਿਚ ਹੈ ਤੇ ਮਨਸਾ ਦਾ ਮਾਅਨਾ ਹੈ: ਮਨ ਦੀ ਇੱਛਾ (ਖ਼ਾਹਿਸ਼/ਇਰਾਦਾ,ਸੰਕਲਪ)। ਇਹ ਮਨਸਾ ਹੈ, ਜੋ ਆਸ (ਆਸ਼ਾ) ਨੂੰ ਜਨਮ ਦੇਂਦੀ ਹੈ। ਗੁਰਬਾਣੀ ਵਿਚ, ਆਸਾ ਅਤੇ ਮਨਸਾ ਲਫ਼ਜ਼ ਆਮ ਤੌਰ ਤੇ ਇਕੱਠੇ ਹੀ ਵਰਤੇ ਗਏ ਹਨ। ਇਹ ਲਫ਼ਜ਼ ਆਮ ਤੌਰ 'ਤੇ ਇਨਸਾਨ ਦੀਆਂ ਉਨ੍ਹਾਂ ਖ਼ਾਹਸ਼ਾਵਾਂ, ਜੋ ਹੋਰ ਜ਼ਿਆਦਾ ਦੌਲਤ/ਤਾਕਤ/ਸੁਖ/ਸਹੂਲਤਾਂ ਹਾਸਿਲ ਕਰਨ ਸਬੰਧੀ ਹੁੰਦੀਆਂ ਹਨ, ਬਾਰੇ ਹਵਾਲੇ ਦੇਣ ਲਈ ਵਰਤੇ ਜਾਂਦੇ ਹਨ। ਪਰ ਜੇ ਕਰ ਕਿਸੇ ਦੀ ਖ਼ਾਹਿਸ਼ ਆਪੇ ਦੀ ਪਛਾਣ ਕਰਨ ਦੀ ਜਾਂ ਰੱਬ ਦੇ ਨੇੜੇ ਹੋਣ ਦੀ ਹੈ ਤਾਂ ਫਿਰ ਆਸਾ-ਮਨਸਾ ਇਕ ਜਮ੍ਹਾ ਵਾਲੀ ਸੋਚ ਹੈ। ਸਿੱਖ ਦੁਨਿਆਵੀ ਖ਼ਾਹਿਸ਼ਾਵਾਂ ਨੂੰ ਤਿਆਗਣ ਦੀ ਆਸਾ-ਮਨਸਾ ਕਰਦਾ ਹੈ, ਨਾ ਕਿ ਇਨ੍ਹਾਂ ਨੂੰ ਹੋਰ-ਹੋਰ ਹਾਸਿਲ ਕਰਨ ਦੀ।

ਗੁਰਮੁਖਿ ਤੋਲਿ ਤੁੋਲਾਇਸੀ ਸਚੁ ਤਰਾਜੀ ਤੋਲੁ॥ ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ

ਬੋਲੁ॥ ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ॥ (ਸਫ਼ਾ 59)

ਆਸਾ ਮਨਸਾ ਜਗਿ ਮੋਹਣੀ ਜਿਨਿ ਮੋਹਿਆ ਸੰਸਾਰੁ॥ ਸਭੁ ਕੋ ਜਮ ਕੇ ਚੀਰੇ ਵਿਚਿ ਹੈ ਜੇਤਾ ਸਭੁ ਆਕਾਰੁ॥ ਹੁਕਮੀ ਹੀ ਜਮੁ ਲਗਦਾ ਸੋ ਉਬਰੈ ਜਿਸੁ ਬਖਸੈ ਕਰਤਾਰੁ॥ ਨਾਨਕ ਗੁਰ ਪਰਸਾਦੀ ਏਹੁ ਮਨੁ ਤਾਂ ਤਰੈ ਜਾ ਛੋਡੈ ਅਹੰਕਾਰੁ॥ ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰੁ॥ (ਸਫ਼ਾ 851)

ਆਸਾ ਮਨਸਾ ਸਬਦਿ ਜਲਾਏ॥ ਰਾਮ ਨਰਾਇਣੁ ਕਹੈ ਕਹਾਏ॥ ਗੁਰ ਤੇ ਵਾਟ ਮਹਲੁ ਘਰੁ ਪਾਏ॥ (ਸਫ਼ਾ 413)

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥ ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥ (ਸਫ਼ਾ 633)

ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ॥ ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ॥ ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ॥
(ਸਫ਼ਾ 635)

ਮਨਮੁਖ: ਇਸ ਦਾ ਲਫ਼ਜ਼ੀ ਮਾਅਨਾ ਹੈ: ਉਹ ਇਨਸਾਨ ਜਿਸ ਦਾ ਮੂੰਹ (ਮੁੱਖ) ਆਪਣੇ ਮਨ ਵੱਲ ਹੁੰਦਾ ਹੈ, ਯਾਨਿ ਉਹ ਜੋ ਆਪਣੇ ਮਨ ਪਿੱਛੇ ਲੱਗ ਜਾਂਦਾ ਹੈ। ਸਿੱਖ ਬੋਲੀ ਵਿਚ ਇਸ ਦਾ ਮਾਅਨਾ ਉਹ ਸ਼ਖ਼ਸ ਹੈ ਜੋ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਮੁਤਾਬਿਕ ਆਪਣੀ ਜ਼ਿੰਦਗੀ ਨਹੀਂ ਜਿਊਂਦਾ। ਮਨਮੁਖ ਉਹ ਇਨਸਾਨ ਹੈ, ਜੋ ਆਪਣੀਆਂ ਖ਼ਾਹਿਸ਼ਾਂ ਪਿੱਛੇ ਲੱਗਦਾ ਹੈ, ਧਾਰਮਿਕ ਸੋਚ ਵਾਲਾ ਨਹੀਂ ਹੁੰਦਾ, ਉਸ ਦਾ ਧਿਆਨ ਸਿਰਫ਼ ਆਪਣੇ-ਆਪ ਵਿਚ ਹੀ ਹੁੰਦਾ ਹੈ ਅਤੇ ਰੂਹਾਨੀਅਤ ਦੇ ਰਸਤੇ ਤੋਂ ਦੂਰ/ਪਰ੍ਹੇ ਹੁੰਦਾ ਹੈ। ਮਨਮੁੱਖ ਬੁਰੇ ਕੰਮ ਕਰਦਾ ਹੈ, ਉਹ ਖ਼ੁਦਗਰਜ਼, ਲਾਲਚੀ, ਵਿਕਾਰੀ, ਮਾੜੀ ਸੋਚ ਵਾਲਾ ਅਤੇ ਝੂਠਾ ਹੁੰਦਾ ਹੈ। ਮਨਮੁੱਖ ਹਮੇਸ਼ਾਂ ਜ਼ਿੰਦਗੀ, ਮੌਤ ਤੇ ਮੌਤ ਤੋਂ ਮਗਰੋਂ ਦੀ ਅਖੌਤੀ ਦੁਨੀਆਂ (ਅਖੌਤੀ ਸਵਰਗ/ਨਰਕ ਅਤੇ ਦੁਬਾਰਾ ਜਨਮ ਵਗੈਰਾ) ਦੇ ਡਰ ਵਿਚ ਰਹਿੰਦਾ ਹੈ। ਮਨਮੁੱਖ ਗੁਰਮੁੱਖ ਦੇ ਬਿਲਕੁਲ ਉਲਟ ਜੀਵ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਹੀ ਤੁਕਾਂ ਹਨ ਜੋ ਮਨਮੁੱਖ ਦੀ ਬੁਰੀ ਹਾਲਤ ਨੂੰ ਦਰਸਾਉਂਦੀਆਂ ਹਨ ਤੇ ਇਸ ਵਿਚੋਂ ਨਿਕਲਣ ਵਾਸਤੇ ਗੁਰੂ ਦੀ ਸਿਖਿਆ ਲੈਣ ਅਤੇ ਉਸ 'ਤੇ ਅਮਲ ਕਰਨ ਵਾਸਤੇ ਦਸਦੀਆਂ ਹਨ:

__ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ॥__ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ॥ ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ॥ (ਸਫ਼ਾ 116)

ਇਕਨਾ ਮਰਣੁ ਨ ਚਿਤਿ, ਆਸ ਘਣੇਰਿਆ॥ ਮਰਿ ਮਰਿ ਜੰਮਹਿ ਨਿਤ, ਕਿਸੈ ਨ ਕੇਰਿਆ॥ ਆਪਨੜੈ ਮਨਿ ਚਿਤਿ, ਕਹਨਿ ਚੰਗੇਰਿਆ॥ ਜਮ ਰਾਜੇ ਨਿਤ ਨਿਤ, ਮਨਮੁਖ ਹੇਰਿਆ॥ __ਮਨਮੁਖ ਲੂਣ ਹਾਰਾਮ, ਕਿਆ ਨ ਜਾਣਿਆ॥__ ਬਧੇ ਕਰਨਿ ਸਲਾਮ, ਖਸਮ ਨ ਭਾਣਿਆ॥ ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ॥ ਕਰਸਨਿ ਤਖਤਿ ਸਲਾਮੁ, ਲਿਖਿਆ ਪਾਵਸੀ॥
(ਸਫ਼ਾ 143)

__ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ॥__ ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ॥
(ਸਫ਼ਾ 144)

__ਮਨਮੁਖਿ ਕੂੜੁ ਗੁਬਾਰੁ,__ ਕੂੜੁ ਕਮਾਈਐ॥ (ਸਫ਼ਾ 145)

ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ॥ ਦੂਜੈ ਭਾਇ ਆਤਮ ਸੰਘਾਰਹਿ॥ ਮੇਰਾ ਮੇਰਾ ਕਰਿ ਕਰਿ ਵਿਗੂਤਾ॥ ਆਤਮੁ ਨ ਚੀਨੈ ਭਰਮੈ ਵਿਚਿ ਸੂਤਾ॥ ਮਰੁ ਮੁਇਆ ਸਬਦੇ ਮਰਿ ਜਾਇ॥ ਉਸਤਤਿ ਨਿੰਦਾ ਗੁਰਿ ਸਮ ਜਾਣਾਈ ਇਸੁ ਜੁਗ ਮਹਿ ਲਾਹਾ ਹਰਿ ਜਪਿ ਲੈ ਜਾਇ॥ *(ਸਫ਼ਾ 362)*

ਮਨਮੁਖਿ ਝੂਠੋ ਝੂਠੁ ਕਮਾਵੈ॥ ਖਸਮੈ ਕਾ ਮਹਲੁ ਕਦੇ ਨ ਪਾਵੈ॥ ਦੂਜੈ ਲਗੀ ਭਰਮਿ ਭੁਲਾਵੈ॥ ਮਮਤਾ ਬਾਧਾ ਆਵੈ ਜਾਵੈ॥ *(ਸਫ਼ਾ 363)*

ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ॥ ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ॥ ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ॥ ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ॥ ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ॥ ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ॥ *(ਸਫ਼ਾ 419)*

ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਇ॥ ਬਿਨੁ ਹਰਿ ਨਾਮ ਨ ਛੂਟਸੀ ਮਰਿ ਨਰਕ ਸਮਾਇ॥ *(ਸਫ਼ਾ 420)*

ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ॥ ਮਨਮੁਖੁ ਅੰਧੁ ਨ ਚੇਤਈ ਕਿਉ ਦਰਸਨੁ ਪਾਏ॥ ਤਾ ਜਗਿ ਆਇਆ ਜਾਣੀਐ ਸਾਚੈ ਲਿਵ ਲਾਏ॥ ਗੁਰ ਭੇਟੇ ਪਾਰਸੁ ਭਏ ਜੋਤੀ ਜੋਤਿ ਮਿਲਾਏ॥ *(ਸਫ਼ਾ 421)*

ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ॥ ਦੂਜੈ ਭਾਇ ਸਦਾ ਦੁਖੁ ਹੈ ਨਿਤ ਨੀਰੁ ਵਿਰੋਲੈ॥ ਗੁਰਮੁਖਿ ਨਾਮੁ ਧਿਆਈਐ ਮਥਿ ਤਤੁ ਕਢੋਲੈ॥ ਅੰਤਰਿ ਪਰਗਾਸੁ ਘਟਿ ਚਾਨਣਾ ਹਰਿ ਲਧਾ ਟੋਲੈ॥ ਆਪੇ ਭਰਮਿ ਭੁਲਾਇਦਾ ਕਿਛੁ ਕਹਣੁ ਨ ਜਾਈ॥ *(ਸਫ਼ਾ 955)*

ਮਨਮੁਖ ਰੰਗੁ ਕਸੁੰਭੁ ਹੈ ਕਚੂਆ ਜਿਉ ਕੁਸਮ ਚਾਰਿ ਦਿਨ ਚਾਗਾ॥ ਖਿਨ ਮਹਿ ਬਿਨਸਿ ਜਾਇ, ਪਰਤਾਪੈ, ਡੰਡੁ ਧਰਮ ਰਾਇ ਕਾ ਲਾਗਾ॥ *(ਸਫ਼ਾ 985)*

ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ॥ ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ॥ **ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ॥** ਰਾਮ ਨਾਮੁ ਸੁਪਨੈ ਨਹੀ ਚੇਤਿਆ, ਹਰਿ ਸਿਉ ਕਦੇ ਨ ਲਾਗੈ ਪਿਆਰੁ॥ *(ਸਫ਼ਾ 1132)*

ਮਨਮੁਖਿ ਦੂਜਾ ਭਰਮੁ ਹੈ ਦੂਜੈ ਲੋਭਾਇਆ॥ ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ॥ ਪੁਤ੍ਰ ਕਲਤ੍ਰੁ ਮੋਹੁ ਹੇਤੁ ਹੈ ਸਭੁ ਦੁਖੁ ਸਬਾਇਆ॥ ਜਮ ਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ॥ ਮਨਮੁਖਿ ਜਨਮੁ ਗਵਾਇਆ ਨਾਨਕ ਹਰਿ ਭਾਇਆ॥ *(ਸਫ਼ਾ 1238)*

ਮਨਮੁਖ ਨਾਮੁ ਨ ਚੇਤਨੀ ਬਿਨੁ ਨਾਵੈ ਦੁਖ ਰੋਇ॥ ਆਤਮਾ ਰਾਮੁ ਨ ਪੂਜਨੀ ਦੂਜੈ ਕਿਉ ਸੁਖੁ ਹੋਇ॥ ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ॥ ਨਾਨਕ ਬਿਨੁ ਨਾਵੈ ਮੈਲਿਆ ਮੁਏ, ਜਨਮੁ ਪਦਾਰਥੁ ਖੋਇ॥ ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ॥ ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ॥ ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ॥ *(ਸਫ਼ਾ 1415)*

ਆਪੇ ਮੇਲੇ ਦੇ ਵਡਿਆਈ॥ ਗੁਰ ਪਰਸਾਦੀ ਕੀਮਤਿ ਪਾਈ॥ **ਮਨਮੁਖਿ ਬਹੁਤੁ ਫਿਰੈ ਬਿਲਲਾਦੀ ਦੂਜੈ ਭਾਇ ਖੁਆਈ ਹੇ॥** ਹਉਮੈ ਮਾਇਆ ਵਿਚੇ ਪਾਈ॥ ਮਨਮੁਖ ਭੂਲੇ

ਪਤਿ ਗਵਾਈ॥ ਗੁਰਮੁਖਿ ਹੋਵੈ ਸੋ ਨਾਇ ਰਾਚੈ ਸਾਚੈ ਰਹਿਆ ਸਮਾਈ ਹੇ॥ (ਸਫ਼ਾ 1044)

ਮਨ ਮੇਰੇ, ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥ ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥ **ਮਨਮੁਖ ਮੈਲੇ, ਮੈਲੇ ਮੁਏ, ਜਾਸਨਿ ਪਤਿ ਗਵਾਇ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥** ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥ (ਸਫ਼ਾ 39)

ਹੋਰ ਦੇਖੋ: **ਗੁਰਮੁਖ** /੬੭

ਮਾਅਰਫ਼ਤ: ਸੂਫ਼ੀਆਂ ਮੁਤਾਬਿਕ, ਇਹ ਰੂਹਾਨੀ ਵਿਕਾਸ ਦਾ ਤੀਜਾ ਪੜਾਅ ਹੈ (ਚਾਰ ਪੜਾਅ ਹਨ: ਸ਼ਰੀਅਤ, ਤਰੀਕਤ, ਮਾਅਰਫ਼ਤ ਤੇ ਹਕੀਕਤ)। ਮਾਅਰਫ਼ਤ ਲਫ਼ਜ਼ ਦੀ ਜੜ੍ਹ 'ਮਅਰਫ਼ਤ' ਵਿਚ ਹੈ ਜਿਸ ਦਾ ਮਾਅਨਾ ਹੈ: ਪਛਾਣ, ਸ਼ਨਾਖ਼ਤ, ਵਸੀਲਾ, ਸਬਬ, ਜ਼ਰੀਆ, ਰੱਬੀ ਇਲਮ।

ਮਾਇਆ: ਮਾਇਆ ਦਾ ਲਫ਼ਜ਼ੀ ਮਾਅਨਾ ਹੈ: ਅਸਲੀਅਤ ਤੋਂ ਉਲਟ, ਯਾਨਿ ਫ਼ਰੇਬ, ਠੱਗੀ (illusion), ਭਰਮ, ਭੁਲੇਖਾ। ਇਹ ਅਗਿਆਨਤਾ ਚੋਂ ਪੈਦਾ ਹੁੰਦੀ ਹੈ। ਵੇਦਾਂਤ ਮੁਤਾਬਿਕ ਰੱਬ ਤੋਂ ਬਿਨਾਂ ਹਰੇਕ ਚੀਜ਼ ਮਾਇਆ ਹੈ ਅਤੇ ਇਹ ਸਿਰਫ਼ ਭਰਮ ਤੇ ਫ਼ਰੇਬ ਹੈ ਤੇ ਇਸ ਕਰ ਕੇ ਇਹ ਝੂਠੀ ਹੈ। ਇਹ ਤਿੰਨ ਗੁਣਾਂ ਤੋਂ ਪ੍ਰਗਟ ਹੁੰਦੀ ਹੈ: ਰਜੋ (ਤਾਕਤ), ਤਮੋ (ਲਾਲਚ), ਸਤੋ (ਸਚਾਈ)। ਸਿੱਖ ਧਰਮ ਮੁਤਾਬਿਕ ਉਹ ਹਰੇਕ ਚੀਜ਼, ਜੋ ਰੱਬ ਨੇ ਪੈਦਾ ਕੀਤੀ ਹੈ ਸੱਚ ਹੈ ਤੇ ਸਦਾ ਰਹਿਣ ਵਾਲੀ ਹੈ ਕਿਉਂਕਿ ਉਹ ਰੱਬ ਦੀ ਪੈਦਾ ਕੀਤੀ ਹੋਈ ਹੈ ਅਤੇ ਰੱਬ ਉਸ ਵਿਚ ਆਪ ਵਸਦਾ ਹੈ। ਦੂਜੇ ਪਾਸੇ, ਉਹ ਹਰ ਚੀਜ਼ ਜੋ ਇਨਸਾਨ ਨੇ ਬਣਾਈ ਹੈ ਉਹ ਵਕਤੀ ਹੈ ਤੇ ਯਕੀਨਨ ਝੂਠੀ ਹੈ, ਇਸ ਲਈ ਇਹ ਮਾਇਆ ਹੈ। ਸਿੱਖ ਫ਼ਲਸਫ਼ੇ ਮੁਤਾਬਿਕ 'ਮਾਇਆ' ਵੀ ਰੱਬ ਦੀ ਪੈਦਾ ਕੀਤੀ ਹੈ ਤੇ ਇਹ ਉਸ ਦੇ ਹੁਕਮ ਵਿਚ ਹੀ ਹੈ (ਯਾਨਿ ਉਸ ਦੀ ਹੀ ਹੈ) ਤੇ ਉਸ ਤੋਂ ਵੱਖਰਾ ਆਜ਼ਾਦ ਵਜੂਦ ਨਹੀਂ ਰਖਦੀ।

ਮਾਇਆ ਲਫ਼ਜ਼ ਨੂੰ ਧੰਨ, ਦੌਲਤ ਵਾਸਤੇ ਵੀ ਵਰਤਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ, ਮਾਇਆ ਦਾ ਹਵਾਲਾ, ਇਸ ਸੰਸਾਰ ਵਾਸਤੇ ਨਹੀਂ ਦਿੱਤਾ ਗਿਆ, ਬਲਕਿ ਇਹ ਇਕ ਭਰਮ/ਭੁਲੇਖੇ ਵੱਲ ਇਸ਼ਾਰਾ ਹੈ ਜੋ ਇਨਸਾਨ ਨੂੰ ਸੱਚ (ਰੱਬ) ਤੋਂ ਪਰ੍ਹੇ ਲੈ ਜਾਂਦਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਇਹ ਸੰਸਾਰ ਅਤੇ ਸੰਸਾਰ ਦੀ ਹਰੇਕ ਚੀਜ਼ ਸੱਚੀ ਹੈ (ਨਾ ਕਿ ਝੂਠੀ), ਪਰ ਇਹ ਸਾਰੀਆਂ ਚੀਜ਼ਾਂ ਵਕਤੀ, ਮਿਟ ਜਾਣ ਵਾਲੀਆਂ (ਨਾਸ਼ਵਾਨ) ਯਾਨਿ ਥੋੜ੍ਹੇ ਚਿਰ ਲਈ (ਇਕ ਮਿਆਦ ਵਾਸਤੇ) ਹਨ। ਸਿੱਖ ਧਰਮ ਇਸ ਨਾਸ਼ਵਾਨਤਾ ਨੂੰ ਮਾਇਆ ਕਹਿੰਦਾ ਹੈ। ਸੱਚਾ ਜੀਵਨ ਜੀਅ ਕੇ, ਹਉਮੈ ਤੋਂ ਛੁਟਕਾਰਾ ਪਾ ਕੇ ਅਤੇ ਰੱਬ ਨੂੰ ਹਰ ਵੇਲੇ ਮਨ ਵਿਚ ਵਸਾ ਕੇ ਮਾਇਆ ਦੇ ਭਰਮ ਜਾਲ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਜਦੋਂ ਪ੍ਰਮਾਤਮਾ ਆਪਣੀ ਮੇਹਰ ਦੀ ਨਿਗਾਹ ਨਾਲ ਵੇਖਦਾ ਹੈ ਤਾਂ ਇਨਸਾਨ ਦਾ ਜਨਮ ਹੁੰਦਾ ਹੈ। ਜ਼ਿੰਦਗੀ ਵਾਹਿਗੁਰੂ ਦੀ ਮਿਹਰ ਅਤੇ ਬਖ਼ਸ਼ਿਸ਼ ਹੈ। ਪਰ ਜਦੋਂ ਇਨਸਾਨ ਪੈਦਾ ਹੁੰਦਾ ਹੈ, ਉਹ ਰੱਬ ਨੂੰ ਭੁੱਲ ਜਾਂਦਾ ਹੈ ਅਤੇ ਅਖੌਤੀ ਖ਼ੁਸ਼ੀਆਂ, ਲਾਲਚ, ਦੁਨਿਆਵੀ ਸੁੱਖਾਂ ਤੇ ਹਉਮੈ ਨਾਲ ਜ਼ਿਆਦਾ ਜੁੜ ਜਾਂਦਾ ਹੈ। ਬਸ ਇਹੀ ਮਾਇਆ ਦੇ ਅਸਰ ਦੀ ਸ਼ੁਰੂਆਤ ਹੈ। ਰੱਬ ਦੀ ਮਿਹਰ ਮਾਇਆ ਦੇ ਅਸਰ ਹੇਠ ਆਏ, ਮਨਮੁਖ, ਨੂੰ ਮਾਇਆ ਦੇ ਅਸਰ

ਤੋਂ ਆਜ਼ਾਦ ਕਰ ਸਕਦੀ ਹੈ ਤੇ ਉਸ ਨੂੰ 'ਗੁਰਮੁਖ' ਬਣਾ ਸਕਦੀ ਹੈ।

ਰੰਗੀ ਰੰਗੀ ਭਾਤੀ ਕਰਿ ਕਰਿ, ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ, ਜਿਵ ਤਿਸ ਦੀ ਵਡਿਆਈ॥ (ਸਫ਼ਾ 6)

ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ॥ ***ਕਉਨ ਵਡਾ ਮਾਇਆ ਵਡਿਆਈ॥ ਸੋ ਵਡਾ ਜਿਨਿ ਰਾਮ ਲਿਵ ਲਾਈ॥*** (ਸਫ਼ਾ 188)

ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ॥ ***ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ॥*** ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ॥ ਅੰਤਰਿ ਤ੍ਰਿਸਨਾ ਭੁਖ ਹੈ, ਮੂਰਖ ਭੁਖਿਆ ਮੁਏ ਗਵਾਰ॥ (ਸਫ਼ਾ 647)

ਕਵਨ ਕਾਜ ਮਾਇਆ ਵਡਿਆਈ॥ ਜਾ ਕਉ ਬਿਨਸਤ ਬਾਰ ਨ ਕਾਈ॥ ਇਹੁ ਸੁਪਨਾ ਸੋਵਤ ਨਹੀ ਜਾਨੈ॥ ਅਚੇਤ ਬਿਵਸਥਾ ਮਹਿ ਲਪਟਾਨੈ॥ ਮਹਾ ਮੋਹਿ ਮੋਹਿਓ ਗਾਵਾਰਾ॥ ਪੇਖਤ ਪੇਖਤ ਊਠਿ ਸਿਧਾਰਾ॥ ਊਚ ਤੇ ਊਚ ਤਾ ਕਾ ਦਰਬਾਰਾ॥ ਕਈ ਜੰਤ ਬਿਨਾਹਿ ਉਪਾਰਾ॥ ਦੂਸਰ ਹੋਆ ਨਾ ਕੋ ਹੋਈ॥ ਜਪਿ ਨਾਨਕ ਪ੍ਰਭ ਏਕੋ ਸੋਈ॥ (ਸਫ਼ਾ 740)

ਜੈਸੀ ਅਗਨਿ ਉਦਰ ਮਹਿ, ਤੈਸੀ ਬਾਹਰਿ ਮਾਇਆ॥ ਮਾਇਆ ਅਗਨਿ ਸਭ ਇਕੋ ਜੇਹੀ, ਕਰਤੈ ਖੇਲੁ ਰਚਾਇਆ॥ ਜਾ ਤਿਸੁ ਭਾਣਾ ਤਾ ਜੰਮਿਆ, ਪਰਵਾਰਿ ਭਲਾ ਭਾਇਆ॥ ਲਿਵ ਛੁੜਕੀ ਲਗੀ ਤ੍ਰਿਸਨਾ, ***ਮਾਇਆ ਅਮਰੁ ਵਰਤਾਇਆ॥ ਏਹ ਮਾਇਆ, ਜਿਤੁ ਹਰਿ ਵਿਸਰੈ, ਮੋਹੁ ਉਪਜੈ, ਭਾਉ ਦੂਜਾ ਲਾਇਆ॥*** ਕਹੈ ਨਾਨਕੁ, ਗੁਰ ਪਰਸਾਦੀ ਜਿਨਾ ਲਿਵ ਲਾਗੀ, ਤਿਨੀ ***ਵਿਚੇ ਮਾਇਆ ਪਾਇਆ॥*** (ਸਫ਼ਾ 921)

ਦੁਬਿਧਾ ਬਉਰੀ ਮਨੁ ਬਉਰਾਇਆ॥ ਝੂਠੈ ਲਾਲਚਿ ਜਨਮੁ ਗਵਾਇਆ॥ ਲਪਟਿ ਰਹੀ ਫੁਨਿ ਬੰਧੁ ਨ ਪਾਇਆ॥ ਸਤਿਗੁਰਿ ਰਾਖੇ ਨਾਮੁ ਦ੍ਰਿੜਾਇਆ॥ ਨਾ ਮਨੁ ਮਰੈ ਨ ਮਾਇਆ ਮਰੈ॥ ਜਿਨਿ ਕਿਛੁ ਕੀਆ ਸੋਈ ਜਾਣੈ ਸਬਦੁ ਵੀਚਾਰਿ ਭਉ ਸਾਗਰੁ ਤਰੈ॥ ***ਮਾਇਆ ਸੰਚਿ ਰਾਜੇ ਅਹੰਕਾਰੀ॥ ਮਾਇਆ ਸਾਥਿ ਨ ਚਲੈ ਪਿਆਰੀ॥ ਮਾਇਆ ਮਮਤਾ ਹੈ ਬਹੁ ਰੰਗੀ॥*** ਬਿਨੁ ਨਾਵੈ ਕੋ ਸਾਥਿ ਨ ਸੰਗੀ॥ (ਸਫ਼ਾ 1342)

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥ ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥ ***ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ॥*** ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥ ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥ ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥ (ਸਫ਼ਾ 1427)

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥ ਚਰਣੀ ਲਾਗੈ ਤਾ ਮਹਲੁ ਪਾਵੈ॥ ਸਦ ਹੀ ਨਿਰਮਲੁ ਸਹਜਿ ਸਮਾਵੈ॥ (ਸਫ਼ਾ 231)

ਮਾਸ ਖਾਣਾ:-ਦੇਖੋ: **ਹਲਾਲ, ਝਟਕਾ, ਵੈਸ਼ਨੂ ਖਾਣਾ**

ਮਾਘੀ: ਮਾਘੀ ਬ੍ਰਿਕਰਮੀ ਕੈਲੰਡਰ ਦੇ ਮਾਘ ਦਾ ਪਹਿਲਾ ਦਿਨ ਹੈ। ਸਿੱਖਾਂ ਨਾਲ ਇਸ ਦਾ ਸਬੰਧ ਇਕ ਸ਼ਹੀਦੀ ਦਿਨ ਹੋਣ ਕਰ ਕੇ ਹੈ, ਜੋ ਸਿੱਖ ਮਾਘ ਦੀ 'ਸੰਗਰਾਂਦ' ਵਜੋਂ ਨਹੀਂ ਬਲਕਿ ਸ਼ਹੀਦੀ ਦਿਨ ਕਰ ਕੇ ਮਨਾਉਂਦੇ ਹਨ। 29 ਦਸੰਬਰ 1705 ਨੂੰ, ਮੁਕਤਸਰ ਵਿੱਖੇ, ਮਾਝੇ ਦੇ 40 ਬਹਾਦਰ ਸਿੱਖਾਂ (ਚਾਲ੍ਹੀ ਮੁਕਤਿਆਂ) ਨੇ, ਖਿਦਰਾਣੇ ਦੀ ਢਾਬ (ਮੁਕਤਸਰ) 'ਤੇ, ਇਕ ਵੱਡੀ ਮੁਗ਼ਲ ਫ਼ੌਜ ਵਿਰੁੱਧ ਲੜਦਿਆਂ

ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ। ਉਨ੍ਹਾਂ ਦਾ ਸਸਕਾਰ 30 ਦਸੰਬਰ 1705 ਦੇ ਦਿਨ ਕੀਤਾ ਗਿਆ ਜੋ ਕਿ ਮਾਘ ਮਹੀਨੇ ਦਾ ਪਹਿਲਾ ਦਿਨ ਸੀ।

ਮਾਲਵਾ ਇਤਿਹਾਸ: ਇਹ ਰਚਨਾ ਭਾਈ ਵਿਸਾਖਾ ਸਿੰਘ ਦੀ ਹੈ । ਤਿੰਨ ਜਿਲਦਾਂ ਵਾਲੀ ਇਹ ਰਚਨਾ ਮਾਲਵਾ ਜ਼ੋਨ ਦੇ ਪਿੰਡਾਂ ਅਤੇ ਇੱਥੋਂ ਦੀਆਂ ਸ਼ਖ਼ਸ਼ੀਅਤਾਂ ਸਬੰਧੀ ਜਾਣਕਾਰੀ ਦਾ ਇਕ ਵੱਡਾ ਸੋਮਾ ਹੈ। ਪਰ ਇਸ ਰਚਨਾ ਨੂੰ ਬਹੁਤ ਚੌਕਸੀ ਨਾਲ ਪੜ੍ਹਨਾ ਚਾਹੀਦਾ ਹੈ, ਕਿਉਂ ਕਿ ਇਹ ਤੱਥਾਂ ਅਤੇ ਲੋਕ ਰਿਵਾਇਤਾਂ ਦਾ ਮਿਲਗੋਭਾ ਹੈ। ਬੇਸ਼ੱਕ ਇਸ ਰਚਨਾ ਵਿਚ ਹੋਰ ਵੀ ਕੁਝ ਨੁਕਸ ਹਨ ਪਰ ਇਹ ਸਿੱਖ ਇਤਿਹਾਸ ਦੇ ਖੋਜੀਆਂ ਲਈ ਇੱਕ ਬਹੁਤ ਹੀ ਫ਼ਾਇਦੇਮੰਦ ਲਿਖਤ ਹੈ।

ਮਾਲਾ (ਸਿਮਰਨੀ, ਤਸਬੀ): ਹਿੰਦੂ, ਇਸਲਾਮ ਅਤੇ ਇਸਾਈ ਧਰਮ ਵਿਚ ਮਾਲਾ/ਸਿਮਰਨੀ ਨੂੰ ਭਗਤੀ ਵਾਸਤੇ ਮਦਦਗਾਰ ਸਮਝਿਆ ਜਾਂਦਾ ਹੈ। ਮਾਲਾ ਆਮ ਤੌਰ ਤੇ ਉੱਨ ਦੀ ਬਣੀ ਹੁੰਦੀ ਹੈ ਤੇ ਇਸ ਵਿਚ ਗੰਢਾਂ ਬਣੀਆਂ ਹੁੰਦੀਆਂ ਹਨ ਜੋ ਕਿ ਮਣਕਿਆਂ ਦੀ ਤਰ੍ਹਾਂ ਹੁੰਦੀਆਂ ਹਨ। ਮਾਲਾ ਮੋਤੀਆਂ ਦੀਆਂ ਵੀ ਹੁੰਦੀਆਂ ਹਨ, ਕੁਝ ਸੁੱਚੇ ਮੋਤੀ ਹੁੰਦੇ ਹਨ ਜੋ ਸਿੱਪੀਆਂ ਵਿੱਚੋਂ ਨਿਕਲਦੇ ਹਨ ਅਤੇ ਕੁਝ ਸੋਨੇ, ਚਾਂਦੀ ਜਾਂ ਕਿਸੇ ਹੋਰ ਧਾਤ ਦੇ ਵੀ ਹੁੰਦੇ ਹਨ। ਕੁਝ ਮੋਤੀ ਨਕਲੀ ਯਾਨਿ ਸ਼ੀਸ਼ਿਆਂ ਜਾਂ ਪਲਾਸਿਟਕ ਦੇ ਵੀ ਹੁੰਦੇ ਹਨ। ਹਿੰਦੂਆਂ ਵਿਚ ਰੁਦਰਾਖਸ਼ ਦਰਖ਼ਤ ਦੇ ਡੋਡੇ (ਮੋਤੀ) ਵੀ ਬਹੁਤ ਪਸੰਦ ਕੀਤੇ ਜਾਂਦੇ ਹਨ (ਹਿੰਦੂ ਰੁਦਰਾਖਸ਼ ਨੂੰ ਕਰਾਮਾਤੀ ਮੰਨਦੇ ਹਨ ਦਰਅਸਲ ਇਹ ਸਸਤੇ/ਮੁਫ਼ਤ ਮਿਲ ਜਾਂਦੇ ਹਨ ਇਸ ਕਰ ਕੇ ਵਧੇਰੇ ਵਰਤੇ ਜਾਂਦੇ ਹਨ)। ਹਿੰਦੂ ਧਰਮ ਵਿਚ 108 ਮਣਕਿਆਂ ਦੀ ਮਾਲਾ ਵਰਤੀ ਜਾਂਦੀ ਹੈ, ਭਾਵੇਂ ਕਿ ਛੋਟੀਆਂ ਮਾਲਾ (28 ਮਣਕਿਆਂ ਵਾਲੀਆਂ) ਵੀ ਕਾਫ਼ੀ ਮਸ਼ਹੂਰ ਹਨ। ਇਸਲਾਮ ਵਿਚ 99 ਮਣਕਿਆਂ ਵਾਲੀ ਮਾਲਾ ਹੁੰਦੀਆਂ ਹਨ ਅਤੇ ਕੁਝ ਲੋਕ 100 ਮਣਕਿਆਂ ਵਾਲੀਆਂ ਵੀ ਵਰਤਦੇ ਹਨ (99 ਮਣਕੇ ਰੱਬ ਦੇ 99 ਨਾਂਵਾਂ ਦੀ ਨਿਸ਼ਾਨੀ ਮੰਨੇ ਜਾਦੇ ਹਨ ਤੇ 100ਵਾਂ ਮਣਕਾ ਰੱਬ ਦੇ ਵਡੱਪਣ ਵਾਸਤੇ)। ਇਸਲਾਮ ਵਿੱਚ ਛੋਟੀ ਮਾਲਾ ਵੀ ਪ੍ਰਸਿੱਧ ਹੈ। ਇਸਾਈਅਤ ਵਿਚ, ਇਕ ਮਾਲਾ ਵਿਚ 135 ਛੋਟੇ ਅਤੇ 15 ਵੱਡੇ ਮਣਕੇ; ਅਤੇ ਛੋਟੀ ਮਾਲਾ ਵਿੱਚ 55 ਮਣਕੇ ਹੁੰਦੇ ਹਨ। ਜੈਨ ਧਰਮ ਵਾਲੇ 111 ਮਣਕਿਆਂ ਵਾਲੀ ਮਾਲਾ ਵਰਤਦੇ ਹਨ। ਉੱਪਰ ਜ਼ਿਕਰ ਕੀਤੇ ਸਾਰੇ ਧਰਮਾਂ ਵਿਚ ਕੁਝ ਧਾਰਮਿਕ ਫ਼ਿਰਕੇ ਉਹ ਵੀ ਹਨ, ਜੋ ਅਜਿਹਾ ਯਕੀਨ ਕਰਦੇ ਹਨ ਕਿ ਮਾਲਾ ਦੀ ਸਮਾਧੀ/ਧਿਆਨ ਜੋੜਨ ਲਈ ਕੋਈ ਮਹਾਨਤਾ, ਖ਼ਾਸੀਅਤ ਜਾਂ ਫ਼ਾਇਦਾ ਨਹੀਂ ਹੈ। ਸਿੱਖ ਧਰਮ ਵਿਚ ਮਾਲਾ ਨੂੰ ਰੱਦ ਕੀਤਾ ਗਿਆ ਹੈ। ਸਿੱਖ ਲਈ ਰੱਬ ਦਾ ਨਾਂ ਜਪਣਾ ਅਤੇ ਸੱਚਾ ਜੀਵਨ ਜਿਊਣਾ ਹੀ ਅਸਲੀ ਮਾਲਾ ਹੈ।

ਹਰਿ ਹਰਿ ਅਖਰ ਦੁਇ ਇਹ ਮਾਲਾ॥ ਜਪਤ ਜਪਤ ਭਏ ਦੀਨ ਦਇਆਲਾ॥ ਕਰਉ ਬੇਨਤੀ ਸਤਿਗੁਰ ਅਪੁਨੀ ॥ ਕਰਿ ਕਿਰਪਾ ਰਾਖਹੁ ਸਰਣਾਈ ਮੋ ਕਉ ਦੇਹੁ ਹਰੇ ਹਰਿ ਜਪਨੀ॥ ਰਹਾਉ ॥ ਹਰਿ ਮਾਲਾ ਉਰ ਅੰਤਰਿ ਧਾਰੈ॥ ਜਨਮ ਮਰਣ ਕਾ ਦੂਖੁ ਨਿਵਾਰੈ॥ ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ॥ ਸੋ ਜਨੁ ਇਤ ਉਤ ਕਤਹਿ ਨ ਡੋਲੈ॥ ਕਹੁ ਨਾਨਕ ਜੋ ਰਾਚੈ ਨਾਇ॥ ਹਰਿ ਮਾਲਾ ਤਾ ਕੈ ਸੰਗਿ ਜਾਇ ॥ (ਸਫ਼ਾ 388)

ਕੁਝ ਸਾਲਾਂ ਤੋਂ ਗੁਰੂ ਸਾਹਿਬਾਨ ਦੀਆਂ ਤਸਵੀਰਾਂ, ਜਿਨ੍ਹਾਂ ਵਿਚ ਉਨ੍ਹਾਂ ਦੇ ਹੱਥਾਂ

ਵਿਚ ਮਾਲਾ ਦਿਖਾਈ ਹੁੰਦੀ ਹੈ, ਬਣਾਈਆਂ ਜਾ ਰਹੀਆਂ ਹਨ। ਇਹ ਇਕ ਸਾਜ਼ਿਸ਼ ਹੈ ਜਿਸ ਦਾ ਇਹ ਮਕਸਦ ਹੈ ਕਿ ਸਿੱਖ ਧਰਮ ਵਿਚ ਮਾਲਾ ਦੇ ਫ਼ਲਸਫ਼ੇ ਨੂੰ ਕਬੂਲ ਕਰਵਾਇਆ ਜਾਵੇ।

ਮਿਸਲ: ਇਸ ਦਾ ਲਫ਼ਜ਼ੀ ਮਾਅਨਾ ਹੈ: ਬਰਾਬਰ, ਹਰ ਪੱਖੋਂ ਇੱਕੋ ਜਿਹਾ/ਜਿਹੀ। ਅਠਾਰ੍ਹਵੀਂ ਸਦੀ ਵਿਚ, ਜਦੋਂ ਸਿੱਖ ਫ਼ੌਜ ਆਪਣੇ ਮੁਲਕ ਨੂੰ ਮੁਗ਼ਲਾਂ ਅਤੇ ਹੋਰ ਵਿਦੇਸ਼ੀਆਂ ਤੋਂ ਆਜ਼ਾਦ ਕਰਾਉਣ ਵਾਸਤੇ ਜੂਝ ਰਹੀ ਸੀ, ਤਾਂ ਵੱਖ-ਵੱਖ ਜੱਥਿਆਂ ਵਜੋਂ ਲੜ ਰਹੀ ਸੀ ਤਾਂ ਸਾਰੀ ਸਿੱਖ ਫ਼ੌਜ (ਦਲ ਖ਼ਾਲਸਾ) ਨੂੰ, 29 ਮਾਰਚ 1748 ਦੇ ਦਿਨ, 11 ਵਡੇ ਜੱਥਿਆਂ ਵਿਚ ਵੰਡ ਦਿਤਾ ਗਿਆ ਸੀ। ਹਰੇਕ ਜੱਥੇ ਨੂੰ ਦੂਜੇ ਜੱਥਿਆਂ ਦੇ ਬਰਾਬਰ ਰੁਤਬਾ ਤੇ ਹੱਕ ਹਾਸਿਲ ਸਨ। ਕੋਈ ਵੀ ਸੀਨੀਅਰ ਜਾਂ ਜੂਨੀਅਰ ਨਹੀਂ ਸੀ। ਇਨ੍ਹਾਂ ਜੱਥਿਆ ਨੂੰ 'ਮਿਸਲ' ਦਾ ਨਾਂ ਦਿੱਤਾ ਗਿਆ ਸੀ। (ਮਹਾਰਾਜਾ ਰਣਜੀਤ ਸਿੰਘ ਵੱਲੋਂ ਇਨ੍ਹਾਂ ਮਿਸਲਾਂ ਦੇ ਇਲਾਕਿਆਂ 'ਤੇ ਕਬਜ਼ੇ ਤੋਂ ਬਾਅਦ ਇਹ ਮਿਸਲਾਂ ਖ਼ਤਮ ਹੋ ਗਈਆਂ ਸਨ)। ਮਗਰੋਂ ਪਟਿਆਲਾ-ਨਾਭਾ ਪਰਿਵਾਰ ਵੀ ਆਪਣੇ ਆਪ ਨੂੰ ਬਾਰ੍ਹਵੀਂ ਮਿਸਲ ਹੋਣ ਦਾ ਦਾਅਵਾ ਕਰਨ ਲਗ ਪਏ ਸਨ।

ਮਿਹਰ: ਸਿੱਖ ਦਾ ਫ਼ਰਜ਼ ਹੈ ਕਿ ਉਹ ਰੱਬ ਦੀ ਮਿਹਰ ਵਿਚ ਭਰਪੂਰ ਯਕੀਨ ਰੱਖੇ। ਇਹ ਸਿੱਖ ਧਰਮ ਦੇ ਮੁਢਲੇ ਨੁਕਤਿਆਂ ਵਿਚੋਂ ਇੱਕ ਹੈ। ਸਿੱਖ ਧਰਮ ਮੁਤਬਿਕ ਰੱਬ ਹਰ ਵੇਲੇ, ਹਰ ਇਕ 'ਤੇ ਹੀ ਮਿਹਰਬਾਨ/ਦਿਆਲੂ ਹੁੰਦਾ ਹੈ ਅਤੇ ਹਰੇਕ 'ਤੇ ਬਖ਼ਸ਼ਿਸ਼ ਭਰਿਆ ਹੱਥ ਰਖਦਾ ਹੈ। ਰੱਬ ਦੇ ਖ਼ਿਲਾਫ਼ ਮਨ ਵਿਚ ਸ਼ਿਕਾਇਤ ਰੱਖਣੀ ਇਕ ਸਿੱਖ ਵਾਸਤੇ ਗੁਨਾਹ ਹੈ। ਸਿੱਖ ਦਾ ਫ਼ਰਜ਼ ਹੈ ਕਿ ਉਹ ਖ਼ੁਸ਼ੀ ਅਤੇ ਗ਼ਮੀ ਨੂੰ ਇੱਕੋ ਜਿਹਾ ਸਮਝੇ ਅਤੇ ਇਨ੍ਹਾਂ ਨੂੰ ਉਸ ਮਿਹਰਬਾਨ ਰੱਬ ਵੱਲੋਂ ਦਿੱਤੇ ਗਏ ਤੋਹਫ਼ੇ ਜਾਣੇ। ਰੱਬ ਦੀ ਮਿਹਰ ਹਾਸਿਲ ਕਰਨ ਵਾਸਤੇ, ਉਸ ਦੀ ਭਗਤੀ ਵਿਚ ਧਿਆਨ ਜੋੜਨਾ, ਸਾਧ ਦੀ ਸੰਗਤ ਕਰਨੀ ਅਤੇ ਸੱਚਾ ਜੀਵਨ ਜੀਣਾ ਲਾਜ਼ਮੀ ਹੈ, ਪਰ ਫਿਰ ਵੀ ਇਹ ਉਸ (ਵਾਹਿਗੁਰੂ) ਦੀ ਆਪਣੀ ਮਰਜ਼ੀ ਹੈ ਕਿ ਉਹ ਕਿਹੜੇ ਸ਼ਖ਼ਸ ਉੱਤੇ ਕਦੋਂ, ਕਿਵੇਂ, ਕਿੰਨੀ ਮਿਹਰ ਕਰੇਗਾ।

> ***ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥*** *ਜੀਅ ਸਗਲ ਕਉ ਦੇਇ ਦਾਨੁ॥ (ਸਫ਼ਾ 724)*

> *ਦਇਆ ਧਾਰੀ ਤਿਨਿ ਸਿਰਜਨਹਾਰੇ॥ ਜੀਅ ਜੰਤ ਸਗਲੇ ਪ੍ਰਤਿਪਾਰੇ॥* ***ਮਿਹਰਵਾਨ ਕਿਰਪਾਲ ਦਇਆਲਾ*** *ਸਗਲੇ ਤ੍ਰਿਪਤਿ ਅਘਾਏ ਜੀਉ॥ (ਸਫ਼ਾ 103)*

> *ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥* ***ਮਿਹਰ ਕਰੇ ਜਿਸੁ ਮਿਹਰਵਾਨੁ, ਤਾਂ ਕਾਰਜੁ ਆਵੈ ਰਾਸਿ॥*** *(ਸਫ਼ਾ 44)*

> *ਪ੍ਰਭੁ ਬੇਅੰਤੁ ਕਿਛੁ ਅੰਤੁ ਨਾਹਿ, ਸਭੁ ਤਿਸੈ ਕਰਣਾ॥ ਅਗਮੁ ਅਗੋਚਰੁ ਸਾਹਿਬੋ ਜੀਆਂ ਕਾ ਪਰਣਾ॥ ਹਸਤ ਦੇਇ ਪ੍ਰਤਿਪਾਲਦਾ ਭਰਣ ਪੋਖਣੁ ਕਰਣਾ॥* ***ਮਿਹਰਵਾਨੁ ਬਖਸਿੰਦੁ ਆਪਿ ਜਪਿ ਸਚੇ ਤਰਣਾ॥*** *ਜੋ ਤੁਧੁ ਭਾਵੈ ਸੋ ਭਲਾ ਨਾਨਕ ਦਾਸ ਸਰਣਾ॥ (ਸਫ਼ਾ 323)*

> *ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਾਰੈ ਦੁਆਰੈ ਆਇਆ॥* ***ਨਾਨਕ ਕਉ ਪ੍ਰਭ ਭਏ ਕ੍ਰਿਪਾਲਾ*** *ਸਤਿਗੁਰੁ ਪੂਰਾ ਪਾਇਆ॥ (ਸਫ਼ਾ 749)*

ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥ ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ॥ (ਸਫ਼ਾ 750)

ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ॥ ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ॥ ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਹਾਰੀ॥
(ਸਫ਼ਾ 1190)

ਹੋਰ ਦੇਖੋ : **ਭਾਣਾ** ਅਤੇ **ਕਰਮ, ਕਿਰਪਾ/ਕ੍ਰਿਪਾ**

ਮਿਲਣੀ: ਲਾੜੇ ਅਤੇ ਲਾੜੀ ਦੇ ਪਰਿਵਾਰ ਦਾ ਬਰਾਤ ਪਹੁੰਚਣ ਸਮੇਂ ਲਾੜੀ ਦੇ ਘਰ ਜਾਂ ਉਸ ਥਾਂ (ਜਿਥੇ ਵਿਆਹ ਦੀ ਰਸਮ ਨਿਭਾਈ ਜਾਣੀ ਹੁੰਦੀ ਹੈ) ਆਪਸ ਵਿਚ ਮੇਲ ਹੋਣ ਦੀ ਰਸਮ ਨੂੰ ਮਿਲਣੀ ਕਿਹਾ ਜਾਂਦਾ ਹੈ। ਇਸ ਰਸਮ ਵਿਚ ਲਾੜਾ ਅਤੇ ਲਾੜੀ ਦੇ ਪਰਿਵਾਰ ਵਾਲੇ ਇਕ ਦੂਜੇ ਨਾਲ ਗਲਵਕੜੀ ਪਾ ਕੇ (ਅਜ-ਕਲ੍ਹ ਹਾਰ ਪਾ ਕੇ ਤੇ ਕੁੜੀ ਵਾਲਿਆਂ ਵੱਲੋਂ ਮੁੰਡੇ ਵਾਲਿਆਂ ਨੂੰ ਕੰਬਲ, ਗਹਿਣਾ, ਪੈਸੇ ਜਾਂ ਹੋਰ ਤੋਹਫ਼ੇ ਦੇ ਕੇ) ਆਪਣਾ ਰਿਸ਼ਤਾ ਗੰਢਣ ਦਾ ਇਜ਼ਹਾਰ ਕਰਦੇ ਹਨ। ਇਸ ਰਸਮ ਦਾ ਧਰਮ ਨਾਲ ਕੋਈ ਸਬੰਧ ਨਹੀਂ ਹੈ।ਇਹ ਪੰਜਾਬ ਦੇ ਕਲਚਰ ਦਾ ਇੱਕ ਰਿਵਾਜ਼ ਹੈ। ਪਹਿਲਾਂ ਇਸ ਮੌਕੇ 'ਤੇ ਦੋਹਾਂ ਪਰਵਾਰਾਂ ਦੇ ਮੁਖ ਮਰਦ (ਪਿਤਾ, ਭਰਾ, ਚਾਚੇ-ਤਾਏ, ਮਾਮੇ, ਮਾਸੜ, ਫੁੱਫੜ ਵਗੈਰਾ) ਆਪਸ ਵਿਚ ਪੱਗਾਂ ਵਟਾਉਂਦੇ ਹੁੰਦੇ ਸਨ (ਪੱਗ ਵਟਾਉਣ ਦਾ ਮਤਲਬ ਵੀ ਆਪੋ ਆਪਣੀਆਂ ਬੰਨ੍ਹੀਆਂ ਹੋਈਆਂ ਪੱਗਾਂ ਲਾਹ ਕੇ ਇਕ ਦੂਜੇ ਦੇ ਸਿਰ 'ਤੇ ਰੱਖਣਾ ਨਹੀਂ ਬਲਕਿ ਇਕ ਦੂਜੇ ਨੂੰ ਦਸਤਾਰ ਭੇਟ ਕਰਨਾ ਹੈ, ਜਿਸ ਦਾ ਅਸਲ ਮਾਅਨਾ ਹੈ: ਹੁਣ ਇਕ ਦੂਜੇ ਦੀ ਪੱਗ, ਯਾਨਿ ਇੱਜ਼ਤ, ਦੋਹਾਂ ਘਰਾਂ ਦੀ ਸਾਂਝੀ ਹੋ ਗਈ ਹੈ)।

ਮੀਆਂ: ਇਸ ਲਫ਼ਜ਼ ਦੇ ਕਈ ਮਾਅਨੇ ਹਨ। (ਇਸ ਦੇ ਅਸਲੀ ਪਿਛੋਕੜ ਵਿਚ) ਇਸ ਨੂੰ ਪਤੀ, ਪਿਤਾ, ਜ਼ਮੀਂਦਾਰ, ਮੁਸਲਿਮ ਮੌਲਵੀ/ਪ੍ਰਚਾਰਕ ਅਤੇ (ਇਸ ਦੇ ਪਹਾੜੀ ਪਿਛੋਕੜ ਵਿਚ) ਇਸ ਨੂੰ ਰਾਜਪੂਤ ਜ਼ਮੀਦਾਰਾਂ ਵਾਸਤੇ ਵਰਤਿਆ ਜਾਂਦਾ ਹੈ। ਗੁਰਬਾਣੀ ਵਿਚ ਇਹ ਲਫ਼ਜ਼ ਰੱਬ ਨੂੰ ਪਹਿਲਾਂ ਸੁਲਤਾਨ ਕਹਿ ਕੇ ਤੇ ਮਗਰੋਂ ਛੋਟੇ ਦਰਜੇ ਦੇ ਨਾਂ ਮੀਆਂ ਵੱਲ ਇਸ਼ਾਰਾ ਕਰਨ ਲਈ ਵੀ ਵਰਤਿਆ ਜਾਂਦਾ ਰਿਹਾ ਹੈ (ਸਿਆਸੀ ਦਰਜਾਬੰਦੀ ਵਿਚ ਮੀਆਂ ਸੁਲਤਾਨ ਤੋਂ ਕਿਤੇ ਹੇਠਾਂ ਦਾ ਦਰਜਾ ਹੈ)।

ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ॥ ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ॥ ਤੇਰੇ ਗੁਣ ਗਾਵਾ ਦੇਹਿ ਬੁਝਾਈ॥ ਜੈਸੇ ਸਚ ਮਹਿ ਰਹਉ ਰਜਾਈ॥ (ਸਫ਼ਾ 795)

ਮੀਰੀ-ਪੀਰੀ: ਮੀਰ ਦਾ ਮਾਅਨਾ ਹੈ: ਸਰਦਾਰ, ਹਾਕਮ ਅਤੇ ਪੀਰ ਦਾ ਮਾਅਨਾ ਹੈ: ਬਜ਼ੁਰਗ, ਵਲੀ, ਮੁਰਸ਼ਦ। ਮੀਰੀ-ਪੀਰੀ ਇੱਕ ਨਿਰਾਲਾ/ਲਾਸਾਨੀ ਸਿੱਖ ਫ਼ਲਸਫ਼ਾ ਹੈ ਜੋ ਗੁਰੂ ਨਾਨਕ ਸਾਹਿਬ ਵੱਲੋਂ 'ਰਾਜਾ-ਜੋਗੀ' ਵਜੋਂ ਪੇਸ਼ ਕੀਤਾ ਗਿਆ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਅਕਾਲ ਤਖ਼ਤ ਸਾਹਿਬ ਪਰਗਟ ਕਰਨ ਅਤੇ ਦੋ ਕ੍ਰਿਪਾਨਾਂ ਪਹਿਨਣ ਵਜੋਂ ਜ਼ਾਹਿਰ (ਮੂਰਤੀਮਾਨ) ਕੀਤਾ ਗਿਆ ਸੀ। ਪਰ ਇੱਕਲੀਆਂ ਦੋ ਕਿਰਪਾਨਾਂ ਮੀਰੀ-ਪੀਰੀ ਨਹੀਂ ਹਨ, ਇਹ ਤਾਂ ਖ਼ੁਦਮੁਖ਼ਤਿਆਰੀ (ਦੁਨਿਆਵੀ ਅਤੇ ਰੂਹਾਨੀ ਦੋਹਾਂ) ਦੇ ਮਗਰੋਂ ਬਣਾਏ ਹੋਏ ਚਿੰਨ੍ਹ (ਸੋਮਬੋਲ) ਹਨ।

ਸਿੱਖ ਸਿਆਸੀ ਫ਼ਲਸਫ਼ੇ ਵਿਚ ਰਾਜ ਦਾ ਨਿਜ਼ਾਮ ਇਮਾਨਦਾਰੀ ਅਤੇ ਸਚਾਈ

'ਤੇ ਅਧਾਰਿਤ ਹੁੰਦਾ ਹੈ, ਇਸ ਲਈ ਇਸ ਮੁਤਾਬਿਕ ਦੁਨਿਆਵੀ ਰਿਆਸਤ ਦਾ ਨਾਜ਼ਮ, ਰਾਜਾ, ਹਾਕਮ (**ਮੀਰ**) ਰੂਹਾਨੀਅਤ ਦਾ ਰਾਖਾ ਵੀ ਹੈ ਅਤੇ ਧਾਰਮਿਕ ਹਸਤੀ (**ਪੀਰ**) ਕਮਜ਼ੋਰਾਂ, ਲੋੜਵੰਦਾਂ ਅਤੇ ਮਜ਼ਲੂਮਾਂ ਦੀ ਮੁਹਾਫ਼ਿਜ਼ ਵੀ ਹੈ। ਦੂਜੇ ਲਫ਼ਜ਼ਾਂ ਵਿਚ, ਧਾਰਮਿਕ ਆਗੂ ਨੂੰ ਜ਼ੁਲਮ, ਧੱਕੇ ਤੇ ਬੇਇਨਸਾਫ਼ੀ ਨੂੰ ਦੇਖ ਕੇ ਚੁੱਪ ਨਹੀਂ ਰਹਿਣਾ ਚਾਹੀਦਾ; ਅਤੇ ਦਨਿਆਵੀ ਤਾਕਤ ਵਾਲੇ ਸ਼ਖ਼ਸ ਨੂੰ ਧਰਮ ਮੁਤਾਬਿਕ ਰਾਜ ਕਰਨਾ ਚਾਹੀਦਾ ਹੈ ਅਤੇ ਰੂਹਾਨੀਅਤ ਦੀ ਰਾਖੀ ਵੀ ਕਰਨੀ ਚਾਹੀਦੀ ਹੈ। ਸਿੱਖਾਂ ਦੇ ਮੀਰੀ-ਪੀਰੀ ਦੀ ਏਕਤਾ (ਇੱਕ-ਤਾ) ਦੇ ਫ਼ਲਸਫ਼ੇ ਵਿੱਚ, ਮੀਰੀ ਅਤੇ ਪੀਰੀ ਅਲਗ-ਅਲਗ ਨਹੀਂ ਖੜ੍ਹੇ ਹੋਏ ਹੁੰਦੇ ਬਲਕਿ ਇਕ ਦੂਜੇ ਦੇ ਨਾਲ ਜੁੜੇ ਹੋਏ ਹਨ।

ਸਿੱਖ ਧਰਮ ਦਾ ਇਹ ਸਿਧਾਂਤ ਹੀ ਸਿੱਖ ਨੂੰ "ਸੰਤ ਸਿਪਾਹੀ" ਬਣਾਉਂਦਾ ਹੈ। ਗੁਰੂ ਸਾਹਿਬ ਦੀ ਸਿਖਿਆ ਹੈ ਕਿ ਸਿੱਖ ਨੂੰ ਜ਼ਬਾਨ ਤੋਂ ਰੱਬ ਦਾ ਨਾਂ ਜਪਣਾ ਚਾਹੀਦਾ ਹੈ ਪਰ ਦਿਲ ਹੀ ਦਿਲ ਵਿਚ ਸੱਚ ਦੀ ਜੰਗ ਲਈ ਹਮੇਸ਼ਾਂ ਤਿਆਰ ਰਹਿਣਾ ਚਾਹੀਦਾ ਹੈ। ਦੇਖੋ: **ਧਰਮ ਯੁੱਧ, ਅਕਾਲ ਤਖ਼ਤ ਸਾਹਿਬ।**

ਮੁਸਲਮਾਨ: ਮੁਸਲਮਾਨ ਲਫ਼ਜ਼ 'ਮੁਸੱਲਮ' ਤੋਂ ਬਣਿਆ ਹੈ, ਜਿਸ ਦਾ ਮਾਅਨਾ ਹੈ: 'ਕਿਸੇ ਦੇ ਸਪੁਰਦ ਕੀਤਾ ਗਿਆ (ਹੋਇਆ)' ਤੇ ਮੁਸਲਮਾਨ ਦਾ ਮਾਅਨਾ ਹੈ 'ਜਿਸ ਨੇ ਖ਼ੁਦ ਨੂੰ ਰੱਬ ਦੇ ਸਪੁਰਦ ਕਰ ਦਿੱਤਾ ਹੋਵੇ।' ਆਮ ਬੋਲੀ ਵਿਚ ਮੁਸਲਮਾਨ ਉਹ ਹੈ ਜੋ ਹਜ਼ਰਤ ਮੁਹੰਮਦ, ਜੋ ਇਸਲਾਮ ਧਰਮ ਦੇ ਮੋਢੀ ਸਨ, ਦੀਆਂ ਸਿੱਖਿਆਵਾਂ ਵਿਚ ਅਕੀਦਾ ਰਖਦਾ ਹੈ। ਇਸਲਾਮੀ ਫ਼ਲਸਫ਼ੇ ਦੇ ਪੰਜ ਮੂਲ ਨੁਕਤੇ ਹਨ: (1) ਇਕ ਰੱਬ ਵਿਚ ਯਕੀਨ ਰਖਣਾ (2) ਦਿਨ ਵਿਚ ਘਟੋ-ਘਟ ਪੰਜ ਵਾਰ ਨਮਾਜ਼ ਅਦਾ ਕਰਨਾ; (3) ਲੋਕਾਂ ਦੀ ਭਲਾਈ ਦੇ ਲਈ ਜ਼ਕਾਤ (ਹਰ ਸਾਲ ਆਪਣੀ ਦੌਲਤ ਦਾ 2.5%) ਦੇਣਾ; (4) ਰਮਜ਼ਾਨ ਦੇ ਮਹੀਨੇ ਵਿਚ ਤੀਹ ਦਿਨ ਰੋਜ਼ੇ ਰੱਖਣਾ; (5) ਜ਼ਿੰਦਗੀ ਵਿਚ ਘਟੋ-ਘਟ ਇਕ ਵਾਰ ਮੱਕਾ (ਸਾਊਦੀ ਅਰਬ ਵਿਚ) ਨੂੰ ਹੱਜ ਕਰਨ ਜ਼ਰੂਰ ਜਾਣਾ। ਮੁਸਲਮਾਨ, ਸੂਰ ਦਾ ਮਾਸ ਅਤੇ ਜੋ ਮਾਸ ਹਲਾਲ ਨਹੀਂ, ਉਹ ਨਹੀਂ ਖਾਂਦੇ। ਹਰੇਕ ਮੁਸਲਮਾਨ ਵਾਸਤੇ ਸੁੰਨਤ ਕਰਵਾਉਣੀ ਲਾਜ਼ਮੀ ਹੈ। ਅੱਜ ਇਸਲਾਮ ਦਰਜਨਾਂ ਮੁਲਕਾਂ ਵਿਚ ਰਾਜ ਧਰਮ ਹੈ। ਇਸਲਾਮ ਦੇ 72 ਤੋਂ ਵਧ ਫ਼ਿਰਕੇ ਹਨ, ਜਿਨ੍ਹਾਂ ਵਿਚੋਂ ਮੁੱਖ ਹਨ: ਸ਼ੀਆ ਅਤੇ ਸੁੰਨੀ। ਉਨੀਵੀਂ ਸਦੀ ਦੇ ਪਿਛਲੇ ਹਿੱਸੇ ਵਿਚ, ਮਿਰਜ਼ਾ ਅਹਿਮਦ (ਜਿਸ ਨੇ ਆਪਣੇ ਆਪ ਨੂੰ ਮਹਿਦੀ /ਮਸੀਹਾ ਹੋਣ ਦਾ ਦਾਅਵਾ ਕੀਤਾ ਸੀ) ਨੇ ਹੋਰ ਫ਼ਿਰਕਾ ਕਾਇਮ ਕਰ ਲਿਆ ਸੀ, ਜਿਸ ਨੂੰ ਮੁਸਲਮਾਨ ਉੱਲਮਾ ਨੇ ਰੱਦ ਕਰ ਦਿੱਤਾ ਸੀ। ਇਸ ਫ਼ਿਰਕੇ ਨੂੰ ਅਹਿਮਦੀਏ (ਅਹਿਮਦ ਦੇ ਚੇਲੇ ਹੋਣ ਕਰ ਕੇ) ਅਤੇ ਕਾਦੀਆਨੀ ਵੀ ਕਹਿੰਦੇ ਹਨ (ਕਿਉਂਕਿ ਇਨ੍ਹਾਂ ਦਾ ਮੋਢੀ ਮਿਰਜ਼ਾ ਮੁਹੰਮਦ ਪੰਜਾਬ ਦੇ ਨਗਰ ਕਾਦੀਆਂ ਦਾ ਰਹਿਣ ਵਾਲਾ ਸੀ ਸੀ)। ਬਾਅਦ ਵਿੱਚ ਅਹਿਮਦੀਆਂ ਨੂੰ ਇਸਲਾਮ ਵਿੱਚੋਂ ਛੇਕ ਦਿੱਤਾ ਗਿਆ ਸੀ। ਕਾਦੀਆਨੀਆਂ ਨੇ ਗੁਰੂ ਨਾਨਕ ਸਾਹਿਬ ਨੂੰ ਮੁਸਲਮਾਨ ਆਖਣ ਦੀ ਗ਼ਲਤ ਹਰਕਤ ਵੀ ਕੀਤੀ ਸੀ ਜਿਸ ਦਾ ਸਿੱਖ ਵਿਦਵਾਨਾਂ ਨੇ ਮੂੰਹ ਤੋੜ ਜਵਾਬ ਦਿਤਾ ਸੀ।

ਇਸਲਾਮ (ਮੁਸਲਮਾਨ) ਦਾ ਜ਼ਿਕਰ ਗੁਰਬਾਣੀ ਵਿਚ ਕਈ ਥਾਂਈਂ ਆਇਆ ਹੈ ਜਿਸ ਵਿਚ ਗੁਰੂ ਸਾਹਿਬ ਨੇ ਇਸਲਾਮੀ ਕਰਮ-ਕਾਂਡ ਨੂੰ ਰੱਦ ਕੀਤਾ ਹੈ ਤੇ ਕਿਹਾ ਹੈ ਕਿ ਚੰਗਾ ਮੁਸਲਮਾਨ ਉਹ ਹੈ ਜੋ ਮੋਮ ਦਿਲ ਹੋਵੇ, ਮਿਹਰਬਾਨ, ਰੱਬ ਤੇ ਯਕੀਨ

ਰੱਖਣ ਵਾਲਾ, ਸਿਦਕ ਵਾਲਾ ਤੇ ਹੋਰ ਰੱਬੀ, ਰੂਹਾਨੀ ਤੇ ਇਨਸਾਨੀ ਖ਼ੂਬੀਆਂ ਰਖਦਾ ਹੋਵੇ:

ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ॥ ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ॥2॥ ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ॥ ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ॥3॥ ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ॥ ਨਾਨਕੁ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ॥ (ਸਫ਼ਾ 24)

ਪੰਜਿ ਨਿਵਾਜਾ, ਵਖਤ ਪੰਜਿ, ਪੰਜਾ ਪੰਜੇ ਨਾਉ॥ ਪਹਿਲਾ ਸਚੁ ਹਲਾਲੁ ਦੁਇ, ਤੀਜਾ ਖੈਰ ਖੁਦਾਇ॥ ਚਉਥੀ ਨੀਅਤਿ ਰਾਸਿ ਮਨੁ, ਪੰਜਵੀ ਸਿਫਤਿ ਸਨਾਇ॥ ਕਰਣੀ ਕਲਮਾ ਆਖਿ ਕੈ, ਤਾ ਮੁਸਲਮਾਣੁ ਸਦਾਇ॥ ਨਾਨਕ ਜੇਤੇ ਕੂੜਿਆਰ, ਕੂੜੈ ਕੂੜੀ ਪਾਇ॥
(ਸਫ਼ਾ 141)

ਮੁਸਲਮਾਣੁ ਕਹਾਵਣੁ ਮੁਸਕਲੁ, ਜਾ ਹੋਇ ਤਾ ਮੁਸਲਮਾਣੁ ਕਹਾਵੈ॥ ਅਵਲਿ ਅਉਲਿ ਦੀਨੁ ਕਰਿ ਮਿਠਾ, ਮਸਕਲ ਮਾਨਾ ਮਾਲੁ ਮੁਸਾਵੈ॥ ਹੋਇ ਮੁਸਲਿਮੁ ਦੀਨ ਮੁਹਾਣੈ, ਮਰਣ ਜੀਵਣ ਕਾ ਭਰਮੁ ਚੁਕਾਵੈ॥ ਰਬ ਕੀ ਰਜਾਇ ਮੰਨੇ ਸਿਰ ਉਪਰਿ, ਕਰਤਾ ਮੰਨੇ ਆਪੁ ਗਵਾਵੈ॥ ਤਉ ਨਾਨਕ ਸਰਬ ਜੀਆ ਮਿਹਰੰਮਤਿ, ਹੋਇ ਤ ਮੁਸਲਮਾਣੁ ਕਹਾਵੈ॥ (ਸਫ਼ਾ 141)

ਮਕਾ ਮਿਹਰ ਰੋਜਾ ਪੈ ਖਾਕਾ॥ ਭਿਸਤੁ ਪੀਰ ਲਫਜ ਕਮਾਇ ਅੰਦਾਜਾ॥ ਹੂਰ ਨੂਰ ਮੁਸਕੁ ਖੁਦਾਇਆ, ਬੰਦਗੀ ਅਲਹ ਆਲਾ ਹੁਜਰਾ॥ ਸਚੁ ਕਮਾਵੈ ਸੋਈ ਕਾਜੀ॥ ਜੋ ਦਿਲੁ ਸੋਧੈ ਸੋਈ ਹਾਜੀ॥ ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ॥ ਸਭੇ ਵਖਤ ਸਭੇ ਕਰਿ ਵੇਲਾ॥ ਖਾਲਕੁ ਯਾਦਿ ਦਿਲੈ ਮਹਿ ਮਉਲਾ॥ ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ॥ ਦਿਲ ਮਹਿ ਜਾਨਹੁ ਸਭ ਫਿਲਹਾਲਾ॥ ਖਿਲਖਾਨਾ ਬਿਰਾਦਰ ਹਮੂ ਜੰਜਾਲਾ॥ ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ॥
(ਸਫ਼ਾ 1083-84)

ਮੁਹਸਨ ਫ਼ਾਨੀ: ਦਬਿਸਤਾਨ-ਏ-ਮਜ਼ਹਿਬ ਨਾਂ ਦੀ ਇਕ ਅਹਿਮ ਕਿਤਾਬ ਦਾ ਲਿਖਾਰੀ। ਇਸ ਕਿਤਾਬ ਦਾ ਅਸਲੀ ਲਿਖਾਰੀ ਮਊਬਾਦ ਜ਼ੁਲਫ਼ਕਾਰ ਅਰਦਸਤਾਨੀ ਸੀ, ਪਰ ਕੁਝ ਦਹਾਕੇ ਪਹਿਲਾਂ ਕੁਝ ਖੋਜੀਆਂ ਨੇ ਇਸ ਕਿਤਾਬ ਦੇ ਲਿਖਾਰੀ ਨੂੰ ਗ਼ਲਤੀ ਨਾਲ ਮੁਹਸਨ ਫ਼ਾਨੀ ਲਿਖ ਦਿੱਤਾ ਸੀ। ਮਊਬਾਦ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਦਾ ਸਮਕਾਲੀ ਸੀ ਤੇ ਉਹ ਇਨ੍ਹਾਂ ਦੋਹਾਂ ਗੁਰੂ ਸਾਹਿਬਾਨ ਨੂੰ ਮਿਲਦਾ ਰਿਹਾ ਸੀ ਤੇ ਮਗਰੋਂ ਖ਼ਤੋ-ਖ਼ਿਤਾਬਤ ਵੀ ਕਰਦਾ ਰਿਹਾ ਸੀ। ਦੇਖੋ: **ਦਬਿਸਤਾਨ-ਏ-ਮਜ਼ਾਹਿਬ**।

ਮੁਕਤੀ: ਵੇਖੋ: **ਜੀਵਨ ਮੁਕਤੀ**।

ਮੁਜਰਿਮ ਕੌਣ ਹਨ? (Who Are Guilty?): ਇਹ ਇਕ ਕਿਤਾਬ ਹੈ ਜੋ ਇਨਸਾਨੀ ਹਕੂਕਾਂ ਵਾਸਤੇ ਜੱਦੋਜਹਿਦ ਕਰਨ ਵਾਲੀਆਂ ਦੋ ਜਮਾਤਾਂ ਨੇ 1984-85 ਵਿਚ ਤਿਆਰ ਕੀਤੀ ਸੀ। ਇਹ ਕਿਤਾਬ ਸਿੱਖ ਤਵਾਰੀਖ਼ ਦੀ 'ਕਾਲੀ ਨਵੰਬਰ' 1984 ਦੇ ਮਹੀਨੇ ਦੀਆਂ ਘਟਨਾਵਾਂ ਨੂੰ ਬਿਆਨ ਕਰਦੀ ਹੈ ਜਦੋਂ ਹਜ਼ਾਰਾਂ ਸਿੱਖਾਂ ਨੂੰ ਹਿੰਦੂ ਦਹਿਸ਼ਤਗਰਦਾਂ ਨੇ ਦਿੱਲੀ (ਅਤੇ ਹਿੰਦੁਸਤਾਨ ਦੇ ਹੋਰਨਾਂ ਇਲਾਕਿਆਂ) ਵਿਚ ਜ਼ਾਲਮਾਨਾ ਤਰੀਕੇ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਨ੍ਹਾਂ ਕਤਲਾਂ ਨੂੰ ਰਾਜੀਵ ਗਾਂਧੀ ਨੇ ਇਹ ਕਹਿ ਕੇ 'ਸਹੀ' ਠਹਿਰਾਇਆ ਸੀ: 'ਜਦ ਕੋਈ ਵੱਡਾ ਦਰਖ਼ਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੀ ਹੈ।' (ਉਂਞ ਉਹ ਆਪ ਵੀ ਅਜਿਹੀ ਹੀ ਮੌਤੇ ਮਰਿਆ

ਸੀ)। ਇਨ੍ਹਾਂ ਕਤਲਾਂ ਦੀ ਅਗਵਾਈ ਵਹਿਸ਼ੀ, ਜ਼ਾਲਮ ਅਤੇ ਗੁੰਡੇ ਸੀਨੀਅਰ ਕਾਂਗਰਸ ਆਗੂ, ਪੁਲਿਸ ਅਫ਼ਸਰ ਅਤੇ ਸਰਕਾਰੀ ਅਫ਼ਸਰ ਕਰ ਰਹੇ ਸਨ। ਇਨ੍ਹਾਂ ਵਿਚੋਂ ਲਲਿਤ ਮਾਕਨ, ਅਰਜਨ ਦਾਸ ਤੇ ਇਕ ਦੋ ਹੋਰ ਕਾਤਲਾਂ ਨੂੰ ਖਾੜਕੂਆਂ ਨੇ ਕਤਲ ਕਰ ਕੇ ਸਜ਼ਾ ਦੇ ਦਿਤੀ ਸੀ।

ਇਹ ਕਿਤਾਬ ਇਸ ਕਤੇਲਆਮ ਬਾਰੇ ਬੜਾ ਕੀਮਤੀ ਵੇਰਵਾ ਪੇਸ਼ ਕਰਦੀ ਹੈ। ਇਸ ਵਿਚ ਬੇਗੁਨਾਹ ਸਿੱਖ ਔਰਤਾਂ, ਮਰਦਾਂ ਅਤੇ ਬੱਚਿਆਂ ਨੂੰ ਮਾਰਨ ਵਾਲੇ 200 ਦਹਿਸ਼ਤਗਰਦਾਂ ਦੇ ਨਾਂ ਵੀ ਸ਼ਾਮਿਲ ਹਨ। ਇਸ ਕਿਤਾਬ ਵਿਚ ਬੇਸ਼ੱਕ ਸ਼ਰੇਆਮ ਨਾਂ ਦਿੱਤੇ ਗਏ ਸਨ, ਪਰ ਇਨ੍ਹਾਂ ਵਿਚੋਂ ਕਿਸੇ ਵੀ ਦੋਸ਼ੀ ਨੂੰ ਸਜ਼ਾ ਨਹੀਂ ਮਿਲੀ। ਦੂਜੇ ਪਾਸੇ, ਰਾਜੀਵ ਗਾਂਧੀ ਨੇ ਇਨ੍ਹਾਂ ਵਿਚੋਂ ਕਈਆਂ ਨੂੰ ਵਜ਼ਾਰਤਾਂ ਤੇ ਅਹੁਦੇ ਤੇ ਤਰੱਕੀਆਂ ਦਿੱਤੀਆਂ ਸਨ। 2004 ਵਿਚ, ਰਾਜੀਵ ਗਾਂਧੀ ਦੀ ਵਿਧਵਾ ਸੋਨੀਆ ਗਾਂਧੀ ਦੀ ਹਦਾਇਤ 'ਤੇ, ਪ੍ਰਾਈਮ ਮਨਿਸਟਰ ਮਨਮੋਹਣ ਸਿੰਘ ਨੇ ਵੀ, ਇਨ੍ਹਾਂ ਕਾਤਲਾਂ ਨੂੰ ਤਰੱਕੀਆਂ ਤੇ ਅਹੁਦੇ ਦਿੱਤੇ ਸਨ, ਪਰ ਅਖ਼ੀਰ ਵਧੇਰੇ ਰੌਲਾ ਪੈਣ 'ਤੇ ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ ਤੇ ਸੱਜਨ ਕੁਮਾਰ ਨੂੰ ਅਹੁਦਿਆਂ ਤੋਂ ਹਟਾਉਣਾ ਪਿਆ।

ਮੁੰਦਾਵਣੀ: ਮੁੰਦਾਵਣੀ ਦਾ ਲਫ਼ਜ਼ੀ ਮਾਅਨਾ ਹੈ: ਮੁੰਦਣਾ; ਮੁਹਰ ਲਾ ਕੇ ਬੰਦ ਕਰਨਾ। ਗੁਰੂ ਗ੍ਰੰਥ ਸਾਹਿਬ ਦੇ ਅਖੀਰਲੇ ਸ਼ਬਦ (ਦੋ ਸਲੋਕਾਂ: ਥਾਲ ਵਿਚਿ ਤਿਨਿ ਵਸਤੂ...+ ਤੇਰਾ ਕੀਤਾ ਜਾਤੋ ਨਾਹੀ...) ਨੂੰ ਗੁਰੂ ਅਰਜਨ ਸਾਹਿਬ ਨੇ ਮੁੰਦਾਵਣੀ (ਮੁਹਰ) ਕਿਹਾ ਹੈ। ਕਿਸੇ ਚੀਜ਼ 'ਤੇ ਮੁਹਰ ਲਾਉਣ ਦਾ ਮਾਅਨਾ ਹੈ ਕਿ ਇਹ ਸਿੱਕੇਬੰਦ ਹੈ (ਪਾਸ ਹੈ, ਆਖ਼ਰੀ ਹੈ) ਅਤੇ ਇਸ ਤੋਂ ਮਗਰੋਂ ਕੋਈ ਹੋਰ ਚੀਜ਼ ਸ਼ਾਮਿਲ ਨਹੀਂ ਕੀਤੀ ਜਾ ਸਕਦੀ। (ਇਸੇ ਕਰ ਕੇ ਰਾਗ ਮਾਲਾ ਨੂੰ ਗੁਰਬਾਣੀ ਵਿਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ)। ਮੁੰਦਾਵਣੀ ਗੁਰੂ ਅਰਜਨ ਸਾਹਿਬ ਦੀ ਰਚਨਾ ਹੈ। ਮੁੰਦਾਵਣੀ ਵਿਚਲੇ ਦੋ ਸ਼ਬਦ ਇਹ ਹਨ:

> *ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥ ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥*
>
> *ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥ ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥ ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥ ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥ (ਸਫ਼ਾ 1429)*

ਇਨ੍ਹਾਂ ਸ਼ਬਦਾਂ ਦਾ ਮਾਅਨਾ ਹੈ:

> *ਜਿਸ (ਇਨਸਾਨ ਦੀ) ਰੂਹ ਵਿਚ ਸਚਾਈ, ਸੰਤੋਖ, ਵਿਚਾਰ ਹੋਣ, ਉਸ ਵਿਚ ਰੱਬ ਦਾ ਨਾਂ ਰੂਪੀ ਅੰਮ੍ਰਿਤ (ਜੋ ਜ਼ਿੰਦਗੀ ਦਾ ਮੂਲ ਤੱਤ ਹੈ) ਉਤਰ ਜਾਂਦਾ ਹੈ। ਜਿਹੜਾ ਇਨ੍ਹਾਂ ਚਹੁੰਆਂ ਨੂੰ ਰੂਹ ਵਿਚ ਵਸਾ ਲੈਂਦਾ ਹੈ, ਉਹ ਮੁਕਤੀ ਹਾਸਿਲ ਕਰਨ ਲੈਂਦਾ ਹੈ। ਇਹ ਖ਼ਜ਼ਾਨਾ ਛੋਡਣ ਵਾਲਾ ਨਹੀਂ ਤੇ ਇਸ ਨੂੰ ਸਦਾ ਮਨ ਵਿਚ ਵਸਾ ਕੇ ਰੱਖਣਾ ਚਾਹੀਦਾ ਹੈ। ਇਸ ਘੁੱਪ ਹਨੇਰੇ ਸੰਸਾਰ (ਦੇ ਡਰਾਉਣੇ ਸਮੁੰਦਰ) ਨੂੰ ਗੁਰੂ ਦੇ ਚਰਨ ਲਗ ਕੇ (ਉਸ ਦੀ ਸਿਖਿਆ 'ਤੇ ਅਮਲ ਕਰ ਕੇ) ਹੀ ਤਰਿਆ ਜਾ ਸਕਦਾ ਹੈ ਤੇ ਇਸ ਨਾਲ ਹੀ ਅਕਾਲ ਪੁਰਖ ਦੇ ਪਸਾਰੇ ਦੇ ਰਾਜ਼ (ਉਸ ਦੀ ਲੀਲ੍ਹਾ) ਦੀ ਸਮਝ ਪੈਂਦੀ ਹੈ।*

ਹੇ ਨਾਨਕ! (ਹੇ ਵਾਹਿਗੁਰੂ!) ਮੈਂ ਤੇਰੇ ਕੀਤੇ ਉਪਕਾਰ ਦੀ ਕਦਰ ਨਹੀਂ ਸਮਝ ਸਕਦਾ, (ਉਪਕਾਰ ਦੀ ਦਾਤਿ ਸਾਂਭਣ ਲਈ) ਤੂੰ (ਆਪ ਹੀ) ਮੈਨੂੰ ਇਸ ਕਾਬਿਲ ਬਣਾਇਆ ਹੈ। ਮੈਂ ਗੁਣ-ਹੀਨ ਵਿਚ ਕੋਈ ਗੁਣ ਨਹੀਂ ਹੈ। ਤੈਨੂੰ ਆਪ ਨੂੰ ਹੀ ਮੇਰੇ ਉੱਤੇ ਤਰਸ ਆ ਗਿਆ। ਤੇਰੇ ਮਨ ਵਿਚ ਮੇਰੇ ਵਾਸਤੇ ਤਰਸ ਪੈਦਾ ਹੋਇਆ, ਮੇਰੇ ਉੱਤੇ ਤੇਰੀ ਮਿਹਰ ਹੋਈ, ਤਾਂ ਮੈਨੂੰ ਸੱਜਣ ਗੁਰੂ ਮਿਲ ਪਿਆ। ਜਦੋਂ ਮੈਨੂੰ (ਤੇਰਾ) ਨਾਂ ਮਿਲਦਾ ਹੈ (ਤੈਨੂੰ ਚੇਤੇ ਕਰਦਾ ਹਾਂ) ਤਾਂ ਮੇਰੇ ਅੰਦਰ ਰੂਹਾਨੀਅਤ ਪੈਦਾ ਹੋ ਜਾਂਦੀ ਹੈ ਤੇ ਮੇਰਾ ਤਨ ਮੇਰਾ ਮਨ ਖਿੜ ਆਉਂਦਾ ਹੈ।

ਮੂਰਤੀ ਪੂਜਾ: ਮੂਰਤੀ ਪੂਜਾ ਤੋਂ ਭਾਵ ਦੇਵੀ/ ਦੇਵਤਿਆਂ ਦੇ ਬੁੱਤਾਂ ਜਾਂ ਮੂਰਤੀਆਂ ਦੀ ਪੂਜਾ ਤੋਂ ਹੈ। ਹਿੰਦੂ ਧਰਮ ਵਿਚ ਬੇਅੰਤ ਮਸਨੂਹੀ (ਮਨੋਕਲਪਿਤ) ਦੇਵੀ-ਦੇਵਤੇ ਹਨ। ਹੋਰ ਧਰਮਾਂ ਵਿਚ ਵੀ ਉਨ੍ਹਾਂ ਦੇ ਦੇਵੀ ਦੇਵਤਿਆਂ ਨੂੰ ਪੂਜਣ ਦਾ ਰਿਵਾਜ਼ ਹੈ। ਸਿੱਖ ਧਰਮ ਮੂਰਤੀ ਪੂਜਾ ਦੀ ਸਖ਼ਤ ਮਨਾਹੀ ਕਰਦਾ ਹੈ। ਸਿੱਖ ਨੂੰ ਕਿਸੇ ਵੀ ਹਾਲਤ ਵਿਚ ਕਿਸੇ ਵੀ ਮੂਰਤੀ ਅੱਗੇ ਪੂਜਾ ਤਾਂ ਕੀਹ ਸਿਰ ਝੁਕਾਉਣ ਤਕ ਦੀ ਵੀ ਮਨਾਹੀ ਹੈ। ਸਿੱਖ ਸਿਰਫ਼ ਇਕ ਵਾਹਿਗੁਰੂ ਅਤੇ ਉਸ ਦੇ ਸ਼ਬਦ (ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ) ਦੀ ਹੀ ਪੂਜਾ ਕਰ ਸਕਦਾ ਹੈ। (ਸਿੱਖ ਗੁਰੂ ਗ੍ਰੰਥ ਸਾਹਿਬ ਦੀ ਵੀ ਕਰਮ-ਕਾਂਡੀ ਅਖੌਤੀ-ਪੂਜਾ ਨਹੀਂ ਕਰਦੇ ਪਰ ਇਸ ਵਿਚਲੇ 'ਸ਼ਬਦ' ਨਾਲ ਪਿਆਰ ਤੇ ਉਸ ਦਾ ਸਤਿਕਾਰ ਕਰਦੇ ਹਨ)। ਸਿੱਖ ਤਾਂ ਗੁਰੂ ਸਾਹਿਬ ਦੀਆਂ ਤਸਵੀਰਾਂ ਦੀ ਪੂਜਾ ਵੀ ਨਹੀਂ ਕਰ ਸਕਦਾ। ਉਂਵ ਤਾਂ ਗੁਰੂ ਸਾਹਿਬਾਨ ਦੀ ਕੋਈ ਵੀ ਤਸਵੀਰ ਅਸਲੀ ਨਹੀਂ ਹੈ ਪਰ ਜੇ ਕਰ ਕੋਈ ਅਸਲੀ ਫ਼ੋਟੋ ਲੱਭ ਵੀ ਪਵੇ ਤਾਂ ਵੀ ਸਿੱਖ ਉਸ ਦੀ ਪੂਜਾ ਨਹੀਂ ਕਰ ਸਕਦਾ।

ਸਭ ਤੈ ਉਪਾਈ ਭਰਮ ਭੁਲਾਈ॥ ਜਿਸ ਤੂੰ ਦੇਵਹਿ ਤਿਸਹਿ ਬੁਝਾਈ॥ ਸਤਿਗੁਰੁ ਮਿਲੈ ਤ ਸਹਸਾ ਜਾਈ॥ ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ॥ ***ਏਕੈ ਪਾਥਰ ਕੀਜੈ ਭਾਉ॥ ਦੂਜੈ ਪਾਥਰ ਧਰੀਐ ਪਾਉ॥*** *ਜੇ ਓਹੁ ਦੇਉ ਤ ਓਹੁ ਭੀ ਦੇਵਾ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ॥ (ਸਫ਼ਾ 525)*

ਘਰ ਮਹਿ ਠਾਕੁਰੁ ਨਦਰਿ ਨ ਆਵੈ॥ ਗਲ ਮਹਿ ਪਾਹਣੁ ਲੈ ਲਟਕਾਵੈ॥ ਭਰਮੇ ਭੂਲਾ ਸਾਕਤੁ ਫਿਰਤਾ॥ ਨੀਰੁ ਬਿਰੋਲੈ ਖਪਿ ਖਪਿ ਮਰਤਾ॥ ਰਹਾਉ॥ ਜਿਸੁ ਪਾਹਣ ਕਉ ਠਾਕੁਰੁ ਕਹਤਾ॥ ਓਹੁ ਪਾਹਣੁ ਲੈ ਉਸ ਕਉ ਡੁਬਤਾ॥ ਗੁਨਹਗਾਰ ਲੂਣ ਹਰਾਮੀ॥ ***ਪਾਹਣ ਨਾਵ ਨ ਪਾਰਗਿਰਾਮੀ॥ ਗੁਰ ਮਿਲਿ ਨਾਨਕ ਠਾਕੁਰੁ ਜਾਤਾ॥*** *ਜਲਿ ਥਲਿ ਮਹੀਅਲਿ ਪੂਰਨ ਬਿਧਾਤਾ॥ (ਸਫ਼ਾ 738)*

ਜੋ, ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥ *ਜੋ, ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥ ਠਾਕੁਰੁ ਹਮਰਾ ਸਦ ਬੋਲੰਤਾ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ॥ (ਸਫ਼ਾ 1160)*

ਮੂਲ ਮੰਤਰ: ਮੂਲ ਦਾ ਮਾਅਨਾ ਹੈ; ਜੜ੍ਹ/ਮੁੱਢ ਅਤੇ ਮੰਤਰ ਦਾ ਮਾਅਨਾ ਹੈ: ਜਾਦੂ ਦਾ ਫ਼ਾਰਮੂਲਾ। ਕੁਝ ਲਿਖਾਰੀ ਇਹ ਲਫ਼ਜ਼ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਸ਼ਬਦ (੧ਓ...ਗੁਰਪ੍ਰਸਾਦਿ) ਵਾਸਤੇ ਵਰਤਦੇ ਹਨ। ਇਹ ਪੂਰਾ ਜਾਂ ਇਸ ਦਾ ਕੁਝ ਹਿੱਸਾ ਗੁਰੂ ਗ੍ਰੰਥ ਸਾਹਿਬ ਦੇ ਹਰ ਇਕ ਸ਼ਬਦ ਦੇ ਸ਼ੁਰੂ ਵਿਚ ਆਉਂਦਾ ਹੈ। ਅਸਲ ਵਿਚ, ਇਸ ਨੂੰ ਮੂਲ ਮੰਤਰ ਕਹਿਣਾ ਗ਼ਲਤ ਹੈ, ਬਲਕਿ ਇਹ ਮੰਗਲਾਚਰਨ ਹੈ, ਜੋ ਹਰ ਕਵੀ/ਲੇਖਕ ਕਿਸੇ ਰਚਨਾ ਨੂੰ ਸ਼ੁਰੂ ਕਰਨ ਵੇਲੇ 'ਅਰਦਾਸਿ' ਵਜੋਂ ਲਿਖਦਾ ਹੈ (ਇਸੇ

ਕਰ ਕੇ ਇਹ ਹਰ ਰਚਨਾ, ਵਾਰ, ਰਾਗ ਵਗ਼ੈਰਾ ਦੇ ਸ਼ੁਰੂ ਵਿਚ ਆਉਂਦਾ ਹੈ)। ਕੁਝ ਲਿਖਾਰੀ ਇਸ ਨੂੰ "ਸਿੱਖ ਧਾਰਮਿਕ ਫ਼ਲਸਫ਼ੇ ਦਾ ਸਾਰਾਂਸ਼/ਨਿਚੋੜ" ਵੀ ਕਹਿੰਦੇ ਹਨ ਪਰ ਇਹ ਸਹੀ ਨਹੀਂ ਹੈ। ਇਹ ਮੰਗਲਾਚਰਨ ਇੰਞ ਹੈ: "ੴ, ਸਤਿ ਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ ਸੈਭੰ, ਗੁਰ ਪ੍ਰਸਾਦਿ॥" (ਇਸ ਦਾ ਮਾਅਨਾ ਹੈ: ਰੱਬ ਇਕ, ਆਪਣੀ ਰਚਨਾ (ਦੁਨੀਆਂ/ਪਸਾਰਾ) ਸਣੇ ਹੈ; ਉਸ ਦਾ ਨਾਂ/ਹੋਂਦ ਸੱਚੀ ਹੈ; ਉਹ ਸਿਰਜਣਹਾਰ ਹੈ; ਉਹ ਡਰ ਤੋਂ ਪਰ੍ਹੇ ਹੈ (ਯਾਨਿ ਉਸ 'ਤੇ ਹੁਕਮ ਚਲਾਉਣ ਵਾਲਾ ਕੋਈ ਨਹੀਂ); ਉਹ ਦੁਸ਼ਮਣੀ ਤੋਂ ਪਰ੍ਹੇ ਹੈ, ਯਾਨਿ ਉਹ ਸਾਰਿਆਂ ਨੂੰ ਪਿਆਰ ਕਰਦਾ ਹੈ; ਉਹ ਕਾਲ ਦੀ ਪਕੜ ਤੋਂ ਆਜ਼ਾਦ ਹੈ, ਯਾਨਿ ਉਹ ਸਦੀਵੀ ਹੋਂਦ ਵਾਲਾ ਹੈ; ਉਹ ਜੀਵ ਵਜੋਂ ਜਨਮ ਨਹੀਂ ਲੈਂਦਾ (ਯਾਨਿ, ਉਹ ਮੌਤ ਅਤੇ ਜਨਮ ਤੋਂ ਪਰ੍ਹੇ ਹੈ); ਉਸ ਦੀ ਹੋਂਦ ਆਪਣੇ ਆਪ ਤੋਂ ਹੈ; ਉਸ ਨੂੰ ਗੁਰੂ ਦੀ ਕ੍ਰਿਪਾ ਦੁਆਰਾ ਸਮਝਿਆ/ਮਹਿਸੂਸ ਕੀਤਾ ਜਾ ਸਕਦਾ ਹੈ)।

ਭਾਈ ਗੁਰਦਾਸ ਜੀ ਨੇ ਆਪਣੀਆਂ ਕਵਿਤਾਵਾਂ ਵਿਚ 'ਮੰਤਰ' ਲਫ਼ਜ਼ ਵਰਤਿਆ ਹੈ, ਜਿਵੇਂ "ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ"। ਇੱਥੇ ਮੰਤਰ ਦਾ ਮਾਅਨਾ ਹੈ: 'ਮਤਿ, ਸਲਾਹ, ਸਿਖਿਆ, ਮਸ਼ਵਰਾ'। ਇਹ ਕੋਈ ਜਾਦੂਈ ਤਾਕਤ ਨਾਲ ਸਬੰਧਤ ਨੁਕਤਾ ਨਹੀਂ ਹੈ। ਇੱਥੇ ਇਸ ਤੋਂ ਮਤਲਬ ਇਹ ਹੈ ਕਿ ਸਿਰਫ਼ ਵਾਹਿਗੁਰੂ, ਰੱਬ, ਹੀ ਇਕ ਜਾਦੂ ਹੈ ਜਿਸ ਵਿਚ ਧਿਆਨ ਜੋੜਿਆਂ (ਜਿਸ ਦਾ ਨਾਂ ਜਪਿਆਂ) ਇਨਸਾਨ ਹਉਮੈ ਤੋਂ ਆਜ਼ਾਦ ਹੋ ਸਕਦਾ ਹੈ।

ਇਹ (ਅਖੌਤੀ) ਮੂਲ ਮੰਤਰ, ਹਿੰਦੂ ਮੰਤਰ ਦੇ ਕਿਸੇ ਅਖੌਤੀ 'ਮੰਤਰ' ਜਾਂ ਅਖੌਤੀ 'ਜਾਦੂਮਈ ਤਾਕਤ' ਦੀ ਤਰ੍ਹਾਂ ਨਹੀਂ ਹੈ। ਹਿੰਦੂਆਂ ਵਿਚ ਅਖੌਤੀ ਮੰਤਰ ਕਿਸੇ ਦੂਜੇ ਨੂੰ ਦੱਸਿਆ ਨਹੀਂ ਜਾਂਦਾ ਤੇ ਗੁਪਤ ਰੱਖਿਆ ਜਾਂਦਾ ਹੈ। ਪਰ ਜਿਸ ਸ਼ਬਦ ਨੂੰ ਸਿੱਖਾਂ ਦਾ (ਅਖੌਤੀ) ਮੂਲ ਮੰਤਰ ਕਿਹਾ ਜਾ ਰਿਹਾ ਹੈ ਉਹ ਗੁਪਤ ਨਹੀਂ ਹੈ ਅਤੇ ਹਰੇਕ ਲਈ ਸਾਂਝਾ ਹੈ। ਸਿੱਖ ਧਰਮ ਹਰੇਕ ਕਿਸਮ ਦੇ ਜਾਦੂ, ਮੰਤ੍ਰਾਂ, ਟੂਣਿਆਂ ਨੂੰ ਰੱਦ ਕਰਦਾ ਹੈ। ਸਿੱਖ ਫ਼ਲਸਫ਼ੇ ਵਿਚ, ਗੁਰਬਾਣੀ ਦੇ ਕਿਸੇ ਵੀ ਹਿੱਸੇ ਜਾਂ ਸ਼ਬਦ ਨੂੰ ਤਾਂਤਰਿਕ, ਗੁਪਤ, ਜਾਦੂਈ ਕਾਰਵਾਈ ਵਾਸਤੇ ਨਹੀਂ ਵਰਤਿਆ ਜਾ ਸਕਦਾ।

ਹਜ਼ਾਰਾਂ ਅਖੰਡ ਪਾਠ (ਸਹਿਜ ਪਾਠ ਵੀ), ਸੁਖਮਨੀ ਸਾਹਿਬ ਦੇ ਲੱਖਾਂ ਪਾਠ, ਅਖੌਤੀ ਮੂਲ-ਮੰਤਰ ਦੇ ਕਰੋੜਾਂ/ਅਰਬਾਂ ਪਾਠ ਵੀ ਅਖੌਤੀ ਮੰਤਰ ਨਹੀਂ ਬਣ ਜਾਂਦੇ। ਇਸੇ ਤਰ੍ਹਾਂ ਹੀ ਇਕ ਹੀ, ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਸਰੂਪਾਂ ਤੋਂ ਅਖੰਡ ਪਾਠ ਕਰਨਾ ਵੀ ਮੰਤਰ ਨਹੀਂ ਬਣ ਜਾਂਦਾ। ਜੇ ਕਰ ਅਸੀਂ ਬਾਣੀ ਦੇ ਮਾਅਨੇ ਨੂੰ ਨਹੀਂ ਸਮਝਦੇ ਅਤੇ ਬਾਣੀ ਦੀਆਂ ਸਿੱਖਿਆਵਾਂ ਮੁਤਾਬਿਕ ਜ਼ਿੰਦਗੀ ਬਤੀਤ ਨਹੀਂ ਕਰਦੇ ਤਾਂ ਇਸ ਸਾਰਾ ਕੁਝ ਦਾ ਕੋਈ ਫ਼ਾਇਦਾ ਨਹੀਂ।

ਮੇਲਾ:- ਕੁਝ ਮਿਥਿਹਾਸਕ, ਇਤਿਹਾਸਕ, ਸਮਾਜਿਕ ਜਾਂ ਮੌਸਮੀ ਤਬਦੀਲੀ ਦੇ ਮੌਕਿਆਂ 'ਤੇ ਮਨਾਏ ਜਾਣ ਵਾਲੇ ਸਮਾਗਮਾਂ/ਜਸ਼ਨਾਂ ਨੂੰ ਮੇਲਾ ਕਿਹਾ ਜਾਂਦਾ ਹੈ। ਆਮ ਲੱਫ਼ਾਜ਼ੀ ਵਿਚ ਮੇਲਾ ਧਾਰਮਿਕ ਸਮਾਗਮਾਂ, ਖਾਣੇ, ਨਾਚ, ਗਾਣੇ ਅਤੇ ਹੋਰ ਮੌਜ ਮਸਤੀ ਨੂੰ ਮਾਨਣ ਦਾ ਇਕ ਮੌਕਾ ਹੁੰਦਾ ਹੈ। ਪਰ, ਸਿੱਖ ਆਪਣੇ ਤਵਾਰੀਖ਼ੀ ਦਿਨਾਂ ਨੂੰ ਰੰਗਰਲੀਆਂ ਮਨਾ ਕੇ ਜਾਂ ਮੌਜ ਮਸਤੀਆਂ ਕਰ ਕੇ ਨਹੀਂ ਮਨਾਉਂਦੇ। ਵੱਡੇ ਇੱਕਠ ਕਰਨੇ, ਖਾਣਾ-ਪੀਣਾ, ਨੱਚਣਾ-ਟੱਪਣਾ, ਰੰਗਰਲੀਆਂ ਮਨਾਉਣਾ, ਹੁੱਲੜਬਾਜ਼ੀ ਕਰਨਾ, ਖਰੂਦ ਮਚਾਉਣਾ ਅਤੇ ਉਨ੍ਹਾਂ ਕਾਰਵਾਈਆਂ ਦੀ ਨੁਮਾਇਸ਼ ਕਰਨਾ, ਜੋ ਝਗੜੇ ਤੇ

ਮਸਲੇ ਪੈਦਾ ਕਰਨ, ਇਹ ਸਭ ਸਿੱਖ ਕਲਚਰ ਦਾ ਹਿੱਸਾ ਨਹੀਂ ਹਨ। ਹਾਂ, ਸਿੱਖ ਵੀ 'ਮੇਲਾ' ਮਨਾਉਂਦੇ ਹਨ। ਸਿੱਖਾਂ ਵਿਚ ਮੇਲਾ ਜਾਂ ਸ਼ਹੀਦੀ ਜੋੜ ਮੇਲਾ (ਜੋ ਕੀਰਤਨ ਕਰ ਕੇ, ਬਹਾਦਰ ਸੂਰਬੀਰਾਂ ਦੀਆਂ ਕਹਾਣੀਆਂ ਸੁਣਾ ਕੇ, ਕਥਾ ਕਰ ਕੇ ਅਤੇ ਸਿੱਖ ਤਵਾਰੀਖ਼ ਅਤੇ ਸਿੱਖ ਫ਼ਲਸਫ਼ੇ ਬਾਰੇ ਵਿਦਵਾਨਾਂ ਦੇ ਲੈਕਚਰ ਕਰਵਾ ਕੇ ਮਨਾਇਆ ਜਾਂਦਾ ਹੈ। ਸ਼ਹੀਦੀ ਜੋੜ ਮੇਲਾ, ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ ਦੀ ਯਾਦ ਵਿਚ ਅਤੇ ਸਿੱਖ ਸ਼ਹੀਦਾਂ ਦੀ ਯਾਦ ਵਿਚ ਮਨਾਇਆ ਜਾਂਦਾ ਹੈ)।

ਮੈਕਾਲਿਫ਼: ਮੈਕਸ ਆਰਥਰ ਮੈਕਾਲਿਫ਼ (25.9.1837-15.3.1913) ਦਾ ਜਨਮ 1837 ਵਿਚ ਆਇਰਲੈਂਡ ਵਿਚ ਹੋਇਆ ਸੀ। ਪੜ੍ਹਾਈ ਖ਼ਤਮ ਕਰਨ ਮਗਰੋਂ, ਉਸ ਨੇ ਬ੍ਰਿਟਿਸ਼ ਸਰਕਾਰ ਦੀ ਨੌਕਰੀ ਸ਼ੁਰੂ ਕੀਤੀ ਅਤੇ 1864 ਵਿਚ ਪੰਜਾਬ ਵਿਚ ਆ ਗਿਆ। 1882 ਵਿਚ ਉਹ ਡਿਪਟੀ ਕਮਿਸ਼ਨਰ ਬਣ ਗਿਆ। ਇਸ ਦੌਰਾਨ ਉਸ ਨੂੰ ਸਿੱਖ ਧਰਮ ਵਿਚ ਦਿਲਚਸਪੀ ਹੋ ਗਈ। ਪ੍ਰੋ: ਗੁਰਮੁਖ ਸਿੰਘ ਨੇ ਮੈਕਾਲਿਫ਼ ਨੂੰ ਸਿੱਖ ਧਰਮ ਬਾਰੇ ਚੋਖੀ ਵਾਕਫ਼ੀ ਦਿੱਤੀ। 1883 ਵਿਚ, ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਪੜ੍ਹਾਈ ਵੀ ਸ਼ੁਰੂ ਕਰ ਦਿੱਤੀ। ਉਸ ਨੂੰ ਸਿੱਖ ਧਰਮ ਤੇ ਫ਼ਲਸਫ਼ੇ ਨਾਲ ਏਨਾ ਲਗਾਵ ਹੋ ਗਿਆ ਕਿ ਉਸ ਨੇ 1893 ਵਿਚ ਸਿੱਖ ਧਰਮ ਦੇ ਪੂਰੇ ਮੁਤਾਲੀਏ ਲਈ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਚੰਗੀ ਤਰ੍ਹਾਂ ਸਿੱਖੀ ਬਾਰੇ ਜਾਣਨ ਮਗਰੋਂ ਉਸ ਨੇ ਆਪਣੀ ਕਿਤਾਬ 'ਸਿੱਖ ਧਰਮ' ਲਿਖਣੀ ਸ਼ੁਰੂ ਕੀਤੀ। ਇਹ ਕਿਤਾਬ 1909 ਵਿਚ ਛੇ ਜਿਲਦਾਂ ਵਿੱਚ ਛਪੀ ਸੀ। ਇਹ ਇੱਕ ਗ਼ੈਰ-ਸਿੱਖ ਵੱਲੋਂ ਕੀਤਾ ਗਿਆ ਇਕ ਕਾਬਲੇ-ਤਾਰੀਫ਼ ਕੰਮ ਹੈ। ਮੈਕਾਲਿਫ਼ ਨੇ ਬ੍ਰਿਟੈਨਿਕਾ ਐਨਸਾਈਕਲੋਪੀਡੀਆ ਅਤੇ ਹੋਰ ਰੈਫ਼ਰੈਂਸ ਕਿਤਾਬਾਂ ਵਾਸਤੇ, ਸਿੱਖ ਧਰਮ ਬਾਰੇ ਕੀਮਤੀ ਲੇਖ ਵੀ ਲਿਖੇ ਸਨ। ਆਪ ਨੇ ਆਪਣੀ ਉਮਰ ਦੇ ਆਖ਼ਰੀ ਸਾਲ ਬਰਤਾਨੀਆ ਵਿਚ ਬਿਤਾਏ ਸਨ।

ਮੈਂ: ਮੈਂ ਦਾ ਮਤਲਬ ਹੈ ਨਿਜ, ਆਪਣਾ-ਆਪ। ਮੈਂ ਦੋ ਸੋਚ ਵਿਚ ਆਪਣੇ ਬਾਰੇ, ਆਪਣਾ ਲਾਭ, ਆਪਣੀਆਂ ਖ਼ਾਹਿਸ਼ਾਂ, ਆਪਣੀ ਸੋਚ, ਆਪਣੀਆਂ ਜ਼ਰੂਰਤਾਂ, ਆਪਣੇ ਹਿਤ, ਆਪਣੇ ਸਬੰਧੀ ਗੱਲਾਂ ਕਰਨਾ ਤੇ ਇਸ ਵਾਸਤੇ ਹੱਥ-ਪੈਰ ਮਾਰਨਾ ਹੁੰਦਾ ਹੈ। ਮੈਂ, ਮੇਰਾ, ਮੈਨੂੰ, ਇਹ ਹਉਮੈ ਅਤੇ ਹੰਕਾਰ ਦਾ ਮੂਲ ਹੈ। ਸਿੱਖ ਫ਼ਲਸਫ਼ੇ ਮੁਤਾਬਿਕ ਇਨਸਾਨ ਦੇ ਸਾਰੇ ਮਸਲਿਆਂ ਦਾ ਮੂਲ ਕਾਰਨ ਮੈਂ, ਯਾਨਿ ਖ਼ੁਦਗਰਜ਼ੀ, ਹੈ। ਮੁਕਤੀ ਹਾਸਿਲ ਕਰਨ ਵਾਸਤੇ ਸਿੱਖ ਨੂੰ ਆਪਣੇ ਅੰਦਰੋਂ ਇਸ 'ਮੈਂ' ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਹੋਰ ਦੇਖੋ: **ਹਉਮੈ** 83

ਮੋਹ: ਮੋਹ ਉਨ੍ਹਾਂ ਪੰਜ ਵਿਕਾਰਾਂ ਵਿਚੋਂ ਇਕ ਹੈ ਜਿਨ੍ਹਾਂ ਉੱਤੇ ਸਿੱਖ ਨੂੰ ਕਾਬੂ ਪਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਕ ਸਿੱਖ ਨੂੰ ਆਪਣੇ ਪਰਿਵਾਰ, ਮਿੱਤਰਾਂ ਅਤੇ ਧਨ ਵਗ਼ੈਰਾ ਨਾਲ ਮੋਹ ਨਹੀਂ ਕਰਨਾ ਚਾਹੀਦਾ; ਇਨ੍ਹਾਂ ਨਾਲ ਪਕੜ ਨਹੀਂ ਰੱਖਣੀ ਚਾਹੀਦੀ। ਮੋਹ ਭਾਵੇਂ ਕਿਸੇ ਵੀ ਕਿਸਮ ਦਾ ਹੋਵੇ ਇਨਸਾਨ ਨਾਲ ਚੰਬੜ ਜਾਂਦਾ ਹੈ ਤੇ ਉਸ ਨੂੰ ਉੱਥੋਂ ਹਿੱਲਣ ਜਾਂ ਅੱਗੇ ਜਾਣ ਤੋਂ ਰੋਕਦਾ ਹੈ। ਮੋਹ, ਮੁਕਤੀ (ਦੁਨੀਆਵੀ ਬੰਧਨਾਂ/ਪਕੜ ਤੋਂ ਆਜ਼ਾਦੀ) ਦੇ ਰਸਤੇ ਵਿਚ ਇਕ ਵੱਡੀ ਰੁਕਾਵਟ ਹੈ।

ਮੋਰਚਾ: ਇਸ ਦਾ ਲਫ਼ਜ਼ੀ ਮਾਅਨਾ ਹੈ: ਟੋਆ/ਟੋਇਆ। ਅਠਾਰ੍ਹਵੀਂ ਸਦੀ ਦੌਰਾਨ, ਸਿੱਖਾਂ ਨੂੰ ਮੁਗ਼ਲ ਫ਼ੌਜਾਂ ਦੇ ਖ਼ਿਲਾਫ਼ ਗੁਰੀਲਾ ਲੜਾਈ ਲੜਨੀ ਪਈ ਸੀ। ਬਹੁਤੀਆਂ ਝੜਪਾਂ ਜਾਂ ਲੜਾਈਆਂ ਦੌਰਾਨ ਸਿੱਖਾਂ ਦੀ ਗਿਣਤੀ ਬਹੁਤ ਘਟ ਹੁੰਦੀ ਸੀ ਇਸ ਕਰ ਕੇ ਸਿੱਖਾਂ ਨੂੰ ਆਪਣੇ ਆਪ ਨੂੰ ਉਦੋਂ ਤਕ ਲੁਕਾ ਕੇ ਰੱਖਣਾ ਪੈਂਦਾ ਸੀ

ਜਦੋਂ ਤੱਕ ਮੁਗ਼ਲ ਫ਼ੌਜ ਉਨ੍ਹਾਂ ਦੇ ਨੇੜੇ ਨਾ ਪਹੁੰਚ ਜਾਵੇ। ਆਮ ਤੌਰ ਤੇ ਇੱਕ ਸਿੱਖ ਨੂੰ ਦੁਸ਼ਮਣ ਦੇ ਦਸ, ਵੀਹ ਜਾਂ ਕਈ ਵਾਰ ਪੰਜਾਹ-ਪੰਜਾਹ ਬੰਦਿਆਂ ਨਾਲ ਵੀ ਲੜਨਾ ਪੈਂਦਾ ਸੀ। ਇੱਕ ਸਿੱਖ ਇਸ ਗਿਣਤੀ ਨਾਲ ਅਸਾਨੀ ਨਾਲ ਲੜ ਸਕਦਾ ਸੀ। ਪਹਿਲਾਂ (ਜੰਗੀ ਬੋਲੀ ਵਿਚ) ਛੁਪ ਕੇ, ਜ਼ਮੀਨ ਵਿਚ ਟੋਆ ਪੁੱਟ ਕੇ, ਦਰਖ਼ਤਾਂ ਪਿੱਛੋਂ ਜਾਂ ਕਿਸੇ ਹੋਰ ਤਰੀਕੇ ਨਾਲ ਹਮਲਾ ਕਰਨਾ ਮੋਰਚਾ ਲਾਉਣ ਵਿਚ ਹੀ ਗਿਣਿਆ ਜਾਂਦਾ ਸੀ।

ਅੱਜ ਦੇ ਸਮੇਂ ਵਿੱਚ ਮੋਰਚਾ ਲਫ਼ਜ਼ ਐਜੀਟੇਸ਼ਨਾਂ ਵਾਸਤੇ ਵੀ ਵਰਤਿਆ ਜਾਂਦਾ ਹੈ। ਇਸ ਮਾਅਨੇ ਵਿਚ ਸਭ ਤੋਂ ਪਹਿਲਾ ਮੋਰਚਾ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਗੁਰਦੁਆਰਾ ਰਕਾਬ ਗੰਜ (1914) ਦੀ ਕੰਧ ਦੀ ਦੁਬਾਰਾ ਉਸਾਰੀ ਲਈ ਸ਼ੁਰੂ ਕੀਤਾ ਗਿਆ ਸੀ। ਇਸ ਲਹਿਰ ਦੌਰਾਨ ਮੋਰਚੇ ਦੀ ਪਹਿਲੀ ਕਾਮਯਾਬੀ ਜੁਲਾਈ 1920 ਵਿਚ ਗੁਰਦੁਆਰਾ ਚੁਮਾਲਾ ਸਾਹਿਬ (ਲਾਹੌਰ) ਦਾ ਇੰਤਜ਼ਾਮ ਪੰਥਕ ਹੱਥਾਂ ਵਿਚ ਲੈਣ ਸਮੇਂ ਹੋਈ ਸੀ। ਪਰ ਪਹਿਲਾ ਰਸਮੀ ਸਿੱਖ ਮੋਰਚਾ, ਜਿਸ ਵਿਚ ਗ੍ਰਿਫ਼ਤਾਰੀਆਂ ਦਿੱਤੀਆਂ ਗਈਆਂ ਸਨ, ਚਾਬੀਆਂ ਦਾ ਮੋਰਚਾ (1921) ਸੀ। ਮਸ਼ਹੂਰ ਸਿੱਖ ਮੋਰਚੇ ਸਨ: ਚਾਬੀਆਂ ਦਾ ਮੋਰਚਾ (1921), ਗੁਰੂ ਦਾ ਬਾਗ਼ ਮੋਰਚਾ (1922), ਜੈਤੋ ਮੋਰਚਾ (1923-25), ਭਾਈ ਫੇਰੂ ਮੋਰਚਾ (1924), ਕਿਰਪਾਨ ਮੋਰਚਾ (1936), ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚਾ (1955), ਪੰਜਾਬੀ ਸੂਬਾ (1960-61), ਚੰਡੀਗੜ੍ਹ ਪੰਜਾਬ ਨੂੰ ਦਿਵਾਉਣ ਵਾਸਤੇ ਮੋਰਚਾ (1969), ਧਰਮ ਯੁੱਧ ਮੋਰਚਾ (1982-84)।

ਮੌਤ: ਸਿੱਖ ਧਰਮ ਵਿਚ ਮੌਤ, ਸੁਆਸਾਂ ਤੇ ਦਿਲ ਦੀ ਧੜਕਣ ਦਾ ਬੰਦ ਹੋਣਾ ਅਤੇ ਰੂਹ ਦਾ ਜਿਸਮ ਤੋਂ ਅੱਲਗ ਹੋਣਾ ਹੈ। ਇਨਸਾਨੀ ਜ਼ਿੰਦਗੀ ਦੀ ਮਿਆਦ ਪਹਿਲਾਂ ਤੋਂ ਹੀ ਲਿਖੀ (ਨੀਅਤ) ਹੁੰਦੀ ਹੈ। ਮੌਤ ਇਕ ਅਟਲ ਸਚਾਈ ਹੈ। ਸਿੱਖ ਧਰਮ ਵਿਚ, ਮੌਤ ਉਦਾਸੀ ਵਾਲਾ ਮੁਕਾਮ ਨਹੀਂ ਹੈ, ਸਗੋਂ ਇਹ ਤਾਂ ਆਤਮਾ ਦੇ ਪਰਮਾਤਮਾ ਨਾਲ ਮਿਲਣ ਦਾ ਮੁਕਾਮ ਹੈ। ਇਸ ਕਰ ਕੇ ਇਹ ਅਫ਼ਸੋਸ ਜਾਂ ਦੁਖ ਵਾਲੀ ਗੱਲ ਨਹੀਂ ਹੋ ਸਕਦੀ। ਸੋ, ਸਿੱਖ ਨੂੰ ਆਪਣੇ ਕਿਸੇ ਪਿਆਰੇ ਜਾਂ ਸਕੇ ਸਬੰਧੀ ਦੀ ਮੌਤ ਸਮੇਂ ਦੁਖੀ ਨਹੀਂ ਹੋਣਾ ਚਾਹੀਦਾ ਤੇ ਨਾ ਹੀ ਵਿਰਲਾਪ ਕਰਨਾ ਚਾਹੀਦਾ ਹੈ।(ਭਾਵੇਂ ਕੁਝ ਬੇਸਮਝ ਸਿੱਖ ਗੁਰੂ ਸਾਹਿਬ ਦੇ ਹੁਕਮ ਨੂੰ ਨਹੀਂ ਮੰਨਦੇ)। ਜਦੋਂ ਪਰਿਵਾਰ ਵਿਚ ਕਿਸੇ ਦੀ ਮੌਤ ਹੁੰਦੀ ਹੈ ਤਾਂ, ਵਿਰਲਾਪ ਕਰਨ ਦੀ ਥਾਂ, ਸਿੱਖ ਨੂੰ ਰੱਬ ਦੀ ਸਿਫ਼ਤ ਵਿਚ ਸ਼ਬਦਾਂ ਦਾ ਕੀਰਤਨ ਕਰਨਾ ਚਾਹੀਦਾ ਹੈ, ਜੋ ਹਰੇਕ ਇਨਸਾਨ ਦੇ ਪੈਦਾ ਹੋਣ ਤੇ ਟੁਰ ਜਾਣ ਦਾ ਕਾਰਨ ਹੈ। ਮੌਤ ਰੱਬ ਦਾ ਭਾਣਾ ਹੈ। ਸਿੱਖ ਵਾਸਤੇ ਰੱਬ ਦੇ ਭਾਣੇ ਅੱਗੇ ਸਿਰ ਝੁਕਾਉਣਾ ਲਾਜ਼ਮੀ ਹੈ। ਇੰਞ ਹੀ, ਮੌਤ ਤੋਂ ਬਾਅਦ ਬਰਸੀ ਮਨਾਉਣਾ ਜਾਂ ਸ਼ਰਾਧ ਕਰਨਾ ਵੀ ਸਿੱਖ ਧਰਮ ਵਿਚ ਮਨ੍ਹਾ ਹੈ। ਸ਼ਹੀਦਾਂ ਦੇ ਮਾਮਲੇ ਵਿਚ ਵੀ ਸਿੱਖ ਸ਼ਹੀਦੀ ਜੋੜ ਮੇਲਾ ਮਨਾਉਂਦੇ ਹਨ (ਨਾ ਕਿ ਬਰਸੀ), ਜਿਸ ਦਾ ਮਕਸਦ ਉਨ੍ਹਾਂ ਦੀ ਕੁਰਬਾਨੀ/ਸੇਵਾ ਨੂੰ ਯਾਦ ਕਰਨਾ ਹੈ, ਨਾ ਕਿ ਟੁਰ ਜਾਣ ਦਾ ਸੋਗ ਮਨਾਉਣਾ ਹੈ। ਸਿੱਖ ਧਰਮ ਵਿਚ, ਮਰ ਜਾਣ ਪਿੱਛੋਂ ਇਨਸਾਨ ਦੀ ਦੇਹ ਦੀ ਕੋਈ ਮਹਾਨਤਾ ਜਾਂ ਪਵਿੱਤਰਤਾ ਜਾਂ ਕੀਮਤ ਨਹੀਂ ਹੈ। ਇਹ ਸਰੀਰ ਤਾਂ ਪੰਜ ਤੱਤਾਂ (ਪਉਣ, ਪਾਣੀ, ਅੱਗ, ਹਵਾ, ਆਕਾਸ਼) ਤੋਂ ਬਣਿਆ ਹੁੰਦਾ ਹੈ ਤੇ ਇਹ ਤੱਤ ਮੌਤ ਪਿੱਛੋਂ ਆਪਣੇ ਮੂਲ ਵਿਚ ਸਮਾ ਜਾਂਦੇ ਹਨ।

ਪਉਣੈ ਪਾਣੀ ਅਗਨੀ ਕਾ ਮੇਲੁ॥ ਚੰਚਲ ਚਪਲ ਬੁਧਿ ਕਾ ਖੇਲੁ॥...

ਦੇਹੀ ਮਾਟੀ ਬੋਲੈ ਪਉਣੁ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ॥ (ਸਫ਼ਾ 152)

ਰਯਤਿ ਮਹਰ ਮੁਕਦਮ ਸਿਕਦਾਰੈ॥ ਨਿਹਚਲੁ ਕੋਇ ਨ ਦਿਸੈ ਸੰਸਾਰੈ॥ ਅਫਰਿਉ ਕਾਲੁ ਕੂੜੁ ਸਿਰਿ ਮਾਰੈ॥ ਨਿਹਚਲੁ ਏਕੁ ਸਚਾ ਸਚੁ ਸੋਈ॥ ਜਿਨਿ ਕਰਿ ਸਾਜੀ ਤਿਨਹਿ ਸਭ ਗੋਈ॥ (ਸਫ਼ਾ 227)

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥ ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ॥ (ਸਫ਼ਾ 474)

ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੂਚੁ ਰਹਨੁ ਥਿਰੁ ਨਾਹੀ॥ ਸੰਗੁ ਚਲਤ ਹੈ ਹਮ ਭੀ ਚਲਨਾ॥ ਦੂਰਿ ਗਵਨੁ ਸਿਰ ਊਪਰਿ ਮਰਨਾ॥ ਕਿਆ ਤੂ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥ (ਸਫ਼ਾ 793)

ਬਾਰੇ ਬੂਢੇ ਤਰੁਨੇ ਭਈਆ, ਸਭ ਹੂ ਜਮੁ ਲੈ ਜਈਹੈ ਰੇ ॥ ਮਾਨਸੁ ਬਪੁਰਾ ਮੂਸਾ ਕੀਨੋ, ਮੀਚੁ ਬਿਲਈਆ ਖਈਹੈ ਰੇ॥ (ਸਫ਼ਾ 855)

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥ (ਸਫ਼ਾ 1239)

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥ ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥ ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥ (ਸਫ਼ਾ 1427)

ਸਿੱਖ ਮਰੇ ਹੋਏ ਸਰੀਰਾਂ ਦਾ ਸਸਕਾਰ ਕਰ ਕੇ ਅਸਥੀਆਂ ਨੇੜੇ ਵਗਦੇ ਪਾਣੀ ਵਿਚ ਪ੍ਰਵਾਹ ਕਰ ਦੇਂਦੇ ਹਨ। ਇਸ ਮਕਸਦ ਲਈ ਕੋਈ ਪਾਣੀ, ਦਰਿਆ, ਨਦੀ, ਥਾਂ, ਦਿਨ, ਸਮਾਂ, ਦਿਸ਼ਾ ਆਦਿ ਪਵਿੱਤਰ ਨਹੀਂ ਹਨ। ਕੁਝ ਬੇਸਮਝ ਸਿੱਖ ਅਸਥੀਆਂ ਉਚੇਚੇ ਕੀਰਤਪੁਰ ਸਾਹਿਬ ਵਿਖੇ ਜਲ ਪ੍ਰਵਾਹ ਕਰਨ ਜਾਂਦੇ ਹਨ, ਇਹ ਵੀ ਜੇ ਰਿਵਾਇਤ ਵਜੋਂ ਕੀਤਾ ਜਾਂਦਾ ਹੈ ਤਾਂ ਅ-ਸਿੱਖ ਹਰਕਤ ਹੈ।

ਹੋਰ ਦੇਖੋ: ਸਸਕਾਰ

ਮੰਗਲਾਚਰਨ: ਦੇਖੋ: **ਮੂਲ ਮੰਤਰ** 260

ਮੰਤਰ: ਦੇਖੋ: **ਮੂਲ ਮੰਤਰ**

ਯੁਗ: ਬ੍ਰਾਹਮਣੀ (ਹਿੰਦੂ) ਧਰਮ ਦੁਨੀਆਂ ਦੀ ਸਾਰੀ ਤਵਾਰੀਖ਼ ਨੂੰ ਚਾਰ ਯੁਗਾਂ ਵਿੱਚ ਵੰਡਦਾ ਹੈ: ਸਤਯੁੱਗ, ਤਰੇਤਾ, ਦੁਆਪਰ ਅਤੇ ਕਲਯੁਗ। ਇਸ ਮੁਤਾਬਿਕ ਅਖੌਤੀ ਸਤਯੁੱਗ (ਲਫ਼ਜ਼ੀ ਮਾਅਨਾ: ਸਚਾਈ ਦਾ ਜ਼ਮਾਨਾ) ਦਾ ਸਮਾਂ 17 ਲੱਖ 28 ਹਜ਼ਾਰ ਸਾਲ ਸੀ। ਤਰੇਤਾ ਯੁੱਗ (ਜਦੋਂ ਤਿੰਨ ਹਿੱਸੇ ਸੱਚ ਸੀ ਅਤੇ ਇੱਕ ਹਿੱਸਾ ਝੂਠ ਸੀ) ਦਾ ਸਮਾਂ/ਮਿਆਦ 12 ਲੱਖ 96 ਹਜ਼ਾਰ ਸਾਲ ਸੀ। ਦੁਆਪੁਰ/ਦਵਾਪਰ ਯੁੱਗ (ਉਹ ਜ਼ਮਾਨਾ ਜਦੋਂ ਸਚਾਈ ਅੱਧੀ ਰਹਿ ਗਈ ਭਾਵ ਸੱਚ ਅਤੇ ਝੂਠ ਅੱਧੇ-ਅੱਧੇ ਰਹਿ ਗਏ) ਦੀ ਉਮਰ 8 ਲੱਖ 64 ਹਜ਼ਾਰ ਸਾਲ ਸੀ। ਕਲਯੁੱਗ, ਅਜੋਕਾ ਯੁਗ, (ਰੂਹਾਨੀ ਅਗਿਆਨਤਾ/ਹਨੇਰੇ/ਪੂਰੇ ਝੂਠ ਦਾ ਜ਼ਮਾਨਾ), ਦੀ ਉਮਰ 4 ਲੱਖ 32 ਹਜ਼ਾਰ ਸਾਲ

ਹੈ। ਇਹ ਸਾਰੀ ਕਾਲ ਵੰਡ ਨਿਰੋਲ ਕਲਪਨਾ ਹੈ।

ਸਿੱਖ ਧਰਮ ਇਸ ਕਾਲ ਵੰਡ ਨੂੰ ਰੱਦ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਯੁੱਗਾਂ ਬਾਰੇ ਦਿੱਤੇ ਗਏ ਹਵਾਲਿਆਂ ਦਾ ਮਤਲਬ ਇਹ ਨਹੀਂ ਕਿ ਸਿੱਖ ਧਰਮ ਇਸ ਨੂੰ ਮੰਨਦਾ ਹੈ। ਇਹ ਹਵਾਲੇ ਲੋਕ ਬੋਲੀ ਵਿਚ ਮਿਲਦੀ ਜਾਣਕਾਰੀ ਦੇ ਹਵਾਲੇ ਵਜੋਂ ਹਨ ਨਾ ਕਿ ਸਿਧਾਂਤਕ। ਸਿੱਖ ਧਰਮ ਵਿਚ, ਸਤਯੁੱਗ ਦਾ ਮਾਅਨਾ ਹੈ: ਰੱਬ ਦੇ ਨਾਂ ਵਿਚ ਲਿਵ ਲਾਉਣਾ ਅਤੇ ਸੱਚਾ ਜੀਵਨ ਜਿਊਣਾ ਹੈ ਅਤੇ ਕਲਯੁੱਗ ਦਾ ਮਾਅਨਾ ਹੈ: ਪਾਪਾਂ ਦੀ ਜ਼ਿੰਦਗੀ (ਜਦੋਂ ਚੰਗਿਆਈ, ਸਚਾਈ ਅਤੇ ਧਾਰਮਿਕਤਾ ਅਲੋਪ ਹੋ ਜਾਂਦੀ ਹੈ, ਯਾਨਿ ਜਦੋਂ ਇਨਸਾਨ ਰੱਬ ਦੇ ਨਿਰਮਲ ਭਉ ਤੋਂ ਦੂਰ ਚਲਿਆ ਜਾਂਦਾ ਹੈ)। ਸਤਯੁਗ ਰੂਹਾਨੀ ਗਿਆਨ ਹੈ ਅਤੇ ਕਲਯੁੱਗ ਮਨ ਦਾ ਹਨੇਰਾ ਹੈ। ਗੁਰੂ ਸਾਹਿਬ ਯੁੱਗਾਂ ਦੀ ਵੰਡ ਨੂੰ ਨਹੀਂ ਮੰਨਦੇ। ਪੱਛਮੀ ਦੁਨੀਆਂ ਵਿਚ ਯੁਗਾਂ ਦੀ ਵੰਡ ਇਸ ਤੋਂ ਵੀ ਅਲੱਗ ਤਰ੍ਹਾਂ ਦੀ ਹੈ; ਉਹ ਇੰਞ ਹੈ: ਸੁਨਹਿਰੀ, ਚਾਂਦੀ, ਕਾਂਸੀ ਅਤੇ ਲੋਹਾ ਯੁੱਗ।

ਯੋਗ/ਯੋਗਾ: ਯੋਗ/**ਜੋਗ** ਦਾ ਲਫ਼ਜ਼ੀ ਮਾਅਨਾ ਹੈ: "ਜੋੜਨਾ/ਮਿਲਾਉਣਾ"। ਯੋਗ ਦੇ ਹਿਮਾਇਤੀ, ਖ਼ਾਸ ਤੌਰ 'ਤੇ ਹਠ-ਯੋਗ ਵਾਲੇ, ਇਹ ਯਕੀਨ ਰਖਦੇ ਹਨ ਕਿ ਯੋਗ, ਇਨਸਾਨ ਨੂੰ ਆਪਣੇ ਮਨ ਨੂੰ ਕਾਬੂ ਵਿਚ ਕਰਨ ਤੇ ਜ਼ਾਬਤੇ ਵਿਚ ਲਿਆਉਣ ਵਾਸਤੇ, ਅਤੇ ਆਪਣੇ ਜਿਸਮ ਤੇ ਇੰਦਰੀਆਂ ਨੂੰ ਕੰਟਰੋਲ ਵਿਚ ਕਰਨ ਵਿਚ ਮਦਦ ਕਰਦਾ ਹੈ, ਜੋ ਕਿ ਯੋਗਾ ਦਾ ਮੁੱਖ ਮਕਸਦ ਹੈ। ਪਰ, ਸਿੱਖ ਧਰਮ ਵਿਚ, ਇਸ ਨਿਸ਼ਾਨੇ ਨੂੰ ਹਾਸਿਲ ਕਰਨ ਵਾਸਤੇ ਵੱਖਰਾ ਤਰੀਕਾ ਹੈ। ਸਿੱਖ ਧਰਮ ਰੱਬ 'ਤੇ ਯਕੀਨ ਦਾ ਧਰਮ ਹੈ ਅਤੇ ਦੂਜਾ, ਮਨ ਨੂੰ ਜਿੱਤਣ ਵਾਸੇ ਸਿਰਫ਼ ਨਾਂ ਜਪਣਾ ਹੀ ਮਦਦ ਦੇਂਦਾ ਹੈ ਨਾ ਕਿ ਜਿਸਮਾਨੀ ਕਸਰਤ ਅਤੇ ਜਿਸਮ ਨਾਲ ਸਖ਼ਤੀਆਂ। ਇਸੇ ਤਰ੍ਹਾਂ ਕੁੰਡਲਨੀ ਯੋਗਾ ਵੀ ਸਿੱਖ ਫ਼ਲਸਫ਼ੇ ਮੁਤਾਬਿਕ ਗ਼ਲਤ ਹੈ। ਹੋਰ ਸ਼ਬਦਾਂ ਵਾਸਤੇ ਦੇਖੋ: ਗੁਰੂ ਗ੍ਰੰਥ ਸਾਹਿਬ ਦੇ ਸਫ਼ੇ 730, 937, 43, 1127 'ਤੇ ਸ਼ਬਦ। ਹੋਰ ਦੇਖੋ: **ਹਠ ਯੋਗ**।

85

ਰਹਾਉ: ਇਸ ਲਫ਼ਜ਼ ਦੀ ਜੜ੍ਹ ਸੰਸਕ੍ਰਿਤ ਦੇ 'ਰਹ' ਵਿਚ ਹੈ ਜਿਸ ਦਾ ਮਾਅਨਾ ਹੈ: ਛੱਡ ਦੇਣਾ, ਅਲਗ ਹੋਣਾ, ਵੱਖ ਹੋਣ ਵਾਸਤੇ ਰੁਕਣਾ। ਗੁਰਬਾਣੀ ਵਿਚ ਇਸ ਦਾ ਮਤਲਬ ਹੈ ਠਹਿਰਾਉ, ਯਾਨਿ ਕਿ ਅੱਗੇ ਪੜ੍ਹਨ ਤੋਂ ਪਹਿਲਾਂ ਉਸ ਤੁਕ ਨੂੰ ਸਮਝ ਲਓ; ਕਿਉਂ ਕਿ ਆਮ ਤੌਰ 'ਤੇ 'ਰਹਾਉ' ਵਾਲੀ ਤੁਕ ਵਿਚ ਉਸ ਸ਼ਬਦ ਦਾ ਮੁਖ ਭਾਵ (ਜਾਂ ਸਾਰ) ਪੇਸ਼ ਕੀਤਾ ਹੁੰਦਾ ਹੈ।

ਰਹਿਤ: ਲਫ਼ਜ਼ੀ ਮਾਅਨਾ: ਰੱਖਣਾ/ਅਪਣਾਉਣਾ (ਜਿਊਣ ਦਾ ਢੰਗ)। ਸਿੱਖ ਜੀਵਨ ਜਾਚ ਵਿਚ, ਇਸ ਤੋਂ ਭਾਵ ਹੈ: ਇਖ਼ਲਾਕ ਸਬੰਧੀ ਨੇਮ। ਉਹ ਨੇਮ ਜੋ ਨਿਭਾਏ ਜਾਣ ਤੇ ਉਹ ਕਾਰਵਾਈਆਂ ਜੋ ਕੀਤੀਆਂ ਜਾਣ। ਦੂਜੇ ਲਫ਼ਜ਼ਾਂ ਵਿਚ ਇਸ ਦਾ ਮਤਲਬ ਹੈ: ਸਿੱਖ ਜ਼ਾਬਤੇ ਦੇ ਮੁਤਾਬਿਕ ਜਿਊਣਾ। ਹੋਰ ਦੇਖੋ: **ਰਹਿਤ ਮਰਯਾਦਾ**। 266

ਰਹਿਤਨਾਮਾ: ਲਫ਼ਜ਼ੀ ਮਾਅਨਾ: ਰਹਿਣ/ਅਪਣਾਉਣ/ਜਿਊਣ ਵਾਲੀਆਂ ਗੱਲਾਂ/ਨੇਮ। ਦੂਜੇ ਲਫ਼ਜ਼ਾਂ ਵਿਚ ਇਕ ਸਿੱਖ ਦੇ ਇਖ਼ਲਾਕ ਸਬੰਧੀ ਨੇਮ। ਰਹਿਤਨਾਮਾ ਦਰਅਸਲ ਉਹ ਲਿਖਤਾਂ ਹਨ ਜਿਹੜੀਆਂ ਕੁਝ ਸਿੱਖ ਲਿਖਾਰੀਆਂ ਨੇ ਅਠਾਰ੍ਹਵੀਂ ਤੇ ਉੱਨੀਵੀਂ ਸਦੀ ਵਿਚ ਲਿਖੀਆਂ ਸਨ ਤੇ ਇਨ੍ਹਾਂ ਲੇਖਕਾਂ ਦਾ ਦਾਅਵਾ ਸੀ ਕਿ ਉਨ੍ਹਾਂ ਨੇ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਸਿਖਿਆਵਾਂ ਦੇ ਅਧਾਰ 'ਤੇ ਤਿਆਰ ਕੀਤੀਆਂ ਸਨ। ਪਰ ਇਨ੍ਹਾਂ ਵਿਚ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ ਜਿਹੜੀਆਂ ਸਿੱਖ

ਫ਼ਲਸਫ਼ੇ ਦੇ ਮੂਲੋਂ ਹੀ ਉਲਟ ਹਨ। ਦਰਅਸਲ ਇਨ੍ਹਾਂ ਵਿਚੋਂ ਬਹੁਤੇ 'ਰਹਿਤਨਾਮੇ' ਜਾਅਲੀ ਹਨ ਤੇ ਇਨ੍ਹਾਂ ਦੇ ਲੇਖਕਾਂ ਦੇ ਨਿਜੀ ਵਿਚਾਰਾਂ ਤੇ ਅਧਾਰਤ ਹਨ। ਪੁਰਾਣੇ ਰਹਿਤਨਾਮਿਆਂ ਵਿਚੋਂ ਭਾਈ ਨੰਦ ਲਾਲ ਦਾ ਵੀ ਇੱਕ ਰਹਿਤਨਾਮਾ ਮਿਲਦਾ ਹੈ। ਕੁਝ ਹੋਰ ਮਸ਼ਹੂਰ ਰਹਿਤਨਾਮੇ ਹਨ: ਭਾਈ ਚੌਪਾ ਸਿੰਘ, ਭਾਈ ਪ੍ਰਹਿਲਾਦ ਸਿੰਘ, ਭਾਈ ਦੇਸਾ ਸਿੰਘ, ਭਾਈ ਦਇਆ ਸਿੰਘ ਦੇ ਰਹਿਤਨਾਮੇ। ਇਸ ਤੋਂ ਇਲਾਵਾ ,ਕਈ ਹੋਰ ਰਚਨਾਵਾਂ ਜਿਵੇਂ 'ਸਰਬ ਲੋਹ ਪ੍ਰਕਾਸ਼', 'ਪ੍ਰੇਮ ਸੁਮਾਰਗ', 'ਸੰਗਤ ਕੇ ਪ੍ਰਸ਼ਨ', 'ਵਾਜਬੁਲਅਰਜ਼', 'ਰਤਨ ਮਾਲ', 'ਸੌ ਸਾਖੀ', 'ਗੁਰ ਬਿਲਾਸ ਪਾਤਸ਼ਾਹੀ ਦਸ' (ਭਾਈ ਸੁੱਖਾ ਸਿੰਘ) ਵਿਚ ਵੀ ਰਹਿਤਨਾਮਿਆਂ ਵਰਗੀਆਂ ਗੱਲਾਂ ਲਿਖੀਆਂ ਹੋਈਆਂ ਹਨ। ਇਹ ਸਾਰੇ ਰਹਿਤਨਾਮੇ ਪਿਆਰਾ ਸਿੰਘ ਪਦਮ ਦੀ ਕਿਤਾਬ 'ਰਹਿਤਨਾਮੇ' ਅਤੇ ਕਾਨ੍ਹ ਸਿੰਘ ਨਾਭਾ ਦੀ ਕਿਤਾਬ 'ਗੁਰਮਤ ਸੁਧਾਕਰ' ਵਿਚ ਦਰਜ ਕੀਤੇ ਮਿਲਦੇ ਹਨ।

ਰਹਿਤ ਮਰਯਾਦਾ/ਮਰਿਆਦਾ: ਸਿੱਖਾਂ ਦੇ ਇਖ਼ਲਾਕ ਸਬੰਧੀ ਨਿਯਮਾਂ ਨੂੰ 'ਰਹਿਤ ਮਰਯਾਦਾ' ਕਿਹਾ ਜਾਂਦਾ ਹੈ। ਇਸ ਵਿਚ ਦਸਿਆ ਗਿਆ ਹੈ ਕਿ ਇਕ ਸਿੱਖ ਨੂੰ ਕੀ ਕਰਨਾ ਅਤੇ ਕੀ ਨਹੀਂ ਕਰਨਾ ਚਾਹੀਦਾ। ਇਸ ਰਹਿਤ ਮਰਿਆਦਾ ਵਿਚ ਸਿੱਖ ਜੀਵਨ-ਜਾਚ ਦੇ ਬਹੁਤ ਸਾਰੇ ਪੱਖਾਂ ਬਾਰੇ ਦਸਿਆ ਹੋਇਆ ਹੈ: ਸਿੱਖ ਆਚਰਣ, ਮਨਜ਼ੂਰ-ਸ਼ੁਦਾ ਧਾਰਮਿਕ ਅਤੇ ਸਮਾਜਿਕ ਸੰਸਕਾਰ/ਰਸਮਾਂ, ਨਿੱਜੀ ਇਖ਼ਲਾਕ, ਸਿੱਖ ਕਲਚਰ ਦੇ ਜ਼ਰੂਰੀ/ਲਾਜ਼ਮੀ ਨੁਕਤੇ ਵਗ਼ੈਰਾ। ਇਹ ਗੁਰੂ ਸਾਹਿਬਾਨ ਵੱਲੋਂ ਦਰਸਾਏ ਉਨ੍ਹਾਂ ਹੁਕਮਾਂ ਉੱਤੇ ਅਧਾਰਿਤ ਹੈ, ਜੋ ਭਾਈ ਨੰਦ ਲਾਲ ਅਤੇ ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੇ ਕੁਝ ਹੋਰ ਲਿਖਾਰੀਆਂ ਨੇ ਰਿਕਾਰਡ ਕੀਤੇ ਸਨ। ਇਹ ਰਹਿਤ ਮਰਿਆਦਾ ਇਕ ਕਮੇਟੀ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਣਾਈ ਸੀ ਤੇ ਜਿਸ ਵਿਚ ਕਈ ਸਿੱਖ ਵਿਦਵਾਨ, ਪ੍ਰਚਾਰਕ ਤੇ ਆਗੂ ਸ਼ਾਮਿਲ ਸਨ, 1931 ਵਿਚ ਬਣਾਈ ਗਈ ਇਸ ਕਮੇਟੀ ਨੇ 4 ਅਤੇ 5 ਅਕਤੂਬਰ 1931, 3 ਜਨਵਰੀ 1932 ਅਤੇ 31 ਜਨਵਰੀ 1932 ਨੂੰ ਮੀਟਿੰਗਾਂ ਕਰ ਕੇ ਇਸ ਨੂੰ ਤਿਆਰ ਕੀਤਾ ਸੀ। ਇਸ ਕਮੇਟੀ ਦੁਆਰਾ ਤਿਆਰ ਕੀਤੇ ਖਰੜੇ ਬਾਰੇ 8 ਮਈ 1932 ਨੂੰ ਆਖ਼ਰੀ ਵਿਚਾਰ ਕੀਤੀ ਗਈ ਸੀ। ਫਿਰ ਇਸ ਖਰੜੇ ਨੂੰ ਸ਼੍ਰੋਮਣੀ ਕਮੇਟੀ ਦੇ ਜਰਨਲ ਹਾਊਸ ਤੋਂ ਪ੍ਰਵਾਨਗੀ ਲੈਣ ਲਈ ਸ਼੍ਰੋਮਣੀ ਕਮੇਟੀ ਨੂੰ ਭੇਜ ਦਿੱਤਾ ਗਿਆ ਤੇ ਇਕ ਵਾਰ ਫੇਰ ਸੋਧ ਮਗਰੋਂ 12 ਅਕਤੂਬਰ 1936 ਨੂੰ, ਸ਼੍ਰੋਮਣੀ ਕਮੇਟੀ ਨੇ ਇਸ ਖਰੜੇ ਨੂੰ ਪਾਸ ਕਰ ਦਿੱਤਾ ਅਤੇ ਇਸ ਨੂੰ ਧਾਰਮਿਕ ਸਲਾਹਕਾਰ ਕਮੇਟੀ ਕੋਲ ਭੇਜ ਦਿੱਤਾ। ਇਸ ਕਮੇਟੀ ਨੇ ਆਪਣੀ ਤਸੱਲੀ ਲਈ ਇਸ ਖਰੜੇ ਦੀ ਦੁਬਾਰਾ ਪੜ੍ਹਾਈ ਕੀਤੀ ਅਤੇ ਇਸ ਨੂੰ 7 ਜਨਵਰੀ 1945 ਨੂੰ ਪਾਸ ਕਰ ਦਿੱਤਾ। ਦਰਅਸਲ ਇਸ ਰਹਿਤ ਮਰਿਆਦਾ ਨੂੰ ਸਿਰਫ਼ 8 ਕੁ ਸਿਰਕਰਦਾ ਸਿੱਖਾਂ ਨੇ ਤਿਆਰ ਕੀਤਾ ਸੀ ਜਿਨ੍ਹਾਂ ਵਿਚੋਂ ਮੁਖ ਪ੍ਰਿੰਸੀਪਲ ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ ਵਗ਼ੈਰਾ ਸਨ। ਰਹਿਤ ਮਰਯਾਦਾ ਦਾ ਇਹ ਖਰੜਾ ਕੋਈ ਆਖ਼ਰੀ ਨਿਰਣਾ ਨਹੀਂ ਹੈ ਤੇ ਇਸ ਖਰੜੇ ਵਿਚ ਸੋਧ ਵੀ ਕੀਤੀ ਜਾ ਸਕਦੀ ਹੈ। ਉਂਞ ਇਸ ਵਿਚ ਬੜਾ ਕੁਝ ਅਜਿਹਾ ਹੈ ਜੋ ਸਿੱਖ ਫ਼ਲਸਫ਼ੇ ਦੇ ਉਲਟ ਹੈ ਜਿਸ ਦੀ ਸੋਧ ਹੋਣੀ ਜ਼ਰੂਰੀ ਹੈ। ਦੂਜੇ ਪਾਸੇ ਭਿੰਡਰਾਂ-ਮਹਿਤਾ ਜਥਾ, ਕਲੇਰਾਂ ਵਾਲਾ ਡੇਰਾ, (ਅਖੌਤੀ) ਸੰਤ ਸਮਾਜ ਤੇ ਕਈ ਹੋਰ ਜੱਥਿਆਂ ਨੇ ਆਪੋ-ਆਪਣੀਆਂ 'ਰਹਿਤ ਮਰਿਆਦਾ' ਬਣਾਈਆਂ ਹੋਈਆਂ ਹਨ।

ਵਧੇਰੇ ਵੇਰਵੇ ਲਈ ਸਿੱਖ ਰਹਿਤ ਮਰਯਾਦਾ (ਜੋ ਸ਼੍ਰੋਮਣੀ ਕਮੇਟੀ ਨੇ ਛਾਪੀ ਹੋਈ

ਹੈ) ਵੇਖੋ। ਇਹ ਇਕ ਧਿਆਨ ਦੇਣ ਵਾਲੀ ਗੱਲ ਹੈ ਕਿ ਜੋ ਸਿੱਖ ਰਹਿਤ ਮਰਯਾਦਾ ਸ਼੍ਰੋਮਣੀ ਕਮੇਟੀ ਨੇ 1996 ਵਿਚ ਛਾਪੀ ਸੀ, ਉਸ ਵਿਚ 1950 ਵਾਲੀ ਰਹਿਤ ਮਰਯਾਦਾ ਨਾਲੋਂ ਕੁਝ ਕਈ ਥਾਂਈਂ ਫ਼ਰਕ ਪਿਆ ਹੋਇਆ ਹੈ । ਸ਼੍ਰੋਮਣੀ ਕਮੇਟੀ ਨੇ ਕਿਸੇ ਪੰਥਕ ਗੁਰਮਤੇ ਤੋਂ ਬਿਨਾਂ ਇਸ ਵਿੱਚ ਕਈ ਸੋਧਾਂ ਕੀਤੀਆਂ ਹਨ। 2007 ਵਿਚ ਮੁਹਾਲੀ (ਪੰਜਾਬ) ਵਿਚ ਸਿੱਖ ਵਿਦਵਾਨਾਂ ਤੇ ਮਿਸ਼ਨਰੀਆਂ ਨੇ ਸਿੱਖ ਰਹਿਤ ਮਰਿਆਦਾ ਦਾ ਇਕ ਨਵਾਂ ਖਰੜਾ ਤਿਆਰ ਕੀਤਾ ਸੀ ਜੋ ਅਜੇ ਤਕ ਪਰਗਟ ਨਹੀਂ ਹੋਇਆ। ਹੋਰ ਦੇਖੋ: **ਕੁਰਹਿਤ, ਤਨਖਾਹ, ਸਿੱਖ ਨੂੰ ਕੀ ਕਰਨਾ ਅਤੇ ਕੀ ਨਹੀਂ ਕਰਨਾ ਚਾਹੀਦਾ**।

ਰਹਿਰਾਸ: ਰਹਿਰਾਸ ਦਾ ਲਫ਼ਜ਼ੀ ਮਾਅਨਾ ਹੈ 'ਰਾਹ ਦੀ ਪੂੰਜੀ'। ਰਹਿਰਾਸ ਸਿੱਖਾਂ ਦੀ ਸ਼ਾਮ ਦੀ ਅਰਦਾਸ ਹੈ। ਇਸ ਵਿਚ ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਸਾਹਿਬ ਅਤੇ ਗੁਰੂ ਅਰਜਨ ਸਾਹਿਬ ਦੇ ਸ਼ਬਦ ਹਨ। ਇਸ ਰਹਿਰਾਸ ਦਾ ਮੁੱਖ ਭਾਵ ਰੱਬ ਦੀ ਸਿਫ਼ਤ ਹੈ। ਇਸ ਦੇ ਪਾਠ ਦਾ ਸਮਾਂ ਸ਼ਾਮ ਵੇਲੇ ਦਾ ਹੈ ਜਿਸ ਦਾ ਮਾਅਨਾ ਹੈ ਕਿ ਸੌਣ ਵੇਲੇ ਸੁਫ਼ਨਿਆਂ ਦੇ ਸਫ਼ਰ ਵਿਚ ਵੀ ਰੱਬ ਦੇ ਪਿਆਰ ਤੇ ਉਸ ਦੀ ਸਿਫ਼ਤ ਸਲਾਹ ਦੀ ਰਹਿਰਾਸ (ਪੂੰਜੀ) ਹੀ ਇਨਸਾਨ ਦੇ ਕੋਲ ਹੋਵੇ। 'ਸੋ ਦਰੁ' ਤੇ 'ਸੋ ਪੁਰਖੁ' ਦੇ ਨੌਂ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਜਪੁਜੀ ਸਾਹਿਬ ਤੋਂ ਮਗਰੋਂ ਦਰਜ ਹਨ।

ਰੱਖੜੀ: ਰੱਖੜੀ ਹਿੰਦੂਆਂ ਦੀ ਇਕ ਧਾਰਮਿਕ ਰਸਮ ਹੈ। ਹਰੇਕ ਸਾਲ ਰੱਖੜੀ ਵਾਲੇ ਦਿਨ, ਹਿੰਦੂ ਔਰਤਾਂ ਆਪਣੇ ਭਰਾਵਾਂ ਦੇ ਗੁੱਟਾਂ ਉੱਪਰ ਇੱਕ ਧਾਗਾ ਜਾਂ ਸਜਾਵਟ ਵਾਲੀ ਇਕ ਗੰਢ ਬੰਨਦੀਆਂ ਹਨ ਅਤੇ ਬਦਲੇ ਵਿਚ ਭਰਾ ਮੁਸ਼ਕਿਲ ਦੇ ਸਮੇਂ ਉਸ ਦੀ ਰੱਖਿਆ ਕਰਨ ਦਾ ਵਾਅਦਾ ਕਰਦਾ ਹੈ। (ਕੁਝ ਵਿਦਵਾਨ ਇਸ ਨੂੰ ਮਜ਼ਾਕ ਵਿਚ ਹਿੰਦੂਆਂ ਵੱਲੋਂ ਆਪਣੀਆਂ ਭੈਣਾਂ ਨਾਲ ਇਕ ਸਾਲ ਲਈ ਕੀਤਾ 'ਡਿਫ਼ੈਂਸ ਸਮਝੌਤਾ' ਕਹਿੰਦੇ ਹਨ)। ਪਰ, ਇਹ ਰਸਮ ਬੇਮਾਅਨਾ ਹੈ ਕਿਉਂ ਕਿ ਜਦ ਅਫ਼ਗਾਨ ਹਮਲਾਵਰ ਹਿੰਦੂਸਤਾਨ 'ਤੇ ਹਮਲੇ ਕਰਦੇ ਸਨ ਤਾਂ ਉਦੋਂ ਉਨ੍ਹਾਂ ਹਿੰਦੂ ਔਰਤਾਂ ਦੇ ਭਰਾ ਇਸ ਸਮਝੌਤੇ ਤੋਂ ਦੌੜ ਜਾਂਦੇ ਸਨ ਤੇ ਆਪਣੀਆਂ ਭੈਣਾਂ ਨੂੰ ਚੁੱਕੇ ਜਾਣ ਤੋਂ ਰੋਕਦੇ ਨਹੀਂ ਸਨ। ਇਸ ਦੇ ਮੁਕਾਬਲੇ ਵਿਚ ਸਿੱਖ ਇਨ੍ਹਾਂ ਦੀਆਂ ਧੀਆਂ ਭੈਣਾਂ ਨੂੰ ਜਰਵਾਣਿਆਂ ਤੋਂ ਛੁਡਾ ਕੇ ਲਿਆਇਆ ਕਰਦੇ ਸਨ। ਊਂਞ ਅੱਜ-ਕਲ੍ਹ ਤਾਂ ਭੈਣਾਂ ਤੇ ਭਰਾਵਾਂ ਵਿਚ (ਭਾਵੇਂ ਜਾਇਦਾਦ ਵਾਸਤੇ ਹੀ ਸਹੀ) ਦੁਸ਼ਮਣੀਆਂ ਵਧੇਰੇ ਹਨ ਅਤੇ ਭੈਣਾਂ ਦੀ ਹਿਫ਼ਾਜ਼ਤ ਕਰਨ ਦੇ ਨੁਕਤੇ ਜਾਂ ਰਿਵਾਇਤ ਦਾ ਤਾਂ ਨਾਂ-ਨਿਸ਼ਾਨ ਹੀ ਨਹੀਂ ਹੈ।

ਸਿੱਖ ਫ਼ਿਲਾਸਫ਼ੀ ਇਸ ਬੇਮਾਅਨਾ ਡਰਾਮੇ ਨੂੰ ਰੱਦ ਕਰਦੀ ਹੈ ਕਿਉਂਕਿ ਸਿੱਖ ਸਿਰਫ਼ ਆਪਣੀ ਭੈਣ ਦੀ ਹੀ ਰਾਖੀ ਨਹੀਂ ਕਰਦਾ ਸਗੋਂ ਹਰੇਕ ਔਰਤ ਦੀ ਰਾਖੀ ਕਰਨ ਦਾ ਪਾਬੰਦ ਹੈ। ਆਪਣੇ ਗੁੱਟ ਉੱਤੇ ਕੜੇ ਦੇ ਨਾਲ (ਚੂੜੀ ਜਾਂ ਗਜਰਾ ਜਾਂ) ਕੋਈ ਧਾਗਾ ਬੰਨ੍ਹਣਾ ਕੜੇ ਦੀ ਬੇਇੱਜ਼ਤੀ ਕਰਨਾ ਹੈ, ਇਸ ਲਈ ਸਿੱਖ ਕਦੇ ਵੀ ਰੱਖੜੀ ਨਹੀਂ ਬੰਨ੍ਹ ਸਕਦਾ।

ਰਜੋ: ਦੇਖੋ: **ਗੁਣ** (ਤਰੈ ਗੁਣ/ਗੁਨ)।

ਰੱਬ ਕੀ ਹੈ: ਸਿੱਖ ਧਰਮ ਤੌਹੀਦ ਦਾ ਧਰਮ ਹੈ, ਯਾਨਿ ਸਿੱਖ ਧਰਮ ਵਿਚ ਰੱਬ ਸਿਰਫ਼ ਇਕ ਹੈ। ਇਸ ਰੱਬ ਦਾ ਨਾਂ (ਹੋਂਦ) ਸੱਚਾ ਹੈ, ਉਹ ਇਕੱਲਾ ਹੀ ਦੁਨੀਆਂ ਨੂੰ ਪੈਦਾ ਕਰਨ ਵਾਲਾ (ਤੇ ਪਾਲਣਹਾਰ ਤੇ ਨਾਸ ਕਰਨ ਵਾਲਾ ਵੀ) ਹੈ।

ਉਹ ਭੈ-ਰਹਿਤ ਤੇ ਵੈਰ-ਰਹਿਤ ਹੈ; ਉਹ ਸਮੇਂ ਦੀ ਪਕੜ ਤੋਂ ਦੂਰ ਹੈ। ਉਸ ਦਾ ਪ੍ਰਕਾਸ਼ (ਹੋਂਦ) ਆਪਣੇ ਆਪ ਤੋਂ ਹੈ, ਉਹ ਗੁਰੂ ਦੇ ਪ੍ਰਸਾਦਿ (ਮਿਹਰ) ਨਾਲ ਸਮਝ ਆਉਂਦਾ ਹੈ; ਉਹ ਹੱਦ ਤੋਂ ਪਰੇ, ਅੰਤ ਤੋਂ ਬਿਨਾਂ, ਹਰ ਥਾਂ ਹਾਜ਼ਿਰ ਅਤੇ ਸਾਰੀਆਂ ਤਾਕਤਾਂ ਦਾ ਮਾਲਿਕ ਹੈ। ਸਿੱਖ ਧਰਮ ਵਿਚ ਰੱਬ ਨਿਰੰਕਾਰ ਹੈ। ਬ੍ਰਾਹਮਣੀ ਪ੍ਰੰਪਰਾ ਵਿਚ ਰੱਬ ਨਿਰਗੁਣ (ਗੁਣਾਂ ਤੋਂ ਬਿਨਾਂ) ਘਟ ਅਤੇ ਸਰਗੁਣ (ਗੁਣਾਂ ਵਾਲਾ) ਵਧੇਰੇ ਹੈ। ਪਰ, ਗੁਰਬਾਣੀ ਮੁਤਾਬਿਕ ਉਹ ਦੋਹਾਂ ਦੀ ਪਕੜ ਤੋਂ ਪਰੇ ਹੈ। ਉਹ ਆਪਣੇ ਪੈਦਾ ਕੀਤੇ ਹੋਏ ਜੀਵਾਂ ਦੇ ਹਰੇਕ ਕਣ ਵਿਚ ਗੂੰਜਦਾ ਅਤੇ ਕੰਮ ਕਰਦਾ ਹੈ। ਕੋਈ ਵੀ ਉਸ ਨੂੰ ਮਹਿਸੂਸ ਕਰ ਸਕਦਾ ਹੈ, ਪਰ ਉਸ ਨੂੰ ਮਿਲ/ਦੇਖ ਜਾਂ ਹਾਸਿਲ ਨਹੀਂ ਕਰ ਸਕਦਾ।

ਸਿੱਖ ਧਰਮ ਮੁਤਾਬਿਕ ਰੱਬ ਕਿਸੇ ਵੀ ਹਾਲਤ ਵਿਚ ਧਰਤੀ 'ਤੇ ਨਹੀਂ ਆ ਸਕਦਾ ਅਤੇ ਉਹ ਆਪਣੀ ਕੁਦਰਤ ਵਿਚੋਂ ਨਜ਼ਰ ਆਉਂਦਾ (ਪ੍ਰਗਟ ਹੁੰਦਾ) ਹੈ। ਗੁਰੂ ਸਾਹਿਬ ਨੇ ਰੱਬ ਵਾਲੇ ਅਨੇਕਾਂ ਹੀ ਨਾਂ ਵਰਤੇ ਹਨ: ਰਾਮ (ਕਰੀਬ 2500 ਵਾਰੀ), *(ਪਰ ਇਹ ਹਿੰਦੂਆਂ ਵਾਲਾ ਰਾਮ ਨਹੀਂ ਹੈ ਜਿਸ ਦਾ ਨਾਂ, ਇਕ* ***'ਵਿਚਾਰੇ'*** *ਰਾਜੇ ਵਜੋਂ, ਗੁਰੂ ਗ੍ਰੰਥ ਸਾਹਿਬ ਵਿਚ 8 ਵਾਰ ਆਇਆ ਹੈ)*, ਹਰੀ (8344 ਵਾਰ), ਪ੍ਰਭੂ (1371 ਵਾਰ), ਗੋਪਾਲ (491 ਵਾਰ), ਗੋਵਿੰਦ (475 ਵਾਰ), ਪਾਰਬ੍ਰਹਮ (324 ਵਾਰ), ਠਾਕੁਰ (216 ਵਾਰ), ਪਰਮੇਸ਼ਵਰ (139 ਵਾਰ)। ਇਸ ਤੋਂ ਇਲਾਵਾ, ਗੁਰੂ ਗ੍ਰੰਥ ਸਾਹਿਬ ਵਿਚ, ਰੱਬ ਵਾਸਤੇ ਵਰਤੇ ਹੋਰ ਨਾਂ ਹਨ : ਮੁਰਾਰੀ, ਨਾਰਾਇਣ, ਅੰਤਰਯਾਮੀ, ਪੁਰਖ ਬਿਧਾਤਾ, ਜਗਦੀਸ਼, ਸਤਨਾਮ, ਮੋਹਨ, ਅਲ੍ਹਾ, ਭਗਵਾਨ, ਨਰਹਰੀ, ਮੁਕੰਦ, ਮਾਧਵ, ਪਰਮਾਨੰਦ, ਕ੍ਰਿਸ਼ਨ, ਸਾਰੰਗਪਾਣੀ, ਬੀਠਲ, ਬਨਵਾਰੀ, ਨਰਸਿੰਹ, ਦਮੋਦਰ, ਮਧੂਸੂਦਨ, ਰਘੂਨਾਥ, ਬਾਵਨ, ਸਾਰੰਗਧਰ, ਨਿਰੰਕਾਰ, ਸਤਿਗੁਰੂ, ਗੁਰੂ, ਸਚ, ਸਲਾਹ, ਸ਼ਾਹ, ਸਾਹਿਬ, ਸੁਆਮੀ, ਸੈਨ, ਪਾਤਸ਼ਾਹ, ਖ਼ੁਦਾ, ਨਿਰੰਜਨ, ਪਤਿਤ ਪਾਵਨ ਵਗ਼ੈਰਾ। ਸਿੱਖਾਂ ਵਿਚ ਰੱਬ ਵਾਸਤੇ ਸਭ ਤੋਂ ਵਧ ਸ਼ਬਦ ਵਾਹਿਗੁਰੂ ਵਰਤਿਆ ਜਾਂਦਾ ਹੈ (ਉਂਞ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ਼ 13 ਵਾਰ ਆਇਆ ਹੈ ਤੇ ਉਹ ਵੀ ਸਿਰਫ਼ ਭੱਟ ਬਾਣੀ ਵਿਚ)। ਗੁਰੂ ਸਾਹਿਬਾਨ ਨੇ ਰੱਬ ਨੂੰ ਗੁਣਾਂ ਨਾਲ ਵੀ ਮੁਖ਼ਾਤਿਬ ਕੀਤਾ ਹੈ: ਦਾਤਾ, ਦਾਤਾਰ, ਦਇਆਲ, ਕਰੀਮ, ਕਰਤਾ, ਕਿਰਪਾਲ ਅਤੇ ਕਾਦਰ ਵਗ਼ੈਰਾ। ਹੋਰ ਦੇਖੋ: **ਅਕਾਲ ਪੁਰਖ, ਰਾਮ, ਤੌਹੀਦ, ਅਦਵੈਤਵਾਦ**।

ਰਜ਼ਾ: ਦੇਖੋ: ਭਾਣਾ, ਮੰਨਣਾ।

ਰਾਗ: ਰਾਗ ਆਵਾਜ਼ਾਂ ਦੀ ਵਿਉਂਤਬੰਦੀ ਹੈ। ਰਾਗ ਦਾ ਲਫ਼ਜ਼ੀ ਮਾਅਨਾ ਹੈ: ਪਿਆਰ, ਕਾਮ, ਸਜਾਵਟ, ਅਨੰਦ, ਰਾਗ-ਰੰਗ, ਲਾਲੀ ਵਗ਼ੈਰਾ ਤੋਂ ਵੀ ਲਿਆ ਜਾਂਦਾ ਹੈ। ਉਂਞ ਇਨ੍ਹਾਂ ਤਿੰਨਾਂ ਨੁਕਤਿਆਂ ਦਾ ਵੀ ਇਕੋ ਜਿਹਾ ਮਤਲਬ ਲਗਦਾ ਹੈ, ਉਹ ਹੈ: ਪ੍ਰੇਮ/ਭਗਤੀ ਕਰਨਾ। ਸੰਗੀਤ ਵਿਚ, ਰਾਗ, ਸੁਰਾਂ ਦੀ ਇਕ ਲੜੀ ਹੈ। ਗੁਰੂ ਗ੍ਰੰਥ ਸਾਹਿਬ ਵਿਚਲੇ ਰਾਗਾਂ ਵਿਚ ਸੱਤ ਸੁਰਾਂ ਹਨ। ਇਹ ਸੱਤ ਹਨ: ਸਾ, ਰੇ, ਗਾ, ਮਾ, ਪਾ, ਧਾ, ਨੀ। ਜ਼ਿਆਦਾ ਰਾਗਾਂ ਦੀਆਂ ਪੰਜ, ਛੇ ਜਾਂ ਸੱਤ ਸੁਰਾਂ ਹੁੰਦੀਆ ਹਨ। ਹਰੇਕ ਰਾਗ ਵਿਚ ਘੱਟੋ-ਘੱਟ ਪੰਜ ਸੁਰਾਂ ਜ਼ਰੂਰ ਹੁੰਦੀਆਂ ਹਨ। ਇਹ ਸੁਰਾਂ ਕਿਸੇ ਖ਼ਾਸ ਤਰਤੀਬ ਵਿਚ ਪੇਸ਼ ਕੀਤੀਆਂ ਜਾਂਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿਚਲੇ ਸ਼ਬਦ ਵੀ ਰਾਗਾਂ ਵਿਚ ਗਾਏ ਜਾਣ ਵਾਸਤੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਹੇਠ ਲਿਖੇ ਰਾਗ ਹਨ: ਸ੍ਰੀ ਰਾਗ (14-93), ਮਾਝ ਰਾਗ (94-150), ਗਉੜੀ ਰਾਗ (151-346)

ਆਸਾ ਰਾਗ (347-488), ਗੂਜਰੀ ਰਾਗ (489-526) ਦੇਵ ਗੰਧਾਰੀ ਰਾਗ (527-536) ਬਿਹਾਗੜਾ ਰਾਗ (537-556), ਵਡ-ਹੰਸ ਰਾਗ (557-594) ਸੋਰਠਿ ਰਾਗ (595-659), ਧਨਾਸਰੀ ਰਾਗ (660-695), ਜੈਤਸਰੀ ਰਾਗ (696-710), ਟੋਡੀ ਰਾਗ (711-718), ਬੈਰਾੜੀ ਰਾਗ (719-720), ਤਿਲੰਗ ਰਾਗ (721-727), ਸੂਹੀ ਰਾਗ (728-794), ਬਿਲਾਵਲ (795-858), ਗੌਂਡ (859-875) ਰਾਮਕਲੀ (876-974), ਨਟ ਨਰਾਇਣ (975-983), ਮਾਲੀ ਗਉੜਾ (984-988), ਮਾਰੂ (989-1106), ਤੁਖਾਰੀ (1107-1117), ਕੇਦਾਰਾ (1118-1124) ਭੈਰਉ (1125-1167), ਬਸੰਤ (1168-1196), ਸਾਰੰਗ (1197-1253), ਮਲ੍ਹਾਰ (1254-1293), ਕਾਨੜਾ (1294-1318), ਕਲਿਆਨ (1319-1326), ਪ੍ਰਭਾਤੀ (1327-1351), ਜੈਜਾਵੰਤੀ (1352-1353)। ਰਾਗਾਂ ਵਾਲੀ ਬਾਣੀ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ 1 ਤੋਂ 13 ਸਫ਼ੇ ਤਕ ਜਪੁਜੀ ਸਾਹਿਬ ਤੇ ਨਿਤਨੇਮ ਦੀਆਂ ਹੋਰ ਬਾਣੀਆਂ ਹਨ ਅਤੇ 1354 ਤੋਂ 1429 ਤੱਕ ਦੇ ਸ਼ਬਦ ਰਾਗਾਂ ਤੋਂ ਬਾਹਰ ਰੱਖੇ ਗਏ ਹਨ; ਯਾਨਿ ਇਹ ਕਿਸੇ ਵੀ ਰਾਗ ਵਿਚ ਜਾਂ ਰਾਗ ਤੋਂ ਬਿਨਾਂ ਵੀ ਪੜ੍ਹੀ ਜਾ ਸਕਦੇ ਹਨ।

ਇਸਲਾਮ ਹੀ ਕੇਵਲ ਅਜਿਹਾ ਧਰਮ ਹੈ ਜੋ ਸੰਗੀਤ ਦੀ ਮਨਾਹੀ ਕਰਦਾ ਹੈ। ਰਾਗਾਂ ਦੇ ਦੋ ਪ੍ਰਮੁੱਖ ਸਕੂਲ ਹਨ: ਲਖਨਊ ਘਰਾਨਾ ਅਤੇ ਪਟਿਆਲਾ ਘਰਾਨਾ। ਵਧੇਰੇ ਤਫ਼ਸੀਲ ਵਾਸਤੇ ਦੇਖੋ: ਡਾ: ਗੁਰਨਾਮ ਸਿੰਘ ਦੀਆਂ ਗੁਰਮਤਿ ਸੰਗੀਤ ਬਾਰੇ ਕਿਤਾਬਾਂ।

ਰਾਗ ਮਾਲਾ: ਰਾਗ ਮਾਲਾ ਇਕ ਨਾਚ-ਕਾਵਿ ਰਚਨਾ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਮੌਜੂਦਾ ਸਰੂਪਾਂ ਦੇ 1429-30 ਸਫ਼ੇ 'ਤੇ ਹੈ। ਇਹ ਆਲਮ ਕਵੀ ਦੀ ਕਿਤਾਬ 'ਮਾਧਵਾਨਲ ਕਾਮ ਕੰਦਲਾ' (ਬੰਦ 63 ਤੋਂ 72) ਵਿਚੋਂ ਲਈ ਗਈ ਹੈ। ਇਹ ਗੁਰਬਾਣੀ ਨਹੀਂ ਹੈ। ਇਹ ਗੁਰੂ ਗ੍ਰੰਥ ਸਾਹਿਬ ਦੀਆਂ ਕੁਝ ਬੀੜਾਂ ਵਿਚ ਕਿਵੇਂ ਸ਼ਾਮਿਲ ਹੋ ਗਈ, ਇਸ ਬਾਰੇ ਕੋਈ ਪਤਾ ਨਹੀਂ ਹੈ। ਪਰ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਣੀਆਂ ਹੱਥ ਲਿਖਤਾਂ ਵਿਚ ਰਾਗ ਮਾਲਾ ਨਹੀਂ ਸੀ। ਇਸ ਰਾਗਮਾਲਾ ਵਿਚ ਕੁਝ ਰਾਗਾਂ ਦਾ ਵੇਰਵਾ ਹੈ ਪਰ ਇਸ ਵਿਚ ਗੁਰੂ ਗ੍ਰੰਥ ਸਾਹਿਬ ਵਿਚਲੇ ਸਾਰੇ 31 ਰਾਗ ਨਹੀਂ ਹਨ ਅਤੇ ਕਈ ਰਾਗ, ਜੋ ਇਸ ਵਿੱਚ ਪੇਸ਼ ਕੀਤੇ ਗਏ ਹਨ, ਉਹ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹਨ। ਇਸ ਲਈ, ਇਸ ਦਾ ਗੁਰੂ ਗ੍ਰੰਥ ਸਾਹਿਬ ਦੇ ਪਾਠ ਨਾਲ ਵੀ ਕੋਈ ਸਬੰਧ ਨਹੀਂ ਹੈ। ਸਿੱਖ ਰਹਿਤ ਮਰਯਾਦਾ ਮੁਤਾਬਿਕ ਵੀ ਇਹ ਗੁਰਬਾਣੀ ਨਹੀਂ ਹੈ ਅਤੇ ਸਿੱਖਾਂ ਵਾਸਤੇ ਇਸ ਨੂੰ ਪੜ੍ਹਨਾ ਜ਼ਰੂਰੀ ਨਹੀਂ ਹੈ। ਸ਼੍ਰੋਮਣੀ ਕਮੇਟੀ ਦੇ ਮਤਾ ਨੰ: 149, ਤਾਰੀਖ 12.10.1936, ਮੁਤਾਬਿਕ ਵੀ ਰਾਗ ਮਾਲਾ ਗੁਰਬਾਣੀ ਨਹੀਂ ਹੈ। (ਵਧੇਰੇ ਵੇਰਵੇ ਲਈ ਦੇਖੋ: *ਖਸ਼ਟ ਰਾਗ ਕਿਨ ਗਾਏ*, ਲੇਖਕ ਮਹਿੰਦਰ ਸਿੰਘ ਜੋਸ਼ ਅਤੇ *ਮੁੰਦਾਵਣੀ*, ਲੇਖਕ ਗਿ: ਗੁਰਦਿਤ ਸਿੰਘ। ਹੋਰ ਦੇਖੋ: **ਮੁੰਦਾਵਣੀ**। 259

ਰਾਗੀ: ਰਾਗੀ ਲਫ਼ਜ਼ ਦੀ ਜੜ੍ਹ ਸੰਸਕ੍ਰਿਤ ਦੇ ਲਫ਼ਜ਼ 'ਰਾਂਗੀ' ਵਿਚ ਹੈ ਜਿਸ ਦਾ ਮਾਅਨਾ ਹੈ: ਰੰਗਣ ਵਾਲਾ, ਰੰਗੋ-ਰੰਗ, ਲਾਲ, ਜੋਸ਼ੀਲਾ, ਰਸੀਆ, ਚਿਤਰਕਾਰ, ਵਿਲਾਸੀ, ਕਾਮਲ, ਪ੍ਰੇਮੀ, ਸ਼ਰਧਾਲੂ, ਚਾਹਵਾਨ ਵਗ਼ੈਰਾ। ਆਮ ਸਿੱਖ ਬੋਲੀ ਵਿਚ ਰਾਗੀ ਉਹ ਸ਼ਖ਼ਸ ਹੁੰਦਾ ਹੈ, ਜੋ ਸੰਗੀਤਕ ਸਾਜ਼ਾਂ ਉੱਪਰ ਰਾਗਾਂ ਦੇ ਅਧਾਰ 'ਤੇ ਗਾਇਣ ਕਰ ਸਕਦਾ ਹੈ। ਪਰ ਅੱਜ-ਕਲ੍ਹ ਗੁਰਦੁਆਰਿਆਂ ਵਿਚ ਕੀਰਤਨ ਕਰਨ ਵਾਲੇ ਬਹੁਤੇ ਰਾਗੀਆਂ ਨੂੰ ਰਾਗਾਂ ਦਾ ਕੁਝ ਵੀ ਪਤਾ ਨਹੀਂ ਹੈ ਜਾਂ ਜ਼ਰਾ-ਮਾਸਾ ਹੀ ਸਮਝ ਹੈ।

ਰਾਜ ਕਰੇਗਾ ਖਾਲਸਾ: ਲਫ਼ਜ਼ੀ ਮਾਅਨਾ: ਖਾਲਸਾ ਹਮੇਸ਼ਾ ਖ਼ੁਦਮੁਖ਼ਤਿਆਰ

ਰਹਿੰਦਾ ਹੈ। ਇਹ ਸਿੱਖਾਂ ਦੀ ਆਪਣੀ ਕੌਮੀ ਰੁਤਬੇ ਨੂੰ ਹਾਸਿਲ ਕਰਨ ਦੀ ਲਗਨ ਵੀ ਹੈ। ਇਹ ਸਿੱਖ ਕੌਮ ਦਾ ਨਿਸ਼ਚਾ ਹੈ ਕਿ ਉਹ ਆਪਣੀ ਖ਼ੁਦਮੁਖ਼ਤਿਆਰੀ ਦਾ ਕਿਸੇ ਹੋਰ ਚੀਜ਼ ਨਾਲ ਵਟਾਂਦਰਾ ਨਹੀਂ ਕਰ ਸਕਦੇ। ਸਿੱਖ ਇਸ ਦੋਹਰੇ ਨੂੰ ਹਰ ਅਰਦਾਸਿ ਤੋਂ ਮਗਰੋਂ ਗਾ ਕੇ ਪੜ੍ਹਦੇ ਹਨ ਯਾਨਿ ਆਪਣਾ ਕੌਮੀ ਐਲਾਨ-ਨਾਮਾ ਦੁਹਰਾਉਂਦੇ ਹਨ।

ਰਾਮ: ਰਾਮ ਦੇ ਦੋ ਮਾਅਨੇ ਹਨ: ਇਕ ਰਾਮ ਅਯੁੱਧਿਆ (ਜਾਂ ਕਾਸ਼ੀ, ਬਨਾਰਸ) ਦੇ ਰਾਜਾ ਦਸ਼ਰਥ ਦਾ ਪੁੱਤਰ ਰਾਮ, ਜਿਸ ਨੂੰ ਕੁਝ ਹਿੰਦੂ ਪ੍ਰਮਾਤਮਾ/ਦੇਵਤਾ ਸਮਝਦੇ ਹਨ ਸੀ ਅਤੇ ਦੂਜਾ ਰਾਮ ਰੱਬ ਦੇ ਕਈ ਨਾਂਵਾਂ ਵਿੱਚੋਂ ਇਕ ਨਾਂ ਹੈ। (ਰਾਮ ਦਾ ਲਫ਼ਜ਼ੀ ਮਾਅਨਾ ਹੈ: ਰਮੱਈਆ, ਉਹ ਜੋ ਹਰ ਜਗ੍ਹਾ ਰਮਿਆ/ਵੱਸਿਆ ਹੋਇਆ ਹੈ)। ਗੁਰੂ ਗ੍ਰੰਥ ਸਾਹਿਬ ਵਿਚ ਦੋਵੇਂ ਤਰ੍ਹਾਂ ਦੀ ਰਾਮ ਲਈ ਹਵਾਲੇ ਮਿਲਦੇ ਹਨ: 8-9 ਹਵਾਲੇ ਦਸ਼ਰਥ ਦੇ ਪੁੱਤਰ ਰਾਮ ਲਈ ਹਨ ਅਤੇ ਕਰੀਬ 2500 ਹਵਾਲੇ ਰੱਬ ਵਾਸਤੇ ਹਨ। ਉਹ ਰਾਮ ਜਿਸ ਨੇ ਆਪਣੀ ਪਤਨੀ ਸੀਤਾ ਨੂੰ ਗੁਆ ਲਿਆ ਸੀ, ਜਿਸ ਦਾ ਭਰਾ ਲੜਾਈ ਵਿੱਚ ਜ਼ਖ਼ਮੀ ਹੋ ਗਿਆ ਸੀ ਜਿਸ ਕਾਰਨ ਇਹ ਰਾਜਾ ਰਾਮ ਰੋਂਦਾ ਤੇ ਵਿਰਲਾਪ ਕਰਦਾ ਸੀ; ਅਤੇ ਫਿਰ ਉਸ ਨੇ ਬਾਂਦਰਾਂ ਦੀ ਫ਼ੌਜ ਦੇ ਮੁੱਖੀ ਹਨੂਮਾਨ ਤੋਂ ਇਸ ਵਿਚੋਂ ਨਿਕਲਣ ਲਈ ਮਦਦ ਲਈ ਸੀ। ਇਹ ਰਾਜਾ ਰਾਮ ਵਿਚਾਰਾ ਹੈ, ਲਾਚਾਰ ਹੈ ਤੇ ਉਸ ਦੀ ਇਕ ਆਸ ਹਨੂਮਾਨ (ਅਤੇ ਉਸ ਦੀ ਬਾਂਦਰਾਂ ਦੀ ਫ਼ੌਜ ਹੈ)। ਰਾਮ ਲਈ ਦਿੱਤੇ ਗਏ ਇਨ੍ਹਾਂ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਉਹ ਰੱਬ ਨਹੀਂ ਸੀ ਕਿਉਂਕਿ ਰੱਬ ਦੀ ਪਤਨੀ ਨੂੰ ਕੋਈ ਅਗਵਾ ਨਹੀਂ ਕਰ ਸਕਦਾ ਅਤੇ ਉਸ ਦਾ ਭਵਿੱਖ ਬਾਂਦਰਾਂ ਦੀ ਫ਼ੌਜ ਦੀ ਮਦਦ ਤੇ ਮੁਨੱਸਰ (ਨਿਰਭਰ) ਨਹੀਂ ਹੋ ਸਕਦਾ। ਇਸ ਵਿਚਾਰੇ ਰਾਜੇ ਰਾਮ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਇੰਵ ਦਰਜ ਹੈ:

> *ਪਾਂਡੇ ਤੁਮਰਾ ਰਾਮਚੰਦੁ, ਸੋ ਭੀ ਆਵਤੁ ਦੇਖਿਆ ਥਾ॥ ਰਾਵਨ ਸੇਤੀ ਸਰਬਰ ਹੋਈ, ਘਰ ਕੀ ਜੋਇ ਗਵਾਈ ਥੀ॥ (ਸਫ਼ਾ 875)*
>
> *ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥ ਪਰਸ ਰਾਮੁ ਰੋਵੈ ਘਰਿ ਆਇਆ॥ ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥ **ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥** ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥ (ਸਫ਼ਾ 953)*
>
> *ਮਨ ਮਹਿ **ਝੂਰੈ ਰਾਮਚੰਦੁ** ਸੀਤਾ ਲਛਮਣ ਜੋਗੁ॥ **ਹਣਵੰਤਰੁ ਆਰਾਧਿਆ** ਆਇਆ ਕਰਿ ਸੰਜੋਗੁ॥ ਭੂਲਾ ਦੈਤੁ ਨ ਸਮਝਈ ਤਿਨਿ ਪ੍ਰਭ ਕੀਏ ਕਾਮ॥ ਨਾਨਕ ਵੇਪਰਵਾਹੁ ਸੋ ਕਿਰਤੁ ਨ ਮਿਟਈ ਰਾਮ॥(ਸਫ਼ਾ 1412)*

ਗੁਰਬਾਣੀ ਕਹਿੰਦੀ ਹੈ ਕਿ ਕੁਝ ਬੇਸਮਝ, ਘਟ ਅਕਲ ਵਾਲੇ, ਲੋਕ ਅਜਿਹੇ ਰਾਜਿਆਂ ਨੂੰ ਰੱਬ ਸਮਝ ਬੈਠਦੇ ਹਨ; ਅਜਿਹੇ ਲੋਕ ਰੱਬ ਦੀ ਹਸਤੀ ਨੂੰ ਸਮਝ ਨਹੀਂ ਸਕਦੇ:

> *__ਜੁਗਹ ਜੁਗਹ ਕੇ ਰਾਜੇ ਕੀਏ__ ਗਾਵਹਿ ਕਰਿ ਅਵਤਾਰੀ॥ ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ॥ (ਸਫ਼ਾ 423)*
>
> *__ਕਬੀਰ ਰਾਮ ਕਹਨ ਮਹਿ ਭੇਦੁ ਹੈ,__ ਤਾ ਮਹਿ ਏਕੁ ਬਿਚਾਰੁ॥ ਸੋਈ ਰਾਮੁ ਸਭੈ ਕਹਹਿ, ਸੋਈ ਕਉਤਕਹਾਰ॥ ਕਬੀਰ ਰਾਮੈ ਰਾਮ ਕਹੁ, ਕਹਿਬੇ ਮਾਹਿ ਬਿਬੇਕ॥ ਏਕੁ ਅਨੇਕਹਿ ਮਿਲਿ ਗਇਆ, ਏਕ ਸਮਾਨਾ ਏਕ॥ (ਸਫ਼ਾ 1374)*

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ, ਰਾਮੁ ਨ ਪਾਇਆ ਜਾਇ॥ ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ॥ (ਸਫ਼ਾ 555)

ਦੂਜੇ ਪਾਸੇ ਰਾਮ (ਪ੍ਰਮਾਤਮਾ) ਲਈ ਗੁਰੂ ਗ੍ਰੰਥ ਸਾਹਿਬ ਵਿਚ ਢਾਈ ਹਜ਼ਾਰ ਤੋਂ ਵਧ ਹਵਾਲੇ ਹਨ ਅਤੇ ਇਨ੍ਹਾਂ ਸਾਰੇ ਸ਼ਬਦਾਂ ਵਿਚ ਇਹ ਵੀ ਬਿਆਨ ਕੀਤਾ ਹੋਇਆ ਹੈ ਕਿ ਰੱਬ ਕਦੇ ਵੀ ਕਿਸੇ ਇਨਸਾਨੀ ਜਾਮੇ ਵਿਚ ਧਰਤੀ ਉੱਤੇ ਨਹੀਂ ਆ ਸਕਦਾ (ਉਹ ਤਾਂ ਪਹਿਲੋਂ ਹੀ ਹਰ ਥਾਂ ਹਾਜ਼ਿਰ ਹੈ)।

*ਭਰਮਿ ਭੂਲੇ ਨਰ ਕਰਤ ਕਚਰਾਇਣ॥ **ਜਨਮ ਮਰਣ ਤੇ ਰਹਤ ਨਾਰਾਇਣ॥** ਕਰਿ ਪੰਜੀਰੁ ਖਵਾਇਓ ਚੋਰ॥ ਓਹੁ ਜਨਮਿ ਨ ਮਰੈ ਰੇ ਸਾਕਤ ਢੋਰ॥ ਸਗਲ ਪਰਾਧ ਦੇਹਿ ਲੋਰੋਨੀ॥ **ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥** ਜਨਮਿ ਨ ਮਰੈ ਨ ਆਵੈ ਨ ਜਾਇ॥ ਨਾਨਕ ਕਾ ਪ੍ਰਭੁ ਰਹਿਓ ਸਮਾਇ॥ (ਸਫ਼ਾ 1136)*

ਰਾਮ ਚੰਦਰ ਰਾਜੇ ਬਾਰੇ ਚਾਣਕਯ (ਕੌਟਲਯ), (ਜਿਸ ਨੂੰ ਹਿੰਦੂ ਆਪਣਾ ਸਭ ਤੋਂ ਵੱਡਾ ਫ਼ਿਲਾਸਫ਼ਰ ਮੰਨਦੇ ਹਨ, ਹਾਲਾਂ ਕਿ ਉਹ ਮੌਰੀਆ ਖ਼ਾਨਦਾਨ ਦਾ ਵਜ਼ੀਰ ਸੀ, ਜਿਹੜੇ ਕਿ ਬੋਧੀ ਸਨ), ਦਸ਼ਰਥ ਦੇ ਪੁੱਤਰ ਰਾਮ ਨੂੰ 'ਛੋਟਾ ਤੇ ਕੱਚਾ' ਕਹਿੰਦਾ ਹੈ:

ਨ ਨਿਰਮਿਤਾ ਕੇਨ, ਨ ਦ੍ਰਿਸ਼ਟਪੂਰਵਾ, ਨ ਸ਼ਰੂਯਤੇ ਹੇਮਮਯੀ ਕੁਰੰਗੀ।
ਤਥਾਪਿ ਤ੍ਰਿਸ਼ਣਾ ਰਘੁਨੰਦਨਸਯ, ਵਿਨਾਸ਼ਕਾਲੇ ਵਿਪਰੀਤਬੁੱਧੀ॥
(ਚਾਣਕਯ ਨੀਤੀ, ਚੈਪਟਰ ੧੬, ਸਲੋਕ ੫)

(ਯਾਨਿ, ਸੋਨੇ ਦਾ ਹਿਰਨ ਨਾ ਕਦੇ ਕਿਸੇ ਨੇ ਬਣਾਇਆ ਹੈ, ਨਾ ਪਹਿਲੋਂ ਕਦੇ ਵੇਖਿਆ ਹੈ, ਨਾ ਸੁਣਿਆ ਹੈ; ਫਿਰ ਵੀ ਰਾਮ ਵਿਚ ਉਸ ਨੂੰ ਹਾਸਿਲ ਕਰਨ ਦੀ ਤ੍ਰਿਸ਼ਣਾ ਪੈਦਾ ਹੋ ਗਏ; ਇਸ ਦਾ ਕਾਰਨ ਹੈ: ਵਿਨਾਸ਼ ਕਾਲ ਵਿਚ ਮੱਤ ਮਾਰੀ ਜਾਂਦੀ ਹੈ)।

ਇੰਞ ਹੀ ਗੁਰੂ ਗ੍ਰੰਥ ਸਾਹਿਬ ਵਿਚ ਯਾਦਵ/ਸ਼ੂਰਸੈਨੀ ਰਾਜੇ ਕ੍ਰਿਸ਼ਨ ਬਾਰੇ ਵੀ ਲਿਖਿਆ ਹੈ।ਵੇਖੋ: **ਕ੍ਰਿਸ਼ਨ**। 113

ਰਾਖ਼ਸ਼/ਰਾਕਸ਼ਸ: ਲਫ਼ਜ਼ੀ ਮਾਅਨਾ: ਦੈਂਤ, ਦਿਓ, ਸ਼ੈਤਾਨ, ਜ਼ਾਲਮ ਰੂਹ। ਹਿੰਦੂ, ਈਸਾਈ ਤੇ ਮੁਸਲਿਮ ਧਰਮਾਂ ਮੁਤਾਬਿਕ ਉਹ ਰੂਹਾਂ ਜੋ ਸਿਰਫ਼ ਨਫ਼ੀ ਦੀਆਂ ਕਾਰਵਾਈਆਂ ਕਰਦੀਆਂ ਹਨ। ਜਿੱਥੇ ਅਖੌਤੀ ਦੇਵਤੇ ਰੂਹਾਨੀਅਤ ਵਿਚ ਉੱਚੇ ਦਰਜੇ 'ਤੇ ਹੁੰਦੇ ਹਨ ਉੱਥੇ ਅਖੌਤੀ ਰਾਖ਼ਸ਼ ਇਸ ਪੱਖੋਂ ਬਿਲਕੁਲ ਖ਼ਾਲੀ (ਨੀਵੇਂ ਨਹੀਂ) ਹੁੰਦੇ ਹਨ। ਕਈ ਵਾਰ ਇਨ੍ਹਾਂ ਵਿਚ ਜਿਊਂਦੇ ਜ਼ਾਲਮ ਵੀ ਸ਼ਾਮਿਲ ਕਰ ਲਏ ਜਾਂਦੇ ਹਨ ਕਿਉਂਕਿ ਉਨ੍ਹਾਂ ਦੀਆਂ ਕਾਰਵਾਈਆਂ ਸ਼ੈਤਾਨ ਵਰਗੀਆਂ ਹੁੰਦੀਆਂ ਹਨ। ਰਾਖਸ਼ਾਂ ਦੀ ਅਲੱਗ ਪਹਿਚਾਣ ਹੁੰਦੀ ਹੈ ਅਤੇ ਰੱਬ ਤੋਂ ਬਾਗ਼ੀ ਹੁੰਦੇ ਹਨ। ਉਨ੍ਹਾਂ ਦਾ ਆਗੂ (ਅਖੌਤੀ) ਸ਼ੈਤਾਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਿਥਿਹਾਸਕ ਰਾਖ਼ਸ਼ਾਂ ਅਤੇ ਅਸੁਰਾਂ (ਜੋ ਸੁਰ, ਯਾਨਿ ਦੇਵਤੇ, ਤੋਂ ਉਲਟ ਹੁੰਦੇ ਹਨ) ਸਬੰਧੀ ਅਨੇਕਾਂ ਹਵਾਲੇ ਮਿਲਦੇ ਹਨ ਪਰ ਇਹ ਸਿਧਾਂਤਕ ਨਹੀਂ ਹਨ ਇਹ ਸਾਰੇ ਅਲੰਕਾਰਿਕ ਹਨ ਤੇ ਸਿਰਫ਼ ਲੋਕ ਜਾਣਕਾਰੀ ਵਾਲੇ ਗਿਆਨ ਚੋਂ ਹਵਾਲਾ ਦੇਣ ਵਾਸਤੇ ਹਨ। ਸਿੱਖ ਧਰਮ ਵਿਚ, ਅਖੌਤੀ ਰਾਖ਼ਸ਼ ਜਾਂ ਅਸੁਰ (ਜਾਂ ਦੇਵਤੇ ਵੀ) ਦੀ ਹੋਂਦ ਕਬੂਲ ਨਹੀਂ ਕੀਤੀ ਗਈ ਕਿਉਂਕਿ ਉਨ੍ਹਾਂ ਨੂੰ ਆਜ਼ਾਦ ਮੰਨਣਾ ਰੱਬ ਦੇ ਸਾਰੀਆਂ ਤਾਕਤਾਂ ਦਾ ਮਾਲਕ ਹੋਣ ਤੋਂ ਇਨਕਾਰ ਕਰਨਾ ਹੈ। ਸਿੱਖ ਫ਼ਲਸਫ਼ੇ ਮੁਤਾਬਿਕ 'ਪੰਜ ਵਿਕਾਰ' ਹੀ 'ਰਾਖ਼ਸ਼' ਹਨ। (ਉਂਞ ਅੱਜ-ਕਲ੍ਹ ਦੇ ਮਾਫ਼ੀਆ ਸੋਚ ਵਾਲੇ, ਜ਼ਾਲਮ ਲੋਕ ਅਖੌਤੀ 'ਰਾਖ਼ਸ਼' ਹੀ ਹਨ)। ਹੋਰ ਦੇਖੋ: **ਪ੍ਰੇਤ** 221

ਰੁਮਾਲਾ: ਕੱਪੜੇ ਦਾ ਇਕ ਟੁਕੜਾ, ਜੋ ਗੁਰੂ ਗ੍ਰੰਥ ਸਾਹਿਬ ਨੂੰ ਢੱਕਣ ਲਈ ਵਰਤਿਆ ਜਾਂਦਾ ਹੈ। ਰੁਮਾਲੇ ਦੀ ਸਿੱਖ ਧਰਮ ਵਿਚ ਆਪਣੇ-ਆਪ ਵਿਚ ਕੋਈ ਮਹਾਨਤਾ ਨਹੀਂ ਹੈ। ਰੁਮਾਲਾ ਗੁਰੂ ਗ੍ਰੰਥ ਸਾਹਿਬ ਨੂੰ ਵਧੀਆ/ਸਹੀ ਤਰੀਕੇ ਨਾਲ ਰੱਖਣ/ਸੰਭਾਲਣ ਲਈ ਵਰਤਿਆ ਜਾਂਦਾ ਹੈ। ਰੁਮਾਲੇ ਨੂੰ ਖ਼ਾਸ ਅਹਮੀਅਤ ਦੇਣਾ ਇਸ ਨੂੰ ਇਕ ਰਸਮ (ਕਰਮ ਕਾਂਡ) ਬਣਾ ਦਿੰਦਾ ਹੈ, ਜਿਸ ਨੂੰ ਗੁਰੂ ਸਾਹਿਬ ਨੇ ਰੱਦ ਕੀਤਾ ਹੈ। ਕੁਝ ਸਿੱਖ ਗੁਰੂ ਗ੍ਰੰਥ ਸਾਹਿਬ ਲਈ ਹਰ ਨਵੇਂ ਮੌਕੇ 'ਤੇ ਇਕ ਨਵਾਂ ਰੁਮਾਲਾ ਭੇਂਟ ਕਰਦੇ ਹਨ। ਬਹੁਤੇ ਗੁਰਦੁਆਰਿਆਂ ਵਿਚ, ਅਜਿਹੇ ਹਜ਼ਾਰਾਂ ਰੁਮਾਲੇ, ਜੋ ਸਿੱਖਾਂ ਵੱਲੋਂ ਭੇਟ ਕੀਤੇ ਗਏ ਹੁੰਦੇ ਹਨ ਸਿਰਫ਼ ਪੈਸੇ ਦੀ ਹੀ ਬਰਬਾਦੀ ਨਹੀਂ ਸਗੋਂ ਇਨ੍ਹਾਂ ਰੁਮਾਲਿਆਂ ਦੇ ਢੇਰ ਸੰਭਾਲਣ ਦਾ ਮਸਲਾ ਵੀ ਬਣਦੀ ਹੈ ਤੇ 'ਬੇਅਦਬੀ' ਹੁੰਦੀ ਹੈ।

ਲਾਲਚ (ਲੋਭ): ਲੋਭ ਉਨ੍ਹਾਂ ਪੰਜ ਵਿਕਾਰਾਂ ਵਿਚੋਂ ਇਕ ਹੈ, ਜਿਸ ਤੋਂ ਸਿੱਖ ਨੂੰ ਛੁਟਕਾਰਾ (ਮੁਕਤੀ) ਪਾਉਣਾ ਚਾਹੀਦਾ ਹੈ। ਦੌਲਤ, ਤਾਕਤ, ਹੁਸਨ, ਮਸ਼ਹੂਰੀ ਜਾਂ ਕਿਸੇ ਵੀ ਚੀਜ਼ ਦਾ ਲੋਭ ਠੀਕ ਨਹੀਂ ਹੈ। ਲੋਭ ਰੂਹਾਨੀਅਤ ਦੇ ਰਸਤੇ ਤੋਂ ਹਟਾਉਂਦਾ ਹੈ। ਵਾਹਿਗੁਰੂ ਦੀ ਭਗਤੀ ਵਿਚ ਧਿਆਨ ਜੋੜਨਾ ਹੀ ਇਸ ਬੁਰਾਈ ਤੋਂ ਛੁਟਕਾਰਾ ਪਾਉਣ ਦਾ ਇੱਕੋ-ਇਕ ਰਸਤਾ ਹੈ।

ਲਾਂਵਾਂ: ਲਾਂਵਾਂ ਦਾ ਲਫ਼ਜ਼ੀ ਮਾਅਨਾ ਹੈ: ਚੱਕਰ ਲਾਉਣਾ। ਇਹ ਲਫ਼ਜ਼ ਗੁਰਬਾਣੀ ਦੇ ਉਨ੍ਹਾਂ ਚਾਰ ਸ਼ਬਦਾਂ (ਗੁਰੂ ਗ੍ਰੰਥ ਸਾਹਿਬ, ਸਫ਼ਾ 773-74) ਵਾਸਤੇ ਵਰਤਿਆ ਜਾਦਾ ਹੈ ਜੋ ਸਿੱਖਾਂ ਦੇ ਅਨੰਦ ਕਾਰਜ ਦੀ ਰਸਮ ਦੇ ਮੌਕੇ 'ਤੇ ਪੜ੍ਹੇ ਜਾਂਦੇ ਹਨ। ਕੁਝ ਸਿੱਖ ਅਨੰਦ ਕਾਰਜ ਦੀ ਰਸਮ ਵੇਲੇ ਇਨ੍ਹਾਂ ਸ਼ਬਦਾਂ ਦਾ ਪਾਠ ਤੇ ਕੀਰਤਨ ਕਰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਚੱਕਰ ਵੀ ਲਾਉਂਦੇ ਹਨ। ਕੁਝ ਵਿਦਵਾਨ ਇਹ ਸਮਝਦੇ ਹਨ ਕਿ ਫੇਰੇ ਲੈਣ ਦੀ ਰਸਮ ਹਿੰਦੂਆਂ ਦੀ ਸਪਤਪਦੀ ਰਸਮ (ਅੱਗ ਦੁਆਲੇ ਸਤ ਚੱਕਰ) ਦੀ ਨਕਲ ਹੈ। ਉਹ ਮਹਿਸੂਸ ਕਰਦੇ ਹਨ ਕਿ ਚਾਰ ਸ਼ਬਦਾਂ ਦਾ ਪਾਠ ਅਤੇ ਬਾਅਦ ਵਿਚ ਅਰਦਾਸ ਕਰਨ ਨਾਲ ਹੀ ਅਨੰਦ ਕਾਰਜ ਦੀ ਰਸਮ ਪੂਰੀ ਹੋ ਜਾਂਦੀ ਹੈ। ਕਈ ਵਿਦਵਾਨ ਲਾਂਵਾਂ ਦੇ ਸ਼ਬਦ ਪੜ੍ਹੇ/ਗਾਏ ਬਿਨਾਂ ਹੀ ਸਿਰਫ਼ ਵਿਆਹ (ਅਨੰਦ ਕਾਰਜ) ਦੀ ਅਰਦਾਸ ਨੂੰ ਹੀ ਅਨੰਦ ਕਾਰਜ ਪੂਰਾ ਹੋਣਾ ਮੰਨਦੇ ਹਨ। ਲਾਂਵਾਂ ਦੇ ਸ਼ਬਦ ਦਰਅਸਲ ਵਿਆਹ ਵਾਸਤੇ ਨਹੀਂ ਸਨ ਲਿਖੇ ਗਏ। ਇਹ ਤਾਂ ਰੂਹ (ਇਨਸਾਨ) ਦੇ ਰੱਬ ਨਾਲ ਮੇਲ ਬਾਰੇ ਦਸਦੇ ਹਨ। ਚਾਰ ਲਾਂਵਾਂ ਰੱਬ ਨਾਲ ਮਿਲਾਪ ਦੇ ਰਸਤੇ ਲਈ ਚਾਰ ਪੜਾਅ (ਸਟੇਜਾਂ) ਹਨ। ਪਹਿਲੀ ਸਟੇਜ ਮਿਲਾਪ ਦਾ ਮਕਸਦ ਸਮਝਣ ਲਈ ਹੈ; ਦੂਜੀ ਉਸ ਦੇ 'ਨਿਰਮਲ ਭਉ' ਵਿਚ ਜ਼ਿੰਦਗੀ ਬਤੀਤ ਕਰਨ ਦੀ ਹੈ; ਤੀਜੀ ਹਉਮੈ ਦਾ ਖ਼ਾਤਮਾ ਅਤੇ ਰੱਬ ਵਿਚ ਲੀਨ ਹੋਣ ਦੀ ਹੈ ਅਤੇ ਇਸ ਮੁਕਾਮ 'ਤੇ ਇਹ ਅਹਿਸਾਸ ਹੁੰਦਾ ਹੈ ਕਿ ਉਸ ਦਾ ਵੱਖਰਾ ਵਜੂਦ ਨਹੀਂ ਰਿਹਾ। ਇਨ੍ਹਾਂ ਲਾਂਵਾਂ ਵਾਲੇ ਸ਼ਬਦਾਂ ਨੂੰ ਰਸਮੀ ਤੌਰ 'ਤੇ ਪੜ੍ਹਨ ਦਾ ਮਤਲਬ ਇਹ ਹੋਣਾ ਚਾਹੀਦਾ ਹੈ ਕਿ ਵਿਆਹ ਕਰਵਾਉਣ ਵਾਲੇ ਔਰਤ ਤੇ ਮਰਦ ਨੂੰ ਪਹਿਲਾਂ ਦੋ ਸਰੀਰਾਂ ਵਿਚਲੀਆਂ ਰੂਹਾਂ ਨੂੰ ਇੱਕ ਬਣਾਉਣ ਲਈ ਜੱਦੋਜਹਿਦ ਕਰਨੀ ਚਾਹੀਦੀ ਹੈ ਅਤੇ ਫਿਰ ਉਨ੍ਹਾਂ ਨੂੰ ਰੱਬ ਨਾਲ ਮਿਲਾਪ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਿੱਖ ਧਰਮ ਮੁਤਾਬਿਕ ਆਨੰਦ ਕਾਰਜ ਇਕ ਪਵਿੱਤਰ ਮਿਲਾਪ ਹੈ। ਸਿਖ ਧਰਮ

ਮੁਤਾਬਿਕ ਵਿਆਹ ਦਾ ਸਮਾਂ ਅਤੇ ਜੀਵਨ ਸਾਥੀ ਪਹਿਲਾਂ ਤੋਂ ਹੀ ਨਿਸ਼ਚਿਤ ਹੁੰਦੇ ਹਨ। ਸਿੱਖ ਵਿਆਹ ਕਿ ਸਮਝੌਤਾ ਨਹੀਂ, ਇਹ ਦੋ ਸਰੀਰਾਂ ਦਾ ਮਿਲਾਪ ਨਹੀਂ, ਸਗੋਂ ਦੋ ਰੂਹਾਂ ਦਾ ਇਕ ਹੋਣਾ ਹੈ:

ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥ ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥ (ਸਫ਼ਾ 700)

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥ ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ (ਸਫ਼ਾ 788)

ਹੋਰ ਦੇਖੋ: **ਤਲਾਕ**। 165

ਲੋਹੜੀ: ਲੋਹੜੀ ਹਿੰਦੂਆਂ ਦਾ ਧਾਰਮਿਕ ਤਿਉਹਾਰ ਹੈ। ਇਹ ਕੋਈ ਸਮਾਜਿਕ ਜਾਂ ਮੌਸਮੀ ਤਿਉਹਾਰ ਨਹੀਂ ਹੈ। ਹਿੰਦੂ ਇਸ ਤਿਉਹਾਰ ਨੂੰ ਮਾਘ ਮਹੀਨੇ ਦੀ ਸੰਗਰਾਂਦ ਤੋਂ ਪਹਿਲੇ ਦਿਨ (ਪੋਹ ਮਹੀਨੇ ਦੇ ਆਖ਼ਰੀ ਦਿਨ) ਮਨਾਉਂਦੇ ਹਨ। ਇਹ ਤਿਉਹਾਰ ਮਨਾਉਣਾ ਅੱਗ ਦੇ ਦੇਵਤੇ ਦੀ ਪੂਜਾ ਕਰਨਾ ਹੈ। ਲੋਹੜੀ ਦਾ ਸਿੱਖ ਧਰਮ ਨਾਲ ਉੱਕਾ ਹੀ ਕੋਈ ਸਬੰਧ ਨਹੀਂ। ਗਿਆਨ ਦੀ ਘਾਟ ਹੋਣ ਕਰ ਕੇ ਕੁਝ ਬੇਸਮਝ ਸਿੱਖ, ਹਿੰਦੂਆਂ ਦੀ ਦੇਖਾ-ਦੇਖੀ, ਇਸ ਤਿਉਹਾਰ ਨੂੰ ਮਨਾਉਂਦੇ ਹਨ ਜੋ ਸਿੱਖੀ ਅਸੂਲਾਂ ਦੇ ਉਲਟ ਹੈ।

ਲਿੰਗਮ: ਇਹ ਮਿਥਹਾਸਕ ਹਿੰਦੂ ਦੇਵਤੇ ਸ਼ਿਵ ਦੇ ਲਿੰਗ (ਮਰਦ ਅੰਗ) ਦੀ ਪੂਜਾ ਹੈ। ਹਿੰਦੂ ਔਰਤਾਂ (ਖ਼ਾਸ ਕਰ ਕੇ ਬੱਚੇ ਦੀਆਂ ਚਾਹਵਾਨ) ਇਸ ਦੀ ਪੂਜਾ ਕਰਦੀਆਂ ਹਨ। ਇਸ ਦਾ ਪਿਛੋਕੜ ਦਰਅਸਲ ਸਿਰਫ਼ ਮਰਦ ਦੇ ਲਿੰਗ (ਕਾਮ-ਅੰਗ) ਦੀ ਪੂਜਾ ਹੈ ਕਿਉਂ ਕਿ ਬੱਚਾ ਤਾਂ ਲਿੰਗ ਵਾਲਾ ਮਰਦ ਹੀ ਦੇ ਸਕਦਾ ਹੈ। ਮਗਰੋਂ ਬ੍ਰਾਹਮਣਾਂ ਨੇ ਇਸ ਨੂੰ ਧਾਰਮਿਕ ਬਣਾਉਣ ਵਾਸਤੇ ਸ਼ਿਵ-ਪਾਰਬਤੀ ਦੀ ਕਹਾਣੀ ਬਣਾ ਕੇ ਇਸ ਨੂੰ ਧਾਰਮਿਕ ਬਣਾ ਦਿੱਤਾ ਸੀ।ਇਸ ਨੂੰ ਸ਼ਿਵ-ਲਿੰਗ ਵੀ ਕਿਹਾ ਜਾਂਦਾ ਹੈ। ਕੁਝ ਹਿੰਦੂ ਯੋਨੀ (ਔਰਤ ਦਾ ਕਾਮ-ਅੰਗ) ਦੀ ਪੂਜਾ ਵੀ ਕਰਦੇ ਹਨ।

ਲੰਗਰ: ਲੰਗਰ ਦਾ ਲਫ਼ਜ਼ੀ ਮਾਅਨਾ ਹੈ: ਜਹਾਜ਼ ਨੂੰ ਪਾਣੀ ਵਿਚ ਖੜਾ ਰੱਖਣ ਵਾਲਾ ਲੋਹੇ ਦਾ ਜੰਤਰ। ਫ਼ਾਰਸੀ ਵਿਚ ਇਸ ਦਾ ਮਾਅਨਾ ਹੈ: ਦਾਨ ਘਰ; ਇਕ ਪਬਲਿਕ ਰਸੋਈ ਜੋ ਕੁਝ ਅਮੀਰ ਲੋਕਾਂ ਵੱਲੋਂ ਧਾਰਮਿਕ ਸ਼ਖ਼ਸੀਅਤਾਂ, ਉਨ੍ਹਾਂ ਦੇ ਚੇਲਿਆਂ, ਉਨ੍ਹਾਂ ਦੇ ਸਾਥੀਆਂ ਅਤੇ ਗ਼ਰੀਬ ਲੋਕਾਂ ਲਈ ਚਲਾਈ ਜਾਂਦੀ ਹੈ। ਲੰਗਰ ਸੂਫ਼ੀ ਡੇਰੇ ਅਤੇ ਹੋਰ ਇਸਲਾਮੀ ਮਿਸ਼ਨਰੀ ਸੈਂਟਰਾਂ ਦਾ ਇੱਕ ਅਹਿਮ ਹਿੱਸਾ ਸੀ। ਸਿੱਖ ਧਰਮ ਵਿਚ ਲੰਗਰ (ਯਾਨਿ ਪਵਿੱਤਰ ਸਿੱਖ ਰਸੋਈ) ਦੀ ਇੱਕ ਖ਼ਾਸ ਅਹਿਮੀਅਤ ਹੈ। ਇਹ ਹਰੇਕ ਗੁਰਦੁਆਰੇ ਦਾ ਲਾਜ਼ਮੀ ਹਿੱਸਾ ਹੈ। ਜੋ ਵੀ ਗੁਰਦੁਆਰੇ ਵਿਚ ਆਉਂਦਾ ਹੈ ਆਮ ਤੌਰ ਤੇ ਉਹ ਸੰਗਤ ਵਿਚ ਜਾ ਕੇ ਬੈਠਣ ਤੋਂ ਪਹਿਲਾਂ ਲੰਗਰ ਛਕਦਾ ਹੈ। ਭਾਵੇਂ ਕਿ ਇਸ ਦੀ ਕੋਈ ਕੀਮਤ ਨਹੀਂ ਦੇਣੀ ਹੁੰਦੀ (ਇਹ 'ਮੁਫ਼ਤ' ਵੀ ਹੈ), ਪਰ ਹਰੇਕ ਸ਼ਖ਼ਸ ਨੂੰ ਲੰਗਰ ਦਾ ਜ਼ਾਬਤਾ ਜ਼ਰੂਰ ਨਿਭਾਉਣਾ ਪੈਂਦਾ ਹੈ। ਇੱਥੇ ਆਉਣ ਵਾਲੇ ਨੂੰ ਆਪਣੇ ਜੋੜੇ ਉਤਾਰ ਕੇ, ਆਪਣਾ ਸਿਰ ਢੱਕ ਕੇ, ਬੈਠਣਾ ਹੁੰਦਾ ਹੈ। ਲੰਗਰ ਵਿਚ ਆਉਣ ਵੇਲੇ ਕਿਸੇ ਵੀ ਨਸ਼ੀਲੀ ਚੀਜ਼ ਦੀ ਵਰਤੋਂ ਨਹੀਂ ਕੀਤੀ ਹੋਣੀ ਚਾਹੀਦੀ। ਲੰਗਰ ਵਿਚ ਕਿਸੇ ਵੀ ਕਿਸਮ ਦੇ ਵਿਤਕਰੇ ਕਰਨ ਦੀ ਮਨਾਹੀ ਹੈ। ਹਰੇਕ ਨੂੰ ਲੰਗਰ ਛਕਣ ਲਈ ਪੰਗਤ ਵਿਚ ਬੈਠਣਾ ਪੈਂਦਾ ਹੈ। ਇਥੇ ਪੰਗਤ ਦਾ ਮਾਅਨਾ, ਫ਼ਰਸ਼ ਉੱਤੇ/

ਜ਼ਮੀਨ ਉੱਤੇ ਕਤਾਰ ਵਿੱਚ ਬੈਠਣ ਤੋਂ ਨਹੀਂ ਹੈ। ਇਸ ਦਾ ਮਤਲਬ ਹਰ ਕਿਸਮ ਦੇ ਵਿਤਕਰੇ ਨੂੰ ਮਿਟਾਉਣਾ ਤੇ ਸਿੱਖਾਂ ਨੂੰ ਬਰਾਬਰੀ ਤੇ ਭਾਈਚਾਰੇ ਦੀ ਸੋਚ ਅਪਣਾਉਣਾ ਹੈ। ਗੁਰੂ ਨਾਨਕ ਸਾਹਿਬ ਨੇ ਲੰਗਰ ਦੀ ਸ਼ੁਰੂਆਤ 1522 ਵਿਚ ਕਰਤਾਰਪੁਰ ਵਿਚ ਕੀਤੀ ਸੀ। (ਗੁਰੂ ਨਾਨਕ ਸਾਹਿਬ ਵੱਲੋਂ 20 ਰੁਪਈਆਂ ਨਾਲ ਲੰਗਰ ਦੀ ਸ਼ੁਰੂਆਤ ਕਰਨ ਵਾਲੀ ਕਹਾਣੀ ਗ਼ਲਤ ਹੈ ਤੇ ਮਗਰੋਂ ਘੜੀ ਗਈ ਸੀ)। ਗੁਰੂ ਅਮਰ ਦਾਸ ਸਾਹਿਬ ਨੇ ਹਰੇਕ ਸਿੱਖ ਨੂੰ ਸੰਗਤ ਵਿਚ ਜਾਣ ਤੋਂ ਪਹਿਲਾਂ ਲੰਗਰ ਛਕਣਾ ਲਾਜ਼ਮੀ ਕੀਤਾ ਸੀ। ਹਰੇਕ ਸਿੱਖ ਦੇ ਘਰ ਦੀ ਰਸੋਈ ਵਿਚ ਤਿਆਰ ਕੀਤਾ ਖਾਣਾ ਲੰਗਰ ਹੈ ਅਤੇ ਇਹ ਲੰਗਰ ਛਕਣ ਲਈ ਹਰੇਕ ਨੂੰ 'ਜੀ ਆਇਆਂ' ਕਹਿਣਾ ਚਾਹੀਦਾ ਹੈ। ਅਸਲ ਵਿੱਚ ਸਿੱਖ ਦਾ ਇਹ ਫਰਜ਼ ਹੈ ਕਿ ਉਹ ਪਹਿਲਾਂ ਦੂਜੇ ਨੂੰ ਛਕਾਏ ਅਤੇ ਬਾਅਦ ਵਿਚ ਆਪ ਛਕੇ। ਭਾਈ ਗੁਰਦਾਸ ਕਹਿੰਦੇ ਹਨ: "ਗੁਰਸਿੱਖਾਂ ਨੂੰ ਦੇਇ ਕਰ, ਪਿੱਛੋਂ ਬਚਿਆ ਆਪ ਖਾਵੰਦਾ॥"

ਲਿੰਗਮ: ਇਹ ਮਿਥਹਾਸਕ ਹਿੰਦੂ ਦੇਵਤੇ ਸ਼ਿਵ ਦੇ ਲਿੰਗ (ਮਰਦ ਅੰਗ) ਦੀ ਪੂਜਾ ਹੈ। ਹਿੰਦੂ ਔਰਤਾਂ (ਖ਼ਾਸ ਕਰ ਕੇ ਬੱਚੇ ਦੀਆਂ ਚਾਹਵਾਨ) ਇਸ ਦੀ ਪੂਜਾ ਕਰਦੀਆਂ ਹਨ। ਇਸ ਦਾ ਪਿਛੋਕੜ ਦਰਅਸਲ ਸਿਰਫ਼ ਮਰਦ ਦੇ ਲਿੰਗ (ਕਾਮ-ਅੰਗ) ਦੀ ਪੂਜਾ ਹੈ ਕਿਉਂ ਕਿ ਬੱਚਾ ਤਾਂ ਲਿੰਗ ਵਾਲਾ ਮਰਦ ਹੀ ਦੇ ਸਕਦਾ ਹੈ। ਮਗਰੋਂ ਬ੍ਰਾਹਮਣਾਂ ਨੇ ਇਸ ਨੂੰ ਧਾਰਮਿਕ ਬਣਾਉਣ ਵਾਸਤੇ ਸ਼ਿਵ-ਪਾਰਬਤੀ ਦੀ ਕਹਾਣੀ ਬਣਾ ਕੇ ਇਸ ਨੂੰ ਧਾਰਮਿਕ ਬਣਾ ਦਿੱਤਾ ਸੀ।ਇਸ ਨੂੰ ਸ਼ਿਵ-ਲਿੰਗ ਵੀ ਕਿਹਾ ਜਾਂਦਾ ਹੈ। ਕੁਝ ਹਿੰਦੂ ਯੋਨੀ (ਔਰਤ ਦਾ ਕਾਮ-ਅੰਗ) ਦੀ ਪੂਜਾ ਵੀ ਕਰਦੇ ਹਨ।

ਵਹਿਮ ਭਰਮ (Superstition)**:** ਅਣਦਿਸਦੇ ਦੇ ਵਹਿਮ-ਭਰਮ, ਡਰ-ਭਉ, ਘਬਰਾਹਟ, ਚਿੰਤਾ ਵਗ਼ੈਰਾ ਸਿੱਖ ਧਰਮ ਮੁਤਾਬਿਕ, ਫ਼ਜ਼ੂਲ ਹਨ। ਇੰਞ ਹੀ ਸੂਤਕ ਵੀ ਭੁਲੇਖਾ ਹੈ, ਸੱਚ ਨਹੀਂ ਹੈ। ਰੱਬ ਦਾ ਨਾਂ ਜਪਣ ਅਤੇ ਗੁਰੂ ਦੀ ਮਿਹਰ ਨਾਲ ਮਨ ਦੇ ਅਜਿਹੇ ਭਰਮ ਖ਼ਤਮ ਹੋ ਜਾਂਦੇ ਹਨ।

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥ ਆਵਣ ਜਾਣੁ ਰਹਿਓ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥ (ਸਫ਼ਾ 1002)

ਸਿੱਖ ਨੂੰ ਇਹ ਸਭ ਭੁੱਲ ਕੇ ਅਕਾਲ ਪੁਰਖ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ। ਹੋਰ ਵੇਖੋ: **ਸੂਤਕ, ਭਾਣਾ ਮੰਨਣਾ।**

ਵਰਤ/ਰੋਜ਼ੇ ਰੱਖਣਾ: ਇਸਲਾਮ ਵਿਚ ਹਰੇਕ ਮੁਸਲਮਾਨ ਲਈ ਰਮਜ਼ਾਨ ਦਾ ਪੂਰਾ ਮਹੀਨਾ (30 ਦਿਨ) ਵਰਤ ਰੱਖਣਾ ਲਾਜ਼ਮੀ ਹੈ। ਇੰਞ ਹੀ ਯਹੂਦੀ ਧਰਮ ਵਿਚ ਵੀ ਹਰੇਕ ਯਹੂਦੀ ਵਾਸਤੇ ਸਾਲ ਵਿਚ 40 ਵਰਤ ਰੱਖਣੇ ਜ਼ਰੂਰੀ ਹਨ। ਹਿੰਦੂ ਧਰਮ ਵਿਚ ਏਕਾਦਾਸ਼ੀ, ਕਰਵਾ ਚੌਥ, ਸਾਰੇ ਮੰਗਲਵਾਰ ਅਤੇ ਹੋਰ ਕਈ ਦਿਨ ਵਰਤ ਰੱਖਣੇ ਜ਼ਰੂਰੀ ਹੈ। ਸਿੱਖ ਧਰਮ ਵਿਚ, ਕਿਸੇ ਵੀ ਤਰ੍ਹਾਂ ਦੇ ਰਸਮੀ ਵਰਤ ਦੀ ਕੋਈ ਮਹਾਨਤਾ ਨਹੀਂ, ਪਰ ਸਿੱਖ ਧਰਮ ਵਰਤ ਨੂੰ ਅਖੌਤੀ ਰੂਹਾਨੀਅਤ ਵਜੋਂ ਰੱਖਣ ਨੂੰ ਪਖੰਡ ਗਰਦਾਨਦਾ ਹੈ। ਸਿੱਖ ਧਰਮ ਵਿਚ ਚੰਗੀ ਸਿਹਤ ਬਣਾਉਣ ਲਈ ਵਰਤ (ਫਾਕਾ) ਰੱਖਣ ਦੀ ਕੋਈ ਮਨਾਹੀ ਨਹੀਂ। ਪਰ ਧਾਰਮਿਕ ਰਸਮ ਦੇ ਤੌਰ ਤੇ ਇਸ ਦੀ ਮਨਾਹੀ ਹੈ। ਕੁਝ ਸਿਆਸੀ ਆਗੂ, ਸਮੇਂ ਸਮੇਂ 'ਤੇ, ਕਿਸੇ ਸਿਆਸੀ ਨਿਸ਼ਾਨੇ ਨੂੰ ਹਾਸਿਲ

ਕਰਨ ਵਾਸਤੇ (ਮਰਨ) ਵਰਤ ਨੂੰ ਹਥਿਆਰ ਵਜੋਂ ਅਪਣਾਉਂਦੇ ਰਹੇ ਹਨ (ਜੋ ਸਿੱਖੀ ਅਸੂਲਾਂ ਦੇ ਉਲਟ ਹੈ)। ਸਭ ਤੋਂ ਪਹਿਲਾ ਅਜਿਹਾ ਮਰਨ ਵਰਤ ਸੰਪੂਰਨ ਸਿੰਘ ਰਾਮਾਂ ਨੇ ਪੰਜਾਬੀ ਸੂਬੇ ਦੀ ਕਾਇਮੀ ਵਾਸਤੇ 1953 ਵਿਚ ਰੱਖਿਆ ਸੀ। ਇਸ ਮਗਰੋਂ ਫ਼ਤਹਿ ਸਿੰਘ ਨੇ ਦਸੰਬਰ 1960 ਵਿਚ, ਮਾਸਟਰ ਤਾਰਾ ਸਿੰਘ ਨੇ ਅਗਸਤ 1961 ਵਿਚ, ਫਤਹਿ ਸਿੰਘ ਨੇ ਫਿਰ 1965 ਅਤੇ 1966 ਵਿਚ ਅਤੇ ਦਰਸ਼ਨ ਸਿੰਘ ਫੇਰੂਮਾਨ ਨੇ 1969 ਵਿਚ ਰੱਖਿਆ ਸੀ, ਫਤਹਿ ਸਿੰਘ ਨੇ ਆਪਣਾ ਅਖ਼ਰੀਲਾ ਮਰਨ ਵਰਤ 1971 ਵਿੱਚ ਰੱਖਿਆ ਸੀ। ਦਰਸ਼ਨ ਸਿੰਘ ਫੇਰੂਮਾਨ ਤੋਂ ਇਲਾਵਾ ਕਿਸੇ ਨੇ ਵੀ ਆਪਣਾ ਮਰਨ ਵਰਤ ਦਾ ਪ੍ਰਣ ਪੂਰਾ ਨਹੀਂ ਕੀਤਾ ਅਤੇ ਇਨ੍ਹਾਂ ਸਾਰਿਆਂ ਨੇ ਆਪਣਾ ਵਰਤ ਕਿਸੇ ਨਾ ਕਿਸੇ ਬਹਾਨੇ ਤੋੜ ਦਿੱਤਾ ਸੀ। (ਹੁਣ ਤਾਂ ਵਰਤ ਦੀ ਧਮਕੀ ਦਾ ਹਥਿਆਰ ਵੀ ਬੇਕਾਰ ਹੋ ਚੁਕਾ ਹੈ)। ਸਿੱਖ ਫ਼ਲਸਫ਼ੇ ਵਿਚ ਅਜਿਹਾ ਮਰਨ ਵਰਤ 'ਸ਼ਾਂਤਮਈ' ਜੱਦੋਜਹਿਦ ਵਿਚ ਨਹੀਂ ਆਉਂਦਾ। ਨਾ ਹੀ ਕਿਸੇ ਲਾਲਚ ਜਾਂ ਦਿਖਾਵੇ ਦਾ ਵਰਤ ਸਿੱਖੀ ਵਿਚ ਕਬੂਲ ਹੈ, ਜਿਵੇਂ ਹਿੰਦੂ ਔਰਤਾਂ ਪਤੀ ਦੀ ਅਖੌਤੀ 'ਸਲਾਮਤੀ' ਵਾਸਤੇ 'ਕਰਵਾ ਚੌਥ' ਦਾ ਵਰਤ ਰਖਦੀਆਂ ਹਨ। ਸਿੱਖ ਵਾਸਤੇ ਇਹੋ ਜਿਹੇ ਵਰਤ ਰਖਣਾ 'ਪਾਪ' ਤੇ ਪਾਖੰਡ ਹੈ:

ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥ ਜਗ ਮਹਿ ਬਕਤੇ ਦੂਧਾਧਾਰੀ॥ ਗੁਪਤੀ ਖਾਵਹਿ ਵਟਿਕਾ ਸਾਰੀ॥ ਅੰਨੈ ਬਿਨਾ ਨ ਹੋਇ ਸੁਕਾਲੁ॥ ਤਜਿਐ ਅੰਨਿ, ਨ ਮਿਲੈ ਗੁਪਾਲੁ॥ ਕਹੁ ਕਬੀਰ, ਹਮ ਐਸੇ ਜਾਨਿਆ॥ ਧੰਨੁ ਅਨਾਦਿ, ਠਾਕੁਰ ਮਨੁ ਮਾਨਿਆ॥
(ਸਫ਼ਾ 873)

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ॥ ਵਰਤੁ ਤਪਨੁ ਕਰਿ ਮਨੁ ਨਹੀ ਭੀਜੈ॥ ਰਾਮ ਨਾਮ ਸਰਿ ਅਵਰੁ ਨ ਪੂਜੈ॥ ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ॥ ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ ਡਸਿ ਨ ਸਕੈ ਹਰਿ ਕਾ ਰਸੁ ਪੀਜੈ॥ (ਸਫ਼ਾ 905)

ਵਾਹਿਗੁਰੂ: ਇਹ ਦੋ ਲਫ਼ਜ਼ਾਂ ਦਾ ਸੁਮੇਲ ਹੈ: ਵਾਹਿਦ (ਇਕ) ਅਤੇ ਗੁਰੂ ('ਰੂ' ਯਾਨਿ 'ਹਨੇਰਾ' ਦੂਰ ਕਰਨ ਵਾਲਾ, ਯਾਨਿ ਅਗਿਆਨਤਾ ਦਾ ਹਨੇਰਾ ਦੂਰ ਕਰ ਕੇ ਗਿਆਨ ਦੇਣ ਵਾਲਾ)। ਸਿੱਖ ਧਰਮ ਵਾਹਦਤ (ਰੱਬ ਵਾਹਦ/ਇਕ ਹੈ) ਵਿਚ ਅਕੀਦਾ ਰਖਦਾ ਹੈ।

ਇਕ ਹੋਰ ਵਿਚਾਰ ਮੁਤਾਬਿਕ, ਵਾਹਿਗੁਰੂ 'ਵਾਹ' ਅਤੇ 'ਗੁਰੂ' ਲਫ਼ਜ਼ਾਂ ਦਾ ਸੁਮੇਲ ਹੈ। "ਵਾਹ" ਹੈਰਾਨੀ/ਵਿਸਮਾਦ/ਤਾਰੀਫ਼ ਦਾ ਇਜ਼ਹਾਰ ਹੈ ਅਤੇ ਗੁਰੂ ਦਾ ਮਾਅਨਾ ਹੈ: ਹਨੇਰਾ ਦੂਰ ਕਰਨ ਵਾਲਾ। ਇਸ ਤਰ੍ਹਾਂ ਵਾਹਿਗੁਰੂ ਦਾ ਮਾਅਨਾ: 'ਚਾਣਨ ਕਰਨ ਵਾਲੀ ਕਮਾਲ ਦੀ ਹਸਤੀ'। ਸਿੱਖਾਂ ਵੱਲੋਂ ਰੱਬ ਨੂੰ ਇਸੇ ਨਾਂ ਨਾਲ ਚੇਤੇ ਕੀਤਾ ਜਾਂਦਾ ਹੈ।

ਦੇਖੋ: ਹੋਰ **ਅਕਾਲ ਪੁਰਖ, ਅਕਾਲ ਮੂਰਤਿ, ਸਤਿਗੁਰੂ, ਵਾਹਿਦ**।

ਵਾਹਿਗੁਰੂ ਜੀ ਦਾ (ਕਾ) ਖਾਲਸਾ, ਵਾਹਿਗੁਰੂ ਜੀ ਦੀ (ਕੀ) ਫ਼ਤਹਿ: ਜਦੋਂ ਇਕ ਸਿੱਖ ਦੂਜੇ ਸਿੱਖ ਨੂੰ ਮਿਲਦਾ ਹੈ, ਤਾਂ ਉਹ ਕਹਿੰਦਾ ਹੈ: ਵਾਹਿਗੁਰੂ ਜੀ ਦਾ ਖਾਲਸਾ, ਅਤੇ ਦੂਸਰਾ ਜਵਾਬ ਦੇਂਦਾ ਹੈ: ਵਾਹਿਗੁਰੂ ਜੀ ਦੀ ਫ਼ਤਹਿ। ਇਸ ਦਾ ਮਾਅਨਾ ਹੈ: ਖਾਲਸਾ ਵਾਹਿਗੁਰੂ (ਅਕਾਲ ਪੁਰਖ) ਦਾ ਹੈ ਅਤੇ ਜਿੱਤ ਵੀ ਉਸੇ ਦੀ ਹੈ (ਦੂਜੇ ਲਫ਼ਜ਼ਾਂ ਵਿਚ ਸਿਰਫ਼ ਰੱਬ ਹੀ ਸਦਾ ਜਿੱਤਣ ਵਾਲਾ ਹੈ)। ਵਾਹਿਗੁਰੂ ਜੀ **ਦਾ** ਖਾਲਸਾ ਦੀ ਜਗ੍ਹਾ ਵਾਹਿਗੁਰੂ ਜੀ **ਕਾ** ਖਾਲਸਾ ਜ਼ਿਆਦਾ ਪ੍ਰਸਿੱਧ ਹੈ ਕਿਉਂਕਿ ਹਿੰਦੀ ਲਿਖਾਰੀਆਂ

ਦੀਆਂ ਲਿਖਤਾਂ ਰਾਹੀਂ ਸਾਡੇ ਤਕ ਪੁੱਜਾ ਹੈ ਤੇ ਹਿੰਦੀ ਵਿਚ **ਦਾ** ਨੂੰ **ਕਾ** ਲਿਖਿਆ ਜਾਂਦਾ ਹੈ।

ਵਾਕ:- ਫ਼ਿਕਰਾ (Sentence); ਕੁਝ ਲਫ਼ਜ਼ਾਂ ਦੇ ਇਕੱਠ, ਜਿਸ ਦਾ ਕੋਈ ਮਾਅਨਾ ਹੋਵੇ, ਨੂੰ ਵਾਕ ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ ਵਾਕ ਉਸ ਨੂੰ ਕਹਿੰਦੇ ਹਨ ਜਿਹੜਾ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚੋਂ ਪੜ੍ਹਿਆ ਗਿਆ ਹੋਵੇ। ਦੇਖੋ: **ਵਾਕ ਲੈਣਾ**।

ਵਾਕ ਲੈਣਾ:- ਇਸ ਦਾ ਮਾਅਨਾ ਹੈ ਰੱਬ ਦੇ ਹੁਕਮ ਨੂੰ ਖੋਜਣਾ/ਲੱਭਣਾ। ਵਾਕ ਲੈਣ ਵਾਸਤੇ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ (ਜੇ ਪਹਿਲਾਂ ਨਾ ਹੋਇਆ ਹੋਵੇ ਤਾਂ) ਕੀਤਾ ਜਾਂਦਾ ਹੈ ਤੇ ਅਰਦਾਸ ਕੀਤੀ ਜਾਂਦੀ ਹੈ। ਅਰਦਾਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਸ਼ਬਦ ਪੜ੍ਹਿਆ ਜਾਂਦਾ ਹੈ। ਇਸ ਸ਼ਬਦ ਪੜ੍ਹਨ ਨੂੰ ਵਾਕ ਲੈਣਾ ਕਿਹਾ ਜਾਂਦਾ ਹੈ। ਜਦੋਂ ਕਿਸੇ ਖਾਸ ਮੌਕੇ/ਦਿਨ 'ਤੇ ਜਦੋਂ ਦੀਵਾਨ/ਸਮਾਗਮ ਖ਼ਤਮ ਹੁੰਦਾ ਹੈ ਤਾਂ ਅਰਦਾਸ ਕੀਤੀ ਜਾਂਦੀ ਹੈ ਅਤੇ ਇਸ ਤੋਂ ਬਾਅਦ ਵਾਕ ਲਿਆ ਜਾਂਦਾ ਹੈ। ਇੰਞ ਹੀ ਜਦੋਂ ਸਿੱਖ ਕੋਈ ਨੌਕਰੀ, ਵਪਾਰ ਜਾਂ ਪ੍ਰਾਜੈਕਟ ਸ਼ੁਰੂ ਕਰਦਾ ਹੈ, ਤਾਂ ਉਹ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲੈ ਕੇ ਸ਼ੁਰੂ ਕਰਦਾ ਹੈ। ਯਾਨਿ, ਹਰੇਕ ਕੰਮ ਵਾਹਿਗੁਰੂ ਦੀ ਅਸੀਸ ਲੈਣ ਤੋਂ ਬਾਅਦ ਸ਼ੁਰੂ ਕੀਤਾ ਜਾਂਦਾ ਹੈ। ਦੂਜੇ ਲਫ਼ਜ਼ਾਂ ਵਿਚ ਵਾਕ ਲੈਣਾ ਵਾਹਿਗੁਰੂ ਦੀ ਅਸੀਸ ਵੀ ਹੈ ਤੇ ਮਨਜ਼ੂਰੀ ਵੀ; ਪਰ ਇਹ ਕਰਮ-ਕਾਂਡ ਨਹੀਂ ਹੈ।

ਵਾਰ: ਵਾਰ ਪੰਜਾਬੀ ਕਵਿਤਾ ਦੀ ਇਕ ਕਿਸਮ ਹੈ (ਇਹ ਅੰਗਰੇਜ਼ੀ ਕਵਿਤਾ ਵਿਚ ੋਦਣ ਦੀ ਤਰ੍ਹਾਂ ਹੈ)। ਵਾਰ ਲਫ਼ਜ਼ ਦਾ ਮਾਅਨਾ ਹੈ: ਵਾਰ/ਹਮਲਾ ਕਰਨਾ ਜਾਂ ਕੋਈ ਕੰਮ ਵਾਰ-ਵਾਰ ਕਰਨਾ। ਪੁਰਾਣੀਆਂ ਵਾਰਾਂ ਲੰਮੇ ਮਹਾਂ-ਕਾਵਿ ਸਨ, ਪਰ ਹੁਣ ਦੀਆਂ ਵਾਰਾਂ ਬਹੁਤ ਛੋਟੀਆਂ ਹਨ। ਪੁਰਾਣੀਆਂ ਵਾਰਾਂ ਸਿਰਫ਼ ਬਹਾਦਰੀ ਦੀਆਂ ਵਾਰਾਂ ਸਨ, ਪਰ ਗੁਰੂ ਸਾਹਿਬ ਨੇ ਵਾਰਾਂ ਲਈ ਸਮਾਜਿਕ ਅਤੇ ਰੂਹਾਨੀ ਵਿਸ਼ੇ ਚੁਣੇ। ਉਨ੍ਹਾਂ ਮਗਰੋਂ ਭਾਈ ਗੁਰਦਾਸ ਜੀ ਨੇ ਤਾਂ ਬਹੁਤ ਸਾਰੇ ਨੁਕਤਿਆਂ ਬਾਰੇ ਵਾਰਾਂ ਲਿਖੀਆਂ। ਗੁਰੂ ਗ੍ਰੰਥ ਸਾਹਿਬ ਵਿਚ ਬਾਈ ਵਾਰਾਂ ਹਨ। ਇਨ੍ਹਾਂ ਵਿਚੋਂ **ਆਸਾ ਦੀ ਵਾਰ** ਦਾ ਪਾਠ ਰੋਜ਼ਾਨਾ ਗੁਰਦੁਆਰਿਆਂ ਵਿਚ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਮਾਝ ਦੀ ਵਾਰ, ਮਲਾਰ ਦੀ ਵਾਰ, ਜੈਤਸਰੀ ਦੀ ਵਾਰ ਵੀ ਪੜ੍ਹੀਆਂ ਜਾਂਦੀਆਂ ਹਨ। ਭਾਈ ਗੁਰਦਾਸ ਦੀਆਂ ਵਾਰਾਂ ਗਿਣਤੀ ਵਿਚ 39 ਹਨ।

ਹੋਰ ਦੇਖੋ: **ਵਾਰਾਂ ਭਾਈ ਗੁਰਦਾਸ**। - ੭੭੭

ਵਾਰ ਸ੍ਰੀ ਭਗਉਤੀ ਜੀ ਕੀ: ਵਾਰ ਸ੍ਰੀ ਭਗਉਤੀ ਜੀ ਕੀ ਇਕ ਕਵਿਤਾ ਹੈ, ਜੋ ਕੁਝ ਲੋਕਾਂ ਵੱਲੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਂ ਨਾਲ ਜੋੜੀ ਜਾਂਦੀ ਹੈ। ਸਿੱਖ ਦੀ ਕੌਮੀ ਅਰਦਾਸ ਦਾ ਪਹਿਲਾ ਹਿੱਸਾ ਵੀ ਇਸੇ ਰਚਨਾ ਵਿਚੋਂ ਲਿਆ ਗਿਆ ਹੈ (ਇਹ ਪੈਰਾ 1825 ਤੋਂ ਮਗਰੋਂ ਨਿਰਮਲਿਆਂ ਅਤੇ ਉਦਾਸੀਆਂ ਦੇ ਗੁਰਦੁਆਰਿਆਂ 'ਤੇ ਕਬਜ਼ੇ ਮਗਰੋਂ ਅਰਦਾਸਿ ਵਿਚ ਸ਼ਾਮਿਲ ਕੀਤਾ ਗਿਆ ਸੀ)। ਸਿੱਖ ਵਿਦਵਾਨ ਇਹ ਨਹੀਂ ਮੰਨਦੇ ਕਿ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਲਿਖਤ ਹੈ। ਇਹ ਇਕ ਮਿਥਿਹਾਸਕ ਹਿੰਦੂ ਦੇਵੀ ਅਤੇ ਰਾਖਸ਼ਾਂ ਦੇ ਵਿਚਕਾਰ ਹੋਈ ਜੰਗ ਦੀ ਕਹਾਣੀ ਹੈ। ਇਹ ਕਹਾਣੀ ਦੁਰਗਾ ਸਪਤਮੀ (ਮਾਰਕੰਡੇ ਪੁਰਾਣ ਦੇ ਇਤਿਹਾਸ ਵਿਚੋਂ) ਦੀ ਸੰਖੇਪ ਰੂਪ ਹੈ, ਜਿਸ ਵਿਚ ਦੇਵੀ ਨੂੰ ਦੁਸ਼ਮਣਾਂ 'ਤੇ ਜਿੱਤ ਹਾਸਿਲ ਕਰਦੇ ਦਿਖਾਇਆ ਹੈ। ਉਂਞ ਇਹ ਮਸਨੂਹੀ ਤੇ ਅਖੌਤੀ ਦੇਵੀ ਕਿਸੇ ਤਰੀਕੇ ਨਾਲ ਵੀ ਗੁਰਬਾਣੀ ਜਾਂ

ਰੂਹਾਨੀਅਤ ਦਾ ਪਾਤਰ ਨਹੀਂ ਹੈ। 'ਗੁਰਮਤਿ ਟਕਸਾਲ' ਵਾਲੇ ਹੁਣ ਇਹ ਪੇਰਾ ਅਰਦਾਸਿ ਵਿਚ ਨਹੀਂ ਪੜ੍ਹਦੇ।

ਵਾਰਾਂ ਭਾਈ ਗੁਰਦਾਸ: ਭਾਈ ਗੁਰਦਾਸ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਸਰੂਪ ਦੇ ਲਿਖਾਰੀ ਸਨ। ਉਹ ਆਪ ਵੀ ਇਕ ਮਹਾਨ ਕਵੀ ਸਨ। ਉਹਨਾਂ ਨੇ 39 ਵਾਰਾਂ ਲਿਖੀਆਂ। ਕੁਝ ਭੋਲੇ ਲੋਕਾਂ ਵੱਲੋਂ ਉਨ੍ਹਾਂ ਦੀਆਂ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਟੀਕਾ (ਜਾਂ ਕੁੰਜੀ) ਕਿਹਾ ਜਾਂਦਾ ਹੈ, ਜੋ ਸਹੀ ਨਹੀਂ ਹੈ। ਇਨ੍ਹਾਂ ਕਵਿਤਾਵਾਂ ਵਿਚ ਭਾਈ ਗੁਰਦਾਸ ਨੇ, ਸਿੱਖ ਫ਼ਿਲਾਸਫ਼ੀ, ਸਿੱਖ ਦੀਆਂ ਖ਼ੂਬੀਆਂ, ਸਿੱਖ ਨੂੰ ਕੀ ਕਰਨਾ ਅਤੇ ਕੀ ਨਹੀਂ ਕਰਨਾ ਚਾਹੀਦਾ, ਫ਼ਿਲਾਸਫ਼ੀ ਦੇ ਹੋਰ ਸਕੂਲਾਂ ਬਾਰੇ ਆਪਣੀ ਲਾਸਾਨੀ ਜਾਣਕਾਰੀ ਨੂੰ ਪੇਸ਼ ਕੀਤਾ ਹੈ। ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਤੋਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੱਕ ਦੇ ਪ੍ਰੇਮੀ ਸਿੱਖਾਂ ਦੀ ਸੂਚੀ ਵੀ ਪੇਸ਼ ਕੀਤੀ ਹੈ। ਭਾਈ ਗੁਰਦਾਸ ਦੀਆਂ ਵਾਰਾਂ ਸਿੱਖ ਫ਼ਿਲਾਸਫ਼ੀ, ਸਿੱਖ ਕਲਚਰ ਅਤੇ ਪੰਜਾਬ ਦੇ ਇਤਿਹਾਸ ਤੇ ਲੋਕ-ਗਿਆਨ ਦਾ ਐਨਸਾਈਕਲੋਪੀਡੀਆ ਵੀ ਹਨ। ਪਰ ਇਹ ਵਾਰਾਂ ਸਾਡੇ ਕੋਲ ਖ਼ਾਲਿਸ ਰੂਪ ਵਿਚ ਮੌਜੂਦ ਨਹੀਂ ਹਨ। ਅਜਿਹਾ ਜਾਪਦਾ ਹੈ ਕਿ ਉਤਾਰਾ ਜਾਂ ਐਡਿਟ (ਸੰਪਾਦਨ) ਕਰਨ ਵਾਲੇ ਨੇ ਇਸ ਵਿਚ ਵਾਧਾ ਕੀਤਾ ਅਤੇ ਰਲਾਅ ਪਾਇਆ ਹੋਵੇਗਾ। ਹੋਰ ਦੇਖੋ: **ਗੁਰਦਾਸ, ਭਾਈ।**

ਵਿਆਹ: ਦੇਖੋ: **ਅਨੰਦ ਕਾਰਜ, ਲਾਂਵਾਂ, ਮਿਲਣੀ, ਪੱਲਾ ਫੜਾਉਣਾ, ਡੋਲੀ, ਤਲਾਕ।**

ਵਿਸਾਖੀ/ਵੈਸਾਖੀ: ਵੈਸਾਖੀ ਬਿਕ੍ਰਮੀ ਕੈਲੰਡਰ ਦੇ ਦੂਜੇ ਮਹੀਨੇ ਵੈਸਾਖ (ਪਹਿਲਾ ਮਹੀਨਾ ਚੇਤਰ ਹੈ) ਦਾ ਪਹਿਲਾ ਦਿਨ ਹੈ। ਇਸ ਦੀ ਦਿਨ ਵਜੋਂ ਸਿੱਖ ਧਰਮ ਵਿਚ ਕੋਈ ਅਹਿਮੀਅਤ ਨਹੀਂ। ਅਠਾਰ੍ਹਵੀਂ ਸਦੀ ਦੌਰਾਨ, ਸਿੱਖ ਵੈਸਾਖੀ ਅਤੇ ਦਿਵਾਲੀ ਮੌਕੇ ਸਰੱਬਤ ਖਾਲਸਾ ਇਕੱਠ ਕਰਿਆ ਕਰਦੇ ਸਨ ਕਿਉਂਕਿ ਇਨ੍ਹਾਂ ਦਿਨਾਂ ਦੀਆਂ ਤਾਰੀਖ਼ਾਂ ਬਾਰੇ ਜਾਣਨਾ ਅਸਾਨ ਸੀ। ਉਨ੍ਹਾਂ ਦਿਨਾਂ ਵਿਚ ਕੈਲੰਡਰ/ਡਾਇਰੀਆਂ ਨਹੀਂ ਹੋਇਆ ਕਰਦੀਆਂ ਸਨ, ਪਰ ਆਮ ਲੋਕਾਂ ਨੂੰ ਇਨ੍ਹਾਂ ਦੋਹਾਂ ਦਿਨਾਂ ਦਾ ਪਤਾ ਹੁੰਦਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ 1698 ਦੀ ਵਿਸਾਖੀ ਦੇ ਦਿਨ (ਕੁਝ ਲੇਖਕਾਂ ਮੁਤਾਬਿਕ, 1699) ਖਾਲਸਾ ਇਸ ਕਰ ਕੇ ਪ੍ਰਗਟ ਨਹੀਂ ਕੀਤਾ ਕਿ ਇਹ ਦਿਨ (ਵਿਸਾਖ ਦੀ ਪਹਿਲੀ, ਯਾਨਿ ਵਿਸਾਖ ਦੀ ਸੰਗਰਾਂਦ) ਸਿੱਖਾਂ ਵਾਸਤੇ ਪਵਿੱਤਰ ਦਿਨ ਹੈ, ਸਗੋਂ ਇਸ ਲਈ ਕਿ ਸਿੱਖ ਹਰ ਸਾਲ ਫਸਲਾਂ ਸੰਭਾਲ ਕੇ ਇਸ ਦਿਨ ਅਨੰਦਪੁਰ ਸਾਹਿਬ ਇਕੱਠੇ ਹੋਇਆ ਕਰਦੇ ਸੀ। ਜੇ ਕਰ ਵਿਸਾਖੀ ਦਾ ਦਿਨ ਪਵਿੱਤਰ ਦਿਨ ਹੁੰਦਾ, ਤਾਂ ਗੁਰੂ ਸਾਹਿਬ ਅੰਮ੍ਰਿਤਸਰ ਸ਼ਹਿਰ, ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ ਅਨੰਦਪੁਰ ਸਾਹਿਬ ਵਗ਼ੈਰਾ ਦੀ ਨੀਂਹ ਵਿਸਾਖੀ ਵਾਲੇ ਦਿਨ ਹੀ ਰਖਦੇ। ਸਿੱਖ ਧਰਮ ਵਿਚ, ਸਾਰੇ ਦਿਨ ਅਤੇ ਸਾਰੇ ਸਮੇਂ/ਪਲ ਇਕੋ ਜਿਹੀ ਅਹਿਮੀਅਤ ਰੱਖਦੇ ਹਨ। ਇਸ ਲਈ ਵੈਸਾਖੀ ਨੂੰ ਇਕ ਧਾਰਮਿਕ/ਪਵਿੱਤਰ ਦਿਨ ਵਜੋਂ ਮਨਾਉਣਾ ਸਿੱਖ ਫ਼ਲਸਫ਼ੇ ਮੁਤਾਬਿਕ ਬਿਲਕੁਲ ਗ਼ਲਤ ਹੈ । ਹੋਰ ਦੇਖੋ: **ਖੰਡੇ ਦੀ ਪਾਹੁਲ, ਤਿਉਹਾਰ (ਸਿੱਖਾਂ ਦੇ)**

ਵਿਕਾਸ/ਵਿਗਾਸ: ਲਫ਼ਜ਼ੀ ਮਾਅਨਾ: ਪਸਾਰ, ਖੇੜਾ, ਵਾਧਾ, ਚੜ੍ਹਾਅ, ਖ਼ੁਸ਼ੀ। ਗੁਰੂ ਗ੍ਰੰਥ ਸਾਹਿਬ ਵਿਚ ਵਿਕਾਸ ਲਫ਼ਜ਼ ਉਸ ਮੁਕਾਮ ਨੂੰ ਬਿਆਨ ਕਰਦਾ ਹੈ ਜਿਹੜੀ ਇਕ ਭਗਤ, ਰੱਬ ਦਾ ਨਾਂ ਜਪਦਿਆਂ, ਹਾਸਿਲ ਕਰਦਾ ਹੈ। ਜਿਉਂ-ਜਿਉਂ ਭਗਤੀ ਕਰਨ ਵਾਲਾ ਰੱਬ ਦੀ ਰਮਜ਼ ਸਮਝਣ ਵੱਲ ਟੁਰਦਾ ਹੈ ਤਿਉਂ-ਤਿਉਂ ਉਸ ਦੇ ਮਨ ਦੇ ਅਨੰਦ ਦਾ ਵਿਕਾਸ (ਵਾਧਾ, ਚੜ੍ਹਾਅ) ਹੁੰਦਾ ਰਹਿੰਦਾ ਹੈ। ਇਵੇਂ ਹੀ ਜਦ ਰੱਬ

ਭਗਤ ਨੂੰ ਇਸ ਹਾਲਤ ਵਿਚ ਪੁੱਜਾ ਵੇਖਦਾ ਹੈ ਤਾਂ ਉਹ (ਰੱਬ) ਵੀ ਵਿਗਸਦਾ ਹੈ (ਇੱਥੇ ਵਿਗਾਸ ਦਾ ਮਾਅਨਾ ਖ਼ੁਸ਼ ਹੋਣਾ ਤੇ ਤਸੱਲੀ ਮਹਿਸੂਸ ਕਰਨਾ ਹੈ)।

ਵਿਕਾਰ: ਵਿਕਾਰ (ਵਿ+ਕਾਰ = ਭੈੜੇ ਕੰਮ) ਉਹ ਦੋਸ਼/ਔਗੁਣ ਜਾਂ ਇਖ਼ਲਾਕੀ ਕਾਰਵਾਈਆਂ ਹਨ ਜਿਨ੍ਹਾਂ ਤੋਂ ਇਨਸਾਨ ਨੂੰ ਬਚਣਾ ਚਾਹੀਦਾ ਹੈ। ਸਿੱਖ ਧਰਮ ਵਿਚ ਪੰਜ ਵਿਕਾਰ ਇਹ ਜਾਣੇ ਜਾਂਦੇ ਹਨ: ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਇਨਸਾਨ ਨੂੰ ਮੁਕਤੀ ਹਾਸਿਲ ਕਰਨ ਲਈ ਇਨ੍ਹਾਂ ਪੰਜ ਬੁਰਾਈਆਂ ਤੋਂ ਬਚਣਾ ਚਾਹੀਦਾ ਹੈ। ਇਹ ਬੁਰਾਈਆਂ ਪਰਮਾਤਮਾ ਨਾਲ ਮਿਲਾਪ ਦੇ ਰਾਹ ਵਿਚ ਰੁਕਾਵਟ ਹਨ। ਰੱਬ ਦਾ ਨਾਂ ਜਪਣ ਅਤੇ ਸੱਚੀ ਜੀਵਨ ਜਾਚ ਅਪਣਾਉਣ ਨਾਲ ਇਹਨਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ:

ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ॥ ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ॥ (ਸਫ਼ਾ 297)

ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ ਸਭ ਗੁਨ ਤੇਰੇ ॥ ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥ ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ॥ (ਸਫ਼ਾ 206)

ਪੰਜ ਵਿਕਾਰਾਂ/ਬੁਰਾਈਆਂ ਤੋਂ ਛੁਟਕਾਰਾ ਪਾਉਣ ਲਈ ਮਨੁੱਖ ਨੂੰ ਜਮ੍ਹਾਂ ਵਾਲੇ (ਪੌਸਟਿਵਿਏ) ਗੁਣ ਹਾਸਿਲ ਕਰਨੇ ਪੈਣਗੇ। ਕਾਮ ਨੂੰ ਸੰਜਮ ਰਾਹੀ ਕਾਬੂ ਕੀਤਾ ਜਾ ਸਕਦਾ ਹੈ, ਕ੍ਰੋਧ/ਗੁੱਸੇ ਨੂੰ ਸਹਿਣਸ਼ੀਲਤਾ ਨਾਲ, ਲੋਭ ਨੂੰ ਸੰਤੋਖ ਨਾਲ, ਹਉਮੈ ਨੂੰ ਨਿਮਰਤਾ ਨਾਲ ਅਤੇ ਮੋਹ ਨੂੰ ਆਪਣੇ ਫ਼ਰਜ਼ ਨਿਭਾਉਣ ਨਾਲ ਕਾਬੂ ਕੀਤਾ ਜਾ ਸਕਦਾ ਹੈ:

ਪੰਚ ਮਨਾਏ ਪੰਚ ਰੁਸਾਏ॥ ਪੰਚ ਵਸਾਏ ਪੰਚ ਗਵਾਏ॥ ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ॥ ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ॥ (ਸਫ਼ਾ 430)

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥ ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥ (ਸਫ਼ਾ 1193)

ਵਿਦਿਆ: ਲਫ਼ਜ਼ੀ ਮਾਅਨਾ: ਜਾਣਕਾਰੀ/ਗਿਆਨ। ਵਿਦਿਆ ਦੋ ਤਰ੍ਹਾਂ ਦੀ ਹੈ: ਪਾਰ ਵਿਦਿਆ (ਜਿਸ ਦਾ ਪਾਰ ਪਾਇਆ ਜਾ ਸਕਦਾ ਹੈ, ਯਾਨਿ ਦੁਨਿਆਵੀ) ਅਤੇ ਅਪਾਰ ਵਿਦਿਆ (ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ, ਯਾਨਿ ਰੂਹਾਨੀ)। ਧਾਰਮਿਕ ਪੱਖ ਤੋਂ ਰੂਹਾਨੀ ਵਿਦਿਆ ਲਾਜ਼ਮੀ ਹੈ ਤੇ ਜਿਸਮਾਨੀ ਹੋਂਦ ਕਾਇਮ ਰੱਖਣ ਵਾਸਤੇ ਦੁਨਿਆਵੀ ਵਿਦਿਆ ਜ਼ਰੂਰੀ ਹੈ। ਸਿੱਖ ਨੂੰ ਦੋਹਾਂ ਤਰ੍ਹਾਂ ਦੀ ਵਿਦਿਆ ਪੜ੍ਹਨ ਦੀ ਇੱਛਾ ਹੋਣੀ ਚਾਹੀਦੀ ਹੈ। ਵਿਦਿਆ ਵਾਸਤੇ ਫ਼ਾਰਸੀ ਬੋਲੀ ਦਾ ਲਫ਼ਜ਼ 'ਇਲਮ' ਵੀ ਵਰਤਿਆ ਜਾਂਦਾ ਹੈ। 'ਵੇਦ' ਵੀ ਵਿਦਿਆ ਦੀਆਂ ਕਿਤਾਬਾਂ ਹਨ ਨਾ ਕਿ ਧਾਰਮਿਕ। ਹਾਂ ਉਨ੍ਹਾਂ ਵਿਚ ਕਈ ਧਾਰਮਿਕ ਤੇ ਰੂਹਾਨੀ ਗੱਲਾਂ ਵੀ ਲਿਖੀਆਂ ਹੋਈਆਂ ਹਨ।

ਵਿਧਵਾ ਵਿਆਹ: ਵਿਧਵਾ ਉਹ ਔਰਤ ਹੁੰਦੀ ਹੈ ਜਿਸ ਦਾ ਪਤੀ ਮਰ ਚੁਕਾ ਹੁੰਦਾ ਹੈ। ਸਿੱਖ ਧਰਮ ਵਿਧਵਾ ਵਿਆਹ ਦੇ ਹੱਕ ਵਿਚ ਹੈ। ਸਤੀ ਹੋਣਾ (ਪਤੀ ਦੀ ਚਿਖਾ ਉੱਤੇ ਵਿਧਵਾ ਦੀ ਬਲੀ), ਸਿੱਖ ਧਰਮ ਵਿਚ ਮਨ੍ਹਾ ਹੈ। ਸਿੱਖ ਧਰਮ ਵਿਚ, ਵਿਧਵਾ ਔਰਤ ਦਾ ਬਾਕੀ ਔਰਤਾਂ (ਵਿਆਹੀ ਜਾਂ ਕੁਆਰੀ) ਦੀ ਤਰ੍ਹਾਂ ਹੀ

ਸਨਮਾਨ ਕੀਤਾ ਜਾਂਦਾ ਹੈ। ਹੋਰ ਵੇਖੋ: **ਪਰਵਿਰਤੀ, ਸਤੀ**।

ਵਿਭਚਾਰ: ਆਪਣੀ ਪਤਨੀ ਤੋਂ ਸਿਵਾ ਕਿਸੇ ਹੋਰ ਨਾਲ ਭੋਗ ਕਰਨਾ ਵਿਭਚਾਰ ਹੈ। ਅਜਿਹਾ ਕਰਨਾ ਸਿੱਖ ਧਰਮ ਵਿਚ ਸਖ਼ਤ ਮਨ੍ਹਾ ਹੈ। ਸਿੱਖ ਵਾਸਤੇ ਪਰਾਈ ਔਰਤ (ਜੋ ਉਸ ਦੀ ਆਪਣੀ ਨਹੀਂ ਹੈ) ਮਾਂ, ਭੈਣ ਅਤੇ ਧੀ ਦੀ ਤਰ੍ਹਾਂ ਹੈ। ਜਿਨ੍ਹਾਂ ਚਾਰ ਗੱਲਾਂ ਦੀ ਸਿੱਖ ਨੂੰ ਮਨਾਹੀ ਹੈ ਉਨ੍ਹਾਂ ਵਿਚ ਵਿਭਚਾਰ ਭੀ ਇਕ ਹੈ। ਇਸ ਦੀ ਉਲੰਘਣਾ ਕਰਨਾ ਸਿੱਖ ਨੂੰ ਪਤਿਤ ਬਣਾ ਦਿੰਦਾ ਹੈ ਅਤੇ ਅਜਿਹੇ ਮਰਦ ਜਾਂ ਔਰਤ ਨੂੰ ਤਨਖ਼ਾਹ ਲਾਈ ਜਾਂਦੀ ਹੈ ਅਤੇ ਦੁਬਾਰਾ ਖੰਡੇ ਦੀ ਪਾਹੁਲ ਲੈਣੀ ਪੈਂਦੀ ਹੈ। ਸਿੱਖ ਧਰਮ ਵਿਚ ਗ੍ਰਿਹਸਤੀ ਜੀਵਨ ਵਿਚ ਵਫ਼ਾਦਾਰੀ ਅਤੇ ਪਵਿੱਤਰਤਾ ਮੂਲ ਸਿਧਾਤਾਂ ਵਿਚੋਂ ਇੱਕ ਹਨ:

> ***ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥*** *ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥ ਅੰਧੇ ਚੇਤਿ ਹਰਿ ਹਰਿ ਰਾਇਆ॥ ਤੇਰਾ ਸੋ ਦਿਨੁ ਨੇੜੈ ਆਇਆ॥ ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ॥* ***ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ॥*** *(ਸਫ਼ਾ 403)*

ਵੇਦਾਂਤ: 'ਵੇਦਾਂਤ' ਦੋ ਲਫ਼ਜ਼ਾਂ ਦਾ ਮੇਲ ਹੈ: 'ਵੇਦ' (ਆਰੀਆਂ ਦੀਆਂ ਕਿਤਾਬਾਂ) ਅਤੇ 'ਅਾਂਤ' (ਅੰਤ), ਯਾਨਿ ਵੇਦਾਂ ਦਾ ਅੰਤ। ਵੇਦਾਂਤ ਉਪਨਿਸ਼ਦਾਂ; ਬ੍ਰਹਮ ਸੂਤਰ ਅਤੇ ਭਾਗਵਤ ਗੀਤਾ ਦੀ ਫ਼ਿਲਾਸਫ਼ੀ 'ਤੇ ਅਧਾਰਿਤ ਹੈ। ਵੇਦਾਂਤ ਦੇ ਤਿੰਨ ਮੁੱਖ ਸਕੂਲ ਹਨ: ਅਦਵੈਤ (ਦੂਜੇ ਦੀ ਹੋਂਦ ਨੂੰ ਨਾ ਮੰਨਣ ਵਾਲਾ), ਵਸ਼ਿਸ਼ਟ-ਅਦਵੈਤ (ਕੁਝ ਸ਼ਰਤਾਂ ਸਣੇ ਦੂਜੇ ਦੀ ਹੋਂਦ ਮੰਨਣ ਵਾਲਾ), ਅਤੇ ਦਵੈਤ (ਦੂਜੇ ਦੀ ਹੋਂਦ ਪੂਰੀ ਤਰ੍ਹਾਂ ਮੰਨਣ ਵਾਲਾ)। ਸ਼ੰਕਰਾਚਾਰਿਆ (788-820), ਰਾਮਾਨੁਜਾਚਾਰਿਆ (1017-1137) ਅਤੇ ਮਾਧਵਾਚਾਰਿਆ (1199-1276) ਵੇਦਾਂਤ ਦੇ ਮੁੱਖ ਵਿਆਖਿਆਕਾਰ ਜਾਣੇ ਜਾਂਦੇ ਹਨ। ਕੁਝ ਲਿਖਾਰੀ ਸਿੱਖ ਧਰਮ ਅਤੇ ਵੇਦਾਂਤ ਵਿਚ ਸਾਂਝਾਂ ਲੱਭਣ ਦੀ ਨਾਜਾਇਜ਼ ਕੋਸ਼ਿਸ਼ ਕਰਦੇ ਹਨ ਪਰ ਸਿਰਫ਼ ਇਕ-ਦੋ ਨੁਕਤਿਆਂ ਦੀ ਸਾਂਝ ਨਾਲ ਸਿੱਖ ਧਰਮ ਵੇਦਾਂਤ -ਵਰਗਾ ਨਹੀਂ ਬਣ ਜਾਂਦਾ। ਉਂਞ ਜੇ ਇਹ ਦਲੀਲ ਮੰਨ ਲਈਏ ਤਾਂ ਸਿੱਖ ਧਰਮ ਤੇ ਇਸਲਾਮ ਵਿਚ ਵੀ ਕੁਝ-ਕੁਝ ਤਕਰੀਬਨ ਇੱਕੋ ਜਿਹਾ ਹੈ। ਦਰਅਸਲ ਸਿੱਖ ਧਰਮ ਵੇਦਾਂਤ ਦੇ ਬਹੁਤ ਸਾਰੇ ਨੁਕਤਿਆਂ ਨੂੰ ਬਿਲਕੁਲ ਰੱਦ ਕਰਦਾ ਹੈ। ਕਿਸੇ ਸਿੱਖ ਨੂੰ ਵੇਦਾਂਤੀ ਕਹਿਣਾ ਵੀ ਗਲਤ ਹੈ। ਇਹ ਬਹੁਤ ਅਜੀਬ ਗੱਲ ਹੈ ਕਿ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਦੇ ਇਕ ਸਾਬਕਾ ਗ੍ਰੰਥੀ ਜੋਗਿੰਦਰ ਸਿੰਘ ਨੇ ਆਪਣੇ ਨਾਂ ਨਾਲ ਪਿਛੇਤਰ ਵਜੋਂ 'ਵੇਦਾਂਤੀ' ਲਾਇਆ ਹੋਇਆ ਹੈ, ਜੋ ਸਿੱਖ ਫ਼ਲਸਫ਼ੇ ਦੇ ਮੂਲੋਂ ਹੀ ਉਲਟ ਹੈ।

ਵੈਰਾਗ: ਦੇਖੋ: **ਬੈਰਾਗ**

ਵੈਸ਼ਨੋ/ਵਿਸ਼ਨੂ: ਆਮ ਤੌਰ 'ਤੇ ਵੈਸ਼ਨੋ ਉਸ ਨੂੰ ਕਿਹਾ ਜਾਂਦਾ ਹੈ ਜੋ ਪਸ਼ੂਆਂ ਦੇ ਮਾਸ ਤੋਂ ਗੁਰੇਜ਼/ਪਰਹੇਜ਼ ਕਰਦਾ ਹੈ। ਦਰਅਸਲ ਵੈਸ਼ਨੋ ਉਸ ਨੂੰ ਕਹਿੰਦੇ ਹਨ ਜੋ ਮਿਥਹਾਸਕ ਹਿੰਦੂ ਦੇਵਤੇ 'ਵਿਸ਼ਨੂ' ਦੀ ਪੂਜਾ ਕਰਦਾ ਹੈ। ਇਸ ਦੇ ਮੁਕਾਬਲੇ ਵਿਚ ਇਕ ਹੋਰ ਮਿਥਹਾਸਕ ਦੇਵਤੇ 'ਸ਼ਿਵ' ਦੇ ਪੈਰੋਕਾਰ 'ਸ਼ੈਵ' ਅਖਵਾਉਂਦੇ ਹਨ। ਵਿਸ਼ਨੂ ਨੂੰ ਮੰਨਣ ਵਾਲੇ ਮਾਸ ਨਹੀਂ ਖਾਂਦੇ ਪਰ ਸ਼ਿਵ ਨੂੰ ਮੰਨਣ ਵਾਲੇ ਮਾਸ ਤੇ ਸ਼ਰਾਬ ਰੱਜ ਕੇ ਵਰਤਦੇ ਹਨ। ਇਸ ਤੋਂ ਹੀ ਮਾਸ ਨਾ ਖਾਣ ਵਾਲੇ ਹਿੰਦੂ ਨੂੰ 'ਵੈਸ਼ਨੂ' ਕਹਿੰਦੇ ਹਨ। ਪਰ ਕਈ ਗ਼ੈਰ-ਹਿੰਦੂ, ਜੋ ਮਾਸ ਨਹੀਂ ਖਾਂਦੇ, ਬੇਸਮਝੀ ਵਿਚ ਆਪਣੇ ਆਪ

ਨੂੰ ਸਬਜ਼ੀਹਾਰੀ ਜਾ ਸ਼ਾਕਾਹਾਰੀ ਦੀ ਥਾਂ 'ਤੇ ਵੈਸ਼ਨੂ (ਵਿਸ਼ਨੂ ਨੂੰ ਮੰਨਣ ਵਾਲੇ) ਕਹਿ ਦੇਂਦੇ ਹਨ, ਯਾਨਿ ਆਪਣੇ ਆਪ ਨੂੰ ਗਲਤੀ ਨਾਲ 'ਵਿਸ਼ਨੂੰ' ਦਾ ਉਪਾਸ਼ਕ ਕਹਿ ਦੇਂਦੇ ਹਨ।

ਸਿੱਖ ਨੂੰ ਮਾਸ ਖਾਣ ਦੀ ਕੋਈ ਪਾਬੰਦੀ ਨਹੀਂ ਹੈ ਪਰ ਉਸ ਲਈ ਮਾਸ ਖਾਣਾ ਲਾਜ਼ਮੀ ਵੀ ਨਹੀਂ ਹੈ। ਜਿਹੜਾ ਸਿੱਖ ਮਾਸ ਨਹੀਂ ਖਾਂਦਾ ਉਹ ਗਲਤ ਨਹੀਂ ਹੈ ਪਰ ਉਸ ਨੂੰ 'ਵੈਸ਼ਨੂ' ਕਹਿਣ ਦਾ ਮਤਲਬ ਉਸ ਨੂੰ ਵਿਸ਼ਨੂੰ ਦਾ ਚੇਲਾ ਕਹਿਣਾ ਹੈ। ਸਿੱਖ ਨੂੰ ਮਾਸ ਖਾਣਾ ਜਾਨਵਰਾਂ ਜਾਂ ਪੰਛੀਆਂ ਨੂੰ 'ਨਾ ਮਾਰਨ' ਜਾਂ ਅਖੌਤੀ 'ਪਾਪ' ਦੇ ਬਹਾਨੇ ਨਾਲ ਨਹੀਂ ਛੱਡਣਾ ਚਾਹੀਦਾ, ਯਾਨਿ ਉਸ ਨੂੰ ਅਖੌਤੀ 'ਅਹਿੰਸਾ' ਦੇ ਬਹਾਨੇ ਨਾਲ ਮਾਸ ਨੂੰ ਰੱਦ ਨਹੀਂ ਕਰਨਾ ਚਾਹੀਦਾ। ਸਿੱਖ ਫ਼ਲਸਫ਼ੇ ਮੁਤਾਬਿਕ ਜੀਵਨ/ਜਾਨ ਸਿਰਫ਼ ਜਾਨਵਰਾਂ ਅਤੇ ਪੰਛੀਆਂ ਵਿਚ ਹੀ ਨਹੀਂ ਬਲਕਿ ਪੌਦਿਆਂ (ਪਾਣੀ ਵਿਚ ਵੀ) ਵਿਚ ਵੀ ਹੁੰਦੀ ਹੈ; ਇਸ ਲਈ ਮਾਸ ਅਤੇ ਸਬਜ਼ੀਆਂ/ਦਾਲਾਂ ਖਾਣਾ ਸਿੱਖ ਲਈ ਇੱਕੋ ਜਿਹਾ ਹੈ। ਇੰਜ ਹੀ ਖਾਣ ਵਾਲੀ ਹਰ ਚੀਜ਼ ਪਵਿੱਤਰ ਹੈ, ਕਿਉਂਕਿ ਇਹ ਰੱਬ ਨੇ ਉਹ ਖਾਣ ਵਾਸਤੇ ਹੀ ਬਣਾਈ ਦਿੱਤੀ) ਹੈ। ਬਹੁਤ ਸਾਰੇ ਸਿੱਖਾਂ ਸਬਜ਼ੀ-ਹਾਰੀ ਹਨ ਪਰ ਕਾਫ਼ੀ ਵੱਡੀ ਗਿਣਤੀ ਮਾਸਾਹਾਰੀਆਂ ਦੀ ਵੀ ਹੈ। ਕੁਝ ਸਿੱਖ ਗਾਂ ਦੇ ਮਾਸ ਨੂੰ ਛੱਡ ਕੇ ਹਰੇਕ ਤਰ੍ਹਾਂ ਦਾ ਮਾਸ ਖਾ ਲੈਂਦੇ ਹਨ, ਜਦੋਂ ਕਿ, ਪੱਛਮੀ ਮੁਲਕਾਂ ਵਿਚ ਸਿੱਖ ਗਾਂ ਦਾ ਮਾਸ ਬੱਕਰੀ ਦੇ ਮਾਸ ਤੋਂ ਜ਼ਿਆਦਾ ਖਾਂਦੇ ਹਨ। ਸਿੱਖ ਧਰਮ ਵਿਚ, ਕੋਈ ਵੀ ਜਾਨਵਰ ਜਾਂ ਪੰਛੀ ਪਵਿੱਤਰ ਜਾਂ ਅਪਵਿੱਤਰ ਨਹੀਂ ਹੈ ਤੇ ਜੇ ਸਿੱਖ ਨੇ ਮਾਸ ਖਾਣਾ ਹੀ ਹੈ ਤਾਂ ਉਸ ਵਾਸਤੇ ਬਕਰਾ ਤੇ ਗਾਂ ਬਰਾਬਰ ਹਨ। ਹੋਰ ਦੇਖੋ: **ਭੋਜਨ, ਹਲਾਲ, ਮਾਸ।**


ਵੰਗਾਂ: ਵੰਗਾਂ/ਚੂੜੀਆਂ ਔਰਤਾਂ ਦਾ ਗਹਿਣਾ ਹਨ ਜੋ ਉਹ ਖ਼ੂਬਸੂਰਤ ਲੱਗਣ ਵਾਸਤੇ ਪਾਉਂਦੀਆਂ ਹਨ। ਸ਼ੁਰੂ ਵਿਚ ਵੰਗਾਂ ਪਾਉਣ ਦਾ ਮਕਸਦ ਆਪਣੇ ਪਤੀ ਸਾਹਮਣੇ ਸੁਹਣੇ ਅਤੇ [illegible] ਦਿਸਣਾ ਸੀ। ਪਰ ਹੁਣ ਔਰਤਾਂ, ਹਰ ਇਕ ਅੱਗੇ, ਸ਼ਰੇਆਮ, ਆਪਣੇ ਹੁਸਨ ਦਾ ਦਿਖਾਵਾ ਕਰਨ ਵਾਸਤੇ ਮੇਕ-ਅੱਪ ਕਰਦੀਆਂ ਅਤੇ ਵੰਗਾਂ ਤੇ ਹੋਰ ਗਹਿਣੇ ਪਾਈ ਰਖਦੀਆਂ ਹਨ। ਸਿੱਖ ਔਰਤ (ਤੇ ਮਰਦ ਦਾ ਵੀ) ਦਾ ਗਹਿਣਾ ਸਿਰਫ਼ ਕੜਾ ਹੈ। ਭਾਵੇਂ ਸਿੱਖ ਔਰਤ ਨੂੰ ਵੰਗਾਂ ਪਾਉਣ ਬਾਰੇ ਕੋਈ ਪਾਬੰਦੀ ਨਹੀਂ ਹੈ ਪਰ, ਇਕ ਸਿੱਖ ਔਰਤ ਵੱਲੋਂ ਕੜੇ ਨਾਲ ਪਾਈਆਂ ਹੋਈਆਂ ਵੰਗਾਂ ਬਹੁਤ ਅਜੀਬ (ਦਾਲ ਵਿਚ ਕੋਰੜੂ ਵਾਂਗ) ਲੱਗਦੀਆਂ ਹਨ।

ਵੰਡ ਛਕਣਾ: ਵੰਡ ਛਕਣਾ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਵਿਚੋਂ ਇਕ ਹੈ। ਸਿੱਖ ਦਾ ਫ਼ਰਜ਼ ਹੈ ਕਿ ਉਹ ਆਪਣੀ ਆਮਦਨੀ ਦਾ (ਤੇ ਹੋ ਸਕੇ ਤਾਂ ਜਾਇਦਾਦ ਦਾ ਵੀ) ਕੁਝ ਹਿੱਸਾ ਗ਼ਰੀਬਾਂ ਅਤੇ ਲੋੜਵੰਦਾਂ ਨਾਲ ਵੰਡ ਕੇ ਛਕੇ। ਸਿੱਖ ਧਰਮ ਇਕ ਰੂਹਾਨੀ ਭਾਈਚਾਰਾ ਹੈ। ਜਿਸ ਦਾ ਮਾਅਨਾ ਹੈ ਕਿ ਹਰ ਇਕ ਸਿੱਖ ਦਾ ਫ਼ਰਜ਼ ਹੈ ਕਿ ਉਹ ਆਪਣੇ ਭਾਈਚਾਰੇ ਦਾ ਜ਼ਮ੍ਹਾਂ ਵਾਲਾ ਹਿੱਸਾ ਬਣੇ। ਦਸਵੰਧ ਅਤੇ ਲੰਗਰ (ਲੰਗਰ ਦਾ ਮਾਅਨਾ ਮੁਫ਼ਤ ਰਸੋਈ ਨਹੀਂ ਬਲਕਿ 'ਭਾਈਚਾਰਕ ਰੂਹਾਨੀ ਰਸੋਈ' ਹੈ) ਵੀ ਇਸ ਵੰਡ ਛਕਣ ਦਾ ਹੀ ਇਕ ਹਿੱਸਾ ਹਨ। ਸਿੱਖ ਦੀ ਤਾਂ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਉਹ ਰੋਟੀ ਖਾਣ ਵੇਲੇ ਕਿਸੇ ਨੇੜੇ ਦੇ ਸਾਥੀ, ਵਾਕਿਫ਼ ਜਾਂ ਕਿਸੇ ਹੋਰ ਨੂੰ ਵੀ ਆਵਾਜ਼ ਦੇ ਲਵੇ।

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਸਫ਼ਾ 1245)

ਹੋਰ ਵੇਖੋ: **ਦਸਵੰਧ, ਲੰਗਰ।**

CDS & BOOKS BY DR. HARJINDER SINGH DILGEER



(Books with mark # are out of print)

English:
*Akal Takht Sahib (1980, 1995)
*Who Are The Sikhs ? *Mini* (1991) #
*Sikhs' Struggle for Sovereignity (1992)
*The Sikh Reference Book (1997)
*Who Are The Sikhs ? *Enlarged edition* (2000, 2007)
*The Sikh Culture (2002)
*Anandpur Sahib (2003)
*Encyclopedia of Jalandhar (2004)
*Dictionary of Sikh Philosophy (2005)
*Guru Granth Sahib - A Tract (2005)
*Chronology of Sikhism (Forthcoming)
*Guru Granth Sahib - Spiritual Manifesto of the World (in press)

Punjabi:
*History of Shiromani Akali Dal (1978, 2000)
*Akal Takht Sahib (1986, 2000, 2005)
*Khalistan Di Twarikh (1988) #
*Sikh Hijackers (1989) #
* Kharku Lekh (1990)#
*Sikh Jujharvad Te Hor Lekh (1991) #
*Jujhru Kalam (1992) #
*Sikh Culture (1991,94,96) #
Now pub. as: Sikh Phil. Ki Hai Te Hor Lekh
*Akali Lehar Da Kalam (1998)
*Sikh Masley (1998)#
*Sikh Qaun Han? (1999, 2007)
*1955 Da Punjabi Suba Morcha (1999)
*Jaito Morchey De Akkhin Ditthe Haal (edited. 1999, 2002)
*Anandpur Sahib (1998, enlarged edition 2003)
*Keeratpur Sahib (2002)
*Shiromani Gurdwara Parbandhak Committee Kiven Bani (2000)
*Guru De Sher (2001)
*Sikh Philosophy Ki Hai Te Hor Lekh (2001)
*Mata Gujri, Char Sahibzadei, Chalih Muktey (2005)
*Jeewan Guru Nanak Sahib (October 2005)
*Jeewan Guru Angad Sahib to Guru Harkrishan Sahib (October 2005)
*Jeewan Guru Tegh Bahadur Sahib & Guru Gobind Singh Sahib (October 2005)
*Baba Banda Singh Bahadur (2007)
*Sikhan De Ghallugharay (2007)
* Sikh Philosophy Di Dictionary (2007)
*Sikh Twarikh:1469-1849 (in press)
*Sikh Twarikh:1849-1978(forthcoming)
*Sikh Itihas De Masley (forthcoming)
*Sikh Jathenadian (forthcoming)
*Dunian Nikki Jehi (Autobiography) forthcoming

Hindi:
*Emergency Ke Atiyachar (1977) #
*Anandpur Sahib (2000)
*Sikh Sabhayachaar (2003)
* Sikh Kaun Hain ? (2005)

Danish:
*Hvem Er Sikherne? (1994) #

Dutch:
*Wie Zinj De Sikh ? (1994) #

French
*Qui Sont Les Sikhs ? (2001)

Spanish
*Quiénes Son Los Sikhs? (2007)

Norwegian
*Hvem Er Sikhene? (2007)

CD ROM (English): The Sikh Encyclopedia

Audio CDs (Punjabi):

1. Guru Nanak Sahib (2 CDs) 2. Guru Angad Sahib to Guru Arjan Sahib 3. Guru Hargobind Sahib to Guru Harkrishan Sahib 4. Guru Tegh Bahadur Sahib 5. Guru Gobind Singh Sahib 6. Banda Singh Bahadur (2 CDs) 7. Akal Takht Sahib 8. Bhai Mani Singh 9. Bhai Makhan Shah Lubana & Lakhi Rai Wanjara

***Also coming VIDEO CDs:* Akal Takht Sahib, Baba Banda Singh Bahadur..**

ISBN-2-930247-19-3